

ਪ੍ਰੋ: ਕਿਸ਼ਨ ਸਿੰਘ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

# ਸਿੱਖ-ਲਹਿਰ

ਲੇਖਕ : **ਕਿਸ਼ਨ ਸਿੰਘ**

ਸੰਪਾਦਨਾ ਤੇ ਸੰਖੇਪਨਾ : ਗੁਰਵੇਲ ਸਿੰਘ ਪੰਨੂੰ

ਆਰਸੀ ਪਬਲਿਸ਼ਰਜ਼, ਚਾਂਦਨੀ ਚੌਕ, ਦਿਲੀ

Digitized by Panjab Digital Library | www.panjabdigilib.org

SIKH LEHAR
(Sikh Movement : An Interpretation)

© author

Kishan Singh
House No. 8, Block No. 49,
East Patel Nagar, New Delhi-8

ਪਹਿਲੀ ਵਾਰ : ਫ਼ਰਵਰੀ ੧੯੭੮

ਪ੍ਰਕਾਸ਼ਕ :
ਆਰਸੀ ਪਬਲਿਸ਼ਰਜ਼, ਚਾਂਦਨੀ ਚੌਕ, ਦਿੱਲੀ

ਛਾਪਕ :
ਨੈਸ਼ਨਲ ਪ੍ਰੈਸ ਆਫ਼ ਇੰਡੀਆ, ਚਾਂਦਨੀ ਚੌਕ, ਦਿਲੀ

ਕੀਮਤ : ੧੦ ਰੁਪਏ

Digitized by Panjab Digital Library | www.panjabdigilib.org

ਸ੍ਰ: ਜਗਜੀਤ ਸਿੰਘ ਜੀ ਨੂੰ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

**ਕੀ** **ਕਿਥੇ**

## ਸਿੱਖ-ਲਹਿਰ ਦਾ ਇਤਿਹਾਸ


ਗ਼ਲਤ, ਅਧੂਰਾ ਤੇ ਇਕ-ਪਾਸੜ ਇਤਿਹਾਸ ੯
ਗੁਰੂ ਨਾਨਕ : ਸਿੱਖ-ਲਹਿਰ ਦਾ ਮੋਢੀ ਤੇ ਵਿਚਾਰਧਾਰਕ ਆਗੂ ੧੮
ਇਨਕਲਾਬੀ ਸੰਸਥਾਵਾਂ ਦੀ ਉਸਾਰੀ ੨੪
ਨਗਰਾਂ, ਕੇਂਦਰਾਂ ਦੀ ਸਥਾਪਨਾ ੩੨
ਮੰਜ਼ਲ ਦੀਆਂ ਬਰੂਹਾਂ ਤਕ ੩੯
ਹਥਿਆਰਬੰਦ ਜਥੇਬੰਦੀ ਦੇ ਰੂਪ ਵਿਚ ੪੫
ਸ਼ਹੀਦੀ ਦੇ ਖ਼ੂਨ ਨਾਲ ਜ਼ਮੀਨ ਦੀ ਤਿਆਰੀ ੫੧
ਲੋਕ-ਹਿੱਤ ਦਾ ਭਗਾਉਤੀ ਨੂੰ ਸਿਮਰਨਾ ੫੭
ਸਿਰ-ਧੜ ਦੀ ਲਾਉਣ ਲਈ ਮੁਨਾਸਿਬ ਤਿਆਰੀ ੬੩
ਨਾਹਰੇ ਤੇ ਚਿੰਨ੍ਹ ੭੯
ਜੀਵਤ ਕਈ ਹਜ਼ਾਰ ੮੫
ਜਬੈ ਬਾਣ ਲਾਗਿਓ ਤਬੈ ਰੋਸ ਜਾਗਿਓ ੯੦
ਗੁਰੂ ਗੋਬਿੰਦ ਸਿਘ ਤੇ ਬਹਾਦਰ ਸ਼ਾਹ ੧੦੪
ਇਨਕਲਾਬੀ ਲੀਡਰ ਤੇ ਇਨਕਲਾਬੀ ਲਹਿਰ ੧੧੫
ਰੱਬ ਨੂੰ ਤਲਵਾਰ ਦੇ ਰੂਪ ਵਿਚ ਵੇਖਣਾ ੧੨੩
ਗੁਰੂ ਗੋਬਿੰਦ ਸਿੰਘ ਦੀ ਕਰਨੀ—ਸਾਡਾ ਵਿਰਸਾ ੧੨੯


Digitized by Panjab Digital Library | www.panjabdigilib.org

## ਸਿੱਖ-ਲਹਿਰ ਦਾ ਜਮਾਤੀ ਪੈਂਤੜਾ ਤੇ ਅਸਲਾ


ਸਿੱਖ-ਲਹਿਰ ਦਾ ਜਮਾਤੀ-ਪੈਂਤੜਾ ੧੩੯
ਸਿੱਖ-ਲਹਿਰ ਦਾ ਅਸਲਾ ੧੫੧
ਸਿੱਖ-ਲਹਿਰ ਦੀ ਕੀਤੀ ਨਾਲ ਸੁੱਧਾ ਧੱਕਾ ੧੬੪
ਗੁਰਬਾਣੀ ਵਿਚ ਮੁਕਤੀ ਦਾ ਸੰਕਲਪ ੧੬੫
ਇਕ-ਪੁਰਖੀ ਰਾਜ ਦੀ ਗਲ ੧੬੬
ਜਾਤ-ਪਾਤ ਦੇ ਸਬੰਧ ਵਿਚ ੧੭੦
ਸਿੱਖ-ਲਹਿਰ ਤੇ ਜੱਟ ੧੭੧
ਮੁਕਤੀ ਦੇ ਸੰਕਲਪ ਬਾਰੇ ਕੁਝ ਹੋਰ ਵਿਚਾਰ ੧੭੬
ਪੈਸਾ ਕਮਾਉਣ ਦੀ ਖੁਲ੍ਹ ੧੭੮
ਰਿਸ਼ਤਿਆਂ ਨਾਤਿਆਂ ਦੀ ਗਲ ੧੮੭
ਇਕ ਜ਼ਰੂਰੀ ਸੁਆਲ ਦਾ ਜੁਆਬ ੧੯੮


Digitized by Panjab Digital Library | www.panjabdigilib.org

ਸਿੱਖ ਲਹਿਰ ਫੀਊਡਲ ਨਿਜ਼ਾਮ ਦੇ ਵਿਰੁਧ ਕਿਸਾਨਾਂ, ਕੰਮੀਆਂ, ਕਾਰੀਗਰਾਂ ਤੇ ਕਾਮਿਆਂ ਦੀ, ਆਪਣੀ ਆਜ਼ਾਦੀ ਵਾਸਤੇ, ਲੋਕ-ਹਿੱਤ ਦੇ, ਸਰਬਤ ਦੀ ਆਜ਼ਾਦੀ ਦੇ ਪੈਂਤੜੇ ਤੋਂ ਇਨਕਲਾਬੀ ਲਹਿਰ ਸੀ।

ਗੁਰੂ ਗਰੰਥ ਸਾਹਿਬ ਵਿਚ ਜੋ ਜੋ ਰਚਨਾ ਵੀ ਦਰਜ ਹੈ, ਮੁਢੋਂ ਲੈ ਕੇ ਅਖੀਰ ਤਕ ਸਰਬਤ ਦੀ ਆਜ਼ਾਦੀ ਦਾ ਇਨਕਲਾਬੀ ਸੱਚ ਪ੍ਰਗਟ ਕਰਦੀ ਹੈ।

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

# ਗਲਤ, ਅਧੂਰਾ ਤੇ ਇਕ-ਪਾਸੜ ਇਤਿਹਾਸ

ਅਜ ਤਕ ਇਤਿਹਾਸਕਾਰਾਂ ਨੇ ਹਾਕਮ ਜਮਾਤਾਂ, ਉਹਨਾਂ ਦੀ ਸਟੇਟ ਅਤੇ ਉਹਨਾਂ ਦੇ ਸਿਆਸੀ, ਫੌਜੀ ਕਾਰਨਾਮਿਆਂ ਨੂੰ ਹੀ ਇਤਿਹਾਸ ਸਮਝਿਆ ਹੈ। ਉਹਨਾਂ ਸਮਾਜਕ ਵੇਗ ਦੇ ਇਸ ਬਾਹਰਲੇ ਪੱਖ ਨੂੰ ਹੀ ਮਹੱਤਤਾ ਦਿਤੀ ਹੈ। ਸਮਾਜਕ ਵੇਗ ਦੇ ਅੰਦਰਲੇ ਪੱਖ—ਸਮਾਜ ਦੀ ਆਰਥਕਤਾ ਅਤੇ ਉਸ ਤੋਂ ਉਪਜਦੇ ਲੋਕਾਂ ਦੀ ਜ਼ਿੰਦਗੀ ਦੇ ਮਸਲੇ ਤੇ ਸੰਕਟ, ਜੋ ਜ਼ਿੰਦਗੀ ਦੇ ਬਾਹਰਲੇ ਪਾਸੇ ਦੇ ਸਪਰਿੰਗ ਸਨ—ਨੂੰ ਫੋਲਣ ਵੱਲ ਉਹ ਗਏ ਹੀ ਨਹੀਂ। ਮਿਸਾਲ ਦੇ ਤੌਰ 'ਤੇ, ਸਾਡੇ ਇਸਲਾਮੀ ਦੌਰ ਦੇ ਇਤਿਹਾਸ ਵਿਚ ਸਾਰਾ ਧਿਆਨ ਫਿਊਡਲਾਂ ਦੇ ਆਪਸੀ ਵਿਰੋਧਾਂ ਉੱਤੇ ਹੀ ਲੱਗਾ ਰਿਹਾ ਹੈ। ਕੇਂਦਰੀ ਸ਼ਹਿਨਸ਼ਾਹ ਤੇ ਸਥਾਨਕ ਸੂਬੇਦਾਰ, ਕੰਮ ਕਰਦੀਆਂ ਜਮਾਤਾਂ, ਕਿਸਾਨ, ਕਾਰੀਗਰਾਂ ਆਦਿ ਦੇ ਹਿੱਤ ਦੇ ਵਿਰੋਧੀ ਸਨ। ਉਹ ਉਨ੍ਹਾਂ ਦੇ ਕੰਮ ਉੱਤੇ ਪਲਦੇ ਸਨ। ਲੁੱਟ ਖਸੁਟ ਦੀ ਵੰਡ ਵਿਚ ਪਰ ਉਨ੍ਹਾਂ ਦਾ ਆਪਸ ਵਿਚ ਵੀ ਵਿਰੋਧ ਸੀ। ਸ਼ਹਿਨਸ਼ਾਹ ਨੂੰ ਸਥਾਨਕ ਫ਼ਿਊਡਲਾਂ ਦੀ ਬਗ਼ਾਵਤ ਦਾ ਹਮੇਸ਼ਾਂ ਤੌਖਲਾ ਰਹਿੰਦਾ ਸੀ ਅਤੇ ਸਥਾਨਕ ਹਾਕਮ, ਕੇਂਦਰ ਤੋਂ ਖੁਦਮੁਖਤਾਰ ਹੋਣ ਦੀ ਤਾੜ ਵਿਚ ਰਹਿੰਦੇ ਸਨ। ਇਸ ਤੋਂ ਉਪਰੰਤ ਤੇ ਇਸ ਦੇ ਅੰਦਰ, ਮੁਸਲਮਾਨ ਤੇ ਹਿਦੂ ਫ਼ਿਊਡਲਾਂ ਦਾ ਵੀ ਆਪਸ ਵਿਚ ਸ਼ਰੀਕਾ ਸੀ। ਸੋ ਫ਼ਿਊਡਲਾਂ ਦੀ ਲੋਕਾਂ ਖਿਲਾਫ਼ ਸਾਂਝ ਤੇ ਆਪਸ ਵਿਚ ਸ਼ਰੀਕਾ ਉਸ ਨਿਜ਼ਾਮ ਦਾ ਖ਼ਾਸਾ ਸੀ। ਸਿਵਾਏ ਇਹ ਦੱਸਣ ਦੇ ਕਿ ਉਹ ਲੋਕਾਂ ਕੋਲੋਂ ਕਿਨਾਂ ਤੇ ਕਿਸ ਤਰ੍ਹਾਂ ਟੈਕਸ ਲੈਂਦੇ ਸਨ, ਤਕਰੀਬਨ ਸਾਰਾ ਇਤਿਹਾਸ ਫ਼ਿਊਡਲਾਂ ਦੇ ਆਪਸ ਵਿਚਲੇ ਰਿਸ਼ਤੇ ਦਾ ਹੀ ਵਰਣਨ ਹੈ। ਇਸ ਤਰ੍ਹਾਂ ਲਿਖਿਆ ਹੋਇਆ ਇਤਿਹਾਸ ਬੁਨਿਆਦੀ ਤੌਰ 'ਤੇ ਗਲਤ, ਅਧੂਰਾ ਤੇ ਇਕ-ਪਾਸੜ ਹੀ ਕਿਹਾ ਜਾ ਸਕਦਾ ਹੈ।

**ਸਹੀ ਇਤਿਹਾਸ** ਤਾਂ ਹੀ ਲਿਖਿਆ ਜਾ ਸਕਦਾ ਹੈ ਜੇ ਆਰਥਕ ਨਿਜ਼ਾਮ, ਉਸ ਦੀ ਤੋਰ, ਸਮਾਜ ਦੀਆਂ ਬੁਨਿਆਦੀ ਜਮਾਤਾਂ—ਫ਼ਿਊਡਲ ਤੇ ਕਿਰਸਾਣੀ—ਦਾ ਆਪਸ ਵਿਚ ਰਿਸ਼ਤਾ, ਲੋਕਾਂ ਦੀ ਜ਼ਿੰਦਗੀ ਤੇ ਉਨ੍ਹਾਂ ਦਾ ਕਰਤੱਵ ਇਤਿਹਾਸ ਦੇ ਕੇਂਦਰ ਵਿਚ ਹੋਣ, ਜੇ ਸਮਾਜ ਦੀ ਸਾਰੀ ਤੋਰ, ਹਰ ਜਮਾਤ ਦੀ ਹਰ ਹਰਕਤ ਉਸ ਰਿਸ਼ਤੇ ਦੇ ਪ੍ਰਸੰਗ ਵਿਚ, ਉਸਦੇ ਸੰਬੰਧ ਵਿਚ ਵੇਖੀ ਜਾਵੇ ਅਤੇ ਜੇ ਹਰ ਮਜ਼੍ਹਬ, ਹਰ ਫ਼ਲਸਫ਼ਾ, ਹਰ ਰੈਸ਼ਨੇਲ ਤੇ ਹਰ ਸਮਾਜਕ, ਸਿਆਸੀ ਸੰਸਥਾ ਦੀ ਆਰਥਕ—ਜਮਾਤੀ ਨੀਂਹ ਵੇਖੀ ਤੇ ਪ੍ਰਗਟ ਕੀਤੀ ਜਾਵੇ। ਦੂਜੇ ਲਫ਼ਜ਼ਾਂ ਵਿਚ, ਜੇ ਸਮਾਜ ਦੀਆਂ ਬੁਨਿਆਦੀ ਜਮਾਤਾਂ



Digitized by Panjab Digital Library | www.panjabdigilib.org

ਦੇ ਰਿਸ਼ਤੇ ਨੂੰ ਤਵਾਜ਼ਨ ਦੀ ਤਕੜੀ ਵਿਚ ਪਾ ਕੇ, ਉਸ ਤੋਂ ਉਪਜਦੀ, ਉਸ ਉੱਤੇ ਮੋੜਵਾਂ ਅਸਰ ਪਾਉਂਦੀ, ਸਮਾਜ ਦੀ ਹਰ ਹਰਕਤ ਦੀ ਵਿਆਖਿਆ ਕੀਤੀ ਜਾਵੇ। ਇਸ ਤੋਂ ਬਿਨਾਂ ਨਾ ਸਮਾਜ ਦੇ ਸਹੀ ਸੱਚ ਦਾ ਪਤਾ ਲਗਦਾ ਹੈ, ਨਾ ਹੀ ਲੋਕਾਂ ਦਾ ਰੋਲ ਪ੍ਰਗਟ ਹੁੰਦਾ ਹੈ। ਮਿਸਾਲ ਦੇ ਤੌਰ 'ਤੇ ਸਰਮਾਏਦਾਰੀ ਵਿਚ ਬੁਨਿਆਦੀ ਰਿਸ਼ਤਾ ਸਰਮਾਏਦਾਰ ਤੇ ਸਨਅਤੀ ਮਜ਼ਦੂਰ ਦਾ ਹੈ। ਸਨਅਤੀ ਮਜ਼ਦੂਰ ਦਾ ਰੋਸ, ਉਸ ਦੀ ਹੜਤਾਲ, ਉਸ ਦੀ ਬਗ਼ਾਵਤ, ਇਸ ਨਾਲ ਸੰਬੰਧਤ ਸਮਾਜਕ ਤੇ ਸਿਆਸੀ ਸੰਸਥਾਵਾਂ ਸਰਮਾਏਦਾਰੀ ਦੇ ਹੱਡਾਂ ਦਾ ਜੁੱਸਾ ਹਨ। ਕਿਸ ਤਰ੍ਹਾਂ ਸਰਮਾਏਦਾਰ ਸਨਅਤੀ ਮਜ਼ਦੂਰ ਨੂੰ ਸਾਂਭਦਾ, ਥਾਂ ਸਿਰ ਰੱਖਦਾ ਹੈ, ਸਨਅਤੀ ਮਜ਼ਦੂਰ ਕਿਸ ਤਰ੍ਹਾਂ ਆਪਣੀ ਆਰਥਕ, ਸਮਾਜਕ, ਸਿਆਸੀ ਬੇਹਤਰੀ ਜਾਂ ਆਪਣੀ ਹੱਡ-ਖ਼ਲਾਸੀ ਦੀ ਕੋਸ਼ਿਸ਼ ਕਰਦਾ ਹੈ ਜਾਂ ਸਰਮਾਏਦਾਰ ਦੇ ਰੈਸ਼ਨੇਲ ਦਾ ਸ਼ਿਕਾਰ ਹੁੰਦਾ ਹੈ, ਜਾਂ ਸਿਆਸੀ ਤੌਰ 'ਤੇ ਅਲ੍ਹੜ ਹੀ ਰਹਿੰਦਾ ਹੈ; ਇਸ ਕਸ਼ਮਕੱਸ਼ ਵਿਚ ਕੀ ਮਸਲੇ, ਕੀ ਸੰਕਟ ਪੈਦਾ ਹੁੰਦੇ ਸਨ, ਉਨ੍ਹਾਂ ਵੱਲ ਕ੍ਰਿਸਾਨੀ ਤੇ ਸਮਾਜ ਦੀਆਂ ਹੋਰ ਜਮਾਤਾਂ ਤੇ ਤਬਕਿਆਂ ਦਾ ਕੀ ਵਤੀਰਾ ਤੇ ਕੀ ਰੋਲ ਹੁੰਦਾ ਹੈ......ਇਹ ਜਾਚਣ ਤੋਂ ਬਿਨਾਂ ਸਰਮਾਏਦਾਰ ਸਮਾਜ ਦਾ ਇਤਿਹਾਸ, ਉਸ ਦੀ ਦਸ਼ਾ ਸਮਝਣੀ ਅਸੰਭਵ ਹੈ।

ਇਹੀ ਗੱਲ ਫ਼ਿਊਡਲ ਸਮਾਜ ਦੀ ਹੈ। ਉਸ ਸਮਾਜ ਵਿਚ ਕਿਸਾਨ ਤੇ ਨਾਲ ਦੀਆਂ ਕੰਮ ਕਰਦੀਆਂ ਹੋਰ ਜਮਾਤਾਂ ਗੁਲੱਮ ਕਰਦੀਆਂ ਸਨ। ਉਨ੍ਹਾਂ ਦਾ ਰੋਸ, ਉਨ੍ਹਾਂ ਦੀ ਬਗ਼ਾਵਤ (ਫ਼ਿਊਡਲ ਅੱਖਾਂ ਵਿਚ) ਉਸ ਨਿਜ਼ਾਮ ਦੇ ਹੱਡਾਂ ਦਾ ਰੋਗ ਸੀ। ਜਿਸ ਤਰ੍ਹਾਂ ਸਰਮਾਏਦਾਰੀ ਵਿਚ ਸਨਅਤੀ ਮਜ਼ਦੂਰ ਦੇ ਰੋਸ, ਹੜਤਾਲ ਆਦਿ ਤੋਂ ਨਿਜਾਤ ਅਸੰਭਵ ਹੈ, ਇਸੇ ਤਰ੍ਹਾਂ ਹੀ ਉਸ ਨਿਜ਼ਾਮ ਵਿਚ ਕ੍ਰਿਸਾਨੀ ਤੇ ਹੋਰ ਕੰਮ ਕਰਦੀਆਂ ਜਮਾਤਾਂ ਦੇ ਰੋਸ ਅਤੇ ਬਗ਼ਾਵਤ ਤੋਂ ਨਿਜਾਤ ਪਾਉਣੀ ਨਾਮੁਮਕਿਨ ਸੀ। ਸੋ ਕਿਸਾਨ ਤੇ ਦੂਜੀਆਂ ਮਿਹਨਤਕਸ਼ ਜਮਾਤਾਂ ਦੀ ਦਸ਼ਾ, ਉਨ੍ਹਾਂ ਦੇ ਸਹਾਇਕ ਨਜ਼ਰੀਏ, ਉਨ੍ਹਾਂ ਦੀਆਂ ਸੰਸਥਾਵਾਂ ਅਤੇ ਫ਼ਿਊਡਲਾਂ ਦੀਆਂ ਉਨ੍ਹਾਂ ਨੂੰ ਸੰਭਾਲਣ ਦੀਆਂ ਕੋਸ਼ਿਸ਼ਾਂ ਸਮਝਣ ਤੋਂ ਬਗ਼ੈਰ ਉਸ ਸਮਾਜ ਦਾ ਸੱਚ ਸਮਝਣਾ ਅਸੰਭਵ ਹੈ।

ਹੁਣ ਤਕ ਦੇ ਲਿਖੇ ਗਏ ਇਤਿਹਾਸ ਵਿਚ ਕਿਉਂਕਿ ਸਮਾਜ ਦੀਆਂ ਬੁਨਿਆਦੀ ਜਮਾਤਾਂ (ਫ਼ਿਊਡਲਾਂ ਤੇ ਕਿਸਾਨਾਂ) ਦੇ ਆਪਸੀ ਰਿਸ਼ਤੇ, ਲੋਕਾਂ ਦੀ ਜ਼ਿੰਦਗੀ ਅਤੇ ਉਨ੍ਹਾਂ ਦੇ ਮਸਲੇ ਇਤਿਹਾਸ ਦਾ ਕੇਂਦਰ ਨਹੀਂ ਬਣ ਸਕੇ; ਇਹੋ ਕਾਰਨ ਹੈ ਕਿ ਅੱਜ ਤਕ **ਭਗਤੀ ਲਹਿਰ** ਤੇ **ਸਿੱਖ ਲਹਿਰ** ਦੀ ਅਹਿਮੀਅਤ ਇਤਿਹਾਸ ਵਿਚ ਪੂਰੀ ਤਰ੍ਹਾਂ ਪ੍ਰਗਟ ਨਹੀਂ ਹੋਈ। ਉਸ ਸਮੇਂ ਦੇ ਇਤਿਹਾਸ ਵਿਚ ਲੋਕਾਂ ਦੇ ਰੋਲ ਉੱਤੇ ਪਰਦਾ ਹੀ ਪਿਆ ਰਿਹਾ ਹੈ। ਜੇ ਸਮਾਜਕ ਸੰਕਟ ਵੇਲੇ ਗ਼ੁਲਾਮ ਬਗ਼ਾਵਤ ਉੱਤੇ ਉਤਰਦੇ ਆਏ ਹਨ, ਤਾਂ ਇਹ ਕਿਸ ਤਰ੍ਹਾਂ ਸੰਭਵ ਸੀ ਕਿ ਉਸ ਤੋਂ ਉਚੇਰੇ ਸਮਾਜ-ਪ੍ਰਬੰਧ,


Digitized by Panjab Digital Library | www.panjabdigilib.org

ਫ਼ਿਊਡਲ ਨਿਜ਼ਾਮ, ਵਿਚ ਕਿਸਾਨ ਅਜੇਹੇ ਹੀ ਸੰਕਟ ਵਿਚ, ਬਗ਼ਾਵਤ ਦੀ ਨਾ ਸੋਚਦੇ ? ਆਪਣੇ ਸਿਰੋਂ ਫ਼ਿਊਡਲਾਂ ਦੀ ਛੱਟ ਲਾਹੁਣ ਵਾਸਤੇ ਹਲ ਨੂੰ ਛੱਡ ਕੇ ਤਲਵਾਰ ਨਾ ਫੜਦੇ ? ਫ਼ਿਊਡਲ ਦੌਰ ਦੇ ਇਤਿਹਾਸ ਵਿਚ ਕਿਸਾਨਾਂ ਦੇ ਰਵੱਈਏ ਵੱਲ ਅੱਖ ਪੁੱਟ ਕੇ ਹੀ ਨਾ ਵੇਖਣਾ, ਇਤਿਹਾਸ ਨੂੰ ਤੰਗ-ਦ੍ਰਿਸ਼ਟੀ ਤੋਂ ਵੇਖਣਾ ਹੈ। ਇਤਿਹਾਸਕਾਰ, ਆਮ ਤੌਰ ਉੱਤੇ, ਉਹ ਹੀ ਵੇਖਦੇ ਆਏ ਹਨ ਜੋ ਉਹ ਵੇਖਣਾ ਚਾਹੁੰਦੇ ਸਨ, ਚੇਤ ਜਾਂ ਸੁਚੇਤ, ਜੋ ਉਨ੍ਹਾਂ ਦਾ ਜਮਾਤੀ-ਹਿੱਤ ਵਿਖਾਉਂਦਾ ਆਇਆ ਹੈ।

ਅੱਠਵੀਂ, ਨੌਂਵੀਂ, ਦਸਵੀਂ ਸਦੀ ਵਿਚ ਹਿੰਦੂ ਫ਼ਿਊਡਲ-ਨਿਜ਼ਾਮ ਖੋਖਰ ਹੋ ਚੁਕਿਆ ਸੀ। ਉਹ ਏਸ਼ੀਆਈ ਫ਼ਾਰਮੇਸ਼ਨ ਸੀ ਅਤੇ ਉਸ ਦੇ ਬੋਦਿਆਂ ਹੋਣ ਵਿਚ ਆਜ਼ਾਦ ਵਪਾਰੀ ਜਮਾਤ ਦਾ ਕੋਈ ਰੋਲ ਨਹੀਂ ਸੀ। ਐਸੀ ਜਮਾਤ ਨੂੰ ਉਸ ਫ਼ਾਰਮੇਸ਼ਨ ਨੇ ਜਨਮ ਹੀ ਨਹੀਂ ਸੀ ਦਿੱਤਾ। ਸੋ ਉਸ ਦੀ ਕਬਰ ਉੱਤੇ ਇਕ ਹੋਰ ਏਸ਼ੀਆਈ ਫ਼ਿਊਡਲ ਫ਼ਾਰਮੇਸ਼ਨ ਦਾ ਖੜਾ ਹੋਣਾ ਲਾਜ਼ਮੀ ਸੀ। ਐਸੇ ਸੰਕਟ ਵਿਚ, ਕਿਸਾਨਾਂ ਤੇ ਉਸ ਫ਼ਾਰਮੇਸ਼ਨ ਦਾ ਗੁਲੱਮ ਕਰਦੀਆਂ ਹੋਰ ਜਮਾਤਾਂ ਦਾ, ਆਪਣੇ ਹਿੱਤ ਵਾਸਤੇ ਅੱਖਾਂ ਪੁੱਟਣਾ ਵੀ ਕੁਦਰਤੀ ਸੀ। ਉਨ੍ਹਾਂ ਦੇ ਹਿੱਤ ਦੀ ਦ੍ਰਿਸ਼ਟੀ ਤੋਂ ਵੀ ਉਸ ਦੀ ਫੋਲਾ ਫਾਲੀ ਹੋਈ। ਇਹ ਫੋਲਾ ਫਾਲੀ ਮਜ਼ਬੀ ਰੂਪ ਵਿਚ ਸੀ ਅਤੇ ਇਸੇ ਨੂੰ **ਭਗਤੀ ਲਹਿਰ** ਕਿਹਾ ਜਾਂਦਾ ਹੈ। ਇਸਲਾਮੀ ਦਾਇਰੇ ਵਿਚ ਇਸ ਦੇ ਸਮਾਨ ਲਹਿਰ ਸੂਫ਼ੀ ਲਹਿਰ ਸੀ। ਇਸ ਦਾ ਇਹ ਮਤਲਬ ਨਹੀਂ ਕਿ ਇਸ ਦੌਰ ਦਾ ਹਰ ਭਗਤ ਜਾਂ ਹਰ ਸੂਫ਼ੀ ਲੋਕ-ਹਿੱਤ ਦੇ ਪੈਂਤੜੇ ਨੂੰ ਪ੍ਰਗਟ ਕਰਦਾ ਸੀ। ਗੁਰੂ ਸਾਹਿਬ ਦੀ ਭਗਤਾਂ ਦੀ ਬਾਣੀ ਦੀ ਚੋਣ ਤੋਂ ਹੀ ਜ਼ਾਹਿਰ ਹੈ ਕਿ ਹਰ ਸੂਫ਼ੀ, ਫ਼ਰੀਦ ਅਤੇ ਹਰ ਭਗਤ, ਕਬੀਰ ਨਹੀਂ ਸੀ। ਮਜ਼੍ਹਬ ਅਤੇ ਕਵਿਤਾ ਆਦਿ ਵਿਚ ਟਪਲਾ ਲਗਣਾ ਬੜਾ ਆਮ ਹੈ। ਰੱਬ ਦੇ ਜਜ਼ਬੇ ਵਿਚ ਹੀ ਲੀਨ ਹੋ ਜਾਣਾ, ਸਮਾਜਕ ਕੀਮਤਾਂ ਦੇ ਨਿਖੇੜ ਵਿਚ ਨਾ ਜਾਣਾ—ਇਸ ਦੌਰ ਵਿਚ ਇਸ ਤਰ੍ਹਾਂ ਦਾ ਕਾਫ਼ੀ ਕੁੱਝ ਹੋਇਆ ਹੈ। ਪਰ ਬਾਵਜੂਦ ਟਪਲਿਆਂ ਤੇ ਭੁਲੇਖਿਆਂ ਦੇ, ਫਰੀਦ ਵਰਗੇ ਸੂਫ਼ੀ ਅਤੇ ਕਬੀਰ ਵਰਗੇ ਭਗਤ ਫ਼ਿਊਡਲਾਂ ਦੇ ਵਿਰੁੱਧ ਲੋਕ-ਹਿੱਤ ਪ੍ਰਗਟ ਕਰਦੇ ਆਏ ਹਨ। ਇਨਕਲਾਬੀ ਚੇਤਨਤਾ, ਇਨਕਲਾਬੀ ਜਮਾਤ ਤੋਂ ਬਿਨਾਂ ਮੁਮਕਿਨ ਨਹੀਂ ਹੁੰਦੀ। ਜ਼ਾਹਿਰ ਹੈ ਕਿ ਤਕਰੀਬਨ ਸਾਰੇ ਇਸਲਾਮੀ ਦੌਰ ਵਿਚ ਕਿਸਾਨ ਤੇ ਹੋਰ ਮਿਹਨਤਕਸ਼ ਜਮਾਤਾਂ ਕਾਬਿਜ਼ ਫ਼ਿਊਡਲਾਂ ਦੇ ਖ਼ਿਲਾਫ਼ ਰੋਸ ਪ੍ਰਗਟ ਕਰਦੀਆਂ ਅਤੇ ਲੋਕ-ਹਿੱਤ ਦਾ ਪੈਂਤੜਾ ਖੜਾ ਕਰਦੀਆਂ ਰਹੀਆਂ ਹਨ। ਹਿੰਦੂ ਫ਼ਾਰਮੇਸ਼ਨ ਨੂੰ ਅੰਦਰੋਂ ਘੁਣ ਲਗਣ ਦੇ ਵੇਲੇ, ਜ਼ਿੰਦਗੀ ਦੀ ਤਰੱਕੀ ਦੀ ਨੋਕ ਅਰਬ ਵਿਚ ਜਾ ਚੁੱਕੀ ਸੀ। ਉੱਥੇ ਇਸਲਾਮ ਦੀ ਸ਼ਕਲ ਵਿਚ ਇਨਕਲਾਬ ਆ ਚੁੱਕਾ ਸੀ। ਇਸ ਡਿਗਦੀ ਹਿੰਦੂ ਫ਼ਾਰਮੇਸ਼ਨ ਨੂੰ ਮੂੰਹ ਭਾਰ ਸੁੱਟਣ ਲਈ ਜਦੋਂ ਇਸਲਾਮੀ ਰਾਜ-ਪ੍ਰਬੰਧ ਹਿੰਦੁਸਤਾਨ ਵਿਚ ਆਇਆ, ਤਾਂ ਹਜ਼ਰਤ ਮੁਹੰਮਦ



Digitized by Panjab Digital Library | www.panjabdigilib.org

ਸਾਹਬ ਦਾ ਇਸਲਾਮ ਵਿਗੜ ਕੇ ਏਸ਼ੀਆਈ ਫ਼ਿਊਡਲ, ਸਲਤਨਤੀ ਫਾਰਮੇਸ਼ਨ ਬਣ ਚੁੱਕਾ ਸੀ। **ਅੰਦਰੋਂ ਖੋਖਰ ਹੋਈ ਹਿੰਦੂ ਫ਼ਿਊਡਲ ਤੇ ਨਿਰੋਈ ਇਸਲਾਮੀ ਫ਼ਿਊਡਲ ਫ਼ਾਰਮੇਸ਼ਨਾਂ ਦਾ ਆਪਸ ਵਿਚ ਟਾਕਰਾ ਹੋਇਆ ਅਤੇ ਸਦੀਆਂ ਵਾਸਤੇ ਇਸਲਾਮੀ ਏਸ਼ੀਆਈ ਫ਼ਿਊਡਲ ਪ੍ਰਬੰਧ ਹਿੰਦੁਸਤਾਨ ਵਿਚ ਕਾਬਿਜ਼ ਹੋਇਆ।** ਸਲਤਨਤੀ ਇਸਲਾਮੀ ਫ਼ਾਰਮੇਸ਼ਨ ਦਾ ਵਿਚਾਰਧਾਰਕ ਕਾਜ਼ੀ ਹੈ। ਨਾਲ ਹੀ ਲੋਕ-ਹਿੱਤ ਨੂੰ ਪ੍ਰਗਟ ਕਰਦਾ **ਫ਼ਰੀਦ** ਵਰਗਾ ਸੂਫ਼ੀ ਵੀ ਹੈ। ਨੋਟ ਕਰਨ ਵਾਲੀ ਗੱਲ ਇਹ ਹੈ ਕਿ ਇਸ ਸਾਰੇ ਦੌਰ ਵਿਚ ਲੋਕਾਂ ਨੇ ਫ਼ਿਊਡਲਾਂ ਦੇ ਵਿਰੁੱਧ, ਭਗਤੀ ਜਾਂ ਸੂਫ਼ੀ ਮਜ਼੍ਹਬੀ ਰੂਪ ਵਿਚ, ਆਪਣੇ ਹਿੱਤ ਦਾ ਪੈਂਤੜਾ ਖੜਾ ਕਰੀ ਰੱਖਿਆ, ਜਿਸ ਨੇ ਅੰਤ ਸਿੱਖ ਲਹਿਰ ਦੇ ਰੂਪ ਵਿਚ ਖੰਡਾ ਖੜਕਾਇਆ।

ਯੂਰਪ ਤੇ ਹਿੰਦੁਸਤਾਨ, ਦੋਹਾਂ ਵਿਚ ਪੰਦਰ੍ਹਵੀਂ ਸਦੀ ਬੜੀ ਜਾਗਰਤ ਦਾ ਜ਼ਮਾਨਾ ਸੀ। ਹਿੰਦੁਸਤਾਨ ਵਿਚ ਇਸ ਦੀ ਤਿਆਰੀ ਕਾਫ਼ੀ ਚਿਰ ਤੋਂ ਹੁੰਦੀ ਆ ਰਹੀ ਸੀ। ਫ਼ਰੀਦ ਤੇ ਕਬੀਰ ਆਦਿ ਇਸ ਦੀ ਪੈਦਾਵਾਰ ਸਨ। ਐਸੇ ਭਗਤ ਤੇ ਸੂਫ਼ੀ, ਸੰਸਕ੍ਰਿਤ, ਅਰਬੀ ਆਦਿ ਸਨਾਤਨੀ ਬੋਲੀਆਂ ਨੂੰ ਤਿਆਗ ਕੇ, ਲੋਕ-ਬੋਲੀਆਂ ਰਾਹੀਂ, ਮਜ਼੍ਹਬ ਦੇ ਰੂਪ ਵਿਚ, ਆਪਣਾ ਸੱਚ, ਲੋਕ-ਹਿੱਤ, ਪ੍ਰਗਟ ਕਰ ਰਹੇ ਸਨ। (ਸਾਹਿੱਤਕਾਰ ਨੇ ਜਿਸ ਸਮਾਜਕ ਤਬਕੇ ਦਾ ਹਿੱਤ ਪ੍ਰਗਟ ਕਰਨਾ ਹੁੰਦਾ ਹੈ, ਉਸ ਦੀ ਬੋਲੀ ਵਰਤਣੀ ਉਸ ਦੇ ਵਾਸਤੇ ਕੁਦਰਤੀ ਹੈ। ਸੋ ਲੋਕ-ਹਿੱਤ ਦੇ ਪ੍ਰਗਟ ਹੋਣ ਵਾਸਤੇ ਸਨਾਤਨੀ ਬੋਲੀਆਂ ਦੀ ਥਾਂ ਲੋਕ-ਬੋਲੀਆਂ ਦਾ ਵਰਤੇ ਜਾਣਾ ਲਾਜ਼ਮੀ ਸੀ) ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਲੋਕ-ਹਿੱਤ ਪਹਿਲੀ ਵੇਰ ਗੁਰਬਾਣੀ ਵਿਚ, ਜਾਂ ਸਿੱਖ ਲਹਿਰ ਰਾਹੀਂ ਹੀ ਪ੍ਰਗਟ ਨਹੀਂ ਹੋਇਆ। ਗੁਰੂ ਸਾਹਿਬ ਦਾ ਕਰਤੱਵ ਆਪ ਇਸ ਗੱਲ ਦੀ ਸ਼ਹਾਦਤ ਹੈ। ਉਨ੍ਹਾਂ ਫ਼ਰੀਦ ਤੇ ਹੋਰ ਭਗਤਾਂ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਸਿੱਖ ਮਜ਼੍ਹਬ ਦਾ ਸਥਾਨ ਦਿੱਤਾ। ਸਿੱਖ ਲਹਿਰ, ਲੋਕ-ਹਿੱਤ ਪ੍ਰਗਟ ਕਰਦੀਆਂ ਭਗਤੀ ਤੇ ਸੂਫ਼ੀ ਲਹਿਰਾਂ ਦਾ ਅੰਗ ਹੈ, ਉਸ ਉੱਤੇ ਹੋਈ ਉਸਾਰੀ ਹੈ, ਉਸ ਦਾ ਸਿਖਰ ਹੈ। ਸਮਾਜਕ ਤੇ ਸਿਆਸੀ ਕਰਤੱਵ ਵਿਚ, ਸਿੱਖ ਲਹਿਰ ਭਗਤੀ ਤੇ ਸੂਫ਼ੀ ਲਹਿਰਾਂ ਨਾਲੋਂ ਪਰਕਾਰਕ ਤੌਰ 'ਤੇ ਵਖਰੀ ਹੈ।

**ਕਨਿੰਘਮ** ਤੋਂ ਲੈ ਕੇ ਜਿਸ ਨੇ ਵੀ ਸਿੱਖ ਲਹਿਰ ਦਾ ਇਤਿਹਾਸ ਲਿਖਿਆ ਹੈ, ਉਸ ਨੇ ਦੋ ਗ਼ਲਤੀਆਂ ਜ਼ਰੂਰ ਕੀਤੀਆਂ ਹਨ। ਇਕ ਤਾਂ ਗੁਰੂ ਨਾਨਕ ਤੋਂ ਲੈ ਕੇ ਮਹਾਰਾਜਾ ਰਣਜੀਤ ਸਿੰਘ ਤੱਕ ਇਸ ਨੂੰ ਇਕੋ ਹੀ ਲਹਿਰ ਸਮਝਿਆ ਹੈ, ਦੂਜੇ, ਰਣਜੀਤ ਸਿੰਘ ਤੇ ਉਸ ਦੀ ਸਟੇਟ ਨੂੰ ਇਸ ਲਹਿਰ ਦਾ ਸਿਖਰ ਸਮਝਿਆ ਹੈ ਜਿਵੇਂ, ਮੁੱਢੋਂ ਹੀ ਇਸ ਲਹਿਰ ਦੀ ਪ੍ਰੇਰਨਾ ਰਣਜੀਤ ਸਿੰਘ ਦੀ ਸਟੇਟ ਵਰਗੀ ਸਟੇਟ ਬਣਾਉਣਾ ਹੀ ਹੋਵੇ। ਇਨ੍ਹਾਂ ਗ਼ਲਤੀਆਂ ਦਾ ਕਾਰਨ ਬੁਨਿਆਦੀ ਤੌਰ ਉੱਤੇ ਇਹ ਹੈ ਕਿ



Digitized by Panjab Digital Library | www.panjabdigilib.org

ਇਤਿਹਾਸਕਾਰ ਮਜ਼ਬੀ ਗ੍ਰੰਥਾਂ ਦੇ ਮਾਹਿਰ ਨਹੀਂ ਹੁੰਦੇ। ਉਹ ਉਨ੍ਹਾਂ ਵਿਚ ਪ੍ਰਗਟ ਹੋਏ ਜਮਾਤੀ ਹਿੱਤ ਤੇ ਜਮਾਤੀ ਕੀਮਤਾਂ ਦੇ ਸਮਝਣ ਤੋਂ ਅਸਮਰਥ ਹੁੰਦੇ ਹਨ। ਉਹ ਮਜ਼ਬ ਦੇ ਬਾਨੀਆਂ ਦੀਆਂ ਰਚਨਾਵਾਂ ਦਾ ਮਤਲਬ ਉਨ੍ਹਾਂ ਦੇ ਦਿਮਾਗ਼ੀ ਖ਼ਿਆਲਾਂ ਦੇ ਖਰੜੇ ਨੂੰ ਹੀ ਸਮਝਦੇ ਹਨ। ਉਸ ਖਰੜੇ ਦੇ ਸੰਖੇਪ ਨੂੰ ਹੀ, ਉਸ ਮਜ਼ਬ ਦਾ ਮਤਲਬ ਦੱਸ ਕੇ ਉਹ ਅੱਗੇ ਤੁਰ ਪੈਂਦੇ ਹਨ। ਨਤੀਜਾ ਇਹ ਹੁੰਦਾ ਹੈ ਕਿ ਉਹ ਮਜ਼ਬ ਦੇ ਬਾਨੀਆਂ ਨਾਲ ਬਤੌਰ ਜਮਾਤੀ-ਹਿੱਤ ਦੇ ਵਿਚਾਰਧਾਰਕ ਇਨਸਾਫ਼ ਨਹੀਂ ਕਰ ਸਕਦੇ; ਉਨ੍ਹਾਂ ਤੇ ਉਨ੍ਹਾਂ ਦੀ ਦਿੱਤੀ ਵਿਚਾਰਧਾਰਾ ਦਾ ਜਮਾਤੀ-ਰੋਲ ਸਪੱਸ਼ਟ ਨਹੀਂ ਕਰ ਸਕਦੇ। ਉਹ ਇਹ ਸਮਝਣੋਂ ਅਸਮਰਥ ਹੁੰਦੇ ਹਨ ਕਿ ਖ਼ਿਆਲਾਂ ਦਾ ਖਰੜਾ ਤਾਂ ਬਾਹਰਲਾ ਉਭਾੜ ਹੈ ਅਤੇ ਮਜ਼ਬ ਦੀ ਵਸਤੂ, ਉਨ੍ਹਾਂ ਰਾਹੀਂ, ਉਨ੍ਹਾਂ ਦੇ ਹੇਠੋਂ ਲੱਭਣੀ ਪੈਂਦੀ ਹੈ। ਜਦੋਂ ਮਜ਼ਬੀ ਲਹਿਰ ਆਪਣਾ ਜਮਾਤੀ ਰੂਪ ਵਟਾਉਂਦੀ ਹੈ ਤਾਂ ਤਬਦੀਲੀ ਦੇ ਵੱਖ ਵੱਖ ਤੱਥਾਂ ਦੇ ਬਿਆਨ ਦੇ ਬਾਵਜੂਦ, ਇਤਿਹਾਸਕਾਰ ਇਸ ਬੁਨਿਆਦੀ ਤਬਦੀਲੀ ਨੂੰ ਸਮਝ ਨਹੀਂ ਸਕਦੇ। ਇਸ ਨੂੰ ਸਮਝਣ ਵਾਸਤੇ ਲਾਜ਼ਮੀ ਹੈ ਕਿ ਇਤਿਹਾਸਕਾਰ ਕਵਿਤਾ ਨੂੰ ਸਮਝਣ ਦੀ ਸਹੀ ਤੇ ਸਾਇੰਟਿਫਿਕ ਟੈਕਨੀਕ ਜਾਣਦਾ ਹੋਵੇ।

ਜਰਮਨ ਸ਼ਹਿਨਸ਼ਾਹ ਵਿਲਹੈਲਮ ਕੈਸਰ ਨੇ ਇਕ ਵੇਰ ਕਿਹਾ ਸੀ ਕਿ ਸਭ ਮਜ਼ਬੀ ਲਹਿਰਾਂ ਅਸਲ ਵਿਚ ਸਿਆਸੀ ਲਹਿਰਾਂ ਹੀ ਹੁੰਦੀਆਂ ਹਨ। ਪੰਜਾਬੀ ਪਾਠਕਾਂ ਵਾਸਤੇ ਇਹ ਸਚਾਈ ਕੋਈ ਨਵੀਂ ਨਹੀਂ। ਉਹ ਭਲੀ ਭਾਂਤ ਇਸ ਗੱਲ ਤੋਂ ਜਾਣੂੰ ਹੋ ਚੁੱਕੇ ਹਨ ਕਿ **ਮਜ਼ਬ ਉਸਾਰ ਹੈ ਅਤੇ ਉਸਾਰ ਹਮੇਸ਼ਾਂ ਆਪਣੀ ਨੀਂਹ ਦਾ ਹੀ ਪ੍ਰਗਟਾਵਾ ਹੁੰਦਾ ਹੈ। ਮਜ਼ਬ ਹਮੇਸ਼ਾ ਜਮਾਤੀ ਹਿੱਤ ਪ੍ਰਗਟ ਕਰਦਾ ਹੈ,ਉਸਦਾ ਹੀ ਰੈਸ਼ਨੇਲ ਹੁੰਦਾ ਹੈ। ਜਦੋਂ ਪਰਚਲਤ ਕੀਮਤਾਂ ਦੇ ਖ਼ਿਲਾਫ਼ ਨਵਾਂ ਮਜ਼ਬ ਉੱਠਦਾ ਹੈ, ਉਹ ਕਾਬਿਜ਼ ਜਮਾਤ ਦੇ ਖ਼ਿਲਾਫ਼ ਕਿਸੇ ਉਠਦੀ ਜਮਾਤ ਦਾ ਹਿੱਤ, ਉਸ ਦਾ ਰੈਸ਼ਨੇਲ ਹੁੰਦਾ ਹੈ; ਅਤੇ ਉਸ ਦੇ ਪਿੱਛੇ ਇਹ ਉੱਠਦੀ ਜਮਾਤ ਹੁੰਦੀ ਹੈ।** ਜੋ ਆਦਮੀ ਇਹ ਸਮਝਦੇ ਹਨ ਕਿ ਗੁਰੂ ਨਾਨਕ ਵੇਲੇ ਸਿੱਖ ਮਜ਼ਬ ਸਿਰਫ਼ ਮਜ਼ਬ ਹੀ ਸੀ, ਸਿਆਸੀ ਲਹਿਰ ਨਹੀਂ ਸੀ, ਜਾਂ ਇਹ ਕਿ ਉਸ ਵਿਚ ਕਿਸੇ ਜਮਾਤ ਦਾ ਆਰਥਕ-ਸਮਾਜਕ-ਸਿਆਸੀ ਹਿੱਤ ਨਹੀਂ ਸੀ, ਅਤੇ ਇਹ ਕਾਫ਼ੀ ਮਗਰੋਂ ਆਣ ਕੇ ਫ਼ਿਊਡਲਾਂ ਦੇ ਖ਼ਿਲਾਫ਼ ਕਿਸਾਨਾਂ, ਕਾਰੀਗਰਾਂ ਤੇ ਹੋਰ ਕੰਮ ਕਰਦੀਆਂ ਜਮਾਤਾਂ ਦੀ ਬਗ਼ਾਵਤ ਬਣੀ, ਉਹ ਮਜ਼ਬੀ ਲਹਿਰਾਂ ਦੀ ਵਸਤੂ, ਅਤੇ ਜਿਸ ਨੂੰ ਉਹ ਪ੍ਰਗਟ ਕਰਦੀਆਂ ਹਨ, ਉਸ ਜਮਾਤੀ ਹਿੱਤ ਨੂੰ ਵੇਖਣੋਂ ਅਸਮਰਥ ਹਨ। ਉਹ ਸਮਾਜਕ ਵੇਗ ਬਾਰੇ ਆਪਣਾ ਅਗਿਆਨ ਜ਼ਾਹਿਰ ਕਰਦੇ ਹਨ। **ਉਸਾਰ ਕਿਸੇ ਸਟੇਜ ਉੱਤੇ ਵੀ ਹੋਵੇ, ਕਿਸੇ ਰੂਪ ਵਿਚ ਵੀ ਹੋਵੇ, ਉਹ ਹਮੇਸ਼ਾਂ ਆਪਣੀ ਨੀਂਹ ਪ੍ਰਗਟ ਕਰਦਾ ਹੈ।**

•



Digitized by Panjab Digital Library | www.panjabdigilib.org

# ਗੁਰੂ ਨਾਨਕ : ਸਿੱਖ ਲਹਿਰ ਦਾ ਮੋਢੀ ਤੇ ਵਿਚਾਰਧਾਰਕ ਆਗੂ

ਸਮਾਜਕ ਵੇਗ ਦੀ ਇਹ ਖ਼ਾਸੀਅਤ ਹੈ ਕਿ ਆਰਥਕ ਸਮਾਜਕ ਰਿਸ਼ਤਿਆਂ ਵਿਚ ਤਬਦੀਲੀ ਉਸਾਰ ਰਾਹੀਂ ਹੀ ਆਉਂਦੀ ਹੈ। ਸਮਾਜ ਵਿਚ ਹਰ ਤਬਦੀਲੀ ਅੰਤ ਮਨੁੱਖੀ ਸ਼ਕਤੀ ਲਿਆਉਂਦੀ ਹੈ। ਮਨੁੱਖੀ ਸ਼ਕਤੀ ਚੇਤਨਤਾ, ਜਜ਼ਬਿਆਂ, ਖ਼ਿਆਲਾਂ ਤੇ ਉਨ੍ਹਾਂ ਤੋਂ ਉਪਜਦੀਆਂ ਸੰਸਥਾਵਾਂ ਦੇ ਅਧੀਨ ਚਲਦੀ ਹੈ। ਸਿੱਖ ਲਹਿਰ ਦੇ ਇਤਿਹਾਸ ਦਾ ਮਤਲਬ ਇਹ ਵੇਖਣਾ ਹੈ ਕਿ ਲੋਕ-ਹਿੱਤ ਨੇ ਆਪਣੀ ਲੋੜ ਵਾਸਤੇ ਕਿਹੜੀਆਂ ਕਿਹੜੀਆਂ ਸੰਸਥਾਵਾਂ ਉਸਾਰੀਆਂ, ਉਹ ਪੜਾਅ-ਦਰ-ਪੜਾਅ ਕਿਵੇਂ ਉਸਾਰੀਆਂ ਅਤੇ ਫਿਊਡਲ ਆਰਥਕ ਸਮਾਜਕ ਫਾਰਮੇਸ਼ਨ ਢਾਹੁਣ ਵਿਚ ਉਨ੍ਹਾਂ ਦਾ ਕੀ ਰੋਲ ਸੀ। ਜਦੋਂ ਕਿਸਾਨਾਂ, ਕਾਰੀਗਰਾਂ ਤੇ ਹੋਰ ਕਿਰਤੀ ਜਮਾਤਾਂ ਨੇ ਫ਼ਿਊਡਲਾਂ ਦੇ ਖ਼ਿਲਾਫ਼ ਪੈਂਤੜਾ ਬਣਾਇਆ, ਤਾਂ ਉਸ ਰੋਸ ਤੇ ਇੱਕੜ ਦੁੱਕੜ ਬਗ਼ਾਵਤ ਤੋਂ ਅੱਗੇ ਇਨਕਲਾਬ ਦੀ ਸ਼ਕਲ ਤਾਂ ਹੀ ਇਖ਼ਤਿਆਰ ਕਰ ਸਕਦਾ ਸੀ ਜੇ ਉਸ ਨੂੰ ਸਿੱਧਾਂਤਕ ਸੇਧ ਮਿਲਦੀ, ਜੇ ਫ਼ਿਊਡਲ ਦੇ ਵਿਰੁਧ ਲੋਕ-ਹਿੱਤ ਆਪਣੀ ਵਿਚਾਰਧਾਰਾ ਵਜੂਦ ਵਿਚ ਲਿਆਉਂਦਾ, ਆਪਣੇ ਹਿੱਤ ਦੀ ਚੰਗੇ ਮਾੜੇ ਦੀ ਤਮੀਜ਼ ਅਤੇ ਉਸ ਦਾ ਰੈਸ਼ਨੇਲ ਲੋਕਾਂ ਦੇ ਹੱਥ ਦੇਂਦਾ। ਮਨੁੱਖਾਂ ਦੇ ਮਨ ਉਸ ਵਿਚਾਰਧਾਰਾ ਦੇ ਅਧੀਨ ਢਲਦੇ ਅਤੇ ਉਨ੍ਹਾਂ ਦੀ ਸ਼ਕਤੀ ਉਸ ਦੀ ਦਿਤੀ ਸੇਧ ਦੇ ਅਨੁਸਾਰ ਲਗਦੀ। ਲੋਕਾਂ ਦੇ ਬਣਾਏ ਪੈਂਤੜੇ ਦੀ ਸੰਭਾਵਨਾ ਤੋਂ ਬਿਨਾਂ ਲੋਕ-ਹਿੱਤੀ ਵਿਚਾਰਧਾਰਾ ਦਾ ਪੈਦਾ ਹੋਣਾ ਮੁਮਕਿਨ ਨਹੀਂ। ਪਰ ਹਿੱਤ ਨੂੰ ਵਿਚਾਰਧਾਰਾ ਦਾ ਰੂਪ, ਉਸ ਹਿੱਤ ਦਾ ਪ੍ਰਤੀਨਿਧ, ਉਸ ਨੂੰ ਮਨੁੱਖੀ ਜਾਮੇ ਵਿਚ ਸਿਖਰ ਦਾ ਰੂਪ ਕੋਈ ਵਿਚਾਰਧਾਰਕ ਆਗੂ ਹੀ ਦੇ ਸਕਦਾ ਹੈ। ਉਸ ਸਮੇਂ ਦੀ ਚੇਤਨਤਾ ਦਾ ਰੂਪ ਕਿਉਂਕਿ ਮਜ਼ੁਬੀ ਸੀ, ਐਸੀ ਵਿਚਾਰਧਾਰਾ ਨੇ ਨਵੇਂ ਮਜ਼ੁਬ ਦਾ ਹੀ ਰੂਪ ਧਾਰਨਾ ਸੀ। ਲੋਕ-ਹਿੱਤ, ਸਮਾਜ, ਸਟੇਟ, ਗੱਲ ਕੀ ਆਰਥਕ ਫ਼ਾਰਮੇਸ਼ਨ ਦਾ ਚਿਤਰ ਨਵੇਂ ਮਜ਼ੁਬ ਦੇ ਰੂਪ ਵਿਚ ਪ੍ਰਗਟ ਹੋਇਆ। ਪੰਜਾਬ ਵਿਚ ਉਸ ਨਵੇਂ ਮਜ਼ੁਬ ਦਾ ਬਾਨੀ **ਗੁਰੂ ਨਾਨਕ** ਸੀ।

ਇਨਕਲਾਬੀ ਚੇਤਨਤਾ ਵਾਸਤੇ ਲਾਜ਼ਮੀ ਹੈ ਕਿ ਉਹ ਕਾਬਿਜ਼ ਜਮਾਤ ਦੇ ਹਿੱਤੀ ਖ਼ਿਆਲਾਂ, ਜਜ਼ਬਿਆਂ, ਕੀਮਤਾਂ, ਅਮਲੀ ਤੌਰ ਉਤੇ ਕੰਮ ਕਰਦੀਆਂ ਮਜ਼ੁਬੀ, ਕਲਚਰਲ, ਸਮਾਜਕ, ਸਿਆਸੀ — ਹਰ ਕਿਸਮ ਦੀਆਂ — ਸੰਸਥਾਵਾਂ ਦਾ ਖੰਡਨ ਕਰੇ ਅਤੇ ਉਨ੍ਹਾਂ ਦੇ ਮੁਕਾਬਲੇ ਉਤੇ, ਆਪਣੇ ਹਿੱਤ ਉਸਾਰੇ ਅਤੇ ਉਨ੍ਹਾਂ ਦੀ, ਸੱਚ ਤੇ ਸਦਾਚਾਰ ਦੀ



Digitized by Panjab Digital Library | www.panjabdigilib.org

ਬਿਨਾ ਉਤੇ, ਵਕਾਲਤ ਕਰੇ। ਗੁਰੂ ਨਾਨਕ ਨੇ ਪੈਂਦਿਆਂ ਹੀ ਕਿਹਾ ਕਿ ਨਾ ਕੋਈ ਹਿੰਦੂ ਹੈ; ਨਾ ਕੋਈ ਮੁਸਲਮਾਨ; ਜਿਸ ਦਾ ਮਤਲਬ ਸੀ ਕਿ ਉਸ ਦੇ ਸੰਕਲਪੇ ਰੱਬ ਦੀ ਤਕੜੀ ਵਿਚ ਪ੍ਰਚਲਤ ਕਿਸਮ ਦਾ ਨਾ ਹਿੰਦੂ ਸੀ, ਨਾ ਮੁਸਲਮਾਨ। ਇਹ ਨਾਹਰਾ ਨਵੇਂ ਕਿਸਮ ਦੇ ਇਨਸਾਨ ਦੀ ਲੋੜ ਦਾ ਨਾਹਰਾ ਸੀ ਜਿਸ ਦਾ ਚਿਤਰ ਉਨ੍ਹਾਂ ਆਪਣੀ ਬਾਣੀ ਵਿਚ ਗੁਰਮੁਖ ਕਰਕੇ ਦਿਤਾ ਹੈ। ਮਨਮੁਖਾਂ ਤੋਂ ਗੁਰਮੁਖ ਬਣਾਉਣੇ ਗੁਰੂ ਨਾਨਕ ਦੀ ਬਾਣੀ ਦਾ ਵਿਸ਼ਾ, ਉਸ ਦੇ ਦਿਤੇ ਮਜ਼੍ਹਬ ਦੀ ਕੋਸ਼ਿਸ਼ ਤੇ ਲੋਕ-ਹਿੱਤ ਦੀ ਜ਼ਰੂਰਤ ਸੀ।

ਉਸ ਵੇਲੇ ਦੇ ਮਜ਼੍ਹਬ ਦੀ ਬੁਨਿਆਦ **ਹੱਬ** ਸੀ। ਸਮਾਜ ਦੇ ਪ੍ਰਚਲਤ ਪੈਟਰਨ ਦਾ ਸਭ ਨਾਲੋਂ ਵੱਡਾ ਖੰਡਨ ਗੁਰੂ ਨਾਨਕ ਨੇ ਆਪਣੇ ਦਿਤੇ ਰੱਬ ਦੇ ਸੰਕਲਪ, ਉਸ ਦੇ ਚਿਤਰ ਰਾਹੀਂ ਕੀਤਾ। ਉਨ੍ਹਾਂ ਦਾ ਰੱਬ ਸਰਬ-ਸ਼ਕਤੀਮਾਨ ਹੈ, ਲਾਸਾਨੀ ਹੈ, ਉਸ ਦੇ ਮੁਕਾਬਲੇ ਉਤੇ ਸਭ ਹੇਚ ਹਨ। ਉਹ ਇਕ ਖ਼ਾਸ ਕਿਸਮ ਦੇ ਇਨਸਾਨ ਨੂੰ ਹੀ ਪ੍ਰਵਾਨ ਕਰਦਾ ਹੈ ਅਤੇ ਮਨੁੱਖ ਪਾਸੋਂ ਉਹ ਪੂਰਨ ਵਫ਼ਾਦਾਰੀ, ਪੂਰਨ ਅਧੀਨਗੀ ਮੰਗਦਾ ਹੈ। ਗੁਰੂ ਨਾਨਕ ਕਹਿੰਦੇ ਹਨ ਕਿ ਸੈਂਕੜੇ ਹਜ਼ਾਰਾਂ ਮੁਹੰਮਦ ਰੱਬ ਦੀ ਕਚਿਹਰੀ ਵਿਚ ਖੜੇ ਹਨ, ਰਾਮ ਕ੍ਰਿਸ਼ਨ ਉਸ ਦੇ ਬਣਾਏ ਹੋਏ ਹਨ : ਗਾਵਨਿ ਤੁਧਨੋ ਈਸਰੁ ਬ੍ਰਹਮਾ ਦੇਵੀ ਸੋਹਨਿ ਤੇਰੇ ਸਦਾ ਸਵਾਰੇ। ਗਾਵਨਿ ਤੁਧਨੋ ਇੰਦ੍ਰ ਇੰਦ੍ਰਾਸਣਿ ਬੈਠੇ ਦੇਵਤਿਆ ਦਰਿ ਨਾਲੇ।

ਸਭ ਪੈਗੰਬਰ ਉਸ ਦੇ ਘੱਲੇ ਹੋਏ ਦੁਨੀਆਂ ਵਿਚ ਆਉਂਦੇ ਹਨ। ਆਪਣਾ ਕੰਮ ਕਰਕੇ ਚਲੇ ਜਾਂਦੇ ਹਨ। **ਫ਼ਰੀਦ** ਦਾ ਰੱਬ ਗੁਰੂ ਸਾਹਿਬ ਦਾ ਆਪਣਾ ਰੱਬ ਹੈ, ਪਰ ਇਸ ਦੇ ਉਲਟ ਸਲਤਨਤੀ ਇਸਲਾਮ ਤਾਂ ਕੁਰਾਨ ਵਿਚ ਦਿਤੇ ਰੱਬ ਨੂੰ ਪਿਛੇ ਪਾਉਂਦਾ ਸੀ ਅਤੇ ਅਮਲੀ ਤੌਰ ਉਤੇ ਮੁਹੰਮਦ ਸਾਹਿਬ ਨੂੰ ਅਗੇ ਕਰਦਾ ਸੀ। ਜੇ ਇਸ ਪੁਜ਼ੀਸ਼ਨ ਦੀ ਸਾਇੰਟਿਫਿਕ ਤੌਰ ਉਤੇ ਵਿਆਖਿਆ ਕੀਤੀ ਜਾਵੇ ਤਾਂ ਜ਼ਾਹਿਰ ਹੈ ਕਿ ਸਲਤਨਤੀ ਇਸਲਾਮ ਦਾ ਅਮਲੀ ਤੌਰ ਉਤੇ ਮੁਹੰਮਦ ਸਾਹਿਬ ਨੂੰ ਰੱਬ ਤੋਂ ਵੀ ਅਗੇ ਕਰਨਾ ਮੁਸਲਮਾਨ ਫ਼ਿਊਡਲਾਂ ਦਾ ਹਿੱਤ ਪੂਰਦਾ ਸੀ। ਫ਼ਰੀਦ ਵਾਂਗ, ਕੁਰਾਨ ਦੇ ਰੱਬ ਦੀ ਹਿਦਾਇਤ ਫ਼ਿਊਡਲਾਂ ਦੀਆਂ ਜੜ੍ਹਾਂ ਵੱਢਦੀ ਹੈ। ਮੁਸਲਮਾਨ ਫ਼ਿਊਡਲ ਉਸ ਪੁਜ਼ੀਸ਼ਨ ਉਤੇ ਨਹੀਂ ਰਹਿ ਸਕਦਾ। ਉਹ ਕਿਸਾਨਾਂ ਤੇ ਹੋਰ ਕਿਰਤੀ ਜਮਾਤਾਂ ਉਤੇ ਹੀ ਧੌਂਸ ਨਹੀਂ ਸੀ ਪਾਉਂਦਾ, ਉਹ ਹਿੰਦੂ ਫ਼ਿਊਡਲਾਂ ਨੂੰ ਵੀ ਆਪਣੇ ਅਧੀਨ ਰਖਦਾ ਸੀ। ਇਸ ਤਰ੍ਹਾਂ ਹੀ ਹਿੰਦੂ ਦੇਵੀਆਂ ਦੇਵਤੇ ਹਿੰਦੂ ਫ਼ਊਡਲਾਂ ਦਾ ਹਿੱਤ ਮੂਰਤੀਮਾਨ ਕਰਦੇ ਸਨ, ਉਸਦੀ ਹਿੱਤੀ ਸਮਾਜਕ ਬਣਤਰ ਤੇ ਤੌਰ ਦਾ ਰੈਸ਼ਨੇਲ ਸਨ। ਗੁਰੂ ਸਾਹਿਬ ਦਾ ਮੁਹੰਮਦ ਸਾਹਿਬ ਤੇ ਹਿੰਦੂ ਦੇਵੀਆਂ ਦੇਵਤਿਆਂ ਤੇ ਅਵਤਾਰਾਂ ਆਦਿ ਨੂੰ ਰੱਬ ਦੇ ਦਰਬਾਰੀ, ਉਸ ਦੇ ਬਣਾਏ ਹੋਏ, ਉਸ ਦੇ ਅਧੀਨ ਦੱਸਣ ਦਾ ਮਤਲਬ ਹੈ ਕਿ ਜਿਸ ਹਿੱਤ ਨੂੰ ਗੁਰੂ ਸਾਹਿਬ ਤੇ ਫ਼ਰੀਦ ਦਾ ਰੱਬ ਮੂਰਤੀਮਾਨ ਕਰਦਾ ਹੈ, ਉਸ ਨਾਲੋਂ ਇਹ ਛੋਟੇ ਹਨ, ਉਸ ਦੇ



Digitized by Panjab Digital Library | www.panjabdigilib.org

ਦਾਸ ਹਨ, ਉਸ ਦੇ ਅਧੀਨ ਹਨ। ਇਸ ਦੇ ਨਾਲ ਹੀ ਗੁਰੂ ਸਾਹਿਬ ਹਰ ਪ੍ਰਚਲਤ ਮਜ਼੍ਹਬੀ ਫਿਰਕੇ, ਮਤ ਨੂੰ, ਉਸ ਦੇ ਦੇਵੀ ਦੇਵਤੇ, ਉਸ ਦੇ ਅਮਲ ਨੂੰ ਰੱਬ ਦੀ ਤਕੜੀ ਵਿਚ ਪਾ ਕੇ ਹਲਕਿਆਂ ਸਾਬਿਤ ਕਰਦੇ ਹਨ। ਸਾਇੰਟਿਫਿਕ ਲਫ਼ਜ਼ਾਂ ਵਿਚ ਲੋਕ-ਹਿੱਤ ਦੇ ਪ੍ਰਤੀਕ ਰੱਬ ਨੂੰ ਸਰਬ ਸ਼ਕਤੀਮਾਨ, ਹਮੇਸ਼ਾਂ ਰਹਿਣ ਵਾਲਾ ਸੱਚ ਦਸਦੇ ਹਨ। ਇਸ ਤੋਂ ਇਲਾਵਾ ਉਹ ਆਪਣੇ ਸੰਕਲਪ ਵਾਲੇ ਰੱਬ ਦਾ ਲੋਕਾਈ ਨਾਲ ਰਿਸ਼ਤਾ ਪ੍ਰਗਟ ਕਰਦੇ ਹਨ : ਫਰੀਦਾ ਖਾਲਕੁ ਖਲਕ ਮਹਿ, ਖਲਕ ਵਸੈ ਰਬ ਮਾਹਿ। ਮੰਦਾ ਕਿਸ ਨੋ ਆਖੀਐ, ਜਾਂ ਤਿਸੁ ਬਿਨੁ ਕੋਈ ਨਾਹਿ।

ਰੱਬ ਕਿਉਂਕਿ ਸਟੇਟ ਦਾ, ਪੈਦਾਵਾਰ ਦੀਆਂ ਸ਼ਕਤੀਆਂ ਦੇ ਵਿਕਾਸ ਦੇ ਰੂਪ ਦਾ ਚਿਤਰ ਹੈ, ਇਸ ਵਾਸਤੇ ਸਪੱਸ਼ਟ ਹੈ ਕਿ ਗੁਰੂ ਸਾਹਿਬ ਦੇ ਮੁਤਾਬਿਕ ਹਰ ਮਨੁੱਖ ਰੱਬ ਦੀ ਹਜ਼ੂਰੀ ਵਿਚ ਬਰਾਬਰ ਹੈ, ਹਰ ਇਕ ਦਾ ਫ਼ੈਸਲਾ ਆਪੋ ਆਪਣੇ ਕੀਤੇ ਕੰਮਾਂ ਉਤੇ ਹੁੰਦਾ ਹੈ। ਬਰਾਬਰੀ ਦਾ ਮਤਲਬ 'ਆਟੇ' ਤੋਂ ਲਗ ਕੇ ਰੂਹਾਨੀਅਤ ਤਕ ਹੈ। ਜ਼ਾਹਿਰ ਹੈ ਕਿ ਸਿਧਾਂਤਕ ਤੌਰ ਉਤੇ ਇਹ ਲੋਕ-ਹਿਤੈਸ਼ੀ, ਇਨਕਲਾਬੀ ਪੁਜ਼ੀਸ਼ਨ ਹੈ। ਬੰਦੇ ਤੇ ਸਮਾਜ ਦੀ ਨਿਜਾਤ ਵਾਸਤੇ ਗੁਰੂ ਸਾਹਿਬ ਐਸੇ ਰੱਬ ਅੱਗੇ ਪੂਰਨ ਅਧੀਨਗੀ ਮੰਗਦੇ ਹਨ; ਦਿਲ ਦੇ ਸਭ ਮਨੋਰਥ ਉਸ ਦੇ ਪ੍ਰਵਾਨ ਹੋਏ ਚਾਹੁੰਦੇ ਹਨ। ਸਾਇੰਟਿਫਿਕ ਬੋਲੀ ਵਿਚ ਉਹ ਬੰਦੇ ਨੂੰ ਲੋਕ-ਹਿੱਤ ਦੀ ਮੂਰਤ ਬਣਾਉਂਦੇ ਹਨ। ਚਹੁੰ ਜਾਤੀਆਂ, ਚਹੁੰ ਫਿਰਕਿਆਂ ਦੀ ਗੱਲ ਕੀ, ਉਹ ਸਾਰੀ ਖਲਕਤ ਨੂੰ ਇਕ-ਹੋਇਆ ਮੰਗਦੇ ਹਨ। ਫ਼ਿਊਡਲ ਸੰਕਲਪ ਅਨੁਸਾਰ ਤਾਂ ਇਹ ਇਕ ਹੋ ਨਹੀਂ ਸਕਦੇ; ਲੋਕ-ਹਿੱਤ ਦੇ ਪੈਂਤੜੇ ਤੋਂ ਹੀ ਇਹ ਇਕ ਹੋ ਸਕਦੇ ਹਨ।

ਗੁਰੂ ਗ੍ਰੰਥ ਸਾਹਿਬ ਵਿਚ ਦਰਜ ਸਾਰੀ ਬਾਣੀ, ਸਮੇਤ ਭਗਤਾਂ ਦੀ ਬਾਣੀ ਦੇ, ਫ਼ਿਊਡਲਾਂ ਦੇ ਖ਼ਿਲਾਫ਼ ਲੋਕ-ਹਿੱਤ ਪ੍ਰਗਟ ਕਰਦੀ ਹੈ। ਸਾਰੀ ਬਾਣੀ ਦਾ ਪੈਟਰਨ ਇਹ ਹੈ ਕਿ ਰੱਬ ਹੈ। ਹਰ ਚੀਜ਼ ਦਾ ਸੋਮਾਂ ਉਹੀ ਹੈ ਅਤੇ ਸਭ ਸ੍ਰਿਸ਼ਟੀ ਉਸ ਦੇ ਹੁਕਮ ਵਿਚ ਹੈ। ਉਸ ਨੇ ਮੌਤ ਤੋਂ ਮਗਰੋਂ ਬੰਦੇ ਦੇ ਇਥੇ, ਬਤੌਰ ਸਮਾਜਕ ਮਨੁੱਖ, ਇਸ ਜ਼ਿੰਦਗੀ ਵਿਚ ਕੀਤੇ ਕੰਮਾਂ ਦਾ ਲੇਖਾ ਲੈਣਾ ਹੈ। ਇਸ ਜਾਮੇਂ ਵਿਚ ਕੀਤੇ ਕੰਮਾਂ ਦੇ ਆਧਾਰ ਉਤੇ ਬੰਦੇ ਨੂੰ ਰੱਬ ਦੀ ਦਰਗਾਹ ਵਿਚ ਜਾਂ ਆਦਰ ਮਾਣ, ਮੁਕਤੀ ਮਿਲੇਗੀ ਅਤੇ ਜਾਂ ਸਜ਼ਾ। ਸਾਰੀ ਬਾਣੀ ਬੰਦੇ ਨੂੰ ਹਿਦਾਇਤ ਹੈ ਕਿ ਉਹ ਇਸ ਘੜੀ ਤੋਂ ਹੀ ਉਹ ਕੰਮ ਕਰੇ ਜੋ ਰੱਬ ਨੂੰ ਪ੍ਰਵਾਨ ਹਨ ਅਤੇ ਜੋ ਉਸ ਨੂੰ ਪ੍ਰਵਾਨ ਨਹੀਂ ਉਨ੍ਹਾਂ ਨੂੰ ਤਿਆਗੇ। ਕੀਤੇ ਕੰਮਾਂ ਦਾ ਹਿਸਾਬ ਲੈਣ ਲਈ, ਉਨ੍ਹਾਂ ਦੀ ਪਰਖ ਵਾਸਤੇ ਕਾਨੂੰਨ ਕਸਵੱਟੀ, ਚੰਗੇ ਮਾੜੇ ਦਾ ਨਿਖੇੜ ਲਾਜ਼ਮੀ ਹੈ। ਕੀ ਚੰਗਾ ਹੈ, ਰੱਬ ਨੂੰ ਪ੍ਰਵਾਨ ਹੈ ? ਕੀ ਮਾੜਾ ਹੈ, ਉਸ ਨੂੰ ਜਚਦਾ ਨਹੀਂ ? ਇਹ ਪਤਾ ਹੋਣਾ ਜ਼ਰੂਰੀ ਹੈ। ਇਸ ਤੋਂ ਬਗ਼ੈਰ ਮਨੁੱਖ ਕਿਸ ਪਾਸੇ ਤੋਂ ਹਟੇ, ਕਿਸ ਪਾਸੇ ਲਗੇ ? ਦੂਸਰੇ ਲਫ਼ਜ਼ਾਂ ਵਿਚ, **ਮਨੁੱਖੀ**



Digitized by Panjab Digital Library | www.panjabdigilib.org

**ਕੀਮਤਾਂ ਦਾ ਸਮਾਜਕ ਨਿਖੇੜ ਲਾਜ਼ਮੀ ਹੈ। ਸਾਰੀ ਬਾਣੀ ਵਿਚ ਹੈ ਹੀ ਰੱਬ ਦੀ ਉਸਤਤ ਅਤੇ ਇਨ੍ਹਾਂ ਕੀਮਤਾਂ ਦਾ ਨਿਖੇੜ।** ਸਮਾਜਕ ਕੀਮਤਾਂ ਸਮਾਜ ਦੀ ਕਿਸੇ ਜਮਾਤ ਦਾ ਹਿੱਤ ਹੁੰਦੀਆਂ ਹਨ। ਬਾਣੀ ਵਿਚ ਨਿਖੇੜ ਇੱਕੜ ਦੁੱਕੜ ਕੰਮਾਂ ਜਾਂ ਇੱਕੜ ਦੁੱਕੜ ਮਨੁੱਖੀ ਮਨੋਰਥਾਂ ਦਾ ਨਹੀਂ, ਬਲਕਿ ਆਰਥਕ ਸਮਾਜਕ ਫ਼ਾਰਮੇਸ਼ਨਾਂ ਦੀਆਂ ਕਿਸਮਾਂ ਦਾ ਹੈ। ਇਹ ਨਿਖੇੜ ਆਰਥਕਤਾ ਤੋਂ ਉਪਜਦੇ ਮਨੁਖੀ ਮਨੋਰਥਾਂ, ਕੀਤੇ ਕਰਮਾਂ ਤੇ ਸੱਧਰਾਂ ਰਾਹੀਂ ਬਣੀ ਪੂਰਨ ਮਨੁੱਖੀ ਸ਼ਖ਼ਸੀਅਤ, ਸਮਾਜਕ ਤੋਰ, ਰਹਿਤ-ਬਹਿਤ, ਸਟੇਟ, ਸਭਿਅਤਾ ਤੇ ਸੰਸਕ੍ਰਿਤੀ ਦਾ ਹੈ। **ਗੁਰਬਾਣੀ ਵਿਚ ਦਿਤੇ ਨਿਖੇੜ ਦੀ ਨੀਂਹ, ਉਸ ਦਾ ਪੈਮਾਨਾ ਜਮਾਤੀ ਸਟੇਟ ਦੇ ਦਿਤੇ ਕਾਨੂੰਨੀ ਕਬਜ਼ੇ ਦੇ ਵਿਰੁਧ ਮਨੁੱਖੀ ਲੋੜ ਦਾ ਪੈਮਾਨਾ ਹੈ।** ਫਰੀਦਾ ਇਕਨਾ ਆਟਾ ਅਗਲਾ ਇਕਨਾ ਨਾਹੀ ਲੋਣ। ਅਗੇ ਗਏ ਸਿੰਞਾਪਸਨਿ੍ ਚੋਟਾ ਖਾਸੀ ਕਉਣੁ।੪੪।

ਗੁਰਬਾਣੀ ਦੇ ਮੁਤਾਬਿਕ ਜ਼ਿੰਦਗੀ ਦੇ ਵਸੀਲਿਆਂ, ਸਮਾਜਕ ਪੈਦਾਵਾਰ ਦੀ ਕਾਣੀ-ਵੰਡ ਰੱਬ ਦੀਆਂ ਅੱਖਾਂ ਵਿਚ ਵੱਡਾ ਗੁਨਾਹ, ਸਭ ਗੁਨਾਹਾਂ ਦਾ ਮੂਲ ਹੈ। ਇਸ ਕਾਣੀ-ਵੰਡ ਨੂੰ ਜਾਰੀ ਰਖਣ ਵਾਸਤੇ, ਕਾਣੇ ਨਿਜ਼ਾਮਾਂ ਨੂੰ ਬਰਕਰਾਰ ਰਖਣ ਵਾਸਤੇ ਜਾਂ ਇਸ ਤੋਂ ਉਪਜਦੇ ਜੋ ਵੀ ਮਨੁੱਖ ਦੇ ਮਨ ਵਿਚ ਮਨੋਰਥ ਹਨ, ਜਾਂ ਉਨ੍ਹਾਂ ਤੋਂ ਉਪਜਦੇ ਕੰਮ ਹਨ, ਜਾਂ ਇਨ੍ਹਾਂ ਦੀ ਬਣਾਈ ਜ਼ਿੰਦਗੀ ਦੀ ਤਰਜ਼ ਤੋਰ ਹੈ, ਉਹ ਗੁਨਾਹੀ ਹੈ; ਰੱਬ ਦੇ ਦਰਬਾਰ ਵਿਚ ਸਜ਼ਾ ਦੀ ਹੱਕਦਾਰ ਹੈ।

ਰੱਬ ਦੇ ਵਿਰੋਧੀ ਸਭ ਕੰਮਾਂ ਦਾ ਮੂਲ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਹਨ ਅਤੇ ਇਨ੍ਹਾਂ ਵਿਚੋਂ ਮੋਢੀ **ਲੋਭ** ਹੈ। ਦਿਤੇ ਪੈਮਾਨੇ ਦੇ ਮੁਤਾਬਿਕ ਲੋਭ ਦੇ ਦੋ ਮਤਲਬ ਹੋ ਸਕਦੇ ਹਨ। ਜੇ ਕਾਬਿਜ਼ ਜਮਾਤੀ ਸਟੇਟ ਦਾ ਦਿਤਾ ਕਾਨੂੰਨੀ ਕਬਜ਼ਾ ਹੱਕ ਹਲਾਲ ਮੰਨਿਆਂ ਜਾਵੇ ਤਾਂ ਪੂੰਜੀ-ਪਤੀਆਂ ਦੀ ਪੂੰਜੀ, ਉਨ੍ਹਾਂ ਦੀਆਂ ਮਹਿਲ ਮਾੜੀਆਂ ਉਨ੍ਹਾਂ ਦਾ ਹੱਕ ਹਨ, ਅਤੇ ਜੋ ਨੰਗਾ ਭੁੱਖਾ ਉਨ੍ਹਾਂ ਵਲ ਅੱਖ ਪੁੱਟ ਕੇ ਵੇਖਦਾ ਹੈ, ਉਹ ਲੋਭੀ ਹੈ। ਇਸ ਪੈਮਾਨੇ ਵਾਲਾ ਮਜ਼੍ਹਬ ਪੂੰਜੀ-ਪਤੀਆਂ, ਫ਼ਿਊਡਲਾਂ ਦੀ ਸਟੇਟ ਦਾ ਪ੍ਰਚਾਰਕ ਵਿਭਾਗ ਹੁੰਦਾ ਹੈ। ਪਰ ਗੁਰੂ ਗ੍ਰੰਥ ਸਾਹਿਬ ਵਿਚਲੀ ਬਾਣੀ ਵਿਚ ਪੈਮਾਨਾ ਚੂੰਕਿ ਮਨੁੱਖੀ ਲੋੜ ਦਾ ਹੈ, ਇਸ ਲਈ ਬਾਣੀ ਅਨੁਸਾਰ ਲੋਭੀ ਉਹ ਹੈ ਜੋ ਲੋਕਾਂ ਦੇ ਢਿੱਡ ਦੀ ਬੁਰਕੀ ਖੋਹ ਕੇ ਆਪਣਾ 'ਅਗਲਾ ਆਟਾ' ਬਣਾਈ ਬੈਠਾ ਹੈ। ਕਾਮ, ਕ੍ਰੋਧ, ਮੋਹ, ਹੰਕਾਰ ਐਸੇ ਲੋਭ ਦੇ ਸਾਥੀ ਹਨ। ਫ਼ਿਊਡਲ ਆਚਰਨ ਦੀਆਂ ਇਹ ਖ਼ਾਸੀਅਤਾਂ ਗੁਰਬਾਣੀ ਦੀ ਨਜ਼ਰ ਵਿਚ ਘੋਰ ਔਗਣ ਹਨ। ਰੱਬ ਤੇ ਉਨ੍ਹਾਂ ਦਾ ਅੱਗ ਪਾਣੀ ਦਾ ਵੈਰ ਹੈ। ਜਿੰਨਾਂ ਚਿਰ ਇਹ ਮਨੁੱਖਾਂ ਦੇ ਮਨ ਵਿਚ, ਦੂਜੇ ਲਫ਼ਜ਼ਾਂ ਵਿਚ ਮਨੁੱਖਾਂ ਦੇ ਕਰਮਾਂ ਤੇ ਰਿਸ਼ਤਿਆਂ ਰਾਹੀਂ ਸਮਾਜ ਵਿਚ ਪ੍ਰਵੇਸ਼ ਕਰਦੀਆਂ ਹਨ, ਰੱਬ ਨਹੀਂ ਰੀਝਦਾ। ਸਿਧਿਆਂ ਲਫ਼ਜ਼ਾਂ ਵਿਚ, **ਗੁਰਬਾਣੀ ਦਾ ਰੱਬ ਪ੍ਰਚਲਤ ਸਮਾਜ ਵਿਚਲੇ ਜਮਾਤੀ ਅੰਗ ਦਾ**



Digitized by Panjab Digital Library | www.panjabdigilib.org

**ਵੈਰੀ ਹੈ।** ਗੁਰਬਾਣੀ ਰੱਬ ਦੀ ਵਡਿਆਈ ਨਾਲ ਭਰੀ ਹੋਈ ਹੈ। ਰੱਬ ਸਟੇਟ ਦਾ ਚਿਤਰ ਹੈ। ਰੱਬ ਦੀ ਵਡਿਆਈ ਉਸ ਸਟੇਟ ਦੀ ਵਡਿਆਈ ਹੈ ਜੋ ਗੁਰੂ ਸਾਹਿਬ ਨੂੰ ਪ੍ਰਵਾਨ ਹੈ।

**ਸਿੱਖ ਲਹਿਰ** ਤੇ ਉਸ ਦਾ ਕਰਤੱਵ ਸਹੀ ਤਰ੍ਹਾਂ ਤਾਂ ਹੀ ਸਮਝਿਆ ਜਾ ਸਕਦਾ ਹੈ ਜੇ ਇਹ ਸਪੱਸ਼ਟ ਹੋਵੇ ਕਿ ਉਹ ਕਿਸ ਹਿੱਤ ਦੀ ਤਰਜਮਾਨ ਸੀ ਅਤੇ ਉਸ ਦਾ ਮਨੋਰਥ, ਉਸ ਦੇ ਕਰਤੱਵ ਦਾ ਨਿਸ਼ਾਨਾ, ਉਸ ਦਾ ਮਨੁੱਖ, ਸਟੇਟ, ਸਮਾਜ, ਸਭਿਅਤਾ, ਸੰਸਕ੍ਰਿਤੀ ਦਾ ਰੂਪ ਕੀ ਸੀ ? ਦੂਜੇ ਲਫ਼ਜ਼ਾਂ ਵਿਚ, ਇਸ ਨੂੰ ਬਾਕੀ ਇਤਿਹਾਸ ਵਾਂਗ ਵਿਗਿਆਨਿਕ ਨਜ਼ਰੀਏ ਨਾਲ ਵੇਖਿਆ ਜਾਵੇ। ਇਸ ਦੇ ਰੂਪ ਤੇ ਵਸਤੂ ਨੂੰ ਨਿਖੇੜ ਕੇ ਪੇਸ਼ ਕੀਤਾ ਜਾਵੇ। ਇਸ ਦੇ ਰੂਪ ਨੂੰ ਵਸਤੂ ਦੇ ਪ੍ਰਸੰਗ ਵਿਚ ਜਾਂਚ ਕੇ ਜਾਇਜ਼ਾ ਲਿਆ ਜਾਵੇ ਕਿ ਇਸ ਦੇ ਰੂਪ ਨੇ ਕਿਸ ਤਰ੍ਹਾਂ ਅਤੇ ਕਿਸ ਹਦ ਤਕ ਆਪਣੀ ਵਸਤੂ, ਲੋਕ-ਹਿੱਤ, ਦੀ ਤਰਜਮਾਨੀ ਕੀਤੀ ਹੈ।

ਗੁਰੂ ਨਾਨਕ ਸਿੱਖ ਲਹਿਰ ਦਾ ਮੋਢੀ, ਵਿਚਾਰਧਾਰਕ ਆਗੂ ਸੀ। ਕਈ ਸ਼ਰੀਕੇ ਨਾਲ ਇਹ ਕਹਿੰਦੇ ਹਨ ਕਿ ਗੁਰੂ ਨਾਨਕ ਨੇ ਆਪਣਾ ਫ਼ਲਸਫ਼ਾ ਕਬੀਰ ਕੋਲੋਂ ਲਿਆ। ਐਸੀ ਜ਼ਿਹਨੀਅਤ ਮਹਾਂ-ਪੁਰਖਾਂ ਨੂੰ ਆਪਣੀਆਂ ਐਨਕਾਂ ਰਾਹੀਂ ਵੇਖਣ ਦੀ ਹੈ। ਇਸ ਕਹਿਣੀ ਵਾਲੇ ਨਾ ਕਬੀਰ ਨੂੰ ਸਮਝਦੇ ਹਨ, ਨਾ ਗੁਰੂ ਨਾਨਕ ਨੂੰ, ਨਾ ਉਨ੍ਹਾਂ ਦੇ ਆਪਸੀ ਰਿਸ਼ਤੇ ਨੂੰ, ਨਾ ਇਨਸਾਨੀਅਤ ਤੇ ਲੋਕ-ਹਿੱਤ ਨੂੰ, ਅਤੇ ਨਾ ਹੀ ਕਵਿਤਾ ਦੀ ਉਸਾਰੀ ਦੇ ਤੱਤ ਨੂੰ। ਕਬੀਰ ਨਾਲੋਂ ਪਹਿਲਾਂ ਇਸਲਾਮੀ ਰੂਪ ਵਿਚ ਇਹੋ ਹੀ ਪੈਟਰਨ ਫ਼ਰੀਦ ਦਾ ਹੈ। ਹੋਰ ਭਗਤਾਂ ਦਾ ਵੀ ਹੈ। ਜਦੋਂ ਬਹੁਤ ਸਾਰੇ ਕਵੀਆਂ ਦਾ ਪੈਟਰਨ ਇਕ ਹੀ ਹੋਵੇ, ਉਸ ਦਾ ਮਤਲਬ ਇਹ ਹੁੰਦਾ ਹੈ ਕਿ ਇਹ ਉਸ ਇਤਿਹਾਸਕ ਦੌਰ ਦਾ ਪੈਟਰਨ ਸੀ। ਉਸ ਜ਼ਮਾਨੇ ਦਾ ਸੱਚ ਉਸ ਰੂਪ ਵਿਚ ਪੇਸ਼ ਹੋ ਰਿਹਾ ਸੀ। ਸਭ ਵੇਖਦੀਆਂ ਅੱਖਾਂ ਨੂੰ ਦਿਸਦਾ ਸੀ। ਸਭ ਦਾ ਸਾਂਝਾ ਸੀ। ਨਾਲੇ ਕਵਿਤਾ ਤੇ ਮਜ਼੍ਹਬ ਦਾ ਸੱਚ ਖ਼ਿਆਲਾਂ ਦੇ ਖਰੜੇ ਵਿਚ ਨਹੀਂ ਹੁੰਦਾ। ਜੇ ਹੁੰਦਾ ਤਾਂ ਫ਼ਰੀਦ ਦੀ ਰਚਨਾ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ ਨਾ ਕੀਤੀ ਜਾਂਦੀ। ਮੁਸਲਮਾਨ ਹੋਣ ਕਰਕੇ ਉਹ ਚੁਰਾਸੀ ਲੱਖ ਜੂਨ ਤੇ ਆਵਾਗਵਣ ਨੂੰ ਨਹੀਂ ਮੰਨਦਾ। **ਮਜ਼੍ਹਬ ਤੇ ਕਵਿਤਾ ਦਾ ਸੱਚ ਪੇਸ਼ ਹੋ ਰਹੇ ਜਜ਼ਬੇ ਅਤੇ ਪ੍ਰਗਟ ਹੋ ਰਹੀਆਂ ਸਮਾਜਕ ਮਨੁੱਖੀ ਕੀਮਤਾਂ ਵਿਚ ਹੁੰਦਾ ਹੈ।** ਜਜ਼ਬੇ ਦੀ ਨਕਲ ਨਹੀਂ ਪੁੱਜਦੀ ਅਤੇ ਹਿਰਦੇ ਹੁਦਾਰੇ ਨਹੀਂ ਮਿਲਦੇ। ਇਨਸਾਨੀਅਤ ਚੁਰਾਈ ਨਹੀਂ ਜਾਂਦੀ। ਸੱਚ ਤਾਂ ਕਰਨੀ ਨਾਲ ਘਾਲਣਾ ਘਾਲ ਕੇ ਪ੍ਰਾਪਤ ਹੁੰਦਾ ਹੈ। ਕਬੀਰ ਵੀ ਫ਼ਰੀਦ ਵਾਂਗ ਲੋਕ-ਹਿੱਤ ਪ੍ਰਗਟ ਕਰਦਾ ਹੈ। ਗੁਰੂ ਨਾਨਕ ਨੂੰ ਆਪਣੇ ਸੱਚ ਦੇ ਸਾਥੀ ਮਿਲੇ। ਉਨ੍ਹਾਂ ਸਾਥੀਆਂ ਨੂੰ ਪਿਆਰਿਆ, ਸਤਕਾਰਿਆ, ਉਨ੍ਹਾਂ ਦੀ ਰਚਨਾ ਨੂੰ ਆਪਣੀ ਦੇ ਨਾਲ ਪਰੋ ਲਿਆ। ਕਬੀਰ ਤੇ ਫ਼ਰੀਦ ਨੇ ਜਿਥੇ



Digitized by Panjab Digital Library | www.panjabdigilib.org

ਤਸਵੀਰ ਦਾ ਇਕ ਰੁਖ ਦਿਤਾ ਹੋਇਆ ਸੀ ਅਤੇ ਗੁਰੂ ਨਾਨਕ ਨੂੰ ਦੂਜਾ ਰੁਖ ਦੇਣ ਦੀ ਲੋੜ ਪਈ, ਉਨ੍ਹਾਂ ਨੇ ਉਨ੍ਹਾਂ ਦੇ ਸ਼ਬਦ ਨੂੰ ਸਾਹਮਣੇ ਰਖ ਕੇ ਆਪਣੇ ਸ਼ਬਦਾਂ ਦੀ ਰਚਨਾ ਕੀਤੀ। ਮਹਾਂ ਪੁਰਖ ਸੱਚ ਮਗਰ ਮਾਖਿਓਂ ਦੀ ਮੱਖੀ ਵਾਂਗ ਜਾਂਦੇ ਹਨ। ਜਿਥੇ ਵੀ ਸੱਚ ਦਾ ਸ਼ਹਿਦ ਹੋਵੇ, ਅਪੜਦੇ ਹਨ। ਇਹ ਉਨ੍ਹਾਂ ਦੀ ਵਡਿਆਈ ਹੈ, ਤੌਹੀਨ ਨਹੀਂ। ਗੁਰੂ ਨਾਨਕ ਦੇ ਸਾਹਮਣੇ ਸਮਾਜ ਦਾ ਮਸਲਾ ਸੀ, ਕੂੜ ਦੀ ਪ੍ਰਧਾਨਤਾ ਸੀ। ਉਸ ਮਸਲੇ ਦੇ ਹੱਲ ਵਿਚ ਉਨ੍ਹਾਂ ਨੂੰ ਭਗਤਾਂ ਦੀ ਰਚਨਾ ਦੀ ਸਹਾਇਤਾ ਮਿਲੀ। ਉਨ੍ਹਾਂ ਪੁੱਜ ਕੇ ਸਹਾਇਤਾ ਲਈ। ਆਪਣੇ ਸੱਚ ਦੇ ਸਾਥੀਆਂ ਨੂੰ ਆਪਣੇ ਨਾਲ ਖਲ੍ਹਾਰਿਆ, ਕੂੜ ਦੇ ਖ਼ਿਲਾਫ਼ ਲੜਾਇਆ।

ਰੱਬ ਦੇ ਚਿਤਰ ਤੇ ਫੋਲੇ ਜਾ ਰਹੇ ਮਨੁੱਖੀ ਮਨੋਰਥਾਂ ਦੀ ਸਾਇੰਟਿਫਿਕ ਵਿਆਖਿਆ ਤੋਂ ਤਾਂ ਗੁਰੂ ਸਾਹਿਬ ਦੀ ਬਾਣੀ ਦਾ ਨਤੀਜਾ ਬਿਲਕੁਲ ਸਪਸ਼ਟ ਹੈ, ਪਰ ਜਾਤ ਪਾਤ ਦੇ ਸਵਾਲ ਬਾਰੇ ਸ੍ਰੀ ਇੰਦੂ ਭੂਸ਼ਣ ਬੈਨਰਜੀ ਨੇ ਜੋ ਸਵਾਲ ਉਠਾਇਆ ਹੈ ਉਸ ਦਾ ਜ਼ਿਕਰ ਕਰਨਾ ਲਾਜ਼ਮੀ ਹੈ। ਬੈਨਰਜੀ ਮੰਨਦਾ ਹੈ ਕਿ ਮੈਕਾਲਿਫ਼, ਕਾਰਪੈਂਟਰ, ਕਾਨ੍ਹ ਸਿੰਘ, ਤੇਜਾ ਸਿੰਘ ਅਤੇ ਅੱਜ ਕਲ ਦੀ ਸਿੱਖ ਰਾਏ ਇਹ ਸਮਝਦੀ ਹੈ ਕਿ ਗੁਰੂ ਨਾਨਕ ਦਾ ਜਾਤ ਪਾਤ ਅਤੇ ਹੋਰ ਚਲਦੀਆਂ ਆਉਂਦੀਆਂ ਸੰਸਥਾਵਾਂ ਵਲ ਰਵੱਈਆ ਇਨਕਲਾਬੀ ਸੀ। ਉਨ੍ਹਾਂ ਨੇ ਸਭ ਰਸਮਾਂ, ਰਿਵਾਜਾਂ ਦਾ ਖੰਡਨ ਕੀਤਾ। ਇਨ੍ਹਾਂ ਨੂੰ ਬਿਲਕੁਲ ਖ਼ਤਮ ਕਰ ਕੇ ਇਨ੍ਹਾਂ ਦੀ ਕਬਰ ਉੱਤੇ ਉਹ ਨਵੀਂ ਤਰਜ਼ ਦੀਆਂ ਸੰਸਥਾਵਾਂ ਉਸਾਰਨੀਆਂ ਚਾਹੁੰਦੇ ਸਨ। ਪਰ ਬੈਨਰਜੀ ਦੇ ਮੁਤਾਬਿਕ ਗੁਰੂ ਸਾਹਿਬ ਦੀ ਬਾਣੀ ਤੋਂ ਇਹ ਪੁਜ਼ੀਸ਼ਨ ਸਿੱਧ ਨਹੀਂ ਹੁੰਦੀ। ਨਾਲੇ ਉਹ ਕਹਿੰਦਾ ਹੈ ਕਿ ਗੁਰੂ ਸਾਹਿਬ ਤੇ ਉਨ੍ਹਾਂ ਨੇ ਪੈਰੋਕਾਰ ਜਨੇਊ ਪਾਉਂਦੇ ਰਹੇ ਅਤੇ ਵਿਆਹ ਵੀ ਆਪਣੀਆਂ ਜਾਤਾਂ ਵਿਚ ਹੀ ਕਰਦੇ ਰਹੇ।

ਬੈਨਰਜੀ ਇਸ ਸਵਾਲ ਬਾਬਤ ਤਿੰਨ ਗੱਲਾਂ ਕਰਕੇ ਟਪਲਾ ਖਾ ਗਿਆ ਹੈ। **ਇਕ** ਤਾਂ ਉਹ ਵਸਤੂ ਤੇ ਰੂਪ ਦੇ ਰਿਸ਼ਤੇ ਦਾ ਮਾਹਿਰ ਨਹੀਂ। ਇਸ ਕਰਕੇ ਉਸ ਨੇ ਇਸ ਸਵਾਲ ਨੂੰ ਇਸ ਤਰੀਕੇ ਨਾਲ ਵੇਖਿਆ ਹੀ ਨਹੀਂ। **ਦੂਜੇ ਗੁਰੂ ਸਾਹਿਬ ਦੀ ਰਚਨਾ ਮਜ਼ਬ ਹੈ, ਕਵਿਤਾ ਹੈ, ਸੰਸਾਰਿਕ ਸਮਾਜਕ ਮਸਲੇ ਦੀ ਦਿਮਾਗ਼ੀ ਵਿਆਖਿਆ ਨਹੀਂ।** ਮਜ਼੍ਹਬ ਜਾਂ ਕਵਿਤਾ ਵਿਚੋਂ ਆਰਥਕ ਸਮਾਜਕ ਵਸਤੂ ਲੱਭਣ ਦਾ ਇਕ ਖ਼ਾਸ ਸਾਇੰਟਿਫਿਕ ਤਰੀਕਾ ਹੈ, ਜਿਸ ਤੋਂ ਬੈਨਰਜੀ ਅਤੇ ਕਈ ਹੋਰ ਇਤਿਹਾਸਕਾਰ ਜਾਣੂੰ ਨਹੀਂ ਹਨ। **ਤੀਜੇ** ਉਸ ਨੇ ਇਹ ਵੀ ਨਹੀਂ ਵੇਖਿਆ ਕਿ ਜਾਤ ਪਾਤ ਇਕ ਸਮਾਜਕ ਸੰਸਥਾ ਹੈ, ਉਸਾਰ ਹੈ।

ਜਾਤ ਦੀ ਆਰਥਕ ਵਸਤੂ ਕੀ ਹੈ ? ਜਾਤ ਜਮਾਤ ਦਾ ਹਿੰਦੂ ਰੂਪ ਹੈ। ਹਿੰਦੂ ਆਰਥਕ-ਸਮਾਜਕ ਫ਼ਾਰਮੇਸ਼ਨ, ਹਿੰਦੂ ਸਮਾਜਕ ਬਣਤਰ ਵਿਚ, ਜਮਾਤ ਨੇ



Digitized by Panjab Digital Library | www.panjabdigilib.org

ਜਾਤ ਦਾ ਰੂਪ ਧਾਰਿਆ ਹੋਇਆ ਹੈ। ਜਾਤ ਵਿਚ ਤਿੰਨ ਚੀਜ਼ਾਂ ਹਨ। ਇਕ, ਕੰਮ ਦੀ ਵੰਡ; ਦੂਜੇ ਆਰਥਕ-ਸਮਾਜਕ ਸਿਆਸੀ ਅਰਥਾਂ ਵਿਚ ਜਮਾਤ, ਜਮਾਤੀ ਹਿੱਤ, ਅਤੇ ਤੀਜੇ ਜਮਾਤ ਦੀ ਮੈਂਬਰੀ ਬਿੰਦ, ਜਨਮ ਦੇ ਆਧਾਰ ਉੱਤੇ। ਕੋਈ ਇੱਕੜ ਦੁੱਕੜ ਬੰਦਾ ਜੇ ਆਪਣੀ ਕੋਸ਼ਿਸ਼ ਨਾਲ ਆਪਣੀ ਜਾਤ ਦੇ ਕਿੱਤੇ ਨੂੰ ਛੱਡ ਹੋਰ ਕੰਮ ਕਰ ਕੇ ਜਾਂ ਕਿਸੇ ਹੋਰ ਤਰੀਕੇ ਨਾਲ, ਆਪਣੀ ਜਾਤ ਵਿੱਚੋਂ ਨਿਕਲਨਾ ਚਾਹੁੰਦਾ ਤਾਂ ਉਹ ਨਿਕਲ ਨਹੀਂ ਸੀ ਸਕਦਾ। ਜੇ ਜਾਤ, ਹੋਰ ਫ਼ਾਰਮੇਸ਼ਨਾਂ ਦੀਆਂ ਜਮਾਤਾਂ ਵਾਂਗ ਕੇਵਲ ਜਮਾਤ ਹੀ ਹੁੰਦੀ ਤਾਂ ਨਿਕਲਨਾ ਸੰਭਵ ਸੀ। ਤੀਸਰੀ ਦਾ ਅਸਲਾ ਹੈ ਦੂਸਰੀ ਵਾਲਾ। ਉਸੇ ਦੀ ਸ਼ਿਖਰ ਤਕ ਪਕਿਆਈ ਹੈ। ਪਰ ਪਕਿਆਈ ਇਸ ਹਦ ਤਕ ਹੈ ਕਿ ਤੀਜੀ, ਦੂਜੀ ਨਾਲੋਂ ਪ੍ਰਕਾਰਕ ਤੌਰ ਉੱਤੇ ਵੱਖਰੀ ਹੈ। ਉਸ ਜ਼ਮਾਨੇ ਵਿਚ ਜਾਤ ਦਾ, ਜਮਾਤ ਵਾਂਗ, ਸਮਾਜਕ ਸਥਾਨ ਸੀ। ਜਾਤ ਆਮ ਤੌਰ ਉੱਤੇ ਤਿੰਨਾਂ ਗੱਲਾਂ ਵਿਚ ਜ਼ਾਹਿਰ ਹੁੰਦੀ ਸੀ: **ਪਹਿਲੀ,** ਮਨੁੱਖ ਦੇ ਕਿੱਤੇ ਵਿਚ, **ਦੂਜੀ,** ਉਸ ਦੀ ਵਿਆਹ ਸ਼ਾਦੀ, ਸਾਕ ਸਕੀਰੀ, ਬਰਾਦਰੀ ਵਿਚ ਅਤੇ **ਤੀਜੀ** ਖਾਣ ਪੀਣ ਵਿਚ। ਜਿੱਥੋਂ ਤਕ ਕੰਮ ਦੀ ਵੰਡ ਦਾ ਤਅੱਲੁਕ ਹੈ ਉਹ ਤਾਂ ਸਭਿਅਤਾ ਦੀ ਉਸਾਰੀ ਦੀ ਨਿਸ਼ਾਨੀ ਹੈ। ਉਸ ਦੇ ਖ਼ਤਮ ਕਰਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਜਿੰਨੀ ਉਚੇਰੀ ਸਭਿਅਤਾ, ਓਨੀ ਹੀ ਕੰਮ ਦੀ ਵੰਡ ਵਧੇਰੀ ਹੋਵੇਗੀ। ਭੈੜ ਕੰਮ ਦੀ ਵੰਡ ਵਿਚ ਨਹੀਂ, ਜਮਾਤੀ ਅੰਗ ਵਿਚ ਹੈ; ਕੰਮ ਦੇ ਗੁਲੱਮ ਬਣਨ ਵਿਚ ਹੈ; ਖ਼ਾਸ ਕੰਮਾਂ ਦਾ ਗੁਲੱਮ ਬਣਾਏ ਜਾਣ ਵਿਚ ਹੈ; ਆਪਣੇ ਪਿਤਾ-ਪੁਰਖੀ ਕੰਮ ਦੇ ਵਿਚ ਜਕੜੇ ਰਹਿਣ ਦੀ ਮਜਬੂਰੀ ਵਿਚ ਹੈ। ਦੂਜੇ ਪਾਸਿਓਂ, ਜੇ ਜਾਤ ਦਾ ਜਨਮ ਵਾਲਾ ਅੰਗ ਉਡਾ ਵੀ ਦਿੱਤਾ ਜਾਂਦਾ ਤਾਂ ਜਮਾਤੀ ਅੰਗ ਤਾਂ ਫੇਰ ਵੀ ਰਹਿੰਦਾ। ਸਿਰਫ਼ ਉਸ ਦੇ ਉਡਾਉਣ ਨਾਲ ਲੋਕ-ਹਿੱਤ ਵਾਲੀ ਪੁਜ਼ੀਸ਼ਨ ਨਹੀਂ ਬਣਦੀ।

ਗੁਰੂ ਸਾਹਿਬ ਜਾਤ ਵਿਚਲੇ ਜਮਾਤੀ ਅੰਗ ਨੂੰ ਉਸੇ ਤਰ੍ਹਾਂ ਕੱਟਦੇ ਹਨ ਜਿਸ ਤਰ੍ਹਾਂ ਫ਼ਰੀਦ ਨੇ ਜਮਾਤੀ-ਅੰਗ ਨੂੰ ਕੱਟਿਆ ਹੈ। ਸਮਾਜਕ ਸੰਸਥਾਵਾਂ ਦਾ ਮੂਲ, ਮਨੁੱਖੀ ਹਿੱਤ ਤੇ ਮਨੋਰਥ ਹੁੰਦੇ ਹਨ ਜੋ ਉਨ੍ਹਾਂ ਨੂੰ ਚਲਾਉਂਦੇ ਹਨ। ਜਿਨ੍ਹਾਂ ਮਨੁੱਖੀ ਮਨੋਰਥਾਂ—ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਦੇ ਆਸਰੇ ਸਮਾਜ ਵਿਚ ਜਮਾਤੀ ਅੰਗ ਖੜਾ ਹੈ ਉਨ੍ਹਾਂ ਨੂੰ ਉਹ ਜੜ੍ਹਾਂ ਤੋਂ ਲੈਂਦੇ ਹਨ। ਰੱਬ ਤੇ ਨਾਮ ਦੇ ਗ੍ਰਹਿਣ ਕਰਨ ਨਾਲ ਲੋਕ-ਹਿੱਤੀ ਮਨੋਰਥ ਸੰਬੰਧਤ ਹਨ। ਉਨ੍ਹਾਂ ਦੀ ਉਹ ਪਕਿਆਈ ਕਰਦੇ ਹਨ। ਜਾਤ ਦੇ ਜਮਾਤੀ ਅਗ ਦਾ ਖ਼ਾਤਮਾਂ ਕਾਮ, ਕ੍ਰੋਧ, ਆਦਿ ਦੇ ਖੰਡਨ ਵਿਚ ਹੀ ਆ ਜਾਂਦਾ ਹੈ। ਕਿਸੇ ਚੀਜ਼ ਦੀ ਵਸਤੂ ਨੂੰ ਖ਼ਤਮ ਕਰ ਦਿਓ, ਰੂਪ ਆਪੇ ਹੀ ਖ਼ਤਮ ਹੋ ਜਾਵੇਗਾ। ਮਨੁੱਖ ਦੇ ਰੱਬ ਦੇ ਅਧੀਨ, ਸ਼ਬਦ ਦਾ ਸਰੂਪ ਹੋ ਜਾਣ ਨਾਲ ਜਾਤ ਦੇ ਜਮਾਤੀ ਅੰਗ ਦਾ ਮੂਲ ਜ਼ਿੰਦਾ ਰਹਿ ਹੀ ਨਹੀਂ ਸੀ ਸਕਦਾ। ਕਵਿਤਾ ਜਾਂ ਮਜ਼ਬ ਵਿਚ ਕਿਸੇ ਸੰਸਥਾ



Digitized by Panjab Digital Library | www.panjabdigilib.org

ਦੀ ਵਸਤੂ ਦਾ ਖੰਡਨ ਕਰ ਦਿਓ, ਜਾਂ ਜਿਸ ਹਿੱਤ ਨੂੰ ਕੋਈ ਸੰਸਥਾ ਮੂਰਤੀਮਾਨ ਕਰਦੀ ਹੈ ਉਸ ਸੰਸਥਾ ਦਾ ਖੰਡਨ ਕਰ ਦਿਓ, ਗੱਲ ਉੱਥੇ ਹੀ ਆ ਜਾਂਦੀ ਹੈ। ਹਿੱਤ ਤੇ ਸੰਸਥਾ, ਦੋਵੇਂ ਖੰਡਨ ਹੋ ਜਾਂਦੇ ਹਨ। ਗੱਲ ਪੇਸ਼ ਹੋ ਰਹੀਆਂ ਕੀਮਤਾਂ ਵਿਚ ਪ੍ਰਗਟ ਹੋ ਰਹੇ ਹਿੱਤ ਦੀ ਹੈ। ਵੈਸੇ ਕਵਿਤਾ, ਕਲਾ ਤੇ ਮਜ਼੍ਹਬ ਦੇ ਇਤਿਹਾਸ ਵਿਚ ਬਹੁਤ ਦੇਰ ਤਕ ਨਵੀਂ ਵਸਤੂ ਪੁਰਾਣੇ ਰੂਪ ਵਿਚ ਜ਼ਾਹਿਰ ਹੁੰਦੀ ਹੈ। ਕਈ ਵੇਰ ਪੁਰਾਣਾ ਰੂਪ ਬਹੁਤ ਦੇਰ ਤਾਈਂ ਰੱਖਿਆ ਜਾਂਦਾ ਹੈ। ਜਦੋਂ ਕਿਸੇ ਮਜ਼੍ਹਬ ਦਾ ਜਮਾਤੀ ਅਸਲਾ ਪਹਿਲੇ ਦੇ ਬਿਲਕੁਲ ਉਲਟ ਵੀ ਹੁੰਦਾ ਹੈ, ਮਜ਼੍ਹਬ ਦਾ ਰੂਪ ਤਕਰੀਬਨ ਉਹ ਹੀ ਰਹਿੰਦਾ ਹੈ। ਇਹ ਗੱਲ ਦੋਹੀਂ ਪਾਸੀਂ ਲਾਗੂ ਹੈ—ਭਾਵੇਂ ਤਬਦੀਲੀ ਲੋਕ-ਹਿੱਤੀ ਤੋਂ ਫ਼ਿਊਡਲ-ਹਿੱਤੀ ਹੋਵੇ ਅਤੇ ਭਾਵੇਂ ਇਸ ਦੇ ਉਲਟ। ਰੱਬ ਦੀ ਭਗਤੀ ਹਿੱਤ ਤੇ ਕੀਮਤਾਂ ਅਨੁਸਾਰ, ਦੋਪਾਸੀਂ ਲਾਗੂ ਹੁੰਦੀ ਆਈ ਹੈ। ਕਿਸੇ ਚੀਜ਼ ਦੇ ਰੂਪ ਤੇ ਵਸਤੂ ਅਤੇ ਉਨ੍ਹਾਂ ਦੇ ਆਪਸ ਵਿਚ ਰਿਸ਼ਤੇ ਨੂੰ ਸਮਝਣ ਤੋਂ ਬਗ਼ੈਰ ਗੱਲ ਦਾ ਪਤਾ ਨਹੀਂ ਲਗਦਾ।

ਜਿਸ ਤਰ੍ਹਾਂ ਉੱਘੜ ਕੇ ਰਾਜਿਆਂ ਤੇ ਹੋਰ ਸੰਸਥਾਵਾਂ ਦਾ ਖੰਡਨ ਗੁਰੂ ਨਾਨਕ ਸਾਹਿਬ ਦੀ ਬਾਣੀ ਵਿਚ ਆਉਂਦਾ ਹੈ, ਫ਼ਰੀਦ ਤੇ ਦੂਜੇ, ਤੀਜੇ, ਚੌਥੇ ਗੁਰੂ ਸਾਹਿਬ ਦੀ ਬਾਣੀ ਵਿਚ ਉਸ ਤਰ੍ਹਾਂ ਨਹੀਂ ਆਉਂਦਾ। ਇਸ ਦਾ ਇਹ ਮਤਲਬ ਨਹੀਂ ਕਿ ਇਨ੍ਹਾਂ ਜਾਂ ਗੁਰੂ ਨਾਨਕ ਸਾਹਿਬ ਦੇ ਆਪਣੇ ਦੂਜੇ ਸਾਰੇ ਸ਼ਬਦਾਂ ਦਾ ਜਮਾਤੀ ਪੈਂਤੜਾ ਕੋਈ ਹੋਰ ਹੈ ਜਾਂ ਜੇ ਐਸੇ ਸ਼ਬਦ ਨਾ ਵੀ ਹੁੰਦੇ ਤਾਂ ਬਾਣੀ ਦਾ ਮਤਲਬ ਕੁਝ ਹੋਰ ਹੋਣਾ ਸੀ ਜਾਂ ਸਮਾਜਕ ਜਮਾਤੀ ਸਿੱਟੇ ਹੋਰ ਨਿਕਲਨੇ ਸਨ। ਹਰ ਸੰਸਥਾ ਵਿਚ ਵਸਤੂ ਜਮਾਤੀ-ਹਿੱਤ ਦੀ ਹੁੰਦੀ ਹੈ। ਗੁਰੂ ਸਾਹਿਬ ਕਿਉਂਕਿ ਮਜ਼੍ਹਬ ਤੇ ਕਵਿਤਾ ਰਚ ਰਹੇ ਹਨ ਉਹ ਫ਼ਿਊਡਲ-ਹਿੱਤੀ ਜਾਤ ਦੀ ਸੰਸਥਾ ਦੇ ਜਮਾਤੀ ਅੰਗ ਨੂੰ ਮਨੁੱਖੀ ਮਨੋਰਥਾਂ ਦੇ ਰੂਪ ਵਿਚ ਜੜ੍ਹਾਂ ਤੋਂ ਕੱਟ ਰਹੇ ਹਨ ਅਤੇ ਆਪਣੇ ਰੱਬ ਦੀ ਅਧੀਨਗੀ ਰਾਹੀਂ ਲੋਕ-ਹਿੱਤ ਨੂੰ ਪੱਕਾ ਕਰ ਰਹੇ ਹਨ। ਮਜ਼੍ਹਬ ਰਾਹੀਂ ਕੋਈ ਜਮਾਤੀ-ਹਿੱਤ ਪ੍ਰਗਟ ਕਰਨਾ ਹੋਰ ਗੱਲ ਹੈ, ਦਿਮਾਗ਼ੀ ਵਿਆਖਿਆ ਰਾਹੀਂ ਕਰਨਾ ਬਿਲਕੁਲ ਹੋਰ। ਇਹ ਗੱਲ **ਬਾਬਰਵਾਣੀ** ਦੇ ਸ਼ਬਦਾਂ ਦੀ ਕੀਤੀ ਵਿਆਖਿਆ ਤੋਂ ਸਪਸ਼ਟ ਹੈ।* ਬਾਬਰ ਨੇ ਹਮਲਾ ਕੀਤਾ। ਵੱਸਦੀ ਵੱਸੋਂ ਮਾਸਪੁਰੀ ਬਣੀ। ਰਾਜ ਦੇ ਬਦਲਣ ਦਾ ਮਸਲਾ ਸਿਆਸੀ, ਫ਼ੌਜੀ ਹੈ। ਗੁਰੂ ਸਾਹਿਬ ਕਹਿੰਦੇ ਹਨ ਇਨ੍ਹਾਂ ਦੀ ਇਹ ਬਾਬ ਇਸ ਵਾਸਤੇ ਹੋਈ ਹੈ ਕਿ ਇਨ੍ਹਾਂ ਰੱਬ ਭੁਲਾਇਆ ਹੋਇਆ ਸੀ। ਇਹ ਇਸ ਤਰ੍ਹਾਂ ਹੀ ਰਹੇ ਤਾਂ ਬਾਬ ਹੋਰ ਹੋਵੇਗੀ।

'ਕਾਇਆ ਕਪੜੁ ਟੁਕ ਟੁਕ ਹੋਸੀ ਹਿੰਦੁਸਤਾਨ ਸਮਾਲਸੀ ਬੋਲਾ'।

---

* ਵੇਖੋ : ਲੇਖਕ ਦੀਆਂ ਪੁਸਤਕਾਂ **ਸਾਹਿਤ ਦੀ ਸਮਝ** (ਸਫ਼ੇ ੨੧੬-੨੨) ਅਤੇ **ਗੁਰਬਾਣੀ ਦਾ ਸੱਚ** (ਸਫ਼ੇ ੧੫੭-੧੭੮)



Digitized by Panjab Digital Library | www.panjabdigilib.org

ਜਿਹੜੇ ਵਿਆਖਿਆਕਾਰ ਇਸ ਸਮਾਜਕ, ਸਿਆਸੀ ਰਾਜ ਦੇ ਮਸਲੇ ਦਾ ਹੱਲ ਰੱਬ ਦੇ ਰਾਹ ਪੈਣ ਵਿਚ ਹੈ। ਜੋ ਰੱਬ ਦੇ ਰਾਹ ਪੈਣ ਦੀ ਆਰਥਕ, ਸਮਾਜਕ, ਸਿਆਸੀ ਵਸਤੂ ਨਹੀਂ ਲੱਭ ਸਕਦੇ ਉਨ੍ਹਾਂ ਵਾਸਤੇ ਗੁਰੂ ਸਾਹਿਬ ਦੇ ਬਾਬਰਵਾਣੀ ਵਾਲੇ ਸ਼ਬਦ ਊਲ-ਜਲੂਲ ਹਨ। ਕਿੱਥੇ ਰਾਜ ਦਾ ਮਸਲਾ, ਕਿੱਥੇ ਰੱਬ ਦੀ ਭਗਤੀ! ਜਦੋਂ ਗੁਰੂ ਸਾਹਿਬ ਨੇ ਇਹ ਕਹਿ ਦਿੱਤਾ ਕਿ ਰੱਬ ਦੀ ਦਰਗਾਹ ਵਿਚ ਨਿਬੇੜਾ, ਕੀਤੇ ਕੰਮਾਂ ਦੇ ਸਿਰ 'ਤੇ ਹੋਣਾ ਹੈ, ਜਾਤ ਦੇ ਸਿਰ 'ਤੇ ਨਹੀਂ ਤੇ ਇਹ ਵੀ ਦੱਸ ਦਿੱਤਾ ਕਿ ਮੁਰਦਾਰ ਖਾਣ ਵਾਲਿਆਂ ਨੂੰ ਮਾਰ ਪਵੇਗੀ ਅਤੇ ਗੁਰੂ ਪੀਰ ਹਾਮੀ ਉਸ ਦੀ ਭਰਦਾ ਹੈ ਜੋ ਮੁਰਦਾਰ ਨਾ ਖਾਏ, ਤਾਂ ਜਾਤ ਦਾ ਜਮਾਤੀ ਅੰਗ ਆਪਣੇ ਆਪ ਕੱਟਿਆ ਗਿਆ।

ਜਦੋਂ ਗੁਰੂ ਸਾਹਿਬ ਕਹਿੰਦੇ ਹਨ : ਨਾਨਕ ਸਚੇ ਨਾਮ ਬਿਨੁ ਕਿਆ ਟਿਕਾ ਕਿਆ ਤਗੁ ॥ ਦਇਆ ਕਪਾਹ ਸੰਤੋਖ ਸੂਤ ਜਤੁ ਗੰਢੀ ਸਤ ਵਟੁ ॥ ਤਾਂ ਉਹ ਪ੍ਰਚਲਤ ਰੂਪ ਵਿਚ ਆਪਣੀ ਵਸਤੂ ਪਾਉਂਦੇ ਹਨ। ਜਦੋਂ ਕਿਸੇ ਨੇ ਉਨ੍ਹਾਂ ਦਾ ਦੱਸਿਆ ਜਨੇਊ ਪਾ ਲਿਆ, ਉਹ ਪਿਆ ਗਲ ਵਿਚ ਧਾਗਾ ਪਾਏ, ਉਹ ਬੰਦਾ ਲੋਕ-ਹਿੱਤ ਦਾ ਮਨੁੱਖੀ ਸਰੂਪ ਹੋ ਗਿਆ। ਸਮਾਜਕ ਮਨੁੱਖੀ ਮਸਲਾ ਹੱਲ ਹੋਇਆ। ਜਦੋਂ ਵੀ ਕਿਸੇ ਮਸਲੇ ਬਾਬਤ ਗੱਲ ਹੁੰਦੀ ਹੈ ਗੁਰੂ ਸਾਹਿਬ ਇਹ ਹੀ ਕਹਿੰਦੇ ਹਨ ਕਿ ਨਾਮ ਗ੍ਰਹਿਣ ਕਰ, ਆਪਣੇ ਵਿਚ ਉਹ ਗੁਣ ਗ੍ਰਹਿਣ ਕਰ ਜੋ ਰੱਬ ਨੂੰ ਪ੍ਰਵਾਨ ਹਨ। ਜੋ ਕੁੱਝ ਉਸ ਨੂੰ ਸੁਖਾਂਦਾ ਨਹੀਂ, ਉਸ ਨੂੰ ਖ਼ਤਮ ਕਰ। ਇਸ ਕਰਨ ਵਿਚ ਉਹ ਪ੍ਰਚਲਤ ਰੂਪ ਦੇ ਵਿਚ **ਆਪਣੀ ਲੋਕ-ਹਿੱਤ ਦੀ ਨਵੀਂ ਵਸਤੂ ਪਾ ਰਹੇ ਹਨ**। ਇਸ ਵਿਚ ਸਭ ਕੁੱਝ ਆ ਜਾਂਦਾ ਹੈ। ਪੈਂਤੜਾ ਇਨਕਲਾਬੀ ਹੋ ਜਾਂਦਾ ਹੈ। ਐਸੇ ਜਨੇਊ ਪਹਿਨਣ ਵਾਲੇ, ਆਪਣੀ ਜਾਤ ਵਿਚ ਸ਼ਾਦੀ ਕਰਨ ਵਾਲੇ ਲੋਕ ਫ਼ਿਊਡਲਾਂ ਦੇ ਖ਼ਿਲਾਫ਼ ਲੋਹਾ ਲੈਂਦੇ ਹਨ। ਵਕਤ ਆਵੇਗਾ ਜਦੋਂ ਰੂਪ ਵੀ ਵਸਤੂ ਦੇ ਅਨੁਕੂਲ ਹੋ ਜਾਵੇਗਾ। ਸਿੱਖ, ਸਿੰਘ ਬਣੇਗਾ ਅਤੇ ਵਰਦੀ ਵੀ ਬਦਲ ਜਾਵੇਗੀ। ਜਦੋਂ ਕੋਈ ਜੀਅ ਸ਼ਬਦ ਦਾ ਸਰੂਪ ਹੋ ਗਿਆ, ਨਾਮ ਉਸ ਦੇ ਹਿਰਦੇ ਵਿਚ ਵੱਸ ਗਿਆ ਤਾਂ ਉਹ ਕੋਈ ਕਿੱਤਾ ਕਰੇ, ਕਿਤੇ ਵਿਆਹ ਕਰਵਾਏ, ਅਮਲੀ ਪੱਧਰ ਉੱਤੇ ਉਹ ਗੁਰੂ ਦਾ, ਲੋਕ-ਹਿੱਤ ਦਾ ਹੋ ਗਿਆ।

ਦੂਸਰੇ ਪਾਸੇ ਤੋਂ ਜੋ ਲੋਕ ਇਹ ਪੁਜ਼ੀਸ਼ਨ ਲੈਂਦੇ ਹਨ ਕਿ ਜੋ ਕੁੱਝ ਸਿੱਖ ਲਹਿਰ ਤੇ ਗੁਰੂ ਗੋਬਿੰਦ ਸਿੰਘ ਜੀ ਨੇ ਕੀਤਾ, ਉਸ ਸਭ ਕਾਸੇ ਦੇ ਦਿਮਾਗੀ ਪੱਧਰ ਉੱਤੇ ਪੂਰਨੇ ਗੁਰੂ ਨਾਨਕ ਸਾਹਿਬ ਨੇ ਆਪਣੀ ਬਾਣੀ ਵਿਚ ਪਾਏ ਹੋਏ ਹਨ, ਇਕ ਤਰ੍ਹਾਂ ਦਾ ਪ੍ਰੋਗਰਾਮ ਹੀ ਦਿੱਤਾ ਹੋਇਆ ਹੈ, ਉਹ ਇਸ ਗੱਲ ਤੋਂ ਅਣਜਾਣ ਹਨ ਕਿ ਚੇਤਨਤਾ ਦੇ ਮਜ਼੍ਹਬੀ ਰੂਪ ਦਾ ਕੀ ਮਤਲਬ ਹੁੰਦਾ ਹੈ। ਗੁਰੂ ਨਾਨਕ ਸਾਹਿਬ ਨੇ ਲੋਕ-ਹਿੱਤ ਦੀ ਪੁਜ਼ੀਸ਼ਨ ਮੁੱਢੋਂ ਲਗ ਕੇ ਅਖ਼ੀਰ ਤਕ ਡਟ ਕੇ ਲਈ ਹੋਈ ਹੈ, ਪਰ ਵਿਚਾਰਧਾਰਕ ਮਜ਼੍ਹਬੀ ਰੂਪ ਜਾਂ ਦਿਮਾਗੀ ਵਿਸ਼ਲੇਸ਼ਣ ਦੇ ਰੂਪ ਵਿਚ ਨਹੀਂ। ਗੁਰੂ ਨਾਨਕ ਸਾਹਿਬ ਤੋਂ ਲਗ ਕੇ



Digitized by Panjab Digital Library | www.panjabdigilib.org

ਗੁਰੂ ਗੋਬਿੰਦ ਸਿੰਘ ਤਕ ਅਤੇ ਸਾਰੇ ਗੁਰੂ ਗ੍ਰੰਥ ਸਾਹਿਬ ਵਿਚ, ਪੈਂਤੜਾ ਲੋਕ-ਹਿੱਤ ਦਾ ਹੈ ; ਨਜ਼ਰੀਆ, ਸਮਾਜਕ ਕੀਮਤਾਂ ਇਨਕਲਾਬੀ ਹਨ ਪਰ ਜਨੇਊ ਪਹਿਨਦੇ ਸਿੱਖ ਅਤੇ ਸਜੇ ਖ਼ਾਲਸੇ ਦਾ ਰੂਪ ਵੱਖਰਾ ਹੈ। ਅਸਲੇ ਵਿਚ ਜ਼ਰਾ ਫ਼ਰਕ ਨਹੀਂ। ਗੁਰੂ ਨਾਨਕ ਨੇ ਹਿੰਦੂਆਂ ਦੀਆਂ ਚਹੁੰ ਜਾਤੀਆਂ ਤੇ ਇਸਲਾਮ ਵਿਚ ਸੱਚ ਆਪਣਾ, ਲੋਕ-ਹਿੱਤ ਦਾ ਪਾਇਆ। ਹਿੰਦੂਆਂ ਦੇ ਚਹੁੰ ਵਰਣਾਂ ਦੇ ਬੰਦੇ ਤੇ ਮੁਸਲਮਾਨ ਉਨ੍ਹਾਂ ਦੇ ਉਸੇ ਤਰ੍ਹਾਂ ਹੀ ਸਿੱਖ ਸਨ ਜਿਸ ਤਰ੍ਹਾਂ ਫ਼ਰੀਦ ਤੇ ਕਬੀਰ ਸਿੱਖਾਂ ਦੇ ਗੁਰੂ ਹਨ। ਰੂਪੋਂ ਵੱਖਰੇ, ਅਸਲਿਓਂ ਇਕ। ਗੁਰੂ ਗੋਬਿੰਦ ਸਿੰਘ ਨੇ ਖ਼ਾਲਸੇ ਨੂੰ ਸਾਜ ਕੇ ਪਿਛਲੇ ਰੂਪ ਦਾ ਵੀ ਨਾਸ ਕੀਤਾ।



Digitized by Panjab Digital Library | www.panjabdigilib.org

# ਇਨਕਲਾਬੀ ਸੰਸਥਾਵਾਂ ਦੀ ਉਸਾਰੀ

ਹਰ ਇਨਕਲਾਬੀ ਲਹਿਰ, ਵਿਚ ਲੋਕ-ਹਿੱਤ ਆਪਣੇ ਹਿੱਤ ਦੇ ਅਨੁਕੂਲ ਇਨਕਲਾਬੀ ਸੰਸਥਾਵਾਂ ਹੌਲੀ ਹੌਲੀ ਉਸਾਰਦਾ ਹੈ। ਜਿਵੇਂ ਜਿਵੇਂ ਲਹਿਰ ਜ਼ੋਰ ਫੜਦੀ ਹੈ, ਬਾਲਿਗ ਹੁੰਦੀ ਹੈ, ਮਸਲਿਆਂ ਦੇ ਅਮਲੀ ਤੌਰ 'ਤੇ ਆਮ੍ਹੋਂ-ਸਾਹਮਣੇ ਹੁੰਦੀ ਹੈ, ਉਹ ਆਪਣੀ ਲੋੜ ਦੀਆਂ ਸੰਸਥਾਵਾਂ ਉਸਾਰ ਲੈਂਦੀ ਹੈ। ਸਿੱਖ ਲਹਿਰ ਦੀਆਂ ਸੰਸਥਾਵਾਂ ਵੀ ਲੋੜ ਦੇ ਅਤੇ ਲਹਿਰ ਦੇ ਪੜਾਵਾਂ ਅਨੁਸਾਰ ਹੀ ਉਸਰੀਆਂ ਹਨ।

ਇਨਕਲਾਬੀ ਚੇਤਨਤਾ ਦਾ ਇਕ ਦਮ ਤੁੰਦ ਹੋ ਕੇ ਸੰਪੂਰਣਤਾ ਵਿਚ ਪ੍ਰਗਟ ਹੋਣਾ ਲਾਜ਼ਮੀ ਨਹੀਂ ਹੈ। ਭਗਤੀ ਲਹਿਰ ਗੁਰੂ ਸਾਹਿਬਾਨ ਤੋਂ ਪਹਿਲਾਂ ਹੀ ਫ਼ਰੀਦ, ਕਬੀਰ ਤੇ ਹੋਰ ਭਗਤਾਂ ਦੀ ਰਚਨਾ ਵਿਚ ਲੋਕ ਹਿੱਤ ਦੇ ਪੈਂਤੜੇ ਉਤੇ ਪਹੁੰਚ ਚੁੱਕੀ ਸੀ। ਫੇਰ ਵੀ ਇਨ੍ਹਾਂ ਭਗਤਾਂ ਉਤੇ ਗੁਰੂ ਸਾਹਿਬ ਦੀ ਵਡਿਆਈ ਹੈ। ਸੰਸਥਾਵਾਂ ਵਾਂਗ ਵਿਚਾਰਧਾਰਾ ਵੀ ਹੌਲੀ ਹੌਲੀ ਲਹਿਰ ਦੇ ਬਾਲਿਗ ਹੋਣ ਨਾਲ ਤੁੰਦ ਹੁੰਦੀ ਹੈ। ਹਿੱਤ ਦਾ ਵਿਚਾਰਧਾਰਾ ਦੇ ਰੂਪ ਵਿਚ ਤੁੰਦ ਹੋ ਕੇ ਆ ਜਾਣਾ ਵਿਚਾਰਧਾਰਕਾਂ ਦੀ ਮਹਾਨਤਾ ਦਾ ਸੂਚਕ ਹੈ। ਇਸ ਨਾਲ ਹਿੱਤ ਵਾਲਿਆਂ ਨੂੰ ਨਾ ਸਿਰਫ਼ ਭੰਬਲ-ਭੂਸਿਆਂ ਵਿਚੋਂ ਨਿਕਲਣ ਵਾਸਤੇ ਸਿਧਾਂਤਕ ਸੇਧ ਮਿਲਦੀ ਹੈ, ਬਲਕਿ ਇਸ ਤੋਂ ਜ਼ਿਆਦਾ ਆਪਣੀ ਜਦੋ-ਜਹਿਦ ਵਾਸਤੇ ਸਦਾਚਾਰਕ ਪੈਂਤੜਾ, ਢਾਰਸ ਅਤੇ ਆਪਣੇ ਮਨੋਰਥ ਤੇ ਆਦਰਸ਼ ਦੀ ਜਿੱਤ ਵਿਚ ਅਤੁੱਟ ਵਿਸ਼ਵਾਸ਼ ਪ੍ਰਾਪਤ ਹੁੰਦਾ ਹੈ। ਇਸ ਵਾਸਤੇ ਹੀ ਹਰ ਲਹਿਰ ਵਿਚ ਵਿਚਾਰਧਾਰਕਾਂ ਦਾ ਰੋਲ ਸੁੱਟ ਪਾਉਣ ਵਾਲਾ ਨਹੀਂ ਹੁੰਦਾ। ਗੁਰੂ ਨਾਨਕ ਨੇ ਨਾ ਸਿਰਫ਼ ਫ਼ੀਊਡਲਾਂ ਦੇ ਵਿਰੁੱਧ ਲੋਕ-ਹਿੱਤ ਨੂੰ ਵਿਚਾਰਧਾਰਾ ਦਿਤੀ ਬਲਕਿ ਜਿਸ ਤਰ੍ਹਾਂ ਹਰ ਇਨਕਲਾਬੀ ਵਿਚਾਰਧਾਰਾ ਦਾ ਕਾਇਦਾ ਹੈ, ਉਨ੍ਹਾਂ ਨੇ ਤੁਰੀ ਆਉਂਦੀ, ਅਮਲੀ ਤੌਰ ਉਤੇ ਵਰਤੀਂਦੀ ਕੁਲ ਮਜ਼੍ਹਬੀ ਪਰੰਪਰਾ ਨੂੰ ਆਪਣੇ ਸੱਚ ਦੀ ਤਕੜੀ ਵਿਚ ਪਾ ਕੇ ਤੋਲਿਆ। ਜੋ ਆਪਣੇ ਸੱਚ ਦੇ ਵਿਰੋਧੀ ਨਿਕਲੀ, ਜਾਂ ਹਲਕੀ ਸਾਬਿਤ ਹੋਈ, ਉਸ ਨੂੰ ਬੇਤਰਸੀ ਦੇ ਕੈਂਚ ਨਾਲ ਕਤਰਿਆ। ਉਸ ਦਾ ਲੋਕਾਂ ਦੇ ਮਨਾਂ ਤੋਂ ਛੱਪਾ ਲਾਹਿਆ। ਜੋ ਆਪਣੇ ਸੱਚ ਦੀ ਸਾਖਣ ਸਾਬਿਤ ਹੋਈ, ਉਸ ਨੂੰ ਗਲ ਨਾਲ ਲਾਇਆ। ਫ਼ਰੀਦ ਤੇ ਕਬੀਰ ਆਦਿ ਲੋਕ-ਹਿੱਤ ਦੇ ਸਾਥੀ ਵਿਚਾਰਧਾਰਕਾਂ ਨੂੰ ਆਪਣੇ ਨਾਲ, ਆਪਣੇ ਸਾਂਵਿਆਂ ਲਿਆ ਖੜਿਆਂ ਕੀਤਾ।

ਇਸ ਵਿਚਾਰਧਾਰਾ ਦਾ ਧੁਰਾ ਸਰਬ-ਸ਼ਕਤੀਮਾਨ, ਹਰ ਚੀਜ਼ ਦਾ ਸੋਮਾਂ, ਸਦਾ



Digitized by Panjab Digital Library | www.panjabdigilib.org

ਰਹਿਣ ਵਾਲਾ **ਰੱਬ** ਹੈ। **ਇਸ ਰੱਬ ਦਾ ਅਸਲਾ ਲੋਕ-ਹਿੱਤ ਹੈ।** ਇਸ ਰੱਬ ਦੇ ਮੁਕਾਬਲੇ ਉਤੇ ਹੋਰ ਸਭ ਕੁਝ ਹੇਚ ਹੈ। ਸਿਰਫ਼ ਰੱਬ ਹੀ ਸਦਾ ਰਹਿਣ ਵਾਲਾ ਸੱਚ ਹੈ। ਹੋਰ ਸਭ ਕੁਝ ਮੌਤ ਦਾ ਮਾਲ ਹੈ। ਐਸੇ ਰੱਬ ਦੀ ਹੋਂਦ ਅਤੇ ਉਸ ਦਾ ਹਰ ਚੀਜ਼ ਨਾਲ ਇਹ ਰਿਸ਼ਤਾ, ਐਸੇ ਰੱਬ ਦੇ ਪੈਰੋਕਾਰਾਂ ਨੂੰ, ਇਸ ਹਿੱਤ ਵਾਲਿਆਂ ਨੂੰ ਮੱਲੋ ਮੱਲੀ ਜਿੱਤ ਦੇ ਘਰ ਵਲ ਲਿਆਉਂਦਾ ਹੈ। ਉਨ੍ਹਾਂ ਨੂੰ ਆਬਿਹਯਾਤ ਪਿਆਉਂਦਾ ਹੈ। ਉਨ੍ਹਾਂ ਦੇ ਨਜ਼ਰੀਆ ਬਣੇ ਹਿੱਤ ਨੂੰ ਅੰਤਲਾ ਸੱਚ ਦਰਸਾ ਕੇ ਦਿਲਾਂ ਨੂੰ ਮੋਂਹਦਾ ਹੈ, ਉਸ ਵਲ ਵਫ਼ਾਦਾਰ ਬਣਾਉਂਦਾ ਹੈ।

ਹਿੱਤ ਦਾ ਵਿਚਾਰਧਾਰਾ ਬਣ ਜਾਣਾ ਬਹੁਤ ਵੱਡੀ ਗੱਲ ਹੈ, ਪਰ ਵਿਚਾਰਧਾਰਾ ਅੰਤ ਦਿਲਾਂ ਨੂੰ ਮੋਹਣ ਦਾ, ਉਸ ਹਿੱਤ ਦੇ ਰੂਪ ਵਿਚ ਢਾਲਣ ਦਾ ਵਸੀਲਾ ਹੈ। ਵਿਚਾਰਧਾਰਾ ਪੈਦਾ ਹੋਣ ਤੋਂ ਮਗਰੋਂ ਅਗਲਾ ਕਦਮ ਉਨ੍ਹਾਂ ਹਿੱਤ ਵਾਲਿਆਂ ਲੋਕਾਂ ਦੇ ਹਿਰਦਿਆਂ, ਦਿਲਾਂ ਤੇ ਦਿਮਾਗ਼ਾਂ ਨੂੰ ਉਸ ਵਿਚਾਰਧਾਰਾ ਦੇ ਸੱਚੇ ਵਿਚ ਢਾਲਣਾ, ਲੋੜੀਂਦੀਆਂ ਸੰਸਥਾਵਾਂ ਉਸਾਰ ਕੇ ਉਨ੍ਹਾਂ ਨੂੰ ਅਮਲੀ ਕਦਮ ਪੁੱਟਣ ਵਾਸਤੇ ਤਿਆਰ ਕਰਨਾ ਹੁੰਦਾ ਹੈ। ਇਹ ਕੰਮ ਲੀਡਰ ਦਾ ਹੁੰਦਾ ਹੈ। ਗੁਰੂ ਸਾਹਿਬ ਨਾ ਸਿਰਫ਼ ਲੋਕ-ਹਿੱਤ ਅਤੇ ਇਨਸਾਨੀਅਤ ਦੇ ਵਿਚਾਰਧਾਰਕ ਸਨ, ਬਲਕਿ ਇਸ ਲਹਿਰ ਦੇ ਲੀਡਰ ਵੀ ਸਨ। ਉਨ੍ਹਾਂ ਆਪਣੀ ਵਿਚਾਰਧਾਰਾ ਨਾ ਸਿਰਫ਼ ਮਹਾਨ ਕਵਿਤਾ ਦੇ ਰੂਪ ਵਿਚ ਹੀ ਪੇਸ਼ ਕੀਤੀ, ਬਲਕਿ ਉਸ ਨੂੰ ਮਜ਼ਬੂਤੀ ਨਾਲ ਰਾਗਬੰਦ ਵੀ ਕੀਤਾ ਅਤੇ ਉਸ ਦੇ ਜਨਮ ਤੋਂ ਹੀ ਉਸ ਨੂੰ ਲੋਕਾਂ ਦੇ ਹਿਰਦਿਆਂ ਤਕ ਪਹੁੰਚਾਉਣ ਦਾ ਪ੍ਰਬੰਧ ਕੀਤਾ। ਉਸ ਨੂੰ ਮਰਦਾਨੇ ਦੀ ਰਬਾਬ ਉਤੇ ਚੜ੍ਹਾਇਆ, ਕੀਰਤਨ ਵਿਚ ਅਲਾਪਿਆ। ਗੱਲ ਨਿਰੇ ਦਿਮਾਗ਼ ਉੱਤੇ ਨਹੀਂ ਛਡੀ। ਰੱਬ ਦੇ ਮਿਲਨ ਨੂੰ ਪੂਰਨ ਸ਼ਖ਼ਸੀਅਤ ਦਾ, ਹਿਰਦੇ ਦਾ, ਅਮਲੀ ਜੀਵਨ ਦਾ ਮਸਲਾ ਬਣਾਇਆ। ਉਸ ਦੌਰ ਵਿਚ ਸਮਾਜ ਦਾ, ਰਾਜ ਦਾ ਮਸਲਾ ਰੱਬ ਦੇ ਰੂਪ ਵਿਚ ਪੇਸ਼ ਹੋ ਰਿਹਾ ਸੀ। ਸੋ ਗੁਰੂ ਸਾਹਿਬ ਨੇ ਨਾ ਸਿਰਫ਼ **ਆਪਣਾ ਮਜ਼੍ਹਬ** ਦਿਤਾ ਅਤੇ ਹੋਰ ਸਭ ਪ੍ਰਚਲਤ ਮਜ਼੍ਹਬੀ ਸੰਸਥਾਵਾਂ ਨੂੰ ਆਪਣੇ ਰੱਬ ਦੇ ਤੱਕੜ ਚੜ੍ਹਾਇਆ ਬਲਕਿ ਅਮਲੀ ਤੌਰ ਉਤੇ ਮਰਦਾਨੇ ਦੀ ਰਬਾਬ ਸਮੇਤ, ਆਪਣੇ ਮਜ਼੍ਹਬ ਨੂੰ ਇਸਲਾਮੀ, ਹਿੰਦੂ, ਬੋਧੀ, ਗੱਲ ਕੀ ਹਰ ਉਸ ਜਗ੍ਹਾ ਲੈ ਗਏ ਜੋ ਉਸ ਵਕਤ ਕਿਸੇ ਵੀ ਮਜ਼੍ਹਬ ਦਾ ਕੇਂਦਰ ਸੀ। ਇਸ ਕੰਮ ਵਿਚ ਉਨ੍ਹਾਂ ਆਪਣੀ ਉਮਰ ਦੇ ਬੇਹਤਰੀਨ ਹਿੱਸੇ ਦੇ ਸਾਲਾਂ ਦੇ ਸਾਲ ਲਗਾਏ। ਆਪਣੇ ਸੱਚ ਦਾ ਦੂਰ ਦੂਰ ਤਕ ਛੱਟਾ ਦਿਤਾ। ਹਰ ਮੁਖ਼ਾਲਿਫ਼ ਨਾਲ ਉਸ ਨੂੰ ਅਮਲੀ ਤੌਰ ਉਤੇ, ਵਿਚਾਰਧਾਰਕ ਪੱਧਰ ਉਤੇ ਸੰਬੋਧਤ ਕੀਤਾ। ਅਗਲੇ ਦਾ ਪੋਲ ਉਘੇੜਿਆ। ਹਰ ਪ੍ਰਚਲਤ ਮਜ਼੍ਹਬ ਦੇ ਖ਼ਿਲਾਫ਼ ਆਪਣੇ ਮਜ਼੍ਹਬ ਨੂੰ ਸਮਾਜਕ ਅਖਾੜੇ ਵਿਚ ਸ਼ਰੀਕ ਖੜਾ ਕੀਤਾ।

ਆਪਣੀ ਜ਼ਿੰਦਗੀ ਦੇ ਅੰਤਲੇ ਸਮੇਂ ਵਿਚ ਗੁਰੂ ਸਾਹਿਬ ਨੇ **ਆਪਣੇ ਮਜ਼੍ਹਬ ਨੂੰ**



Digitized by Panjab Digital Library | www.panjabdigilib.org

**ਸਮਾਜਕ ਸੰਸਥਾ** ਦਾ ਰੂਪ ਦਿਤਾ। ਕਰਤਾਰਪੁਰ ਵੱਸੇ, ਮੰਜੀ ਉਤੇ ਬੈਠੇ। ਗੁਰੂ ਦੀ ਮਹੱਤਤਾ ਬਣਾਈ। ਉਸ ਨੂੰ ਸੰਸਥਾ ਦਾ ਰੂਪ ਦਿਤਾ। ਉਨ੍ਹਾਂ ਦੇ ਦਿਤੇ ਮਜ਼੍ਹਬ ਵਿਚ ਰੱਬ ਅਗੇ ਬੰਦੇ ਦੀ ਪੂਰਨ ਅਧੀਨਗੀ ਹੈ। ਬੰਦੇ ਦੀ ਵਫ਼ਾਦਾਰੀ ਸਿਰਫ਼ ਰੱਬ ਨੂੰ ਹੈ। ਇਸ ਵਫ਼ਾਦਾਰੀ ਵਿਚ ਨਾ ਕੋਈ ਰੱਬ ਦਾ ਸ਼ਰੀਕ ਹੈ ਨਾ ਕੋਈ ਹਿੱਸੇਦਾਰ। ਜੇ ਰੱਬ ਦੇ ਹੁਕਮ ਵਿਚ ਅਤੇ ਪ੍ਰਚਲਤ ਫ਼ਿਊਡਲ ਸਟੇਟ ਦੇ ਹੁਕਮ ਵਿਚ ਟੱਕਰ ਹੋਵੇ (ਅਤੇ ਇਹ ਟੱਕਰ ਬਾਣੀ ਵਿਚ ਦਿਤੀਆਂ ਕੀਮਤਾਂ ਕਰਕੇ ਲਾਜ਼ਮੀ ਸੀ) **ਤਾਂ ਗੁਰੂ ਨਾਨਕ ਦੇ ਦਿਤੇ ਮਜ਼੍ਹਬ ਅਨੁਸਾਰ ਸਿੱਖ ਨਿਸਚਿੰਤ ਹੋ ਕੇ ਰੱਬ ਦੇ ਹੁਕਮ ਦੀ ਪਾਲਣਾ ਕਰੇਗਾ।** ਇਸ ਮਜ਼੍ਹਬ ਵਿਚ ਕਿਉਂਕਿ ਇਹ ਪੁਜ਼ੀਸ਼ਨ ਹੈ, ਇਸ ਵਾਸਤੇ ਹੀ ਇਹ ਫ਼ੀਊਡਲਾਂ ਦੇ ਵਿਰੁੱਧ ਇਨਕਲਾਬ ਹੈ। ਰੱਬ ਦੇ ਚਿਤਰ ਦੀ ਵਸਤੂ ਲੋਕ-ਹਿੱਤ ਦੀ ਹੈ। ਰੱਬ ਸਟੇਟ ਦਾ ਚਿਤਰ ਹੈ। ਪਾਤਸ਼ਾਹ ਦੇ ਰੂਪ ਵਿਚ ਪੇਸ਼ ਹੈ। ਲੋਕ-ਹਿੱਤ ਬੰਦੇ ਦੀ ਵਫ਼ਾਦਾਰੀ ਵਿਚ ਆਪਣਾ ਸ਼ਰੀਕ, ਆਪਣਾ ਹਿੱਸੇਦਾਰ ਨਹੀਂ ਸਹਾਰ ਸਕਦਾ, ਕਿਉਂਕਿ ਜੋ ਵੀ ਰੱਬ ਤੋਂ ਬਾਹਰ ਹੈ, ਮਾਇਆ ਹੈ। ਜੋ ਵੀ ਲੋਕ-ਹਿੱਤ ਤੋਂ ਬਾਹਰ ਹੈ, ਉਹ ਫ਼ਿਊਡਲ-ਹਿੱਤੀ ਹੈ।

ਗੁਰੂ ਨਾਨਕ ਦੇ ਮਜ਼੍ਹਬ ਦੇ ਮੁਤਾਬਿਕ ਰੱਬ **ਗੁਰੂ** ਤੋਂ ਬਗ਼ੈਰ ਨਹੀਂ ਪਾ ਸਕੀਦਾ। ਬਿਨੁ ਸਤਿਗੁਰ ਕਿਨੈ ਨ ਪਾਇਓ, ਬਿਨੁ ਸਤਿਗੁਰ ਕਿਨੈ ਨ ਪਾਇਆ ॥ ਸਤਿਗੁਰ ਮਿਲਿਐ ਸਦਾ ਮੁਕਤੁ ਹੈ, ਜਿਨਿ ਵਿਚਹੁ ਮੋਹੁ ਚੁਕਾਇਆ ॥

ਸ਼ਬਦ ਗੁਰੂ ਕੋਲ ਹੈ। ਨਾਮ ਉਸ ਵਿਚ ਹੈ। ਸੱਚ ਸਤਿਗੁਰ ਕੋਲੋਂ ਪਾਈਦਾ ਹੈ: ਏਹੁ ਜੀਉ ਬਹੁਤੇ ਜਨਮ ਭਰੰਮਿਆ ਤਾਂ ਸਤਿਗੁਰ ਸਬਦੁ ਸੁਣਾਇਆ ॥ ਸਤਿਗੁਰ ਮਿਲਿਐ ਸਚੁ ਪਾਇਆ ਜਿਨੀ ਵਿਚਹੁ ਆਪੁ ਗਵਾਇਆ ॥

ਗੁਰੂ ਨਾਨਕ ਦੇ ਮਜ਼੍ਹਬ ਵਿਚ ਗੁਰੂ ਦੀ ਬਹੁਤ ਮਹੱਤਤਾ ਹੈ। ਰੱਬ ਦੇ ਅਗੇ ਅਧੀਨਗੀ, ਉਸ ਨੂੰ ਵਫ਼ਾਦਾਰੀ, ਗੁਰੂ ਅਗੇ ਅਧੀਨਗੀ, ਉਸ ਨੂੰ ਵਫ਼ਾਦਾਰੀ ਹੈ। ਰੱਬ ਦੇ ਹੁਕਮ ਦੀ ਪਾਲਣਾ ਉਸ ਦੇ ਹੁਕਮ ਦੀ ਪਾਲਣਾ ਹੈ। ਰੱਬ ਦੀ ਮਤ ਉਸ ਦੀ ਮਤ ਹੈ।

ਮੁਕਤੀ ਨਾਮ ਦੇ ਗ੍ਰਹਿਣ ਕਰਨ ਵਿਚ ਹੈ। ਨਾਮ ਸ਼ਬਦ ਵਿਚ ਹੈ। ਸ਼ਬਦ ਗੁਰੂ ਦਾ ਮੁਖ ਵਾਕ ਹੈ। **ਗੁਰੂ ਨਾਨਕ ਨੇ ਗੁਰੂ ਤੇ ਸ਼ਬਦ ਦੀ ਸੰਸਥਾ ਚਲਾਈ।** ਸਿੱਖ ਕੋਲੋਂ ਗੁਰੂ ਅਗੇ ਪੂਰਨ ਅਧੀਨਗੀ ਮੰਗੀ। ਲਹਿਣੇ ਨੂੰ ਪੂਰਨ ਅਧੀਨਗੀ ਦੀ ਤਕੜੀ ਵਿਚ ਪਾ ਕੇ ਤੋਲਿਆ ਗਿਆ। ਜ਼ਿੰਦਗੀ ਦਾ ਭਾਵੇਂ ਜ਼ਾਤੀ ਪੱਖ ਹੋਵੇ, ਭਾਵੇਂ ਘਰੋਗੀ, ਸਮਾਜਕ ਹੋਵੇ, ਭਾਵੇਂ ਸਿਆਸੀ, ਸਿੱਖ ਵਾਸਤੇ ਗੁਰੂ ਦਾ ਕੋਈ ਸ਼ਰੀਕ ਨਹੀਂ, ਹਿੱਸੇਦਾਰ ਨਹੀਂ। ਇਥੇ ਗੁਰੂ ਨਾਨਕ ਨੇ ਗੁਰੂ ਦੀ ਸੰਸਥਾ ਰਾਹੀਂ ਸੱਚੇ ਪਾਤਸ਼ਾਹ ਦਾ ਮੁੱਢ ਬੰਨ੍ਹ ਦਿਤਾ। ਜੋ ਲੋਕ ਇਹ ਕਹਿੰਦੇ ਹਨ ਕਿ ਗੁਰੂ ਨਾਨਕ ਦਾ ਮਤਲਬ ਸਿਰਫ਼



Digitized by Panjab Digital Library | www.panjabdigilib.org

ਆਤਮਾ ਦੀ ਮੁਕਤੀ ਨਾਲ, ਜ਼ਿੰਦਗੀ ਦੇ ਮਹਿਦੂਦ ਜਿਹੇ ਮਜ਼ਬੀ ਪੱਖ ਨਾਲ ਹੀ ਸੀ, ਸਿਆਸਤ ਨਾਲ ਨਹੀਂ ਸੀ, ਜਾਂ ਜਿਹੜੇ ਇਹ ਕਹਿੰਦੇ ਹਨ ਕਿ ਸਿੱਖ ਲਹਿਰ ਵਿਚ ਸਿਆਸਤ ਉਨ੍ਹਾਂ ਤੋਂ ਮਗਰੋਂ ਆਈ, ਖ਼ਾਸ ਕਰ ਕੇ ਗੁਰੂ ਗੋਬਿੰਦ ਸਿੰਘ ਨੇ ਲਿਆਂਦੀ, ਉਹ ਗੁਰੂ ਨਾਨਕ ਦੇ ਰੱਬ ਤੇ ਗੁਰੂ ਦੇ ਸੰਕਲਪ ਤੇ ਉਨ੍ਹਾਂ ਦੀਆਂ ਦਿਤੀਆਂ ਕੀਮਤਾਂ ਨੂੰ ਨਹੀਂ ਸਮਝਦੇ। **ਨਾਮ, ਸ਼ਬਦ ਵਿਚ ਹੈ। ਸ਼ਬਦ, ਗੁਰੂ ਦੀ ਦਿਤੀ ਸਮਾਜਕ ਵੇਗ ਬਾਬਤ ਚੇਤਨਤਾ ਹੈ। ਪੈਂਤੜਾ ਉਸ ਦਾ ਲੋਕ-ਹਿੱਤ ਦਾ ਹੈ। ਨਾਮ ਦਾ ਗ੍ਰਹਿਣ ਉਸ ਹਿੱਤ ਦਾ ਸਰੂਪ ਹੋਣਾ ਹੈ।** ਗੁਰੂ ਨਾਨਕ ਨੇ **ਨਾਮ ਜਪਣ ਅਤੇ ਬਾਣੀ ਦੇ ਕੀਰਤਨ ਨੂੰ ਵੀ ਸੰਸਥਾ ਦਾ ਰੂਪ ਦਿਤਾ।** ਸਿੱਖ ਦੇ ਜੀਵਨ ਲਈ ਰੱਬ ਦੀ ਬੰਦਗੀ ਦੀ ਮਰਯਾਦਾ ਕਾਇਮ ਕੀਤੀ। ਅੰਮ੍ਰਿਤ ਵੇਲੇ ਜਪੁਜੀ ਸਾਹਿਬ, ਆਸਾ ਦੀ ਵਾਰ, ਫੇਰ ਗੁਰੂ ਦੇ ਸ਼ਬਦ ਦੀ ਵਿਆਖਿਆ ਤੇ ਆਰਤੀ ਅਤੇ ਛਾਹ ਵੇਲਾ। ਉਸ ਦੇ ਮਗਰੋਂ ਸ਼ਾਮ ਨੂੰ ਕੀਰਤਨ, ਰਹਿਰਾਸ ਅਤੇ ਸੌਣ ਲਗਿਆਂ ਕੀਰਤਨ ਸੋਹਿਲਾ। ਇਸ ਸਾਰੀ ਮਰਯਾਦਾ ਦਾ ਮਨੋਰਥ ਇਕ ਬਾਕਾਇਦਾ ਸਮਾਜਕ, ਸਿਆਸੀ, ਰੂਹਾਨੀ ਵਿਦਿਆ ਸੀ।

ਰਾਮਾਨੁਜ ਨੇ ਰੱਬ ਦੀ ਮਿਹਰ, ਉੱਪਰਲੀਆਂ ਤਿੰਨ ਜਮਾਤਾਂ ਤਕ ਹੀ ਮਹਿਦੂਦ ਰਖੀ ਸੀ। ਸ਼ੂਦਰਾਂ ਨੂੰ ਇਹ ਮਿਹਰ ਇਸ ਜਨਮ ਵਿਚ ਪ੍ਰਾਪਤ ਨਹੀਂ ਸੀ ਹੋ ਸਕਦੀ। ਗੁਰੂ ਨਾਨਕ ਨੇ ਨਾਮ ਦਾ ਦਾਨ ਹਰ ਇਸਤਰੀ ਮਰਦ ਨੂੰ ਦਿਤਾ। ਗੁਰੂ ਸਾਹਿਬ ਨੇ **ਲੰਗਰ, ਪੰਗਤ**, **ਸੰਗਤ** ਦਾ ਮੁਢ ਬੱਧਾ ਅਤੇ ਬ੍ਰਾਹਮਣਾਂ ਨੂੰ ਵਿਚੋਂ ਕੱਢ ਕੇ ਬਾਹਰ ਮਾਰਿਆ। ਗੁਰੂ ਦੀ ਬਾਣੀ ਲੋਕਾਂ ਦੀ ਪ੍ਰਚਲਤ ਬੋਲੀ ਵਿਚ ਸੀ। ਉਸ ਨੂੰ ਸਮਝਣਾ, ਗਾਉਣਾ ਕੋਈ ਮੁਸ਼ਕਿਲ ਨਹੀਂ ਸੀ। ਰਹਿਬਰੀ ਗੁਰੂ ਦੀ ਸੀ; ਗੁਰੂ ਹਾਜ਼ਿਰ ਸੀ।

**ਗੁਰਗੱਦੀ ਦੀ ਸੰਸਥਾ** : ਲਹਿਣੇ ਨੂੰ ਚੰਗੀ ਤਰ੍ਹਾਂ ਕਸਵੱਟੀ ਉਤੇ ਪਰਖ, ਉਸ ਦੇ ਗੁਰੂ ਵਿਚ ਵਿਸ਼ਵਾਸ ਤੇ ਵਫ਼ਾਦਾਰੀ ਨੂੰ ਸਾਣ ਉਤੇ ਚੜ੍ਹਾ ਉਸ ਨੂੰ ਆਪਣੀ ਥਾਂ ਗੁਰੂ ਸਥਾਪਤ ਕਰਕੇ, ਉਨ੍ਹਾਂ ਆਪਣੀ ਮਜ਼ਬੀ ਲਹਿਰ ਰਾਹੀਂ ਲੋਕ-ਹਿੱਤ ਨੂੰ ਲੀਡਰਸ਼ਿਪ ਦਿਤੀ ਅਤੇ ਇਸ ਸੰਸਥਾ ਦੇ ਤੁਰੇ ਜਾਣ ਦੀ ਲੀਹ ਪਾ ਦਿਤੀ। ਆਪਣੇ ਸੱਚ ਨੂੰ ਸੰਸਥਾਵਾਂ ਦਾ ਰੂਪ ਦੇਣਾ, ਉਸ ਨੂੰ ਜੀਊਂਦੀ, ਪਰਖੀ, ਠੋਕੀ-ਵਜਾਈ ਲੀਡਰਸ਼ਿਪ ਦੇਣਾ ਬਾਕੀ ਭਗਤੀ ਲਹਿਰ ਨਾਲੋਂ ਪ੍ਰਕਾਰਕ ਤੌਰ ਉਤੇ ਵਖਰਾ ਕਦਮ ਸੀ ਅਤੇ ਇਸ ਦੇ ਪ੍ਰਕਾਰਕ ਤੌਰ ਉਤੇ ਵਖਰੇ, ਉਚੇਰੇ, ਹੰਢਵੇਂ ਨਤੀਜੇ ਵੀ ਨਿਕਲੇ। ਇਸ ਲਹਿਰ ਦੀ ਇਸ ਸਟੇਜ ਵਾਸਤੇ ਐਸੀ ਪਰਖੀ, ਜੀਊਂਦੀ ਲੀਡਰਸ਼ਿਪ ਦੀ ਕਿੰਨੀ ਕੁ ਲੋੜ ਸੀ, ਇਹ ਇਸ ਗੱਲ ਤੋਂ ਜ਼ਾਹਿਰ ਹੈ ਕਿ ਗੁਰੂ ਨਾਨਕ ਸਾਹਿਬ ਦੇ ਚਲਦਿਆਂ ਸਾਰ ਹੀ ਇਸ ਦੇ ਸਾਹਮਣੇ ਪਹਿਲੇ ਸਿਧਾਂਤਕ ਖ਼ਤਰੇ ਨੇ ਆ ਮੂੰਹ ਵਿਖਾਇਆ। ਉਨ੍ਹਾਂ ਦੇ ਲੜਕੇ ਬਾਬਾ ਸਿਰੀ ਚੰਦ ਨੇ ਗੁਰੂ ਨਾਨਕ ਦਾ ਮਾਇਆ ਦੇ ਤਿਆਗ ਦਾ ਅਰਥ, ਸੰਸਾਰ ਦਾ



Digitized by Panjab Digital Library | www.panjabdigilib.org

ਤਿਆਗ ਸਮਝ ਲਿਆ। ਉਹ ਆਪ ਸਹੀ ਅਰਥਾਂ ਵਿਚ ਤਿਆਗੀ ਸੀ, ਪਾਖੰਡੀ ਨਹੀਂ ਸੀ, ਆਮ ਪ੍ਰਚਲਤ ਸੰਕਲਪ ਅਨੁਸਾਰ ਜ਼ਾਤੀ ਆਚਰਣ ਦਾ ਸੁੱਚਾ ਸੀ ਅਤੇ ਜੀਵਿਆ ਵੀ ਬਹੁਤ ਲੰਮੀ ਉਮਰ ਤਕ। ਗੁਰੂ ਨਾਨਕ ਦੀ ਥਾਪੀ, ਜੀਉਂਦੀ ਲੀਡਰਸ਼ਿਪ ਦੀ ਗ਼ੈਰ ਹਾਜ਼ਰੀ ਵਿਚ ਇਹ ਟਪਲਾ ਸਾਰੀ ਲਹਿਰ ਨੂੰ ਕੁਰਾਹੇ ਪਾ ਸਕਦਾ ਸੀ, ਕਾਰੀ ਨੁਕਸਾਨ ਪੁਚਾ ਸਕਦਾ ਸੀ। ਗੁਰੂ ਅੰਗਦ ਅਤੇ ਖ਼ਾਸ ਕਰ ਗੁਰੂ ਅਮਰਦਾਸ ਨੇ ਲਹਿਰ ਨੂੰ ਕੁਰਾਹੇ ਪੈਣ ਦੇ ਇਸ ਖ਼ਤਰੇ ਤੋਂ ਬਚਾ ਲਿਆ। ਨਹੀਂ ਤੇ ਸ਼ਾਇਦ ਇਹ ਲਹਿਰ ਵੀ ਹੋਰ ਪ੍ਰਚਲਤ ਮਜ਼੍ਹਬੀ ਫ਼ਿਰਕਿਆਂ ਵਾਂਗ ਉਦਾਸੀਆਂ ਦਾ ਫ਼ਿਰਕਾ ਹੋ ਕੇ ਰਹਿ ਜਾਂਦੀ, ਕਿਉਂਕਿ ਸਾਡੇ ਸਮਾਜ ਵਿਚ ਸੰਸਾਰ ਦੇ ਤਿਆਗ ਨੂੰ ਮਹੱਤਤਾ ਤਾਂ ਅਗੇ ਹੀ ਹਾਸਿਲ ਸੀ।

ਗੁਰੂ ਅੰਗਦ ਨੇ ਨਾ ਸਿਰਫ਼ ਇਸ ਦੇ ਸੱਚ ਦੀ ਸੇਧ ਨੂੰ ਹੀ ਕਾਇਮ ਰਖਿਆ ਤੇ ਪ੍ਰਚਾਰਿਆ ਤੇ ਆਪਣੀ ਬਾਣੀ ਰਚ ਕੇ ਇਸ ਵਿਚ ਹੋਰ ਵਾਧਾ ਕੀਤਾ, **ਬਲਕਿ ਇਸ ਦੇ ਸੰਸਥਾਈ ਰੂਪ ਨੂੰ ਹੋਰ ਪੱਕਿਆਂ ਕੀਤਾ।** ਲੰਗਰ, ਪੰਗਤ, ਸੰਗਤ ਦਾ ਮੁੱਢ ਗੁਰੂ ਨਾਨਕ ਸਾਹਿਬ ਹੀ ਬੰਨ੍ਹ ਗਏ ਸਨ, ਪਰ ਉਨ੍ਹਾਂ ਦੇ ਵੇਲੇ ਸਿੱਖਾਂ ਦੀ ਗਿਣਤੀ ਬਹੁਤੀ ਨਹੀਂ ਸੀ। ਗੁਰੂ ਅੰਗਦ ਤੇ ਗੁਰੂ ਅਮਰ ਦਾਸ ਵੇਲੇ ਇਹ ਸੰਸਥਾ ਬਹੁਤ ਵਧੀ, ਫੁਲੀ। ਗੁਰੂ ਦੇ ਲੰਗਰ ਦਾ ਅਨਾਥਾਂ, ਨਿਆਸਰਿਆਂ ਆਦਿ ਨੂੰ ਬਾਇੱਜ਼ਤ ਆਸਰਾ ਤਾਂ ਸਪੱਸ਼ਟ ਹੀ ਸੀ। ਇਸ ਦਾ ਨਿਰਧਨ ਲੋਕਾਂ ਉਤੇ ਸੁਖਾਵਾਂ ਅਸਰ ਅਤੇ ਲੋਕਾਂ ਉਤੇ ਗੁਰੂ ਤੇ ਉਸ ਦੀ ਲਹਿਰ ਦਾ ਲੋਕ-ਹਿੱਤੀ ਪ੍ਰਭਾਵ ਪੈਣਾ ਕੁਦਰਤੀ ਸੀ। ਇਸ ਤੋਂ ਇਲਾਵਾ ਇਹ ਸਿੱਖਾਂ ਦੀ ਗੁਰੂ ਵਲ, ਲੋਕ-ਹਿੱਤ ਵਲ ਸ਼ਰਧਾ ਦਾ ਠੋਸ ਸੰਸਥਾਈ ਰੂਪ ਸੀ ਅਤੇ ਇਹ ਰੂਪ ਆਪਣੇ ਮੋੜਵੇਂ ਅਸਰ ਨਾਲ ਉਸ ਸ਼ਰਧਾ ਨੂੰ ਹੋਰ ਪੱਕਿਆਂ ਕਰਦਾ, ਉਸ ਨੂੰ ਹੰਢਵਾਂ ਬਣਾਉਂਦਾ ਸੀ। ਲਹੂ ਪਾਣੀ ਇਕ ਕਰ ਕੇ ਕੀਤੀ ਆਪਣੀ ਕਮਾਈ ਕੋਈ ਉਥੇ ਦੇਂਦਾ ਹੈ, ਜਿਥੇ ਲਗਨ ਹੋਵੇ, ਵਿਸ਼ਵਾਸ਼ ਹੋਵੇ, ਜਿਥੇ ਦਿਲ ਦੀ ਵਫ਼ਾਦਾਰੀ ਹੋਵੇ। ਜਿਥੇ ਕੋਈ ਆਪਣੀ ਕਮਾਈ ਲਾਉਂਦਾ ਹੈ, ਉਥੇ ਅਪਣੱਤ ਤੇ ਵਫ਼ਾਦਾਰੀ ਵਧ ਜਾਂਦੀ ਹੈ। ਇਕ ਵੇਰ ਕੋਈ ਕਿਸੇ ਸੰਸਥਾ ਨੂੰ ਉਗਰਾਹੀ ਦੇਣ ਲਗ ਜਾਵੇ, ਫੇਰ ਉਸ ਦਾ ਹਟਣਾ ਮੁਸ਼ਕਿਲ ਹੋ ਜਾਂਦਾ ਹੈ। ਨਾਲੇ **ਲੰਗਰ** ਬਣ ਰਹੀ ਬਰਾਦਰੀ ਦੀ ਸਾਂਝੀ ਕੋਸ਼ਿਸ਼ ਸੀ। ਲੰਗਰ ਵਿਚ ਭੇਟਾ ਦੇਣੀ, ਉਸ ਦੀ ਹੋਂਦ ਦੀਆਂ ਜੜ੍ਹਾਂ ਪੱਕੀਆਂ ਕਰਨ ਦਾ ਬਹੁਤ ਵਧੀਆ ਵਸੀਲਾ ਸੀ। ਲੰਗਰ ਗੁਰੂ ਦਾ ਸੀ। ਗੁਰੂ ਵਿਚ ਵਿਸ਼ਵਾਸ਼, ਗੁਰੂ ਨੂੰ ਵਫ਼ਾਦਾਰੀ, ਉਸ ਅਗੇ ਤਨ, ਮਨ, ਧਨ ਅਰਪਣ ਕਰਨ ਦਾ ਇਕ ਅਭਿਆਸ ਸੀ। ਲੋਕ-ਹਿੱਤ ਵਾਸਤੇ ਜਦੋ-ਜਹਿਦ ਨੇ ਲੋਕ-ਹਿਤੈਸ਼ੀਆਂ ਕੋਲੋਂ ਮੰਗਾਂ ਕਰੜੀਆਂ ਕਰਨੀਆਂ ਸਨ। ਉਨ੍ਹਾਂ ਵਾਸਤੇ ਮੁੱਢ ਤੋਂ ਹੀ ਬਾਹਣੂੰ ਬੰਨ੍ਹਣਾ ਲਾਜ਼ਮੀ ਸੀ। ਗੁਰੂ ਦੇ ਕੰਮ ਨੂੰ ਕਰਨ ਵਾਸਤੇ, ਸੰਗਤ ਦੇ ਤਿਆਰ ਕਰਨ ਵਾਸਤੇ ਇਹ ਸੁਹਣਾ



Digitized by Panjab Digital Library | www.panjabdigilib.org

ਸਥਾਨ ਸੀ । ਇਸ ਨਾਲੋਂ ਜ਼ਿਆਦਾ ਇਹ ਸਮਾਜ ਦੇ, ਜਾਤ-ਪਾਤ ਦੇ ਰੂਪ ਵਿਚ ਖੜੇ ਜਮਾਤੀ ਅੰਗ ਉਤੇ ਚੋਟ ਸੀ । ਜਾਤ-ਪਾਤ ਦੇ ਰੂਪ ਵਿਚ ਜਮਾਤੀ ਅੰਗ ਤਿੰਨਾਂ ਗੱਲਾਂ ਵਿਚ ਜ਼ਾਹਿਰ ਹੁੰਦਾ ਸੀ; ਮਨੁੱਖ ਦੇ ਕਿੱਤੇ, ਉਸ ਦੀ ਬਣਦੀ ਆਮਦਨ, ਸਮਾਜਕ ਪੁਜ਼ੀਸ਼ਨ ਤੇ ਉਸ ਤੋਂ ਉਪਜਦੀ ਇੱਜ਼ਤ, ਬੇਇੱਜ਼ਤੀ, ਵਿਆਹ ਸ਼ਾਦੀ, ਸਾਕ ਸਕੀਰੀ ਤੇ ਚੁੱਲ੍ਹੇ ਚੌਕੇ ਰਾਹੀਂ । ਲੰਗਰ ਦੀ ਸੰਸਥਾ ਇਨ੍ਹਾਂ ਤਿੰਨਾਂ ਗੱਲਾਂ ਵਿਚ ਹੀ ਲੋਕ-ਹਿੱਤੀ ਸੀ । ਲੰਗਰ ਵਿਚ ਕੰਮ ਵਡੇ ਤੋਂ ਵਡੇ ਨੂੰ ਵੀ ਕਰਨਾ ਪੈਂਦਾ ਸੀ;ਰਿੰਨ੍ਹਣਾ, ਪਕਾਉਣਾ ਪੈਂਦਾ ਸੀ, ਭਾਂਡੇ ਮਾਂਜਣੇ ਪੈਂਦੇ ਸਨ । ਜਿਹੜੇ ਮਗਰੋਂ ਗੁਰੂ ਬਣੇ, ਉਨ੍ਹਾਂ ਲੰਗਰ ਦੀ ਸੇਵਾ ਕੀਤੀ ਅਤੇ ਇਹ ਸੇਵਾ ਹੰਕਾਰ ਨੂੰ ਕੱਟਣ ਦਾ ਵਸੀਲਾ ਸੀ, ਸਿੱਖ ਹੋਣ ਦਾ ਟੈਸਟ ਸੀ । ਇਹ ਕੰਮ ਮੁਫ਼ਤ ਕਰਨਾ ਪੈਂਦਾ ਸੀ ਅਤੇ ਨਾਲ ਹੀ ਮਨ ਵਿਚ ਇਹ ਆਉਂਦਾ ਸੀ ਕਿ ਮੇਰੇ ਧੰਨ ਭਾਗ ਹਨ, ਮੈਥੋਂ ਗੁਰੂ ਨੇ ਸੇਵਾ ਪ੍ਰਵਾਨ ਕੀਤੀ ਹੈ; ਇਹ ਹੱਥ ਸੁਭਾਗੇ ਹੋ ਗਏ ਹਨ ਜੇ ਇਨ੍ਹਾਂ ਤੋਂ ਸੇਵਾ ਹੋਈ ਹੈ । ਇਹ ਲੋਕ-ਹਿੱਤ ਵਾਸਤੇ ਕੁਰਬਾਨੀ ਕਰਨ ਦਾ ਪਹਿਲਾ ਸਬਕ ਸੀ । ਗੁਰੂ ਦੇ ਸਿੱਖ ਰੂਪੋਂ ਮੁਸਲਮਾਨ ਵੀ ਸਨ ਤੇ ਹਿੰਦੂ ਵੀ, ਸਮੇਤ ਸੂਦਰਾਂ ਦੀਆਂ ਸਭ ਜਾਤੀਆਂ ਦੇ...ਪਰ ਖਾਣਾ ਪੰਗਤ ਵਿਚ ਹੁੰਦਾ ਸੀ । ਇਸ ਤਰ੍ਹਾਂ ਇਕ ਪੱਧਰ ਉਤੇ ਆਉਣਾ ਲੋਕ-ਹਿਤੈਸ਼ੀਆਂ ਦੀ ਪਕਿਆਈ ਸੀ । ਨਾਲ ਹੀ ਸਮਾਜਕ ਬਣਤਰ ਉਤੇ ਕਾਰੀ ਚੋਟ ਸੀ; ਬ੍ਰਾਹਮਣਾਂ ਨੂੰ ਬੜੀ ਚੁਭਦੀ ਸੀ । ਇਸ ਸੰਸਥਾ ਦਾ ਸਭ ਤੋਂ ਵਡਾ ਕੰਮ ਲਹਿਰ ਦੀ ਪਕਿਆਈ ਸੀ ।

**ਗੁਰਮੁਖੀ ਦਾ ਹੋਂਦ ਵਿਚ ਆਉਣਾ :** ਸਮਾਜ ਵਿਚ ਇਨਕਲਾਬੀ ਲਹਿਰ ਦੇ ਪੈਦਾ ਹੋਣ ਦਾ ਮਤਲਬ ਇਹ ਹੁੰਦਾ ਹੈ ਕਿ ਜ਼ਿੰਦਗੀ ਨੇ ਨਵੇਂ ਰਾਹ ਪੈਣ ਵੱਲ ਆਪਣਾ ਕਦਮ ਚੁੱਕ ਲਿਆ ਹੈ: ਪੁਰਾਣੀ ਕੁੰਜ ਲਾਹੁਣ ਦੇ ਰਾਹ ਜ਼ਿੰਦਗੀ ਪੈ ਗਈ ਹੈ । ਇਨਕਲਾਬੀ ਲਹਿਰਾਂ ਦਾ ਕਾਇਦਾ ਹੁੰਦਾ ਹੈ ਕਿ ਉਹ ਜ਼ਿੰਦਗੀ ਦੇ ਹਰ ਪਹਿਲੂ ਵਿਚ ਉਸਾਰੀ ਦੇ ਵਾਰ ਦੇਂਦੀਆਂ ਹਨ । ਫ਼ਰੀਦ ਦੇ ਮਗਰੋਂ ਗੁਰੂ ਸਾਹਿਬ ਨੇ ਮਜ਼੍ਹਬੀ ਰੂਪ ਵਿਚ ਲੋਕਾਂ ਦੇ ਨੁਕਤੇ ਤੋਂ ਰਾਸ਼ਟਰੀ ਸਵਾਲ ਉਠਾਇਆ । ਇਸੀ ਰੂਪ ਵਿਚ ਮਹਾਨ ਰਾਸ਼ਟਰੀ ਸਾਹਿਤ ਪੈਦਾ ਕੀਤਾ । ਲੋਕ-ਹਿੱਤ ਦੇ ਪੈਂਤੜੇ ਦੇ ਸਥਾਪਤ ਹੋਣ ਤੋਂ ਪਹਿਲੋਂ ਲੋਕਾਂ ਦੀ ਬੋਲੀ ਮੂੰਹੋਂ ਮੂੰਹ ਚਲਦੀ ਸੀ । ਉੱਚ ਕੋਟੀ ਦਾ ਕੋਈ ਕੰਮ ਜਾਂ ਉਚੇਚਾ ਹੰਢਵਾਂ ਅਨੁਭਵ ਇਸ ਰਾਹੀਂ ਪ੍ਰਗਟ ਨਹੀਂ ਸੀ ਹੋ ਰਿਹਾ । ਆਮ ਕਾਰ ਵਿਹਾਰ ਲਈ ਜਿੰਨੀ ਕੁ ਲੋੜ ਜਿਸ ਬੋਲੀ ਦੇ ਲਿਖਣ ਦੀ ਪੈਂਦੀ ਸੀ, ਉਹ ਲੰਡੇ ਸਾਰੀ ਜਾਂਦੇ ਸਨ । ਇਨਕਲਾਬੀ ਪੈਂਤੜਾ ਬੱਝਣ ਨਾਲ ਇਨਕਲਾਬੀ ਅਨੁਭਵ ਦਾ ਲੋਕ-ਬੋਲੀ ਵਿਚ ਪ੍ਰਗਟ ਹੋਣਾ ਕੁਦਰਤੀ ਸੀ । ਸੋ ਫ਼ਰੀਦ ਵਾਂਗ ਹੀ ਗੁਰੂ ਸਾਹਿਬ ਨੇ ਕੀਤਾ । ਬੋਲੀ ਤੇ ਇਸ ਨਵੇਂ ਪਏ ਭਾਰ ਨੂੰ ਚੁੱਕਣ ਦੇ ਯੋਗ ਲੰਡੇ ਨਹੀਂ ਸਨ । ਨਵੇਂ ਅਨਮੋਲ ਅਨੁਭਵ ਦੇ ਪ੍ਰਗਟ ਹੋਣ ਨਾਲ, ਬੋਲੀ ਵਿਚ ਹੋਈ ਉਸਾਰੀ ਦੇ ਮੇਚ ਹੋਣ ਵਾਸਤੇ ਲਿੱਪੀ ਵਿਚ ਸੁਧਾਰ



Digitized by Panjab Digital Library | www.panjabdigilib.org

ਲਾਜ਼ਮੀ ਹੋ ਗਿਆ। ਕੁਦਰਤੀ ਸੀ ਕਿ ਇਨਕਲਾਬੀ ਲਹਿਰ ਦਾ ਖੜਾ ਕੀਤਾ ਇਹ ਕੰਮ ਵੀ ਲਹਿਰ ਦੇ ਲੀਡਰਾਂ ਦੇ ਸਿਰ ਉੱਤੇ ਪੈਂਦਾ। ਗੁਰੂ ਨਾਨਕ ਦਾ ਬਹੁਤਾ ਵਕਤ ਆਪਣੇ ਸੱਚ ਦਾ ਦੂਰ ਦੂਰ ਤਕ ਛੱਟਾ ਦੇਣ ਉੱਤੇ ਲੱਗਾ। ਸਾਂਭਣ ਸੂਤਣ ਦਾ ਕੰਮ ਬਹੁਤ ਹਦ ਤਕ ਗੁਰੂ ਅੰਗਦ ਦੇ ਸਿਰ ਪਿਆ। ਗੁਰੂ ਨਾਨਕ ਦੀ ਬਾਣੀ ਨੂੰ ਇਕੱ ਠਿਆਂ ਕਰਨਾ, ਉਸ ਨੂੰ ਸਹੀ ਰੱਖਣਾ, ਸਾਂਭ ਕੇ ਵਰਤਣਾ, ਉਸ ਨੂੰ ਸੰਸਥਾਈ ਰੂਪ ਦੇਣਾ ਗੁਰੂ ਅੰਗਦ ਦੇ ਵੇਲੇ ਦੀ ਲਹਿਰ ਦੀ ਲੋੜ ਸੀ। ਲੰਡਿਆਂ ਵਿਚ ਚੂੰਕਿ ਲਗਾਂ ਮਾਤਰਾਂ ਦਾ ਸਵਾਲ ਘੱਟ ਹੀ ਪੈਦਾ ਹੁੰਦਾ ਹੈ, ਉਨ੍ਹਾਂ ਵਿਚ ਗੁਰੂ ਦਾ ਸੱਚ ਸਾਂਭ ਕੇ ਰਖਣਾ ਅਸੰਭਵ ਸੀ। ਲਗਾਂ ਮਾਤਰਾਂ ਦੇ ਏਧਰ ਓਧਰ ਹੋਣ ਨਾਲ ਗੁਰਬਾਣੀ ਦੇ ਮਤਲਬ ਵਿਚ ਬਹੁਤ ਫ਼ਰਕ ਪੈ ਸਕਦਾ ਸੀ। ਇਸ ਨਾਲ ਲਹਿਰ ਦੇ ਕੁਰਾਹੇ ਪੈ ਜਾਣ ਦਾ ਖ਼ਤਰਾ ਵਧਦਾ ਸੀ। ਸੋ ਗੁਰੂ ਅੰਗਦ ਨੇ ਲੰਡਿਆਂ ਨੂੰ ਸੋਧ ਕੇ, ਉਨ੍ਹਾਂ ਨੂੰ ਬੋਲੀ ਦੇ ਉਚਾਰਣ ਅਨੁਸਾਰ ਸਾਇੰਟਿਫ਼ਿਕ ਲਗਾਂ ਮਾਤਰਾਂ ਦੇ, ਉਨ੍ਹਾਂ ਦੀ ਯੋਗਤਾ ਵਿਚ ਪ੍ਰਕਾਰਕ ਤਬਦੀਲੀ ਲਿਆ, ਉਨ੍ਹਾਂ ਨੂੰ ਤਕਰੀਬਨ ਇਕ ਨਵੀਂ ਲਿੱਪੀ ਦਾ ਰੂਪ ਦੇ ਦਿਤਾ। ਉਸ ਵਿਚ ਗੁਰੂ ਦੀ ਬਾਣੀ ਦਰਜ ਕਰ ਦਿਤੀ। ਕੰਮ ਚੂੰਕਿ ਗੁਰੂ ਨੇ ਕੀਤਾ ਸੀ, ਨਵੇਂ ਰੂਪ ਵਿਚ ਲਿੱਪੀ ਜਨਮੀ ਚੂੰਕਿ ਗੁਰੂ ਦੇ ਮੂੰਹੋਂ ਸੀ, ਉਸ ਦਾ ਨਾਂ ਗੁਰਮੁਖੀ (ਗੁਰੂ ਦੇ ਮੁਖ ਤੋਂ ਨਿਕਲੀ) ਪੈ ਗਿਆ। ਸ਼ਬਦ ਗੁਰੂ ਦੇ ਮੁਖ ਦਾ ਵਾਕ ਸੀ, ਗੁਰਮੁਖ ਗੁਰੂ ਦਾ ਹੁਕਮ ਮੰਨਣ ਵਾਲਾ ਸੀ, ਬਾਣੀ ਵਿਚ ਗੁਰਮੁਖ ਦਾ ਵਰਨਣ, ਉਸ ਦਾ ਸੱਚ ਸੀ। ਜਿਸ ਲਿੱਪੀ ਵਿਚ ਉਹ ਸੱਚ ਲਿਖਿਆ ਗਿਆ ਉਸ ਦਾ ਨਾਂ ਗੁਰਮੁਖੀ ਬੜਾ ਢੁੱਕਵਾਂ ਸੀ। ਜਿਸ ਤਰ੍ਹਾਂ ਗੁਰੂ ਸਾਹਿਬ ਲੋਕ-ਹਿੱਤ ਦੇ ਨਾਇਕ ਸਨ, ਲੋਕ-ਲਹਿਰ ਦੇ ਲੀਡਰ ਸਨ, ਉਹ ਬੋਲੀ ਤੇ ਲਿੱਪੀ ਦੇ ਵੀ ਆਗੂ ਬਣੇ। ਇਹ ਬੋਲੀ ਸਾਹਿਤਕ ਕਲਚਰਲ ਮੁਹਾਜ਼ ਉਤੇ ਨਵੀਂ ਉਸਾਰੀ ਸੀ। ਨਵੀਂ ਪੈਦਾ ਹੋ ਰਹੀ ਇਨਕਲਾਬੀ ਵਸਤੂ ਨੇ ਆਪਣਾ ਰੂਪ ਉਸਾਰ ਲਿਆ ਸੀ। ਰੂਪ ਨੇ ਮੋੜਵਾਂ ਅਸਰ ਕੀਤਾ। ਸਾਇੰਟਿਫ਼ਿਕ ਲਿੱਪੀ ਦੇ ਵਜੂਦ ਵਿਚ ਆਉਣ ਨਾਲ ਬਾਣੀ ਸਹੀ ਤੌਰ ਉਤੇ ਲਿਖੀ, ਸਾਂਭੀ ਜਾਣੀ ਸ਼ੁਰੂ ਹੋ ਗਈ। ਗੁਰੂ ਗ੍ਰੰਥ ਸਾਹਿਬ ਦੀ ਬੀੜ ਦਾ ਸੀਧਾ ਇਕੱਠਾ ਹੋਣਾ ਸ਼ੁਰੂ ਹੋ ਗਿਆ। ਨਾਲੇ ਇਸ ਨੇ ਨਾਹਰੇ ਦਾ ਕੰਮ ਦਿਤਾ। ਗੁਰਮੁਖੀ ਗੁਰੂ ਦੀ ਯਾਦ, ਉਸ ਵਲ ਨੂੰ ਵਫ਼ਾਦਾਰੀ, ਉਸ ਦੇ ਕੰਮ ਦੇ ਕਰਨ ਦਾ ਉਦਮ ਦੇਂਦੀ ਸੀ। ਸਿੱਖਣੀ ਵੀ ਸੌਖੀ ਸੀ, ਹੈ ਵੀ ਗੁਰੂ ਦੀ ਸੀ, ਉਸ ਦੇ ਰਾਹੀਂ ਗੁਰੂ ਦਾ ਸੱਚ —ਸ਼ਬਦ—ਪੜ੍ਹਨ ਨੂੰ ਮਿਲਦਾ ਸੀ। ਸੋ ਉਸ ਨੂੰ ਪੜ੍ਹਨਾ ਵੀ ਗੁਰੂ ਦੀ ਸੇਵਾ ਸੀ। ਗੁਰਮੁਖੀ ਪੜ੍ਹਨਾ ਮਜ਼੍ਹਬੀ ਫ਼ਰਜ਼ ਹੋ ਗਿਆ। ਵਿਦਿਆ ਵਧੀ ਅਤੇ ਇਸ ਵਿਚ ਬ੍ਰਾਹਮਣ ਦੀ ਕੋਈ ਥਾਂ ਨਹੀਂ ਸੀ। ਗੁਰਮੁਖੀ ਪੜ੍ਹਨਾ ਸ਼ਿੱਖਾਂ ਨੂੰ ਗੁਰੂ ਦੇ ਹਵਾਲੇ ਹੋਣ ਦਾ ਅਹਿਸਾਸ ਕਰਾਉਂਦਾ ਸੀ। ਗੁਰੂ ਦੇ ਸੱਚ ਦੇ ਲੋਕਾਂ ਦੀ ਬੋਲੀ ਵਿਚ ਪ੍ਰਗਟ ਹੋਣ, ਬਾਣੀ ਦੇ ਗੁਰਮੁਖੀ ਵਿਚ ਲਿਖੇ ਜਾਣ, ਲੋਕਾਂ ਦੇ ਹੱਥ ਵਿਚ



Digitized by Panjab Digital Library | www.panjabdigilib.org

ਚਲੇ ਜਾਣ ਨੇ ਲੋਕ-ਹਿੱਤ ਦੇ ਪ੍ਰਚਾਰ ਵਿਚ ਬਹੁਤ ਵਾਧਾ ਕੀਤਾ। ਇਸ ਨੇ ਕਈ ਹੋਰ ਸੰਭਾਵਨਾਵਾਂ ਦਾ ਮੂੰਹ ਖੋਲ੍ਹ ਦਿਤਾ। ਬੋਲੀ ਦੀ ਆਪਣੀ ਲਿੱਪੀ ਹੋਣ ਨਾਲ ਉਹ ਰਾਸ਼ਟਰੀ ਉਸਾਰੀ ਦਾ ਭਾਰ ਚੁੱਕਣ ਦੇ ਯੋਗ ਹੋ ਗਈ। ਸਿੱਖ ਲਹਿਰ ਨਾ ਸਿਰਫ਼ ਵਧ ਹੀ ਰਹੀ ਸੀ, ਉਹ ਖ਼ਾਸ-ਉਲ-ਖ਼ਾਸ ਵੀ ਬਣ ਰਹੀ ਸੀ। ਸਹੀ ਅਰਥਾਂ ਵਿਚ ਪੰਜਾਬੀ ਬੋਲੀ ਦੀ ਉਸਾਰੀ ਦੋ ਜੁੱਗਾਂ ਵਿਚ ਹੀ ਹੋਈ ਹੈ। ਇਕ ਜਦੋਂ ਫ਼ਿਊਡਲਾਂ ਦੇ ਖ਼ਿਲਾਫ਼ ਲੋਕਾਂ ਨੇ ਆਪਣੇ ਹਿੱਤ ਦਾ ਪੈਂਤੜਾ ਕਾਇਮ ਕੀਤਾ, ਜਿਸ ਦਾ ਪ੍ਰਗਟਾਵਾ ਪਹਿਲਾਂ ਫ਼ਰੀਦ ਤੇ ਮਗਰੋਂ ਸਿੱਖ ਲਹਿਰ ਦੇ ਰੂਪ ਵਿਚ ਹੋਇਆ। ਇਸ ਸਮੇਂ ਵਿਚ ਜੋ ਵੀ ਕੰਮ ਇਸ ਲਹਿਰ ਤੇ ਇਸ ਜਦੋ-ਜਹਿਦ ਨੇ ਕੀਤਾ, ਉਹ ਸਨਾਤਨੀ ਬੋਲੀਆਂ ਨੂੰ ਤਿਆਗ ਕੇ ਲੋਕ-ਬੋਲੀਆਂ ਵਿਚ ਕੀਤਾ। ਫ਼ਿਊਡਲ ਰਣਜੀਤ ਸਿੰਘ ਦੇ ਆਉਣ ਨਾਲ ਫੇਰ ਲਗਾਮ ਖਿੱਚੀ ਗਈ। ਰਾਜ-ਪ੍ਰਬੰਧ ਦੀ ਬੋਲੀ ਫ਼ਾਰਸੀ ਰਖੀ ਗਈ। ਅੰਗ੍ਰੇਜ਼ਾਂ ਦੇ ਅਹਿਦ ਵਿਚ ਵੀ ਬੋਲੀ ਪੱਛੜੀ ਹੀ ਰਹੀ। ਆਜ਼ਾਦੀ ਦੀ ਲਹਿਰ ਨਾਲ ਫੇਰ ਇਸ ਦੀਆਂ ਨਾੜਾਂ ਵਿਚ ਲਹੂ ਦੌੜਿਆ, ਪਰ ਸਰਮਾਏਦਾਰੀ ਨਿਜ਼ਾਮ ਹੋਣ ਕਰ ਕੇ ਉਸਾਰੀ ਦੇ ਨਾਲ ਨਾਲ ਇਸ ਉਤੇ ਨਾਜਾਇਜ਼ ਦਬਾਉ ਵੀ ਬਹੁਤ ਹੈ ਅਤੇ ਕੁਰੀਤੀਆਂ ਵੀ ਕਈ ਹਨ।



Digitized by Panjab Digital Library | www.panjabdigilib.org

# ਨਗਰਾਂ, ਕੇਂਦਰਾਂ ਦੀ ਸਥਾਪਨਾ

ਜਦੋਂ **ਗੁਰੂ ਅਮਰ ਦਾਸ** ਗੱਦੀ 'ਤੇ ਬੈਠੇ, ਹਾਲਾਤ ਕਾਫ਼ੀ ਮੁਸ਼ਕਲ ਸਨ, ਪਰ ਉਹ ਸਭ ਮੁਸ਼ਕਲਾਂ ਉਤੇ ਹਾਵੀ ਹੋਏ ਅਤੇ ਉਹਨਾਂ ਦੀ ਅਗਵਾਈ ਹੇਠ, ਸਭ ਅੜਿੱਕਿਆਂ ਦੇ ਬਾਵਜੂਦ ਸਿੱਖ ਲਹਿਰ ਵਿਸ਼ਾਲ ਹੋਈ। ਉਸ ਲਹਿਰ ਨੇ ਕਈਆਂ ਨੁਕਤਿਆਂ ਤੋਂ ਮੋੜ ਕੱਟਿਆ। ਸਿੱਖ ਲਹਿਰ ਚੂੰਕਿ ਇਨਕਲਾਬੀ ਲਹਿਰ ਸੀ, (ਰਿਵਾਜਨ ਮੰਨੀ ਜਾਣ ਵਾਲੀ ਗੱਲ ਤਾਂ ਕੋਈ ਹੈ ਨਹੀਂ ਸੀ) ਇਸ ਦੇ ਰਾਹ ਵਿਚ ਕਾਬਿਜ਼ ਜਮਾਤ, ਉਸ ਦੇ ਉਸਾਰ, ਉਸ ਦੀ ਤਰਜ਼-ਤੋਰ, ਉਸ ਦੇ ਹਿੱਤੀ ਖ਼ਿਆਲਾਂ, ਉਸ ਦੀ ਪੁਰਾਣੀ ਮਰਯਾਦਾ, ਉਸ ਦੇ ਰਵਾਜਾਂ, ਉਸ ਦੀਆਂ ਆਦਤਾਂ, ਉਸ ਦੀ ਤਾਕਤ ਅਤੇ ਪੁਜ਼ੀਸ਼ਨ ਦੇ ਚਾਹਵਾਨਾਂ ਵਲੋਂ ਸ਼ਰੀਕੇ ਸੜੇਵੇਂ ਕਰਕੇ ਹਰ ਕਦਮ ਉਤੇ ਅੜਿੱਕੇ ਤਾਂ ਪੈਣੇ ਹੀ ਸਨ। ਪੁਰਾਣੇ ਤੁਰੇ ਆਉਂਦੇ ਰਾਹ ਹਟਾਉਣੇ ਉਂਜ ਵੀ ਕਿਹੜੇ ਸੌਖੇ ਹੁੰਦੇ ਹਨ ? ਇਨਕਲਾਬੀ ਤੋਰ ਸਿੱਧੀ ਜਰਨੈਲੀ ਸੜਕ ਤਾਂ ਹੁੰਦੀ ਨਹੀਂ, ਪਹਾੜ ਨਾਲ ਮੱਥਾ ਡਾਹੁਣਾ ਹੁੰਦਾ ਹੈ। ਪਰ ਇਨਕਲਾਬ ਚੂੰਕਿ ਇਨਕਲਾਬ ਹੁੰਦਾ ਹੈ ਉਸ ਨੇ ਸਭ ਰੁਕਾਵਟਾਂ ਅੰਤ ਦੂਰ ਕਰਨੀਆਂ ਹੀ ਹੁੰਦੀਆਂ ਹਨ। ਇਹ ਇਨਕਲਾਬੀ ਲੀਡਰਸ਼ਿਪ ਦੀ ਅਕਲ, ਦੂਰ-ਅੰਦੇਸ਼ੀ, ਹਾਲਾਤ ਦਾ ਜਾਇਜ਼ਾ ਲੈਣ ਦੀ ਸ਼ਕਤੀ, ਉਸ ਦੇ ਆਚਰਣ, ਸਿਰੜ, ਦ੍ਰਿੜ੍ਹਤਾ, ਵਿਚਾਰਧਾਰਾ ਦੀ ਸੱਚਾਈ ਤੇ ਤਿੱਖੇਪਣ, ਉਸ ਦੇ ਪ੍ਰਚਾਰ ਦੀ ਮਜ਼ਬੂਤੀ, ਲਹਿਰ ਦੀ ਜੱਥੇਬੰਦੀ, ਉਸ ਦੀ ਦਲੇਰੀ ਦਾ ਕਰੜਾ ਇਮਤਿਹਾਨ ਹੁੰਦਾ ਹੈ। ਸੋ ਜਦੋਂ ਵੀ ਸਿੱਖ ਲਹਿਰ ਨੇ ਆਪਣੀ ਜੱਥੇਬੰਦੀ ਜਾਂ ਮਜ਼੍ਹਬੀ ਤੇ ਸਮਾਜਕ ਸੰਸਥਾਵਾਂ ਉਸਾਰਨ ਵਲ ਅਗਲਾ ਕਦਮ ਉਠਾਇਆ, ਉਹ ਤਿੱਖੀ ਜਦੋ-ਜਹਿਦ ਦਾ ਨਤੀਜਾ ਸੀ। ਜਿੰਨਾਂ ਚਿਰ ਸ਼ਹਾਦਤਾਂ (ਸ਼ਹੀਦੀਆਂ) ਸ਼ੁਰੂ ਨਹੀਂ ਹੋਈਆਂ, ਜਾਂ ਲਹਿਰ ਤਲਵਾਰੀਂ ਉਤਰਨ ਉੱਤੇ ਮਜਬੂਰ ਨਹੀਂ ਹੋਈ, ਓਨੇ ਚਿਰ ਬਾਰੇ ਇਤਿਹਾਸਕਾਰ ਐਉਂ ਲਿਖ ਦੇਂਦੇ ਹਨ ਜਿਵੇਂ ਗੁਰੂ ਸਾਹਿਬ ਨੇ ਗੱਲ ਚਾਹੀ, ਗੁਰਮਤਾ ਪਾਸ ਕੀਤਾ ਅਤੇ ਉਹ ਆਪਣੇ ਆਪ ਹੋ ਗਈ।

ਹਰ ਇਨਕਲਾਬੀ ਲਹਿਰ ਵਾਸਤੇ ਲਾਜ਼ਮੀ ਹੁੰਦਾ ਹੈ ਕਿ ਉਹ ਆਪਣੀ ਭੱਠੀ ਆਪ ਤਾਵੇ, ਅਹਿਰਣ ਉਤੇ ਆਪਣੇ ਸੰਦ ਆਪ ਬਣਾਵੇ; ਆਪਣੇ ਹਿੱਤ ਨੂੰ, ਆਪਣੇ ਸੱਚ ਨੂੰ ਵਿਦਿਅਕ, ਸਮਾਜਕ, ਸਿਆਸੀ, ਫ਼ੌਜੀ ਸੰਸਥਾਵਾਂ ਦਾ ਰੂਪ ਦੇਵੇ ਅਤੇ ਆਪਣੀ ਬਰਾਦਰੀ ਨੂੰ ਨਵੇਂ ਰੂਪਾਂ ਰਵਾਜਾਂ ਦੀ ਵਾੜ ਕਰੇ ਅਤੇ ਆਪਣੇ ਆਦਰਸ਼ਾਂ ਨੂੰ ਸਦਾਚਾਰਕ ਢਾਰਸ ਦੇਵੇ। ਗੁਰੂ ਅਮਰ ਦਾਸ ਦੀ ਅਗਵਾਈ ਹੇਠ ਸਿੱਖ ਲਹਿਰ ਨੇ ਇਸ ਕੰਮ ਵਿਚ



Digitized by Panjab Digital Library | www.panjabdigilib.org

ਅਗਲਾ ਕਦਮ ਉਠਇਆ। ਉਨ੍ਹਾਂ ਦੀ ਅਗਵਾਈ ਦੀ ਮਹੱਤਤਾ, ਉਸ ਵੇਲੇ ਦੀ ਸਿੱਖ ਲਹਿਰ ਦੀ ਮਜ਼ਬੂਤੀ, ਉਸ ਦੇ ਕੱਦ, ਉਨ੍ਹਾਂ ਦੇ ਉਠਾਏ ਕਦਮਾਂ ਤੋਂ ਜ਼ਾਹਿਰ ਹੈ। **ਲੰਗਰ** ਚਲਦਾ ਤਾਂ ਆਉਂਦਾ ਹੀ ਸੀ, ਉਨ੍ਹਾਂ ਨੇ ਉਸ ਦੇ ਚੱਲਣ ਵਿਚ ਪਰਕਾਰਕ ਤਬਦੀਲੀ ਕੀਤੀ। ਸਿੱਖ ਸੰਗਤਾਂ ਨੂੰ ਵੰਗਾਰਿਆ। ਹੁਕਮ ਹੋਇਆ ਕਿ ਰਸਦ ਰੋਜ਼ ਦੀ ਰੋਜ਼ ਖ਼ਤਮ ਹੋਵੇ। ਰਾਤ ਨੂੰ ਭਾਂਡੇ ਮੂਧੇ ਵੱਜਣ। ਅਗਲੇ ਦਿਨ ਲੋਹ ਨਵੀਂ ਆਈ ਰਸਦ ਤੋਂ ਤਪੇ। ਜੋ ਆਵੇ, ਪੰਗਤ ਵਿਚ ਬੈਠ ਕੇ ਲੰਗਰ ਵਿਚੋਂ ਪ੍ਰਸ਼ਾਦ ਛਕੇ, ਪਿੱਛੋਂ ਗੁਰੂ ਦੇ ਦਰਸ਼ਨ ਪਾਵੇ। ਇਹ ਕਦਮ ਲੋਕਾਂ ਦੀ ਗੁਰੂ ਵੱਲ ਸ਼ਰਧਾ, ਗੁਰੂ ਦੀ ਉੱਸਰੀ ਮਹੱਤਤਾ ਦਾ ਸੋਹਣਾ ਸਬੂਤ ਸੀ। ਇਹ ਕਾਨੂੰਨ ਗੁਰੂ ਦੇ ਦਰ 'ਤੇ ਆਏ ਅਕਬਰ ਉਤੇ ਵੀ ਲਾਗੂ ਹੋਇਆ। ਲੋਕਾਂ ਤੋਂ ਲੰਗਰ ਵਾਸਤੇ ਅਤੁੱਟ ਭੰਡਾਰਾ ਪ੍ਰਾਪਤ ਹੋਇਆ। ਸਿੱਖ ਸੰਗਤਾਂ ਪਾਸ ਹੋਈਆਂ ਅਤੇ ਗੁਰੂ ਸਾਹਿਬ ਨੇ ਲੰਗਰ ਵਾਸਤੇ ਸ਼ਹਿਨਸ਼ਾਹ ਕੋਲੋਂ ਜਾਗੀਰ ਲੈਣੋਂ ਇਨਕਾਰ ਕਰ ਦਿਤਾ। ਅਕਬਰ ਨੇ ਜਾਗੀਰ ਬੀਬੀ ਭਾਨੀ ਦੇ ਨਾਂ ਲਾਈ। ਸਿੱਖ ਸੰਗਤਾਂ ਦੀ ਗੁਰੂ-ਸ਼ਰਧਾ ਹੋਰ ਭਾਰ ਚੁੱਕਣ ਵਾਸਤੇ ਤਿਆਰ ਸੀ। ਗੁਰੂ ਸਾਹਿਬ ਨੇ **ਗੋਇੰਦਵਾਲ ਵਿਚ ਬਾਉਲੀ** ਆਰੰਭੀ ਅਤੇ ਨੇਪਰੇ ਚੜ੍ਹਾਈ। ਮਗਰੋਂ ਗੁਰੂ ਬਣਨ ਵਾਲੇ ਰਾਮ ਦਾਸ ਜੀ ਨੂੰ ਹੁਕਮ ਹੋਇਆ ਕਿ ਉਹ ਅੰਮ੍ਰਿਤ ਦਾ ਸਰੋਵਰ ਪੁਟਵਾਵੇ। ਬਾਉਲੀ ਲਹਿਰ ਦੀ ਪੱਕਿਆਈ ਵਿਚ ਇਕ ਹੋਰ ਪਰਕਾਰਕ ਕਦਮ ਸੀ। ਚੇਤਨਤਾ ਦਾ ਰੂਪ ਚੂੰਕਿ ਮਜ਼੍ਹਬੀ ਸੀ, ਪਕਿਆਈ ਨੇ ਮਜ਼੍ਹਬੀ ਰੂਪ ਇਖ਼ਤਿਆਰ ਕੀਤਾ। ਯਾਤਰੂਆਂ ਵਾਸਤੇ, ਹਿੰਦੂ ਤੀਰਥਾਂ ਦੇ ਸਾਵਾਂ, ਸਿੱਖਾਂ ਦਾ ਤੀਰਥ ਬਣਿਆ। ਲਹਿਰ ਦਾ ਕੇਂਦਰ ਸਥਾਪਿਤ ਹੋਇਆ।

ਸਿੱਖੀ ਦਾ ਸੱਚ ਸਾਰੇ ਪੰਜਾਬ ਵਿਚ ਖਿੱਲਰਿਆ। ਇਕ ਕੇਂਦਰ ਤੋਂ ਇਕੱਲੇ ਗੁਰੂ ਵਾਸਤੇ, ਸਭ ਦੇ ਸਭ ਸਿੱਖਾਂ ਨੂੰ ਨਾਮ (ਲੋਕ-ਹਿੱਤ ਵਾਲਾ ਨਜ਼ਰੀਆ) ਦੇਣਾ, ਉਨ੍ਹਾਂ ਨੂੰ ਸੰਤੁਸ਼ਟ ਕਰਨਾ ਅਸੰਭਵ ਹੋ ਗਿਆ। ਗੁਰੂ ਸਾਹਿਬ ਨੇ ਪੰਜਾਬ ਨੂੰ ਸਿੱਖੀ ਦੇ ਸੱਚ ਦੇ ਪ੍ਰਚਾਰ ਵਾਸਤੇ ਅਕਬਰ ਦੇ ਰਾਜ-ਪ੍ਰਬੰਧ ਵਾਂਗ ਬਾਈ ਪਰਗਣਿਆ ਵਿਚ ਵੰਡਿਆ। **ਬਾਈ ਮੰਜੀਆਂ** ਕਾਇਮ ਕੀਤੀਆਂ। ਹਰ ਮੰਜੀ ਗੁਰੂ ਦੇ ਕਿਸੇ ਪੱਕੇ ਸ਼ਰਧਾਲੂ ਸਿੱਖ ਦੇ ਹਵਾਲੇ ਕੀਤੀ ਗਈ। **ਇਸ ਤਰ੍ਹਾਂ ਮੁਤਵਾਜ਼ੀ ਹਕੂਮਤ ਦੇ ਪੂਰਨੇ ਪਏ।**

ਇਨਕਲਾਬੀ ਲਹਿਰ ਤਾਂ ਹੀ ਕਾਮਯਾਬ ਹੋ ਸਕਦੀ ਹੈ ਜੇ ਉਹ ਲੋਕਾਂ ਦੀ ਪੂਰੀ ਜ਼ਿੰਦਗੀ ਨੂੰ ਆਪਣੇ ਸੱਚ ਅਤੇ ਸੱਚੇ ਵਿਚ ਢਾਲੇ, ਤਾਂ ਜੋ ਮਨੁੱਖ ਦੀ ਸਾਰੀ ਜ਼ਿੰਦਗੀ ਦਾ ਪ੍ਰਗਟਾਵਾ ਹੀ ਉਸ ਦੀਆਂ ਹਿੱਤੀ ਸੰਸਥਾਵਾਂ ਰਾਹੀਂ ਹੋਵੇ। ਜੋ ਵੀ ਉਸ ਦੀਆਂ ਹਿੱਤੀ ਸੰਸਥਾਵਾਂ ਤੋਂ ਬਾਹਰ ਰਿਹਾ, ਉਹ ਉਸ ਦੀਆਂ ਵਿਰੋਧੀ ਸੰਸਥਾਵਾਂ ਦੇ ਅਧੀਨ ਰਿਹਾ। ਸੋ ਵਿਰੋਧੀ ਰਿਹਾ। **ਵਿਆਹ ਸ਼ਾਦੀ** ਤੇ **ਮੌਤ** ਸਮਾਜਕ ਜ਼ਿੰਦਗੀ ਦੇ ਅਹਿਮ ਮੌਕੇ ਹੁੰਦੇ ਹਨ। ਇਨ੍ਹਾਂ ਮੌਕਿਆਂ ਬਾਬਤ ਹਰ ਸਮਾਜਕ ਤੋਰ ਦੇ ਆਪਣੇ ਰਵਾਜ,



Digitized by Panjab Digital Library | www.panjabdigilib.org

ਆਪਣੀਆਂ ਰੀਤਾਂ ਹੁੰਦੀਆਂ ਹਨ। ਹਿੰਦੂ ਸਮਾਜਕ ਬਣਤਰ ਅਨੁਸਾਰ ਹੋਰਨਾਂ ਮੌਕਿਆਂ ਵਾਂਗ, ਇਨ੍ਹਾਂ ਮੌਕਿਆਂ ਉਤੇ ਵੀ ਬ੍ਰਾਹਮਣਾਂ ਦੀ ਪੁਜਾਰੀ ਜਮਾਤ ਹੀ ਪ੍ਰਧਾਨ ਸੀ। ਗੁਰੂ ਸਾਹਿਬ ਨੇ ਇਨ੍ਹਾਂ ਰਸਮਾਂ ਵਿਚ ਵੀ ਆਪਣੀ ਵਸਤੂ ਪਾਈ। ਰਾਗ ਸੂਹੀ ਦੀ ਬਾਣੀ ਭਾਵੇਂ ਮਹਲੇ ੪ ਦੀ ਹੈ, ਪਰ ਮੰਨਿਆਂ ਇਹ ਹੀ ਜਾਂਦਾ ਹੈ ਕਿ ਲਾਵਾਂ ਰਾਹੀਂ ਵਿਆਹ ਦੀ ਰਸਮ ਗੁਰੂ ਅਮਰ ਦਾਸ ਨੇ ਸ਼ੁਰੂ ਕਰਵਾਈ। ਮਰਨ ਉਤੇ ਵੀ ਉਨ੍ਹਾਂ ਦੀ ਹਿਦਾਇਤ ਸਪੱਸ਼ਟ ਹੈ। ਜ਼ਿਕਰ ਭਾਵੇਂ ਉਨ੍ਹਾਂ ਦੀ ਆਪਣੀ ਮੌਤ ਦਾ ਹੈ; ਬ੍ਰਾਹਮਣਪੁਣਾ ਸਿੱਖ ਦੀ ਜ਼ਿੰਦਗੀ ਤੋਂ ਦੂਰ ਕੀਤਾ ਜਾ ਰਿਹਾ ਹੈ। ਉਨ੍ਹਾਂ ਨਾ ਸਿਰਫ਼ ਬ੍ਰਾਹਮਣ ਤੇ ਉਸ ਦੀ ਵਿਚਾਰਧਾਰਾ ਨੂੰ ਹੀ ਬਾਹਰ ਕੱਢਿਆ, ਬਲਕਿ ਹਰ ਮੌਕੇ ਉਤੇ ਬਾਣੀ ਦੇ ਕੀਰਤਨ ਰਾਹੀਂ ਲੋਕ-ਹਿੱਤ ਦੇ ਨਜ਼ਰੀਏ ਦਾ ਪ੍ਰਚਾਰ ਤੇ ਪਰਪੱਕਤਾ ਦਾ ਪ੍ਰਬੰਧ ਕੀਤਾ।

ਇਸੇ ਤਰ੍ਹਾਂ ਹੀ ਵਿਸਾਖੀ, ਮਾਘੀ ਤੇ ਦੀਵਾਲੀ ਦੇ **ਤਿਉਹਾਰ ਤੇ ਮੇਲੇ** ਸਨ। ਗੁਰੂ ਸਾਹਿਬ ਨੇ ਉਨ੍ਹਾਂ ਵਿਚੋਂ ਪਰੰਪਰਾਈ ਵਸਤੂ ਕੱਢ ਕੇ ਆਪਣੀ ਵਸਤੂ ਪਾਈ। ਇਨ੍ਹਾਂ ਮੇਲਿਆਂ ਮੁਬਾਹਸਿਆਂ ਉਤੇ ਵੀ ਲੰਗਰ ਲਗਾਏ, ਦੀਵਾਨ ਸਜਾਏ, ਕੀਰਤਨ ਕਰਵਾਏ ਅਤੇ ਇਨ੍ਹਾਂ ਨੂੰ ਸਿੱਖ ਬਰਾਦਰੀ ਦੀ ਮਿਲਣੀ ਦਾ ਮੌਕਾ ਬਣਾਇਆ। ਜਥੇਬੰਦੀ ਨੂੰ ਮਜ਼ਬੂਤੀ ਕਰਨ ਅਤੇ ਪ੍ਰਚਾਰ ਨੂੰ ਹੋਰ ਕਾਰਗਰ ਬਣਾਉਣ ਦਾ ਅਵਸਰ ਸਮਝ ਕੇ ਵਰਤਿਆ। ਗੱਲ ਕੀ, ਹਰ ਤਿਉਹਾਰ, ਹਰ ਰੀਤ ਨੂੰ ਜਾਂ ਬਦਲਿਆ ਅਤੇ ਜਾਂ ਉਸ ਨੂੰ ਲੋਕ-ਹਿੱਤ ਨੂੰ ਜਗਾਉਣ ਦਾ ਪੂਰਨ ਵਸੀਲਾ ਬਣਾ ਲਿਆ; ਗੁਰੂ ਅਮਰਦਾਸ ਦੀ ਅਗਵਾਈ ਹੇਠ ਹਿੰਦੂ ਸਮਾਜ ਨਾਲੋਂ ਖਿਸਕ ਕੇ ਸਿੱਖ ਕਾਫ਼ੀ ਦੂਰ ਹੋ ਰਹੇ ਸਨ। ਆਪਣੇ ਆਪ ਵਿਚ ਅੱਡ ਬਰਾਦਰੀ ਅਤੇ ਅੱਡ ਜਮਾਤ ਬਣ ਰਹੇ ਸਨ। ਸਿੱਖ ਲਹਿਰ ਇਸ ਵਕਤ ਕਿੰਨਾਂ ਕੁ ਕੱਦ ਕਰ ਚੁੱਕੀ ਸੀ, ਗੁਰੂ ਸਾਹਿਬ ਕਿੰਨੇ ਕੁ ਉਘੇ ਹੋ ਚੁੱਕੇ ਸਨ ਇਹ ਪਹਾੜੀ ਰਾਜਿਆਂ ਦੀ ਉਨ੍ਹਾਂ ਵਲ ਸ਼ਰਧਾ ਅਤੇ ਅਕਬਰ ਦੇ ਉਨ੍ਹਾਂ ਕੋਲ ਆਉਣ ਤੋਂ ਜ਼ਾਹਿਰ ਹੈ। ਅਕਬਰ ਦੇ ਆਉਣ ਨਾਲ ਲੋਕਾਂ ਦਿਆਂ ਦਿਲਾਂ ਵਿਚ ਉਨ੍ਹਾਂ ਦੀ ਮਹੱਤਤਾ ਹੋਰ ਵਧੀ ਅਤੇ ਉਨ੍ਹਾਂ ਦੇ ਬਹੁਤ ਸਾਰੇ ਨਵੇਂ ਸ਼ਰਧਾਲੂ ਬਣੇ। ਅਕਬਰ ਨਾਲ ਉਨ੍ਹਾਂ ਦੇ ਮੇਲ ਦਾ ਮਤਲਬ ਗੁਰੂ ਸਾਹਿਬ ਜਾਂ ਸਿੱਖ ਲਹਿਰ ਦਾ ਆਪਣੇ ਅਕੀਦੇ ਤੋਂ ਢਿੱਲਾ ਹੋਣਾ ਨਹੀਂ। ਲੰਗਰ ਵਿਚੋਂ ਅਕਬਰ ਨੇ ਪ੍ਰਸ਼ਾਦ ਛਕਿਆ। ਜਾਗੀਰ ਬੀਬੀ ਭਾਨੀ ਨੂੰ ਦੇ ਗਿਆ। ਗੁਰੂ ਸਾਹਿਬ ਦੇ ਕਹਿਣ ਉਤੇ ਮਾਮਲਾ ਕਿਸਾਨਾਂ ਦਾ ਮੁਆਫ਼ ਕਰ ਗਿਆ। ਕਿਸਾਨਾਂ ਨੇ ਗੁਰੂ ਨੂੰ ਆਪਣੇ ਹਿੱਤ ਦਾ ਤਾਂ ਆਪੇ ਸਮਝਣਾ ਹੀ ਸੀ। ਜਿੰਨੀ ਗੁਰੂ ਸਾਹਿਬ ਦੀ ਮਹੱਤਤਾ ਵਧਦੀ ਗਈ, ਬ੍ਰਾਹਮਣਾਂ ਦਾ ਵੈਰ ਵਿਰੋਧ ਵੀ ਵਧੇਰੇ ਹੁੰਦਾ ਗਿਆ। ਜੋਗੀਆਂ ਵੀ ਵਿਚਾਰਧਾਰਕ ਪੱਧਰ ਉਤੇ ਆਪਣੇ ਵਲੋਂ ਕੋਈ ਕਸਰ ਬਾਕੀ ਨਾ ਛੱਡੀ।

**ਸਿੱਖ ਲਹਿਰ ਨੇ ਲੋਕ-ਹਿੱਤ ਦੀ ਨੀਂਹ ਉਤੇ ਰਾਸ਼ਟਰੀ ਮਸਲਾ ਖੜਾ**



Digitized by Panjab Digital Library | www.panjabdigilib.org

**ਕੀਤਾ ਸੀ ।** ਰਾਸ਼ਟਰੀ ਮਸਲਾ ਖੜਾ ਕਰਨ ਦਾ ਮਤਲਬ ਰਾਸ਼ਟਰ ਦੀ ਉਸਾਰੀ ਹੈ । ਸਮਾਜ ਦੀ ਡਾਇਲੈਕਟਿਕਸ ਉਸ ਵੇਲੇ ਬੜੀ ਸਪੱਸ਼ਟ ਸੀ । ਆਮ ਜ਼ਿੰਦਗੀ ਉਸਾਰੀ ਉਤੇ ਸੀ, ਪਰ ਸਮਾਜ ਦਾ ਢਾਂਚਾ ਫ਼ਿਊਡਲ ਸੀ । ਅਕਬਰ ਦੇ ਰਾਜ ਵਿਚ ਫ਼ਿਊਡਲ ਸਭਿਅਤਾ ਆਪਣੀ ਸਿਖਰ ਉਤੇ ਸੀ, ਉਸਾਰੀ ਉਤੇ ਸੀ; ਇਸ ਵਾਸਤੇ ਹੀ ਅਕਬਰ ਤੇ ਸਿੱਖ ਗੁਰੂ ਸਾਹਿਬਾਨ ਦਾ ਮੇਲ ਸੰਭਵ ਸੀ । ਇਸ ਮੇਲ ਤੋਂ ਸਿੱਖ ਲਹਿਰ ਨੂੰ ਆਪਣੀ ਉਸਾਰੀ ਵਿਚ ਫ਼ਾਇਦਾ ਹੋਇਆ । ਅਕਬਰ ਦੇ ਰਾਜ-ਪ੍ਰਬੰਧ ਵਿਚ ਉਸਾਰੂ ਅੰਸ਼ ਹੋਣ ਕਰਕੇ ਹੀ ਉਹ ਅਤੇ ਉਸ ਦੇ ਦਰਬਾਰੀ ਅਤੇ ਉੱਚੀਆਂ ਜਾਤੀਆਂ ਦੇ ਹੋਰ ਲੋਕ ਗੁਰੂ ਸਾਹਿਬ ਵਲ ਅਤੇ ਸਿੱਖ ਲਹਿਰ ਵਲ ਹਮਦਰਦ ਹੋ ਸਕਦੇ ਸੀ । ਪਰ ਨਿਜ਼ਾਮ ਚੂੰਕਿ ਫ਼ਿਊਡਲ ਸੀ; ਇਸ ਵਾਸਤੇ ਲੋਕਾਂ ਦੀਆਂ ਜਾਗੀਆਂ ਹੋਈਆਂ ਸੱਧਰਾਂ ਦੀ ਅਮਲੀ ਤੌਰ ਉਤੇ ਤਰਜਮਾਨੀ ਕਰਨੀ ਅਸੰਭਵ ਸੀ । ਲੋਕ ਆਪਣੇ ਹਿੱਤ ਦਾ ਪੈਂਤੜਾ ਖੜਾ ਕੀਤੀ ਬੈਠੇ ਸਨ । ਰੂਪ ਭਾਵੇਂ ਮਜ਼ਹਬੀ ਸੀ, ਪਰ ਲੋਕਾਂ ਨੂੰ ਆਪਣੇ ਹਿੱਤ ਦੀ ਜਾਗ੍ਰਿਤੀ ਸੀ । ਸੋ ਲੋਕਾਂ ਵਿਚ ਉੱਦਮ ਸੀ, ਹਰਕਤ ਸੀ, ਫ਼ੈਸਲਾ ਕਰਨ ਦੀ, ਇਤਿਹਾਸਕ ਕੰਮ ਵਾਸਤੇ ਪਹਿਲ ਕਰਨ ਦੀ ਸ਼ਕਤੀ ਸੀ । ਰਾਜ-ਪ੍ਰਬੰਧ ਤੋਂ ਇਲਾਵਾ, ਆਜ਼ਾਦ ਲੋਕ-ਹਿੱਤ ਦੇ ਪੈਂਤੜੇ ਵਲੋਂ ਜ਼ਿੰਦਗੀ ਉਸਾਰੀ ਉਤੇ ਸੀ । ਇਸ ਦੀ ਪੁਸ਼ਟੀ ਇਸ ਗੱਲ ਤੋਂ ਹੁੰਦੀ ਹੈ ਕਿ ਲੋਕ-ਹਿੱਤ ਦੀ ਨੀਂਹ ਉਤੇ ਖੜੀ ਰਾਸ਼ਟਰੀ ਸਿੱਖ-ਲਹਿਰ ਨੇ ਗੁਰੂ ਸਾਹਿਬ ਦੀ ਅਗਵਾਈ ਹੇਠ ਆਪਣੇ ਕੇਂਦਰ ਉਹ ਕਾਇਮ ਕੀਤੇ ਜੋ ਅਮਲੀ ਤੌਰ ਉਤੇ ਵਪਾਰ ਅਤੇ ਸਿਆਸੀ ਰਸੂਖ਼ ਦੇ ਨੁਕਤੇ ਤੋਂ ਚੂਲੀ ਸਨ । ਇਸ ਵਿਚ ਹੈਰਾਨੀ ਵਾਲੀ ਕੋਈ ਗੱਲ ਨਹੀਂ । **ਮਜ਼ਹਬੀ ਲਹਿਰਾਂ ਦਾ ਅਸਲਾ ਸਿਆਸੀ ਹੁੰਦਾ ਹੈ, ਸਿਆਸਤ ਦੀ ਜੜ੍ਹ ਆਰਥਕਤਾ ਤੇ ਸਮਾਜਕ ਤੋਰ ਵਿਚ ਹੁੰਦੀ ਹੈ ।** ਸੋ **ਫ਼ੈਸਲਾ ਭਾਵੇਂ ਨਿਰੋਲ ਮਜ਼ਹਬੀ ਮਨੋਰਥਾਂ ਦੇ ਅਧੀਨ ਹੋਵੇ, ਫ਼ੈਸਲਾ ਕਰਨ ਵਾਲੇ ਉਸ ਦਾ ਕਾਰਨ, ਰੈਸ਼ਨੇਲ ਵੀ ਭਾਵੇਂ ਮਜ਼ਹਬੀ ਦੱਸਣ, ਫ਼ੈਸਲੇ ਦਾ ਅਸਲਾ, ਉਸ ਦੀ ਸਮਾਜਕ ਤੋਰ, ਜ਼ਿੰਦਗੀ ਦੀ ਟੋਟੈਲਿਟੀ ਦੇ ਪ੍ਰਸੰਗ ਵਿਚ ਹੁੰਦੀ ਹੈ । ਮਹਾਨ ਸਾਹਿੱਤਕਾਰਾਂ ਦੀ ਰਚਨਾ ਪਰਖਣ ਵਾਂਗ ਇਤਿਹਾਸਿਕ ਲਹਿਰਾਂ ਤੇ ਇਤਿਹਾਸਿਕ ਵਿਅਕਤੀਆਂ ਦੇ ਕੀਤੇ ਕੰਮਾਂ ਨੂੰ ਪਰਖਣ ਲੱਗਿਆਂ ਵੇਖਣਾ ਇਹ ਨਹੀਂ ਹੁਦਾ ਕਿ ਉਹ ਆਪ ਕਰਨਾ ਕੀ ਚਾਹੁੰਦੇ ਸਨ, ਕਹਿੰਦੇ ਕੀ ਸਨ, ਬਲਕਿ ਵੇਖਣਾ ਇਹ ਹੁੰਦਾ ਹੈ ਕਿ ਅਮਲੀ ਤੌਰ ਉਤੇ ਉਨ੍ਹਾਂ ਕੀਤਾ ਕੀ ? ਇਤਿਹਾਸਿਕ ਵਿਅਕਤੀਆਂ, ਚੇਤਨ ਤੌਰ ਉਤੇ, ਆਵਾਜ਼ਾਂ ਭੂਤ ਨੂੰ ਹੀ ਮਾਰਦੀਆਂ ਹਨ, ਪਰ ਉਸਾਰਦੀਆਂ ਭਵਿੱਖ 'ਹੁੰਦੀਆਂ ਹਨ ।** ਗੁਰੂ ਸਾਹਿਬ ਦਾ ਚੇਤਨ ਤੌਰ ਉਤੇ ਇਨ੍ਹਾਂ ਕੇਂਦਰਾਂ ਨੂੰ ਖੜੇ ਕਰਨ ਦਾ ਮਨੋਰਥ ਸ਼ਾਇਦ ਨਿਰੋਲ ਮਜ਼ਹਬੀ ਹੀ ਹੋਵੇ । (ਵੈਸੇ ਇਹ ਗੱਲ ਮੰਨਣ ਵਿਚ ਨਹੀਂ ਆਉਂਦੀ । ਜਿਨ੍ਹਾਂ ਗੁਰੂ ਸਾਹਿਬਾਨ



Digitized by Panjab Digital Library | www.panjabdigilib.org

ਨੂੰ ਰੱਬ ਦੀ ਪ੍ਰਾਪਤੀ ਕਰਦਿਆਂ ਕਰਾਉਂਦਿਆਂ, ਕਿਸਾਨਾਂ ਦੇ ਮਾਮਲੇ ਮੁਆਫ਼ ਕਰਾਉਣ, ਉਨ੍ਹਾਂ ਦੇ ਉੱਜੜਨ ਵੱਸਣ ਦਾ ਫ਼ਿਕਰ ਹੋ ਸਕਦਾ ਸੀ, ਉਨ੍ਹਾਂ ਬਾਬਤ ਇਹ ਕਿਆਸ ਕਰਨਾ ਕਿ ਉਨ੍ਹਾਂ ਨੂੰ ਇਨ੍ਹਾਂ ਕੇਂਦਰਾਂ ਦੀ ਵਪਾਰਕ ਤੇ ਸਿਆਸੀ ਸੰਭਾਵਨਾ ਦੀ ਸੂਝ ਹੀ ਨਹੀਂ ਸੀ, ਕੁਝ ਜਚਦਾ ਨਹੀਂ।) ਪਰ ਸਮਾਜਕ ਜਾਗ੍ਰਿਤਾ ਤੇ ਉਸਾਰੀ ਵੇਲੇ ਉੱਠਦੀਆਂ ਲਹਿਰਾਂ ਦਾ ਮੰਤਕ ਆਪਣਾ ਹੀ ਹੁੰਦਾ ਹੈ। ਉਹ ਉਹੋ ਹੀ ਕਦਮ ਉਠਵਾਉਂਦੀਆਂ ਹਨ ਜੋ ਇਤਿਹਾਸਕ ਤੌਰ ਉਤੇ ਲੋੜੀਂਦੇ ਹੁੰਦੇ ਹਨ। ਰੈਸ਼ਨੇਲ ਉਨ੍ਹਾਂ ਦਾ ਕੁਝ ਵੀ ਹੋਵੇ, ਫ਼ੌਰੀ ਕਾਰਨ ਭਾਵੇਂ ਹੋਰ ਹੀ ਬਣਨ। ਇਸਲਾਮ ਮੱਕਿਉਂ ਉਠਿਆ, ਮੱਕਾ ਉਸ ਦਾ ਕੇਂਦਰ ਬਣਿਆ, ਕਿਉਂਕਿ ਉਹ ਉਸ ਵਕਤ ਦੀ ਕੌਮਾਂਤਰੀ ਤਿਜਾਰਤ ਦੀ ਨਾੜ ਸੀ।

ਕਈ ਵੇਰ ਇਹ ਹੁੰਦਾ ਹੈ ਕਿ ਗੱਲ ਬੀਜ-ਰੂਪ ਵਿਚ ਹੁੰਦੀ ਹੈ। ਮਧਕਾਲੀਆਂ ਨੂੰ ਪਤਾ ਨਹੀਂ ਲਗਦਾ, ਓਦੋਂ ਹੀ ਪਤਾ ਲਗਦਾ ਹੈ ਜਦੋਂ ਗੱਲ ਸਪੱਸ਼ਟ ਰੂਪ ਵਿਚ ਉੱਘੜ ਆਉਂਦੀ ਹੈ, ਕਿਉਂਕਿ ਇਤਿਹਾਸਕ ਤੌਰ ਉਤੇ ਇਸ ਦਾ ਉਘੜਨਾ ਲਾਜ਼ਮੀ ਹੁੰਦਾ ਹੈ। **ਇਤਿਹਾਸ ਦਾ ਫ਼ਰਜ਼ ਹੈ ਕਿ ਫਲ-ਰੂਪ ਉਤੋਂ ਗੱਲ ਦੇ ਬੀਜ-ਰੂਪ ਤਕ ਜਾਵੇ।** ਲੋਕਾਂ ਦੇ ਪੈਂਤੜੇ ਤੋਂ ਜ਼ਿੰਦਗੀ ਦੀ ਉਸਾਰੀ ਦੀ ਔਹਲ ਇਸ ਗੱਲ ਤੋਂ ਜ਼ਾਹਿਰ ਹੈ ਕਿ ਗੁਰੂ ਸਾਹਿਬਾਨ ਨੇ **ਨਗਰ** ਵਸਾਏ। ਗੁਰੂ ਨਾਨਕ ਨੇ ਕਰਤਾਰਪੁਰ, ਗੁਰੂ ਅਮਰ ਦਾਸ ਨੇ ਗੋਇੰਦਵਾਲ, ਗੁਰੂ ਰਾਮਦਾਸ ਨੇ ਅੰਮ੍ਰਿਤਸਰ, ਗੁਰੂ ਅਰਜਨ ਨੇ ਅੰਮ੍ਰਿਤਸਰ ਤੇ ਤਰਨਤਾਰਨ ਆਦਿ। ਪਰ ਵੇਖਣ ਵਾਲੀ ਗੱਲ ਕੇਂਦਰਾਂ ਦੀ ਚੋਣ ਹੈ। ਜਾਪਦਾ ਇਹ ਹੈ ਜਿਵੇਂ ਇਹ ਵਜੂਦ ਵਿਚ ਆਉਣ ਨੂੰ ਔਹਲ ਰਹੇ ਸਨ। ਜ਼ਿੰਦਗੀ ਆਪ ਇਨ੍ਹਾਂ ਨੂੰ ਉਭਾਰ ਰਹੀ ਸੀ। ਗੁਰੂ ਨਾਨਕ ਨੇ ਆਪਣੀ ਜੰਮਣ ਜੂਹ ਛੱਡ ਕੇ ਰਾਵੀ ਤੋਂ ਪੂਰਬ ਆ ਡੇਰਾ ਲਾਇਆ। ਅੰਮ੍ਰਿਤਸਰ ਦੀ ਛਪੜੀ ਉਨ੍ਹਾਂ ਨੂੰ ਖ਼ਾਸ ਭਾਉਂਦੀ ਸੀ। ਗੁਰੂ ਅੰਗਦ ਨੂੰ ਉਨ੍ਹਾਂ ਖਡੂਰ ਦਾ ਰਾਹ ਵਿਖਾਇਆ। ਗੋਇੰਦਵਾਲ ਨੂੰ ਗੁਵਿੰਦਾ ਖ਼ਤਰੀ ਪਹਿਲਾਂ ਹੀ ਵਸਾਉਣਾ ਚਾਹੁੰਦਾ ਸੀ। ਗੁਰੂ ਅੰਗਦ ਨੇ ਗੁਰੂ ਅਮਰ ਦਾਸ ਨੂੰ ਗੋਇੰਦਵਾਲ ਦੀ ਸਲਾਹ ਦਿਤੀ ਅਤੇ ਗੁਰੂ ਅਮਰ ਦਾਸ ਨੇ ਗੁਰੂ ਰਾਮ ਦਾਸ ਨੂੰ ਆਪ ਅੰਮ੍ਰਿਤਸਰ ਭੇਜਿਆ। ਇਹ ਥਾਵਾਂ ਲੋਕਾਂ ਦੇ ਜ਼ਿਹਨ ਉਤੇ ਜਿਵੇਂ ਅੱਗੇ ਹੀ ਚੜ੍ਹੀਆਂ ਹੋਈਆਂ ਸਨ; ਵੱਸਣ ਨੂੰ ਔਹਲ ਰਹੀਆਂ ਸਨ। ਗੁਰੂ ਸਾਹਿਬ ਨੇ ਇਸ ਔਹਲ ਦੀ ਤਰਜਮਾਨੀ ਕੀਤੀ। ਇਨ੍ਹਾਂ ਨੇ ਵਜੂਦ ਵਿਚ ਆ ਕੇ ਮੋੜਵੇਂ ਅਸਰ ਨਾਲ ਸਿੱਖ ਲਹਿਰ ਨੂੰ ਤਾਕਤ ਦਿਤੀ। ਤਜਾਰਤ ਵਧੀ। ਸਿਆਸੀ ਰਸੂਖ਼ ਉਸਰਿਆ। ਗੋਇੰਦਵਾਲ ਤਜਾਰਤੀ ਰਾਹ ਉਤੇ ਸੀ। ਅੰਮ੍ਰਿਤਸਰ ਲੋਕ ਲਹਿਰ ਦਾ ਕੁਦਰਤੀ ਕੇਂਦਰ, ਉਸ ਦੀ ਹੋਣ ਵਾਲੀ ਰਾਜਧਾਨੀ ਸੀ। ਲਾਹੌਰੋਂ ਹਟਵਾਂ ਦੁਰੇਡਾ, ਹਿੰਦੂ ਜੱਟਾਂ ਦੇ ਇਲਾਕੇ ਦੀ ਧੁੰਨੀ, ਉਦਾਲੇ ਮਾਝੇ ਦੀ ਵਸੋਂ ਸਿਰਲੱਥ ਅਤੇ ਕੇਂਦਰ ਬਣਨ ਦੀਆਂ ਸੰਭਾਵਨਾਵਾਂ ਅਥਾਹ। ਜੇ ਕੋਈ ਨਿਰੋਲ ਲੋਕ-



Digitized by Panjab Digital Library | www.panjabdigilib.org

ਲਹਿਰ, ਵਪਾਰ ਦੀ ਜਥੇਬੰਦੀ ਤੇ ਉਸ ਦੇ ਸਿਆਸੀ ਸੰਗਠਨ ਦੇ ਨੁਕਤੇ ਤੋਂ ਕੇਂਦਰ ਚੁਣਨੇ ਚਾਹੁੰਦਾ, ਤਾਂ ਉਹ ਅੰਮ੍ਰਿਤਸਰ ਤੇ ਤਰਨਤਾਰਨ ਨਾਲੋਂ ਚੰਗੇ ਨਹੀਂ ਸੀ ਚੁਣ ਸਕਦਾ। ਗੁਰੂ ਅਮਰ ਦਾਸ ਦੇ ਕਹਿਣ ਉਤੇ ਗੁਰੂ ਰਾਮ ਦਾਸ ਨੇ ਅੰਮ੍ਰਿਤ ਦਾ ਸਰੋਵਰ ਪੁੱਟਿਆ, ਵਸੋਂ ਵਸਾਈ। ਗੁਰੂ ਅਰਜਨ ਨੇ ਸਰੋਵਰ ਵਿਚ ਹਰਿਮੰਦਰ ਉਸਾਰਿਆ ਅਤੇ ਨਾਲ ਹੀ ਤਰਨਤਾਰਨ ਦਾ ਕੇਂਦਰ ਕਾਇਮ ਕੀਤਾ। ਗੁਰੂ ਅਮਰਦਾਸ ਨੇ ਅੰਮ੍ਰਿਤਸਰ ਦਾ ਕੇਂਦਰ ਅਰੰਭਿਆ, ਵਸਾਇਆ ਅਤੇ ਸਿੱਖੀ ਦੇ ਪ੍ਰਚਾਰ ਨੂੰ ਹੋਰ ਮਜ਼ਬੂਤੀ ਨਾਲ ਵਿਸ਼ਾਲ ਕੀਤਾ। ਹੁਣ ਤਕ ਸਿੱਖੀ ਪਿਸ਼ਾਵਰ ਤੋਂ ਲਗ ਕੇ ਦਿੱਲੀ-ਪੰਜਾਬ ਤੇ ਉਸ ਤੋਂ ਬਾਹਰ ਜਾ ਚੁੱਕੀ ਸੀ। ਗੁਰੂ ਰਾਮ ਦਾਸ ਨੇ ਭਾਈ ਗੁਰਦਾਸ ਨੂੰ ਆਗਰੇ ਦੇ ਕੇਂਦਰ ਦਾ ਪ੍ਰਚਾਰਕ ਬਣਾ ਕੇ ਭੇਜਿਆ।

ਅੰਮ੍ਰਿਤ ਦਾ ਸਰੋਵਰ ਬਣਿਆ। ਬਤੌਰ ਤੀਰਥ ਸਿੱਖਾਂ ਦੀਆਂ ਅੱਖਾਂ ਵਿਚ ਓਦੋਂ ਉਸ ਦੀ ਉਹੋ ਹੀ ਪਵਿੱਤਰਤਾ ਸੀ ਜੋ ਹਿੰਦੂਆਂ ਦੀਆਂ ਅੱਖਾਂ ਵਿਚ ਗੰਗਾ ਦੀ। ਅੰਮ੍ਰਿਤਸਰ ਸਿੱਖਾਂ ਦੇ ਵਾਸਤੇ ਮਜ਼ਬੀ ਕੇਂਦਰ, ਉਨ੍ਹਾਂ ਦਾ ਮੱਕਾ ਸੀ। ਗੁਰੂ ਅਰਜਨ ਸਾਹਿਬ ਉਥੇ ਆ ਕੇ ਵਸੇ। ਗੋਇੰਦਵਾਲ ਉਨ੍ਹਾਂ ਛੱਡਿਆ ਨਹੀਂ। ਅਕਬਰ ਉਨ੍ਹਾਂ ਨੂੰ ਉਥੇ ਮਿਲਿਆ ਅਤੇ ਜਹਾਂਗੀਰ ਵੀ ਬਿਆਸ ਦੇ ਕੰਢੇ ਦਾ ਹੀ ਜ਼ਿਕਰ ਕਰਦਾ ਹੈ। ਗੁਰੂ ਦੇ ਸ਼ਰਧਾਲੂ ਗੁਰੂ ਦੇ ਕੋਲ ਆ ਵੱਸੇ। ਉਹ ਵੱਸੇ ਤਾਂ ਸ਼ਾਇਦ ਜ਼ਿਆਦਾ ਮਜ਼ਬੀ ਮਨੋਰਥ ਕਰਕੇ ਹੀ ਹੋਣਗੇ, ਪਰ ਵਪਾਰ ਉਨ੍ਹਾਂ ਨੂੰ ਧੱਕੇ ਦੇ ਕੇ ਆਇਆ। ਰੱਬ ਜਿਵੇਂ ਛੱਤ ਪਾੜ ਕੇ ਦੇਣ ਲੱਗਾ। ਉਨ੍ਹਾਂ ਵਾਸਤੇ ਨਾਲੇ ਪੁੰਨ, ਨਾਲੇ ਫਲੀਆਂ ਹੋ ਗਈਆਂ। ਉਨ੍ਹਾਂ ਦਾ ਵਿਸ਼ਵਾਸ ਕਿ ਗੁਰੂ ਘਰੋਂ ਸਭ ਕੁਝ ਮਿਲਦਾ ਹੈ ਕਿਉਂ ਨਾ ਹੋਰ ਪੱਕਾ ਹੁੰਦਾ ? ਉਨ੍ਹਾਂ ਦੀ ਗੁਰੂ ਘਰ ਵਲ ਸ਼ਰਧਾ ਹੋਰ ਕਿਉਂ ਨਾ ਵਧਦੀ ? ਗੁਰੂ ਨੂੰ ਚੜ੍ਹਾਵਾ ਸਵਾਇਆ ਕਿਉਂ ਨਾ ਚੜ੍ਹਦਾ ? ਸਿੱਖ ਲਹਿਰ ਦੇ ਕੇਂਦਰ ਦੀ ਆਮਦਨ ਵਿਚ ਅਜ਼ਾਫ਼ਾ ਕਿਉਂ ਨਾ ਹੁੰਦਾ ? ਇਹ ਹੀ ਦਸ਼ਾ ਵੱਸੋਂ ਦੇ ਕਮੀਨ ਕਾਂਦੂਆਂ ਦੀ ਸੀ। ਹਿੰਦੂ ਸਮਾਜ ਦੇ ਦੁਰਕਾਰਿਆਂ, ਧਿਰਕਾਰਿਆਂ ਹੋਇਆਂ ਨੂੰ ਗੁਰੂ-ਘਰ ਹਿੱਕ ਨਾਲ ਲਾਉਂਦਾ ਸੀ। ਇੱਜ਼ਤ ਮਾਣ ਬਖ਼ਸ਼ਦਾ ਸੀ। ਖ਼ਾਸ-ਉਲ-ਖ਼ਾਸ ਬਣਾਉਂਦਾ ਸੀ। ਉਨ੍ਹਾਂ ਨੂੰ ਇਥੇ ਸੁਖੀ ਅਤੇ ਅੱਗੇ ਸੁਹੇਲੇ ਹੋਣ ਦਾ ਇਹ ਅਹਿਸਾਸ ਕਿਵੇਂ ਨਾ ਹੁੰਦਾ ? ਜੱਟ, ਕਿਸਾਨ ਵੀ ਇਸੇ ਬੇੜੀ ਵਿਚ ਸਨ। ਜਿਸ ਗੁਰੂ ਨੂੰ ਉਨ੍ਹਾਂ ਦਾ ਐਨਾ ਦਰਦ ਸੀ, ਜਿਨ੍ਹਾਂ ਦੇ ਉਤੇ ਉਹਦੀ ਛਤਰੀ ਸੀ, ਫ਼ਿਊਡਲਾਂ ਦੇ ਵਿਰੁੱਧ ਜਿਨ੍ਹਾਂ ਦੇ ਹਿੱਤ ਨੂੰ ਹੀ ਉਹ ਲਈ ਬੈਠਾ ਸੀ, ਜਿਸ ਦੀ ਅਗਵਾਈ ਹੇਠ ਉਨ੍ਹਾਂ ਸੂਬੇ ਦੀ ਸਿਆਸਤ ਵਿਚ ਕਹਿੰਦੇ ਕਹਾਉਂਦੇ ਹੋਣਾ ਸੀ, ਫ਼ਿਊਡਲ ਰਾਜ ਦਾ ਮੁਕਾਬਲਾ ਕਰਨਾ ਸੀ, ਅੰਤ ਉਸ ਦੀ ਧੌਣ ਉਤੇ ਲੱਤ ਦੇਣੀ ਸੀ, ਉਹ ਉਸ ਦੀ ਸ਼ਰਨ ਕਿਉਂ ਨਾ ਆਉਂਦੇ ? ਉਨ੍ਹਾਂ ਨੂੰ ਇਹ ਕਿਵੇਂ ਅਨੁਭਵ ਨਾ ਹੁੰਦਾ ਕਿ ਗੁਰੂ ਮੂੰਹ-ਮੰਗੀਆਂ ਮੁਰਾਦਾਂ ਦੇਂਦਾ ਹੈ ? ਗੱਲ ਤਾਂ ਸਿੱਧੀ ਸੀ। ਮਜ਼ਬ ਜ਼ਿੰਦਗੀ ਨਾਲੋਂ



Digitized by Panjab Digital Library | www.panjabdigilib.org

ਅਤ ਅਣਸੰਬੰਧਤ ਚੀਜ਼ ਨਹੀਂ ਹੁੰਦਾ, ਜਮਾਤੀ ਹਿੱਤ ਹੀ ਹੁੰਦਾ ਹੈ। ਪਰ ਗੁਰੂ ਦੀ ਦੈਵੀ ਸ਼ਕਤੀ ਦਾ ਵਿਚੋਲਾਪੁਣਾ ਹੋਣ ਕਰਕੇ ਵਿਸ਼ਵਾਸ ਕਰਾਮਾਤੀ ਸੀ। ਅਮ੍ਰਿਤਸਰ ਦਾ ਕੇਂਦਰ ਸਥਾਪਤ ਹੋਣ ਅਤੇ ਉਸ ਦੇ ਮੋੜਵੇਂ ਅਸਰ ਨੇ ਲਹਿਰ ਦੀ ਪਕਿਆਈ ਵਿਚ ਪ੍ਰਕਾਰਕ ਤਬਦੀਲੀ ਲਿਆਂਦੀ। ਗੁਰੂ ਸਾਹਿਬ ਨੇ ਤਰਨ ਤਾਰਨ ਦਾ ਕੇਂਦਰ ਸਥਾਪਤ ਕੀਤਾ। ਉਹ ਮਾਝੇ ਦੀ ਧੁੰਨੀ ਸੀ। ਨਾਲੇ ਮਾਝੇ ਦਾ ਦੌਰਾ ਕੀਤਾ। ਅਤੇ ਮਾਝੇ ਦੀ ਵਸੋਂ ਪੱਕੀ ਤਰ੍ਹਾਂ ਗੁਰੂ-ਘਰ ਦੀ ਹੋ ਗਈ।



Digitized by Panjab Digital Library | www.panjabdigilib.org

# ਮੰਜ਼ਿਲ ਦੀਆਂ ਬਰੂਹਾਂ ਤਕ

**ਗੁਰੂ ਅਰਜਨ** ਦੇ ਸੀਨ 'ਤੇ ਆਉਣ ਤਕ ਸਿੱਖ ਲਹਿਰ ਆਪਣੀ ਮੰਜ਼ਿਲ ਦੀਆਂ ਬਰੂਹਾਂ ਤਕ ਆ ਗਈ ਸੀ। ਸਿੱਖਾਂ ਦੇ ਦਿਲਾਂ ਵਿਚ ਗੁਰੂ, ਸਤਿਗੁਰੂ ਦੇ ਨਾਲ, ਸੱਚਾ ਪਾਤਸ਼ਾਹ ਵੀ ਬਣ ਚੁੱਕਾ ਸੀ। ਗੁਰੂ-ਘਰ ਜੱਦੀ ਹੋ ਚੁੱਕਾ ਸੀ।* ਇਸ ਕਦਮ ਨੇ ਵੀ ਸਤਿਗੁਰੂ ਨੂੰ ਪਾਤਸ਼ਾਹ ਬਣਨ ਵਿਚ ਸਹਾਇਤਾ ਕੀਤੀ। ਅਮਲੀ ਤੌਰ ਉਤੇ ਗੁਰੂ-ਘਰ ਲੋਕ ਤੇ ਪ੍ਰਲੋਕ ਦੋਹਾਂ ਵਿਚ ਅੰਤਲੀ ਓਟ ਤੇ ਰਾਜ-ਪ੍ਰਬੰਧ ਦਾ ਸ਼ਰੀਕ ਹੋ ਗਿਆ ਸੀ। ਰਾਜ-ਪ੍ਰਬੰਧ ਨਾਲ ਅਜੇ ਝੜੱਪ ਨਹੀਂ ਸੀ ਹੋਈ। ਸਗੋਂ ਅਕਬਰ ਸਹਾਈ ਹੀ ਹੋਇਆ ਸੀ। ਪਰ ਹਿੱਤ ਤੇ ਜਮਾਤੀ ਪੈਂਤੜੇ ਵਿਰੋਧੀ ਸਨ। ਟੱਕਰ ਲਾਜ਼ਮੀ ਸੀ। ਉਹ ਆ ਰਹੀ ਸੀ। ਉਡੀਕ ਕਿਸੇ ਸਬੱਬ ਦੀ ਹੋ ਰਹੀ ਸੀ। ਮੌਕੇ ਦੀ ਮੰਗ ਉਸ ਵਾਸਤੇ ਤਿਆਰੀ ਦੀ ਸੀ। ਜਿਹੋ ਜਿਹੀ ਹਾਲਾਤ ਨੇ ਮੰਗ ਕੀਤੀ, ਲੀਡਰ ਬਹੁੜਿਆ। ਸਿੱਖ ਲਹਿਰ ਦਾ ਇਹ ਖ਼ਾਸਾ ਹੈ ਕਿ ਲਹਿਰ ਦੀ ਦਸ਼ਾ ਤੇ ਲੋੜ ਨੇ ਜਿਸ ਕਿਸਮ ਦੇ ਲੀਡਰ ਦੀ ਮੰਗ ਕੀਤੀ, ਗੱਦੀ ਉਤੇ ਬੈਠੇ ਗੁਰੂ ਨੇ ਉਸ ਲੋੜ ਦੀ ਪੂਰਤੀ ਕੀਤੀ। ਡਾਕਟਰ ਗੋਕਲ ਚੰਦ ਨਾਰੰਗ ਦੇ ਮੁਤਾਬਿਕ ਗੁਰੂ ਅਰਜਨ ਉਨ੍ਹਾਂ ਬੰਦਿਆਂ ਵਿਚੋਂ ਸੀ ਜੋ ਰਾਜਾਂ ਦੀਆਂ ਨੀਹਾਂ ਰੱਖਦੇ ਹਨ।* ਗੁਰੂ ਅਰਜਨ ਸਾਹਿਬ ਹਾਲਾਤ ਦੇ ਹਾਣੀ ਹੋਏ। ਉਨ੍ਹਾਂ ਮੁਗ਼ਲੀਆ ਰਾਜ ਦੇ ਅੰਦਰ, ਗੁਰੂ-ਘਰ ਦੇ, ਲੋਕ-ਹਿੱਤ ਦੇ ਰਾਜ ਨੂੰ ਵਜੂਦ ਵਿਚ ਲਿਆਂਦਾ। ਸਿੱਖ ਲਹਿਰ ਦੀ ਸੰਸਥਾ ਸਟੇਟ ਦੇ ਵਿਚ ਸਟੇਟ ਸੀ ਅਤੇ ਮੁਗ਼ਲੀਆ ਸਲਤਨਤ ਦੀ ਵਿਰੋਧੀ।

ਡਾਕਟਰ ਗੋਕਲ ਚੰਦ ਨਾਰੰਗ ਨੇ ਸਿੱਖ ਲਹਿਰ ਦਾ ਜਮਾਤੀ ਅਸਲਾ ਨਹੀਂ ਸਮਝਿਆ। ਉਹ ਇਸਨੂੰ ਜਮਹੂਰੀ ਲਹਿਰ ਤੇ ਹਿੰਦੂਆਂ ਦੀ ਜਾਗ੍ਰਿਤ ਕਰਕੇ ਹੀ ਹੋਂਦ ਵਿਚ ਆਈ ਬਿਆਨ ਕਰਦਾ ਹੈ। ਹਿੰਦੂ ਮੱਤ ਮਜ਼ਬ ਹੈ, ਉਸਾਰ ਹੈ, ਕਿਸੇ ਜਮਾਤ ਦਾ ਹਿੱਤ ਹੈ। ਜੇ ਕਬੀਰ ਤੇ ਬ੍ਰਾਹਮਣ ਦੋਵੇਂ ਹੀ ਹਿੰਦੂ ਹਨ ਤਾਂ ਗੱਲ ਨਿਰਾਰਥਕ ਹੋ ਜਾਂਦੀ ਹੈ। ਜਮਾਤੀ ਨੁਕਤੇ ਤੋਂ ਹਿੰਦੂ ਲਫ਼ਜ਼ ਦਾ ਕੋਈ ਮਤਲਬ ਨਹੀਂ ਰਹਿ ਜਾਂਦਾ। ਲਫ਼ਜ਼ ਜਮਹੂਰੀ ਵੀ ਕੋਈ ਜਮਾਤ ਨਹੀਂ ਦੱਸਦਾ। ਸਮਾਜ ਦੇ ਇਤਿਹਾਸ ਵਿਚ ਗ਼ੁਲਾਮਾਂ ਦੇ ਮਾਲਕਾਂ ਦੀ ਵੀ ਜਮਹੂਰੀਅਤ ਰਹੀ ਹੈ। ਸਰਮਾਏਦਾਰਾਂ ਦੀ ਵੀ ਹੈ ਅਤੇ ਸਮਾਜਵਾਦੀਆਂ ਦੀ ਵੀ। ਗੋਕਲ ਚੰਦ ਨਾਰੰਗ ਤੇ ਇੰਦੂ ਭੂਸ਼ਨ ਬੈਨਰਜੀ, ਸਿੱਖ ਮਜ਼ਬ ਨੂੰ ਉਦਾਸੀਆਂ,

*ਗੋਕਲ ਚੰਦ ਨਾਰੰਗ : Transformation of Sikhism



Digitized by Panjab Digital Library | www.panjabdigilib.org

ਜੋਗੀਆਂ ਆਦਿ ਦੇ ਵਿਰੋਧੀ ਗ੍ਰਿਹਸਥੀਆਂ ਅਤੇ ਸੰਸਾਰੀ ਤੇ ਦੁਨਿਆਵੀ ਬੰਦਿਆਂ ਦਾ ਮਜ਼੍ਹਬ ਕਹਿੰਦੇ ਹਨ। ਉਹ ਸਿੱਖ ਲਹਿਰ ਦੀ ਸਿਆਸੀ ਤੇ ਸਮਾਜਕ ਕਾਮਯਾਬੀ ਬਹੁਤ ਹੱਦ ਤਕ ਇਸ ਦੀ ਇਸ ਖ਼ਾਸੀਅਤ ਉਤੇ ਆਧਾਰਤ ਕਰਦੇ ਹਨ। ਗੱਲ ਉਹ ਪਤੇ ਦੀ ਕਹਿੰਦੇ ਹਨ, ਪਰ ਕਹਿਣ ਦਾ ਰੂਪ ਸਾਇੰਟਿਫ਼ਿਕ ਨਹੀਂ। ਉਨ੍ਹਾਂ ਦੀ ਗੱਲ ਦਾ ਅਸਲਾ ਇਹ ਹੈ ਕਿ ਉਦਾਸੀ, ਜੋਗੀ ਆਦਿ ਸਮਾਜਕ, ਸਿਆਸੀ, ਅਮਲੀ ਜ਼ਿੰਦਗੀ ਦਿਆਂ ਮਸਲਿਆਂ ਵਲੋਂ ਭਗੌੜੇ ਸਨ ਅਤੇ ਸਿੱਖ ਧਰਮ ਉਨ੍ਹਾਂ ਨੂੰ ਨਿੱਠ ਕੇ ਮੁਖ਼ਾਤਿਬ ਸੀ। ਡਾਕਟਰ ਨਾਰੰਗ ਨੇ ਸਿੱਖ ਲਹਿਰ ਦਾ ਜਮਾਤੀ ਅਸਲਾ ਤੇ ਨਹੀਂ ਸਮਝਿਆ, ਪਰ ਇਹ ਗੱਲ ਬਿਲਕੁਲ ਸਪੱਸ਼ਟ ਸਮਝੀ ਹੈ ਕਿ **ਇਸ ਦਾ ਅਸਲਾ ਮੁੱਢੋਂ ਹੀ ਸਿਆਸੀ ਸੀ ਅਤੇ ਇਸ ਦੀ ਸੰਸਥਾ ਮੁਗ਼ਲੀਆ ਸਟੇਟ ਦੇ ਵਿਚ, ਉਸ ਦੀ ਵਿਰੋਧੀ ਸਟੇਟ ਸੀ।** ਸੋ ਉਹ ਸਿੱਖ ਲਹਿਰ ਦੀ ਉਸਾਰੀ ਨੂੰ ਮੁਗ਼ਲੀਆ ਸਟੇਟ ਦੀ ਵਿਰੋਧੀ ਸਟੇਟ ਦੀ ਉਸਾਰੀ ਦੇ ਰੂਪ ਵਿਚ ਪੇਸ਼ ਕਰਦਾ ਹੈ। ਇਸ ਤਰ੍ਹਾਂ ਕਰਨ ਵਿਚ ਉਹ ਬਿਲਕੁਲ ਸਹੀ ਹੈ, ਸਿਵਾਏ ਇਸ ਗੱਲ ਦੇ ਕਿ ਉਹ ਇਹ ਨਹੀਂ ਸਮਝਿਆ ਕਿ **ਬਣ ਰਹੀ ਸਟੇਟ ਲੋਕ-ਹਿੱਤ ਦੀ ਸੀ।** ਮਿਸਲਾਂ ਵੇਲੇ ਆ ਕੇ ਹੀ ਇਹ ਫ਼ਿਊਡਲ ਹੋਈ ਸੀ।

ਸਿੱਖ ਲਹਿਰ ਦੀ ਮੁਗ਼ਲੀਆ ਸਲਤਨਤ ਨਾਲ ਟੱਕਰ ਗੁਰੂ ਅਰਜਨ ਦੇ ਵੇਲੇ ਹੋਈ ਅਤੇ ਉਹ ਆਪ ਇਸ ਦੇ ਪਹਿਲੇ ਸ਼ਿਕਾਰ ਤੇ ਸ਼ਹੀਦ ਸਨ। ਗੁਰੂ ਅਰਜਨ ਦੇ ਵੇਲੇ ਤਕ ਅਤੇ ਉਨ੍ਹਾਂ ਦੇ ਹੱਥੋਂ ਸਿੱਖ ਲਹਿਰ ਵਿਚ ਪ੍ਰਕਾਰਕ ਤਬਦੀਲੀ ਆ ਚੁਕੀ ਸੀ। ਗੁਰੂ ਦੇ ਸ਼ਬਦ ਦਾ ਕੀਰਤਨ ਅਤੇ ਉਸ ਦੀ ਵਿਆਖਿਆ ਸਿੱਖ ਲਹਿਰ ਦੀ ਵਿਦਿਆ ਦਾ ਸਭ ਤੋਂ ਵੱਡਾ ਸਾਧਨ ਸੀ। ਸੋ ਸ਼ਬਦ ਦਾ ਅਸਲੀ ਰਹਿਣਾ ਲਾਜ਼ਮੀ ਸੀ। ਪਿਰਥੀ ਚੰਦੀਏ ਆਪਣੀ ਕਿਰਤ ਵਿਚ ਰਲਾ ਕੇ ਗ੍ਰੰਥ ਬਣਾਉਣ ਦੀ ਸੋਚ ਰਹੇ ਸਨ। ਸੱਚ ਦੇ ਵਿਚ ਗੰਘਲ ਪੈਣ ਦੀ ਸੰਭਾਵਨਾ ਹੋ ਸਕਦੀ ਸੀ। ਉਂਜ ਵੀ ਲਹਿਰ ਵਾਸਤੇ ਸਿੱਕੇਬੰਦ ਸੱਚ ਤੇ ਵਿਚਾਰਧਾਰਾ ਦਾ ਹੋਣਾ ਜ਼ਰੂਰੀ ਸੀ। ਗੁਰੂ ਅਰਜਨ ਨੇ **ਗੁਰੂ ਗ੍ਰੰਥ ਸਾਹਿਬ** ਦੀ ਬੀੜ ਤਿਆਰ ਕਰਵਾਈ ਅਤੇ ਉਸ ਦਾ ਪ੍ਰਕਾਸ਼ ਹਰਮੰਦਿਰ ਵਿਚ ਕਰ ਦਿਤਾ। ਆਪ ਉਸ ਦੀ ਤਾਬਿਆ ਬੈਠ ਗਏ। ਲਹਿਰ ਦੇ ਸੱਚ ਨੇ ਸੰਸਥਾ ਦਾ ਰੂਪ ਧਾਰਿਆ ਅਤੇ ਸਿੱਖ ਸੰਗਤਾਂ ਨੂੰ ਉਨ੍ਹਾਂ ਦਾ ਵੇਦ, ਬਾਈਬਲ, ਕੁਰਾਨ ਮਿਲ ਗਿਆ। ਸੋ ਅੰਮ੍ਰਿਤਸਰ ਸਿੱਖਾਂ ਵਾਸਤੇ ਸਹੀ ਅਰਥਾਂ ਵਿਚ ਮੱਕਾ ਬਣ ਗਿਆ ਅਤੇ ਲਹਿਰ ਵਾਸਤੇ ਕੇਂਦਰ।

ਗੁਰੂ ਸਾਹਿਬ ਨੇ ਸਿੱਖਾਂ ਦੇ ਮੱਕੇ, ਬਣ ਰਹੀ ਲੋਕ-ਹਿਤੈਸ਼ੀ ਰਾਜਸੀ ਸੰਸਥਾ ਦਾ ਮਾਲੀਆ ਵੀ ਪੱਕਿਆਂ ਪੈਰਾਂ ਉਤੇ ਖੜਾ ਕਰ ਦਿਤਾ। ਅਜੇ ਤਕ ਸਿਖ ਜੋ ਵੀ ਗੁਰੂ ਦੀ ਭੇਟਾ ਕਰਦਾ ਸੀ ਉਹ ਉਸ ਦੀ ਸ਼ਰਧਾ ਸੀ। ਹੁਣ ਸੰਗਤਾਂ ਦੀ ਸੰਮਤੀ ਨਾਲ



Digitized by Panjab Digital Library | www.panjabdigilib.org

ਗੁਰੂ ਸਾਹਿਬ ਨੇ ਦਸਵੰਧ ਬੰਨ੍ਹ ਦਿਤਾ। ਸਿੱਖੀ ਸਲਤਨਤ ਦੀਆਂ ਬਾਈ ਮੰਜੀਆਂ ਗੁਰੂ ਅਮਰਦਾਸ ਹੀ ਕਾਇਮ ਕਰ ਗਏ ਸਨ। ਗੁਰੂ ਅਰਜਨ ਨੇ ਹਰ ਮੰਜੀ ਵਾਸਤੇ ਮਸੰਦ ਕਾਇਮ ਕਰ ਦਿਤਾ। ਡਾਕਟਰ ਨਾਰੰਗ ਦਾ ਖ਼ਿਆਲ ਹੈ ਕਿ ਲਫ਼ਜ਼ ਮਸੰਦ ਸਰਕਾਰੀ ਸੂਬੇਦਾਰ, ਮਸਨਦਿ ਆਲੀ ਦਾ ਵਿਗੜਿਆ ਹੋਇਆ, ਉਸ ਵੇਲੇ ਦਾ ਪ੍ਰਚਲਤ ਰੂਪ ਹੈ। ਇਸ਼ਾਰਾ ਇਸ ਗੱਲ ਵਲ ਹੈ ਕਿ ਜੇ ਸੰਗਤਾਂ ਦੀ ਉਗਰਾਹੀ ਇਕੱਠੀ ਕਰਨ ਵਾਲੇ ਮਸਨਦਿ ਆਲੀ ਸਨ, ਤਾਂ ਗੁਰੂ ਯਕੀਨਨ ਸੱਚਾ ਪਾਤਸ਼ਾਹ ਸੀ। ਵਿਸਾਖੀ ਵਾਲੇ ਦਿਨ ਗੁਰੂ ਦਾ ਦਰਬਾਰ ਲਗਦਾ ਸੀ ਅਤੇ ਮਸੰਦ ਆਪਣੀ ਉਗਰਾਹੀ ਤੇ ਉਸ ਦਾ ਹਿਸਾਬ ਸੱਚੇ ਪਾਤਸ਼ਾਹ ਦੇ ਪੇਸ਼ ਕਰਦੇ ਸਨ। ਮਜ਼੍ਹਬੀ ਜਥੇਬੰਦੀ ਦੇ ਰੂਪ ਵਿਚ ਸਿਆਸੀ, ਰਾਜ-ਪ੍ਰਬੰਧਕ ਅੰਸ਼ ਸਾਫ਼ ਹੈ। ਗੁਰੂ ਦੀ ਦੇਣ ਬੜੇ ਉਤਸ਼ਾਹ ਨਾਲ ਦਿਤੀ ਜਾਂਦੀ ਸੀ। ਗੁਰੂ ਲਹਿਰ ਦੀ ਰਾਜਸੀ ਸੰਸਥਾ ਆਪਣਾ ਮਾਲੀਆ ਤੇ ਖ਼ਰਚ ਬੜੇ ਚੰਗੇ ਤਰੀਕੇ ਨਾਲ ਵਿਉਂਤ ਸਕਦੀ ਸੀ। ਜੇ ਰਾਜ-ਪ੍ਰਬੰਧ ਨਾਲ ਟਾਕਰੇ ਦਾ ਦਿਨ ਦੂਰ ਨਹੀਂ ਸੀ ਤਾਂ ਗੁਰੂ-ਘਰ ਦੀਆਂ ਤਿਆਰੀਆਂ ਤੇ ਵਸੀਲਿਆਂ ਦੀ ਵੀ ਕਮੀ ਨਹੀਂ ਸੀ। ਰਵਾਇਤ ਮਸ਼ਹੂਰ ਹੈ ਕਿ ਗੁਰੂ ਨਾਨਕ ਤੋਂ ਪੈਸਾ ਬਾਰਾਂ ਕੋਹ ਦੂਰ ਰਹਿੰਦਾ ਸੀ, ਗੁਰੂ ਅੰਗਦ ਤੋਂ ਛੇ ਕੋਹ ਉਤੇ, ਗੁਰੂ ਅਮਰਦਾਸ ਦਾ ਉਸ ਨੇ ਦਰਵਾਜ਼ਾ ਖੜਕਾਇਆ, ਗੁਰੂ ਰਾਮਦਾਸ ਦੇ ਚਰਨੀਂ ਪਿਆ ਤੇ ਗੁਰੂ ਅਰਜਨ ਦੇ ਵੇਲੇ ਘਰ ਆ ਗਿਆ। ਡਾਕਟਰ ਨਾਰੰਗ ਦੇ ਮੁਤਾਬਿਕ ਇਹ ਰਵਾਇਤ ਸਿੱਖ ਲਹਿਰ ਦੀ ਸਮਾਜਕ ਸਿਆਸੀ ਉਸਾਰੀ ਦੀ ਸੋਹਣੀ ਤਸਵੀਰ ਹੈ।

ਲਹਿਰ ਨੇ ਆਪਣੀ ਰਾਖੀ ਵਾਸਤੇ ਜੋ ਤਲਵਾਰ ਸੂਤਣੀ ਸੀ, ਉਸ ਦਾ ਮੌਕਾ ਹੁਣ ਬਣਨ ਹੀ ਵਾਲਾ ਸੀ। ਜ਼ਰੂਰੀ ਸੀ ਕਿ ਗੁਰੂ ਸਾਹਿਬ ਦਾ ਧਿਆਨ ਉਸ ਪਾਸੇ ਵੀ ਜਾਂਦਾ। ਇਸ ਨੁਕਤੇ ਬਾਬਤ ਵੀ ਡਾਕਟਰ ਨਾਰੰਗ ਸਹੀ ਨੁਕਤੇ ਉਤੇ ਪਹੁੰਚਿਆ ਹੈ। ਗੁਰੂ ਸਾਹਿਬ ਨੇ ਆਪਣੇ ਸਿੱਖਾਂ ਨੂੰ ਤੁਰਕਿਸਤਾਨ ਤੋਂ ਘੋੜਿਆਂ ਦੇ ਵਪਾਰ ਵਿਚ ਲਾਇਆ। ਸਿੱਖਾਂ ਦੇ ਵਪਾਰ ਵਿਚ ਪੈਣ ਤੋਂ ਗੁਰੂ-ਘਰ ਨੂੰ ਆਮਦਨੀ ਸੀ, ਪਰ ਮਨੋਰਥ ਪੈਸੇ ਤੋਂ ਇਲਾਵਾ ਸਿਆਸੀ, ਫ਼ੌਜੀ ਸੀ। ਮੈਦਾਨਿ-ਜੰਗ ਵਿਚ ਘੋੜ-ਸਵਾਰ ਦੀ ਅਹਿਮੀ-ਅਤ ਕਿਸੇ ਪਾਸੋਂ ਭੁੱਲੀ ਨਹੀਂ ਹੁੰਦੀ। ਇਸਲਾਮੀ ਹਮਲਾਵਰਾਂ ਦੇ ਘੋੜ-ਸਵਾਰਾਂ ਨੇ ਹਿੰਦੂ ਰਾਜ ਨੂੰ ਲੰਮਿਆਂ ਪਾਇਆ ਸੀ। ਬਾਬਰ ਦੀ ਜਿੱਤ ਵੀ ਘੋੜ-ਸਵਾਰਾਂ ਦੀ ਜਿਤ ਸੀ। ਸੋ ਜੇ ਸਿੱਖਾਂ ਨੇ ਹਕੂਮਤ ਦਾ ਮੁਕਾਬਲਾ ਕਰਨਾ ਸੀ ਤਾਂ ਉਨ੍ਹਾਂ ਨੇ ਘੋੜੇ ਦਾ ਗਾਹਕ ਬਣਨਾ ਸੀ, ਘੋੜ-ਸਵਾਰ ਹੋਣਾ ਸੀ। ਘੋੜੇ ਬਾਬਤ ਦਿਤਾ ਗੁਰੂ ਦਾ ਸਬਕ ਵੀ ਸਿੱਖਾਂ ਨੇ ਧਿਆਨ ਨਾਲ ਪਕਾਇਆ। ਸਿੱਖ ਉਹ ਘੋੜ-ਸਵਾਰ ਬਣੇ ਕਿ ਦੁਨੀਆਂ ਦੰਗ ਰਹਿ ਗਈ। ਸੀਧਾ ਤਿਆਰ ਸੀ, ਦੇਰ ਹੁਕਮ ਦੀ ਸੀ। ਲਹਿਰ 'ਤੇ ਹਮਲਾ ਹੋਇਆ। ਗੁਰੂ ਅਰਜਨ ਨੇ ਸ਼ਹੀਦੀ ਪਾਈ। ਜਾਂਦਿਆਂ ਜਾਂਦਿਆਂ ਉਨ੍ਹਾਂ ਨੇ



Digitized by Panjab Digital Library | www.panjabdigilib.org

ਇਹ ਹੁਕਮ ਆਪਣੇ ਪੁੱਤਰ ਗੁਰੂ ਹਰਿਗੋਬਿੰਦ ਨੂੰ ਦੇ ਦਿਤਾ। ਸ਼ਰਧਾਲੂ ਤੋਂ ਬਦਲ ਕੇ ਸਿੱਖ ਤਲਵਾਰ ਧੂਹ ਕੇ ਘੋੜੇ ਉਤੇ ਸਵਾਰ ਹੋਇਆ। ਲਹਿਰ ਨੇ ਫ਼ੌਜੀ ਰੰਗ ਵਟਾਇਆ। ਜਮਾਤੀ ਜਾਗ੍ਰਿਤੀ, ਜਥੇਬੰਦੀ ਤੇ ਇਨਕਲਾਬ ਦੀਆਂ ਆਰੰਭਕ ਝੜਪਾਂ ਨਾਲ ਹੋਰਨਾਂ ਕੰਮ ਕਰਦੀਆਂ ਜਮਾਤਾਂ ਨੂੰ ਵੀ ਆਪਣੀ ਤਾਕਤ ਦਾ ਅਹਿਸਾਸ ਹੋਇਆ। ਮੁਗ਼ਲੀਆ ਸਲਤਨਤ ਦੇ ਵਿਰੁਧ, ਗੁਰੂ ਦੇ ਝੰਡੇ ਹੇਠ ਇਨਕਲਾਬੀਆਂ ਨੇ ਆਪਣੇ ਰਾਜ ਦਾ ਨਾਹਰਾ ਲਾਇਆ।

ਗੁਰੂ ਅਰਜਨ ਦੀ ਸ਼ਹੀਦੀ ਸਿਆਸੀ ਸੀ। ਦੋਹਾਂ ਪਾਸਿਆਂ ਵਿਚੋਂ ਕਿਸੇ ਨੂੰ ਵੀ ਭੁਲੇਖਾ ਨਹੀਂ ਸੀ ਕਿ ਰਾਜ-ਪ੍ਰਬੰਧ ਤੇ ਸਿੱਖ ਲਹਿਰ ਦੀ ਅੰਤ ਇਕ ਦਿਨ ਖੜਕੇਗੀ।[1] "ਤੁਜ਼ਕਿ ਜਹਾਂਗੀਰੀ" ਤੋਂ ਸਪੱਸ਼ਟ ਹੈ ਕਿ ਜਹਾਂਗੀਰ ਦੇ ਗੱਦੀ 'ਤੇ ਬੈਠਣ ਨਾਲ ਗੁਰੂ ਅਰਜਨ ਦੀ ਜ਼ਿੰਦਗੀ ਵਾਲਾ ਤੋਪ੍ਹਾ ਭਰਿਆ ਜਾਣਾ ਸੀ*। ਵਿਰੋਧੀ ਜਮਾਤ ਦੀ ਕੋਈ ਕਾਰਗਰ ਜਥੇਬੰਦੀ, ਕਾਬਿਜ਼ ਜਮਾਤ ਅਤੇ ਉਸ ਦੀ ਸਟੇਟ ਨੂੰ ਕਦੇ ਸੁਖਾਂਦੀ ਨਹੀਂ। ਉਹ ਉਸ ਲਈ ਕਿਸੇ ਵੇਲੇ ਵੀ ਖ਼ਤਰਨਾਕ ਹੋ ਸਕਦੀ ਹੈ। ਜਿਸ ਤਰ੍ਹਾਂ ਸਿੱਖ ਜਥੇਬੰਦੀ

---

*ਜਹਾਂਗੀਰ ਲਿਖਦਾ ਹੈ : "ਬਿਆਸ ਨੇ ਕੰਢੇ ਗੋਇੰਦਵਾਲ ਸੰਤਾਂ ਤੇ ਦਰਵੇਸ਼ਾਂ ਦੇ ਭੇਸ ਵਿਚ ਅਰਜਨ ਨਾਮੇ ਇਕ ਹਿੰਦੂ ਰਹਿੰਦਾ ਹੈ। ਉਸ ਨੇ ਬੜੇ ਹਿੰਦੂ ਅਤੇ ਕੁਝ ਅਨਪੜ੍ਹ ਤੇ ਨੀਵੀਂਆਂ ਜਮਾਤਾਂ ਦੇ ਮੁਸਲਮਾਨ ਵੀ ਆਪਣੇ ਵਲ ਖਿੱਚੇ ਹਨ, ਅਤੇ ਉਨ੍ਹਾਂ ਨੂੰ ਆਪਣੇ ਮੱਤ ਵਿਚ ਫਾਹ ਲਿਆ ਹੈ। ਉਹ ਆਪਣੀ ਸੰਤਤਾਈ ਤੇ ਰੂਹਾਨੀ ਰਹਿਬਰੀ ਦਾ ਢੰਡੋਰਾ ਬੜਾ ਉੱਚਾ ਪਿੱਟਦਾ ਹੈ। ਉਹ ਗੁਰੂ ਕਰ ਕੇ ਮਸ਼ਹੂਰ ਹੈ। ਚੌਂਹ ਪਾਸਿਆਂ ਤੋਂ ਲੋਕ ਉਸ ਕੋਲ ਆਉਂਦੇ ਹਨ, ਅਤੇ ਆਪਣੀ ਸ਼ਰਧਾ ਪ੍ਰਗਟ ਕਰਦੇ ਹਨ। ਪਿਛਲੀਆਂ ਤਿੰਨ ਚੌਂਹ ਪੀੜ੍ਹੀਆਂ ਤੋਂ ਉਸ ਦੀ ਦੁਕਾਨ ਬੜੀ ਤੇਜ਼ੀ ਨਾਲ ਚਲਦੀ ਆਈ ਹੈ। ਮੈਂ ਬੜੀ ਦੇਰ ਤੋਂ ਇਸ ਕੂੜ ਦੇ ਹੱਟ ਨੂੰ ਬੰਦ ਕਰਨਾ ਜਾਂ ਉਸ ਨੂੰ ਮੁਸਲਮਾਨ ਬਣਾਉਣਾ ਚਾਹੁੰਦਾ ਸਾਂ, ਹੱਤਾ ਕਿ ਸਬੱਬੀਂ ਉਸ ਰਾਹ ਖ਼ੁਸਰੋ ਲੰਘਿਆ। ਮੂਰਖ ਸ਼ਹਿਜ਼ਾਦੇ ਨੇ ਵੀ ਉਸ ਦੀਆਂ ਤਣੀਆਂ ਨਾਲ ਬੱਝਣ ਦੀ ਸੋਚੀ। ਉਹ ਗੁਰੂ ਕੋਲ ਪਹੁੰਚਿਆ ਅਤੇ ਉਸ ਨਾਲ ਮੁਲਾਕਾਤ ਕੀਤੀ। ਗੁਰੂ ਨੇ ਉਸ ਨਾਲ ਕੁਝ ਪੁਰਾਣੇ ਕਿੱਸੇ ਛੇੜੇ ਅਤੇ ਆਪਣੇ ਹੱਥ ਨਾਲ ਉਸ ਦੇ ਮੱਥੇ ਉਤੇ ਤਿਲਕ ਲਗਾਇਆ, ਜਿਹੜਾ ਕਿ ਸੁਭਾਗਾ ਸਮਝਿਆ ਜਾਂਦਾ ਹੈ। ਇਸ ਘਟਨਾ ਦੀ ਮੇਰੇ ਕੋਲ ਸ਼ਿਕਾਇਤ ਹੋਈ। ਮੈਂ ਪਹਿਲਾਂ ਹੀ ਗੁਰੂ ਦੇ ਕੂੜ ਮੱਤ ਤੋਂ ਪੂਰੀ ਤਰ੍ਹਾਂ ਜਾਣੂ ਸਾਂ। ਮੈਂ ਹੁਕਮ ਦਿਤਾ ਕਿ ਉਹ ਗ੍ਰਿਫ਼ਤਾਰ ਕੀਤਾ ਜਾਵੇ ਅਤੇ ਉਸ ਦਾ ਘਰ ਤੇ ਟੱਬਰ ਮੁਹਾਫ਼ਜ਼ਖਾਨੇ ਦੇ ਹਵਾਲੇ ਕੀਤੇ ਜਾਣ। ਮੈਂ ਉਸ ਦੀ ਸਾਰੀ ਜਾਇਦਾਦ ਜ਼ਬਤ ਕਰ ਲਈ ਅਤੇ ਹੁਕਮ ਕੀਤਾ ਕਿ ਉਹ ਕੈਦ ਕੀਤਾ ਜਾਵੇ ਅਤੇ ਤਸੀਹੇ ਦੇ ਕੇ ਮਾਰਿਆ ਜਾਵੇ।"



Digitized by Panjab Digital Library | www.panjabdigilib.org

ਸਿਰ ਕੱਢ ਰਹੀ ਸੀ, ਅੰਤ ਹਕੂਮਤ ਨੂੰ ਇਸ ਦਾ ਰੜਕਣਾ ਲਾਜ਼ਮੀ ਸੀ। ਫ਼ੌਰੀ ਕਾਰਨ ਕੋਈ ਵੀ ਬਣਦਾ, ਇਕ ਨਾ ਬਣਦਾ, ਦੂਸਰਾ ਬਣ ਜਾਂਦਾ, ਹਕੂਮਤ ਨੇ ਹਮਲਾ ਕਰਨਾ ਹੀ ਸੀ। ਇਨਕਲਾਬੀ ਜਥੇਬੰਦੀ ਤਲਵਾਰੀਂ ਉੱਤਰਦੀ ਹੈ ਪਰ ਪਹਿਲ ਹਮੇਸ਼ਾਂ ਕਾਬਿਜ਼ ਜਮਾਤ ਅਤੇ ਉਸ ਦੀ ਸਟੇਟ ਵਲੋਂ ਹੁੰਦੀ ਹੈ। ਉਸ ਨੂੰ ਖੁੜਕ ਜਾਂਦੀ ਹੈ, ਆਪਣੇ ਕਬਜ਼ੇ ਦਾ ਪਾਲਾ ਮਾਰਦਾ ਹੈ। ਆਪਣੀ ਰਾਖੀ ਇਨਕਲਾਬੀ ਜਥੇਬੰਦੀ ਨੂੰ ਕਰਨੀ ਪੈਂਦੀ ਹੈ। ਵੈਸੇ ਖ਼ੁਸਰੋ ਗੁਰੂ ਸਾਹਿਬ ਦੀ ਆਸ਼ੀਰਵਾਦ ਲੈਣ ਜਾਂ ਉਨ੍ਹਾਂ ਕੋਲੋਂ ਤਿਲਕ ਲਵਾਉਣ ਹੀ ਨਹੀਂ ਸੀ ਆਇਆ। ਜਹਾਂਗੀਰ ਦੀ ਹਕੂਮਤ ਨੇ ਤਾਂ ਪੈਣਾ ਹੀ ਪੈਣਾ ਸੀ। ਗੁਰੂ ਸਾਹਿਬ ਦਾ ਖ਼ੁਸਰੋ ਦੀ ਮਦਦ ਕਰਨਾ ਸਿੱਖ ਲਹਿਰ ਦਾ ਸਿਆਸੀ ਹਿੱਤ ਸੀ। (ਫ਼ਰਜ਼ ਕਰੋ ਖ਼ੁਸਰੋ ਜਹਾਂਗੀਰ ਦੀ ਥਾਂ ਗੱਦੀ ਉਤੇ ਬੈਠ ਜਾਂਦਾ ਤਾਂ ਅਕਬਰ ਦੇ ਸਮੇਂ ਵਾਂਗ ਸਿੱਖ ਲਹਿਰ ਨੂੰ ਅਮਨ ਅਮਾਨ ਨਾਲ ਆਪਣੀਆਂ ਜੜ੍ਹਾਂ ਹੋਰ ਪੱਕੀਆਂ ਕਰਨ ਦਾ ਕੀਮਤੀ ਵਕਤ ਮਿਲ ਜਾਂਦਾ।) ਵੈਸੇ ਵੀ ਆਪਣੀ ਲਾਈਨ ਲਈ ਮਦਦ ਕਰਨੋਂ ਨਾਂਹ ਕਿਸ ਤਰ੍ਹਾਂ ਹੋ ਸਕਦੀ ਸੀ ? ਅੰਤ ਦੇ ਖੜਕੇ ਬਾਬਤ ਕੋਈ ਭੁਲੇਖਾ ਸਿੱਖ ਲਹਿਰ ਨੂੰ ਵੀ ਨਹੀਂ ਸੀ। ਗੁਰੂ ਸਾਹਿਬ ਦੇ ਮਹਿਲ ਜਦੋਂ ਬਾਬੇ ਬੁੱਢੇ ਕੋਲੋਂ ਪੁੱਤ ਦਾ ਦਾਨ ਲੈਣ ਗਏ, ਬਾਬੇ ਬੁੱਢੇ ਨੇ ਮਿੱਸੀਆਂ ਰੋਟੀਆਂ ਦੇ ਨਾਲ ਗੰਢੇ ਭੰਨ ਭੰਨ ਖਾਧੇ ਅਤੇ ਨਾਲੇ ਵਰ ਦਿਤਾ ਕਿ ਪੁੱਤਰ ਹੋਵੇਗਾ ਤੇ ਹੋਵੇਗਾ ਵੀ ਮੀਰੀ ਪੀਰੀ ਦਾ ਮਾਲਕ; ਅਤੇ ਮੁਗ਼ਲਾਂ ਦੇ ਇਸੇ ਤਰ੍ਹਾਂ ਹੀ ਸਿਰ ਭੰਨੇਗਾ ਜਿਸ ਤਰ੍ਹਾਂ ਮੈਂ ਗੰਢੇ ਭੰਨ ਰਿਹਾ ਹਾਂ।

ਇਹ ਗੱਲ ਭਾਵੇਂ ਬਾਬੇ ਬੁੱਢੇ ਨੇ ਨਾ ਹੀ ਆਖੀ ਹੋਵੇ; ਇਹ ਵਿਥਿਆ ਭਾਵੇਂ ਗੁਰੂ ਹਰਿਗੋਬਿੰਦ ਦੇ ਬਾਲਗ਼ ਹੋਇਆਂ, ਤਲਵਾਰ ਉਠਾਇਆਂ ਜਾਂ ਉਨ੍ਹਾਂ ਦੇ ਮਗਰੋਂ ਹੀ ਪ੍ਰਚਲਤ ਹੋਈ ਹੋਵੇ, ਇਸ ਦੇ ਸੱਚ ਵਿਚ ਫ਼ਰਕ ਨਹੀਂ ਪੈਂਦਾ। ਜੋ ਗੱਲ ਬੀਜ-ਰੂਪ ਵਿਚ ਬਾਹਰ ਨਾ ਆਈ ਹੋਵੇ, ਫਲ-ਰੂਪ ਵਿਚ ਹੀ ਸਪੱਸ਼ਟ ਹੋਈ ਹੋਵੇ, ਇਤਿਹਾਸਕਾਰ ਦਾ ਕੰਮ ਹੈ ਕਿ ਉਸ ਦੇ ਫਲ-ਰੂਪ ਤੋਂ ਉਸ ਦੇ ਬੀਜ-ਰੂਪ ਤਕ ਪਹੁੰਚੇ, ਅਤੇ ਉਸ ਨੂੰ ਸਪੱਸ਼ਟ ਕਰੇ। ਵਕਤ ਦੀ ਵਸਤੂ ਸਮਕਾਲੀ ਲੋਕ ਦਿਮਾਗ਼ੀ ਤੌਰ ਉਤੇ ਭਾਵੇਂ ਸਮਝੇ ਹੋਣ ਭਾਵੇਂ ਨਾ, ਇਤਿਹਾਸਕਾਰ ਦਾ ਕਰਤੱਵ ਹੈ ਕਿ ਵਕਤ ਦੀ ਇਸ ਵਸਤੂ ਨੂੰ ਆਪਣੀ ਦਿਮਾਗ਼ੀ ਚੇਤਨਤਾ ਨਾਲ ਕੱਢ ਕੇ ਪ੍ਰਗਟ ਕਰੇ। ਇਤਿਹਾਸਿਕ ਨਾਵਲ ਜਾਂ ਨਾਟਕ ਵਾਂਗ ਇਹ ਅਨੈਕਰੋਇਜ਼ਮ ਇਤਿਹਾਸ ਵਾਸਤੇ ਲਾਜ਼ਮੀ ਹੈ। ਇਸ ਉਤੇ ਹੀ ਇਤਿਹਾਸ ਦੀ ਕੀਮਤ ਹੈ। ਇਸ ਕਰਕੇ ਹੀ ਹਰ ਪੀੜ੍ਹੀ ਆਪਣੀ ਚੇਤਨਤਾ ਅਨੁਸਾਰ ਇਤਿਹਾਸ ਨੂੰ ਫਿਰ ਘੋਖਦੀ ਹੈ। ਇਤਿਹਾਸਕਾਰ ਨੂੰ ਸਮੇਂ ਦੀ ਅਸਲੀਅਤ ਸਮਝਣ ਵਿਚ ਉਸ ਸਮੇਂ ਨਾਲੋਂ ਉਚੇਰੀ ਆਪਣੀ ਚੇਤਨਤਾ ਦੀ ਮਦਦ ਤੋਂ ਇਲਾਵਾ ਇਕ ਹੋਰ ਸਹੂਲਤ ਵੀ ਹੁੰਦੀ ਹੈ ਕਿ ਉਹ ਵਸਤੂ ਨੂੰ ਫਲ-ਰੂਪ ਵਿਚ ਵੇਖ ਸਕਦਾ ਹੈ ਅਤੇ ਉਸ ਤੋਂ ਬੀਜ-ਰੂਪ



Digitized by Panjab Digital Library | www.panjabdigilib.org

ਵਲ ਜਾ ਸਕਦਾ ਹੈ* । ਇਹ ਉਸ ਦਾ ਜਾਇਜ਼ ਅਤੇ ਕੀਮਤੀ ਸੰਦ ਹੈ । ਜਿਸ ਦਾ ਫਲ-ਰੂਪ ਵੇਖਿਆ ਜਾ ਸਕੇ, ਉਸ ਦਾ ਬੀਜ-ਰੂਪ ਵੇਖਣਾ ਸੌਖਾ ਹੋ ਜਾਂਦਾ ਹੈ । ਜਿਸ ਦਾ ਬੀਜ ਹੀ ਨਹੀਂ ਉਸਦਾ ਫਲ ਕਿਥੋਂ ਲਗਣਾ ਹੈ ? ਫਲ ਲਗਾ ਹੈ ਤਾਂ ਬੀਜ ਹੋਵੇਗਾ । ਜਿਸ ਦਿਮਾਗੀ, ਜਮਾਤੀ, ਸਾਇੰਟਿਫ਼ਿਕ ਰੂਪ ਵਿਚ ਅਸੀਂ ਸਿੱਖ ਲਹਿਰ ਨੂੰ ਵੇਖ ਰਹੇ ਹਾਂ, ਉਸ ਰੂਪ ਵਿਚ ਉਸ ਸਮੇਂ ਸਿੱਖ ਲਹਿਰ ਵਾਲਿਆਂ ਵਾਸਤੇ ਆਪਣੀ ਲਹਿਰ ਨੂੰ ਵੇਖਣਾ ਮੁਮਕਿਨ ਨਹੀਂ ਸੀ । ਉਹ ਆਪਣੀ ਲਹਿਰ ਨੂੰ ਆਪਣੇ ਸਮੇਂ ਦੀ ਚੇਤਨਤਾ, ਭਾਵ ਮਜ਼ੁਬੀ ਰੂਪ ਵਿਚ ਹੀ ਵੇਖ ਸਕਦੇ ਸਨ । ਉਸ ਰੂਪ ਵਿਚ ਉਨ੍ਹਾਂ ਦੇਖਿਆ ਅਤੇ ਆਪਣਾ ਇਤਿਹਾਸਿਕ ਕਰਤੱਵ ਪਾਲਿਆ । ਉਸ ਰੂਪ ਵਿਚ ਹੀ ਉਨ੍ਹਾਂ ਆਪਣੀ ਲਹਿਰ ਦਾ ਰੈਸ਼ਨੇਲ ਦਿਤਾ । ਸਾਡੀ ਚੇਤਨਤਾ ਦਾ ਰੂਪ ਉਨ੍ਹਾਂ ਦੀ ਚੇਤਨਤਾ ਦੇ ਰੂਪ ਨਾਲੋਂ ਵੱਖਰਾ ਹੈ । ਨਾਲੇ ਸਾਡੇ ਸਾਹਮਣੇ ਉਸ ਲਹਿਰ ਦਾ ਫਲ-ਰੂਪ ਹੈ । ਇਤਿਹਾਸਕਾਰ ਦਾ ਹੱਕ ਹੈ ਬਲਕਿ ਫ਼ਰਜ਼ ਹੈ ਕਿ ਇਸ ਭੂਤ ਨੂੰ ਸਮਝਣ ਵਾਸਤੇ ਉਹ ਆਪਣੀ ਸਾਇੰਟਿਫਿਕ ਚੇਤਨਤਾ ਵਰਤੇ, ਫਲ-ਰੂਪ ਤੋਂ ਬੀਜ-ਰੂਪ ਵਲ ਜਾਵੇ । ਉਸ ਦਾ ਇਹ ਵੀ ਧਰਮ ਹੈ ਕਿ ਸਮੇਂ ਦੇ ਸੱਚ ਵਿਚ ਰਲਾ ਨਾ ਪੈਣ ਦੇਵੇ । ਇਸ ਨੁਕਤੇ ਤੋਂ ਸਿੱਖ ਲਹਿਰ ਤੇ ਫ਼ਰੀਦ ਤੇ ਕਬੀਰ ਵਰਗਿਆਂ ਦੀ ਸੂਫ਼ੀ ਤੇ ਭਗਤੀ ਲਹਿਰਾਂ ਦਾ ਇਤਿਹਾਸ ਅਜੇ ਵੇਖਿਆ ਨਹੀਂ ਗਿਆ । ਵੇਖਣਾ ਹੈ ਅਤੀ ਜ਼ਰੂਰੀ । ਸੱਚ ਤੇ ਸਮੇਂ ਦੇ ਲੋਕ-ਹਿੱਤ ਦੀ ਇਹ ਲੋੜ ਹੈ। ਉਸ ਸਮੇਂ ਦਾ ਸਹੀ ਇਤਿਹਾਸ ਉਸ ਵਕਤ ਹੀ ਸਮਝ ਆਵੇਗਾ ਜਦੋਂ ਇਤਿਹਾਸ ਇਸ ਤਰ੍ਹਾਂ ਵੇਖਿਆ ਜਾਵੇਗਾ । ਲੋਕਾਂ ਦਾ ਉਸ ਸਮੇਂ ਦੀ ਜ਼ਿੰਦਗੀ ਵਿਚ ਰੋਲ ਉਸ ਵਕਤ ਹੀ ਪ੍ਰਗਟ ਹੋ ਸਕੇਗਾ । ਫ਼ਰੀਦ, ਕਬੀਰ ਲੋਕ-ਹਿੱਤ ਦਾ ਪੈਂਤੜਾ ਪ੍ਰਗਟ ਕਰਦੇ ਹਨ । ਸਿੱਖ ਲਹਿਰ ਲੋਕ-ਹਿੱਤ ਦੀ ਪ੍ਰਤਿਨਿਧ ਸੀ ਅਤੇ ਉਸ ਦੀ ਤਲਵਾਰ ਲੋਕ-ਹਿੱਤ ਦੀ ਤਲਵਾਰ ਸੀ ।

---

*The anatomy of man is key to the anatomy of the ape. The indications of something higher in the subordinate animal specie, however known, can only be understood when what is higher is itself known. Bourgeois economy provides the key to the classical world. Marx.



Digitized by Panjab Digital Library | www.panjabdigilib.org

# ਹਥਿਆਰਬੰਦ ਜਥੇਬੰਦੀ ਦੇ ਰੂਪ ਵਿਚ

ਜਹਾਂਗੀਰ ਤੇ ਸ਼ਾਹਜਹਾਨ ਦੇ ਜ਼ਮਾਨੇ ਵਿਚ ਮੁਗਲੀਆ ਸਲਤਨਤ ਨੂੰ ਜਮ ਕੇ ਵੰਗਾਰਨਾ ਅਜੇ ਦੂਰ ਦੀ ਗੱਲ ਸੀ । ਅਕਬਰ ਦਾ ਜ਼ਮਾਨਾ ਲੰਘ ਗਿਆ ਸੀ । ਹੁਣ ਹਕੂਮਤ ਸਿੱਖ ਲਹਿਰ ਉਤੇ ਹਮਲਾ ਕਰਦੀ ਸੀ । ਸੋ ਗੁਰੂ ਹਰਿਗੋਬਿੰਦ ਦੇ ਹਵਾਲੇ ਹੋਈ ਪੁਜ਼ੀਸ਼ਨ ਬਹੁਤ ਮੁਸ਼ਕਿਲ ਤੇ ਖ਼ਤਰਨਾਕ ਸੀ । ਹੁਣ ਰੱਬ ਤੇ ਗੁਰੂ ਦਾ ਪਿਆਰ ਸਹੀ ਅਰਥਾਂ ਵਿਚ ਸਿਰ ਤਲੀ 'ਤੇ ਰਖਵਾਉਂਦਾ ਸੀ, ਅਤੇ ਦੂਸਰੇ ਪਾਸੇ ਤੋਂ, ਸਮਾਂ ਹਾਲਾਂ ਸਲਤਨਤ ਨੂੰ ਭੁੰਜੇ ਲਾਹੁਣ ਦਾ ਨਹੀਂ ਸੀ ; ਜਰਨੈਲ ਦੇ ਹੱਥ ਵਿਚ ਆਪਣੀ ਫ਼ੌਜ ਅਤੇ ਇਨਕਲਾਬੀ ਲੀਡਰ ਦੇ ਹੱਥ ਵਿਚ ਵੱਡਾ ਸੰਦ ਆਪਣੀ ਲਹਿਰ ਦੀ ਜਥੇਬੰਦੀ ਹੁੰਦਾ ਹੈ । ਇਨ੍ਹਾਂ ਨੂੰ ਗੰਵਾ ਕੇ ਉਹ ਕਿਸੇ ਥਾਂ ਜੋਗੇ ਨਹੀਂ ਰਹਿ ਜਾਂਦੇ । ਲਹਿਰ ਅਜੇ ਹਕੂਮਤ ਦਾ ਸਿੱਧਾ ਟਾਕਰਾ ਕਰਨ ਜੋਗੀ ਨਹੀਂ ਸੀ; ਦੂਸਰੇ ਪਾਸੇ, ਨਿਹੱਥੇ ਰਹਿ ਕੇ ਬਚੇ ਰਹਿਣ ਦਾ ਸਮਾਂ ਵੀ ਹੁਣ ਲੰਘ ਚੁੱਕਾ ਸੀ । **ਗੁਰੂ ਹਰਿਗੋਬਿੰਦ** ਦੇ ਸਾਹਮਣੇ ਮਸਲਾ ਹਕੂਮਤ ਤੋਂ ਕਿਸੇ ਤਰ੍ਹਾਂ ਅੱਖ ਬਚਾ ਕੇ ਉਸ ਨੂੰ ਕਿਸੇ ਲਲਚੰ ਲਾ ਕੇ, ਉਸ ਦੀ ਅੱਖੀਂ ਕਿਵੇਂ ਨ ਕਿਵੇਂ ਘੱਟਾ ਪਾ ਕੇ ਆਪਣੀ ਲਹਿਰ ਨੂੰ ਹਥਿਆਰਬੰਦ ਕਰਨ ਦਾ, ਲਹਿਰ ਨੂੰ ਅਗਲੀ ਪੌੜੀ ਚੜ੍ਹਾਉਣ ਦਾ ਸੀ । ਗੁਰੂ ਅਰਜਨ ਦੇ ਸੁਨੇਹੇ ਤੋਂ ਵੀ ਜ਼ਾਹਿਰ ਸੀ ਅਤੇ ਗੁਰੂ ਹਰਿਗੋਬਿੰਦ ਨੂੰ ਵੀ ਦਿਸਦਾ ਸੀ ਕਿ ਹਕੂਮਤ ਅੰਤ ਹਮਲਾ ਕਰੇਗੀ । ਉਸ ਹਮਲੇ ਤੋਂ ਬਚਾਅ ਹਥਿਆਰਬੰਦੀ ਨਾਲ ਹੀ ਹੋ ਸਕਦਾ ਸੀ । ਆਪਣੀ ਲਹਿਰ ਦੀ ਰਾਖੀ ਨਾ ਕਰਨੀ, ਉਸ ਦਾ ਲੱਕ ਤੁੜਵਾਉਣ ਵਾਲੀ ਗੱਲ ਸੀ । ਲਹਿਰ ਦੀ ਇਸ ਔਖੀ ਘੜੀ ਵਿਚ ਗੁਰੂ ਹਰਿਗੋਬਿੰਦ ਨੇ ਕਿਸ ਤਰ੍ਹਾਂ ਦੀ ਅਗਵਾਈ ਦਿਤੀ ? ਇਹ ਇਸ ਗੱਲ ਤੋਂ ਜ਼ਾਹਿਰ ਹੈ ਕਿ ਸਥਾਨਕ ਰਾਜ-ਪ੍ਰਬੰਧ ਦੀਆਂ ਅੱਖਾਂ ਦੇ ਸਾਹਮਣੇ ਉਨ੍ਹਾਂ ਨੇ ਲਹਿਰ ਹਥਿਆਰਬੰਦ ਕੀਤੀ । ਜਦੋਂ ਤੇ ਜਿੰਨੀ ਵੇਰ ਉਨ੍ਹਾਂ ਉਤੇ ਸਰਕਾਰੀ ਫੌਜ ਨੇ ਹਮਲਾ ਕੀਤਾ, ਉਨ੍ਹਾਂ ਡਟ ਕੇ ਮੁਕਾਬਲਾ ਕੀਤਾ ਅਤੇ ਮੂੰਹ-ਤੋੜਵਾਂ ਜਵਾਬ ਦਿੱਤਾ—ਟਰੰਪ ਨੂੰ ਗੁਰੂ ਸਾਹਿਬ ਦੀ ਕੀਤੀ ਦੀ ਹੈਰਾਨੀ ਹੈ । ਇਹ ਹੋ ਕਿਸ ਤਰ੍ਹਾਂ ਗਿਆ ? ਲਿਖਦਾ ਹੈ ਕਿ ਜਾਂ ਤਾਂ ਰਾਜ-ਪ੍ਰਬੰਧ ਰਸਾਤਲਿਆ ਹੋਇਆ ਸੀ, ਜਾਂ ਆਪਣੇ ਨੱਕ ਤੋਂ ਅੱਗੇ ਵੇਖਣ ਜੋਗਾ ਨਹੀਂ ਸੀ ਅਤੇ ਜਾਂ ਇਸ ਖ਼ਤਰਨਾਕ, ਫ਼ਸਾਦੀ, ਬਾਗ਼ੀ ਹੜ੍ਹ ਨੂੰ ਕਾਰਗਰ ਤਰੀਕੇ ਨਾਲ ਰੋਕਣੋ ਅਸਮਰਥ ਸੀ ।* ਅਸਲ ਗੱਲ ਤਾਂ ਇਹ ਹੈ ਕਿ ਗੁਰੂ ਸਾਹਿਬ ਰਾਜ-ਪ੍ਰਬੰਧ ਨਾਲੋਂ

*Trumpp says that "the authorities were either too short-sighted or indolent or powerless to stop effectively, the concourse of such a turbulent & dangerous crowd".



Digitized by Panjab Digital Library | www.panjabdigilib.org

ਜ਼ਿਆਦਾ ਹੁਸ਼ਿਆਰ ਨਿਕਲੇ। ਇਹ ਕ੍ਰਿਸ਼ਮਾ—ਤਕਰੀਬਨ ਅਸੰਭਵ ਗੱਲ ਨੂੰ ਸੰਭਵ ਤੇ ਅਸਲੀਅਤ ਕਰ ਕੇ ਵਿਖਾ ਦੇਣਾ—ਗੁਰੂ ਸਾਹਿਬ ਦੀ ਸਿਆਸਤ, ਰਾਜਨੀਤੀ, ਬੁੱਧੀ, ਵੇਲਾ ਸੰਭਾਲਣ ਤੇ ਬੰਦੇ ਨਜਿੱਠਣ ਦੀ ਸ਼ਕਤੀ ਦਾ ਸਬੂਤ ਹੈ।

ਗੁਰੂ ਸਾਹਿਬ ਨੇ ਗੱਦੀ ਉਤੇ ਬੈਠਦਿਆਂ ਹੀ ਸੇਹਲੀ ਦੀ ਥਾਂ ਇਕ ਮੀਰੀ ਤੇ ਇਕ ਪੀਰੀ ਦੀ ਤਲਵਾਰ ਪਹਿਨੀ।* ਮਸੰਦਾਂ ਤੇ ਸਿੱਖ ਸੰਗਤਾਂ ਨੂੰ ਹੁਕਮ ਹੋ ਗਿਆ ਕਿ ਗੁਰੂ ਸਾਹਿਬ ਨੂੰ ਘੋੜੇ ਤੇ ਹਥਿਆਰ ਹੋਰਨਾਂ ਭੇਟਾਂ ਨਾਲੋਂ ਜ਼ਿਆਦਾ ਸੁਖਾਂਦੇ ਹਨ। ਪਰ ਇਹ ਕੰਮ ਬਹੁਤ ਚਿਰ ਜਾਰੀ ਨਾ ਰਹਿ ਸਕਿਆ। ਹਕੂਮਤ ਵਲੋਂ ਹਮਲਾ ਹੋਇਆ। ਜਹਾਂਗੀਰ ਨੇ ਗੁਰੂ ਸਾਹਿਬ ਨੂੰ ਦਿੱਲੀ ਬੁਲਾਇਆ। ਕੁਝ ਚਿਰ ਆਪਣੇ ਪਾਸ ਰੱਖਕੇ ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਕਰ ਦਿਤਾ। ਉਸ ਨੇ ਸਿੱਖਾਂ ਨੂੰ ਥਾਂ ਸਿਰ ਤੇ ਕਾਬੂ ਰਖਣ ਦਾ ਸ਼ਾਇਦ ਇਹੋ ਤਰੀਕਾ ਸਮਝਿਆ। ਕਿਲ੍ਹੇ ਵਿਚ ਗੁਰੂ ਸਾਹਿਬ ਕੈਦੀ ਰਾਜਿਆਂ ਦੇ ਸਹਾਈ ਹੋਏ ਅਤੇ ਬੰਦੀ-ਛੋੜ ਬਣੇ। ਕੈਦ ਵਿਚੋਂ ਆਪ ਨਿਕਲਣ ਲੱਗੇ ਉਨ੍ਹਾਂ ਨੂੰ ਵੀ ਨਾਲ ਲੈ ਕੇ ਨਿਕਲੇ। ਗੁਰੂ ਸਾਹਿਬ ਕੈਦ ਕਿਉਂ ਕੀਤੇ ਗਏ? ਉਹ ਰਿਹਾ ਕਿਸ ਤਰ੍ਹਾਂ ਹੋਏ? ਇਤਿਹਾਸ ਨੇ ਅਜੇ ਇਹ ਸਾਫ਼ ਨਹੀਂ ਕੀਤਾ। ਜਾਪਦਾ ਇਹ ਹੈ ਕਿ ਮੀਆਂ ਮੀਰ ਜੋ ਗੁਰੂ-ਘਰ ਦਾ ਦੋਸਤ ਤੇ ਸਹਾਈ ਸੀ ਅਤੇ ਵਜ਼ੀਰ ਖਾਨ ਜੋ ਗੁਰੂ-ਘਰ ਦਾ ਸ਼ਰਧਾਲੂ ਸੀ, ਦੇ ਅਸਰ ਰਸੂਖ਼ ਨੇ ਰਿਹਾਈ ਦਾ ਰਾਹ ਸਾਫ਼ ਕੀਤਾ। ਚੇਤਨਾ ਦਾ ਰੂਪ ਮਜ਼ੂਬੀ ਸੀ, ਫ਼ਕੀਰਾਂ ਦਰਵੇਸ਼ਾਂ ਦਾ ਬਾਦਸ਼ਾਹਾਂ ਉੱਤੇ ਵੀ ਅਸਰ ਹੋ ਜਾਂਦਾ ਸੀ, ਅਤੇ ਦਰਬਾਰੀਆਂ ਦੀ ਵੀ ਖ਼ੁਦਾ-ਰਸੀਦਾ ਬੰਦਿਆਂ ਵੱਲ ਸ਼ਰਧਾ ਹੁੰਦੀ ਸੀ। ਸਿੱਖ ਲਹਿਰ ਦਾ ਰੂਪ ਤਾਂ ਮਜ਼ੂਬੀ ਸੀ ਅਤੇ ਗੁਰੂ ਅਰਜਨ ਦੀ ਜ਼ਾਤੀ ਰਹਿਣੀ-ਬਹਿਣੀ ਬੜੀ ਸਾਦੀ ਸੀ, ਪਰ ਗੁਰੂ ਦੇ ਦਰਬਾਰ ਦਾ ਠਾਠ ਸ਼ਾਹੀ ਸੀ। ਇਹ ਠਾਠ ਵੇਖ ਕੇ ਹੀ ਚੰਦੂ ਦੇ ਪਰੋਹਤਾਂ ਨੇ ਉਸ ਦੀ ਲੜਕੀ ਦਾ ਸਾਕ ਗੁਰੂ ਦੇ ਪੁੱਤਰ ਨੂੰ ਕਰਨ ਬਾਰੇ ਸੋਚਿਆ ਸੀ। ਗੁਰੂ ਹਰਿਗੋਬਿੰਦ ਮੀਰੀ ਪੀਰੀ ਦਾ ਮਾਲਿਕ ਸੀ। ਚੜ੍ਹਤ ਤੇ ਠਾਠ ਸ਼ਾਹਾਨਾ ਸੀ। ਦਿਮਾਗੀ ਪੱਧਰ ਉਤੇ ਲਹਿਰ ਵਾਲੇ ਆਪ ਵੀ ਰੱਬ ਦਾ ਰਾਹ ਹੀ ਢੂੰਡਦੇ ਸਨ। ਸੋ, ਹਰ ਇਕ ਦੇ ਅੱਖੀਂ ਘੱਟਾ ਇਹ ਪਿਆ ਕਿ ਹੈ ਤਾਂ ਗੁਰੂ, ਪਰ ਅਸਲ ਵਿਚ ਹੋਰ ਰਜਵਾੜਿਆਂ ਵਾਂਗ ਰਜਵਾੜਾ ਹੀ ਹੈ। ਬਗਾਵਤੀ ਸੰਭਾਵਨਾ ਦਾ ਖ਼ਿਆਲ ਤਾਂ ਹਕੂਮਤ ਨੂੰ ਆਉਂਦਾ ਸੀ, ਪਰ ਉਸ ਨੂੰ ਲਹਿਰ ਦੇ ਜਮਾਤੀ-ਅੰਗ ਦੀ ਸਮਝ ਨਾ ਆਈ। ਇਹ ਕਿਸੇ ਦੇ ਪੱਲੇ ਨਾ ਪਿਆ ਕਿ ਗੁਰੂ ਦੇ ਮਿਆਨ ਵਿਚਲੀ ਤਲਵਾਰ ਲੋਕ-ਹਿੱਤ ਦੀ ਤਲਵਾਰ ਹੈ। ਸੋ ਜਦੋਂ ਗੁਰੂ ਸਾਹਿਬ ਰਿਹਾ ਹੋਏ ਅਤੇ ਉਨ੍ਹਾਂ ਦੀ ਮੌਕਾ-ਸ਼ਨਾਸੀ, ਦੂਰ-ਅੰਦੇਸ਼ੀ ਤੇ ਸਿਆਣਪ ਦਾ ਨਤੀਜਾ ਜਹਾਂਗੀਰ ਤੇ ਕੇਂਦਰੀ ਰਾਜ-ਪ੍ਰਬੰਧ ਦੀ ਉਨ੍ਹਾਂ ਨਾਲ ਨੇੜਤਾ ਵਿਚ ਨਿਕਲਿਆ ਤਾਂ ਸਥਾਨਕ ਰਾਜ-ਪ੍ਰਬੰਧ ਨੇ ਸਿੱਖ ਲਹਿਰ ਦੀ ਹਰਕਤ ਨੂੰ ਨਜ਼ਰ-ਅੰਦਾਜ਼ ਕਰ ਛੱਡਿਆ। ਜਿੰਨਾ ਚਿਰ ਜਹਾਂਗੀਰ ਗੱਦੀ ਉਤੇ ਰਿਹਾ, ਸ਼ਹਿਨਸ਼ਾਹ



Digitized by Panjab Digital Library | www.panjabdigilib.org

ਨਾਲ ਇਹ ਨੇੜ, ਲਹਿਰ ਦੀ ਫੌਜੀ ਤਿਆਰੀ ਵਾਸਤੇ ਛਤਰੀ ਬਣਿਆ। ਫ਼ਿਊਡਲ ਨਿਜ਼ਾਮ ਵਿਚ ਕੇਂਦਰੀ ਤੇ ਸਥਾਨਕ ਰਾਜ-ਪ੍ਰਬੰਧਾਂ ਦੀ ਮਰਜ਼ੀ ਹਮੇਸ਼ਾਂ ਇਕ ਨਹੀਂ ਹੁੰਦੀ। ਸ਼ਖ਼ਸੀ ਰਾਜ ਵਿਚ ਆਪਣੇ ਹਿੱਤਾਂ ਲਈ ਦਰਬਾਰ ਵਿਚ ਹੋਣਾ ਲਾਭਦਾਇਕ ਸੀ। ਸ਼ਾਹ ਜਹਾਨ ਦੇ ਜ਼ਮਾਨੇ ਵਿਚ ਵਜ਼ੀਰ ਖਾਨ ਦੀ ਸਿੱਖ ਲਹਿਰ ਨੂੰ ਸਹਾਇਤਾ ਰਹੀ।

ਸ਼ਾਹ ਜਹਾਨ ਦੇ ਗੱਦੀ 'ਤੇ ਬੈਠਣ ਨਾਲ ਗੁਰੂ ਸਾਹਿਬ ਦਾ ਕੇਂਦਰੀ ਹਕੂਮਤ ਨਾਲ ਉਹ ਨੇੜ ਨਾ ਰਿਹਾ। ਉਸ ਦੇ ਅਹਿਦ ਵਿਚ ਸਿੱਖ ਲਹਿਰ ਉਤੇ ਮੁਖ਼ਲਿਸ ਖਾਨ, ਅਬਦੁੱਲਾ ਖਾਨ, ਲਾਲ ਬੇਗ ਤੇ ਕਾਲੇ ਖਾਨ ਦੀ ਜਰਨੈਲੀ ਹੇਠ ਚਾਰ ਵੇਰ ਹਮਲਾ ਹੋਇਆ। ਚਾਰੇ ਵਾਰ ਹੀ ਸਿੱਖ ਲਹਿਰ ਦੀ ਹਥਿਆਰਬੰਦੀ ਨੇ ਆਪਣੀ ਮਿੱਟੀ ਦਾ ਸਬੂਤ ਦਿਤਾ। ਮੁਗਲੀਆ ਸਲਤਨਤ ਦੇ ਪ੍ਰਸੰਗ ਵਿਚ ਤੇ ਉਸ ਦੇ ਪੈਮਾਨੇ ਮੁਤਾਬਿਕ ਤਾਂ ਇਹ ਲੜਾਈਆਂ ਸਥਾਨਕ ਝੜਪਾਂ ਹੀ ਸਨ, ਪਰ ਸਿੱਖ ਲਹਿਰ ਦੇ ਨੁਕਤੇ ਤੋਂ ਇਹ ਆਉਣ ਵਾਲੇ ਜ਼ਮਾਨੇ ਵਾਸਤੇ ਰੀਹਰਸਲ ਤੇ ਜੱਥੇਬੰਦੀ ਦੇ ਚੜ੍ਹਦੀ ਕਲਾ ਵਿਚ ਆਉਣ ਵਾਸਤੇ ਮਸ਼ਕਾਂ ਸਨ। ਸਨ ਤਾਂ ਇਹ ਛੋਟੀਆਂ ਹੀ ਪਰ ਇਕ ਗੱਲ ਇਹ ਜ਼ਰੂਰ ਦੱਸਦੀਆਂ ਹਨ ਕਿ ਸਿੱਖ ਲਹਿਰ ਦੀ ਹਥਿਆਰਬੰਦੀ ਦੀ ਖੱਲ ਵਿਚ ਡਰ ਨਹੀਂ ਸੀ, ਅਤੇ ਸਿਵਾਏ ਤੋਪ ਤੋਂ ਉਹ ਏਸ਼ੀਆ ਵਿਚ ਵਰਤੀਂਦੇ ਹਰ ਸ਼ਸਤਰ ਦੀ ਮਾਹਿਰ ਸੀ। ਕੱਦ ਤਾਂ ਸਿੱਖ ਹਥਿਆਰਬੰਦੀ ਦਾ ਜਿੰਨਾਂ ਕੁ ਹੈ ਸੀ ਉਹ ਸੀ ਹੀ, ਪਰ ਉਸਦਾ ਜਿਗਰਾ ਸ਼ਾਹ ਜਹਾਨ ਦੇ ਬਾਜ਼ੂ ਨੂੰ ਹੱਥ ਪਾਉਣ ਦਾ ਹੋ ਗਿਆ ਸੀ। ਬਿਧੀ ਚੰਦ ਦਾ ਸ਼ਾਹੀ ਤਬੇਲੇ ਵਿਚੋਂ ਘੋੜੇ ਕੱਢ ਲਿਆਉਣਾ ਅਤੇ ਆਉਂਦਿਆਂ ਦੱਸ ਆਉਣਾ ਕਿ ਕੌਣ ਲੈ ਗਿਆ ਹੈ ਅਤੇ ਕਿੱਥੋਂ ਚੱਲੇ ਹਨ, ਇਸ ਤੋਂ ਜ਼ਾਹਿਰ ਹੈ ਕਿ ਸਿੱਖ ਲਹਿਰ ਮੁਗਲੀਆ ਸਲਤਨਤ ਨਾਲ ਲੋਹਾ ਲੈਣ ਦੇ ਰਾਹ ਉਤੇ ਚੱਲ ਪਈ ਸੀ, ਮੁਰਾਲ (morale) ਦੀ ਪੱਧਰ ਉਤੇ ਤਿਆਰ ਸੀ। ਬਿਧੀ ਚੰਦ ਇਸ ਵੇਲੇ ਦੀ ਸਿੱਖ ਹਥਿਆਰਬੰਦੀ ਦੇ ਮੂਡ ਤੇ ਜੁੱਸੇ ਦਾ ਸੋਹਣਾ ਨਮੂਨਾ ਹੈ। ਸਿੱਖ ਹਥਿਆਰਬੰਦੀ ਦੀ ਸ਼ਾਹੀ ਫੌਜ ਨਾਲ ਟੱਕਰ ਦਾ ਸਿੱਖ ਲਹਿਰ ਉਤੇ ਅਸਰ ਪ੍ਰਤੱਖ ਸੀ। ਗੁਰੂ ਦੇ ਪੈਰੋਕਾਰਾਂ, ਪਿੰਡਾਂ ਦੇ ਕਮੀਣਾਂ ਕਾਦੂਆਂ, ਮੁਗ਼ਲ ਅਫ਼ਸਰਸ਼ਾਹੀ ਦੀ ਧੌਂਸ ਸਹਿੰਦਿਆਂ ਹਲਵਾਹਕ ਜੱਟਾਂ, ਤੇ ਹੋਰ ਹਿੰਦੂ ਹਟਵਾਣੀਆਂ ਨੂੰ ਆਪਣੇ ਸੱਚੇ ਪਾਤਸ਼ਾਹ ਉਤੇ ਭਰੋਸੇ ਨੇ ਉਹਨਾਂ ਨੂੰ ਮੁਗ਼ਲ ਸਿਪਾਹੀ ਦਾ ਸਾਹਮਣਾ ਕਰਵਾ ਦਿਤਾ ਸੀ, ਜਿੱਤ ਦਾ ਮੂੰਹ ਵਿਖਾ ਦਿਤਾ ਸੀ, ਜੰਗ ਵਿਚ ਮੁਗ਼ਲ-ਰਾਜ ਦੇ ਢਾਹੁਣ ਦਾ ਨਾਹਰਾ ਲਗਵਾ ਦਿੱਤਾ ਸੀ, ਰਾਜ ਦੇ ਆਪਣੇ ਹੋ ਸਕਣ ਦਾ ਅਹਿਸਾਸ ਕਰਵਾ ਦਿਤਾ ਸੀ। ਉਨ੍ਹਾਂ ਦੇ ਨੁਕਤੇ ਤੋਂ ਇਕ ਜੁਗ ਪਲਟ ਚਲਿਆ ਸੀ। ਮੁਗ਼ਲ ਫ਼ਿਊਡਲਾਂ ਦੇ ਹੇਠ ਦਲੀਂਦੀ ਵੱਸੋਂ ਨੇ ਇਹ ਸਬਕ ਬੜੇ ਮਹਿੰਗੇ ਭਾਅ ਸਿੱਖਿਆ ਸੀ। ਉਸ ਦਾ ਹੁਣ ਇਸ ਨੂੰ ਭੁਲਾ ਦੇਣਾ ਅਸੰਭਵ ਸੀ। ਅਸਲ ਵਿਚ ਤਾਂ ਇਹ ਲੜਾਈਆਂ ਮੁਢਲੇ ਸਬਕ ਹੀ ਸਨ ਗੱਲ ਠੰਢੀ ਹੋਣ ਉਤੇ ਗੁਰੂ ਸਾਹਿਬ



Digitized by Panjab Digital Library | www.panjabdigilib.org

ਕੀਰਤਪੁਰ ਜਾ ਰਹੇ।

ਸਿਆਸੀ-ਸਮਾਜਕ ਲਹਿਰਾਂ ਵਿਚ ਉਤਰਾ ਚੜ੍ਹਾ ਆਉਂਦੇ ਹਨ। ਇਹ ਸਮਾਜਕ ਵੇਗ ਦੇ ਨਾਲ ਸੰਬੰਧਤ ਹੁੰਦੇ ਹਨ। ਗੁਰੂ ਹਰਿਗੋਬਿੰਦ ਦੇ ਵੇਲੇ ਸਿੱਖ ਲਹਿਰ ਨੇ ਤਣ ਕੇ ਜ਼ੋਰ ਲਾਇਆ, ਇਕ ਪ੍ਰਕਾਰਕ ਤਬਦੀਲੀ ਲਿਆਂਦੀ। ਉਸ ਦੇ ਮਗਰੋਂ ਲਹਿਰ ਦਾ ਕੁਝ ਸਸਤਾ ਜਾਣਾ, ਕੁਝ ਦਮ ਮਾਰਨਾ ਕੁਦਰਤੀ ਸੀ। ਗੁਰੂ ਹਰਿਗੋਬਿੰਦ ਦੇ ਮਗਰੋਂ **ਗੁਰੂ ਹਰਿ ਰਾਇ** ਗੱਦੀ ਉਤੇ ਬੈਠੇ। ਗੁਰੂ ਹਰਿ ਰਾਇ ਦਾ ਸੁਭਾਅ, ਉਨ੍ਹਾਂ ਦਾ ਜ਼ਾਤੀ ਝੁਕਾਉ ਲਹਿਰ ਦੇ ਹੁਣ ਦੇ ਮੂਡ ਦੇ ਅਨੁਕੂਲ ਸੀ। ਉਨ੍ਹਾਂ ਦੋ ਕੁ ਹਜ਼ਾਰ ਹਥਿਆਰਬੰਦ ਤਾਂ ਰੱਖੇ (ਹੁਣ ਅਸੂਲੀ ਤੌਰ ਉਤੇ ਹਥਿਆਰਬੰਦੀ ਤੋਂ ਲਹਿਰ ਦੇ ਪਿਛਾਂਹ ਹਟਣ ਦਾ ਸਵਾਲ ਹੀ ਨਹੀਂ ਸੀ) ਪਰ ਉਨ੍ਹਾਂ ਦੇ ਸਮੇਂ ਲਹਿਰ ਨੇ ਫ਼ੌਜੀ ਕਾਰਵਾਈ ਤੋਂ ਸੰਕੋਚ ਕੀਤਾ। ਡਾਕਟਰ ਨਾਰੰਗ ਦੇ ਮੁਤਾਬਿਕ ਉਨ੍ਹਾਂ ਆਪਣੀ ਅਗਵਾਈ ਦੇ ਅੰਤਲੇ ਸਮੇਂ ਫ਼ੌਜੀ ਕਾਰਵਾਈ ਇਕ ਵੇਰ ਹੀ ਕੀਤੀ। ਔਰੰਗਜ਼ੇਬ ਦੇ ਫ਼ੌਜੀਆਂ ਨੂੰ ਬਿਆਸ ਦੇ ਕੰਢੇ ਕੁਝ ਚਿਰ ਰੋਕਿਆ ਤਾਕਿ ਭੱਜਿਆ ਜਾਂਦਾ ਦਾਰਾ ਸ਼ਿਕੋਹ ਆਪਣੀ ਹਿਫ਼ਾਜ਼ਤ ਦੀ ਕੋਈ ਥਾਂ ਲੱਭ ਲਵੇ। ਬਾਕੀ ਗੁਰੂ ਸਾਹਿਬ ਨੇ ਧਰਮ ਦੇ ਪ੍ਰਚਾਰ ਵਲ ਹੀ ਆਪਣਾ ਧਿਆਨ ਦਿਤਾ।

ਇਕ ਗੱਲ ਇਥੇ ਸਮਝਣ ਵਾਲੀ ਹੈ। ਸਿੱਖ ਲਹਿਰ ਤਰਜਮਾਨੀ ਤਾਂ ਲੋਕ-ਹਿੱਤ ਦੀ ਕਰਦੀ ਹੈ, ਪਰ ਉਹ ਲੋਕ-ਹਿੱਤ ਨੂੰ ਸੌੜੇ, ਸੈਕਟੇਰੀਅਨ ਨਜ਼ਰੀਏ ਨਾਲ ਨਹੀਂ ਵੇਖਦੀ। ਅਮਲੀ ਤੌਰ ਉਤੇ ਜੋ ਮੁਮਕਿਨ ਸੀ, ਉਸ ਵਿਚ ਹਰ ਪੱਧਰ ਉਤੇ ਤਮੀਜ਼ ਕਰਦੀ ਹੈ। ਆਜ਼ਾਦ ਰਜਵਾੜੇ ਨਾਲੋਂ ਅਮਲੀ ਪੱਧਰ ਉਤੇ ਅਕਬਰ ਦੀ ਸ਼ਹਿਨਸ਼ਾਹੀ ਲੋਕਾ ਦੇ ਨੁਕਤੇ ਤੋਂ ਕਦਰੇ ਚੰਗੇਰੀ ਸੀ। ਸਿੱਖ ਲਹਿਰ ਉਸ ਦਾ ਨੇੜ ਕਰਦੀ ਹੈ। ਉਸ ਦੇ ਨੇੜ ਤੋਂ ਫਾਇਦਾ ਉਠਾਉਂਦੀ ਹੈ। ਮੁਗ਼ਲੀਆ ਸ਼ਾਹੀ ਖਾਨਦਾਨ ਵਿਚ ਇਕ ਦੂਸਰੇ ਦੇ ਵਿਰੋਧੀ ਦੋ ਰੌਆਂ ਚਲਦੀਆਂ ਸਨ। ਇਕ ਅਕਬਰ ਵਾਲੀ ਦਾਰਾ ਸ਼ਿਕੋਹ ਤਕ, ਅਤੇ ਦੂਸਰੀ (ਜੋ ਅੰਤ ਰਾਜ-ਪ੍ਰਬੰਧ ਵਿਚ ਅਮਲੀ ਤੌਰ ਉਤੇ ਕਾਮਯਾਬ ਹੋਈ) ਔਰੰਗਜ਼ੇਬ ਵਾਲੀ। ਜਹਾਂਗੀਰ ਤੇ ਸ਼ਾਹਜਹਾਨ ਦੀ ਹਕੂਮਤ ਇਨ੍ਹਾਂ ਦੋਹਾਂ ਦੇ ਦਰਮਿਆਨ ਹੁਲਾਰਾ ਖਾਂਦੀ ਰਹੀ। ਜਿੰਨਾਂ ਥੋੜ੍ਹੇ ਤੋਂ ਥੋੜ੍ਹਾ ਮੁਮਕਿਨ ਸੀ, ਸਿੱਖ ਲਹਿਰ ਨੇ ਅਕਬਰ ਵਾਲੀ ਲਾਈਨ ਵੱਲ ਆਪਣਾ ਭਾਰ ਪਾਇਆ। ਇਸ ਵਿਚ ਸਿੱਖ ਲਹਿਰ ਦਾ ਆਪਣਾ ਹਿੱਤ ਸੀ। ਲੋਕ-ਹਿੱਤ ਵਾਲਿਆਂ ਦੀ ਜਥੇਬੰਦੀ ਦੇ ਨੁਕਤੇ ਤੋਂ ਅਕਬਰ ਵਾਲੀ ਕਿਸਮ ਤੇ ਔਰੰਗਜ਼ੇਬ ਦੀ ਕਿਸਮ ਦੇ ਰਾਜ ਵਿਚ ਜ਼ਮੀਨ ਅਸਮਾਨ ਦਾ ਫ਼ਰਕ ਸੀ। ਖੁਸਰੋ ਦੀ ਮਦਦ ਗੁਰੂ ਅਰਜਨ ਨੇ ਕੀਤੀ ਅਤੇ ਇਹ ਮਦਦ ਉਨ੍ਹਾਂ ਨੂੰ ਸਜ਼ਾ ਮਿਲਣ ਦਾ ਫ਼ੌਰੀ ਕਾਰਨ ਬਣੀ। ਗੁਰੂ ਹਰਿ ਰਾਇ ਨੇ ਔਰੰਗਜ਼ੇਬ ਦੇ ਖ਼ਿਲਾਫ਼ ਆਪਣੀ ਹਮਦਰਦੀ ਦਾਰਾ ਸ਼ਿਕੋਹ ਵੱਲ ਵਿਖਾਈ। ਮੈਕਾਲਿਫ਼ ਦੇ ਅਨੁਸਾਰ ਗੁਰੂ ਸਾਹਿਬ ਨੇ ਦਾਰਾ ਸ਼ਿਕੋਹ ਨੂੰ



Digitized by Panjab Digital Library | www.panjabdigilib.org

ਪਰੇਰਨਾ ਦਿਤੀ ਕਿ ਉਹ ਤਖਤ ਵਾਸਤੇ ਔਰੰਗਜ਼ੇਬ ਦੇ ਖਿਲਾਫ਼ ਲੜੇ। ਗੱਦੀ ਉਤੇ ਬੈਠਦਿਆਂ ਬਾਦਸ਼ਾਹਾਂ ਵਿਚ ਇਹ ਤਮੀਜ਼ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਵਿਖਾਈ। ਇਸ ਫਰਕ ਨੂੰ ਵੇਲੇ ਦੇ ਕਿਸੇ ਗੁਰੂ ਨੇ ਵੀ ਕਦੇ ਨਜ਼ਰ-ਅੰਦਾਜ਼ ਨਹੀਂ ਕੀਤਾ।

ਗੁਰੂ ਹਰਿ ਰਾਇ ਦੀ ਮੁਖ਼ਾਲਫ਼ਤ ਔਰੰਗਜ਼ੇਬ ਨੇ ਨਜ਼ਰ-ਅੰਦਾਜ਼ ਨਹੀਂ ਕੀਤੀ। ਉਸ ਨੇ ਗੱਦੀ ਉਤੇ ਬੈਠਦਿਆਂ ਹੀ ਗੁਰੂ ਸਾਹਿਬ ਨੂੰ ਦਿੱਲੀ ਬੁਲਵਾ ਭੇਜਿਆ। ਗੁਰੂ ਸਾਹਿਬ ਆਪ ਤਾਂ ਨਾ ਗਏ, ਪਰ ਉਨ੍ਹਾਂ ਆਪਣੇ ਸਪੁੱਤਰ ਰਾਮ ਰਾਇ ਨੂੰ ਦਿਲੀ ਭੇਜ ਦਿਤਾ। ਔਰੰਗਜ਼ੇਬ ਨੇ ਉਸ ਨੂੰ ਉਤੋਂ ਤਾਂ ਦੋਸਤਾਨਾ ਵਿਖਾਇਆ, ਬਾਇੱਜ਼ਤ ਤੌਰ ਉਤੇ ਰੱਖਿਆ,ਪਰ ਅਸਲ ਵਿਚ ਉਸ ਨੂੰ ਸਿੱਖ ਲਹਿਰ ਨੂੰ ਸ਼ਾਂਤ ਰਖਣ ਦੀ ਜ਼ਮਾਨਤ ਬਣਾਇਆ। ਔਰੰਗਜ਼ੇਬ ਦੇ ਤਖ਼ਤ ਉਤੇ ਬੈਠਦਿਆਂ ਹੀ ਸਖਤੀ ਵਧੀ। ਹੁਣ ਫੌਜੀ ਕਾਰਵਾਈ ਸ਼ਾਹਜਹਾਨ ਦੇ ਰਾਜ-ਪ੍ਰਬੰਧ ਵਰਗੇ ਪ੍ਰਸੰਗ ਵਿਚ ਮੁਮਕਿਨ ਨਹੀਂ ਸੀ। ਹੁਣ ਖੰਡਾ ਉਸ ਵੇਲੇ ਹੀ ਖੜਕ ਸਕਦਾ ਸੀ ਜਦੋਂ ਲਹਿਰ ਪੰਜਾਬ ਵਿਚ ਮੁਗਲੀਆ ਪ੍ਰਬੰਧ ਦੇ ਖ਼ਿਲਾਫ਼ ਫ਼ੈਸਲਾਕੁਨ ਲੜਾਈ ਵਾਸਤੇ ਮੈਦਾਨ ਵਿਚ ਆਉਣ ਨੂੰ ਤਿਆਰ ਹੋਵੇ। ਇਸ ਵਾਸਤੇ ਵਕਤ ਚਾਹੀਦਾ ਸੀ। ਲਹਿਰ ਦੇ ਚੜ੍ਹਾਅ ਵਿਚ ਆਉਣ ਦੀ ਉਡੀਕ ਲਾਜ਼ਮੀ ਸੀ।

ਉਸਾਰੀ ਤੇ ਲਹਿਰ ਦੇ ਸਾਂਭਣ-ਸੂਤਣ ਦੇ ਨੁਕਤੇ ਤੋਂ ਵੀ ਗੁਰੂ ਹਰਿਗੋਬਿੰਦ ਦੇ ਮਗਰੋਂ ਲਹਿਰ ਦਾ ਕੰਮ ਢਿੱਲਾ ਹੋ ਰਿਹਾ ਸੀ। ਸਿੱਖ ਲਹਿਰ ਵਿਚ ਉਸਾਰੀ ਦੇ ਨਾਲ ਨਾਲ ਵਿਗਾੜ ਦਾ ਅੰਸ਼ ਵੀ ਤੁਰਿਆ ਆਉਂਦਾ ਰਿਹਾ ਹੈ। ਵਿਰੋਧੀ ਮਜ਼ਬੀ, ਸਮ ਜਕ, ਸਿਆਸੀ ਸੰਸਥਾਵਾਂ ਤੇ ਗੁਰੂ ਦੀ ਲੀਹ ਤੋਂ ਉੱਖੜੇ ਤੇ ਉਸ ਦੇ ਵਿਰੋਧੀ ਤੇ ਸ਼ਰੀਕ ਬਣਨ ਵਾਲੇ ਮੱਤਾਂ ਤੋਂ ਇਲਾਵਾ, ਜਦੋਂ ਨਵਾਂ ਗੁਰੂ ਗੱਦੀ ਉਤੇ ਬੈਠਦਾ ਸੀ, ਗੱਦੀ ਤੋਂ ਵਾਂਝੇ ਰਹਿ ਗਏ ਉਮੀਦਵਾਰ ਉਸ ਦੇ ਦੁਸ਼ਮਨ ਬਣ ਜਾਂਦੇ ਸਨ। ਸੋ ਸਿੱਖ ਲਹਿਰ ਵਿਚ ਗੁਰੂਆਂ ਦੇ ਨਾਲ ਨਾਲ ਪ੍ਰਿਥੀਏ ਵੀ ਤੁਰੇ ਆਏ ਹਨ, ਅਤੇ ਉਹ ਲਹਿਰ ਦੀ ਕਾਫ਼ੀ ਸਿਰਦਰਦੀ ਰਹੇ ਹਨ। ਹੁਣ ਇਸ ਤੋਂ ਇਲਾਵਾ ਲਹਿਰ ਦੀ ਆਪਣੀ ਜਥੇਬੰਦੀ ਦੇ ਪੁਰਜ਼ੇ ਵੀ ਢਿੱਲੇ ਹੋਣੇ ਸ਼ੁਰੂ ਹੋਏ। ਪਹਿਲੇ ਗੁਰੂ ਸਾਹਿਬਾਨ ਦੀਆਂ ਬਣਾਈਆਂ ਮੰਜੀਆਂ ਅਤੇ ਸਥਾਪਤ ਕੀਤੇ ਮਸੰਦਾਂ ਨੇ ਬਹੁਤ ਲਾਭਦਾਇਕ ਤੇ ਸ਼ਲਾਘਾਯੋਗ ਕੰਮ ਕੀਤਾ। ਪਰ ਜਦੋਂ ਉਹ ਸੰਸਥਾ ਜੱਦੀ ਬਣ ਗਈ ਤਾਂ ਗੰਢਿਆਂ ਵਿਚੋਂ ਗੰਢੇਲਾਂ ਵੀ ਨਿਕਲ ਆਈਆਂ। ਜੱਦੀ ਤਾਂ ਗੁਰੂ ਦੀ ਸੰਸਥਾ ਵੀ ਬਣ ਚੁੱਕੀ ਸੀ, ਫੇਰ ਵੀ ਗੁਰੂ ਦੀ ਗੱਦੀ ਉਤੇ ਸਭ ਤੋਂ ਵਧੀਆ ਵਿਅਕਤੀ ਹੀ ਸਥਾਪਿਤ ਹੁੰਦਾ ਸੀ। ਡਾਕਟਰ ਨਾਰੰਗ ਦੇ ਮੁਤਾਬਿਕ ਗੁਰੂ ਹਰਿ ਕ੍ਰਿਸ਼ਨ ਸਾਹਿਬ ਨੇ, ਜੋ ਸਿਰਫ਼ ਅੱਠ ਸਾਲ ਦੇ ਸਨ, ਸੁਰਗਵਾਸ ਹੋਣ ਲਗਿਆਂ ਆਪਣੇ ਭਰਾ ਤੇ ਚਾਚੇ ਨੂੰ ਨਜ਼ਰ-ਅੰਦਾਜ਼ ਕਰ, **ਗੁਰੂ ਤੇਗ ਬਹਾਦਰ** ਵੱਲ ਇਸ਼ਾਰਾ ਕਰਕੇ ਵਧੀਆ ਚੋਣ ਕੀਤੀ। ਮਸੰਦਾਂ ਦੀ ਸੰਸਥਾ ਨੇ ਗੁਰੂ ਹਰਿ ਰਾਇ



Digitized by Panjab Digital Library | www.panjabdigilib.org

ਨੂੰ ਬਹੁਤ ਆਤੁਰ ਕੀਤਾ। ਮਸੰਦਾਂ ਦੀ ਸੰਸਥਾ ਦੇ ਗਿਰਾਵਟ ਵਿਚ ਆਉਣ ਤੋਂ ਗੁਰੂ ਹਰਿ ਰਾਇ ਨੇ ਦੋ ਬਖ਼ਸ਼ੀਸ਼ਾਂ ਕਾਇਮ ਕੀਤੀਆਂ। ਮਸੰਦਾਂ ਦੇ ਮੁਕਾਬਲੇ ਉਤੇ ਇਹ ਪ੍ਰਚਾਰ ਦੇ ਕੰਮ ਵਿਚ ਵਧੇਰੇ ਕਾਮਯਾਬ ਹੋਈਆਂ। ਗੁਰੂ ਹਰਿ ਕ੍ਰਿਸ਼ਨ ਦਾ ਤਾਂ ਜ਼ਿੰਦਗੀ ਨੇ ਸਾਥ ਨਾ ਦਿਤਾ, ਪਰ ਉਨ੍ਹਾਂ ਦੇ ਮਗਰੋਂ ਗੁਰੂ ਤੇਗ ਬਹਾਦਰ ਨੇ ਇਕ ਹੋਰ ਬਖ਼ਸ਼ੀਸ਼ ਕਾਇਮ ਕੀਤੀ ਅਤੇ ਗੁਰੂ ਗੋਬਿੰਦ ਸਿੰਘ ਨੇ ਦੋ ਹੋਰ ਰਲਾਈਆਂ। ਮਸੰਦਾਂ ਦੀ ਸੰਸਥਾ ਗਰਕਦੀ ਗਈ। ਉਸ ਦੀ ਕਮਜ਼ੋਰੀ ਤੇ ਗਿਰਾਵਟ ਵਧਦੀ ਵਧਦੀ ਇੰਨੀ ਵਧ ਗਈ ਕਿ ਇਹ ਗੁਰੂ ਦੀ ਸਥਾਪਨਾ ਤੇ ਚੋਣ ਵਿਚ ਵੀ ਦਖ਼ਲ-ਅੰਦਾਜ਼ ਹੋਣ ਲੱਗੀ। ਜਦੋਂ ਗੁਰੂ ਹਰਿ ਰਾਇ ਨੇ ਗੁਰੂ ਹਰਿ ਕ੍ਰਿਸ਼ਨ ਨੂੰ ਗੱਦੀ ਸੌਂਪੀ ਤਾਂ ਕੁਝ ਮਸੰਦਾਂ ਨੇ ਸ੍ਰੀ ਰਾਮ ਰਾਇ ਨੂੰ ਚੁੱਕ ਚੁਕਾ ਕੇ ਸ਼ਿਕਾਇਤ ਔਰੰਗਜ਼ੇਬ ਕੋਲ ਕਰਵਾ ਦਿਤੀ। ਗੱਲ ਸਿਰੇ ਤਾਂ ਨਾ ਚੜ੍ਹੀ ਪਰ ਗੁਰੂ ਦੀ ਸਥਾਪਨਾ ਵਿਚ ਗੁਰੂ ਤੋਂ ਬਗੈਰ ਕਿਸੇ ਹੋਰ ਨੂੰ ਲੈ ਆਉਣਾ, ਖਾਸ ਕਰ ਔਰੰਗਜ਼ੇਬ ਵਰਗੇ ਤਅਸਬੀ ਸ਼ਹਿਨਸ਼ਾਹ ਨੂੰ, ਸੰਸਥਾ ਦੀ ਪਰਲੇ ਦਰਜੇ ਦੀ ਗਿਰਾਵਟ ਸੀ ਤੇ ਲੋਕ-ਹਿੱਤ ਨਾਲ ਗ਼ੱਦਾਰੀ ਸੀ।

**ਗੁਰੂ ਹਰਿ ਕ੍ਰਿਸ਼ਨ** ਦੀ ਬਚਪਨ ਤੋਂ ਹੀ ਗੈਰ ਮਾਮੂਲੀ, ਤਕਰੀਬਨ ਕਰਾਮਾਤੀ ਅਕਲ ਦਾ ਹਰ ਇਕ ਨੇ ਜ਼ਿਕਰ ਕੀਤਾ ਹੈ। ਕਈ ਲੋਕਾਂ ਉਸ ਨੂੰ ਗੁਰਿਆਈ ਦੀ ਕਰ ਮਾਤ ਕਰਕੇ ਹੀ ਸੰਭਵ ਸਮਝਿਆ ਹੈ। ਗੁਰੂ ਹਰਿ ਕ੍ਰਿਸ਼ਨ ਨੂੰ ਜ਼ਿੰਦਗੀ ਨੇ ਵਡਾ ਫ਼ੈਸਲਾ ਇਕ ਹੀ ਕਰਨ ਦਾ ਅਵਸਰ ਦਿਤਾ ਅਤੇ ਉਹ ਉਨ੍ਹਾਂ ਨੇ ਬਹੁਤ ਵਧੀਆ ਕੀਤਾ "ਗੁਰੂ ਬਾਬੇ ਬਕਾਲੇ" । ਲਹਿਰ ਦੀ ਅਗਵਾਈ ਦਾ ਭਾਰ ਤੇ ਜ਼ਿੰਮੇਵਾਰੀ ਗੁਰੂ ਤੇਗ ਬਹਾਦਰ ਉਤੇ ਪਾਈ। ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀਵੇ ਤਾਂ ਸਿਰਫ਼ ਬਚਪਨ ਦੇ ਅੱਠ ਸਾਲ ਪਰ ਸਿੱਖਾਂ ਦੇ ਮਨਾਂ ਵਿਚ ਉਨ੍ਹਾਂ ਵਾਸਤੇ ਸ਼ਰਧਾ ਬੇਅੰਤ ਹੈ, ਖਾਸ ਕਰ ਦੁਖ ਹਰਨ ਵਿਚ। ਸਿੱਖ ਲਹਿਰ ਵਿਚ ਸਿੱਖੀ ਦਾ ਜਜ਼ਬਾ ਉਸਾਰਨ ਤੇ ਕਾਇਮ ਰੱਖਣ ਵਿਚ ਉਨ੍ਹਾਂ ਦੀ ਥਾਂ ਬਹੁਤ ਉੱਘੀ ਹੈ।

---

* He (Guru Hargobind) followed this up by founding the 'Akal Takht', a seat of temporal authority, as distinct from the place of worship alone, and set up two flags fluttering before it, one distinctly signifying religious and the other temporal authority. *Such steps amounted almost to a declaration of parallel government, and marked a clear change in the character of the movement.* (emphasis ours) *The Jats and Sikh Militarization*, Jagjit Singh in *Journal of Sikh Studies*. Vol. IV No. 1 (February, 1977).



Digitized by Panjab Digital Library | www.panjabdigilib.org

# ਸ਼ਹੀਦੀ ਦੇ ਖ਼ੂਨ ਨਾਲ ਜ਼ਮੀਨ ਦੀ ਤਿਆਰੀ

ਮੁਗ਼ਲੀਆ ਸਲਤਨਤ ਵਿਚ ਦੋ ਨੀਤੀਆਂ ਦੀ ਆਪਸ ਵਿਚ ਕਸ਼ਮਕਸ਼ ਅਤੇ ਉਨ੍ਹਾਂ ਦਾ ਆਪਸ ਵਿਚ ਤਵਾਜ਼ਨ ਰਿਹਾ। **ਇਕ** ਤਾਂ ਅਕਬਰੀ-ਨੀਤੀ ਸੀ ਕਿ ਹਿੰਦੂ ਫ਼ਿਊਡਲ ਨੂੰ ਰਾਜ-ਪ੍ਰਬੰਧ ਵਿਚ ਥਾਂ ਦੇ ਕੇ ਉਸ ਨਾਲ ਰਸਾਈ ਕਰਨੀ ਚਾਹੀਦੀ ਹੈ ਤਾਕਿ ਉਹ ਮੁਗ਼ਲੀਆ-ਰਾਜ ਦਾ ਵਫ਼ਾਦਾਰ ਬਣ ਜਾਵੇ। **ਦੂਜੀ** ਇਸ ਦੇ ਵਿਰੋਧੀ ਉਹ ਨੀਤੀ ਸੀ ਜੋ ਉਲਮਾਂ ਚਾਹੁੰਦੇ ਸਨ ਕਿ ਸਿਆਸੀ ਤੇ ਰਾਜ-ਪ੍ਰਬੰਧਕ ਤਾਕਤ ਹਰ ਮੁਮਕਿਨ ਹਦ ਤਕ ਮੁਸਲਮਾਨ ਅਹਿਲਕਾਰਾਂ ਦੇ ਹੱਥ ਵਿਚ ਹੀ ਹੋਣੀ ਚਾਹੀਦੀ ਹੈ, ਅਤੇ ਮੁਗ਼ਲੀਆ-ਰਾਜ ਨੂੰ ਪੱਕਿਆਂ ਕਰਨ ਵਾਸਤੇ ਜਿਥੋਂ ਤਕ ਹੋ ਸਕੇ, ਹਿੰਦੂਆਂ ਨੂੰ ਇਸਲਾਮ ਦੇ ਦਾਇਰੇ ਵਿਚ ਲਿਆਉਣਾ ਚਾਹੀਦਾ ਹੈ।

ਤਖ਼ਤ ਉਤੇ ਬੈਠੇ ਹਰ ਬਾਦਸ਼ਾਹ ਦਾ ਹਿੱਤ ਆਪਣੇ ਰਾਜ ਨੂੰ ਮਜ਼ਬੂਤ ਕਰਨਾ ਹੀ ਹੁੰਦਾ ਹੈ ਅਤੇ ਉਹ ਕਿਸੇ ਜਮਾਤ ਦਾ ਪ੍ਰਤਿਨਿਧ ਸਿਖਰ ਹੁੰਦਾ ਹੈ। ਮਜ਼੍ਹਬ ਕਿਉਂਕਿ ਕਿਸੇ ਜਮਾਤ ਦਾ ਆਰਥਕ, ਸਿਆਸੀ ਰੈਸ਼ਨੇਲ ਹੁੰਦਾ ਹੈ, ਪੈਦਾ ਇਹ ਆਰਥਕ ਨੀਂਹ ਤੋਂ ਹੀ ਹੁੰਦਾ ਹੈ। ਪਰ ਸਾਹਿੱਤ ਤੇ ਕਲਾ ਵਾਂਗ ਉਸਾਰ ਹੋਣ ਕਰਕੇ ਇਸ ਦੀ ਆਪਣੀ ਹਸਤੀ ਹੁੰਦੀ ਹੈ। ਤਖ਼ਤ ਉਤੇ ਬੈਠੇ ਹਰ ਸ਼ਹਿਨਸ਼ਾਹ ਦਾ ਮਜ਼੍ਹਬੀ ਸੰਸਥਾਵਾਂ ਵਲ ਰਵੱਈਆ, ਆਪਣੇ ਜ਼ਾਤੀ ਸੁਭਾਅ ਤੇ ਝੁਕਾਅ ਦੇ ਮੁਤਾਬਿਕ, ਇਸ ਗੱਲ ਉਤੇ ਹੀ ਨਿਰਭਰ ਹੁੰਦਾ ਸੀ ਕਿ ਕਿਹੜੀ ਨੀਤੀ ਤਖ਼ਤ ਨੂੰ ਸਿਆਸੀ ਤੌਰ ਉਤੇ ਮੁਫ਼ੀਦ ਰਹੇਗੀ, ਉਸ ਨੂੰ ਮਜ਼ਬੂਤ ਕਰੇਗੀ। ਮੁਗ਼ਲੀਆ ਰਾਜ, ਮੁਸਲਮਾਨ ਫ਼ਿਊਡਲਾਂ ਦੀ ਸਟੇਟ, ਦੀ ਔਰੰਗਜ਼ੇਬ ਦੀ ਨੀਤੀ ਦਾ ਉਲਮਾਂ ਵਾਲੀ ਨੀਤੀ ਵਲ ਜ਼ਿਆਦਾ ਝੁਕਾਅ ਸੀ। ਕੁਝ ਤਾਂ ਇਸ ਨੀਤੀ ਦਾ ਕਾਰਨ ਸਲਤਨਤ ਦੀ ਦਸ਼ਾ ਸੀ। ਬਾਹਰਲੇ ਦਿਸਦੇ ਠਾਠ-ਬਾਠ ਦੇ ਬਾਵਜੂਦ ਏਸ਼ੀਆਈ ਫ਼ਿਊਡਲ ਆਰਥਕ ਸਮਾਜਕ ਫ਼ਾਰਮੇਸ਼ਨ, ਉਸਾਰੀ ਦੇ ਕਾਨੂੰਨ ਦੇ ਅਧੀਨ, ਅੰਦਰੋਂ ਕਮਜ਼ੋਰ ਹੋ ਰਹੀ ਸੀ। ਔਰੰਗਜ਼ੇਬ ਦੇ ਸਮੇਂ ਇਸ ਵਿਚ ਅਕਬਰ ਦੇ ਜ਼ਮਾਨੇ ਵਾਲੀ ਮਜ਼ਬੂਤੀ ਨਹੀਂ ਸੀ। ਉਸ ਦਾ ਕਦਰੇ ਬੇਲਚਕ ਹੋ ਜਾਣਾ ਲਾਜ਼ਮੀ ਸੀ। ਦੂਜੇ ਇਸ ਨੀਤੀ ਨੇ ਸਿਆਸੀ ਦਸ਼ਾ ਉਤੇ ਮੋੜਵਾਂ ਅਸਰ ਪਾਇਆ ਅਤੇ ਇਹ ਨੀਤੀ ਹੋਰ ਵੀ ਲਾਜ਼ਮੀ ਹੋ ਗਈ। ਔਰੰਗਜ਼ੇਬ ਇਸਲਾਮ ਦੇ ਨਾਹਰੇ ਹੇਠ ਸਭ ਮੁਸਲਮਾਨ ਫ਼ਿਊਡਲਾਂ ਨੂੰ ਆਪਣੇ ਵਫ਼ਾਦਾਰ ਰਖਣਾ ਚਾਹੁੰਦਾ ਸੀ। ਇਸਲਾਮ ਦੇ ਜਜ਼ਬੇ ਨੂੰ ਉਭਾਰਨ, ਉਸ ਦੇ ਸਿਰ 'ਤੇ ਮੁਸਲਮਾਨ ਫ਼ਿਊਡਲਾਂ ਦੀ ਵਫ਼ਾਦਾਰੀ ਜਿੱਤਣ



Digitized by Panjab Digital Library | www.panjabdigilib.org

ਤੇ ਰਾਜ ਕਰਨ ਦਾ ਕੁਦਰਤੀ ਨਤੀਜਾ ਤੁਰਦੇ ਹਿੰਦੂਆਂ ਤੇ ਹਿੰਦੂ ਜਨਤਾ ਦੀ ਮਜ਼੍ਹਬੀ, ਸਦਾਚਾਰਕ ਹਾਂਗਿਆਂ ਭੰਣਨ ਵਲ ਤੁਰਨਾ ਸੀ। ਉਹ ਤੁਰਦੇ ਹਿੰਦੂਆਂ ਨੂੰ ਮੁਸਲਮਾਨ ਬਣਾਉਣ ਵਾਸਤੇ ਇਕ ਪਾਸੇ ਤੋਂ ਜਾਗੀਰਾਂ ਤੇ ਸਰਕਾਰੀ ਅਹੁਦਿਆਂ ਦੇ ਲਾਲਚ ਅਤੇ ਦੂਜੇ ਪਾਸੇ, ਗੱਲ ਨਾ ਮੰਨਣ ਦੀ ਹਾਲਤ ਵਿਚ ਮੌਤ ਤੇ ਹੋਰ ਸਜ਼ਾਵਾਂ ਦੇ ਡਰਾਵੇ ਦੇਂਦਾ ਸੀ। ਸਿਰਫ਼ ਡਰਾਵੇ ਹੀ ਨਹੀਂ, ਸਜ਼ਾਵਾਂ ਵੀ ਦੇਂਦਾ ਸੀ। ਸੋ ਔਰੰਗਜ਼ੇਬ ਦਾ ਰਾਜ-ਪ੍ਰਬੰਧ ਸਖ਼ਤੀ ਉਤੇ ਉਤਰਿਆ ਹੋਇਆ ਸੀ। ਹਿੰਦੂ ਰਿਆਇਆ ਉਤੇ ਦਹਿਸ਼ਤ ਛਾਈ ਹੋਈ ਸੀ। ਇਸ ਹਦ ਤਕ ਕਿ ਹਕੂਮਤ ਕੋਲੋਂ ਡਰਦੇ ਮਸੰਦ ਆਪਣੇ ਸ਼ਹਿਰ ਆਏ **ਗੁਰੂ ਤੇਗ ਬਹਾਦਰ** ਨੂੰ ਮਿਲਣ ਤਕ ਨਹੀਂ ਸਨ ਆਉਂਦੇ।

ਇਸ ਸਮੇਂ ਸਿੱਖ ਲਹਿਰ ਤੇ ਉਸ ਦੀ ਜਥੇਬੰਦੀ ਦੀ ਕਮਜ਼ੋਰੀ ਦਾ ਵੀ ਕੋਈ ਹੱਦ-ਬੰਨਾ ਨਹੀਂ ਸੀ। ਇਹ ਕਮਜ਼ੋਰੀ ਹਕੂਮਤ ਦੀ ਸਖ਼ਤੀ ਦਾ ਨਤੀਜਾ ਸੀ ਜਾਂ ਸਖ਼ਤੀ ਉਸ ਕਮਜ਼ੋਰੀ ਦਾ ਸਿੱਟਾ ਜਾਂ ਇਹ ਦੋਵੇਂ ਇਕ ਦੂਜੇ ਨਾਲ ਪਰਸਪਰ ਤੌਰ ਉਤੇ ਕਾਰਨ ਤੇ ਕਾਰਜ ਦੇ ਤੌਰ ਉਤੇ ਸੰਬੰਧਤ ਹਨ—ਇਸ ਵਲ ਜਾਣ ਦੀ ਲੋੜ ਨਹੀਂ। ਇਹ ਗੱਲ ਸਾਫ਼ ਹੈ ਕਿ ਸਿੱਖ ਲਹਿਰ ਦੀ ਜਥੇਬੰਦੀ, ਜਿਸ ਉਤੇ ਸਿੱਖ ਲਹਿਰ ਨੂੰ ਕਿਸੇ ਵੇਲੇ ਨਾਜ਼ ਸੀ ਇਸ ਵੇਲੇ ਟੁਕੜੇ ਟੁਕੜੇ ਹੋਈ ਪਈ ਸੀ, ਸਦਾਚਾਰਕ ਤੌਰ ਉਤੇ ਮਿੱਟੀ ਵਿਚ ਰਲੀ ਹੋਈ ਸੀ। ਜਥੇਬੰਦੀ ਦੀ ਐਸੀ ਦਸ਼ਾ ਤੋਂ ਲੋਕ-ਹਿੱਤ ਦੇ ਸੌਰਨ ਦਾ ਕੋਈ ਸੁਪਨਾ ਵੀ ਨਹੀਂ ਸੀ ਲੈ ਸਕਦਾ। ਬਕਾਲੇ ਦੀਆਂ ਬਾਈ ਮੰਜੀਆਂ ਤੋਂ ਜ਼ਾਹਿਰ ਹੈ ਕਿ ਇਹ ਸੰਸਥਾ ਹੁਣ ਵੀ ਲੋਕਾਂ ਦੀ ਸ਼ਰਧਾ ਨੂੰ ਹੜੱਪ ਕਰਨ ਦਾ ਹੀ ਰਾਹ ਸੀ। ਧੀਰ ਮਲ ਨਾਲ ਰਲ ਕੇ ਮਸੰਦਾਂ ਦਾ ਗੁਰੂ ਸਾਹਿਬ ਉਤੇ ਗੋਲੀ ਚਲਾਉਣਾ, ਧੀਰ ਮਲ ਤੇ ਰਾਮਰਾਏ ਦਾ ਗੁਰੂ ਸਾਹਿਬ ਦੇ ਖ਼ਿਲਾਫ਼ ਸ਼ਹਿਨਸ਼ਾਹ ਨੂੰ ਚੁਕਣਾ (ਭਾਵੇਂ ਚੁਕਿਆ ਉਹ ਅਗੇ ਹੀ ਪਿਆ ਸੀ), ਮਸੰਦਾਂ ਦਾ ਗੁਰੂ ਸਾਹਿਬ ਨੂੰ ਅੰਮ੍ਰਿਤਸਰ ਹਰਿਮੰਦਰ ਵਿਚ ਨਾ ਵੜਨ ਦੇਣਾ, ਸੋਢੀਆਂ ਦਾ ਬਕਾਲੇ, ਕੀਰਤਪੁਰ ਨਾ ਵੱਸਣ ਦੇਣਾ, ਗੁਰੂ ਸਾਹਿਬ ਦਾ ਨਵੇਂ ਥਾਂ, ਆਨੰਦਪੁਰ ਜ਼ਮੀਨ ਖ਼ਰੀਦਣ ਉੱਤੇ ਮਜਬੂਰ ਹੋਣਾ, ਉਸ ਖ਼ਰੀਦੀ ਉਤੋਂ ਵੀ ਸੋਢੀਆਂ ਦਾ ਸੜੇਵਾਂ ਕਰਨਾ, ਇਹ ਸਭ ਸਿੱਖ ਲਹਿਰ ਤੇ ਉਸ ਦੀ ਜਥੇਬੰਦੀ ਦੀ ਕਮਜ਼ੋਰੀ ਅਤੇ ਗਿਰਾਵਟ ਦੇ ਸਬੂਤ ਸਨ।

ਲਹਿਰ ਤੇ ਜਥੇਬੰਦੀ ਦਾ ਆਪਸ ਵਿਚ ਪਰਸਪਰ ਰਿਸ਼ਤਾ ਹੁੰਦਾ ਹੈ। ਲਹਿਰ ਦੀ ਚੜ੍ਹਾਈ ਮਜ਼ਬੂਤ ਜਥੇਬੰਦੀ ਨੂੰ ਜਨਮ ਦੇਂਦੀ ਹੈ ਅਤੇ ਸਿਆਣੀ ਤੇ ਬੇਲਾਗ ਜਥੇਬੰਦੀ ਲਹਿਰ ਦੀ ਉਸਾਰੀ ਕਰਦੀ ਹੈ। ਦੂਜੇ ਪਾਸੇ ਤੋਂ, ਲਹਿਰ ਦੀ ਕਮਜ਼ੋਰੀ ਕਰਕੇ ਜਥੇਬੰਦੀ ਵਿਚ ਗਿਰਾਵਟ ਆਉਂਦੀ ਹੈ ਅਤੇ ਜਥੇਬੰਦੀ ਵਿਚ ਦਿਆਨਤਦਾਰੀ ਦੀ ਅਣਹੋਂਦ ਲਹਿਰ ਨੂੰ ਕਮਜ਼ੋਰ ਕਰਦੀ ਹੈ। ਇਥੇ ਵੀ ਲਹਿਰ ਦੀ ਕਮਜ਼ੋਰੀ ਤੇ ਜਥੇਬੰਦੀ ਦੀ ਗਿਰਾਵਟ ਵਿਚੋਂ ਕੌਣ ਕਾਰਨ ਸੀ ਜਾਂ ਇਹ ਦਸ਼ਾ ਪਰਸਪਰ ਵੇਗ ਦਾ ਨਤੀਜਾ ਸੀ,



Digitized by Panjab Digital Library | www.panjabdigilib.org

ਇਸ ਵਿਚ ਜਾਣ ਦੀ ਲੋੜ ਨਹੀਂ। ਸਪਸ਼ਟ ਇਹ ਹੈ ਕਿ ਲੋਕਾਂ ਵਿਚ ਤਾਂ ਗੁਰੂ ਵਾਸਤੇ ਸ਼ਰਧਾ ਸੀ, ਪਰ ਬਤੌਰ ਲਹਿਰ ਤੇ ਜਥੇਬੰਦੀ ਦੇ ਗੱਲ ਅਣਹੋਂਦ ਤਕ ਪਹੁੰਚ ਚੁੱਕੀ ਸੀ। ਗੁਰੂ ਤੇਗ ਬਹਾਦਰ ਦੀ ਪੁਜ਼ੀਸ਼ਨ ਜਿੰਨੀ ਮੁਸ਼ਕਿਲ ਹੋ ਸਕਦੀ ਸੀ, ਉਨੀ ਸੀ। ਐਨੀ ਗਈ ਗੁਜ਼ਰੀ ਦਸ਼ਾ ਦੇ ਬਾਵਜੂਦ ਉਨ੍ਹਾਂ ਮਾਝੇ ਮਾਲਵੇ ਦਾ ਦੌਰਾ ਕੀਤਾ, ਪਰ ਕੋਈ ਲਹਿਰ ਹੁਮ ਹੁਮਾ ਕੇ ਨਾ ਉੱਠੀ, ਜਥੇਬੰਦੀ ਵਿਚ ਕਿਸੇ ਕਿਸਮ ਦੀ ਜਾਨ ਪੈਣ ਦੇ ਕੋਈ ਆਸਾਰ ਜ਼ਾਹਿਰ ਨਾ ਹੋਏ ! ਹਾਲਾਤ ਤੇ ਸਮਾਜਕ ਸਿਆਸੀ ਲਹਿਰਾਂ ਦੇ ਉਤਰਾਅ-ਚੜ੍ਹਾਅ ਦਾ ਆਪਣਾ ਤਰਕ ਹੁੰਦਾ ਹੈ। ਰਸਾਤਲੀ ਦਸ਼ਾ ਤੇ ਗੈਰ-ਇਨਕਲਾਬੀ ਹਾਲਾਤ ਨੂੰ ਕੋਈ ਲੀਡਰ ਵੀ ਇਕ ਦਮ ਇਨਕਲਾਬੀ ਨਹੀਂ ਬਣਾ ਸਕਦਾ। ਕਈ ਵੇਰ ਮੁਆਫ਼ਿਕ ਹਾਲਾਤ ਦੀ ਉਡੀਕ ਕਰਨੀ ਲਾਜ਼ਮੀ ਹੋ ਜਾਂਦੀ ਹੈ। ਗੁਰੂ ਸਾਹਿਬ ਪੰਜਾਬੋਂ ਬਾਹਰ ਚਲੇ ਗਏ। ਆਪਣੀ ਗੁਰਿਆਈ ਦੇ ਤਕਰੀਬਣ ਦਸਾਂ ਸਾਲਾਂ ਵਿਚੋਂ ਉਹ ਕਾਫ਼ੀ ਅਰਸਾ ਪਟਨੇ, ਆਸਾਮ ਆਦਿ ਵਿਚ ਪੰਜਾਬੋਂ ਬਾਹਰ ਰਹੇ। ਅੰਤ ਪੰਜਾਬ ਨੂੰ ਮੁੜੇ। ਲਹਿਰ ਦੀ ਹਾਲਤ ਐਨੀ ਕਮਜ਼ੋਰ ਸੀ ਕਿ ਆਉਂਦੇ ਹੋਏ ਆਪਣੇ ਟੱਬਰ ਨੂੰ ਨਾਲ ਲੈ ਕੇ ਨਹੀਂ ਆਏ। ਅਨੰਦਪੁਰ ਵਿਚ ਹਾਲਾਤ ਦਾ ਜਾਇਜ਼ਾ ਲੈ ਕੇ ਆਪਣੇ ਬੱਚੇ ਤੇ ਟੱਬਰ ਨੂੰ ਪਟਨੇ ਤੋਂ ਬੁਲਾਇਆ।

ਐਸੇ ਗਏ ਗੁਜ਼ਰੇ, ਨਾਮੁਆਫ਼ਿਕ ਹਾਲਾਤ ਵਿਚ ਦਸ਼ਾ ਨੂੰ ਸੁਧਾਰਨ ਦਾ ਰਾਹ ਇਕ ਹੀ ਹੁੰਦਾ ਹੈ। ਐਸੀ ਜਿੱਲ੍ਹਣ ਵਿਚੋਂ ਸ਼ਹੀਦਾਂ ਦਾ ਖ਼ੂਨ ਹੀ ਲਹਿਰ ਨੂੰ ਸਾਵਧਾਨ ਕਰ ਸਕਦਾ ਹੈ, ਅਗਲੀ ਪੌੜੀ ਚੜ੍ਹਾ ਸਕਦਾ ਹੈ। ਇਹ ਖ਼ੂਨ ਗੁਰੂ ਤੇਗ ਬਹਾਦਰ ਨੇ ਦਿਤਾ। ਗੁਰੂ ਹਰਿ ਗੋਬਿੰਦ ਦੀ ਮੀਰੀ ਦੀ ਤਲਵਾਰ, ਗੁਰੂ ਅਰਜਨ ਦੇਵ ਜੀ ਸ਼ਹੀਦੀ ਦੇ ਖ਼ੂਨ ਵਿਚੋਂ ਨਿਕਲੀ ਸੀ। ਗੁਰੂ ਗੋਬਿੰਦ ਸਿੰਘ ਤੇ ਖ਼ਾਲਸੇ ਦੀ ਤਲਵਾਰ ਵਾਸਤੇ ਗੁਰੂ ਤੇਗ ਬਹਾਦਰ ਦੇ ਖ਼ੂਨ ਨੇ ਜ਼ਮੀਨ ਤਿਆਰ ਕੀਤੀ। ਹਾਲਾਤ ਸ਼ਹੀਦੀ ਦੀ ਮਗ ਕਰਦੇ ਸਨ। ਕੋਈ ਬਹਾਨਾ ਬਣਨਾ ਸੀ। ਕਸ਼ਮੀਰ ਦੇ ਪੰਡਤ ਗੁਰੂ ਸਾਹਿਬ ਕੋਲ ਆਏ। ਉਨ੍ਹਾਂ ਆਪਣੀ ਵਿਥਿਆ ਸੁਣਾਈ। ਗੁਰੂ ਸਾਹਿਬ ਨੇ ਹਾਲਾਤ ਦੀ ਤਸ਼ਖ਼ੀਸ ਸਹੀ ਕੀਤੀ ਅਤੇ ਫ਼ਰਮਾਇਆ ਕਿ ਜ਼ੁਲਮ ਦੇ ਨਾਸ ਕਰਨ ਵਾਸਤੇ ਕੋਈ ਮਹਾਂਪੁਰਸ਼ ਚਾਹੀਦਾ ਹੈ ਜੋ ਆਪਣੀ ਜਾਨ ਦੀ ਕੁਰਬਾਨੀ ਦੇਵੇ।* ਉਹ ਮਹਾਂਪੁਰਖ ਕੌਣ ਹੋਣਾ ਸੀ ? ਇਹ ਫ਼ੈਸਲਾ, ਉਨ੍ਹਾਂ ਦੇ ਸੁਪੁੱਤਰ, ਹੋਣ ਵਾਲੇ ਗੁਰੂ ਗੋਬਿੰਦ ਸਿੰਘ ਨੇ ਕਰ ਦਿਤਾ। ਹਾਲਾਤ ਦੀ ਲੋੜ ਪੂਰੀ ਹੋਈ। ਸਮਾਜਕ ਸਿਆਸੀ ਹਾਲਾਤ ਨੇ ਆਪਣਾ ਬੰਦਾ ਚੁਣ ਲਿਆ। ਹੁਣ ਵੇਖਿਆਂ, ਜਾਪਦਾ ਇਉਂ ਹੈ ਜਿਵੇਂ ਗੁਰੂ ਤੇਗ ਬਹਾਦਰ ਬਣੇ ਹੀ ਇਸ ਲੋੜ ਨੂੰ ਪੂਰਿਆਂ ਕਰਨ ਵਾਸਤੇ ਸਨ ; ਅਤੇ ਉਨ੍ਹਾਂ ਦੀ ਮੌਤ ਜ਼ਿੰਦਗੀ ਦਾ ਸਿਖਰ ਸੀ। ਉਨ੍ਹਾਂ ਦੀ ਸ਼ਹੀਦੀ ਨਾਲ ਸਾਰੇ ਪੰਜਾਬ ਨੂੰ ਸਦਾਚਾਰਕ ਰੋਹ ਚੜ੍ਹਿਆ, ਅਤੇ ਇਸ ਰੋਹ ਨੂੰ ਸਾਂਭਣ ਤੇ ਸਾਂਭ ਕੇ ਥਾਂ ਸਿਰ ਲਾਉਣ ਵਾਲਾ ਪੈਦਾ ਹੋ ਚੁੱਕਾ



Digitized by Panjab Digital Library | www.panjabdigilib.org

ਸੀ। ਗੁਰੂ ਦੀ ਗੱਦੀ ਉਤੇ ਸਿੱਖ ਲਹਿਰ ਦਾ ਹੋਣ ਵਾਲਾ ਸਿਖਰ, **ਗੁਰੂ ਗੋਬਿੰਦ ਸਿੰਘ** ਆਣ ਬੈਠਾ।

ਗੁਰੂ ਤੇਗ ਬਹਾਦਰ ਦੀ ਸ਼ਹੀਦੀ ਨਾਲ ਪੰਜਾਬ ਦੇ ਲੋਕਾਂ ਨੂੰ ਰੋਹ ਤਾਂ ਚੜ੍ਹਿਆ, ਪਰ ਬਚਪਨ ਵਿਚ ਗੱਦੀ ਉਤੇ ਬੈਠੇ ਨਵੇਂ ਗੁਰੂ ਵਾਸਤੇ ਪੁਜ਼ੀਸ਼ਨ ਕੋਈ ਸੌਖੀ ਨਹੀਂ ਸੀ। ਹਕੂਮਤ ਦੀ ਸਖ਼ਤੀ ਜਾਰੀ ਸੀ ; ਜਿਸ ਦਾ ਮਤਲਬ ਸੀ ਕਿ ਲਹਿਰ ਦਾ ਵੱਸੋਂ ਨਾਲ ਰਿਸ਼ਤਾ ਮੁਸ਼ਕਿਲ ਸੀ, ਅਤੇ ਇਸ ਸਖ਼ਤੀ ਨਾਲ ਹੋਰ ਮਸ਼ਕਿਲ ਹੋ ਰਿਹਾ ਸੀ। ਵੱਸੋਂ ਦਾ ਉਹ ਅਨਸਰ, ਮਿਸਾਲ ਦੇ ਤੌਰ ਉਤੇ ਹਿੰਦੂ ਫ਼ਿਊਡਲ ਜੋ ਆਪਣੇ ਆਰਥਕ ਸਮਾਜਕ ਹਿੱਤ ਵਾਸਤੇ ਅੱਗੇ ਵੀ ਹਕੂਮਤ ਨਾਲ ਹੀ ਰਹਿੰਦਾ ਸੀ ਹੁਣ ਆਪਣੀ ਵਫ਼ਾਦਾਰੀ ਵਿਖਾਉਣ ਵਾਸਤੇ, ਚੋਰ ਨਾਲੋਂ ਪੰਡ ਵਾਂਗ ਕਾਹਲਾ ਹੋ ਗਿਆ ਅਤੇ ਇਸ ਵਾਸਤੇ ਲੋਕ-ਹਿੱਤੀ ਲਹਿਰ ਦਾ ਅੱਤ-ਵਿਰੋਧੀ। ਗੁਰੂ ਦੇ ਆਪਣੇ ਖ਼ਾਨਦਾਨ ਵਿਚੋਂ ਰਾਮਰਾਏ, ਧੀਰ ਮਲ ਆਦਿ ਦੀ ਸ਼ਿਰਕਤ ਬਦਸਤੂਰ ਜਾਰੀ ਸੀ। ਇਸ ਤੋਂ ਉਪਰੰਤ ਸਿਵਾਏ ਕੁਝ ਦੇ, ਮਸੰਦਾਂ ਦੀ ਜ਼ਹਿਨੀਅਤ ਲਾਇਲਾਜ ਹੋ ਚੁੱਕੀ ਸੀ। ਵੇਖਣ ਨੂੰ ਲੋਕ-ਹਿੱਤ ਤੇ ਗੁਰੂ ਸਾਹਿਬ ਵਾਸਤੇ ਹਾਲਾਤ ਨਾ-ਮੁਆਫ਼ਿਕ ਸਨ। ਚੁਫੇਰਿਓਂ ਮਾਯੂਸੀ ਹੀ ਮਾਯੂਸੀ ਦਿੱਸ ਆਉਂਦੀ ਸੀ। ਪਰ ਇਹ ਨਾ-ਉਮੀਦੀ ਓਪਰੀ ਸੀ, ਵਕਤੀ ਸੀ, ਵੇਖਣ ਨੂੰ ਹੀ ਸੀ। ਸਤਹ ਤੋਂ ਥੱਲੇ ਵੇਖ ਸਕਦੀਆਂ ਅੱਖਾਂ ਵਾਸਤੇ ਏਸ਼ੀਆਈ ਆਰਥਕ-ਸਮਾਜਕ ਫ਼ਾਰਮੇਸ਼ਨ ਦੀ ਉਸਾਰੀ ਦਾ ਕਾਨੂੰਨ ਤੇ ਉਸ ਦੀ ਬਣਾਈ ਸਮਾਜਕ ਸਥਿਤੀ ਲੋਕ-ਹਿੱਤ ਤੇ ਗੁਰੂ ਸਾਹਿਬ ਦੇ ਹੱਕ ਵਿਚ ਆ ਰਹੀ ਸੀ। ਸਮੇਂ ਦਾ ਚੱਕਰ ਤੇ ਉਸ ਦਾ ਮਿਜਾਜ਼ ਉਨ੍ਹਾਂ ਵਾਸਤੇ ਸੰਭਾਵਨਾਵਾਂ ਦਾ ਮੂੰਹ ਖੋਲ੍ਹ ਰਿਹਾ ਸੀ। ਪੈਦਾ ਹੋ ਰਹੀ ਸੰਭਾਵਨਾ ਅਸਲੀਅਤ ਬਣਨ ਵਾਸਤੇ ਮਨੁੱਖੀ ਅੰਗ ਦਾ ਮੂੰਹ ਵੇਖ ਰਹੀ ਸੀ ; ਲੋਕ-ਲਹਿਰ ਦੀ ਜਥੇਬੰਦੀ ਤੇ ਉਸ ਦੀ ਲੀਡਰਸ਼ਿਪ ਨੂੰ ਵੰਗਾਰ ਰਹੀ ਸੀ।

ਹਕੂਮਤ ਦੀ ਨੀਤੀ, ਸ਼ਹਿਨਸ਼ਾਹੀ ਜ਼ਹਿਨੀਅਤ, ਔਰੰਗਜ਼ੇਬ ਦੀ ਸ਼ਖ਼ਸੀਅਤ ਦਾ ਝੁਕਾਅ, ਇਕ ਪਾਸਿਓਂ ਵੇਲੇ ਦੇ ਮੁਸਲਿਮ ਫ਼ਿਊਡਲਾਂ ਤੇ ਉਨ੍ਹਾਂ ਦੀ ਸਟੇਟ ਦੇ ਹਿੱਤ ਦਾ ਪ੍ਰਗਟਾਉ, ਉਸ ਦੀ ਪੈਦਾਵਾਰ ਸੀ ; ਅਤੇ ਦੂਜੇ ਪਾਸਿਓਂ ਉਸੇ ਹਿੱਤ ਦਾ ਵਿਗੜਦੇ ਹਾਲਾਤ ਵੱਲ ਹੁੰਗਾਰਾ, ਉਠ ਰਹੀ ਵੰਗਾਰ ਨੂੰ ਦਬਾਉਣ ਦਾ ਯਤਨ ਸੀ। ਸਮਾਜਕ ਉਸਾਰੀ ਦਾ ਕਾਨੂੰਨ ਮੁਗ਼ਲੀਆ ਫ਼ਾਰਮੇਸ਼ਨ ਦੀ ਜ਼ਿੰਦਗੀ ਦਾ ਚੱਕਰ ਪੂਰਾ ਕਰਵਾ ਰਿਹਾ ਸੀ। ਉਸ ਨੂੰ ਘੋਰ ਸੰਕਟ ਵਿਚ ਪਾ ਰਿਹਾ ਸੀ, ਵਿਚਲੀ ਲਚਕ ਸੁਕਾ ਰਿਹਾ ਸੀ, ਬੁਢੇਪਾ ਲਿਆ ਰਿਹਾ ਸੀ, ਮੌਤ ਦਾ ਸੁਝਾਅ ਦੇ ਰਿਹਾ ਸੀ। ਸਮਾਜਕ ਉਸਾਰੀ ਦੇ ਕਾਨੂੰਨ ਦੇ ਕੀਤੇ ਨੂੰ ਨਾ ਸੁਧਾਰ, ਨਾ ਸਖ਼ਤੀ ਕੋਈ ਵੀ ਬੰਨ੍ਹ ਨਹੀਂ ਸੀ ਪਾ ਸਕਦਾ।



Digitized by Panjab Digital Library | www.panjabdigilib.org

ਸਮਾਜਕ ਸਿਆਸੀ ਦਸ਼ਾ ਐਸੀ ਬਣ ਰਹੀ ਸੀ ਕਿ ਉੱਠ ਰਹੀ ਵੰਗਾਰ ਨਾਲ ਸਮਝੌਤਾ, ਫ਼ਿਊਡਲ ਸਟੇਟ ਨੂੰ ਕਿਸੇ ਸੁਖ ਦੇ ਸਾਹ ਦਾ ਯਕੀਨ ਨਹੀਂ ਸੀ ਦਿਵਾ ਸਕਦਾ। ਉਸ ਵੱਲ ਕੋਈ ਰਿਆਇਤ ਉਸ ਦੇ ਮੂੰਹ ਨੂੰ ਲਹੂ ਹੀ ਲਵਾ ਸਕਦੀ ਸੀ, ਉਸ ਨੂੰ ਉਸ ਦੀ ਅਗਲੀ ਮੰਗ ਵਾਸਤੇ ਮਜ਼ਬੂਤ ਹੀ ਕਰ ਸਕਦੀ ਸੀ। ਸੋ ਸੁਧਾਰ ਦੇ ਰਾਹ ਦਾ ਹਕੂਮਤ ਨੂੰ ਸੁਖਾਉਣਾ ਮੁਸ਼ਕਿਲ ਸੀ। ਹਕੂਮਤ ਨੂੰ ਰਾਹ ਸਖ਼ਤੀ ਦਾ ਹੀ ਦਿਸਦਾ ਸੀ। ਮੁਸਲਿਮ ਫ਼ਿਊਡਲ ਤੇ ਉਸ ਦੀ ਸਟੇਟ, ਮੁਗ਼ਲੀਆ ਹਕੂਮਤ ਸਖ਼ਤੀ, ਵਹਿਸ਼ਤ ਤੇ ਗਿਰਾਵਟ ਦੇ ਹਰ ਹਥਿਆਰ ਨੂੰ ਵਰਤਣ ਤੋਂ ਬਗ਼ੈਰ ਆਪਣੀ ਮੌਤ ਦੇ ਆਏ ਹੁਕਮ ਦੇ ਉਤੇ ਦਸਤਖ਼ਤ ਨਹੀਂ ਸੀ ਕਰ ਸਕਦੀ। ਐਸੀ ਸਥਿਤੀ ਵਿਚ ਮੁਸਲਿਮ ਫ਼ਿਊਡਲ,ਦਿਤੀ ਸਭ ਤਸੱਲੀ ਤੇ ਵਿਖਾਈ ਸਭ ਵਫ਼ਾਦਾਰੀ ਦੇ ਬਾਵਜੂਦ ਹਿੰਦੂ ਫ਼ਿਊਡਲ 'ਤੇ ਵੀ ਪੂਰਾ ਵਿਸ਼ਵਾਸ ਨਹੀਂ ਸੀ ਕਰ ਸਕਦਾ। ਉਸ ਨੂੰ ਇਸਲਾਮ ਦੇ ਜਜ਼ਬੇ ਦੇ ਵਰਤਣ ਵਾਲਾ ਰਾਹ ਹੀ ਸਹੀ ਲਗਦਾ ਸੀ। ਸੋ ਉਸ ਨੇ ਰੱਜ ਕੇ ਵਰਤਿਆ।

ਸ਼ਹਿਨਸ਼ਾਹ ਤੇ ਉਸ ਦੀ ਮਰਜ਼ੀ ਸਟੇਟ ਤੇ ਉਸ ਦੀ ਨੀਤੀ ਸੀ। ਸਟੇਟ ਚੂੰਕਿ ਕਾਬਿਜ਼ ਜਮਾਤ ਦਾ ਹਿੱਤ ਪੂਰਦੀ ਹੈ, ਉਸ ਦੇ ਸਮਾਜ ਉਤੇ ਕਬਜ਼ੇ ਦਾ ਸਭ ਤੋਂ ਕਾਰਗਰ ਸੰਦ ਹੁੰਦੀ ਹੈ, ਉਸ ਦੀ ਨੀਤੀ ਦਾ ਸਮਾਜਕ ਸਥਿਤੀ ਉਤੇ ਅਸਰ ਲਾਜ਼ਮੀ ਪੈਂਦਾ ਹੈ। ਪੈਦਾ ਹੋ ਰਹੀ ਸਥਿਤੀ ਵਿਚ ਮੁਸਲਿਮ ਫਿਊਡਲ ਤੇ ਉਸ ਦੀ ਸਟੇਟ ਕੋਲ ਸਿਵਾਏ ਇਸਲਾਮ ਦਾ ਜਜ਼ਬਾ ਵਰਤਣ, ਵਸੋਂ ਨੂੰ ਮਜ਼੍ਹਬੀ ਲਾਈਨਾਂ ਉਤੇ ਪਾੜਨ ਤੇ ਉਸ ਦੇ ਹਿੰਦੂ ਹਿੱਸੇ ਉਤੇ ਖ਼ਾਸ ਗ਼ਜ਼ਬ ਢਾਹੁਣ ਤੋਂ ਬਗ਼ੈਰ ਹੋਰ ਕੋਈ ਚਾਰਾ ਹੀ ਨਹੀਂ ਸੀ। ਐਸੇ ਹੋਛੇ ਹਥਿਆਰਾਂ ਉਤੇ ਆਉਣਾ, ਐਸੀ ਵਹਿਸ਼ਤ ਵਰਤਣਾ ਹਕੂਮਤ ਦੀ ਸਮਾਜਕ ਸਿਆਸੀ ਮਜਬੂਰੀ ਦਾ ਇਜ਼ਹਾਰ ਹੈ, ਔਰੰਗਜ਼ੇਬ ਦੀ ਇਸਲਾਮ ਨੂੰ ਵਫ਼ਾਦਾਰੀ ਦਾ ਨਹੀਂ। ਵਫ਼ਾਦਾਰੀ ਉਸ ਦਾ ਰੂਪ ਹੈ। ਬੁਨਿਆਦੀ ਚੀਜ਼ ਜਮਾਤੀ ਹਿੱਤ ਹੈ, ਰਾਜ ਹੈ। ਮਜ਼੍ਹਬ ਉਸ ਹਿੱਤ ਦਾ ਵਿਚਾਰਧਾਰਕ ਰੂਪ ਹੈ, ਆਪਣੇ ਆਪ ਵਿਚ ਹਿੱਤ ਨਹੀਂ। ਹਿੱਤ ਦਾ ਇਜ਼ਹਾਰ ਉਸ ਦਾ ਉਸਾਰ, ਉਸ ਦਾ ਸੰਦ ਹੈ। ਔਰੰਗਜ਼ੇਬ ਆਪਣੇ ਵਲੋਂ ਸੱਚੀਂ-ਮੁੱਚੀਂ ਹੀ ਇਸਲਾਮ ਦਾ ਵਾਧਾ ਕਰ ਰਿਹਾ ਹੋਵੇਗਾ, ਪਰ ਜੋ ਉਹ ਕਰਦਾ ਸੀ, ਉਸ ਦੇ ਆਪਣੀ ਜ਼ਾਤੀ ਜਜ਼ਬੇ ਦੀ ਜ਼ਾਤੀ ਚੇਤਨਾ ਰਾਹੀਂ ਕਰਵਾ ਰਿਹਾ ਉਸ ਦੀ ਜਮਾਤ ਦਾ, ਉਸ ਦੇ ਰਾਜ ਦਾ ਹਿੱਤ ਹੀ ਸੀ। ਜੇ ਜਮਾਤ ਦਾ ਹਿੱਤ ਰਾਜ ਦੀ ਨੀਤੀ, ਸ਼ਹਿਨਸ਼ਾਹ ਦੀ ਮਨੁੱਖੀ ਖ਼ਾਸੀਅਤ, ਉਸ ਦੇ ਜਜ਼ਬੇ, ਉਸ ਦੀ ਅਕਲ ਦੀ ਸ਼ਕਲ ਅਖ਼ਤਿਆਰ ਨਾ ਕਰੇ ਤਾਂ ਉਸ ਹਿੱਤ ਨੇ ਪੂਰਾ ਕਿਸ ਤਰ੍ਹਾਂ ਹੋਣਾ ਹੋਇਆ? ਹਿੱਤ, ਆਪਣੇ ਹਿੱਤੀ ਸਟੇਟ ਨੂੰ ਪੈਦਾ ਕਰਦਾ, ਬਰਕਰਾਰ ਰਖਦਾ ਹੈ। ਸਟੇਟ ਚੂੰਕਿ ਹਿੱਤ ਦਾ ਨਿਰਾ ਸ਼ੀਸ਼ੇ ਵਾਲਾ ਅਕਸ ਨਹੀਂ, ਬਲਕਿ ਸਮਾਜਕ-ਸਿਆਸੀ, ਆਜ਼ਾਦ ਹੋਂਦ ਹੁੰਦੀ ਹੈ, ਇਸ ਵਾਸਤੇ ਉਹ ਅਹਿਮ ਸਮਾਜਕ ਅੰਗ ਹੁੰਦੀ ਹੈ, ਸਮਾਜਕ ਸਥਿਤੀ ਉਤੇ ਮੋੜਵਾਂ ਅਸਰ ਪਾਉਂਦੀ ਹੈ,



Digitized by Panjab Digital Library | www.panjabdigilib.org

ਉਸ ਹਿੱਤ ਨੂੰ ਪੂਰਿਆਂ ਕਰਦੀ ਹੈ। ਸੋ ਔਰੰਗਜ਼ੇਬ ਦੀ ਸ਼ਖ਼ਸੀਅਤ ਇਕ ਪਾਸੇ ਤੋਂ ਸਮਾਜਕ ਸਥਿਤੀ ਦੀ ਪੈਦਾਵਾਰ ਸੀ, ਉਸ ਸਥਿਤੀ ਵਿਚ ਮੁਸਲਿਮ ਫ਼ਿਊਡਲਾਂ ਦਾ ਰੂਪ, ਉਸ ਦਾ ਅਸਲਾ ਸੀ; ਦੂਜੇ ਪਾਸੇ ਤੋਂ ਉਸ ਸਥਿਤੀ ਉਤੇ ਮੁਸਲਿਮ ਫ਼ਿਊਡਲਾਂ ਦੇ ਹਿੱਤ ਦਾ ਕਰਮ ਸੀ। ਉਸ ਦੇ ਕਰਮ ਤੋਂ ਸਮਾਜਕ ਸਿਆਸੀ ਨਤੀਜੇ ਪੈਦਾ ਹੁੰਦੇ ਸਨ।

---

* "The advice that the Nineth Guru gave to the Kashmiris was a calculated step to invite confrntation with the Delhi Emperor......He offered martyrdom to awaken the spirit of the people......

Aurangzeb had asked the Guru to disband the armed followers and to restrict himself to religious matters alone and he did not do so and refused to do so.



Digitized by Panjab Digital Library | www.panjabdigilib.org

# ਲੋਕ-ਹਿੱਤ ਦਾ ਭਗਾਉਤੀ ਨੂੰ ਸਿਮਰਨਾ

ਹਕੂਮਤ ਐਸੀ ਵਹਿਸ਼ਤ (ਜਿਹੋ ਜਿਹੀ ਦਾ ਇਜ਼ਹਾਰ ਔਰੰਗਜ਼ੇਬ ਦੇ ਸਮੇਂ ਹੋਇਆ) ਉਤੇ ਉਤਰਦੀ ਉਸ ਵਕਤ ਹੀ ਹੈ ਜਦੋਂ ਉਸ ਦੇ ਹੇਠੋਂ ਜ਼ਮੀਨ ਖਿਸਕਦੀ ਹੋਵੇ, ਜਦੋਂ ਉਸ ਨੂੰ ਆਪਣਾ ਅੰਦਰ ਦਾ ਪਾਲਾ ਮਾਰਦਾ ਹੋਵੇ, ਜਦੋਂ ਉਸ ਨੂੰ ਹਰ ਇਕ ਵਿਚੋਂ ਵਾਸਤਵਿਕ ਜਾਂ ਸੰਭਵ ਦੁਸ਼ਮਨ ਜਾਂ ਗ਼ੱਦਾਰ ਹੀ ਦਿਸਦਾ ਹੋਵੇ। ਹੁੰਦਾ ਵੀ ਸੱਚ ਈ ਏ। ਜਦੋਂ ਕਿਸੇ ਆਰਥਕ ਸਮਾਜਕ ਫ਼ਾਰਮੇਸ਼ਨ ਦਾ ਦਾਣਾ-ਪਾਣੀ ਮੁੱਕਣ ਦੇ ਰਾਹ ਪਵੇ, ਝਾੜੀਆਂ ਵੀ ਦੁਸ਼ਮਣ ਹੋ ਜਾਂਦੀਆਂ ਹਨ। ਹਰ ਪਾਸਿਓਂ ਅਸੰਤੁਸ਼ਟਤਾ ਮੂੰਹ ਅੱਡਦੀ ਹੈ; ਬਗ਼ਾਵਤ ਦੀ ਸ਼ਕਲ ਇਖ਼ਤਿਆਰ ਕਰਦੀ ਹੈ। ਸਖ਼ਤੀ ਕਾਮਯਾਬ ਤਾਂ ਹੀ ਸਮਝੀਏ ਜੇ ਉਹ ਬਗ਼ਾਵਤ ਦਾ ਮੂੰਹ ਕਾਫ਼ੀ ਚਿਰ ਵਾਸਤੇ ਬੰਦ ਕਰ ਦੇਵੇ। ਹਕੂਮਤ ਦੇ ਨੁਕਤੇ ਤੋਂ ਸਖ਼ਤੀ ਬੇਅਰਥ ਨਹੀਂ ਹੁੰਦੀ। ਅਸੰਤੁਸ਼ਟਤਾ ਨੂੰ ਚੁੱਪ ਕਰਾ ਦੇਂਦੀ ਹੈ। ਬਗ਼ਾਵਤ ਕਮਜ਼ੋਰ ਹੋਵੇ ਉਸ ਨੂੰ ਦਰੜ ਕੇ ਰਖ ਦੇਂਦੀ ਹੈ। ਉਸ ਦਾ ਰਸਤਾ ਔਖੇ ਤੋਂ ਔਖਾ ਕਰ ਦੇਂਦੀ ਹੈ। ਪਰ ਹੋਣੀ ਨੂੰ ਮਿਟਾਵੇ ਕੌਣ ? ਅੰਤ ਹੁੰਦਾ ਉਹ ਹੈ ਜੋ ਹੋਣਾ ਹੁੰਦਾ ਹੈ। ਮਨੁੱਖੀ ਅੰਗ ਹਾਲਾਤ ਦਾ ਹਾਣੀ ਹੋਣੋਂ ਬਿਲਕੁਲ ਅਸਮਰਥ ਨਾ ਹੋਵੇ, ਸਮਾਜਕ ਉਸਾਰੀ ਦੇ ਕਾਨੂੰਨ ਦੀ ਕੀਤੀ ਹੋ ਕੇ ਰਹਿੰਦੀ ਹੈ।

ਔਰੰਗਜ਼ੇਬ ਦੱਖਣ ਦੀਆਂ ਆਜ਼ਾਦ ਹਕੂਮਤਾਂ ਨੂੰ ਮਤੀਹ ਕਰਨ, ਅਤੇ ਮਰਹੱਟਿਆਂ ਦੀ ਉਸਰਦੀ ਆਉਂਦੀ ਤਾਕਤ ਨੂੰ ਜਿਵੇਂ ਜੰਮਦੀ ਨੂੰ ਹੀ ਖ਼ਤਮ ਕਰਨ ਵਾਸਤੇ ਦਿੱਲੀ ਤੋਂ ਦੂਰ ਦੱਖਣ ਵਲ ਗਿਆ। ਔਰੰਗਜ਼ੇਬ ਦੇ ਇਸ ਕਦਮ ਨੂੰ ਇਤਿਹਾਸਕਾਰ ਉਸ ਦੀ ਬਹੁਤ ਵੱਡੀ ਗ਼ਲਤੀ ਕਰਾਰ ਦੇਂਦੇ ਹਨ। ਉਸ ਦੀ ਸਲਤਨਤ ਦੇ ਖ਼ਾਤਮੇ ਦਾ ਖ਼ਾਸ ਕਾਰਨ ਦਸਦੇ ਹਨ। ਸੁਝਾਉ ਇਹ ਦੇਂਦੇ ਹਨ ਕਿ ਜੇ ਉਹ ਇਹ ਗ਼ਲਤੀ ਨਾ ਕਰਦਾ, ਹਿੰਦੂਆਂ ਉਤੇ ਸਖ਼ਤੀ ਨਾ ਕਰਦਾ ਤਾਂ ਉਸ ਦੀ ਸਲਤਨਤ ਮਹਿਫ਼ੂਜ਼ ਰਹਿੰਦੀ। ਇਹ ਠੀਕ ਹੈ ਕਿ ਜੋ ਵੀ ਸਟੇਟ ਕਰਦੀ ਹੈ, ਉਸ ਦਾ ਸਮਾਜਕ ਸਥਿਤੀ ਉਤੇ ਅਸਰ ਹੁੰਦਾ ਹੈ। ਔਰੰਗਜ਼ੇਬ ਦਾ ਇਹ ਕਦਮ ਉਸ ਦੀ ਸਲਤਨਤ ਦੀ ਤਬਾਹੀ ਦਾ ਫ਼ੌਰੀ ਕਾਰਨ ਬਣਿਆ, ਉਸ ਵਿਚ ਇਸ ਨੇ ਹਿੱਸਾ ਪਾਇਆ। ਪਰ ਹਰ ਕਦਮ ਕਿਸੇ ਕਾਰਨ ਦਾ ਸਿੱਟਾ ਹੁੰਦਾ ਹੈ ਅਤੇ ਅਗੋਂ ਕਿਸੇ ਸਿੱਟੇ ਦਾ ਕਾਰਨ ਬਣਦਾ ਹੈ। ਫ਼ਰਜ਼ ਕਰੋ ਉਹ ਦੱਖਣ ਨੂੰ ਨਾ ਜਾਂਦਾ। ਉਸਰਦੀ ਮਰਹੱਟਾ ਤਾਕਤ ਨੂੰ ਖੁਲ੍ਹੀ ਛੁੱਟੀ ਮਿਲਦੀ। ਉਹ ਉੱਸਰ ਕੇ ਉਸ ਦੀ ਸਲਤਨਤ ਨੂੰ ਕਿਵੇਂ ਸਾਹ ਲੈਣ ਦੇਂਦੀ ? ਉਸ ਦੀ ਸਲਤਨਤ ਦੇ ਤਬਾਹੀ



Digitized by Panjab Digital Library | www.panjabdigilib.org

ਵੱਲ ਜਾਣ ਦਾ ਬੁਨਿਆਦੀ ਕਾਰਨ ਉਹ ਸੀ ਜਿਸ ਨੇ ਮਰਹੱਟਾ ਤੇ ਸਿੱਖ ਜਾਗਰਤਾ ਨੂੰ ਜਨਮ ਦਿਤਾ। ਜਦੋਂ ਸਮਾਜਕ ਉਸਾਰੀ ਦਾ ਕਾਨੂੰਨ ਸਮਾਜਕ ਫ਼ਾਰਮੇਸ਼ਨ ਨੂੰ ਸੰਕਟ ਵਿਚ ਪਾਉਂਦਾ ਹੈ, ਉਸ ਦੀ ਸਟੇਟ ਕੁੜਿੱਕੀ ਵਿਚ ਹੁੰਦੀ ਹੈ। ਜੋ ਵੀ ਕਰੇ, ਜਿੱਧਰ ਵੀ ਜਾਵੇ, ਨਤੀਜਾ ਲਾਜ਼ਮੀ ਮੌਤ ਹੁੰਦਾ ਹੈ। ਐਸੀ ਦਸ਼ਾ ਵਿਚ ਹਰ ਹਕੂਮਤ ਹੱਥ-ਪੈਰ ਮਾਰਦੀ ਹੈ। ਆਪਣੇ ਬਚਾਅ ਵਾਸਤੇ ਹਰ ਮੁਮਕਿਨ ਕਦਮ ਉਠਾਉਂਦੀ ਹੈ। ਪਰ ਅੰਤ ਨਤੀਜਾ ਉਸ ਦੇ ਵੱਸ ਨਹੀਂ ਹੁੰਦਾ। ਹਾਂ, ਔਰੰਗਜ਼ੇਬ ਵਾਂਗ ਮਰਦੀ ਮਰਦੀ ਹਕੂਮਤ ਜ਼ਮੀਨ ਨੂੰ ਲਹੂ ਨਾਲ ਜ਼ਰੂਰ ਸਿੰਜ ਜਾਂਦੀ ਹੈ। ਹਰ ਕਰਮ ਦਾ ਹਰ ਦੂਜੇ ਕਰਮ ਉਤੇ ਅਸਰ ਹੁੰਦਾ ਹੈ। ਸਮਾਜਕ ਵੇਗ ਵਿਚ ਹਰ ਚੀਜ਼ ਹਰ ਦੂਜੀ ਨਾਲ ਡਾਇਲੈਕਟਿਕ ਤੌਰ ਉਤੇ ਸੰਬੰਧਤ ਹੁੰਦੀ ਹੈ। ਇਸ ਵਾਸਤੇ ਫ਼ੌਰੀ ਕਾਰਨਾਂ, ਫ਼ੌਰੀ ਕਰਮਾਂ ਦਾ ਵੀ ਅਸਰ ਹੁੰਦਾ ਹੈ। ਪਰ ਅੰਤ ਉਨ੍ਹਾਂ ਰਾਹੀਂ ਹੀ ਸਮਾਜਕ ਵੇਗ ਬੁਨਿਆਦੀ ਨਿਸ਼ਾਨੇ ਉਤੇ ਪਹੁੰਚਦਾ ਹੈ। ਸਮਾਜਕ ਉਸਾਰੀ ਦਾ ਕਾਨੂੰਨ ਵਿਕਾਸ ਵਿਚ ਆਉਂਦਾ ਹੈ। ਫ਼ੌਰੀ ਕਰਮ ਤੇ ਕਾਰਨ ਅੰਤ ਬੁਨਿਆਦੀ ਕਾਨੂੰਨ ਦੇ ਅਧੀਨ, ਉਸ ਦੇ ਸੁਰ ਹੋ ਕੇ ਹੀ ਚਲਦੇ ਹਨ। ਔਰੰਗਜ਼ੇਬ ਕੁਝ ਵੀ ਕਰਦਾ, ਜਿੰਨਾ ਚਿਰ ਉਹ ਆਪਣਾ ਜਮਾਤੀ ਅੰਗ ਨਾ ਬਦਲਦਾ, ਗੁਰੂ ਗੋਬਿੰਦ ਸਿੰਘ ਦਾ ਅਨੁਸਾਰੀ ਹੋ ਕੇ ਨਾ ਤੁਰਦਾ (ਜੋ ਕਿ ਅਸੰਭਵ ਸੀ), ਨਤੀਜਾ ਇਹੋ ਹੀ ਨਿਕਲਣਾ ਸੀ। ਜਿਸ ਦੀ ਮੋਹਤੀ ਪੁਜ ਜਾਵੇ, ਉਸ ਦਾ ਡਿੱਗਣਾ ਕੁਦਰਤੀ ਹੁੰਦਾ ਹੈ।

**ਗੁਰੂ ਗੋਬਿੰਦ ਸਿੰਘ** ਦੇ ਸਾਹਮਣੇ ਹਰ ਮੁਮਕਿਨ ਰੁਕਾਵਟ ਸੀ, ਪਰ ਸਮਾਜਕ ਉਸਾਰੀ ਦਾ ਕਾਨੂੰਨ ਉਨ੍ਹਾਂ ਦੇ ਨਾਲ ਸੀ, ਰੱਬ ਉਨ੍ਹਾਂ ਦੇ ਅੰਗ ਸੰਗ ਸੀ। ਜਿੰਨਾਂ ਚਿਰ ਪ੍ਰਚਲਤ ਸਮਾਜਕ ਫ਼ਾਰਮੇਸ਼ਨ ਦੇ ਦਾਣੇ ਮੁੱਕੇ ਨਾ ਹੋਣ, ਇਨਕਲਾਬ ਮੁਮਕਿਨ ਨਹੀਂ ਹੁੰਦਾ। ਬੁਨਿਆਦੀ ਕਾਨੂੰਨ ਤੋਂ ਇਲਾਵਾ ਇਸ ਦੀ ਪੱਧਰ ਉਤੇ ਗੁਰੂ ਸਾਹਿਬਾਨ ਦਾ ਸਮਾਜ ਵਿਚ ਕੀਤਾ ਕੰਮ ਤੇ ਔਰੰਗਜ਼ੇਬ ਦਾ ਦਿੱਲੀ ਤੋਂ ਦੂਰ ਦੱਖਣ ਵਲ ਜਾਣਾ ਉਨ੍ਹਾਂ ਦੇ ਹੱਕ ਵਿਚ ਸੀ।

ਮੁਸ਼ਕਿਲਾਂ ਮੁਸ਼ਕਿਲਾਂ ਹੀ ਹੁੰਦੀਆਂ ਹਨ। ਸਮਾਜਕ ਮਨੁੱਖੀ ਮੁਸ਼ਕਿਲਾਂ ਦੀਆਂ ਜੜ੍ਹਾਂ ਵੀ ਕਿਸੇ ਹਦ ਤਕ ਹਾਲਾਤ ਵਿਚ ਹੀ ਹੁੰਦੀਆਂ ਹਨ। ਗੁਰੂ ਸਾਹਿਬ ਨੇ ਠਰੰਮੇਂ ਨਾਲ ਹਾਲਾਤ ਦੇ ਮੋੜ ਨੂੰ ਮੌਕਾ ਦਿਤਾ। ਨਾਲੇ ਕੰਮ ਨਿਰਾ ਨਾਹਰਾ ਦੇ, ਤਲਵਾਰੀਂ ਉਤਰਨ ਦਾ ਹੀ ਨਹੀਂ ਸੀ। ਸਿੱਖ ਲਹਿਰ ਲੋਕਾਂ ਦੇ ਪੈਂਤੜੇ ਤੋਂ ਰਾਸ਼ਟਰੀ ਲਹਿਰ ਸੀ। ਉਸ ਪੈਂਤੜੇ ਤੋਂ ਇਸ ਨੇ ਰਾਸ਼ਟਰੀ ਮਸਲਾ ਉਠਾਇਆ ਸੀ। ਰਾਸ਼ਟਰੀ ਮਸਲਾ ਉਠਾਉਣ ਦਾ ਮਤਲਬ ਰਾਸ਼ਟਰੀ ਉਸਾਰੀ ਸੀ। ਫ਼ਿਊਡਲਾਂ ਦੇ ਖ਼ਾਤਮੇ ਤੋਂ ਬਗ਼ੈਰ ਲੋਕ-ਹਿੱਤ ਦੇ ਪੈਂਤੜੇ ਤੋਂ ਰਾਸ਼ਟਰੀ ਉਸਾਰੀ ਅਸੰਭਵ ਸੀ। ਇਸ ਵਾਸਤੇ ਫ਼ਿਊਡਲਾਂ ਦੇ ਖ਼ਿਲਾਫ਼ ਇਨਕਲਾਬ ਲਾਜ਼ਮੀ ਕਦਮ ਸੀ। ਪਰ ਸਮਾਜਕ ਵੇਗ ਨੂੰ ਇਕ ਜਮਾਤ ਦੇ



Digitized by Panjab Digital Library | www.panjabdigilib.org

ਪੈਂਤੜੇ ਤੋਂ ਉਠਾ ਕੇ ਉਸ ਦੀ ਵਿਰੋਧੀ-ਜਮਾਤ ਦੇ ਪੈਂਤੜੇ ਉਤੇ ਲਿਜਾਣਾ, ਉਸ ਦੇ ਪੈਂਤੜੇ ਤੋਂ ਉਸਾਰਨਾ ਸਿਰਫ਼ ਤਲਵਾਰ ਜਾਂ ਮੈਦਾਨਿ-ਜੰਗ ਦਾ ਹੀ ਕੰਮ ਨਹੀਂ ਹੁੰਦਾ। ਸਾਰੀ ਦੀ ਸਾਰੀ ਸਮਾਜਕ ਮਨੁੱਖੀ ਜ਼ਿੰਦਗੀ ਦੇ ਵਿਕਾਸ ਨੂੰ ਨਵੇਂ ਸੱਚੇ ਵਿਚ ਢਾਲਣਾ ਹੁੰਦਾ ਹੈ, ਸਿਰਫ਼ ਵਟਾਂਦਰਾ ਹੀ ਨਹੀਂ ਕਰਨਾ ਹੁੰਦਾ। ਉਸਾਰੀ ਦਾ ਅਵਸਰ ਦੇਣਾ, ਉਸਾਰੀ ਦਾ ਰਾਹ ਵਿਖਾਉਣਾ, ਉਸਾਰੀ ਕਰਨਾ ਹੁੰਦਾ ਹੈ। ਸਮਾਜਕ ਵੇਗ ਨੂੰ ਕਿਸੇ ਖ਼ਾਸ ਜਮਾਤ ਦਾ ਚੱਮ ਪਿਆਰਾ ਨਹੀਂ ਹੁੰਦਾ,ਉਸ ਨੂੰ ਕੰਮ ਪਿਆਰਾ ਹੁੰਦਾ ਹੈ। ਉਸ ਨੂੰ ਆਪਣਾ ਵਿਕਾਸ ਚਾਹੀਦਾ ਹੈ। ਕਾਬਿਜ਼ ਜਮਾਤ ਨੂੰ ਉਹ ਮਨੋਂ ਤਾਂ ਹੀ ਲਾਹੁੰਦਾ ਹੈ ਕਿਉਂਕਿ ਲੋੜੀਂਦਾ ਵਿਕਾਸ ਦੇਣੋਂ ਉਹ ਅਸਮਰਥ ਹੁੰਦੀ ਹੈ। ਇਨਕਲਾਬ ਸਮਾਜਕ ਵੇਗ ਦੇ ਵਿਕਾਸ ਦਾ ਨਾਂ ਹੈ। ਸਮਾਜਕ ਪੈਦਾਵਾਰ ਤੋਂ ਲਗ ਕੇ ਰੂਹਾਨੀ ਬੰਦ-ਖਲਾਸ ਦਾ ਨਾਂ ਹੈ। ਜ਼ਿੰਦਗੀ ਦੇ ਹਰ ਪਹਿਲੂ, ਉਸ ਦੀ ਹਰ ਪੱਧਰ ਉਤੇ ਪੈਦਾ ਹੋ ਰਹੀ ਸੰਭਾਵਨਾ ਨੂੰ ਅਸਲੀਅਤ ਬਣਾਉਣ ਦਾ ਸਵਾਲ ਹੁੰਦਾ ਹੈ। ਕਾਬਿਜ਼ ਜਮਾਤ ਤੇ ਉਸ ਦੀ ਸਟੇਟ ਨੂੰ ਇਨਕਲਾਬੀ ਤੌਰ 'ਤੇ ਵੰਗਾਰਨਾ ਤਲਵਾਰ ਦੀ ਮੁੱਠ ਉਤੇ ਹੱਥ ਰਖਣਾ ਹੀ ਨਹੀਂ ਹੁੰਦਾ। ਜਿਸ ਤਰ੍ਹਾਂ ਜੰਗ ਦੀ ਤਬਾਹੀ ਰੋਜ਼-ਬਰੋਜ਼ ਦੇ ਸਮਾਜਕ ਮਨੁੱਖੀ ਦੁੱਖ ਦਾ ਹੀ ਅਖੀਰਲਾ ਰੂਪ ਜਾਂ ਸਿਖਰ ਹੁੰਦੀ ਹੈ, ਏਸੇ ਤਰ੍ਹਾਂ ਇਨਕਲਾਬ, ਇਨਕਲਾਬੀ ਸਿਆਸਤ ਦੀ ਆਖ਼ਰੀ ਸ਼ਕਲ, ਉਸ ਦੀ ਟੀਸੀ ਹੁੰਦਾ ਹੈ। ਇਨਕਲਾਬੀ ਸਿਆਸਤ, ਸਮਾਜਕ-ਇਤਿਹਾਸਿਕ ਉਸਾਰੀ ਦੇ ਖੜੇ ਕੀਤੇ, ਮੂੰਹ-ਜ਼ੋਰ ਮਸਲਿਆਂ ਦੀ ਆਵਾਜ਼, ਉਨ੍ਹਾਂ ਦੇ ਹੱਲ ਦੀ ਕੋਸ਼ਿਸ਼ ਹੁੰਦੀ ਹੈ। ਇਸ ਤਰ੍ਹਾਂ ਹੀ ਤਲਵਾਰ ਸੂਤਣੀ, ਉਠਦੀ ਜਮਾਤ ਦੀ ਸਮਾਜਕ ਮਨੁੱਖੀ ਤਿਆਰੀ ਦੀ ਆਖ਼ਰੀ ਸਟੇਜ ਹੁੰਦੀ ਹੈ। ਇਹ ਸਮਾਜਕ ਮਨੁੱਖੀ ਤਿਆਰੀ ਪੂਰਨ ਸਮਾਜਕ ਵੇਗ ਦੇ ਵਿਕਾਸ ਦੀ ਅਗਲੀ ਸਟੇਜ ਦਾ ਸਮਾਜਕ ਮਨੁੱਖੀ ਰੂਪ ਹੋਣੀ ਹੁੰਦੀ ਹੈ। ਸਮਾਜਕ ਵੇਗ ਜ਼ਿੰਦਗੀ ਦੇ ਹਰ ਪੱਧਰ ਦਾ ਸਮੂਹ ਹੁੰਦਾ ਹੈ; ਉਸ ਦੀ ਤਾਕਤ ਜ਼ਿੰਦਗੀ ਦੇ ਹਰ ਪਹਿਲੂ, ਹਰ ਪੱਧਰ ਦੀ ਰਲਵੀਂ ਤਾਕਤ ਹੁੰਦੀ ਹੈ। ਭਿੜਦੀਆਂ ਦੋਹਾਂ ਜਮਾਤਾਂ, ਦੋਹਾਂ ਧੜਿਆਂ ਵਿਚੋਂ ਜਿਹੜਾ ਪਾਸਾ ਵੀ ਕੁਦਰਤ ਦੇ ਗਿਆਨ, ਸਾਇੰਸ, ਸਮਾਜਕ ਪੈਦਾਵਾਰ, ਹਥਿਆਰ, ਆਪਣੇ ਹਿੱਤ ਦੀਆਂ ਵਿਦਿਅਕ, ਵਿਚਾਰਧਾਰਕ ਤੇ ਹੋਰ ਸਮਾਜਕ ਸਿਆਸੀ ਸੰਸਥਾਵਾਂ, ਫੌਜੀ ਜਥੇਬੰਦੀ—ਗੱਲ ਕੀ, ਪੈਦਾਵਾਰ ਤੋਂ ਲੈ ਕੇ ਰੂਹਾਨੀਅਤ ਤਕ, ਨੀਂਹ ਤੋਂ ਲੈ ਕੇ ਉਸਾਰ ਤਕ, ਵਸਤੂ ਤੋਂ ਲੈ ਕੇ ਰੂਪ ਤਕ ਕਿਸੇ ਪਹਿਲੂ, ਕਿਸੇ ਪੱਧਰ ਉਤੇ ਵੀ ਕੋਈ ਗੱਲ ਵਿਸਾਰਦਾ, ਕਿਸੇ ਪਾਸਿਓਂ ਅਵੇਸਲਾ ਹੁੰਦਾ, ਕਿਸੇ ਥਾਂ ਕਿਸੇ ਤਰ੍ਹਾਂ ਦੀ ਵੀ ਅਣਗਹਿਲੀ ਕਰਦਾ ਹੈ, ਉਹ ਆਪਣੇ ਜਮਾਤੀ ਮੁਹਾਜ਼ ਨੂੰ ਕਮਜ਼ੋਰ ਕਰਦਾ ਹੈ। ਮੈਦਾਨਿ-ਜੰਗ ਦਾ ਰੂਪ ਫ਼ੌਜੀ ਹੁੰਦਾ ਹੈ। ਇਸ ਫ਼ੌਜੀ ਰੂਪ ਦੇ ਪਿੱਛੇ ਜਮਾਤੀ ਤੋਰ ਦਾ ਪੂਰਾ ਜ਼ੋਰ ਹੁੰਦਾ ਹੈ। ਕਿਸੇ ਧੜੇ ਦੀ ਜਥੇਬੰਦੀ ਉਸ ਦੀ ਲੀਡਰਸ਼ਿਪ, ਉਸ ਦਾ ਜਰਨੈਲ ਜ਼ਿੰਦਗੀ ਦੇ ਜਿਸ ਪਹਿਲੂ, ਜਿਸ ਪੱਧਰ ਵਲੋਂ ਵੀ



Digitized by Panjab Digital Library | www.panjabdigilib.org

ਅੱਖ ਮੀਟਦਾ ਹੈ, ਉਹ ਆਪਣੇ ਵਾਸਤੇ ਜ਼ਹਿਰ ਖ਼ਰੀਦਦਾ ਹੈ, ਆਪਣੀ ਜਮਾਤ, ਆਪਣੇ ਧੜੇ ਨਾਲ ਗ਼ੱਦਾਰੀ ਕਰਦਾ ਹੈ ਅਤੇ ਮੈਦਾਨਿ-ਜੰਗ ਵਿਚ ਮਾਰ ਖਾਣ ਦਾ ਕਾਰਨ ਬਣਦਾ ਹੈ। ਗੁਰੂ ਗੋਬਿੰਦ ਸਿੰਘ ਐਸੀ ਮਾਰ ਖਾਣ ਨੂੰ ਤਿਆਰ ਨਹੀਂ ਸੀ।

**ਸਿੱਖ ਲਹਿਰ** ਲਈ ਪਹਿਲਾ ਸਵਾਲ ਟਿਕਾਣੇ ਦਾ ਸੀ। ਸਿੱਖ ਲਹਿਰ ਦੀਆਂ ਬੁਨਿਆਦੀ ਜੜ੍ਹਾਂ ਮਾਝੇ ਵਿਚ ਸਨ। ਇਸ ਵਾਸਤੇ ਹੀ ਇਸ ਦਾ ਰੂਹਾਨੀ ਕੇਂਦਰ, ਮਜ਼੍ਹਬੀ ਤੀਰਥ ਅੰਮ੍ਰਿਤਸਰ ਬਣਿਆ ਸੀ। ਜਿੰਨਾਂ ਚਿਰ ਹਾਲਤ ਨੇ ਇਜਾਜ਼ਤ ਦਿਤੀ ਸੀ, ਸਿੱਖ ਲਹਿਰ ਦੀ ਜੱਥੇਬੰਦੀ ਤੇ ਪ੍ਰਚਾਰ ਦੇ ਕੇਂਦਰ ਵੀ ਬਹੁਤ ਹਦ ਤਕ ਇਸ ਇਲਾਕੇ ਵਿਚ ਹੀ ਉੱਸਰਦੇ ਰਹੇ। ਗੁਰੂ ਹਰਿਗੋਬਿੰਦ ਦੇ ਵੇਲੇ ਤੋਂ ਲਗ ਕੇ ਅੰਮ੍ਰਿਤਸਰ ਸਿੱਖ ਲਹਿਰ ਦਾ ਮਜ਼੍ਹਬੀ ਤੀਰਥ, ਪ੍ਰੇਰਕ ਰੂਹਾਨੀ ਕੇਂਦਰ ਤਾਂ ਰਿਹਾ, ਪਰ ਸਪਸ਼ਟ ਕਾਰਨਾਂ ਕਰਕੇ ਜਥੇਬੰਦੀ ਦਾ ਕੇਂਦਰ ਨਹੀਂ ਸੀ ਰਹਿ ਸਕਦਾ। ਗੁਰੂ ਹਰਿਗੋਬਿੰਦ ਲੜਾਈਆਂ ਤੋਂ ਮਗਰੋਂ ਕੀਰਤਪੁਰ ਨੂੰ ਹਟ ਆਏ ਸਨ। ਗੁਰੂ ਤੇਗ ਬਹਾਦਰ ਕੀਰਤਪੁਰ ਨਹੀਂ ਰਹਿ ਸਕੇ। ਤਕਰੀਬਨ ਮੁੱਢ ਤੋਂ ਹੀ ਸਿੱਖ ਲਹਿਰ ਦੀ ਲੀਡਰਸ਼ਿਪ ਅਤੇ ਗੁਰੂ ਘਰ ਦੇ ਵਿਚ ਸ਼ਰੀਕਪੁਣਾ ਇੰਨਾ ਤੇਜ਼ ਰਿਹਾ ਹੈ ਕਿ ਉਸ ਨੇ ਘੱਟ ਹੀ ਕਿਸੇ ਗੁਰੂ ਨੂੰ ਚੈਨ ਨਾਲ ਕੰਮ ਕਰਨ ਦਿਤਾ ਹੈ ਅਤੇ ਘੱਟ ਹੀ ਕੋਈ ਗੁਰੂ ਆਪਣੇ ਤੋਂ ਪਹਿਲੇ ਵਾਲੇ ਦੀ ਥਾਂ ਬੈਠ ਕੇ ਕੰਮ ਕਰ ਸਕਿਆ ਹੈ। ਗੁਰੂ ਤੇਗ ਬਹਾਦਰ ਨੇ ਆਨੰਦਪੁਰ ਵਾਲੀ ਥਾਂ ਮੁੱਲ ਲਈ। ਗੁਰੂ ਗੋਬਿੰਦ ਸਿੰਘ ਨੇ ਪਟਨੇ ਜਨਮ ਕੇ ਡੇਰਾ ਆਨੰਦਪੁਰ ਲਾਇਆ। ਆਨੰਦਪੁਰ ਹੁੰਦਾ ਜਾਂ ਕੀਰਤਪੁਰ, ਹੁਣ ਦੀ ਸਟੇਜ ਵਿਚ ਸਿੱਖ ਲਹਿਰ ਦੀ ਜੱਥੇਬੰਦੀ ਦੇ ਕੇਂਦਰ ਵਾਸਤੇ ਪਿੱਛਾ, ਪਹਾੜਾਂ ਦਾ, ਜਿਨ੍ਹਾਂ ਵਿਚ ਕਿ ਲੋੜ ਪੈਣ ਵੇਲੇ ਜਾਇਆ ਜਾ ਸਕਦਾ, ਸਲਤਨਤ ਦੇ ਜਰਨੈਲੀ ਰਾਹਾਂ ਤੋਂ ਜ਼ਰਾ ਹਟਵਾਂ, ਜਿੱਥੇ ਬੈਠਕੇ ਤਿਆਰੀ ਹੋ ਸਕਦੀ, ਲਾਜ਼ਮੀ ਸੀ। ਪਰ ਇਸ ਕੇਂਦਰ ਵਿਚ ਦੋ ਬੁਨਿਆਦੀ ਨੁਕਸ ਸਨ। ਇਕ ਤਾਂ ਇਹ ਕਿ ਇਹ ਆਪਣੀ ਸੁਹਿਰਦ ਵੱਸੋਂ ਤੋਂ ਦੂਰ ਸੀ ਅਤੇ ਦੂਸਰੇ ਸਥਾਨਕ ਵਸੋਂ ਉਤੇ ਰਾਜਪੂਤ ਫਿਊਡਲਾਂ ਤੇ ਉਨ੍ਹਾਂ ਦੇ ਵਿਚਾਰਧਾਰਕ ਬ੍ਰਾਹਮਣਾਂ ਦਾ ਐਨਾ ਜ਼ਬਤ ਸੀ, ਅਤੇ ਵੱਸੋਂ ਐਨੀ ਮੂੜ੍ਹ ਸੀ ਕਿ ਉਥੇ ਸਿੱਖ ਲਹਿਰ ਦੀਆਂ ਜੜ੍ਹਾਂ ਨਹੀਂ ਸਨ ਫੈਲ ਸਕਦੀਆਂ। ਪਰ ਮਜਬੂਰੀ ਸੀ। ਪਹਾੜਾਂ ਦਾ ਪਿੱਛਾ ਫ਼ੌਜੀ ਲੋੜ ਸੀ।

ਸਿੱਖ ਲਹਿਰ ਲੋਕ-ਹਿੱਤ ਦੀ ਬਿਨਾ ਉਤੇ ਰਾਸ਼ਟਰੀ ਉਸਾਰੀ ਸੀ, ਇਸ ਵਾਸਤੇ ਰੈਨੇਸਾਂਸ ਸੀ। ਲਿੱਪੀ ਦੇ ਸੁਧਾਰ, ਬੋਲੀ ਦੀ ਉਸਾਰੀ, ਉਸ ਦੇ ਪੈਦਾ ਹੋ ਰਹੇ ਸਮਾਜਕ ਅਨੁਭਵ ਦੇ ਹਾਣੀ ਹੋਣ, ਉਸ ਦੇ ਪ੍ਰਗਟਾਅ ਵਾਸਤੇ ਮਾਧਿਅਮ ਬਣਨ, ਅਤੇ ਲਹਿਰ ਵਿਚ ਵਿਦਿਆ ਦੇ ਵਿਕਾਸ ਦਾ ਜ਼ਿਕਰ ਹੋ ਚੁਕਾ ਹੈ। ਜਦ ਵੀ ਭਵਿਖ ਉੱਸਰਨਾ ਹੁੰਦਾ ਹੈ, ਭੂਤ ਖੂਬ ਘੋਖਿਆ ਜਾਂਦਾ ਹੈ। ਭੂਤ ਤੇ ਭਵਿਖ ਦਾ ਡਾਇਲੈਕਟੀਕਲ ਰਿਸ਼ਤਾ



Digitized by Panjab Digital Library | www.panjabdigilib.org

ਹੈ । ਭਵਿੱਖ ਭੂਤ ਨੂੰ ਭੁਲਾ ਨਹੀਂ ਸਕਦਾ, ਉਸ ਤੋਂ ਕਿਨਾਰਾ ਨਹੀਂ ਕਰ ਸਕਦਾ, ਉਸ ਦੀ ਨੀਂਹ ਉਤੇ, ਉਸ ਦੇ ਦਿੱਤੇ ਸੀਧੇ ਨਾਲ ਹੀ ਉਸ ਨੇ ਉੱਸਰਨਾ ਹੁੰਦਾ ਹੈ । ਭਵਿੱਖ ਦੀ ਉਸਾਰੀ ਵਿਚ ਭੂਤ ਦੇ ਤੱਥਾਂ ਨੂੰ ਨਵੇਂ ਪੈਦਾ ਹੋ ਰਹੇ, ਭਵਿੱਖ ਦੇ ਨਜ਼ਰੀਏ ਤੋਂ ਵੇਖਣਾ, ਉਨ੍ਹਾਂ ਦੀ ਛਾਣ-ਬੀਨ ਕਰਨਾ, ਖੋਖਰ ਹੋਇਆਂ ਨੂੰ ਕੱਟਣਾ, ਨਿਰੋਇਆਂ ਨੂੰ ਨਵੀਂ ਤਰਤੀਬ ਦੇਣਾ ਉਨ੍ਹਾਂ ਨੂੰ ਭਵਿੱਖ ਦੀ ਉਸਾਰੀ ਦੇ ਅੰਗ ਬਣਾਉਣਾ ਹੁੰਦਾ ਹੈ । ਗੁਰੂ ਗੋਬਿੰਦ ਸਿੰਘ ਦੇ ਦਰਬਾਰ ਵਿਚ ਇਹ ਭੂਤ ਘੋਖਿਆ ਗਿਆ । ਫ਼ਾਰਸੀ, ਸੰਸਕ੍ਰਿਤ ਪੜ੍ਹੀ ਗਈ । ਸਾਰਾ ਪੁਰਾਣਾ ਗਿਆਨ, ਪੁਰਾਣ ਤੇ ਸਾਹਿੱਤ ਪੜ੍ਹਿਆ ਗਿਆ, ਘੋਖਿਆ ਗਿਆ, ਜਾਂਚਿਆ ਗਿਆ । ਜਿਸ ਦੀ ਲੋੜ ਸਮਝੀ ਗਈ, ਉਹ ਅਨੁਵਾਦਿਆ ਗਿਆ । ਪਿੱਛੋਂ ਹੋਈ ਲੜਾਈ ਦੀ ਤਬਾਹੀ ਵਿਚ ਇਹ ਕੀਤਾ ਕੰਮ ਬਹੁਤ ਸਾਰਾ ਨਸ਼ਟ ਹੋ ਗਿਆ । ਹੁਣ ਦੀ ਪੀੜ੍ਹੀ ਵਾਸਤੇ ਇਸ ਕੰਮ ਦਾ ਅੰਦਾਜ਼ਾ ਲਾਉਣਾ ਕਿ ਇਹ ਕਿੰਨਾ ਕੁ ਸੀ, ਕਿਸ ਪੱਧਰ ਦਾ ਸੀ, ਇਹ ਕਿਸ ਤਰ੍ਹਾਂ ਭਵਿੱਖ ਦੀ ਉਸਾਰੀ ਦਾ ਸਹਾਇਕ ਸੀ, ਅਸੰਭਵ ਹੈ । ਪਰ ਇਸ ਗੱਲ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ ਕਿ ਗੁਰੂ ਦਾ ਦਰਬਾਰ ਸਾਹਿੱਤ ਤੇ ਵਿਗਿਆਨ ਦਾ ਮਹਾਨ ਕੇਂਦਰ ਸੀ । ਇਹ ਕੰਮ ਨਾ ਸਿਰਫ਼ ਉਨ੍ਹਾਂ ਦੀ ਪ੍ਰੇਰਨਾ ਤੇ ਉਦਮ ਨੇ ਕਰਵਾਇਆ ਬਲਕਿ ਉਨ੍ਹਾਂ ਇਸ ਵਿਚ ਆਪ ਵੀ ਹਿੱਸਾ ਪਾਇਆ । ਜ਼ਾਹਿਰ ਹੈ ਕਿ ਇਹ ਕੰਮ ਉਨ੍ਹਾਂ ਦੇ ਸਿਰ ਪਏ ਮਸਲੇ ਦਾ ਅਹਿਮ, ਤਨੀਂ ਅੰਗ ਸੀ, ਉਸ ਦੀ ਪੂਰਤੀ ਵਾਸਤੇ ਸਹਾਇਕ ਸੀ । (ਜੋ ਕੀਤਾ ਕੰਮ ਖਤਮ ਹੋ ਗਿਆ, ਉਹ ਤਾਂ ਗਿਆ, ਪਰ ਜੋ ਬਾਕੀ ਹੈ, ਉਸ ਉਤੇ ਵੀ ਕਿਸੇ ਅਜ ਦੇ ਵਿਦਵਾਨ ਨੇ ਸਾਇੰਟਿਫਿਕ ਨਜ਼ਰੀਏ ਤੋਂ ਇਹ ਕੰਮ ਨਹੀਂ ਕੀਤਾ ਕਿ ਇਹ ਸਿੱਖ ਲਹਿਰ ਨੂੰ ਕਿਸ ਤਰ੍ਹਾਂ ਸਹਾਇਕ ਸੀ, ਅਤੇ ਇਸ ਵਿਚ ਸਿੱਖ ਲਹਿਰ ਦੀ ਸ਼ਖ਼ਸੀਅਤ, ਉਸ ਦਾ ਅਸਲਾ ਕਿਸ ਤਰ੍ਹਾਂ ਪ੍ਰਗਟ ਹੋਇਆ) ।

ਇਸ ਤੋਂ ਉਪਰੰਤ ਗੁਰੂ ਸਾਹਿਬ ਦੇ ਸਿਰ ਵਿਚਾਰਧਾਰਾ ਦੀ ਉਸਾਰੀ ਦਾ, ਉਸ ਨੂੰ ਸਮਕਾਲੀ ਹਾਲਾਤ ਦੇ ਹਾਣੀ ਕਰਨ ਦਾ ਕੰਮ ਸੀ । ਵਿਚਾਰਧਾਰਾ ਗੁਰੂ ਨਾਨਕ, ਪਹਿਲੇ ਗੁਰੂ ਸਾਹਿਬਾਨ, ਫ਼ਰੀਦ, ਕਬੀਰ, ਤੇ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੋਰ ਭਗਤਾਂ ਵੀ ਦਿਤੀ । ਉਨ੍ਹਾਂ ਲੋਕ-ਹਿੱਤ, ਇਨਸਾਨੀਅਤ ਦੀਆਂ ਕੀਮਤਾਂ ਪ੍ਰਗਟ ਕਰਨੋਂ, ਉਨ੍ਹਾਂ ਅਨੁਸਾਰ ਮਨੁੱਖ ਨੂੰ ਢਾਲਣ ਵਿਚ ਕੋਈ ਕਸਰ ਨਹੀਂ ਸੀ ਛੱਡੀ । ਫ਼ਿਊਡਲ-ਹਿੱਤੀ ਕੀਮਤਾਂ ਤੇ ਉਨ੍ਹਾਂ ਦੇ ਅਨੁਸਾਰ ਢਲੀ ਮਨੁੱਖੀ ਬਣਤਰ, ਮਨੋਰਥ ਤੇ ਉਨ੍ਹਾਂ ਤੋਂ ਪੈਦਾ ਹੁੰਦੇ ਸਮਾਜਕ ਮਨੁੱਖੀ ਸਿੱਟਿਆਂ ਦੀ ਵਹਿਸ਼ਤ, ਗਿਰਾਵਟ ਤੇ ਭਿਆਨਕਤਾ ਨੂੰ ਨੰਗਿਆਂ ਕਰਨ ਵਿਚ ਕੋਈ ਕਸਰ ਬਾਕੀ ਨਹੀਂ ਸੀ ਰਹਿਣ ਦਿਤੀ । ਜੇ ਕੋਈ ਕਸਰ ਹੁੰਦੀ ਤਾਂ ਗੁਰੂ ਗੋਬਿੰਦ ਸਿਘ ਗੁਰੂ ਗ੍ਰੰਥ ਸਾਹਿਬ ਨੂੰ ਗੁਰ-ਗੱਦੀ ਨਾ ਦੇਂਦੇ । ਇਨ੍ਹਾਂ ਕੀਮਤਾਂ ਦੀ ਬਿਨਾ ਉਤੇ ਇਨਕਲਾਬ ਦੀ ਸੰਭਾਵਨਾ, ਇਨਕਲਾਬ ਦਾ ਚਿਤਰ ਵੀ ਦਿਤਾ ਗਿਆ ਸੀ ।



Digitized by Panjab Digital Library | www.panjabdigilib.org

"ਸੀਹਾ ਬਾਜਾਂ ਚਰਗਾਂ ਕੁਹੀਆਂ। ਇਨਾਂ ਖਵਾਲੇ ਘਾਹ। ਘਾਹੁ ਖਾਨਿ ਤਿਨਾ ਮਾਸੁ ਖਵਾਲੇ। ਇਹ ਚਲਾਏ ਰਾਹ। ਨਦੀਆਂ ਵਿਚਿ ਟਿਬੇ ਦੇਖਾਲੇ, ਥਲੀ ਕਰੇ ਅਸਗਾਹ। ਕੀੜਾ ਥਾਪਿ ਦੇਇ ਪਾਤਿਸ਼ਾਹੀ ਲਸ਼ਕਰ ਕਰੇ ਸੁਆਹ।" ਕੀੜਿਆਂ ਨੂੰ ਪਾਤਸ਼ਾਹੀਆਂ ਉਤੇ ਥਾਪਣ, ਲਸ਼ਕਰ ਸੁਆਹ ਕਰਨ ਦਾ ਅਹਿਸਾਸ ਕਰਵਾਇਆ ਸੀ, ਕੇਲ ਕਰੇਂਦੇ ਹੰਝੂ ਨੂੰ ਪੈਂਦੇ ਅਚਿੰਤੇ ਬਾਜ ਵੀ ਵਿਖਾਏ ਸਨ। ਪਰ ਜਦੋਂ ਕੋਈ ਹੋਰ ਰਾਹ ਨਾ ਰਹੇ ਤਾਂ ਸੱਚ ਨੇ ਤਲਵਾਰ ਦਾ ਸਹਾਰਾ ਲੈਣਾ ਹੁੰਦਾ ਹੈ, ਲੋਕ-ਹਿੱਤ ਨੇ ਭਗਉਤੀ ਨੂੰ ਸਿਮਰਨਾ ਹੁੰਦਾ ਹੈ। ਹਾਲਾਤ ਹੋਰ ਸਭ ਦਰ ਬੰਦ ਕਰੀ ਆਉਂਦੇ ਸਨ। ਮੈਦਾਨਿ-ਜੰਗ ਵਿਚ ਤਲਵਾਰੀਂ ਉਤਰਣ ਤੋਂ ਬਗੈਰ ਕੋਈ ਚਾਰਾ ਹੀ ਨਹੀਂ ਸੀ ਰਿਹਾ ਜਾਪਦਾ। ਰੱਬ ਨੇ ਲੋਹੇ ਦੇ ਰੂਪ ਵਿਚ ਲਿਸ਼ਕਣਾ ਸੀ। ਸਰਬ-ਲੋਹ ਦਾ ਰੂਪ ਧਾਰਨਾ ਸੀ। ਜ਼ਰੂਰੀ ਸੀ ਕਿ ਗੁਰੂ ਸਾਹਿਬ ਰੱਬ ਨੂੰ ਇਸ ਰੂਪ ਵਿਚ ਪੇਸ਼ ਕਰਦੇ। ਸਮਾਜਕ ਅਸਲੀਅਤ ਨੂੰ ਅਕਸਦੇ, ਲਹਿਰ ਨੂੰ ਉਸ ਦੀ ਰੀਹਰਸਲ ਕਰਾਉਂਦੇ, ਅਸਲੀਅਤ ਵਾਸਤੇ ਤਿਆਰ ਕਰਦੇ। ਸੱਚ ਉਹ ਹੀ ਸੀ। ਪੈਂਤੜਾ ਉਹ ਹੀ ਸੀ। ਇਨਸਾਨੀਅਤ ਉਹ ਹੀ ਸੀ। ਪਰ ਲਹਿਰ ਉਹ ਹੁੰਦੀ ਹੋਈ ਵੀ, ਹੁਣ ਸਟੇਜ ਦੇ ਪੱਖੋਂ ਪ੍ਰਕਾਰਕ ਤੌਰ ਉਤੇ ਵੱਖਰੀ ਸੀ।

ਪਾਤਿਸ਼ਾਹੀ ੧੦॥ ਅਕਾਲ ਪੁਰਖ ਕੀ ਰਛਾ ਹਮਨੈ॥ ਸਰਬ ਲੋਹ ਕੀ ਰਛਿਆ ਹਮਨੈ॥ ਸਰਬ ਕਾਲ ਜੀ ਦੀ ਰਛਿਆ ਹਮਨੈ॥ ਸਰਬ ਲੋਹ ਜੀ ਦੀ ਸਦਾ ਰਛਿਆ ਹਮਨੈ॥

ਸ੍ਰੀ ਮੁਖਵਾਕ ਪਾਤਸ਼ਾਹੀ ੧੦॥ ਦੋਹਰਾ॥ ਨਮਸਕਾਰ ਸ੍ਰੀ ਖੜਗ ਕੋ ਕਰਉ ਸੋ ਹਿਤ ਚਿਤ ਲਾਇ॥ ਪੂਰਨ ਕਰੋ ਗ੍ਰੰਥ ਇਹੁ ਤੁਮ ਮੁਹਿ ਕਰਹੁ ਸਹਾਇ॥੧॥

ਤ੍ਰਿਭੰਗੀ ਛੰਦ॥ ਸ੍ਰੀ ਅਕਾਲ ਜੀ ਕੀ ਉਸਤਤਿ॥ ਖਗ ਖੰਡ ਬਿਹੰਡੰ ਖਲ ਦਲ ਖੰਡੰ॥ ਅਤਿਰਣ ਮੰਡੰ ਬਰ ਬੰਡੰ॥ ਭੁਜਦੰਡ ਅਖੰਡੰ ਤੇਹ ਪ੍ਰਚੰਡੰ ਜੋਤਿ ਅਮੰਡੰ ਭਾਨ ਪ੍ਰਭੰ॥ ਸੁਖ ਸੰਤਾ ਕਰਣੰ ਦੁਰਮਤਿ ਦਰਣੰ। ਕਿਲਬਿਖ ਹਰਣੰ ਅਸ਼ ਸਰਣੰ॥ ਜੈ ਜੈ ਜਗ ਕਾਰਣ ਸ੍ਰਿਸ਼ਟ ਉਬਾਰਣ॥ ਮਮ ਪ੍ਰਤਿਪਾਰਣ ਜੈ ਤੇਗੰ॥

ਭੁਜੰਗ ਪ੍ਰਯਾਤ ਛੰਦ॥ ਨਮੋ ਖੜਗ ਖੰਡੰ ਕ੍ਰਿਪਾਣੰ ਕਟਾਰੰ॥ ਸਦਾ ਏਕ ਰੂਪੰ ਸਦਾ ਨਿਰਬਿਕਾਰੰ। ਨਮੋ ਬਾਣ ਪਾਣੇ ਨਮੋ ਦੰਡ ਧਾਰੰ। ਜਿਸ ਕੈਚੌਦਹੂੰ ਲੋਕ ਜੋਤੰ ਬਿਥਾਰੰ॥੮੭

ਨਮਸਕਾਰਥੰ ਮੋਹ ਤੀਰੰ ਤੁਰੰਗੀ। ਨਮੋ ਪਗ ਅਟੰਖੰ ਅਭੇਗੰ ਅਭੰਖੰ। ਗਦਾ ਬੈਗ੍ਰਿਸਟੈਨ ਮੋ ਸੋਹਥੀਅੰ। ਜਿਨੈ ਤੁਲੀਅੰ ਬੀਰ ਬੀਬੋ ਨ ਬੀਥੰ॥੮੮॥

ਰਸਾਵਲ ਛੰਦ॥ ਨਮੋ ਚੱਕ੍ਰ ਪਾਣੰ। ਅਭੂਤੇ ਤਬਾਣੰ। ਨਮੋ ਗੁਦਾੜੰ। ਨਮੋ ਗ੍ਰਿਸਟ ਗਾੜੰ॥੮੯॥

ਤਮੋ ਤੀਰ ਤੋਪੰ / ਜਿਨੈ ਸ਼ੱਤ੍ਰ ਘੋਪੰ / ਨਮੋ ਧੋਪ ਪਾਟੰ / ਜਿਨੈ ਦੁਸਟ ਟਾਟੰ ।੯੦।

ਜਿਤੇ ਸਸਤ੍ਰ ਨਾਮੰ / ਨਮਸਕਾਰ ਤਾਮੰ / ਜਿਤੇ ਅਸਤ੍ਰ ਤੇਯੰ / ਨਮਸਕਾਰ ਤੇਯੰ।



Digitized by Panjab Digital Library | www.panjabdigilib.org

# ਸਿਰ-ਧੜ ਦੀ ਲਾਉਣ ਲਈ ਮੁਨਾਸਿਬ ਤਿਆਰੀ

ਕਈ ਅਗਿਆਨੀ ਕਹਿੰਦੇ ਹਨ ਕਿ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਤਲਵਾਰ ਨੂੰ ਰੱਬ ਬਣਾਇਆ। ਇਹ ਕਹਿਣਾ ਗ਼ਲਤ ਹੈ। ਇਹ ਠੀਕ ਹੈ ਕਿ ਗੁਰੂ ਗੋਬਿੰਦ ਸਿੰਘ ਦੀ ਅਤੇ ਗੁਰੂ ਨਾਨਕ ਦੇਵ ਤੇ ਗੁਰੂ ਤੇਗ ਬਹਾਦਰ ਦੀ ਬਾਣੀ ਵਿਚ ਮਾਹੌਲ ਵੱਖਰਾ ਹੈ, ਮੂਡ ਵਖਰਾ ਹੈ। ਹਰਿਮੰਦਰ ਵਿਚ ਹੁੰਦੇ ਕੀਰਤਨ ਅਤੇ ਮੈਦਾਨਿ-ਜੰਗ ਦੇ ਮਾਹੌਲ ਵਿਚ ਫ਼ਰਕ ਲਾਜ਼ਮੀ ਹੈ। ਪਰ ਗੁਰੂ ਗੋਬਿੰਦ ਸਿੰਘ ਨੇ ਤਲਵਾਰ ਨੂੰ ਰੱਬ ਨਹੀਂ ਬਣਾਇਆ। ਤਲਵਾਰ ਜਰਵਾਣੇ ਦੇ ਹੱਥ ਵਿਚ ਸੀ। ਉਨ੍ਹਾਂ ਆਪਣੇ ਰੱਬ ਨੂੰ ਤਲਵਾਰ ਪਹਿਨਾਈ, ਇਨਸਾਨੀਅਤ ਨੂੰ ਤਲਵਾਰ ਚਲਾਉਣੀ ਸਿਖਾਈ, ਆਪਣੀ ਰਾਖੀ ਦੇ ਯੋਗ ਬਣਾਇਆ, ਜ਼ੁਲਮ ਉੱਤੇ ਹਾਵੀ ਕਰਾਇਆ। ਆਪਣੀ ਲਹਿਰ ਨੂੰ ਹਥਿਆਰਬੰਦ ਕਰਨਾ ਇਕ ਗੱਲ ਹੈ, ਨਿਰੀ ਤਲਵਾਰ-ਪ੍ਰਸਤੀ ਬਿਲਕੁਲ ਦੂਜੀ। ਜਿਸਮਾਨੀ ਤੌਰ ਉਤੇ ਤਲਵਾਰ ਪਹਿਨਣ ਤੋਂ ਪਹਿਲਾਂ ਲਾਜ਼ਮੀ ਸੀ ਕਿ ਹਿਰਦਾ ਆਪਣੇ ਇਸ਼ਟ ਲਈ ਸ਼ਹੀਦ ਹੋਣ ਵਾਸਤੇ ਸ਼ੈਦਾਈ ਹੁੰਦਾ, ਆਪਣੇ ਆਪ ਨੂੰ ਜਰਵਾਣਿਆਂ ਦੇ ਕਾਲ ਦੇ ਰੂਪ ਵਿਚ ਵੇਖਦਾ, ਉਨ੍ਹਾਂ ਦੇ ਮਾਰਨ ਵਾਸਤੇ ਰਣ ਵਿਚ ਜਾ ਕੇ ਜੂਝਣ ਨੂੰ ਸਵਾਬ ਸਮਝਦਾ। ਇਹ ਉਹੋ ਹੀ ਕਾਲ ਹੈ ਜੋ ਫ਼ਰੀਦ ਦੀ ਰਚਨਾ ਵਿਚ ਮਹਿਲ ਮਾੜੀਆਂ ਉਤੇ ਕੂਕਦਾ ਹੈ। ਫ਼ਰੀਦ ਤੋਂ ਲਗ ਕੇ ਸਾਰੇ ਗੁਰੂ ਗ੍ਰੰਥ ਸਾਹਿਬ ਵਿਚ ਸਿੱਖ ਨੂੰ ਰੱਬ ਅੱਗੇ ਪੂਰਨ ਅਧੀਨਗੀ ਸਿਖਲਾਈ ਗਈ ਹੈ। ਲਹਿਰ ਵਿਚ ਜੋ ਵੀ ਤਬਦੀਲੀ ਆਉਣੀ ਸੀ, ਕੁਦਰਤੀ ਸੀ ਕਿ ਉਹ ਰੱਬ ਦੇ ਰੂਪ, ਉਸ ਦੇ ਜਜ਼ਬੇ ਰਾਹੀਂ ਹੀ ਆਉਂਦੀ। ਅੱਗੇ ਵਾਂਗ ਸਿੱਖ ਦਾ ਧਰਮ ਹੁਣ ਵੀ ਰੱਬ ਅੱਗੇ ਪੂਰਨ ਅਧੀਨਗੀ ਹੀ ਹੈ। ਹੁਣ ਰੱਬ ਜਰਵਾਣੇ ਦੇ ਕਾਲ ਦਾ, ਉਸ ਦੇ ਗਲੇ ਉਤੇ ਤਲਵਾਰ ਦਾ ਰੂਪ ਹੈ। ਕੁਦਰਤੀ ਹੈ ਕਿ ਸਿੱਖ ਰੱਬ ਅੱਗੇ ਪੂਰਨ ਅਧੀਨਗੀ ਨੂੰ ਹੁਣ ਜਰਵਾਣੇ ਦੇ ਉਤੇ ਰੱਖੀ, ਉਸ ਨਾਲ ਲੋਹਾ ਲੈਂਦੀ, ਉਸ ਨੂੰ ਖ਼ਤਮ ਕਰਦੀ ਤਲਵਾਰ ਦੀ ਧਾਰ ਦੀ ਸ਼ਕਲ ਵਿਚ ਵੇਖਦਾ। ਜਦੋਂ ਦੀ ਲਹਿਰ ਚੱਲੀ ਸੀ, ਸਿੱਖ ਉਹ ਹੀ ਕੁਝ ਕਰਦਾ ਆਇਆ ਸੀ ਜੋ ਰੱਬ ਨੇ ਕਰਵਾਇਆ ਸੀ, ਜੋ ਗੁਰੂ ਨੇ ਆਖਿਆ ਸੀ। ਕੋਈ ਵਜ੍ਹਾ ਨਹੀਂ ਸੀ ਕਿ ਹੁਣ ਸਿੱਖ ਰੱਬ ਦਾ ਕਰਵਾਇਆ ਨਾ ਕਰਦਾ? ਗੁਰੂ ਦਾ ਹੁਕਮ ਕਿਉਂ ਨਾ ਬਜਾ ਲਿਆਉਂਦਾ? ਲੋਕ-ਲਹਿਰ ਜੋ ਵਾਸਤਵ ਵਿਚ ਕਰਨ ਉਤੇ ਮਜਬੂਰ ਹੋ ਰਹੀ ਸੀ, ਉਸ ਨੂੰ ਹੀ ਰੱਬ ਦੇ ਰੂਪ ਰਾਹੀਂ ਗੁਰੂ ਸਾਹਿਬ ਨੇ ਅਕਸਿਆ ਹੈ। ਜੋ ਸਥਿਤੀ ਉਸ ਦੇ ਮੁਖ਼ਾਤਿਬ ਹੋ ਰਹੀ ਸੀ, ਉਸ ਵਾਸਤੇ ਹੀ ਉਸ



Digitized by Panjab Digital Library | www.panjabdigilib.org

ਨੂੰ ਤਿਆਰ ਕੀਤਾ ਹੈ। ਵਿਚੋਲਪੁਣਾ ਰੱਬ ਦਾ ਹੈ। ਮਸਲਾ ਲੋਕ-ਹਿੱਤ ਦਾ ਹੈ, ਸਮਾਜਕ ਇਨਸਾਫ਼ ਦਾ ਹੈ। ਰੱਬ ਦੀ ਰਜ਼ਾ ਸੀ, ਖਿੜੇ ਮੱਥੇ ਪ੍ਰਵਾਨ ਸੀ, ਇਹ ਸਵਾਬ ਸੀ।

ਆਮ ਕਿਹਾ ਜਾਂਦਾ ਹੈ ਕਿ ਗੁਰੂ ਸਾਹਿਬ ਨੇ ਬੀਰ ਰਸ ਦੀ ਕਵਿਤਾ ਲਿਖੀ ਹੈ। ਉਨ੍ਹਾਂ ਦੀ ਰਚਨਾ ਨੂੰ ਇਸ ਤਰ੍ਹਾਂ ਵੇਖਣਾ ਉਨ੍ਹਾਂ ਦੀ ਕਵਿਤਾ ਨੂੰ ਉਨ੍ਹਾਂ ਦੇ ਮੁਖਾਤਿਬ ਮਸਲੇ ਨਾਲੋਂ ਨਿਖੇੜਨਾ ਹੈ। ਜੇ ਕਵਿਤਾ ਤੇ ਸਮਾਜਕ ਮਨੁੱਖੀ ਮਸਲੇ ਦਾ ਆਪਸ ਵਿਚ ਸਿੱਧਾ ਤੇ ਅਨਿੱਖੜਵਾਂ ਸੰਬੰਧ ਹੈ, ਤਾਂ ਉਹੀ ਸੰਬੰਧ ਗੁਰਬਾਣੀ ਤੇ ਸਿੱਖ ਲਹਿਰ ਦਾ ਹੈ। ਜੇ ਸਮਾਜ ਦਾ ਇਤਿਹਾਸ ਤੇ ਉਸ ਦੀ ਡਾਇਲੈਕਟਿਕ ਦਾ ਅਕਸ ਆਪਸ ਵਿਚ ਸੰਬੰਧਤ ਸਿੱਧੇ ਵੇਖੇ ਜਾ ਸਕਦੇ ਹਨ, ਤਾਂ ਉਹ ਗੁਰਬਾਣੀ ਤੇ ਸਿੱਖ ਲਹਿਰ ਵਿਚ ਹਨ। ਜੇ ਜ਼ਿੰਦਗੀ ਦੀ ਤੋਰ ਵਿੱਚੋਂ ਪੈਦਾ ਹੁੰਦੀ ਅਤੇ ਮੋੜਵਾਂ ਸਿੱਧਾ ਜ਼ਿੰਦਗੀ ਦੀ ਤੋਰ 'ਤੇ, ਮਨੁੱਖੀ ਆਚਰਣ ਉਤੇ ਅਸਰ ਕਰਦੀ ਕਵਿਤਾ ਵੇਖਣੀ ਹੈ ਤਾਂ ਉਹ ਗੁਰਬਾਣੀ ਹੈ। ਮੁੱਢ ਤੋਂ ਲੈ ਕੇ ਜਮਾਤੀ ਪੈਂਤੜਾ ਇਕ ਹੈ ਤੇ ਉਹ ਲੋਕ-ਹਿੱਤ ਤੇ ਇਨਸਾਨੀਅਤ ਦਾ ਹੈ। ਪਰ ਜ਼ਮਾਨੇ ਦੇ ਮੂਡ ਮੁਤਾਬਿਕ, ਹਾਲਾਤ ਦੀ ਬਦਲਦੀ ਕਰਵਟ ਮੁਤਾਬਿਕ ਕਿਹੜਾ ਜਜ਼ਬਾ ਪ੍ਰਗਟ ਕੀਤਾ ਗਿਆ, ਉਭਾਰਿਆ ਗਿਆ, ਇਹ ਲਹਿਰ ਦੀ ਲੋੜ ਤੇ ਉਸ ਦੀ ਉਸਾਰੀ ਦਾ ਇਤਿਹਾਸ ਹੈ। ਅਸਲ ਵਿਚ ਇਸ ਲਹਿਰ ਦੇ ਇਤਿਹਾਸ ਤੇ ਇਸ ਲਹਿਰ ਦੀ ਪ੍ਰੇਰਕ ਵਿਚਾਰਧਾਰਾ, ਪੈਦਾ ਕੀਤੀ ਕਵਿਤਾ ਨੂੰ ਸਾਇੰਟਿਫਿਕ ਤੌਰ ਉਤੇ ਵੇਖਣ ਦਾ ਤਰੀਕਾ ਇਹ ਹੈ ਕਿ ਲਹਿਰ ਨਾਲ ਵਾਪਰਦੀਆਂ ਘਟਨਾਵਾਂ, ਉਸ ਨੂੰ ਮੁਖ਼ਾਤਿਬ ਸਥਿਤੀ, ਉਸ ਦਾ ਸਾਹਮਣਾ ਕਰਦੀਆਂ ਲਹਿਰ-ਉਸਾਰੀਆਂ ਸੰਸਥਾਵਾਂ, ਗੱਦੀ ਉਤੇ ਬੈਠੇ ਗੁਰੂ ਸਾਹਿਬ ਦੀ ਸ਼ਖਸੀਅਤ, ਉਨ੍ਹਾਂ ਦਾ ਕੀਤਾ ਕੰਮ, ਅਤੇ ਉਸ ਦਾ ਬਾਣੀ ਵਿਚ ਪ੍ਰਗਟਾਅ—ਸਭ ਨੂੰ ਇਕੋ ਹੀ ਕਤਾਰ ਵਿਚ ਇਕ ਦੂਜੇ ਦੇ ਮੁਖ਼ਾਤਿਬ ਕਰਕੇ ਵੇਖਿਆ ਜਾਵੇ। ਇਨ੍ਹਾਂ ਸਭ ਦਾ ਆਪਸ ਵਿਚ ਸੰਬੰਧ ਹੈ। ਇਹ ਸਭ ਇਕ ਦੂਜੇ ਨੂੰ ਪੈਦਾ ਕਰਦੇ, ਇਕ ਦੂਜੇ ਤੋਂ ਪੈਦਾ ਹੁੰਦੇ, ਇਕ ਦੂਜੇ ਨੂੰ ਨਿਜਿੱਠਦੇ, ਇਕ ਦੂਜੇ ਨੂੰ ਆਪਣੇ ਵਜੂਦ ਵਿਚ ਅਕਸਦੇ ਹਨ। ਗੁਰੂ ਸਾਹਿਬ ਦੀ ਰਚਨਾ ਵਿਚ ਪ੍ਰਗਟ ਜਜ਼ਬਾ, ਉਸ ਲਹਿਰ ਦੇ ਹਾਲਾਤ ਨੂੰ ਹੁੰਗਾਰਾ ਹੈ। ਉਨ੍ਹਾਂ ਦੀ ਰਚਨਾ, ਉਸ ਦੀ ਵਸਤੂ, ਉਸ ਵਿਚ ਪ੍ਰਗਟਾਇਆ ਜਜ਼ਬਾ, ਉਸ ਦੀ ਸ਼ੈਲੀ ਇਕ ਪਾਸੇ ਤੋਂ ਗੁਰੂ ਸਾਹਿਬ ਦੀ ਸ਼ਖ਼ਸੀਅਤ, ਉਨ੍ਹਾਂ ਦੀ ਸੱਚ ਵੇਖਣ, ਪ੍ਰਗਟ ਕਰਨ ਦੀ ਸ਼ਕਤੀ, ਉਨ੍ਹਾਂ ਦੀ ਪ੍ਰਤਿਭਾ ਦਾ ਪ੍ਰਗਟਾਵਾ ਹੈ ; ਦੂਜੇ ਪਾਸੇ ਤੋਂ ਇੰਸ ਨਾਲੋਂ ਵੀ ਜ਼ਿਆਦਾ ਇਹ ਲਹਿਰ ਤੇ ਉਸ ਦੀ ਲੋੜ ਤੇ ਉਸ ਦੀ ਮਜ਼ਬੂਤੀ ਦਾ ਇਜ਼ਹਾਰ ਹੈ। ਕਵਿਤਾ ਨੂੰ ਜ਼ਿੰਦਗੀ ਦੇ ਪ੍ਰਸੰਗੋਂ ਨਿਖੇੜ ਕੇ ਵੇਖਣਾ ਸਾਇੰਟਿਫ਼ਿਕ ਨਹੀਂ। ਗੁਰੂ ਸਾਹਿਬ ਦੀ ਰਚਨਾ ਅਮਰ ਹੈ। ਆਪਣੇ ਸੱਚ ਤੇ ਆਪਣੀ ਸ਼ੈਲੀ ਕਰਕੇ ਅਮਰ ਹੈ। ਇਹ ਨਾਮ ਦੇ ਸਰੂਪ, ਸਮਕਾਲੀ ਸਿੱਖ ਦੀ ਤਸਵੀਰ



Digitized by Panjab Digital Library | www.panjabdigilib.org

ਹੈ : ਗੁਰੂ ਸਾਹਿਬ ਦੀ ਕਿਰਤ ਅਤੇ ਸ਼ਖ਼ਸੀਅਤ ਦਾ ਇਕ ਪਹਿਲੂ ਹੈ। (ਇਹ ਆਪਣੇ ਆਪ ਵਿਚ ਇਕ ਵਖਰਾ ਮਹਾਨ ਮਜ਼ਮੂਨ ਹੈ।)

ਲਹਿਰ ਨੂੰ ਮੌਕੇ ਦੇ ਮੁਖ਼ਾਤਿਬ ਕਰਨ ਵਾਸਤੇ ਰੱਬ ਨੂੰ ਹੀ ਲਿਸ਼ਕਦੇ ਲੋਹੇ ਦੇ ਰੂਪ ਵਿਚ ਵੇਖਣਾ ਕਾਫ਼ੀ ਨਹੀਂ ਸੀ। ਸੱਚ ਪਰਖਣਾ, ਮੌਕੇ ਦਾ ਮਿਜ਼ਾਜ ਵੇਖਣਾ, ਉਸ ਨੂੰ ਕਵਿਤਾ ਵਿਚ, ਜਜ਼ਬੇ ਦੇ ਰੂਪ ਵਿਚ ਪੇਸ਼ ਕਰਨਾ ਇਕ ਕਦਮ ਸੀ। ਪਰ ਇਸ ਤੋਂ ਅਗਲਾ ਕਦਮ ਸਰਬ-ਲੋਹ ਦੇ ਰੂਪ ਵਿਚ ਵੇਖੇ ਰੱਬ ਨੂੰ ਮਨੁੱਖੀ ਜਾਮਾ ਪਹਿਨਾਉਣਾ ਸੀ। ਲਹਿਰ ਦੀ ਜੱਥੇਬੰਦੀ, ਉਸ ਦੀਆਂ ਸੰਸਥਾਵਾਂ, ਉਸ ਦੀ ਸ਼ਖ਼ਸੀਅਤ ਨੂੰ ਲੋਹੇ ਦੀ ਸਾਣ ਉਤੇ ਚੜ੍ਹਾਉਣਾ ਸੀ।

ਲਹਿਰ ਜਰਵਾਣੇ ਦੇ ਨਾਲ ਸਿਰ-ਧੜ ਦੀ ਬਾਜ਼ੀ ਲਾਉਣ ਦੀ ਪੱਧਰ ਉਤੇ ਆ ਗਈ ਸੀ। ਕਿਸੇ ਕਮਜ਼ੋਰੀ ਨੂੰ ਰਹਿਣ ਦੇਣ ਦੀ ਗੁੰਜਾਇਸ਼ ਨਹੀਂ ਸੀ। ਜਦੋਂ ਲੋਕੀਂ ਹੱਲ ਦੀ ਫ਼ਾਲ ਛੱਡ ਕੇ ਗੁਰੂ ਦੇ ਝੰਡੇ ਹੇਠ ਤਲਵਾਰ ਚੁੱਕ ਕੇ ਆਪਣੀ ਜਾਨ ਉਤੇ ਖੇਡਣ ਵਾਸਤੇ ਆ ਰਹੇ ਸਨ ਤਾਂ ਉਨ੍ਹਾਂ ਜਾਂ ਉਨ੍ਹਾਂ ਦੇ ਨਾਲ ਦਿਆਂ ਦੀ ਕਮਾਈ ਵੀ ਗੁਰੂ ਨੂੰ ਸਿੱਧੀ ਪਹੁੰਚ ਸਕਦੀ ਸੀ। ਹੁਣ ਤਕ ਤੁਰੇ ਆਉਂਦੇ ਵਿਚੋਲੇ ਸਿੱਧੇ ਨਹੀਂ ਸਨ ਰਹੇ; ਉਨ੍ਹਾਂ ਦੀ ਕਮਜ਼ੋਰੀ ਲਾਇਲਾਜ ਸੀ। ਉਨ੍ਹਾਂ ਦੀ ਸੰਸਥਾ ਦੀ ਹੁਣ ਲੋੜ ਵੀ ਨਹੀਂ ਸੀ। ਸੋ ਗੁਰੂ ਸਾਹਿਬ ਦੇ ਹੱਥੋਂ ਹਰ ਇਕ ਨੇ ਆਪੋ ਆਪਣੀ ਕੀਤੀ ਦਾ ਫਲ ਪਾਇਆ। ਗੁਰੂ ਸਾਹਿਬ ਨੇ ਕਿਸੇ ਨੂੰ ਸਜ਼ਾ ਦਿਤੀ, ਕਿਸੇ ਨੂੰ ਮੁਆਫ਼ ਕੀਤਾ ਅਤੇ ਮਸੰਦਾਂ ਦੀ ਸੰਸਥਾ ਸਮਾਪਤ ਕੀਤੀ। ਹੁਣ ਸੰਗਤ ਹੀ ਐਸੀ ਬਣ ਰਹੀ ਸੀ ਕਿ ਗੁਰੂ ਤੇ ਉਸ ਦੇ ਦਰਮਿਆਨ ਵਿਚੋਲੇ ਨੇ ਤਾਂ ਕੀ ਰਹਿਣਾ ਸੀ, ਗੁਰੂ ਦੀ ਦੇਹ ਵੀ ਵਿਚੋਂ ਅਲੋਪ ਹੋਣ ਵਾਲੀ ਸੀ। ਗੁਰੂ ਵੀ ਸੰਗਤ ਦੇ ਹਵਾਲੇ ਹੋ ਰਿਹਾ ਸੀ।

ਸਿੱਖ ਦਾ ਦਿਲ ਤਾਂ ਗੁਰੂ ਨਾਨਕ ਦੇਵ ਤੋਂ ਹੀ ਨਾਮ ਦੇ ਲੋਕ-ਹਿੱਤ ਦੇ ਸੱਚੇ ਵਿਚ ਢਲਦਾ ਆਇਆ ਸੀ ਅਤੇ ਹੁਣ ਉਸ ਨਾਮ ਨੇ ਖੰਡੇ ਦਾ ਰੂਪ ਧਾਰ ਲਿਆ ਸੀ। ਨਾਂ ਕੁਝ ਵੀ ਹੋਵੇ, ਵਸਤੂ ਆਪਣਾ ਰੰਗ ਵਿਖਾਉਂਦੀ ਹੈ। ਗੁਲਾਬ ਦੀ ਖ਼ੁਸ਼ਬੋ ਗੁਲਾਬ ਦੀ ਹੁੰਦੀ ਹੈ। ਗੁਰੂ ਹਰਿਗੋਬਿੰਦ ਦੇ ਵੇਲੇ ਨਾਮ ਨੇ ਆਪਣਾ ਰੰਗ ਤਾਂ ਵਿਖਾ ਹੀ ਦਿਤਾ ਸੀ। ਗੱਲ ਤਾਂ ਬਹੁਤ ਹਦ ਤਕ ਵਸਤੂ ਦੀ ਹੀ ਹੁੰਦੀ ਹੈ; ਰੂਪ ਤਾਂ ਅੰਤ ਵਸਤੂ ਮਗਰ ਹੀ ਜਾਂਦਾ ਹੈ। ਫੇਰ ਵੀ ਰੂਪ ਤੇ ਵਸਤੂ ਦਾ ਡਾਇਲੈਕਟੀਕਲ ਰਿਸ਼ਤਾ ਹੁੰਦਾ ਹੈ। ਰੂਪ ਬਣਦਾ ਭਾਵੇਂ ਵਸਤੂ ਤੋਂ ਹੈ ਪਰ ਵਸਤੂ ਉਤੇ ਮੋੜਵਾਂ ਅਸਰ ਕਰਦਾ ਹੈ। ਸੋ ਗੁਰੂ ਸਾਹਿਬ ਨੇ ਸਿੱਖ ਦੀ ਵਸਤੂ ਨੂੰ ਹਾਲਾਤ ਦੇ ਹਾਣੀ, ਹਾਲਾਤ ਉਤੇ ਹਾਵੀ ਕਰਨ ਦੇ ਨਾਲ ਉਸ ਦੇ ਰੂਪ ਵੱਲ ਵੀ ਧਿਆਨ ਦਿੱਤਾ। ਸਰਬ-ਲੋਹ ਦੇ ਬਾਟੇ ਵਿਚ ਨਾਮ ਨੂੰ ਖੰਡੇ ਰਾਹੀਂ ਖੋਰ ਕੇ ਅੰਮ੍ਰਿਤ ਤਿਆਰ ਕੀਤਾ। ਪੰਜਾਂ ਪਿਆਰਿਆਂ ਨੂੰ ਛਕਾਇਆ; ਆਪ ਉਨ੍ਹਾਂ ਦੇ ਹੱਥੋਂ ਛਕਿਆ। ਆਪ ਗੋਬਿੰਦ ਰਾਇ ਤੋਂ ਗੋਬਿੰਦ ਸਿਘ ਬਣੇ ਅਤੇ



Digitized by Panjab Digital Library | www.panjabdigilib.org

ਸਿੱਖਾਂ ਨੂੰ ਸਿੰਘ ਬਣਾਇਆ। ਉਨ੍ਹਾਂ ਦੇ ਬੀਤੇ ਨੂੰ ਖ਼ਤਮ ਕਰਕੇ, ਉਨ੍ਹਾਂ ਨੂੰ ਨਵਾਂ ਜਨਮ ਦਿਤਾ ; ਨਵੀਂ ਮਾਂ ਦਿਤੀ, ਨਵਾਂ ਬਾਪ ਦਿਤਾ, ਨਵਾਂ ਨਾਂ ਦਿਤਾ, ਨਵਾਂ ਰੂਪ, ਨਵੀਂ ਸ਼ਕਲ, ਨਵੇਂ ਚਿੰਨ੍ਹ, ਨਵੇਂ ਨਾਹਰੇ, ਨਵੇਂ ਸੁਆਦ, ਨਵੇਂ ਤਿਉਹਾਰ, ਨਵੀਆਂ ਸੱਧਰਾਂ, ਨਵੀਂ ਬੋਲੀ, ਨਵੇਂ ਪਰੋਗਰਾਮ, ਨਵੇਂ ਨਿਸ਼ਾਨੇ—ਜ਼ਿੰਦਗੀ ਦਾ ਨਵੇਂ ਸਿਰੋਂ ਰੰਗ ਵਟਾ ਕੇ ਧਰ ਦਿਤਾ। ਸਿੱਖ, ਸਿੰਘ ਬਣੇ ; ਖ਼ਾਲਸਾ ਤਿਆਰ ਹੋਇਆ। ਵਸਤੂ ਦੇ ਮਗਰ ਸਿੱਖੀ ਦਾ ਰੂਪ ਬਦਲਿਆ। ਤਬਦੀਲੀ ਪ੍ਰਕਾਰਕ ਹੋਈ।

ਕੋਈ ਖ਼ਿਆਲ, ਸੰਕਲਪ, ਸੰਸਥਾ, ਨਾਹਰਾ ਜਾਂ ਚਿੰਨ੍ਹ ਹੋਵੇ, ਜਿੰਨਾ ਚਿਰ ਉਸ ਦੀਆਂ ਸਮਾਜਕ ਅਸਲੀਅਤ ਵਿਚ ਜੜ੍ਹਾਂ ਨਹੀਂ, ਜਿੰਨਾਂ ਚਿਰ ਖੜੇ ਹੋਏ ਸਮਾਜਕ ਮਸਲੇ ਦਾ ਉਸ ਵਿਚ ਹੱਲ ਨਹੀਂ, ਉਹ ਲੋਕਾਂ ਦੇ ਦਿਲਾਂ ਵਿਚ ਘਰ ਨਹੀਂ ਕਰ ਸਕਦਾ, ਉਨ੍ਹਾਂ ਕੋਲੋਂ ਹੁੰਗਾਰਾ ਨਹੀਂ ਲੈ ਸਕਦਾ, ਉਨ੍ਹਾਂ ਦੀ ਵਫ਼ਾਦਾਰੀ ਨਹੀਂ ਜਿੱਤ ਸਕਦਾ, ਉਨ੍ਹਾਂ ਨੂੰ ਆਪਣੇ ਸੱਚੇ ਵਿਚ ਨਹੀਂ ਢਾਲ ਸਕਦਾ, ਉਨ੍ਹਾਂ ਕੋਲੋਂ ਆਪਣੀ ਅਗਵਾਈ ਹੇਠ ਕੁਰਬਾਨੀ ਨਹੀਂ ਕਰਵਾ ਸਕਦਾ। ਬੁਨਿਆਦੀ ਗੱਲ ਸੱਚ ਹੈ, ਸਮੇਂ ਦਾ ਸੱਚ। ਨਿਬੇੜਾ ਅੰਤ ਸੱਚ ਉਤੇ ਹੁੰਦਾ ਹੈ, ਪਰ ਸੱਚ ਲਾਗੂ ਉਸਾਰ ਰਾਹੀਂ ਹੁੰਦਾ ਹੈ। ਇਹ ਸਭ ਉਸਾਰ ਹਨ, ਸਮਾਜਕ ਅਸਲੀਅਤ ਦੀ ਨੀਂਹ ਦੇ ਅੰਗ ਹਨ। ਇਨ੍ਹਾਂ ਵਿਚ ਨੀਂਹ ਤੋਂ ਨਿੱਖੜ ਕੇ, ਆਪਣੇ ਆਪ ਵਿਚ ਕੋਈ ਜਾਨ ਨਹੀਂ ਹੁੰਦੀ। ਜਾਨ ਇਨ੍ਹਾਂ ਦੀ ਉਹੀ ਹੁੰਦੀ ਹੈ ਜੋ ਇਨ੍ਹਾਂ ਦੀ ਨੀਂਹ, ਸਮਾਜਕ ਅਸਲੀਅਤ ਨੇ ਇਨ੍ਹਾਂ ਵਿਚ ਪਾਈ ਹੁੰਦੀ ਹੈ। ਜਿਸ ਨਾਹਰੇ ਨੇ ਕਿਸੇ ਵੇਲੇ, ਕਿਸੇ ਸਮਾਜਕ ਪ੍ਰਸੰਗ ਵਿਚ, ਲੋਕਾਂ ਨੂੰ ਪਰਵਾਨਿਆਂ ਵਾਂਗ ਕੁਰਬਾਨ ਕਰਵਾਇਆ ਹੁੰਦਾ ਹੈ, ਪ੍ਰਸੰਗ ਦੇ ਬਦਲ ਜਾਣ ਉਤੇ ਉਹੋ ਨਾਹਰਾ ਬੇ-ਅਰਥ, ਬਲ-ਹੀਨ ਹੋ ਜਾਂਦਾ ਹੈ, ਐਵੇਂ ਰਵਾਜਨ ਜਿਹੀ ਗੱਲ ਬਣ ਕੇ ਰਹਿ ਜਾਂਦਾ ਹੈ। ਸੰਕਲਪ ਆਦਿ ਚੂੰਕਿ ਉਸਾਰ ਹਨ, ਸਮਾਜਕ ਅਸਲੀਅਤ ਦਾ ਅੰਗ ਹਨ, ਇਸ ਵਸਤੂ ਦਾ ਰੂਪ ਹਨ, ਇਸ ਵਾਸਤੇ ਇਹ ਸਮਾਜਕ ਅਸਲੀਅਤ ਦਾ ਸ਼ੀਸ਼ੇ ਵਾਲਾ ਅਕਸ ਨਹੀਂ ਹੁੰਦੇ। ਆਪਣੇ ਆਪ ਵਿਚ ਹੋਂਦ ਹੁੰਦੇ ਹਨ। ਅਤੇ ਪੈਦਾ ਹੋ ਕੇ ਵਸਤੂ, ਸਮਾਜਕ ਮਨੁੱਖੀ ਅਸਲੀਅਤ ਉਤੇ ਮੋੜਵਾਂ ਅਸਰ ਪਾਉਂਦੇ ਹਨ। ਕੋਈ ਸਮਾਜਕ ਸਿਆਸੀ ਲਹਿਰ ਵੀ ਇਨ੍ਹਾਂ ਨੂੰ ਵਰਤੇ ਬਗ਼ੈਰ ਚਲ ਨਹੀਂ ਸਕਦੀ। ਸਮਾਜਕ ਵੇਗ ਵਿਚੋਂ ਇਹ ਕੱਟੇ ਨਹੀਂ ਜਾ ਸਕਦੇ। ਜਿਸ ਚੀਜ਼ ਦਾ ਵੀ ਮਨੁੱਖੀ ਮਨ ਨਾਲ ਸੰਬੰਧ ਹੈ, ਜਿਸ ਨੇ ਵੀ ਮਨੁੱਖੀ ਸ਼ਕਤੀ ਵਰਤਣੀ ਹੈ, ਉਹ ਉਸਾਰ ਤੋਂ ਬਗ਼ੈਰ ਹਿੱਲ ਨਹੀਂ ਸਕਦਾ! ਕਿਸੇ ਜਮਾਤੀ ਹਿੱਤ ਜਾਂ ਉਸ ਤੋਂ ਪੈਦਾ ਹੋਈ ਸਮਾਜਕ ਸਿਆਸੀ ਲਹਿਰ ਨੂੰ ਸਹੀ ਸਮਝਣ ਵਾਸਤੇ ਉਸ ਦੇ ਵਰਤੇ ਸੰਕਲਪਾਂ, ਖ਼ਿਆਲਾਂ, ਸੰਸਥਾਵਾਂ, ਨਾਹਰਿਆਂ, ਚਿੰਨ੍ਹਾਂ ਆਦਿ ਨੂੰ ਫੋਲ ਕੇ ਵੇਖਣਾ ਕਿ ਉਹ ਕਿਸ ਤਰ੍ਹਾਂ ਉਸ ਹਿੱਤ, ਉਸ ਦੇ ਸੱਚ ਨੂੰ ਸਮਾਜਕ ਮਨੁੱਖੀ ਧਰਤੀ ਵਿਚ ਚਲਦਿਆਂ ਕਰਦੇ ਹਨ, ਲਾਜ਼ਮੀ ਹੁੰਦਾ ਹੈ। ਇਨ੍ਹਾਂ ਦੀ ਵਰਤੋਂ ਉਸ ਲਹਿਰ



Digitized by Panjab Digital Library | www.panjabdigilib.org

ਦੀ ਲੀਡਰਸ਼ਿਪ ਦੀ ਸਮਝ, ਪ੍ਰਤਿਭਾ, ਉਸ ਦੀ ਪਕਿਆਈ ਅਤੇ ਦ੍ਰਿੜ੍ਹਤਾ ਦਾ ਸੋਹਣਾ ਸਬੂਤ ਤੇ ਅਕਸ ਹੁੰਦੇ ਹਨ। ਸਿੱਖ ਲਹਿਰ ਵਿਚ ਬੁਨਿਆਦੀ ਸੰਕਲਪ **ਰੱਬ** ਦਾ ਹੈ। ਰੱਬ ਸਰਬ-ਸ਼ਕਤੀਮਾਨ ਹੈ, ਅਤੇ ਸ੍ਰਿਸ਼ਟੀ ਦੀ ਸਭ ਚੀਜ਼, ਉਸ ਦੀ ਹਰ ਹਰਕਤ ਉਸ ਦੇ ਹੁਕਮ ਵਿਚ ਹੈ। ਗੁਰੂ ਨਾਨਕ ਦੇ ਰੱਬ ਦਾ ਜ਼ਿਕਰ ਕਰਦਿਆਂ ਕਈ ਵਿਚਾਰਵਾਨ ਇਸ ਗੱਲ ਦੇ ਮਗਰ ਪੈ ਜਾਂਦੇ ਹਨ ਕਿ ਉਨ੍ਹਾਂ ਇਹ ਸੰਕਲਪ ਲਿਆ ਕਿਥੋਂ ? ਇਸ ਤਰ੍ਹਾਂ ਇਸ਼ਾਰਤਨ ਕਿਹਾ ਇਹ ਜਾਂਦਾ ਹੈ ਕਿ ਰੱਬ ਦਾ ਐਸਾ ਸੰਕਲਪ ਦੇਣ ਵਿਚ ਉਨ੍ਹਾਂ ਦੀ ਕੋਈ ਮੌਲਿਕਤਾ ਨਹੀਂ ਸੀ। ਕਿਸੇ ਸੰਕਲਪ ਦਾ ਪੈਦਾ ਹੋਣਾ ਬਹੁਤ ਹਦ ਤਕ ਹਾਲਾਤ ਉਤੇ ਮੁਨਹਸੱਰ ਹੁੰਦਾ ਹੈ। ਗੱਲ ਸੰਕਲਪ ਦੀ ਨਹੀਂ ਹੁੰਦੀ। ਸੰਕਲਪ ਪੁਰਾਣਾ ਹੋਵੇ, ਤੁਰਿਆ ਆਉਂਦਾ ਹੋਵੇ ਜਾਂ ਨਵਾਂ ਪੈਦਾ ਹੋਵੇ, ਗੱਲ ਉਸ ਵਿਚ ਪ੍ਰਗਟ ਸੱਚ ਦੀ ਹੁੰਦੀ ਹੈ। ਸਿੱਖੀ ਵਿਚ ਰੱਬ ਦਾ ਸੰਕਲਪ, ਆਪਣੇ ਆਪ ਵਿਚ ਇਕ ਮਜ਼ਮੂਨ ਹੈ।* ਇਥੇ ਉਸ ਦੀ ਵਿਆਖਿਆ ਵਾਸਤੇ ਗੁੰਜਾਇਸ਼ ਨਹੀਂ। ਸਾਡਾ ਇਥੇ ਉਸ ਦੀਆਂ ਚੰਦ ਇਕ ਖ਼ਾਸੀਅਤਾਂ ਨਾਲ ਹੀ ਸੰਬੰਧ ਹੈ। ਰੱਬ ਮਹਾਨ ਸਮਾਜਕ ਅਸਲੀਅਤ ਹੈ ਅਤੇ ਗੁਰਬਾਣੀ ਵਿਚ ਕਈਆਂ ਪ੍ਰਸੰਗਾਂ ਵਿਚ ਵਰਤਿਆ ਗਿਆ ਹੈ। ਵਰਤੇ ਗਏ ਪ੍ਰਸੰਗ ਦੇ ਮੁਤਾਬਕ ਹੀ ਇਸ ਦੇ ਅਰਥ ਹਨ। ਅਸੀਂ ਇਥੇ ਸਿਰਫ਼ ਦੋ ਖ਼ਾਸੀਅਤਾਂ ਹੀ ਲੈਂਦੇ ਹਾਂ। ਸਿੱਖੀ ਦੇ ਰੱਬ ਨਾਲ ਖ਼ਾਸ ਸਮਾਜਕ ਮਨੁੱਖੀ ਕੀਮਤਾਂ ਸੰਬੰਧਤ ਹਨ। ਉਹ ਕੀਮਤਾਂ ਲੋਕ-ਹਿੱਤ, ਇਨਸਾਨੀਅਤ ਦੀਆਂ ਹਨ। ਬੰਦੇ ਵਿਚ ਉਹ ਹੋਣ ਤਾਂ ਰੱਬ ਨੂੰ ਪ੍ਰਵਾਨ ਹੋਈਦਾ ਹੈ, ਨਹੀਂ ਤਾਂ ਨਰਕ ਤਿਆਰ ਹੈ। **ਬਾਣੀ ਦੀ ਸਾਰੀ ਪ੍ਰੇਰਨਾ ਗੁਰੂ ਦੇ ਸ਼ਬਦ ਰਾਹੀਂ, ਉਨ੍ਹਾਂ ਕੀਮਤਾਂ, ਉਨ੍ਹਾਂ ਗੁਣਾਂ ਨੂੰ ਗ੍ਰਹਿਣ ਕਰਨ ਦੀ ਅਤੇ ਹੋਰ ਸਭ ਕੁਝ ਨੂੰ, ਉਨ੍ਹਾਂ ਦੇ ਵਿਰੋਧੀਆਂ ਨੂੰ, ਹਿਰਦੇ ਵਿਚੋਂ ਕੱਢਣ ਦੀ ਹੈ। ਦੂਜੇ ਲਫ਼ਜ਼ਾਂ ਵਿਚ, ਪ੍ਰੇਰਨਾ ਮਨੁੱਖ ਨੂੰ ਲੋਕ-ਹਿੱਤ, ਇਨਸਾਨੀਅਤ ਦਾ ਸਰੂਪ ਬਣਾਉਣ ਦੀ, ਜਮਾਤੀ ਤੌਰ ਉਤੇ ਚੇਤਨ ਕਰਨ ਦੀ ਹੈ।** ਮਨੁੱਖ ਦੀ ਜ਼ਿੰਦਗੀ ਵਿਚ ਸਫਲਤਾ, ਉਸ ਦੀ ਮੁਕਤੀ ਇਸ ਉਤੇ ਨਿਰਭਰ ਹੈ। ਰੱਬ ਦਾ ਦੂਜਾ ਗੁਣ ਉਸ ਦੀ ਸ਼ਕਤੀਮਾਨਤਾ ਹੈ। ਰੱਬ ਦੇ ਕੋਈ ਸਾਵਾਂ ਨਹੀਂ, ਕੋਈ ਸ਼ਰੀਕ ਨਹੀਂ। ਉਸ ਦੇ ਖ਼ਿਲਾਫ਼ ਕਿਸੇ ਦੀ ਹਸਤੀ ਨਹੀਂ ਕਿ ਠਹਿਰ ਸਕੇ। ਇਹ ਸਰਬ-ਸ਼ਕਤੀਮਾਨਤਾ ਲੋਕ-ਹਿੱਤ, ਇਨਸਾਨੀਅਤ ਨਾਲ ਸੰਬੰਧਤ ਹੈ, ਜਿਸ ਦਾ ਮਤਲਬ ਇਹ ਹੈ ਕਿ ਜੋ ਮਨੁੱਖ, ਜੋ ਲਹਿਰ ਜਾਂ ਸੰਸਥਾ, ਇਸ ਰੱਬ ਦੇ ਅਧੀਨ ਹੋ ਤੁਰੇ, ਉਸ ਦੀ ਰਜ਼ਾ ਦੀ ਪਾਲਣਾ ਕਰੇ, ਇਨ੍ਹਾਂ ਸਮਾਜਕ ਕੀਮਤਾਂ ਦਾ ਸਰੂਪ ਹੋ ਜਾਵੇ, ਉਹ ਰੱਬ ਦੀ ਸ਼ਕਤੀ ਦੀ ਵਾਰਿਸ ਹੁੰਦੀ ਹੈ। ਰੱਬ ਆਪਣੇ ਸੰਤਾਂ ਦੀ ਰੱਖਿਆ ਆਪ ਕਰਦਾ ਹੈ, ਸੰਤ ਜਾਗਦੇ ਹਨ

---

*ਵੇਖੋ ਲੇਖਕ ਦੀ ਪੁਸਤਕ : **ਗੁਰਬਾਣੀ ਦਾ ਸੱਚ**, ਸੇਧ ਪ੍ਰਕਾਸ਼ਨ, ਨਵੀਂ ਦਿਲੀ-੨੪



Digitized by Panjab Digital Library | www.panjabdigilib.org

(ਜਾਗਹਿ ਸੰਤ ਜਨਾ),ਲੋਕ-ਹਿੱਤ ਤੇ ਇਨਸਾਨੀਅਤ ਵਲੋਂ ਚੇਤਨ ਹੁੰਦੇ ਹਨ। ਉਹ ਅਜਿੱਤ ਹੁੰਦੇ ਹਨ, ਕਿਉਂਕਿ ਉਨ੍ਹਾਂ ਦੇ ਅੰਦਰ ਰੱਬ ਵੱਸਦਾ ਹੈ। ਉਨ੍ਹਾਂ ਨਾਮ ਗ੍ਰਹਿਣ ਕੀਤਾ ਹੁੰਦਾ ਹੈ। ਸੋ ਗੁਰੂ ਗੋਬਿੰਦ ਸਿੰਘ ਨੇ ਜੋ ਨਾਹਰਾ ਖ਼ਾਲਸੇ ਦੀ ਹਰ ਮੈਦਾਨ ਫ਼ਤਹ ਦਾ ਦਿੱਤਾ ਉਸ ਦੀਆਂ ਅਸਲ ਜੜ੍ਹਾਂ ਸਿੱਖੀ ਦੇ ਰੱਬ ਦੇ ਸੰਕਲਪ ਤੇ ਗੁਰਮੁਖ ਦੇ ਉਸ ਨਾਲ ਰਿਸ਼ਤੇ ਵਿਚ ਹਨ। ਵਕਤ ਆਉਣ ਉਤੇ ਗੁਰੂ ਗੋਬਿੰਦ ਸਿੰਘ ਨੇ ਉਸੇ ਸੱਚ ਨੂੰ ਸੰਸਥਾਈ ਰੂਪ ਦਿੱਤਾ। ਗੁਰਬਾਣੀ ਵਿਚ ਚਿਤਰੇ ਰੂਪ ਦੇ ਪੇਸ਼ **'ਗੁਰਮੁਖ'** ਹੁਣ ਜਿਸਮਾਨੀ ਸ਼ਕਲ ਵਿਚ **'ਸਿੰਘ'** ਹੈ, ਜਮਾਤੀ ਰੂਪ ਵਿਚ **'ਖ਼ਾਲਸਾ'** ਹੈ। ਇਕ ਪਾਸੇ ਤੋਂ ਖ਼ਾਲਸਾ ਗੁਰਬਾਣੀ ਵਾਲਾ **'ਗੁਰਮੁਖ'** ਹੈ; ਦੂਜੇ ਪਾਸੇ ਤੋਂ ਉਸ ਉੱਤੇ ਉਸਾਰੀ ਹੈ, ਉਸ ਵਿਚ ਪ੍ਰਕਾਰਕ ਤਬਦੀਲੀ ਹੈ, ਤੁਰੀ ਆਉਂਦੀ ਨੀਂਹ ਉਤੇ ਨਵੀਂ ਹੋਂਦ ਹੈ। ਗੁਰੂ ਨਾਨਕ ਦਾ ਰੂਪ ਹੁਣ ਗੁਰੂ ਗੋਬਿੰਦ ਸਿੰਘ ਹੈ।

ਰੱਬ ਦੇ ਇਸ ਸੰਕਲਪ ਦੀ ਸ਼ਕਤੀ, ਇਸ ਦੇ ਲੋਕਾਂ ਨੂੰ ਵਿਸ਼ਵਾਸ ਦਿਵਾਉਣ ਦੀ ਸਮਰੱਥਾ ਇਸ ਦੇ ਸਪੱਸ਼ਟ, ਲੋਹੇ ਵਰਗੇ ਸੱਚ ਵਿਚ ਹੈ। ਸਮਾਜਕ ਤੌਰ ਉੱਤੇ ਰੱਬ ਦੇ ਐਸੇ ਸੰਕਲਪ ਵਿਚ ਜਾਨ ਉਸ ਵਕਤ ਹੀ ਪੈ ਸਕਦੀ ਸੀ ਜਦੋਂ ਸਮਾਜ ਵਿਚ ਲੋਕਾਂ ਆਪਣੇ ਹਿੱਤ ਦਾ ਪੈਂਤੜਾ ਵਜੂਦ ਵਿਚ ਲੈ ਆਂਦਾ ਹੋਵੇ। ਵੈਸੇ ਬਤੌਰ ਸੰਕਲਪ ਇਹ ਸਮਾਜ ਵਿਚ ਪਹਿਲੋਂ ਵੀ ਸੀ, ਪਰ ਉਸ ਵਕਤ ਇਹ ਐਸੀ ਲਹਿਰ ਨੂੰ ਜਨਮ ਦੇਣੋਂ ਅਸਮਰਥ ਸੀ। ਪੈਂਤੜੇ ਦੇ ਵਜੂਦ ਵਿਚ ਆਉਣ ਦਾ ਮਤਲਬ ਲੋਕਾਂ ਦਾ ਆਪਣੇ ਹਿੱਤ ਦੇ ਸੱਚ ਤੇ ਉਸ ਦੇ ਪ੍ਰਵੇਸ਼ ਕਰ ਜਾਣ ਵਿਚ ਪੂਰਨ ਵਿਸ਼ਵਾਸ ਹੈ। ਸਿੰਘ ਦੇ ਰੂਪ ਤੇ ਖ਼ਾਲਸੇ ਦੀ ਹਰ ਮੈਦਾਨ ਫਤਹ ਦਾ ਸੱਚ ਵਕਤ ਦੀ ਇਨਕਲਾਬੀ ਹਾਲਤ ਵਿਚ ਸੀ। ਹਰ ਇਨਕਲਾਬੀ ਨੂੰ ਅੰਦਰੋਂ ਅਸਲ ਵਿਚ ਚਿੱਟੇ ਦਿਨ ਵਾਂਗ ਚਾਨਣ ਹੁੰਦਾ ਹੈ ਕਿ ਪ੍ਰਚਲਤ, ਵਿਰੋਧੀ, ਆਰਥਕ ਸਮਾਜਕ ਫ਼ਾਰਮੇਸ਼ਨ ਵੇਖਣ ਨੂੰ ਕਿੰਨੀ ਵੀ ਪਹਾੜ ਲਗੇ, ਅੰਤ ਮੇਰੇ ਹਥੋਂ ਢਹਿ ਕੇ ਹੀ ਰਹੇਗੀ। ਇਹ ਵਿਸ਼ਵਾਸ ਸੱਚਾ ਹੁੰਦਾ ਹੈ। ਉੱਠਦੀ ਜਮਾਤ ਦਾ ਅਨੁਭਵ ਕਦਮ ਕਦਮ ਉੱਤੇ ਇਸ ਦੀ ਗਵਾਹੀ ਦੇਂਦਾ ਹੈ। ਹਾਲਾਤ ਇਸ ਦਾ ਹੁੰਗਾਰਾ ਭਰਦੇ ਹਨ। ਸਮਾਜਕ ਉਸਾਰੀ ਦਾ ਕਾਨੂੰਨ ਇਸ ਦੀ ਪੁਸ਼ਟੀ ਕਰੀ ਆਉਂਦਾ ਹੈ। ਇਹ ਵਿਸ਼ਵਾਸ ਸਮਕਾਲੀ ਸਮਾਜਕ ਚੇਤਨਤਾ ਦੇ ਰੂਪ ਰਾਹੀਂ ਪ੍ਰਗਟ ਹੁੰਦਾ ਹੈ। ਰੂਪ, ਰੱਬ ਦੀ ਰਜ਼ਾ ਵਾਲਾ ਧਾਰਣਾ ਹੈ। ਸੱਚ, ਹਾਲਾਤ ਦਾ ਹੁੰਦਾ ਹੈ। ਗੁਰੂ ਉਸ ਸੱਚ ਦਾ ਮਨੁੱਖੀ ਸਰੂਪ ਹੁੰਦਾ ਹੈ। ਸੋ ਹੁਕਮ ਗੁਰੂ ਦਾ ਹੁੰਦਾ ਹੈ। ਸਿੱਖ ਨੂੰ ਗੁਰੂ ਦੇ ਸ਼ਬਦ ਨਾਲ ਠੰਢ ਪੈਂਦੀ ਹੈ। ਉਹ ਉਸ ਨਾਲ ਸੰਤੁਸ਼ਟ ਹੁੰਦਾ ਹੈ। ਉਸ ਵਿਚ ਉਸ ਦਾ ਆਪਣਾ ਅਚੇਤ, ਅਰਧ-ਚੇਤਨ ਸਮਾਜਕ ਅਨੁਭਵ ਸਪੱਸ਼ਟ ਤੌਰ ਉੱਤੇ ਸਿਖਰ ਦੀ ਸੰਭਾਵਨਾ ਵਿਚ ਪ੍ਰਗਟ ਹੁੰਦਾ ਹੈ। ਆਪਣੇ ਆਪ ਨੂੰ ਸਿਖਰ ਦੀ ਸੰਭਾਵਨਾ ਦੇ ਰੂਪ ਵਿਚ ਪਾ ਕੇ ਸਿੱਖ ਦਾ ਗਿਆਨ ਵਧਦਾ ਹੈ, ਚੇਤਨਤਾ ਗਹਿਰੀ ਹੁੰਦੀ ਹੈ। ਕਪਾਟ ਖੁਲ੍ਹਦੇ ਹਨ।



Digitized by Panjab Digital Library | www.panjabdigilib.org

ਗੁਰੂ ਆਪਣੇ ਆਪ ਨੂੰ ਪਿਆ ਮਨੁੱਖ ਆਖੇ, ਨੀਚ ਜਾਤ ਦਾ ਆਖੇ ਪਰ ਉਹ ਦਿਲਾਂ ਦੀਆਂ ਬੁਝਦਾ ਹੈ । ਜਾਣੀ ਜਾਣ ਹੁੰਦਾ ਹੈ। ਹਾਲਾਤ ਪ੍ਰਕਾਰਕ ਤਬਦੀਲੀ ਦੇ ਕੰਢੇ ਉੱਤੇ ਹੁੰਦੇ ਹਨ। ਸਦੀਆਂ ਦੇ ਸਫ਼ਰ ਦੇ ਘੜੀਆਂ ਵਿਚ ਹੁੰਦੇ ਦਾ ਅਨੁਭਵ ਹੁੰਦਾ ਹੈ । ਗੁਰੂ ਜੋ ਬੋਲਦਾ ਹੈ, ਰੱਬ ਬੁਲਾਉਂਦਾ ਹੈ; ਜੋ ਕਰਦਾ ਹੈ, ਕਰਾਮਾਤ ਹੁੰਦੀ ਹੈ । ਸਾਹਮਣੇ ਹੁੰਦੀ ਹੈ, ਸਪੱਸ਼ਟ ਹੁੰਦੀ ਹੈ । ਧੋਬੀ, ਨਾਈ, ਹਲਵਾਈ ਉੱਠ ਕੇ ਖੱਬੀਖ਼ਾਨਾਂ ਨੂੰ ਮੈਦਾਨਿ-ਜੰਗ ਵਿਚ ਵੰਗਾਰਦੇ ਹਨ, ਉਨ੍ਹਾਂ ਦੀਆਂ ਧੌਣਾਂ ਉੱਤੇ ਲੱਤ ਦੇਂਦੇ ਹਨ, ਪਿਛੇ ਵੱਢਦੇ ਹਨ । ਸ਼ਾਹੀ ਲਸ਼ਕਰ ਕੰਬਦੇ ਹਨ । ਸਲਤਨਤਾਂ ਹਿਲਦੀਆਂ ਹਨ, ਸਾਹਮਣੇ ਭਵਿੱਖ ਵਿਚ ਪੈਰਾਂ ਉੱਤੇ ਡਿਗਦੀਆਂ ਦਿਸਦੀਆਂ ਹਨ । ਗੁਰੂ, ਗਿੱਦੜਾਂ ਤੋਂ ਸ਼ੇਰ ਸਾਹਮਣੇ ਬਣਾਉਂਦਾ ਹੈ । ਚਿੜੀਆਂ ਤੋਂ ਬਾਜ ਪ੍ਰਤੱਖ ਤੁੜਾਉਂਦਾ ਹੈ, ਸਵਾ ਲੱਖ ਨਾਲ ਇਕ ਲੜਾਉਂਦਾ ਹੈ । ਉਹ ਪਿਆ ਆਖੇ, ਕਰਾਮਾਤ ਨਾਮ ਕਹਿਰ ਦਾ ਹੈ, ਪਰ ਉਹ ਸਰਬ-ਕਲਾ ਸੰਪੂਰਨ ਕਿਸ ਤਰ੍ਹਾਂ ਨਾ ਲਗੇ ? 'ਪਰਮ ਪੁਰਖ ਕੋ ਦਾਸਾ' ਕਿਵੇਂ ਨਾ ਭਾਸੇ ? ਜਦੋਂ ਗੁਰੂ ਆਪ ਖ਼ਾਲਸੇ ਦੀ ਹਰ ਮੈਦਾਨ ਫ਼ਤਹ ਦੀ ਥਾਪੀ ਖ਼ਾਲਸੇ ਨੂੰ ਦੇਵੇ ਤਾਂ ਖ਼ਾਲਸੇ ਨੂੰ ਉਸ ਵਿਚ ਵਿਸ਼ਵਾਸ ਕਿਸ ਤਰ੍ਹਾਂ ਨਾ ਆਵੇ ? ਉਹ ਸਰਬ-ਸ਼ਕਤੀਮਾਨ ਰੱਬ ਨੂੰ ਆਪਣੇ ਵਿਚ ਕਿਵੇਂ ਨਾ ਸਮਝੇ ? ਉਸ ਨੂੰ ਆਪਣੇ ਅੰਗ ਸੰਗ ਕਿਉਂ ਨਾ ਮਹਿਸੂਸ ਕਰੇ, ਆਪਣੀ ਹਰ ਮੈਦਾਨ ਫ਼ਤਹ ਨੂੰ ਰੱਬ ਦੀ ਰਜ਼ਾ ਕਿਸ ਤਰ੍ਹਾਂ ਨਾ ਮੰਨੇ ? ਖ਼ਾਲਸੇ ਦੀ ਚੜ੍ਹਦੀ ਕਲਾ ਕਿਵੇਂ ਨਾ ਹੋਵੇ ?

ਰੱਬ ਤੋਂ ਉਤਰ ਕੇ ਸਿੱਖੀ ਵਿਚ **ਗੁਰੂ** ਦੀ ਸੰਸਥਾ ਹੈ । ਬਾਣੀ ਵਿਚ ਗੁਰੂ ਸ਼ਬਦ ਕਈ ਥਾਈਂ ਰੱਬ ਵਾਸਤੇ ਵੀ ਆਉਂਦਾ ਹੈ । ਗੁਰੂ ਦਾ ਮਤਲਬ ਹਰ ਕੋਈ ਗੁਰੂ ਨਹੀਂ । ਸਿਰਫ਼ ਉਹ ਹੀ ਗੁਰੂ ਹਨ ਜਿਨ੍ਹਾਂ ਨੂੰ ਗੁਰੂ ਨਾਨਕ ਦੇਵ ਦੇ ਘਰੋਂ ਗੁਰਿਆਈ ਮਿਲੀ । ਅੰਤ ਵਿਚ ਗੁਰਿਆਈ ਗੁਰੂ ਗ੍ਰੰਥ ਸਾਹਿਬ ਨੂੰ ਮਿਲੀ । ਇਸ ਵਕਤ ਗੱਦੀ ਉਤੇ ਉਹੀ ਗੁਰੂ ਬਿਰਾਜਮਾਨ ਹੈ । ਗੁਰਬਾਣੀ ਦਾ ਮਤਲਬ ਗੁਰੂ ਦਾ ਮੁੱਖਵਾਕ ਹੈ : ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ ॥ ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ ॥

ਗੁਰੂ ਦਾ ਮਤਲਬ ਗੁਰੂ ਦਾ ਜਿਸਮ ਨਹੀਂ । ਜੇ ਇਹ ਹੁੰਦਾ ਤਾਂ ਗੁਰੂ ਗ੍ਰੰਥ ਸਾਹਿਬ ਨੂੰ ਗੱਦੀ ਨਹੀਂ ਸੀ ਸੌਂਪੀ ਜਾ ਸਕਦੀ । ਗੁਰੂ ਦਾ ਮਤਲਬ ਗੁਰੂ ਦੀ ਜੋਤ ਹੈ, ਜੋ ਇਕ ਤੋਂ ਦੂਜੇ, ਦੂਜੇ ਤੋਂ ਤੀਜੇ ਤੇ ਅੱਗੋਂ ਦੱਸਾਂ ਤਕ ਚੱਲੀ ਅਤੇ ਹੁਣ ਗੁਰੂ ਗ੍ਰੰਥ ਸਾਹਿਬ ਵਿਚ ਹੈ । ਸਿੱਖ ਦੀ ਪੂਰਨ ਅਧੀਨਗੀ ਰੱਬ ਅੱਗੇ ਹੈ । ਪਰ ਰੱਬ ਦੀ ਰਜ਼ਾ ਪ੍ਰਗਟ ਗੁਰੂ ਰਾਹੀਂ ਹੁੰਦੀ ਹੈ । ਗੁਰੂ ਦਾ ਮੁੱਖ ਵਾਕ ਧੁਰ ਦੀ, ਖ਼ਸਮ ਦੀ ਬਾਣੀ ਹੈ । ਸੋ ਸਿੱਖ ਦੀ ਜਿੰਨੀ ਰੱਬ ਅੱਗੇ ਪੂਰਨ ਅਧੀਨਗੀ ਸੀ, ਉਨੀ ਹੀ ਗੁਰੂ ਅੱਗੇ ਹੈ । ਸਿੱਖ ਦੀ ਗਤੀ ਉਸ ਦੀ ਆਪਣੀ ਮਰਜ਼ੀ ਦੇ ਮਾਰਨ ਵਿਚ, ਤੇ ਗੁਰੂ ਦੀ ਮਰਜ਼ੀ ਦੇ ਸਰੂਪ ਹੋਣ ਵਿਚ ਹੈ । ਗੁਰੂ ਦੇ ਹੁਕਮ ਅੱਗੇ ਅਧੀਨਗੀ ਅਖ਼ੀਰ ਤਕ ਹੈ । ਤਨ, ਮਨ, ਧਨ, ਸਭ ਗੁਰੂ ਦਾ ਹੈ :



Digitized by Panjab Digital Library | www.panjabdigilib.org

ਉਸ ਦੇ ਹਵਾਲੇ ਹੈ। ਗੁਰੂ ਨੂੰ ਪਿਆਰ ਦਾ ਮਤਲਬ, ਸਿਰ ਤਲੀ ਉੱਤੇ ਰੱਖ ਕੇ ਆਪਣਾ ਆਪ ਉਸ ਦੇ ਅਰਪਣ ਕਰਨਾ ਹੈ। ਗੁਰੂ, ਰੱਬ ਅਤੇ ਬੰਦੇ ਦੇ ਦਰਮਿਆਨ ਮਾਧਿਅਮ ਹੈ। ਇਸ ਤੋਂ ਬਗ਼ੈਰ ਰੱਬ ਵੱਲ ਨੂੰ ਕੋਈ ਰਾਹ ਨਹੀਂ ਜਾਂਦਾ। ਗੁਰੂ ਦੀ ਚੋਣ ਸਿੱਖ ਉੱਤੇ ਮੁਨਹੱਸਰ ਨਹੀਂ। ਉਹ ਚੋਣ ਹੋ ਚੁੱਕੀ ਹੈ। ਗੱਦੀ ਉੱਤੇ ਬੈਠਾ ਗੁਰੂ ਹੀ ਅਗਲੇ ਨੂੰ ਚੁਣਦਾ ਹੈ। ਗੱਦੀ ਉਤੇ ਬੈਠਾ ਗੁਰੂ ਹੀ ਲਹਿਰ ਦਾ ਮਜ਼੍ਹਬੀ, ਸਮਾਜਕ-ਸਿਆਸੀ, ਗੱਲ ਕੀ ਸਾਰੀ ਜ਼ਿੰਦਗੀ ਦਾ ਵਾਹਿਦ ਲੀਡਰ ਹੈ।

ਗੁਰੂ ਦੇ ਨਾਲ ਹੀ ਸਿੱਖੀ ਵਿਚ **ਨਾਮ** ਅਤੇ **ਸ਼ਬਦ** ਹਨ। ਨਾਮ ਕਈ ਵੇਰ ਰੱਬ ਵਾਸਤੇ ਵੀ ਆਉਂਦਾ ਹੈ। ਜ਼ਿਆਦਾ ਵਰਤੋਂ ਰੱਬ ਦੇ ਕਿਸੇ ਰੂਪ ਵਿਚ ਪ੍ਰਗਟ ਹੋਣ ਦੀ ਪ੍ਰਥਾ ਹੈ, ਬਾਣੀ ਵਿਚ ਪ੍ਰਗਟ ਸੱਚ ਅਤੇ ਬਾਣੀ ਵਿਚ ਪ੍ਰਗਟ ਸੱਚ ਦੇ ਮਨੁੱਖੀ ਹਿਰਦੇ ਵਿਚ ਪ੍ਰਵੇਸ਼ ਵਾਸਤੇ। ਇਸ ਤਰ੍ਹਾਂ ਹੀ ਸ਼ਬਦ ਗੁਰੂ ਦਾ ਮੁੱਖ ਵਾਕ ਹੈ, ਖ਼ਸਮ ਦੀ ਬਾਣੀ ਹੈ, ਜੋ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਸ਼ਬਦ ਤੇ ਗੁਰੂ ਅਭੇਦ ਹਨ। ਇਸ ਵਾਸਤੇ ਹੀ ਅੰਤ ਵਿਚ ਗੁਰੂ ਗ੍ਰੰਥ ਸਾਹਿਬ ਨੂੰ ਗੱਦੀ ਸੌਂਪੀ ਗਈ। ਇਹ ਸਿਰਫ਼ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਹੀ ਨਹੀਂ ਕੀਤਾ। ਗੁਰੂ ਅਰਜਨ ਦੇਵ ਸਾਹਿਬ ਨੇ ਬੀੜ ਤਿਆਰ ਕਰਵਾਈ ਅਤੇ ਉਸ ਦੀ ਤਾਬਿਆ ਬੈਠੇ। ਸੋ ਸਿੱਖ ਦੀ ਰੱਬ ਅੱਗੇ ਪੂਰਨ ਅਧੀਨਗੀ, ਗੁਰੂ ਨੂੰ ਪੂਰਨ ਅਧੀਨਗੀ ਹੈ। ਇਹ ਨਾਮ ਦਾ ਸਰੂਪ ਬਣਨਾ ਹੈ। ਨਾਮ ਨੂੰ ਹਿਰਦੇ ਵਿਚ ਵਸਾਉਣਾ ਹੈ। ਹਿਰਦਾ, ਸ਼ਬਦ ਰਾਹੀਂ ਸੁਚੇਤ ਹੁੰਦਾ ਹੈ। ਸ਼ਬਦ ਨੂੰ ਮਨ ਵਿਚ ਵਸਾਉਣ ਨਾਲ ਮਨ ਦੀ ਮੈਲ ਸਾਫ਼ ਹੁੰਦੀ ਹੈ। ਇਸ ਵਾਸਤੇ ਹੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਸ਼ਬਦ ਹੈ, ਨਾਮ ਹੈ, ਗੁਰੂ ਹੈ। ਗੁਰੂ ਰਾਮ ਦਾਸ ਜੀ ਕਹਿੰਦੇ ਹਨ : 'ਗੁਰੁ ਗੋਵਿੰਦੁ ਗੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ'। ਗੁਰੂ, ਖ਼ਸਮ ਦੀ ਬਾਣੀ ਨੂੰ ਮਨੁੱਖ ਤਕ ਪਹੁੰਚਾਉਣ ਦਾ ਮਾਧਿਅਮ ਹੈ। ਇਸ ਤਰ੍ਹਾਂ ਹੀ ਗੁਰੂ ਆਪ ਵੀ ਜਲੰਦੇ ਜਗਤ ਨੂੰ ਬਚਾਉਣ ਵਾਸਤੇ ਰੱਬ ਦਾ ਘੱਲਿਆ ਆਇਆ ਹੈ। ਖ਼ਾਲਸੇ ਦੀ ਸਾਜਨਾ ਵੀ ਉਸੇ ਦੇ ਹੁਕਮ ਦੀ ਪਾਲਣਾ ਹੈ। ਹਾਲਾਤ, ਇਕ ਪਾਸੇ ਤੋਂ ਸਮਾਜ ਵਿਚ ਮਸਲੇ ਖੜੇ ਕਰਦੇ ਹਨ ਅਤੇ ਦੂਜੇ ਪਾਸੇ ਤੋਂ ਸਮਾਜਕ ਵੇਗ ਉਸ ਨੂੰ ਮੁਖ਼ਾਤਿਬ ਹੋਣ ਵਾਸਤੇ ਮਨੁੱਖੀ ਅੰਗ ਉਸਾਰਦਾ ਹੈ। ਇਤਿਹਾਸਿਕ ਵਿਅਕਤੀ ਸਮਾਜਕ ਉਸਾਰੀ ਦੇ ਕਾਨੂੰਨ ਦੀ ਪੈਦਾਵਾਰ ਹੁੰਦਾ ਹੈ ਅਤੇ ਪੇਸ਼ ਮਸਲੇ ਦੇ ਹੱਲ ਦਾ ਸਰੂਪ। ਸਵਾਲ ਸਮਾਜਕ ਸੱਚ ਦੇ ਵੱਖ ਵੱਖ ਰੂਪਾਂ ਵਿਚ ਪ੍ਰਗਟ ਹੋਣ ਦਾ ਹੈ। **ਗੁਰੂ ਗੋਬਿੰਦ ਸਿੰਘ** ਜੀ ਕਹਿੰਦੇ ਹਨ :

ਜੋ ਹਮ ਕੋ ਪਰਮੇਸਰ ਉਚਰਿ ਹੈਂ ਤੇ ਸਭ ਨਰਕ ਕੁੰਡ ਮਹਿ ਪਰਿ ਹੈਂ। ਮੋ ਕੋ ਦਾਸ ਤਵਨ ਕਾ ਜਾਨੋ ਯਾ ਮੈਂ ਭੇਦ ਨ ਰੰਚ ਪਛਾਨੋ। ਮੈਂ ਹੋਂ ਪਰਮ ਪੁਰਖ ਕੋ ਦਾਸਾ ਦੇਖਨ ਆਯੋ ਜਗਤ ਤਮਾਸਾ। ਜੋ ਪ੍ਰਭ ਜਗਤ ਕਹਾ ਸੋ ਕਹਿ ਹੋਂ ਮ੍ਰਿਤ ਲੋਗ ਤੇ ਮੋਨ ਨ ਰਹਿ ਹੋਂ। **ਗੁਰੂ ਰਾਮਦਾਸ** ਜੀ ਫੁਰਮਾਉਂਦੇ ਹਨ : ਸਮੁੰਦੁ ਵਿਰੋਲਿ ਸਰੀਰੁ ਹਮ



Digitized by Panjab Digital Library | www.panjabdigilib.org

ਦੇਖਿਆ ਇਕ ਵਸਤੁ ਅਨੂਪ ਦਿਖਾਈ। ਗੁਰੁ ਗੋਵਿੰਦੁ ਗੋਵਿੰਦੁ ਗੁਰੂ ਹੈ ਨਾਨਕ ਭੇਦ ਨ ਭਾਈ। **ਗੁਰੂ ਅਰਜਨ ਦੇਵ** ਸਾਹਿਬ ਬਿਆਨ ਕਰਦੇ ਹਨ : ਬ੍ਰਹਮ ਗਿਆਨੀ ਸਭ ਸ੍ਰਿਸਟਿ ਕਾ ਕਰਤਾ ਬ੍ਰਹਮ ਗਿਆਨੀ ਸਦ ਜੀਵੈ ਨਹੀ ਮਰਤਾ। ਬ੍ਰਹਮ ਗਿਆਨੀ ਮੁਕਤਿ ਜੁਗਤਿ ਜੀਅ ਕਾ ਦਾਤਾ ਬ੍ਰਹਮ ਗਿਆਨੀ ਪੂਰਨ ਪੁਰਖੁ ਬਿਧਾਤਾ। ਬ੍ਰਹਮ ਗਿਆਨੀ ਅਨਾਥ ਕਾ ਨਾਥੁ ਬ੍ਰਹਮ ਗਿਆਨੀ ਕਾ ਸਭ ਊਪਰਿ ਹਾਥੁ। ਬ੍ਰਹਮ ਗਿਆਨੀ ਕਾ ਸਗਲ ਅਕਾਰ ਬ੍ਰਹਮ ਗਿਆਨੀ ਆਪਿ ਨਿਰੰਕਾਰੁ।*

ਸਿੱਖ ਲਹਿਰ ਤੁਰੀ ਸੀ ਰੱਬ ਤੇ ਗੁਰੂ ਅੱਗੇ ਸਿੱਖ ਦੀ ਪੂਰਨ ਅਧੀਨਗੀ ਤੋਂ ਅਤੇ ਪਹੁੰਚ ਗਈ ਉਸ ਸਟੇਜ 'ਤੇ ਜਦੋਂ ਸਿੱਖ ਗੁਰੂ ਦਾ ਸਰੂਪ ਹੋ ਗਿਆ; ਬਲਕਿ ਇਸ ਤੋਂ ਵੀ ਅਗੇ, ਗੁਰੂ ਸੰਗਤ ਦੇ ਅਧੀਨ ਹੋ ਗਿਆ। ਸੰਗਤ ਇੱਕੀ ਹਿੱਸੇ ਤੇ ਗੁਰੂ ਵੀਹ ਹਿੱਸੇ। ਅਤੇ ਬ੍ਰਹਮ ਗਿਆਨੀ ਆਪਿ ਨਿਰੰਕਾਰ। ਇਹ ਗੱਲ ਸਿਰਫ ਕਹਿਣ ਦੀ ਹੀ ਨਹੀਂ। ਗੁਰੂ ਅਰਜਨ ਨੇ ਦਿੱਲੀ ਦੀ ਸੰਗਤ ਦੇ ਆਖੇ ਦੀ ਪਾਲਣਾ ਕੀਤੀ ਸੀ। ਮਹਿੰਗੀ ਕੀਮਤ ਦਿੱਤੀ ਸੀ। ਗੁਰੂ ਹਰਿਗੋਬਿੰਦ ਨੇ ਵੀ ਕਿਹਾ ਸੀ ਕਿ ਜੋ ਸਿੱਖ ਗੁਰੂ ਦਾ ਨਾਂ ਲੈ ਕੇ ਆਵੇ ਉਸ ਨੂੰ ਗੁਰੂ ਸਮਝੋ। ਸਿੱਖਾਂ ਨੇ ਉਨ੍ਹਾਂ ਦੇ ਹੁਕਮ ਦੀ ਪਾਲਣਾ ਕੀਤੀ ਸੀ। ਗੁਰੂ ਗੋਬਿੰਦ ਸਿੰਘ ਨੇ ਖ਼ਾਲਸੇ ਨੂੰ ਅਮਲੀ ਤੌਰ ਉਤੇ ਆਪਣਾ ਰੂਪ ਬਣਾ ਲਿਆ ਸੀ। ਸਾਰੀ ਸਿੱਖੀ ਰਵਾਇਤ ਅਤੇ ਸਭ ਗੁਰੂ ਸਾਹਿਬਾਨ ਦੇ ਕਹਿਣ ਅਤੇ ਕਰਨ ਮੁਤਾਬਿਕ ਹਿਰਦੇ ਵਿਚ ਨਾਮ ਗ੍ਰਹਿਣ ਕਰੀ ਬੈਠੇ ਸਿੱਖ ਅਤੇ ਗੁਰੂ ਵਿਚ ਕੋਈ ਭਿੰਨ ਭੇਦ ਨਹੀਂ।

ਗੁਰੂ ਤੇ ਰੱਬ ਦੇ ਰਿਸ਼ਤੇ ਬਾਬਤ ਵੇਖਣ ਨੂੰ ਪੁਜ਼ੀਸ਼ਨ ਸ੍ਵੈ-ਵਿਰੋਧੀ ਲਗਦੀ ਹੈ। ਗੁਰੂ ਰਾਮਦਾਸ ਜੀ ਕਹਿੰਦੇ ਹਨ ਕਿ ਗੁਰੂ ਤੇ ਰੱਬ ਵਿਚ ਕੋਈ ਭੇਦ ਨਹੀਂ। ਗੁਰੂ ਅਰਜਨ ਸਾਹਿਬ ਦੱਸਦੇ ਹਨ ਕਿ ਬ੍ਰਹਮ ਗਿਆਨੀ ਆਪ ਨਿਰੰਕਾਰ ਹੈ, ਪਰ ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ ਕਿ ਜੋ ਮੈਨੂੰ ਰੱਬ ਸਮਝੇਗਾ ਉਹ ਨਰਕ ਵਿਚ ਜਾਵੇਗਾ। ਪਰ ਅਸਲ ਵਿਚ ਇਸ ਰਿਸ਼ਤੇ ਬਾਬਤ ਵੀ ਕੋਈ ਵਿਰੋਧ ਨਹੀਂ। ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ ਇਹ ਕਹਿੰਦੇ ਹਨ ਤਾਂ ਉਨ੍ਹਾਂ ਦਾ ਮਤਲਬ ਇਹ ਹੈ ਕਿ ਜੋ ਪੰਜ ਤੱਤ ਦੇ ਪੁਤਲੇ ਨੂੰ, ਉਨ੍ਹਾਂ ਦੇ ਸਰੀਰ ਨੂੰ, ਜਿਸ ਨੂੰ ਗੋਬਿੰਦ ਸਿੰਘ ਕਿਹਾ ਜਾਂਦਾ ਸੀ, ਰੱਬ ਸਮਝੇਗਾ ਉਹ ਘੋਰ ਗ਼ਲਤੀ ਕਰੇਗਾ। ਗੁਰੂ ਜੋਤ ਦਾ ਨਾਂ ਹੈ ਜੋ ਸਭ ਗੁਰੂ ਸਾਹਿਬਾਨ ਵਿਚ ਇਕ ਹੀ ਸੀ।

---

* ਖਾਲਸਾ ਮੇਰੋ ਰੂਪ ਹੈ ਖਾਸ ॥ ਖਾਲਸੇ ਮਹਿ ਹੌਂ ਕਰੌਂ ਨਿਵਾਸ ॥ ਖਾਲਸਾ ਮੇਰੋ ਮੁਖ ਹੈ ਅੰਗਾ ॥ ਖਾਲਸੇ ਕੇ ਹੌਂ ਸਦ ਸਦ ਸੰਗਾ ॥
ਖਾਲਸਾ ਮੇਰੋ ਪਿੰਡ ਪਰਾਨ ॥ ਖਾਲਸਾ ਮੇਰੀ ਜਾਨ ਕੀ ਜਾਨ ॥
ਖਾਲਸਾ ਅਕਾਲ ਪੁਰਖ ਦੀ ਫੌਜ ॥ ਪ੍ਰਗਟਿਓ ਖਾਲਸਾ ਪ੍ਰਮਾਤਮਾ ਕੀ ਮੌਜ ॥



Digitized by Panjab Digital Library | www.panjabdigilib.org

ਉਹ ਰੱਬ ਦਾ ਸਰੂਪ ਹੈ, ਰੱਬ ਹੈ। ਉਸ ਅਤੇ ਰੱਬ ਵਿਚ ਕੋਈ ਭੇਦ ਨਹੀਂ। ਜਦੋਂ ਗੁਰੂ ਅਰਜਨ ਸਾਹਿਬ 'ਬ੍ਰਹਮ ਗਿਆਨੀ ਸਦ ਜੀਵੈ ਨਹੀਂ ਮਰਤਾ' ਕਹਿੰਦੇ ਹਨ ਤਾਂ ਉਨ੍ਹਾਂ ਦਾ ਮਤਲਬ ਵੀ ਬ੍ਰਹਮ ਗਿਆਨੀ ਦੇ ਦਰਜੇ 'ਤੇ ਪਹੁੰਚੇ ਬੰਦੇ ਦੇ ਸਰੀਰ ਤੋਂ ਨਹੀਂ, ਉਸ ਦੀ ਅੰਦਰਲੀ ਜੋਤ ਤੋਂ ਹੈ। ਗੱਲ ਇਹ ਨਾਮ ਦੇ ਹਿਰਦੇ ਵਿਚ ਵੱਸਣ ਦੀ, ਬੰਦੇ ਦੇ ਨਾਮ ਦਾ ਸਰੂਪ ਹੋਣ ਦੀ ਹੈ। ਜੇ ਅੱਜ ਦੀ ਸਾਧਾਰਣ ਬੋਲੀ ਵਿਚ ਕਹੀਏ ਤਾਂ ਗੱਲ **ਸੱਚ ਦੀ ਹੈ, ਸੱਚ ਦੇ ਹਿਰਦੇ ਵਿਚ ਪ੍ਰਵੇਸ਼ ਦੀ ਹੈ, ਉਸ ਦਾ ਸਰੂਪ ਹੋਣ ਦੀ** ਹੈ। ਜੇ ਇਸ ਨੂੰ ਮਨੁੱਖੀ ਆਚਰਣ, ਚਲਨ ਦੇ ਰੂਪ ਵਿਚ ਕਹਿਣਾ ਹੋਵੇ ਤਾਂ ਇਹ ਇਨਸਾਨੀਅਤ ਹੈ। ਜੇ ਇਸ ਨੂੰ ਸਿਆਸੀ ਬੋਲੀ ਵਿਚ ਬੋਲਣਾ ਹੋਵੇ ਤਾਂ ਇਹ ਲੋਕ-ਹਿੱਤ ਹੈ। ਜੇ ਸਮਾਜਕ ਬਣਤਰ ਦੀ ਸ਼ਕਲ ਵਿਚ ਪ੍ਰਗਟਾਉਣਾ ਹੋਵੇ ਤਾਂ ਇਹ ਮਨੁੱਖੀ ਬਰਾਦਰੀ ਹੈ, ਸੰਗਤ ਹੈ। ਨਾਲ ਗੁਰੂ ਦਾ ਲੰਗਰ ਹੈ, ਸਮਾਜਕ ਪੈਦਾਵਾਰ ਦੀ ਵੰਡ ਮਨੁੱਖੀ ਲੋੜ ਦੀ ਬਿਨਾ ਉਤੇ ਹੈ। 'ਦੇਗ ਤੇਗ ਜਗ ਮੈ ਦੋਊ ਚਲੈ ॥ ਰਾਖ ਆਪ ਮੋਹਿ ਅਵਰ ਨ ਦਲੈ' ॥

ਲੋਕ-ਹਿੱਤ ਲੱਖਾਂ ਕਰੋੜਾਂ ਮਹਿਕੂਮਾਂ ਦਾ ਹਿੱਤ ਹੈ। ਇਨ੍ਹਾਂ ਮਜ਼ਲੂਮਾਂ ਦਾ ਜ਼ੁਲਮ, ਜਬਰ ਦੇ ਖ਼ਿਲਾਫ਼ ਸ੍ਰਿਸ਼ਟੀ ਉਤੇ ਸੁਟਿਆ ਹੋਇਆ ਜਜ਼ਬਾ, ਰੱਬ ਹੈ। ਚੂੰਕਿ ਲੱਖਾਂ ਕਰੋੜਾਂ ਦਾ ਹੈ, ਇਸ ਵਾਸਤੇ ਸਮੂਹੀ ਹੈ। ਚੂੰਕਿ ਵਿਅਕਤੀ ਤੋਂ ਬਾਹਰ ਹੈ, ਮਹਾਨ ਹੈ, ਸਰਬ-ਵਿਆਪਕ ਹੈ। ਇਸ ਲਈ ਵਿਅਕਤੀ ਨਹੀਂ ਕਹਿ ਸਕਦਾ ਕਿ ਉਹ ਮੈਂ ਹਾਂ। ਵਿਅਕਤੀ ਉਸ ਦਾ ਪ੍ਰਤਿਨਿਧ, ਉਸ ਦਾ ਅੰਗ, ਉਸ ਦਾ ਵਾਸ ਹੈ। ਪਰ ਉਹ ਜਜ਼ਬਾ ਮਨੁੱਖਾਂ ਦੇ ਦਿਲ ਵਿਚ ਵੱਸਦਾ ਹੈ। ਜਦੋਂ ਕੋਈ ਵਿਅਕਤੀ ਉਸ ਦਾ ਸਰੂਪ ਹੋਵੇ, ਜੋ ਬੋਲੇ, ਜੋ ਕਰੇ ਉਸ ਵਿਚ ਉਹੀ ਹਿੱਤ, ਉਹੀ ਜਜ਼ਬਾ ਵਿਕਾਸ ਵਿਚ ਆਵੇ ਤਾਂ ਉਹ ਗੁਰੂ ਹੈ। ਜਦੋਂ ਗੁਰੂ ਦੀ ਸਿੱਖਿਆ ਨਾਲ ਕੋਈ ਆਮ ਵਿਅਕਤੀ ਸ਼ਬਦ ਵਿਚ ਲੀਨ ਹੋ ਕੇ ਸ਼ਬਦ ਦਾ ਸਰੂਪ ਹੋ ਜਾਵੇ, ਅਸਲਿਓਂ ਉਹ ਵੀ ਗੁਰੂ ਦਾ ਰੂਪ ਹੁੰਦਾ ਹੈ। ਆਪ ਪਰਮੇਸ਼ਰ ਹੁੰਦਾ ਹੈ। ਆਪਣੇ ਸਮਾਜਕ-ਸਿਆਸੀ ਕਰਮ ਵਿਚ ਲੋਕ-ਹਿੱਤ ਦਾ ਸੰਦ ਹੁੰਦਾ ਹੈ। ਸੋ ਰੱਬ, ਗੁਰੂ, ਨਾਮ, ਸ਼ਬਦ, ਬ੍ਰਹਮ ਗਿਆਨੀ, ਸੰਤ, ਗੁਰਮੁਖ, ਸੰਗਤ, ਖ਼ਾਲਸਾ ਅਤੇ ਸਿੱਖ ਮਨੁੱਖੀ ਅਸਲਿਓਂ, ਸਮਾਜਕ-ਸਿਆਸੀ ਅਕੀਦਿਓਂ, ਕਰਮੋਂ ਇੱਕੋ ਹੀ ਹਨ। ਗੁਰਬਾਣੀ ਵਿਚ ਚਰਚਾ ਰੱਬ ਦੀ ਹੈ। **ਰੱਬ ਦਾ ਚਿਤਰ ਲੋਕ-ਹਿੱਤੀ ਸਟੇਟ ਦਾ ਅਕਸ** ਹੈ। ਗੁਰੂ ਨਾਨਕ ਨੇ ਸ਼ੁਰੂ ਤੋਂ ਜੋ ਰੱਬ ਦੇ ਚਿਤਰ ਰਾਹੀਂ ਪ੍ਰਗਟ ਕੀਤਾ, ਗੁਰੂ ਗੋਬਿੰਦ ਸਿੰਘ ਨੇ ਉਹੋ ਅਮਲੀ ਤੌਰ ਉਤੇ ਕੀਤਾ।

ਗੁਰੂ ਸਾਹਿਬ ਨੇ ਰਾਜ ਖ਼ਾਲਸੇ ਨੂੰ ਬਖ਼ਸ਼ਿਆ ਹੈ, ਗ਼ਰੀਬਾਂ ਨੂੰ ਨਹੀਂ, ਲੋਕਾਂ ਨੂੰ ਨਹੀਂ। ਇਹ ਗੱਲ ਖ਼ਾਸ ਨੋਟ ਕਰਨ ਵਾਲੀ ਹੈ। ਗ਼ਰੀਬ ਹੋਣਾ, ਜਾਂ ਗ਼ਰੀਬਾਂ, ਕਿਸਾਨਾਂ ਜਾਂ ਦੂਜੀਆਂ ਮੇਹਨਤਕਸ਼ ਜਮਾਤਾਂ ਦੇ ਘਰ ਜੰਮ ਪੈਣ ਦਾ ਲਾਜ਼ਮੀ ਮਤਲਬ ਇਹ ਨਹੀਂ



Digitized by Panjab Digital Library | www.panjabdigilib.org

ਹੁੰਦਾ ਕਿ ਬਦਾ ਆਪਣੇ ਸਮਾਜਕ-ਸਿਆਸੀ ਕਰਮ ਵਿਚ ਲੋਕ-ਹਿੱਤੀ ਹੈ। ਜੇ ਲੋਕਾਂ ਦੇ ਘਰ ਦਾ ਜਨਮ ਹੀ ਬੰਦੇ ਨੂੰ ਲੋਕ-ਹਿੱਤੀ ਬਣਾ ਸਕਦਾ ਹੁੰਦਾ ਤਾਂ ਲੋਕ ਸਾਰੇ ਹੀ ਲੋਕ-ਹਿੱਤ ਵਾਲੇ ਹੁੰਦੇ। ਉਨ੍ਹਾਂ ਵਿਚ ਕੋਈ ਮਨਮੁਖ ਹੋ ਹੀ ਨਾ ਸਕਦਾ। ਜੇ ਇਉਂ ਹੁੰਦਾ ਤਾਂ ਜਮਾਤੀ ਸਮਾਜ ਚਲ ਹੀ ਨਾ ਸਕਦਾ। ਪਰ ਜਮਾਤੀ ਸਮਾਜ ਚਲਦਾ ਆਇਆ ਹੈ ਤੇ ਅੱਜ ਵੀ ਚਲਦਾ ਹੈ। ਅਸਲ ਗੱਲ ਇਹ ਹੈ ਕਿ ਜਮਾਤੀ ਸਮਾਜ ਵਿਚ ਲੋਕ-ਹਿੱਤੀ ਹੋਣਾ ਖ਼ਾਲਾ ਜੀ ਦਾ ਵਾੜਾ ਨਹੀਂ। ਹਾਕਮ ਜਮਾਤਾਂ ਦੇ ਸਮਾਜ ਵਿਚ ਪ੍ਰਚਲਤ ਚੇਤਨਤਾ, ਉਨ੍ਹਾਂ ਦੇ ਨਜ਼ਰੀਏ, ਉਨ੍ਹਾਂ ਦੀਆਂ ਕੀਮਤਾਂ ਚੋਂ ਨਿਕਲਣਾ, ਪਹਾੜ ਨਾਲ ਮੱਥਾ ਡਾਹੁਣ ਦੇ ਜਾਂ ਅਲੂਣੀ ਸਿੱਲ ਚੱਟਣ ਦੇ ਤੁੱਲ ਹੈ। ਨਾਮ ਨੂੰ ਗ੍ਰਹਿਣ ਕਰਨਾ 'ਖੰਡਿਓਂ ਤਿੱਖੀ, ਵਾਲੋਂ ਨਿੱਕੀ', 'ਸਿਰ ਧਰ ਤਲੀ ਗਲੀ ਮੇਰੀ ਆਓ' ਵਾਲੀ ਗਲ ਹੁੰਦੀ ਹੈ। ਸੋ ਗੁਰੂ ਸਾਹਿਬ ਨੇ ਰਾਜ ਉਨ੍ਹਾਂ ਨੂੰ ਸੌਂਪਿਆ ਹੈ ਜੋ ਜਮਾਤੀ ਤੌਰ 'ਤੇ ਚੇਤਨ ਹਨ, ਜੋ ਨਾਮ ਦਾ ਸਰੂਪ ਹਨ, ਜਿਨ੍ਹਾਂ ਦੀ ਮਤ ਗੁਰੂ ਦੀ ਆਪਣੀ ਮਤ ਹੈ, ਰੱਬ ਦੀ ਰਜ਼ਾ ਹੈ ਅਤੇ ਜਿਸ ਰਜ਼ਾ ਵਾਸਤੇ ਉਹ ਸਦਾ ਜਾਗਦੇ ਸਨ, ਅਖ਼ੀਰਲੀ ਕੀਮਤ ਦੇਂਦੇ ਹਨ। ਖ਼ਾਲਸਾ ਕਿਸੇ ਹਥਿਆਰਬੰਦ ਜਥੇਬੰਦੀ ਦਾ ਨਾਂ ਨਹੀਂ। ਨਾਮ ਵਿਚ ਫ਼ਨਾ ਹੋਏ, ਨਾਮ ਵਾਸਤੇ ਜੂਝ ਮਰਨ ਵਾਲਿਆਂ ਦੀ ਹਥਿਆਰਬੰਦ ਜਥੇਬੰਦੀ ਹੈ। ਸੰਗਤ, ਬੰਦਿਆਂ ਦਾ ਇਕੱਠ ਨਹੀਂ, ਨਾਮ ਵਿਚ ਰੱਤਿਆਂ ਹੋਇਆਂ, ਸੱਚ ਦਾ ਸਰੂਪ ਹੋਇਆਂ ਦੀ ਜਥੇਬੰਦੀ ਹੈ। ਅੰਮ੍ਰਿਤਧਾਰੀ ਹਥਿਆਰਬੰਦ ਸੰਗਤ ਖ਼ਾਲਸਾ ਹੈ। ਸੋ ਖ਼ਾਲਸੇ ਦੇ ਰਾਜ ਦਾ ਮਤਲਬ ਲੋਕ-ਹਿੱਤ ਦਾ, ਇਨਸਾਨੀਅਤ ਦਾ, ਸੱਚ ਦਾ ਰਾਜ ਹੈ; ਸਮਾਜਕ, ਮਨੁੱਖੀ ਇਨਸਾਫ਼ ਦੇਣ ਵਾਲੀ ਸਮਾਜਕ ਬਣਤਰ ਹੈ। ਗੁਰੂ ਸਾਹਿਬ ਨੇ ਪੰਥ ਚਲਾਇਆ। ਪੰਥ ਮਾਰਗ ਹੈ, ਰਸਤਾ ਹੈ, ਸੱਚ ਦਾ ਰਾਹ ਹੈ। 'ਸੱਚੇ ਮਾਰਗ ਚਲਦਿਆਂ ਉਸਤਤ ਕਰੇ ਜਹਾਨ।'

ਕਿਸੇ ਸਮਾਜਕ ਮਨੁੱਖੀ ਰੁਖ਼ ਨੂੰ ਬੁਨਿਆਦੀ ਤੌਰ ਉੱਤੇ ਪੈਦਾ ਤਾਂ ਹਾਲਾਤ ਜਾਂ ਸਮਾਜਕ ਉਸਾਰੀ ਦਾ ਕਾਨੂੰਨ ਹੀ ਕਰਦਾ ਹੈ, ਪਰ ਜੋ ਹੁੰਦਾ ਹੈ ਮਨੁੱਖੀ ਵਸੀਲੇ ਰਾਹੀਂ ਹੀ ਹੁੰਦਾ ਹੈ। ਪੈਦਾ ਹੋ ਰਹੇ ਸੱਚ ਤੇ ਸਮਾਜਕ ਮਨੁੱਖੀ ਰੁਖ਼ ਨੂੰ ਸਭ ਤੋਂ ਪਹਿਲਾਂ ਭਾਂਪਣਾ ਕਵੀ ਦਾ ਫ਼ਰਜ਼, ਉਸ ਦੀ ਪ੍ਰਤਿਭਾ ਹੈ। ਗੁਰੂ ਸਾਹਿਬ ਦਾ ਦਿਲ, ਉਨ੍ਹਾਂ ਦੀ ਸ਼ਖ਼ਸੀਅਤ ਲੋਕ-ਹਿੱਤ ਦੇ ਪੈਂਤੜੇ ਤੋਂ ਸਮਾਜ ਦੀ ਡਾਇਲੈਕਟਿਕਸ ਨਾਲ ਕਿੰਨੀ ਇਕ-ਸੁਰ ਸੀ — ਇਸ ਗੱਲ ਤੋਂ ਜ਼ਾਹਿਰ ਹੈ ਕਿ ਇਹ ਸੱਚ 'ਖਸਮ ਦੀ ਬਾਣੀ' ਬਣ ਕੇ ਆਇਆ ਅਤੇ ਇਸ ਨੇ ਉਨ੍ਹਾਂ ਨੂੰ 'ਪਰਮ ਪੁਰਖ ਕੋ ਦਾਸਾ' ਬਣਾ ਕੇ ਤੋਰਿਆ। ਪਰਖਦਿਆਂ ਸੱਚ ਵਿਚ ਕਿਤੇ ਤਾਂ ਕੋਈ ਰੈਲ ਪਈ ਹੋਵੇ, ਕਿਤੇ ਤਾਂ ਧੁੰਦਲਾਹਟ ਹੋਵੇ, ਕੋਈ ਤੁਕ ਹੀ, ਕੋਈ ਲਫ਼ਜ਼ ਹੀ ਸੱਚ ਦੇ ਰਾਹ ਤੋਂ ਉੱਖੜਿਆ ਹੋਵੇ, ਕਿਸੇ ਕਿਸਮ ਦੀ ਊਣ ਦਾ ਸੁਫ਼ਨਾ ਹੀ ਅਸੰਭਵ ਹੈ। ਕਹਿਣਾ ਬੇ-ਲੋੜਾ ਹੈ, ਪਰ ਬਤੌਰ ਕਵੀ ਇਹ ਗੁਰੂ ਸਾਹਿਬ ਦੀ ਪ੍ਰਤਿਭਾ ਦੀ



Digitized by Panjab Digital Library | www.panjabdigilib.org

ਮਹਾਨਤਾ ਹੈ।

ਸੱਚ ਨੂੰ ਬਤੌਰ ਜਜ਼ਬਾ ਵੇਖਣਾ ਅਤੇ ਉਸ ਦਾ ਕਵਿਤਾ ਵਿਚ ਪ੍ਰਗਟਾਅ ਉਸ ਨੂੰ ਪ੍ਰੇਰਨਾ ਬਣਾਉਣਾ ਹੈ। ਉਸ ਕਵਿਤਾ ਨੂੰ ਰਾਗਾਂ ਵਿਚ ਪਾਉਣਾ, ਉਸ ਦਾ ਕੀਰਤਨ ਕਰਾਉਣਾ, ਉਸ ਪ੍ਰੇਰਨਾ ਨੂੰ ਪੱਕਿਆਂ ਕਰਨਾ ਹੈ। ਉਸਾਰੀਆਂ ਸੰਸਥਾਵਾਂ ਰਾਹੀਂ ਅਭਿਆਸ, ਜ਼ਾਤੀ ਤੇ ਸਮਾਜਕ ਜ਼ਿੰਦਗੀ ਦੇ ਪੈਦਾ ਹੋ ਰਹੇ ਮਸਲਿਆਂ ਨੂੰ ਉਸ ਨਜ਼ਰੀਏ ਤੋਂ ਨਜਿੱਠਣਾ ਹੈ, ਉਸ ਨੂੰ ਅਮਲੀ ਸਮਾਜਕ ਸਿਆਸੀ ਜ਼ਿੰਦਗੀ ਉੱਤੇ ਲਾਗੂ ਕਰਨਾ ਹੈ। ਮਨੁੱਖੀ ਸ਼ਕਤੀ ਨੂੰ ਬੰਨ੍ਹ ਕੇ, ਸਮੇਂ ਦੇ ਸੱਚ ਦੇ ਰਾਹ ਉਤੇ ਤੋਰਨਾ, ਉਸ ਨੂੰ ਨਿਸ਼ਾਨੇ ਉੱਤੇ ਅਪੜਾ, ਕੂੜ ਦੇ ਖ਼ਿਲਾਫ ਲੜਾਉਣਾ ਸਮਾਜ ਦੇ ਉਸਾਰ, ਲੀਡਰਸ਼ਿਪ ਦਾ ਮਾਮਲਾ ਹੈ। **ਸਮਾਜ ਤੇ ਮਨੁੱਖ ਨੂੰ ਸੱਚ ਦੇ ਮਾਰਗ ਉੱਤੇ ਚਲਾਉਣ ਵਾਸਤੇ ਪਹਿਲੀ ਗੱਲ ਜਜ਼ਬੇ ਨੂੰ ਜਗਾਉਣਾ ਹੈ।** ਉਸ ਵਾਸਤੇ ਬੁਨਿਆਦੀ ਵਸੀਲਾ ਗੁਰਬਾਣੀ ਦੀ ਰਚਨਾ, ਉਸ ਦਾ ਕੀਰਤਨ ਹੈ। ਪਰ ਜਾਗੇ ਜਜ਼ਬੇ ਨੂੰ ਜਥੇਬੰਦ ਕਰਨਾ ਅਗਲਾ ਜ਼ਰੂਰੀ ਕਦਮ ਹੈ। ਇਹ ਉਸ ਦੀ ਅਮਲੀ ਵਰਤੋਂ ਅਤੇ ਉਸ ਵਰਤੋਂ ਵਾਸਤੇ ਸੰਸਥਾਵਾਂ ਦੀ ਉਸਾਰੀ ਹੈ। ਜਥੇਬੰਦੀ ਹੈ ਤਾਂ ਉਸਾਰ, ਉਸਾਰ ਦਾ ਅੰਗ, ਪਰ ਆਪਣੇ ਆਪ ਵਿਚ ਹੋਂਦ ਹੈ। ਸਮਾਜ ਦੀ ਡਾਇਲੈਕਟਿਕ ਦੇ ਵਿਚ ਇਸ ਦਾ ਆਪਣਾ ਕਾਨੂੰਨ ਕਾਇਦਾ ਹੈ। ਗੁਰੂ ਸਾਹਿਬ ਨੇ ਜਜ਼ਬੇ ਦੀ ਜਥੇਬੰਦੀ ਦੀ ਸਾਇੰਸ ਨੂੰ, ਇਸ ਦੇ ਪੈਦਾ ਹੋਣ ਤੋਂ ਸੈਂਕੜੇ ਸਾਲ ਪਹਿਲਾਂ, ਨਿਪੁੰਣਤਾ ਨਾਲ ਵਰਤਿਆ ਹੈ। ਉਸ ਨੂੰ ਵੇਖਣ ਤੋਂ ਵਾਂਜਿਆਂ ਰਹਿਣਾ ਆਪਣੇ ਆਪ ਨਾਲ ਬੇ-ਇਨਸਾਫ਼ੀ ਹੈ। ਸਿੱਖੀ ਦੇ ਜਜ਼ਬੇ ਦੀ ਜਥੇਬੰਦੀ ਨਾ ਸਿਰਫ਼ ਇਨਕਲਾਬੀ ਹਾਲਾਤ ਤੇ ਲਹਿਰ ਦੀ ਪਕਿਆਈ ਦਾ ਹੀ ਸਬੂਤ ਹੈ ਬਲਕਿ ਗੁਰੂ ਸਾਹਿਬ ਦੀ ਪ੍ਰਤਿਭਾ ਦਾ ਪ੍ਰਗਟਾਅ ਹੈ।

ਰੀਤਾਂ, ਰੂਪ ਹੁੰਦੀਆਂ ਹਨ। ਇਨ੍ਹਾਂ ਵਿਚ ਸੱਚ ਜਮਾਤੀ ਹਿੱਤ ਦਾ ਹੁੰਦਾ ਹੈ। ਜਿਸ ਤਰ੍ਹਾਂ ਉਸਾਰ ਤੇ ਰੂਪ, ਬੁਨਿਆਦ ਤੇ ਵਸਤੂ ਵਾਸਤੇ ਸਹਾਇਕ ਹੁੰਦੇ ਹਨ ਇਸ ਤਰ੍ਹਾਂ ਹੀ ਇਹ ਵੀ ਜ਼ਰੂਰੀ ਹੁੰਦੀਆਂ ਹਨ, ਮਨੋਰਥ ਦੀ ਪੂਰਤੀ ਵਾਸਤੇ ਸਹਾਇਕ ਹੁੰਦੀਆਂ ਹਨ। ਜੇ ਇਨ੍ਹਾਂ ਵਿਚਲੀ ਵਸਤੂ ਸਮਾਜਕ ਸਥਿਤੀ ਨੂੰ ਸਹੀ ਹੁੰਗਾਰਾ ਹੋਵੇ ਤਾਂ ਇਨ੍ਹਾਂ ਵਿਚ ਲੋਹੜੇ ਦੀ ਤਾਕਤ ਹੁੰਦੀ ਹੈ। ਮਨੁੱਖ ਦੇ ਮਨ ਉੱਤੇ ਅਸਰ ਗਹਿਰਾ ਹੁੰਦਾ ਹੈ। ਖ਼ਾਸ ਕਰ ਜੇ ਚੇਤਨਤਾ ਦਾ ਰੂਪ ਮਜ਼੍ਹਬੀ ਹੋਵੇ, ਤਾਂ ਇਹ ਮਨ ਨੂੰ ਬੰਨ੍ਹ ਕੇ ਖਲ੍ਹਿਆਰ ਦੇਂਦੀਆਂ ਹਨ। ਜੇ ਇਨ੍ਹਾਂ ਵਿਚਲੀ ਵਸਤੂ ਦਾ ਹਾਲਾਤ ਨਾਲ ਸਿੱਧਾ ਸੰਬੰਧ ਨਾ ਹੋਵੇ, ਜਾਂ ਕਦੀ ਹੁੰਦਾ ਸੀ, ਹੁਣ ਨਾ ਰਿਹਾ ਹੋਵੇ ਤਾਂ ਇਹ ਰੀਤਾਂ ਰਿਵਾਜਨ ਜਿਹੀ ਹਰਕਤ ਹੋ ਕੇ ਰਹਿ ਜਾਂਦੀਆਂ ਹਨ। ਇਨ੍ਹਾਂ ਵਿਚ ਜਜ਼ਬਾ ਚੁਕਣ ਦੀ ਸ਼ਕਤੀ ਨਹੀਂ ਰਹਿੰਦੀ। ਜੇ ਵਿਰੋਧੀ ਹਿੱਤ ਦੀਆਂ ਹੋਣ ਤਾਂ ਇਹ ਰੁਕਾਵਟ ਹੁੰਦੀਆਂ ਹਨ। ਗਲ ਵਿਚ ਸੰਗਲ ਵਾਂਗ ਹੁੰਦੀਆਂ ਹਨ ਤੇ ਤੋੜਨੀਆਂ ਪੈਂਦੀਆਂ ਹਨ। ਰੂਪ ਵਲੋਂ ਲੜਾਈ ਸ਼ੁਰੂ ਹੋਵੇ ਜਾਂ



Digitized by Panjab Digital Library | www.panjabdigilib.org

ਵਸਤੂ ਵਲੋਂ, ਸੱਟ ਹਿੱਤ ਉੱਤੇ ਹੀ ਵਜਦੀ ਹੈ। ਮੁਕਾਬਲਾ ਅਗੋਂ ਹਿੱਤ ਹੀ ਕਰਦਾ ਹੈ।

ਨਾਮ, ਲੋਕਾਂ ਦੇ ਪੈਂਤੜੇ ਤੋਂ ਸਮਾਜ ਦੀ ਡਾਇਲੈਕਟਿਕ ਦੀ ਆਪਣੀ ਆਵਾਜ਼ ਦੀ ਸਮਾਜਕ ਸਥਿਤੀ ਦਾ ਨਾਇਕ ਸੀ। ਹੱਥਾਂ ਉਤੇ ਸਰ੍ਹੋਂ ਜਮਾਉਂਦਾ ਸੀ। ਚੇਤਨਤਾ ਦਾ ਰੂਪ ਮਜ਼ਬੀ ਸੀ। ਜਦੋਂ ਗੁਰੂ ਸਾਹਿਬ ਨੇ ਸਰਬ-ਲੋਹ ਦੇ ਬਾਟੇ ਵਿਚ ਖੰਡੇ ਨਾਲ ਨਾਮ ਘੋਰ ਕੇ ਅੰਮ੍ਰਿਤ ਤਿਆਰ ਕੀਤਾ, ਸਿੱਖਾਂ ਨੂੰ ਛਕਾਇਆ, ਅਸਰ ਕਰਾਮਾਤੀ ਹੋਇਆ। ਸੀ ਤਾਂ ਸਿੱਖ ਅਗੇ ਹੀ ਰੱਬ ਦਾ ਸਰੂਪ,ਗੁਰੂ ਸਾਹਿਬ ਨੇ ਇਸ ਤੱਥ ਨੂੰ ਰੀਤ ਦਾ ਰੂਪ ਦਿੱਤਾ ਸੀ। ਪਰ ਇਹ ਇਕ ਉਹ ਚੁਆਤੀ ਸੀ ਜਿਸ ਨੇ ਭਾਂਬੜ ਮਚਾ ਦਿੱਤਾ, ਜਿਸ ਨੇ ਇਨਕਲਾਬੀ ਸ਼ਕਤੀ ਦੇ ਡੈਮ ਦਾ ਮੂੰਹ ਖੋਲ੍ਹ ਦਿੱਤਾ। ਗੁਰੂ ਸਾਹਿਬ ਖ਼ੁਸ਼ ਹੋਏ। ਹਾਲਾਤ ਦਾ ਲਾੜਾ ਤਿਆਰ ਹੋਇਆ। ਸਿਹਰੇ ਬੰਨ੍ਹਣ ਦੀ ਰਸਮ ਅਦਾ ਹੋਈ। ਵਿਆਹ ਹੋ ਕੇ ਰਹੇਗਾ। ਸਿਰਫ਼ ਗੁਰੂ ਸਾਹਿਬ ਨੇ ਹੀ ਖ਼ਾਲਸੇ ਨੂੰ ਰੱਬ ਦਾ ਰੂਪ ਹੋਣ ਦੀ ਥਾਪੀ ਨਹੀਂ ਸੀ ਦਿੱਤੀ, ਖ਼ਾਲਸੇ ਨੇ ਖ਼ੁਦ ਆਪਣੇ ਆਪ ਨੂੰ ਰੱਬ ਦੇ ਰੂਪ ਵਿਚ ਦੇਖਿਆ। ਆਪਣੀ ਤਲਵਾਰ ਨੂੰ ਰੱਬ ਦੀ ਤਲਵਾਰ ਮਹਿਸੂਸ ਕੀਤਾ।

ਜਦੋਂ ਜ਼ਿੰਦਗੀ ਦੀ ਇਕ ਸ਼ੈਲੀ ਨੂੰ ਢਾਹ ਕੇ, ਉਸੇ ਦੀ ਵਿਰੋਧੀ ਜਮਾਤ ਦੇ ਹਿੱਤ ਮੁਤਾਬਕ ਜ਼ਿੰਦਗੀ ਨੂੰ ਤੋਰਨਾ ਹੋਵੇ ਤਾਂ ਕੁਦਰਤੀ ਹੈ ਕਿ ਜ਼ਿੰਦਗੀ ਦੇ ਵਿਕਾਸ ਦਾ ਸਾਰਾ ਸੱਚਾ ਪੁਰਾਣੇ ਹਿੱਤ ਦਾ ਵਿਰੋਧੀ ਤੇ ਨਵੇਂ ਹਿੱਤ ਦੇ ਅਧੀਨ ਹੋਵੇ। ਜੋ ਸੰਸਥਾਵਾਂ ਸਿੱਖ ਲਹਿਰ ਨੇ ਇਸ ਕੰਮ ਵਾਸਤੇ ਪੈਦਾ ਕੀਤੀਆਂ ਉਨ੍ਹਾਂ ਦਾ ਥਾਂ ਪਰ ਥਾਂ ਜ਼ਿਕਰ ਹੁੰਦਾ ਆਇਆ ਹੈ। ਵੇਖਣ ਵਾਲੀ ਗੱਲ ਇਹ ਹੈ ਕਿ ਗੁਰੂ ਸਾਹਿਬ ਨੇ ਸਿੱਖ ਜ਼ਿੰਦਗੀ ਦਾ ਸੱਚਾ ਹੀ ਐਸਾ ਬਣਾ ਦਿੱਤਾ ਕਿ ਸੰਸਥਾਈ ਸ਼ਕਲ ਵਿਚ ਸਾਹਵੇਂ ਰੱਬ ਤੇ ਚੌਪਾਸੀਂ ਸੰਗਤ, ਹਮੇਸ਼ਾਂ, ਹਰ ਵੇਲੇ ਖੜੀ ਕਰ ਦਿੱਤੀ।

ਜ਼ਿੰਦਗੀ ਦਾ ਸੱਚਾ ਕੋਈ ਵੀ ਹੋਵੇ, ਚਲਦਾ ਅੰਤ ਮਨੁੱਖੀ ਜਜ਼ਬੇ ਦੇ ਸਿਰ ਉੱਤੇ ਹੈ। ਕਿਸੇ ਸੱਚੇ ਦੇ ਹੇਠੋਂ ਉਸ ਦਾ ਸਹਾਇਕ ਜਜ਼ਬਾ ਖ਼ੁਸ਼ਕ ਹੋ ਜਾਵੇ ਤਾਂ ਤਰਜ਼ੇ-ਜ਼ਿੰਦਗੀ ਢਹਿ ਪੈਂਦੀ ਹੈ। ਲੋੜ ਸੀ ਖ਼ਾਸ ਜਜ਼ਬਾ ਜਗਾਉਣ ਦੀ ਅਤੇ ਉਸ ਦੇ ਅਧੀਨ ਮਨੁੱਖਾਂ ਨੂੰ ਆਪਣੇ ਨਿਸ਼ਾਨੇ ਵਲ ਤੋਰਨ ਦੀ। ਉਸੇ ਜਜ਼ਬੇ ਨੂੰ ਜਗਾਉਣ ਦਾ ਸਵਾਲ ਹੁੰਦਾ ਹੈ ਜਿਸ ਨੂੰ ਸਮਾਜ ਦੀ ਡਾਇਲੈਕਟਿਕ ਆਪ ਜਗਾ ਰਹੀ ਹੋਵੇ, ਜੋ ਸਹੀ ਅਰਥਾਂ ਵਿਚ ਜਮਾਤ ਦੇ ਪੈਂਤੜੇ ਤੋਂ ਹਾਲਾਤ ਦਾ ਹੁੰਗਾਰਾ ਭਰਦਾ ਹੋਵੇ। ਫ਼ਰਜ਼ੀ ਜਜ਼ਬੇ ਨਾ ਜਗਾਏ ਜਾ ਸਕਦੇ ਹਨ, ਨਾ ਉਨ੍ਹਾਂ ਨੂੰ ਜਗਾਉਣ ਦਾ ਕੋਈ ਅਰਥ ਹੁੰਦਾ ਹੈ ਅਤੇ ਨਾ ਕੋਈ ਪ੍ਰਤਿਭਾ ਉਨ੍ਹਾਂ ਨੂੰ ਜਗਾਉਣ ਦੇ ਮਗਰ ਪੈਂਦੀ ਹੈ। ਗੁਰਬਾਣੀ ਵਿਚ ਕੇਂਦਰੀ ਅਸਲੀਅਤ, ਕੇਂਦਰੀ ਸੱਚ ਦਾ ਬੁਨਿਆਦੀ ਧੁਰਾ ਰੱਬ ਹੈ। ਸਭ ਸ਼ਕਤੀ ਦਾ ਸੋਮਾਂ ਰੱਬ ਹੈ। ਉਸ ਵਿਚ ਸਭ ਜਜ਼ਬਾ ਕੇਂਦ੍ਰਿਤ ਹੈ। ਬੜੀ ਗੂੜ੍ਹੀ ਤਰ੍ਹਾਂ ਇਕਾਗਰ ਹੈ। ਉਸ ਨਾਲ ਸੰਬੰਧਤ, ਉਸ ਦਾ ਰੂਪ ਹੋਣ ਕਰਕੇ, ਉਹ ਹੀ ਜਜ਼ਬਾ ਗੁਰੂ, ਸ਼ਬਦ, ਨਾਮ ਤੇ ਸੰਗਤ ਆਦਿ ਵਿਚ ਵੀ



Digitized by Panjab Digital Library | www.panjabdigilib.org

ਕਾਰਗਰ ਹੁੰਦਾ ਹੈ।

ਹਰ ਮਜ਼੍ਹਬ ਵਾਲੇ ਆਪਣੇ ਮਜ਼੍ਹਬੀ ਗ੍ਰੰਥ ਦੀ ਇੱਜ਼ਤ ਕਰਦੇ ਹਨ। ਉਸ ਵਿਚ ਉਨ੍ਹਾਂ ਦਾ ਲੋਕ ਪ੍ਰਲੋਕ ਦਾ ਸੱਚ ਹੁੰਦਾ ਹੈ। ਉਸ ਵਾਸਤੇ ਸਤਕਾਰ ਕੁਦਰਤੀ ਹੈ, ਲਾਜ਼ਮੀ ਹੈ। ਸਿੱਖੀ ਵਿਚ ਗੁਰੂ ਗ੍ਰੰਥ ਸਾਹਿਬ ਵਾਸਤੇ ਪੁਜ਼ੀਸ਼ਨ ਉਹ ਹੁੰਦੀ ਹੋਈ ਵੀ ਪ੍ਰਕਾਰਕ ਤੌਰ ਉੱਤੇ ਵੱਖਰੀ ਹੈ। ਗੁਰੂ ਸਾਹਿਬ ਦੀ ਦਿੱਤੀ ਵਿਚਾਰਧਾਰਾ ਦਾ ਕੇਂਦਰ ਰੱਬ ਹੈ। ਰੱਬ ਨਾਮ ਹੈ। ਨਾਮ ਦਾ ਦਿੱਸਦਾ ਰੂਪ ਗੁਰੂ ਗ੍ਰੰਥ ਸਾਹਿਬ ਹੈ। ਰੱਬ ਗੁਰੂ ਹੈ। ਰੱਬ ਤੇ ਗੁਰੂ ਵਿਚ ਕੋਈ ਭਿੰਨ ਭੇਦ ਨਹੀਂ, ਅਤੇ ਗੁਰੂ ਸਾਹਿਬ ਨੇ ਗੁਰਿਆਈ ਗੁਰੂ ਗ੍ਰੰਥ ਸਾਹਿਬ ਨੂੰ ਸੌਂਪੀ। ਗੁਰੂ ਗ੍ਰੰਥ ਸਾਹਿਬ ਗੁਰੂ ਹੈ। ਸੋ ਰੱਬ ਦਾ, ਗੁਰੂ ਦਾ, ਨਾਮ ਦਾ ਸਭ ਜਜ਼ਬਾ ਗੁਰੂ ਗ੍ਰੰਥ ਸਾਹਿਬ ਵਿਚ ਕੇਂਦ੍ਰਿਤ ਹੈ, ਇਕਾਗਰ ਹੈ। ਜਿਸ ਤਰ੍ਹਾਂ ਬਾਣੀ ਦੇ ਮੁਤਾਬਕ ਰੱਬ ਅਗੇ ਅਧੀਨਗੀ ਵਿਚ ਹੀ ਬੰਦੇ ਦੀ ਸਭ ਸਫਲਤਾ ਹੈ, ਸੋ ਸਿੱਖ ਵਾਸਤੇ ਸਭ ਸਲਫਤਾ ਗੁਰੂ ਗ੍ਰੰਥ ਸਾਹਿਬ ਦੇ ਹੁਕਮ ਵਿਚ ਹੈ। ਉਸ ਦਾ ਹੁਕਮ ਰੱਬ ਦਾ ਹੁਕਮ ਹੈ। ਗੁਰੂ ਸਾਹਿਬ ਨੇ ਜਜ਼ਬੇ ਨੂੰ ਜਗਾਉਣ, ਸਿੱਖ ਨੂੰ ਨਿਸ਼ਾਨੇ ਵਲ ਤੋਰਨ ਦਾ ਕੰਮ ਗੁਰੂ ਗ੍ਰੰਥ ਸਾਹਿਬ ਦੀ ਸੰਸਥਾ ਉੱਤੇ ਪਾਇਆ। ਸਿੱਖ ਦੀ ਰੋਜ਼ ਬਰੋਜ਼ੀ ਜ਼ਿੰਦਗੀ ਵਾਸਤੇ ਰੀਤਾਂ ਐਸੀਆਂ ਬਣਾ ਦਿਤੀਆਂ ਕਿ ਗੁਰੂ ਗ੍ਰੰਥ ਸਾਹਿਬ ਕੇਂਦਰ ਹੈ ਅਤੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਤੇ ਉਥੋਂ ਹੁਕਮ ਦਾ ਲੈਣਾ ਲਾਜ਼ਮੀ ਹੈ। ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਵਿਚ ਸੰਗਤ ਆਪਣੇ ਆਪ ਮੌਜੂਦ ਹੈ। ਇਹ ਰੀਤਾਂ ਆਪਣੇ ਆਪ ਜਜ਼ਬਾ ਜਗਾਉਂਦੀਆਂ ਸਨ ਅਤੇ ਸਿੱਖ ਨੂੰ ਲੋਕ-ਹਿੱਤ ਦੇ ਰਾਹ ਤੋਰੀ ਜਾਂਦੀਆਂ ਸਨ। ਸਿੱਖੀ ਵਿਚ ਗੁਰੂ ਗ੍ਰੰਥ ਸਾਹਿਬ ਦੀ ਸੰਸਥਾ ਕਿੰਨੀ ਕੁ ਮਹਾਨ ਤੇ ਪੁਰ-ਅਸਰ ਹੈ, ਇਹ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਦੇ ਦਰਸ਼ਨਾਂ ਤੋਂ ਪ੍ਰਤੱਖ ਹੋ ਜਾਂਦੀ ਹੈ।

ਬੱਚਾ ਪੈਦਾ ਹੁੰਦਾ ਹੈ। ਉਸ ਦਾ ਨਾਂ ਰਖਣਾ ਹੈ। ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੋਣਾ ਹੈ, ਉਥੋਂ ਵਾਕ ਲੈਣਾ ਹੈ। ਸੰਗਤ ਸਜੀ ਹੈ, ਬਰਾਦਰੀ ਜਿਸ ਦਾ ਕਿ ਉਸ ਨੇ ਵੱਡਿਆਂ ਹੋ ਕੇ ਮੈਂਬਰ ਬਣਨਾ ਹੈ। ਅਰਦਾਸ ਤੇ ਮਗਰੋਂ ਕੜਾਹ ਪ੍ਰਸ਼ਾਦ। ਅੰਮ੍ਰਿਤ ਛਕਣ ਦਾ ਵੇਲਾ ਆਇਆ। ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼, ਗੁਰਬਾਣੀ ਦੀ ਵਰਖਾ, ਸਜੀ ਸੰਗਤ, ਪੰਜ ਪਿਆਰੇ, ਇਕ ਬਾਟਿਓਂ ਸਿੰਘ ਸਿੰਘਣੀਆਂ ਸਮੇਤ ਸੰਗਤ ਦੇ ਨਾਲ ਅੰਮ੍ਰਿਤ, ਫੇਰ ਅਰਦਾਸ ਫੇਰ, ਸੰਗਤ ਦੇ ਨਾਲ ਕੜਾਹ ਪ੍ਰਸ਼ਾਦ। ਵਿਆਹ ਦਾ ਦਿਨ ਆਇਆ, ਮਹਾਰਾਜ ਦਾ ਪ੍ਰਕਾਸ਼, ਗੁਰੂ ਗ੍ਰੰਥ ਸਾਹਿਬ ਦਾ ਵਾਕ, ਲਾਵਾਂ ਤੇ ਗ੍ਰੰਥ ਸਾਹਿਬ ਦਾ ਵਾਕ, ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਤੇ ਸੰਗਤ ਦੇ ਸਾਹਮਣੇ ਪ੍ਰਣ, ਅਰਦਾਸ ਤੇ ਫੇਰ ਕੜਾਹ ਪ੍ਰਸ਼ਾਦ। ਪ੍ਰਾਣੀ ਨੇ ਚਲਾਣਾ ਕੀਤਾ, ਗੁਰਬਾਣੀ ਦਾ ਕੀਰਤਨ, ਅਰਦਾਸ ਤੇ ਸਸਕਾਰ। ਅਖ਼ੀਰ ਵਿਚ ਫੇਰ ਪ੍ਰਾਣੀ ਦੇ ਨਮਿਤ ਪਾਠ, ਸੰਗਤ ਦਾ ਇਕੱਠ, ਅਰਦਾਸ ਤੇ ਕੜਾਹ ਪ੍ਰਸ਼ਾਦ। ਗੱਲ ਕੀ, ਜ਼ਿੰਦਗੀ ਵਿਚ ਕੋਈ ਮੁਹਿੰਮ ਆ ਪਵੇ, ਕੋਈ ਅਪਰਾਧ



Digitized by Panjab Digital Library | www.panjabdigilib.org

ਹੋ ਜਾਵੇ,ਕੁਝ ਵੀ ਹੋਵੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼,ਸੰਗਤ ਦਾ ਇਕੱਠ,ਬਾਣੀ ਦਾ ਪਾਠ, ਕੀਰਤਨ, ਗੁਰੂ ਗ੍ਰੰਥ ਸਾਹਿਬ ਵਿਚੋਂ ਵਾਕ। ਰਲ ਕੇ ਅਰਦਾਸ ਤੇ ਅਖ਼ੀਰ ਵਿਚ ਕੜਾਹ ਪ੍ਰਸ਼ਾਦ। ਅਤੇ ਇਸ ਤਰ੍ਹਾਂ ਹੀ ਹਰ ਰੋਜ਼ ਦੋ ਵੇਲੇ ਗ੍ਰੰਥ ਸਾਹਿਬ ਦਾ ਪ੍ਰਕਾਸ਼, ਸੰਗਤ ਦਾ ਇਕੱਠ, ਗੁਰਬਾਣੀ ਦਾ ਕੀਰਤਨ, ਇਕੱਠਿਆਂ ਸ਼ਬਦ ਬਾਣੀ ਤੇ ਰਲ ਕੇ ਅਰਦਾਸ ਤੇ ਕੜਾਹ ਪ੍ਰਸ਼ਾਦ। ਜੇ ਲੋਕ-ਹਿੱਤ ਸਿੱਖ ਜਥੇਬੰਦੀ ਦੇ ਹੱਡਾਂ ਵਿਚ ਨਾ ਵੜ ਜਾਂਦਾ, ਜੰਮਣ ਦੇ ਨਾਲ ਹੀ ਨਾ ਜੰਮਦਾ ਤਾਂ ਕੀ ਹੁੰਦਾ ? ਸੱਚ ਨਿਰਾ ਲੱਭਾ ਹੀ ਨਹੀਂ, ਸਮਝਾਉਣ ਉੱਤੇ ਹੀ ਬੱਸ ਨਹੀਂ ਕਰ ਦਿੱਤੀ। ਗੱਲ ਕਿਸੇ ਦੇ ਵਸ ਜੋਗੀ ਛੱਡੀ ਨਹੀਂ। ਮਰਦ ਇਸਤਰੀ ਸੱਚੇ ਵਿਚ ਪਿਆ ਨਹੀਂ ਤੇ ਧੁਰੋਂ ਸਿਰੋਂ ਬਣਤਰ ਤੇ ਸ਼ਕਲ ਬਦਲੀ ਨਹੀਂ। ਇਨ੍ਹਾਂ ਰੀਤਾਂ ਵਿਚ ਨਾਲ ਲਗਵੀਂ, ਵੇਖਣ ਵਾਲੀ ਗੱਲ ਇਹ ਹੈ ਕਿ ਗੁਰੂ ਸਾਹਿਬ ਨੇ ਮਨ ਨੂੰ ਆਪਣੇ ਮਗਰ ਲਾਉਣ ਵਾਸਤੇ ਗਿਆਨ ਇੰਦਰਿਆਂ ਦੀ ਵਧ ਤੋਂ ਵਧ ਵਰਤੋਂ ਕੀਤੀ ਹੈ; ਅੱਖ, ਕੰਨ, ਜ਼ਬਾਨ, ਸੁਆਦ ਸਭ ਨੂੰ ਵਰਤਿਆ ਹੈ। ਆਪਣੇ ਮਨੋਰਥ ਵਾਸਤੇ ਜੋ ਵਸੀਲਾ ਸਾਹਮਣੇ ਆਇਆ ਹੈ, ਉਹੋ ਹੀ ਵਰਤਿਆ ਹੈ। ਦਸਾਂ ਨੌਹਾਂ ਦੀ ਕਮਾਈ ਵਿਚੋਂ ਦਸਵੰਧ ਜਥੇਬੰਦੀ ਨੂੰ ਦਿੱਤਾ ਹੈ। ਜਿਥੇ ਲਹੂ ਪਾਣੀ ਇਕ ਕਰਕੇ ਕੀਤੀ ਹੋਈ ਕਮਾਈ ਲਗੇ, ਉਸ ਨਾਲ ਇਨਸਾਨ ਦੀ ਜ਼ਰੂਰ ਉਨਸ ਹੁੰਦੀ ਹੈ। ਜੋ ਬੂਟਾ ਹੱਥੀਂ ਲਾਈਏ, ਪਾਣੀ ਦੇ ਦੇ ਪਾਲੀਏ, ਉਸ ਨੂੰ ਕੋਈ ਵੱਢਣ ਲਗੇ ਤਾਂ ਦਿਲ ਪਾਟ ਕੇ ਦੋ ਹੋ ਜਾਂਦਾ ਹੈ। ਜਿਥੇ ਆਪਣੀ ਹੱਕ ਦੀ ਕਮਾਈ ਲਾਈ ਹੋਵੇ, ਦਿਲ ਉਸ ਦੇ ਨਾਲ ਬੱਝਾ ਹੁੰਦਾ ਹੈ।

ਦਿਲ ਦੀ ਇਕ ਨੁਕਤੇ ਤੋਂ ਪੇਟ ਵਾਲੀ ਬਣਤਰ ਹੈ। ਜਿਸ ਤਰ੍ਹਾਂ ਪੇਟ ਆਪਣੀ ਲੋੜ ਦੇ ਅੰਸ਼ ਤੇ ਭਾਗ ਸਬਜ਼ੀਆਂ ਭਾਜੀਆਂ, ਫਲ ਫੁੰਗ, ਆਟੇ ਦਾਲ, ਆਦਿ ਦੀ ਸ਼ਕਲ ਵਿਚ ਹੀ ਹਜ਼ਮ ਕਰ ਸਕਦਾ ਹੈ, ਨਿਰੋਲ ਰੂਪ ਵਿਚ ਆਪਣੀ ਲੋੜ ਲੈਣੋਂ ਅਸਮਰਥ ਹੁੰਦਾ ਹੈ, ਇਸ ਤਰ੍ਹਾਂ ਹੀ ਦਿਲ ਵੀ ਖ਼ਿਆਲਾਂ, ਅਸੂਲਾਂ ਤੇ ਸੱਚ ਨੂੰ ਜਾਨ ਦੇ ਜਾਮੇਂ ਵਿਚ ਹੀ ਅਪਣਾ ਸਕਦਾ ਹੈ। ਇਸ ਵਾਸਤੇ ਹੀ, ਕਵਿਤਾ ਤੇ ਸਾਹਿੱਤ ਮਨੁੱਖੀ ਸ਼ਖ਼ਸੀਅਤ ਦੇ ਮਾਧਿਅਮ ਰਾਹੀਂ ਹੀ ਜ਼ਿੰਦਗੀ ਦਾ ਸੱਚ ਪੇਸ਼ ਕਰਦੀਆਂ ਹਨ। ਗੁਰੂ ਸਾਹਿਬ ਨੇ ਆਪਣੀ ਜਮਾਤ ਨੂੰ ਪਿਛੇ ਨਾਲੋਂ ਕੱਟਣ ਵਾਸਤੇ ਨਾ ਸਿਰਫ਼ ਉਸ ਦਾ ਨਾਮ ਬਦਲਿਆ, ਬਲਕਿ ਹਰ ਵਿਅਕਤੀ ਦਾ ਨਾਂ ਬਦਲਿਆ ਤੇ ਆਪਣੇ ਸੱਚ ਨੂੰ ਦਿਸਦਾ ਰੂਪ ਦਿੱਤਾ। ਵਰਦੀ ਦਿੱਤੀ। ਜੱਥੇਬੰਦੀ ਦੀ ਸਾਇੰਸ ਦੱਸਦੀ ਹੈ ਕਿ ਹਰ ਜੱਥੇਬੰਦੀ ਵਾਸਤੇ ਵਰਦੀ ਦਾ ਹੋਣਾ ਸਹਾਇਕ ਹੈ। ਇਸ ਤੋਂ ਬਗ਼ੈਰ ਜੱਥੇਬੰਦੀ ਵਿਚ ਪੂਰੀ ਜਾਨ ਨਹੀਂ ਪੈਂਦੀ। ਅੱਜ ਕਲ ਕੋਈ ਫ਼ੌਜ ਨਹੀਂ ਜਿਸ ਦੀ ਵਰਦੀ ਨਾ ਹੋਵੇ। ਸਾਧਾਰਣ ਆਦਮੀ ਵਾਸਤੇ ਅਸੂਲ ਦੀ ਸ਼ਕਲ ਵਿਚ ਸੱਚ ਕਾਰਗਰ ਨਹੀਂ ਹੁੰਦਾ। ਜਿੰਨਾ ਚਿਰ ਅੱਖਾਂ ਅਸੂਲ ਨੂੰ ਚਲਦੀ ਫਿਰਦੀ ਸ਼ਕਲ ਵਿਚ ਨਹੀਂ ਦੇਖਦੀਆਂ, ਹਿਰਦੇ ਵਿਚ ਉਹ ਸੱਚ ਉੱਕਰਿਆ ਨਹੀਂ ਜਾਂਦਾ।



Digitized by Panjab Digital Library | www.panjabdigilib.org

ਵਰਦੀ ਦਾ ਆਪਣਾ ਕਾਇਦਾ, ਕਾਨੂੰਨ ਹੈ। ਵਰਦੀ ਦਾ ਚੁਸਤ ਤੇ ਬਾ-ਰੋਹਬ ਹੋਣਾ ਲਾਜ਼ਮੀ ਹੈ। ਖ਼ਾਲਸੇ ਨੂੰ ਦਿੱਤੀ ਯੂਨੀਫ਼ਾਰਮ ਇਹ ਸ਼ਰਤਾਂ ਕਿਸ ਹਦ ਤਕ ਪੂਰੀਆਂ ਕਰਦੀ ਸੀ—'ਖ਼ਾਲਸਾ ਤਿਆਰ-ਬਰ-ਤਿਆਰ' ਦੇ ਨਾਹਰੇ ਤੋਂ ਸਪਸ਼ਟ ਹੈ।

ਇਨ੍ਹਾਂ ਤੋਂ ਉਪਰੰਤ ਜੱਥੇਬੰਦੀ ਦੀ ਸਾਇੰਸ ਯੂਨੀਫ਼ਾਰਮ ਵਾਸਤੇ ਦੋ ਗੱਲਾਂ ਹੋਰ ਦੱਸਦੀ ਹੈ। ਯੂਨੀਫ਼ਾਰਮ ਐਸੀ ਹੋਣੀ ਚਾਹੀਦੀ ਹੈ ਜੋ ਜ਼ਿਆਦਾ ਤੋਂ ਜ਼ਿਆਦਾ ਚਿਰ ਸਰੀਰ ਉਤੇ ਰਹਿ ਸਕੇ ਅਤੇ ਜਿਸ ਦੀ ਬੇਇੱਜ਼ਤੀ ਨਾ ਸਹਾਰੀ ਜਾ ਸਕੇ। ਖ਼ਾਲਸੇ ਦੀ ਯੂਨੀਫ਼ਾਰਮ ਨੂੰ ਇਸ ਨੁਕਤੇ ਤੋਂ ਵੇਖਿਆਂ ਪਤਾ ਲਗਦਾ ਹੈ ਕਿ ਗੁਰੂ ਸਾਹਿਬ ਨੇ ਜੱਥੇਬੰਦੀ ਦੇ ਅਸੂਲ ਕਿਤਨੀ ਕੁ ਪਕਿਆਈ ਨਾਲ ਵਰਤੇ। ਕੇਸ ਜਨਮ ਤੋਂ ਉੱਗਦੇ ਹਨ, ਮਰਨ ਤੋਂ ਮਗਰੋਂ ਸਿਵੇ ਵਿਚ ਨਾਲ ਹੀ ਜਾਂਦੇ ਹਨ। ਜਿੱਥੇ ਕੇਸ, ਉੱਥੇ ਕੰਘਾ। ਕੜਾ ਇਕ ਵੇਰ ਪੈ ਗਿਆ ਉਸ ਦੇ ਲੱਥਣ ਦਾ ਸਵਾਲ ਹੀ ਨਹੀਂ। ਕਛਹਿਰਾ ਜਿਸਮ ਦੀ ਹਰ ਵੇਲੇ ਦੀ ਲੋੜ ਹੈ। ਕਿਰਪਾਨ ਤਾਂ ਉਸ ਵੇਲੇ ਜਾਨ ਨਾਲੋਂ ਵੀ ਪਿਆਰੀ ਸੀ। ਰੱਬ ਕਰਕੇ ਪੂਜੀ ਦੀ ਸੀ। ਲਹੂ ਨਾਲ ਵਾਕਫ਼ੀ ਤੇ ਤਲਵਾਰ ਨਾਲ ਦੋਸਤੀ ਤਾਂ ਹਾਲਾਤ ਨੂੰ ਸਹੀ ਹੁੰਗਾਰਾ ਸੀ, ਸਮੇਂ ਦਾ ਸੱਚ ਸੀ। ਉਸ ਦੇ ਦੂਰ ਹੋਣ ਦਾ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ। ਅੰਮ੍ਰਿਤ ਛਕ ਲਿਆ ਤੇ ਪੂਰੀ ਯੂਨੀਫ਼ਾਰਮ ਪੈ ਗਈ। ਮੁੜ ਕੇ ਜੀਉਂਦੇ ਜੀ ਕੋਈ ਐਸਾ ਵਕਤ ਨਹੀਂ ਆਉਂਦਾ ਜਦੋਂ ਇਹ ਤਨ ਨਾਲੋਂ ਜੁਦਾ ਹੋ ਜਾਵੇ—ਨਾ ਨਹਾਉਣ ਵੇਲੇ, ਨਾ ਸੌਣ ਵੇਲੇ, ਨਾ ਗ਼ਮੀ ਵੇਲੇ, ਨਾ ਖ਼ੁਸ਼ੀ ਵੇਲੇ, ਨਾ ਅਮਨ ਵਿਚ, ਨਾ ਲੜਾਈ ਵਿਚ। ਦੁਨੀਆਂ ਦੇ ਇਤਿਹਾਸ ਵਿਚ ਕਿਸੇ ਜੱਥੇਬੰਦੀ ਦੀ ਯੂਨੀਫ਼ਾਰਮ ਐਸੀ ਹੈ ਜੋ ਜਨਮ ਮਰਨ ਦੀ ਸਾਥੀ ਹੋਵੇ ? ਜੋ ਸਦਾ ਆਦਮੀ ਦੇ ਸਰੀਰ ਉਤੇ ਰਹੇ ? ਅਤੇ ਯੂਨੀਫ਼ਾਰਮ ਆਪਣਾ ਸੱਚ ਆਪ ਪ੍ਰਗਟ ਕਰਦੀ ਹੈ। ਤਿਆਰ-ਬਰ-ਤਿਆਰ ਸਿੰਘ ਅਜਨਬੀ ਨੂੰ ਵੀ ਸ਼ਸਤਰਧਾਰੀ ਜੋਧਾ ਹੀ ਦਿਸਦਾ ਹੈ। ਕਿਸ ਤਰ੍ਹਾਂ ਹੋ ਸਕਦਾ ਹੈ ਕਿ ਇਕ ਪਾਸੇ ਤੋਂ ਵੀ ਇਸ ਵਿਚ ਪ੍ਰਗਟ ਸੱਚ, ਹਾਲਾਤ ਨੂੰ ਸਹੀ ਹੁੰਗਾਰਾ ਹੋਵੇ ਅਤੇ ਐਸੀ ਯੂਨੀਫ਼ਾਰਮ ਪਾਉਣ ਵਾਲੇ ਦੇ ਦਿਲ ਵਿਚ ਇਸ ਦਾ ਮਤਲਬ ਸਪਸ਼ਟ ਨਾ ਹੋਵੇ ? ਦੂਜਾ ਅਸੂਲ ਹੈ ਯੂਨੀਫ਼ਾਰਮ ਦੀ ਇੱਜ਼ਤ ਦਾ। ਇਸ ਦੇ ਦੱਸਣ ਦੀ ਘਟ ਹੀ ਲੋੜ ਹੈ ਕਿ ਗੁਰੂ ਸਾਹਿਬ ਤੇ ਉਨ੍ਹਾਂ ਤੋਂ ਮਗਰੋਂ ਖ਼ਾਲਸੇ ਨੇ ਇਸ ਗੱਲ ਉਤੇ ਕਿੰਨਾਂ ਕੁ ਜ਼ੋਰ ਦਿੱਤਾ। ਜੋ ਗੁਰੂ ਸਾਹਿਬ ਨੇ ਕੀਤਾ ਸੋਲਾਂ ਆਨੇ ਕੀਤਾ। ਜਿਸ ਨੇ ਇਸ ਗੱਲ ਦਾ ਅੰਦਾਜ਼ਾ ਲਣਾ ਸੀ ਉਹ ਜ਼ਰਾ ਕੇਸਾਂ ਦੀ ਬੇਅਦਬੀ ਕਰਕੇ ਵੇਖਦਾ, ਜ਼ਰਾ ਰੋਮ ਕੱਟ ਕੇ ਨਜ਼ਾਰਾ ਲੈਂਦਾ। ਸਿੱਖੀ ਕੇਸਾਂ ਸੁਆਸਾਂ ਨਾਲ ਨਿਭਾਉਣ ਦੇ ਨਾਹਰੇ ਤੋਂ ਸਾਫ਼ ਹੈ ਕਿ ਖ਼ਾਲਸੇ ਵਾਸਤੇ ਕੇਸ ਸੁਆਸਾਂ ਦੇ ਸਾਥੀ, ਉਨ੍ਹਾਂ ਦੇ ਬਰਾਬਰ ਸਨ। ਬਰਾਬਰ ਹੀ ਨਹੀਂ, ਸੁਆਸ ਕੇਸਾਂ ਦੀ ਰਾਖੀ ਵਾਸਤੇ ਕੁਰਬਾਨ ਕੀਤੇ ਜਾਣ ਨੂੰ ਸਨ। ਕੋਈ ਜਥੇਬੰਦੀ ਦੁਨੀਆਂ ਦੇ ਤਖ਼ਤੇ ਉਤੇ ਹੈ ਜੋ ਆਪਣੀ ਯੂਨੀਫ਼ਾਰਮ ਦੀ ਇੱਜ਼ਤ ਦਾ ਐਨਾ ਮੁੱਲ ਪਾਵੇ ?



Digitized by Panjab Digital Library | www.panjabdigilib.org

# ਨਾਹਰੇ ਅਤੇ ਚਿੰਨ੍ਹ

ਹਰ ਜਮਾਤ ਆਪਣੇ ਪ੍ਰੋਗਰਾਮ ਨੂੰ, ਆਪਣੇ ਸੱਚ ਨੂੰ ਇਨਸਾਨ ਦੇ ਦਿਲ ਦੀ ਤੈਹ ਤਕ ਜਮਾਉਣ ਵਾਸਤੇ **ਨਾਹਰੇ** ਦੇਂਦੀ ਹੈ। ਵੱਡੇ-ਵੱਡੇ ਅਸੂਲ, ਉੱਚਾ ਫ਼ਲਸਫ਼ਾ, ਗੂੜ੍ਹੀਆਂ ਗੱਲਾਂ ਤੇ ਔਖੇ ਸਿੱਧਾਂਤ ਆਮ ਲੋਕਾਂ ਦੀ ਸਮਝ ਵਿਚ ਨਹੀਂ ਆ ਸਕਦੇ। ਜੇ ਬਹੁਤ ਸਮਝਾਇਆਂ, ਸਿਰ ਖਪਾਇਆਂ ਆ ਵੀ ਜਾਣ ਤਾਂ ਉਨ੍ਹਾਂ ਦੇ ਦਿਮਾਗ਼ ਵਿਚ ਘਰ ਨਹੀਂ ਕਰਦੇ। ਇਹ ਗੱਲ ਸਿਰਫ਼ ਅਨਪੜ੍ਹ ਦੇਸਾਂ ਦੀ ਨਹੀਂ। ਤਜਰਬੇ ਕੀਤੇ ਗਏ ਹਨ ਕਿ ਸ਼ਾਇਸਤਾ ਤੋਂ ਸ਼ਾਇਸਤਾ ਮੁਲਕਾਂ ਵਿਚ ਵੀ ਸਿਵਾਏ ਦਸ ਫ਼ੀ ਸਦੀ ਆਦਮੀਆਂ ਤੋਂ ਬਾਕੀ ਇਨ੍ਹਾਂ ਨੂੰ ਸਮਝਣ ਤੇ ਗ੍ਰਹਿਣ ਕਰੀ ਰੱਖਣ ਦੀ ਸ਼ਕਤੀ ਤੋਂ ਕੋਰੇ ਹੁੰਦੇ ਹਨ। ਪਰ ਸਮਾਜ ਦੀ ਅਸਲ ਤਾਕਤ ਉਹ ਨੱਵੇ ਫ਼ੀ ਸਦੀ ਲੋਕ ਹੀ ਹੁੰਦੇ ਹਨ। ਜਿੱਧਰ ਉਨ੍ਹਾਂ ਦਾ ਝੁਕਾਅ ਹੋ ਜਾਵੇ, ਉਸ ਦੇ ਖ਼ਿਲਾਫ਼ ਕੋਈ ਗੱਲ ਨਹੀਂ ਹੋ ਸਕਦੀ। ਵੱਡੇ ਤੋਂ ਵੱਡੇ ਆਪਣੀ ਮਰਜ਼ੀ ਕਰਨ ਵਾਲੇ ਡਿਕਟੇਟਰ ਵੀ ਜੱਥੇਬੰਦੀ ਤੇ ਪ੍ਰਾਪੇਗੰਡੇ ਦੀ ਸਾਇੰਸ ਐਸੇ ਤਰੀਕੇ ਨਾਲ ਵਰਤਦੇ ਹਨ ਕਿ ਉਹ ਨੱਵੇ ਫ਼ੀ ਸਦੀ ਲੋਕ, ਅਵਾਮ, ਉਨ੍ਹਾਂ ਦੇ ਮਗਰ ਜੋਸ਼-ਖ਼ਰੋਸ਼ ਨਾਲ ਲੱਗਣ। ਹਿਟਲਰ ਤੇ. ਕਮਿਊਨਿਸਟਾਂ ਨੇ ਇਸ ਸਾਇੰਸ ਨੂੰ ਬਹੁਤ ਕਾਮਯਾਬੀ ਨਾਲ ਵਰਤਿਆ ਹੈ।

ਇਨ੍ਹਾਂ ਤੋਂ ਬਹੁਤ ਚਿਰ ਪਹਿਲਾਂ ਗੁਰੂ ਸਾਹਿਬ ਨੇ ਜਿਸ ਤਰੀਕੇ ਨਾਲ ਇਹ ਨਾਹਰੇ ਵਰਤੇ ਹਨ ਉਹ ਲਾਸਾਨੀ ਹੈ। ਗੁਰੂ ਸਾਹਿਬ ਨੇ ਦੋ ਵੱਡੇ ਨਾਹਰੇ ਦਿਤੇ : 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹ' ਤੇ 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ।' ਨਾਹਰਿਆਂ ਦੀ ਬਾਬਤ ਜੱਥੇਬੰਦੀ ਦੀ ਸਾਇੰਸ ਇਹ ਦੱਸਦੀ ਹੈ ਕਿ ਨਾਹਰਾ ਉਹ ਵਧੀਆ ਹੁੰਦਾ ਹੈ ਜੋ ਜੱਥੇਬੰਦੀ ਦੇ ਨਿਸ਼ਾਨੇ ਨੂੰ ਐਨਾ ਸਪਸ਼ਟ ਕਰਕੇ ਦੱਸੇ ਕਿ ਮਤਲਬ ਇਕ ਦਮ ਹਿੱਕ ਵਿਚ ਵੱਜੇ ਅਤੇ ਇਤਨੇ ਜ਼ੋਰ ਨਾਲ ਬੋਲਿਆ ਜਾ ਸਕਦਾ ਹੋਵੇ ਕਿ ਬੋਲਣ ਵਾਲੇ ਦੇ ਦਿਲ ਦਾ ਪੂਰਾ ਜੋਸ਼ ਨਿਕਲੇ ਤੇ ਸੁਣਨ ਵਾਲੇ ਨੂੰ ਵੀ ਤੈਹ ਤਕ ਹਿਲਾ ਦੇਵੇ, ਉਸ ਦੇ ਅੰਦਰ ਘਰ ਕਰ ਜਾਵੇ। ਜੱਥੇਬੰਦੀ ਤੇ ਉਸ ਦਾ ਆਦਰਸ਼ ਓਨਾ ਹੀ ਪੱਕਾ ਹੁੰਦਾ ਹੈ ਜਿੰਨੀ ਜ਼ਿਆਦਾ ਵਾਰੀ ਨਾਹਰੇ ਲਾਏ ਜਾਣ। ਪਹਿਲੇ ਨਾਹਰੇ ਦਾ ਮਤਲਬ ਹੈ ਕਿ ਖ਼ਾਲਸਾ ਜਿਸ ਸੱਚ ਦਾ ਸਰੂਪ ਹੈ ਉਹ ਵਾਹਿਗੁਰੂ ਦਾ ਹੈ। ਫ਼ਤਹ ਕਿਸ ਦੀ ਹੈ ? ਵਾਹਿਗੁਰੂ ਦੀ। ਸਾਰੀ ਗੁਰਬਾਣੀ ਤੇ ਸਿੱਖ-ਲਹਿਰ ਦਾ ਨਿਚੋੜ ਇਸ ਨਾਹਰੇ ਵਿਚ ਹੈ। ਰੱਬ ਸਰਬ ਸ਼ਕਤੀਮਾਨ ਹੈ, ਅਜਿੱਤ ਹੈ, ਫ਼ਤਹ ਉਸ ਦੀ ਹੈ ਅਤੇ ਖ਼ਾਲਸਾ



Digitized by Panjab Digital Library | www.panjabdigilib.org

ਉਸ ਦਾ ਹੈ। ਉਸ ਦਾ ਸਰੂਪ ਹੈ। ਖ਼ਾਲਸਾ ਵਾਹਿਗੁਰੂ ਦਾ ਹੈ; ਉਸ ਦੀ ਫ਼ਤਹ ਲਾਜ਼ਮੀ ਹੈ। ਨਾਹਰੇ ਦੇ ਇਨ੍ਹਾਂ ਚੰਦ ਲਫ਼ਜ਼ਾਂ ਵਿਚ ਇਨਕਲਾਬ ਦੀ ਸਚਾਈ ਅੰਕਿਤ ਹੈ। ਜਦੋਂ ਸਮਾਜਕ ਉਸਾਰੀ ਦਾ ਕਾਨੂੰਨ ਇਨਕਲਾਬੀ ਜਮਾਤ ਨੂੰ, ਆਪ ਉਸਾਰਦਾ ਹੈ, ਇਨਕਲਾਬ ਦੇ ਅੱਗੇ ਠਹਿਰ ਕੌਣ ਸਕਦਾ ਹੈ? ਇਹ ਨਾਹਰਾ ਬੋਲਣ ਤੇ ਸੁਣਨ ਵਾਲਿਆਂ ਨੂੰ ਉਨ੍ਹਾਂ ਦਾ ਆਪਣਾ ਅੰਦਰਲਾ ਲਗਦਾ ਹੈ ਤੇ ਹਾਲਾਤ ਇਸ ਦੇ ਸੱਚ ਦੀ ਸ਼ਹਾਦਤ ਦੇਂਦੇ ਹਨ।

ਦੂਸਰੇ ਨਾਹਰੇ ਦਾ ਕੀ ਮਤਲਬ ਹੈ? ਸ੍ਰੀ ਅਕਾਲ ਸੱਤ ਹੈ, ਸੱਚ ਹੈ, ਸਦਾ ਰਹਿਣ ਵਾਲਾ ਹੈ ਅਤੇ ਜੋ ਬੋਲਦਾ ਹੈ ਉਹ ਨਿਹਾਲ ਹੈ। ਫ਼ਤਹ, ਫੇਰ ਉਹੋ ਹੀ ਫ਼ਤਹ, ਸੱਚ ਤੇ ਰੱਬ ਦੀ। ਜੇ ਰੱਬ ਸਦਾ ਰਹਿਣ ਵਾਲਾ ਹੈ ਤਾਂ ਉਸ ਦੇ ਸਰੂਪ ਖ਼ਾਲਸੇ ਨੂੰ ਕੌਣ ਮੇਟਣ ਵਾਲਾ ਜੰਮਿਆ ਹੈ? ਦੋਹਾਂ ਨਾਰਿਆਂ ਦਾ ਨਿਸ਼ਾਨਾ ਰੱਬ ਦਾ ਆਸਰਾ ਤੇ ਫ਼ਾਤਿਹ ਦਾ ਦਿਲ ਹੈ। ਦੋਵੇਂ ਗੱਲਾਂ ਸਿੱਧੀਆਂ ਦਿਲ ਵਿਚ ਖੁੱਭਦੀਆਂ ਹਨ। ਇਨ੍ਹਾਂ ਨਾਹਰਿਆਂ ਦੀ ਇਕ ਖ਼ੂਬੀ ਇਹ ਹੈ ਕਿ ਇਕ ਪਾਸੇ ਤੋਂ ਇਹ ਫ਼ੌਰੀ ਪ੍ਰੋਗਰਾਮ ਦਾ ਰੂਪ ਹਨ, ਮੈਦਾਨਿ-ਜੰਗ ਵਿਚ ਜਾ ਰਹੀ ਫ਼ੌਜ ਦਾ ਲੜਾਈ ਜਿੱਤਣ ਦਾ ਨਾਹਰਾ ਹਨ ਅਤੇ ਦੂਜੇ ਪਾਸੇ ਤੋਂ ਇਨ੍ਹਾਂ ਦੇ ਬਦਲਣ ਦੀ ਲੋੜ ਵੀ ਨਹੀਂ। ਲਹਿਰ ਦੀ ਹਰ ਦਸ਼ਾ, ਹਰ ਹਾਲਤ ਦੀ ਇਹ ਤਰਜਮਾਨੀ ਕਰਦੇ ਹਨ। ਨਾਹਰੇ ਪੈਦਾ ਤਾਂ ਲਹਿਰ ਤੇ ਸਮਾਜਕ ਸਥਿਤੀ ਦੀ ਜਿੰਦ ਜਾਨ ਵਿਚੋਂ ਹੁੰਦੇ ਹਨ ਪਰ ਅਵਾਮ ਦੀ ਚੇਤਨਤਾ ਗਹਿਰੀ ਕਰਨ ਦਾ ਬਹੁਤ ਵਧੀਆ ਵਸੀਲਾ ਹੁੰਦੇ ਹਨ। ਲਹਿਰ ਦੇ ਵਿਚੋਂ ਪੈਦਾ ਹੋ ਕੇ ਉਸ ਦੇ ਮੁਰਾਲ ਉਤੇ ਮੋੜਵਾਂ ਅਸਰ ਪਾਉਂਦੇ ਹਨ।

ਪਹਿਲਾ ਨਾਹਰਾ ਆਮ ਮੇਲ-ਜੋਲ ਦਾ ਹੈ ਅਤੇ ਦੂਸਾ ਹੈ ਮੈਦਾਨਿ-ਜੰਗ ਦਾ। ਕਿਸ ਜੋਸ਼ ਨਾਲ ਇਹ ਨਾਹਰੇ ਲਗਾਏ ਜਾ ਸਕਦੇ ਹਨ, ਇਹ ਕਿਸੇ ਨੂੰ ਦੱਸਣ ਦੀ ਲੋੜ ਨਹੀਂ। ਉਸ ਸਥਿਤੀ ਵਿਚ ਜਿਥੇ ਸਿੰਘਾਂ ਦਾ ਇਕੱਠ ਹੁੰਦਾ ਹੋਵੇਗਾ ਉਥੇ ਕਿਸ ਨੂੰ ਭੁੱਲ ਰਹਿੰਦੀ ਹੋਵੇਗੀ? ਖ਼ਾਸ ਕਰ ਦੂਜਾ ਨਾਹਰਾ ਤਾਂ ਜੋਸ਼ ਦਿਵਾਉਣ ਵਾਸਤੇ ਐਨਾ ਕਾਰਗਰ ਹੈ ਕਿ ਜਦੋਂ ਕੋਈ ਸਿੰਘ ਭਰਵੇਂ ਗਲੇ ਨਾਲ, 'ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ' ਦਾ ਜੈਕਾਰਾ ਗਜਾ ਰਿਹਾ ਹੋਵੇ, ਦਿਲ ਵਿਚ ਸਹਿਮ ਦੇ ਰਹਿਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਐਉਂ ਮਹਿਸੂਸ ਹੁੰਦਾ ਹੈ ਜਿਵੇਂ ਮੈਦਾਨਿ-ਜੰਗ ਵਿਚ ਇਕ ਫ਼ੌਜ ਦੀ ਫ਼ੌਜ ਨੇ ਹੀ ਦੂਜੀ ਫ਼ੌਜ ਉਤੇ ਹੱਲਾ ਬੋਲਿਆ ਹੈ, ਤੇ ਉਹ ਅਗੇ ਠਹਿਰ ਨਹੀਂ ਸਕੇਗੀ। ਅਜ ਤਕ ਵੀ ਜਿਥੇ ਸਿੱਖ ਫ਼ੌਜਾਂ ਜਾ ਕੇ ਲੜਦੀਆਂ ਹਨ ਜੈਕਾਰੇ 'ਸਤਿ ਸ੍ਰੀ ਅਕਾਲ' ਦੇ ਹੀ ਗੂੰਜਦੇ ਹਨ। ਇਸ ਜੈਕਾਰੇ ਦਾ ਉਸ ਸਥਿਤੀ ਵਿਚ ਕਿੰਨਾ ਕੁ ਅਸਰ ਹੁੰਦਾ ਹੈ, ਇਸ ਦੀ ਕਿਸੇ ਵੀ ਫ਼ੌਜੀ ਪਾਸੋਂ ਤਸਦੀਕ ਹੋ ਸਕਦੀ ਹੈ।

ਗੁਰੂ ਸਾਹਿਬ ਦੇ ਸਿੱਖ ਦੀ ਜ਼ਿੰਦਗੀ ਦੇ ਬਣਾਏ ਸੱਚੇ ਵਿਚ ਇਹ ਨਾਹਰੇ ਲਗਦੇ



Digitized by Panjab Digital Library | www.panjabdigilib.org

ਕਿੰਨੀ ਵਾਰੀ ਸਨ ? ਇਹ ਨਹੀਂ ਕਿ ਕਦੀ-ਕਦਾਈਂ ਹੀ ਲਗਦੇ ਸਨ। ਸਿੰਘ ਸਵੇਰੇ ਉਠੇ ਤਾਂ 'ਸਤਿ ਸ੍ਰੀ ਅਕਾਲ', ਰਾਤ ਨੂੰ ਅੱਡ-ਅੱਡ ਹੋ ਸੌਣ ਲਗਣ ਤਾਂ 'ਸਤਿ ਸ੍ਰੀ ਅਕਾਲ।' ਕੋਈ ਦੋ ਸਿੰਘ ਕਿਸੇ ਸਾਧਾਰਨ ਤੌਰ ਉਤੇ ਮਿਲਣ ਤਾਂ 'ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹ'। ਵਿਦਾ ਹੋਣ ਲੱਗਣ ਤਾਂ ਫ਼ਤਹ। ਕੋਈ ਗੱਲ ਸ਼ੁਰੂ ਹੋਵੇ ਤਾਂ ਫ਼ਤਹ ; ਸੰਗਤ ਇਕੱਠੀ ਹੋਵੇ ਤਾਂ ਫ਼ਤਹ ਤੇ 'ਸਤਿ ਸ੍ਰੀ ਅਕਾਲ', ਦੇ ਜੈਕਾਰੇ। ਪਾਠ ਹੋਵੇ, ਸ਼ਬਦ ਕੀਰਤਨ ਹੋਵ, ਤਾਂ ਫ਼ਤਹ ਤੇ ਜੈਕਾਰੇ। ਗ਼ਮੀ ਖ਼ੁਸ਼ੀ, ਮਰਨ ਜੰਮਣ, ਵਿਆਹ ਸ਼ਾਦੀ, ਸਿੰਘ ਕਿਸੇ ਤਰ੍ਹਾਂ ਤੇ ਕਿਤੇ ਵੀ ਇਕੱਠੇ ਹੋਣ, ਉਹੋ ਹੀ 'ਫ਼ਤਹ' ਤੇ ਉਹੋ ਹੀ ਜੈਕਾਰੇ।

ਜੰਗ ਹੋਵੇ, ਅਮਨ ਹੋਵੇ, ਘਰ ਹੋਵੇ, ਬਾਹਰ ਹੋਵੇ, ਫ਼ਤਹ ਤੇ 'ਸਤਿ ਸ੍ਰੀ ਅਕਾਲ' ਐਨੀ ਵੇਰ ਆਉਂਦੇ ਹਨ ਕਿ ਜੇ ਸੋਚੀਏ ਕਿ ਹਨ ਤਾਂ ਇਕ ਆਦਰਸ਼ ਦੇ ਨਾਹਰੇ ਹੀ, ਤਾਂ ਸਮਝ ਆਉਂਦੀ ਹੈ ਕਿ ਗੁਰੂ ਸਾਹਿਬ ਨੇ ਕੈਸੇ ਨਾਹਰੇ ਦਿਤੇ ਤੇ ਕੈਸੀ ਉਨ੍ਹਾਂ ਦੀ ਵਰਤੋਂ ਕੀਤੀ। ਸਿੰਘ ਤੇ ਖ਼ਾਲਸੇ ਦਾ ਖ਼ਿਆਲ ਹੀ ਉਸ ਦੀ ਫ਼ਤਹ ਤੋਂ ਬਗ਼ੈਰ ਨਹੀਂ ਆਉਂਦਾ। ਫ਼ਤਹ ਬੁਲਾਉਂਦਿਆਂ ਤੇ ਜੈਕਾਰੇ ਗਜਾਉਂਦਿਆਂ ਕਿਸੇ ਨੂੰ ਇਹ ਭੁੱਲਣ ਦੀ ਗੁੰਜਾਇਸ਼ ਹੋ ਸਕਦੀ ਸੀ ਕਿ ਉਹ ਕਿਸ ਜਮਾਤ ਦਾ ਮੈਂਬਰ ਹੈ ਤੇ ਉਹ ਕਿਸ ਵਾਸਤੇ ਹੈ ? ਗੁਰੂ ਸਾਹਿਬ ਨੇ ਇਨ੍ਹਾਂ ਨਾਹਰਿਆਂ ਨੂੰ ਕਿੰਨੀ ਅਹਿਮੀਅਤ ਦਿਤੀ—ਇਹ ਉਨ੍ਹਾਂ ਦੇ ਇਸ ਹੁਕਮ ਤੋਂ ਜ਼ਾਹਿਰ ਹੈ ਕਿ ਜੋ ਸਿੰਘ ਪਹਿਲਾਂ ਫ਼ਤਹ ਬੁਲਾਵੇਗਾ, ਉਸ ਵੱਲ ਮੇਰਾ ਮੂੰਹ ਹੋਵੇਗਾ ਤੇ ਜੋ ਮਗਰੋਂ ਨਾਲ ਰਲੇਗਾ ਉਸ ਵਲ ਪਾਸਾ ਅਤੇ ਜੋ ਫ਼ਤਹ ਦਾ ਜਵਾਬ ਨਹੀਂ ਦੇਵੇਗਾ ਉਸ ਵਲ ਪਿੱਛਾ।

ਇਨ੍ਹਾਂ ਤੋਂ ਇਲਾਵਾ ਦੋ ਹੋਰ ਵੀ ਛੋਟੇ ਬੋਲ ਹਨ—ਸਿੰਘ ਤੇ ਸਿੰਘਣੀਆਂ। ਸਿੱਖਾਂ ਤੋਂ ਸਿੰਘ ਬਣਾਉਣ ਦਾ ਗੁਰੂ ਸਾਹਿਬ ਦਾ ਕੋਈ ਮਤਲਬ ਸੀ। ਗੁਰੂ ਸਾਹਿਬ ਨੇ ਹਰ ਅੰਮ੍ਰਿਤਧਾਰੀ ਸਿੱਖ ਨੂੰ ਸ਼ੇਰ ਦਾ ਖ਼ਿਤਾਬ ਦਿਤਾ। ਇਹ ਖ਼ਾਲਸੇ ਦਾ ਹੱਕ ਸੀ। ਤਾਂ ਹੀ ਇਹ ਫਬਿਆ, ਚਲਿਆ। ਜੇ ਇਹ ਖ਼ਾਲਸੇ ਦੀ ਸਪਿਰਿਟ ਦੇ ਸੂਤ ਨਾ ਹੁੰਦਾ ਤਾਂ ਇਹ ਮਖ਼ੌਲ ਬਣ ਜਾਂਦਾ। ਸਿੰਘ ਤੇ ਸਿੰਘਣੀਆਂ — ਇਹਨਾਂ ਬੋਲਾਂ ਦੀ ਆਵਾਜ਼ ਹੀ ਲਗਦੀ ਹੈ ਸ਼ੇਰ ਤੇ ਸ਼ੇਰਨੀਆਂ ਵਾਲੀ। ਸ਼ੇਰ ਤੇ ਸ਼ੇਰਨੀ ਦੇ ਖ਼ਿਆਲਾਂ ਨਾਲ ਕਾਇਰਤਾ ਤੇ ਹਾਰ ਦੇ ਖ਼ਿਆਲ ਦੀ ਗੁੰਜਾਇਸ਼ ਹੀ ਨਹੀਂ। ਗੁਰੂ ਸਾਹਿਬ ਦੇ ਸਮਾਜਕ ਸੱਚੇ ਵਿਚ 'ਸਿੰਘ' ਕਿਤਨੀ ਕੁ ਦੇਰ ਬੋਲਣ ਸੁਣਨ ਵਿਚ ਆਉਂਦਾ ਹੈ, ਇਸ ਦੀ ਕੋਈ ਗਿਣਤੀ ਹੀ ਨਹੀਂ। ਗੁਰੂ ਸਾਹਿਬ ਦੀ ਜਥੇਬੰਦੀ ਦੀ ਸਾਇੰਸ ਵਿਚ ਮੁਹਾਰਤ ਦਾ ਅੰਦਾਜ਼ਾ ਇਥੋਂ ਲਗ ਸਕਦਾ ਹੈ ਕਿ ਉਨ੍ਹਾਂ ਨਾਹਰੇ ਕਿਸ ਤਰੀਕੇ ਨਾਲ ਲਵਾਏ। ਕੋਈ ਆਖਣ, ਉਕਸਾਣ ਦੀ ਲੋੜ ਨਹੀਂ ਸੀ ਪੈਂਦੀ। ਆਪ-ਮੁਹਾਰੇ ਹੀ ਲਗਦੇ ਜਾਂਦੇ। ਬਗ਼ੈਰ ਦੱਸੇ, ਬਗ਼ੈਰ ਗੌਲੇ ਆਪਣਾ ਕੰਮ ਕਰੀ ਜਾਂਦੇ ਹਨ। ਸੱਚਾ ਹੀ ਐਸਾ ਬਣਾਇਆ ਕਿ ਸਭ ਲੋੜੀਂਦਾ



Digitized by Panjab Digital Library | www.panjabdigilib.org

ਆਪਣੇ ਆਪ ਹੀ ਹੋਈ ਜਾਂਦਾ ਹੈ ।

ਗੁਰੂ ਸਾਹਿਬ ਨੇ ਫ਼ਤਿਹ ਦੀ ਬਣਤਰ ਬਣਾਉਣ ਵੱਲ ਬਹੁਤ ਧਿਆਨ ਦਿਤਾ ਹੈ । ਇਸ ਕੰਮ ਵਾਸਤੇ ਹੋਰ ਵੀ ਬਹੁਤ ਬੋਲੇ ਪ੍ਰਚਲਤ ਹੋਏ ਜੋ ਮੂੰਹੋਂ ਬਾਰ ਬਾਰ ਨਿਕਲਦੇ ਸਨ । ਖ਼ਾਲਸੇ ਦੀ ਚੜ੍ਹਦੀ ਕਲਾ, ਖ਼ਾਲਸੇ ਦੀ ਹਰ ਮੈਦਾਨ ਫ਼ਤਹ, ਦੇਗ ਤੇਗ ਫ਼ਤਹ, ਖ਼ਾਲਸਾ ਤਿਆਰ ਬਰ ਤਿਆਰ । ਇਸ ਤਰ੍ਹਾਂ ਹੀ ਆਪਣੇ ਸੱਚੇ ਵਾਸਤੇ ਨਾਮ ਦਾਨ, ਮਨ ਨੀਵਾਂ, ਮੱਤ ਉੱਚੀ, ਮਤ ਦਾ ਰਾਖਾ ਆਪ ਅਕਾਲ ਪੁਰਖ ਵਾਹਿਗੁਰੂ ਆਦਿ । ਇਸ ਤਰ੍ਹਾਂ ਦੀਆਂ ਹੋਰ ਬਹੁਤ ਮਿਸਾਲਾਂ ਹਨ ਜਿਨ੍ਹਾਂ ਦੇ ਵੇਰਵੇ ਦੀ ਲੋੜ ਨਹੀਂ ।

ਨਾਹਰਿਆਂ ਤੇ ਬੋਲਿਆਂ ਦੇ ਨਾਲ ਨਾਲ ਜਥੇਬੰਦੀ ਦੀ ਸਾਇੰਸ, **ਚਿੰਨ੍ਹਾਂ** ਦੀ ਵਰਤੋਂ ਵੀ ਕਰਦੀ ਹੈ । ਚਿੰਨ੍ਹ ਆਮ ਤੌਰ 'ਤੇ ਯੂਨੀਫ਼ਾਰਮ ਦਾ ਹਿੱਸਾ ਹੀ ਹੁੰਦੇ ਹਨ । ਚਿੰਨ੍ਹ ਉਹੋ ਵਧੀਆ ਹੁੰਦਾ ਹੈ ਜੋ ਜ਼ਿਆਦਾ ਤੋਂ ਜ਼ਿਆਦਾ ਚਿਰ ਅੱਖਾਂ ਦੇ ਸਾਹਮਣੇ ਰਹੇ, ਜਿਸ ਦੀ ਸ਼ਕਲ ਐਸੀ ਹੋਵੇ ਕਿ ਮਤਲਬ ਬਿਲਕੁਲ ਸਾਫ਼ ਜ਼ਾਹਿਰ ਕਰੇ ਅਤੇ ਬਣ ਵੀ ਜਲਦੀ ਤੇ ਸੌਖਾ ਹੀ ਜਾਵੇ ।

ਹਰ ਮਜ਼੍ਹਬ ਦੇ ਬਾਨੀ ਤੇ ਪੈਰੋਕਾਰ ਚਿੰਨ੍ਹ ਵਰਤਦੇ ਹਨ । ਸਿਆਸੀ ਪਾਰਟੀਆਂ ਵੀ ਇਹ ਇਸਤਿਮਾਲ ਕਰਦੀਆਂ ਹਨ । ਈਸਾਈਆਂ ਦਾ ਕਰਾਸ, ਮੁਸਲਮਾਨਾਂ ਦਾ ਚੜ੍ਹਦਾ ਚੰਦ, ਹਿਟਲਰ ਦਾ ਸ੍ਵਾਸਤਿਕ, ਕਮਿਊਨਿਸਟਾਂ ਦਾ ਦਾਤਰੀ ਤੇ ਹਥੌੜਾ — ਕੁਝ ਕੁ ਮਿਸਾਲਾਂ ਹਨ । ਗੁਰੂ ਸਾਹਿਬ ਨੇ ਕੇਸ ਰਖੇ । ਓਪਰੀ ਸੋਚੇ ਸੋਚਿਆਂ ਜਾਪਦਾ ਹੈ ਕਿ ਕੇਸ ਸਾਇੰਸ ਦਾ ਟੈਸਟ ਚੰਗੀ ਤ੍ਰਾਂ ਪੂਰਾ ਨਹੀਂ ਕਰਦੇ । ਛੇਤੀ ਤੇ ਆਸਾਨੀ ਨਾਲ ਬਣਾਏ ਨਹੀਂ ਜਾ ਸਕਦੇ । ਪਰ ਅਸਲ ਵਿਚ ਇਹ ਸਾਇੰਸ ਦੇ ਨੁਕਤਾ-ਨਿਗਾਹ ਤੋਂ ਬਹੁਤ ਕਾਰਗਰ ਹਨ । ਕੇਸ ਇਕ ਦਮ ਗੁਰੂ ਗੋਬਿੰਦ ਸਿੰਘ ਤੇ ਉਨ੍ਹਾਂ ਦੇ ਸੱਚੇ ਦੀ ਯਾਦ ਦਿਵਾਉਂਦੇ ਹਨ । ਕਿਸੇ ਨੂੰ ਵੀ ਕੇਸਾਧਾਰੀ ਸਿੰਘ ਵੇਖ ਕੇ ਕੁਝ ਹੋਰ ਚੇਤੇ ਨਹੀਂ ਆ ਸਕਦਾ । ਕੇਸ ਗੁਰੂ ਸਾਹਿਬ ਤੇ ਉਨ੍ਹਾਂ ਦੇ ਜ਼ਿੰਦਗੀ ਦੇ ਸੱਚੇ ਨਾਲ ਐਨੇ ਜੁੜੇ ਹੋਏ ਹਨ ਕਿ ਮਤਲਬ ਨਾ ਸਮਝਣ ਜਾਂ ਗ਼ਲਤ ਸਮਝਣ ਦੀ ਗੁੰਜਾਇਸ਼ ਹੀ ਨਹੀਂ । ਈਸਾਈਆਂ ਦੀ ਸੂਲੀ ਨਾਲੋਂ ਵੀ ਮਤਲਬ ਜ਼ਿਆਦਾ ਸਪੱਸ਼ਟ ਹੈ ।

ਕੇਸ ਛੇਤੀ ਨਾਲ ਬਣ ਨਹੀਂ ਸਕਦੇ । ਪਰ ਬਣਾਉਣ ਦਾ ਮਤਲਬ ਤਾਂ ਇਹ ਹੀ ਹੁੰਦਾ ਹੈ ਕਿ ਜੇ ਸੌਖਾ ਬਣ ਸਕੇ ਤਾਂ ਜ਼ਿਆਦਾ ਚਿਰ ਅੱਖਾਂ ਅਗੇ ਰਹੇਗਾ । ਇਸ ਨੁਕਤਾ ਨਿਗਾਹ ਤੋਂ ਗੁਰੂ ਸਾਹਿਬ ਦਾ ਦਿਤਾ ਚਿੰਨ੍ਹ ਦੁਨੀਆਂ ਦੀਆਂ ਸਭ ਜਥੇਬੰਦੀਆਂ ਦੇ ਚਿੰਨ੍ਹਾਂ ਨਾਲੋਂ ਵਧੀਆ ਹੈ । ਹੋਰ ਚਿੰਨ੍ਹ ਤਾਂ ਬਾਹਰੋਂ ਸਰੀਰ ਨਾਲ ਜੋੜੇ ਜਾਂਦੇ ਹਨ, ਅਤੇ ਸਰੀਰ ਨਾਲੋਂ ਅੱਡ, ਅੱਖਾਂ ਤੋਂ ਓਹਲੇ ਵੀ ਹੋ ਸਕਦੇ ਹਨ । ਪਰ ਗੁਰੂ ਸਾਹਿਬ ਦੀ ਯੂਨੀਫ਼ਾਰਮ ਤੇ ਚਿੰਨ੍ਹ ਐਸੇ ਹਨ ਜਿਨ੍ਹਾਂ ਦੇ ਬਣਾਉਣ ਦੀ ਔਖਿਆਈ ਸੁਖਿਆਈ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ । ਜੰਮਣ ਵੇਲੇ ਨਾਲ ਹੀ ਆਉਂਦੇ ਹਨ । ਮਰਨ ਪਿਛੋਂ



Digitized by Panjab Digital Library | www.panjabdigilib.org

ਨਾਲ ਹੀ ਸਿਵੇ ਵਿਚ ਜਾਂਦੇ ਹਨ। ਅੱਖਾਂ ਤੋਂ ਓਹਲੇ ਹੋ ਨਹੀਂ ਸਕਦੇ। ਮਨੁੱਖ ਜਾਤੀ ਦੇ ਇਤਿਹਾਸ ਵਿਚ ਕਿੰਨੀਆਂ ਕੁ ਹੋਰ ਮਿਸਾਲਾਂ ਮਿਲ ਸਕਦੀਆਂ ਹਨ ਜਿਥੇ ਜਥੇਬੰਦੀ ਦੀ ਸਾਇੰਸ ਆਪਣੇ ਮਨੋਰਥ ਦੀ ਪੂਰਤੀ ਵਾਸਤੇ ਇਸ ਕਮਾਲ ਨਾਲ ਵਰਤੀ ਗਈ ਹੋਵੇ ? ਤੇ ਵਰਤੀ ਵੀ ਜਥੇਬੰਦੀ ਦੀ ਸਾਇੰਸ ਦੇ ਜੰਮਣ ਤੋਂ ਸਦੀਆਂ ਪਹਿਲਾਂ ! ਕੀ ਸਿੱਖ ਜਨਤਾ ਨੂੰ ਇਸ ਚੀਜ਼ ਦਾ ਗਿਆਨ ਹੈ ? ਗੁਰੂ ਸਾਹਿਬ ਦੀ ਸ਼ਖ਼ਸੀਅਤ ਤੇ ਉਨ੍ਹਾਂ ਦੇ ਕੀਤੇ ਕੰਮ ਦਾ ਇਹ ਇਕ ਪਹਿਲੂ ਹੈ।

ਖ਼ਾਲਸੇ ਨੂੰ ਮੁਹਿੰਮ ਦੇ ਮੁਖ਼ਾਤਿਬ ਕਰਨ ਵਾਸਤੇ ਗੁਰੂ ਸਾਹਿਬ ਨੇ ਕੋਈ ਵਸੀਲਾ ਵਰਤਣੋਂ ਨਹੀਂ ਛੱਡਿਆ। ਜਿਸ ਤਰ੍ਹਾਂ ਲਹਿਰ ਦੇ ਉਸਰੱਈਆਂ ਨੇ ਕਵਿਤਾ ਨੂੰ ਜ਼ਾਲਮ ਦੇ ਅਗੇ ਵਿਛਿਆਂ ਹਾਰਿਆਂ ਹੁਟਿਆਂ ਲੋਕਾਂ ਦੀਆਂ ਸੁਤੀਆਂ ਕਲਾਂ ਜਗਾਉਣ ਵਾਸਤੇ ਵਰਤਿਆ ਹੈ, ਗੁਰਬਾਣੀ ਦੀ ਰਚਨਾ ਅਤੇ ਇਸ ਦਾ ਪ੍ਰਚਾਰ ਇਸ ਦੀ ਪਹਿਲੀ ਮਿਸਾਲ ਹੈ। ਆਪਣੀ ਵਿਚਾਰਧਾਰਾ ਨੂੰ ਨਿਰੋਲ ਰਖਣ ਉਤੇ ਐਨਾ ਜ਼ੋਰ ਦਿਤਾ ਗਿਆ ਹੈ ਕਿ ਅੱਜ ਤਕ ਹਰ ਅਰਦਾਸ ਵਿਚ ਲਗ, ਕੰਨਾਂ, ਤੁਕ ਦੀ ਭੁੱਲ ਚੁਕ ਮੁਆਫ਼ ਕਰਵਾਈ ਦੀ ਆ ਰਹੀ ਹੈ। ਜਿਸ ਤਰ੍ਹਾਂ ਗੋਬਿੰਦ ਸਿੰਘ ਨੇ ਇਸ ਵਸੀਲੇ ਨੂੰ ਵਰਤਿਆ ਹੈ ਉਹ ਆਪਣੇ ਆਪ ਵਿਚ ਇਕ ਮਜ਼ਮੂਨ ਹੈ। ਇਸ ਤੋਂ ਉਪਰੰਤ ਸਿੱਖ-ਲਹਿਰ ਨੇ ਆਪਣੀ ਲਹਿਰ ਦੇ ਇਤਿਹਾਸ ਨੂੰ ਵਰਤਿਆ ਹੈ। 'ਪ੍ਰਿਥਮ ਭਗਉਤੀ ਸਿਮਰ ਕੇ' ਤੋਂ ਲਗ ਕੇ ਸਾਰੀ ਅਰਦਾਸ ਵਿਚ ਜਿਨ੍ਹਾਂ ਨੇ ਲਹਿਰ ਨੂੰ ਉਸਾਰਿਆ, ਉਨ੍ਹਾਂ ਦੀ ਯਾਦ ਤੋਂ, ਉਨ੍ਹਾਂ ਤੋਂ ਪ੍ਰੇਰਨਾ ਲਈ। ਗੁਰੂ ਸਾਹਿਬ ਦੀ ਮਿਸਾਲ ਦੇ ਮਗਰ ਲਗ ਕੇ ਅੱਜ ਕਲ੍ਹ ਦੀ ਅਰਦਾਸ ਵੀ, "ਪੰਜਾਂ ਪਿਆਰਿਆਂ, ਚੋਹਾਂ ਸਾਹਿਬਜ਼ਾਦਿਆਂ, ਚਾਲ੍ਹੀ ਮੁਕਤਿਆਂ, ਹਠੀਆਂ ਜਪੀਆਂ, ਤਪੀਆਂ, ਜਿਨ੍ਹਾਂ ਨਾਮ ਜਪਿਆ, ਵੰਡ ਛਕਿਆ, ਦੇਗ ਚਲਾਈ, ਤੇਗ ਵਾਹੀ, ਜਿਨ੍ਹਾਂ ਸਿੰਘਾਂ ਸਿੰਘਣੀਆਂ ਨੇ ਧਰਮ ਹੇਤ ਸੀਸ ਦਿਤੇ, ਬੰਦ ਬੰਦ ਕਟਾਏ, ਖੋਪਰੀਆਂ ਲੁਹਾਈਆਂ, ਚਰਖੜੀਆਂ ਉਤੇ ਚੜ੍ਹੇ, ਆਰਿਆਂ ਨਾਲ ਚਿਰਾਏ ਗਏ, ਧਰਮ ਨਹੀਂ ਹਾਰਿਆ, ਸਿੱਖੀ ਕੇਸਾਂ ਸੁਆਸਾਂ ਨਾਲ ਨਿਭਾਈ......" ਦੁਹਰਾਇਆ ਹੋਇਆ ਇਤਿਹਾਸ ਤੇ ਉਥੋਂ ਲਈ ਪ੍ਰੇਰਨਾ ਹੈ। ਕਿੰਨੀ ਦਰਦਨਾਕ ਗੱਲ ਹੈ ਕਿ ਜਿਸ ਕੌਮ ਦੇ ਉਸਰੱਈਆਂ ਵਾਸਤੇ ਆਪਣੀ ਲਹਿਰ ਦੇ ਇਤਿਹਾਸ ਦੀ ਐਨੀ ਮਹੱਤਤਾ ਹੋਵੇ, ਉਹ ਕੌਮ ਐਨੀ ਨਿੱਘਰ ਜਾਵੇ ਕਿ ਉਹ ਆਪਣਾ ਸਾਇੰਟਿਫਿਕ ਇਤਿਹਾਸ ਵੀ ਨਾ ਲਿਖ ਸਕੇ ਜਾਂ ਕੁਝ ਲੱਖ ਰੁਪੈ ਖ਼ਰਚ ਕੇ ਨਾ ਲਿਖਵਾ ਸਕੇ ! ਜਿਸ ਕਵਿਤਾ ਦੀ ਉਹ ਪਾਲੀ ਹੋਈ ਹੋਵੇ, ਉਹ ਕਵਿਤਾ ਸਮਝਣੋਂ ਹੀ ਉਹ ਅਸਮਰੱਥ ਹੋ ਜਾਵੇ !!

ਕੋਈ ਜਮਾਤ ਜੋ ਬੋਲੀ ਬੋਲਦੀ ਹੈ, ਜੋ ਮੁਹਾਵਰੇ ਉਸ ਦੇ ਮੂੰਹੋਂ ਬਣਦੇ ਹਨ ਉਹ ਉਸ ਦਾ ਆਪਣਾ ਅਕਸ ਹੁੰਦੇ ਹਨ। ਉਸ ਦਾ ਜ਼ਿੰਦਗੀ ਵਲ ਨਜ਼ਰੀਆ ਪ੍ਰਗਟ ਕਰਦੇ ਹਨ। ਜਿਸ ਮਿੱਟੀ ਦੀ ਉਹ ਬਣੀ ਹੁੰਦੀ ਹੈ ਉਹ ਉਸ ਨੂੰ ਜ਼ਾਹਿਰ ਕਰਦੇ ਹਨ। ਗੁਰੂ



Digitized by Panjab Digital Library | www.panjabdigilib.org

ਸਾਹਿਬ ਨੇ ਖ਼ਾਲਸੇ ਦੀ ਹਰ ਮੈਦਾਨ ਫ਼ਤਹ ਦਾ ਨਾਹਰਾ ਦਿਤਾ ਸੀ। ਇਹ ਨਾਹਰਾ ਹੀ ਨਹੀਂ ਸੀ, ਖ਼ਾਲਸੇ ਨੂੰ ਅਹਿਸਾਸ ਸੀ ਕਿ ਖ਼ਾਲਸਾ ਜੰਮਿਆ ਹੀ ਜਿੱਤਣ ਵਾਸਤੇ ਹੈ, ਆਜ਼ਾਦੀ ਵਿਆਹੁਣ ਵਾਸਤੇ ਹੈ। ਇਸ ਵਾਸਤੇ ਹੀ ਉਹ ਮੌਤ ਦੇ ਘਰ ਕੇਸਰੀ ਬਾਣਾ ਪਹਿਨ, ਸਿਹਰੇ ਲਾ, ਲਾੜਾ ਬਣ ਢੁੱਕਦਾ ਸੀ। ਮੌਤ ਨੂੰ ਖ਼ਾਲਸੇ ਨੇ 'ਚੋਲਾ ਲਾਹੁਣਾ' ਬਣਾਇਆ ਹੋਇਆ ਸੀ। ਜੋ ਖ਼ਾਲਸਾ ਮੌਤ ਦਾ ਵਰ ਬਣ ਸਕਦਾ ਸੀ, ਉਹ ਜ਼ਿੰਦਗੀ ਕੋਲੋਂ ਕਦੋਂ ਮਾਰ ਖਾਂਦਾ ਸੀ ? ਖ਼ਾਲਸੇ ਦੇ ਬੋਲ ਵੇਖੀਏ ਤਾਂ ਪਤਾ ਲਗਦਾ ਹੈ ਕਿ ਉਹ ਜ਼ਿੰਦਗੀ ਤੇ ਉਸ ਦੀਆਂ ਮੁਸ਼ਕਿਲਾਂ ਨੂੰ ਟਿਚਕਰਾਂ ਕਰਦਾ ਸੀ। ਖਾਣ ਨੂੰ ਕੁਝ ਨਾ ਮਿਲੇ, ਲੰਗਰ ਮਸਤਾਨਾ ਹੋ ਗਿਆ। ਕਪੜੇ ਲੀਰੋ ਲੀਰ ਹੋ ਜਾਣ, ਚੋਲਾ ਵੀ ਮਸਤਾਨਾ ਹੋ ਗਿਆ। ਰੁਪਈਆ ਪੈਸਾ ਛਿੱਲੜ, ਦਮੜੇ ਸਨ। ਮੰਗਣਾ ਮਾਮਲਾ ਉਗਰਾਹੁਣਾ ਸੀ। ਇਹ ਐਵੇਂ ਮੂੰਹ ਦੀਆਂ ਗੱਲਾਂ ਨਹੀਂ ਸਨ, ਅਸਲੀਅਤ ਸੀ। ਇਕ ਮੁਸਲਮਾਨ ਬਾਦਸ਼ਾਹ ਨੇ ਐਵੇਂ ਨਹੀਂ ਸੀ ਕਿਹਾ — "ਅਜ਼ੀਂ ਕੌਮ ਬੂਏ ਪਾਤਸ਼ਾਹੀ ਮੀ ਆਯਦ।" ਜਿਨ੍ਹਾਂ ਦੇ ਛੋਲੇ ਬਦਾਮ ਹੋ ਜਾਣ, ਬਤਾਊਂ ਬਟੇਰੇ ਬਣ ਜਾਣ, ਗੰਢਾ ਰੁੱਪਾ ਹੋ ਜਾਵੇ ਉਨ੍ਹਾਂ ਦੀ ਚੜ੍ਹਦੀ-ਕਲਾ ਜ਼ਿੰਦਗੀ ਦੀ ਕਿਹੜੀ ਮੁਸੀਬਤ ਨੀਵੀਂ ਕਰ ਸਕਦੀ ਹੈ ? ਜ਼ਿੰਦਗੀ ਤੇ ਮੌਤ ਖ਼ਾਲਸੇ ਦਾ ਪਾਣੀ ਨਾ ਭਰਦੀਆਂ, ਤਾਂ ਕੀ ਕਰਦੀਆਂ ? ਇਹ ਇਨਕਲਾਬ ਤੇ ਇਨਕਲਾਬੀ ਜਮਾਤ ਦਾ ਖ਼ਾਸਾ ਹੈ।



Digitized by Panjab Digital Library | www.panjabdigilib.org

# ਜੀਵਤ ਕਈ ਹਜ਼ਾਰ

ਗੁਰੂ ਗੋਬਿੰਦ ਸਿੰਘ ਸਾਹਿਬ ਦੀ ਸਭ ਤੋਂ ਵੱਡੀ ਵਡਿਆਈ ਖ਼ਾਲਸੇ ਦੀ ਸਿਰਜਣਾ, ਤੇ ਵਿਚਾਰਧਾਰਕ, ਸਿਆਸੀ, ਫ਼ੌਜੀ ਲੀਡਰਸ਼ਿਪ ਦੇ ਨੁਕਤੇ ਤੋਂ ਆਪਣੇ ਪੈਰਾਂ ਉਤੇ ਖੜਿਆਂ ਕਰਕੇ ਉਸ ਨੂੰ ਮੈਦਾਨਿ-ਜੰਗ ਵਿਚ ਮੁਗਲ ਫਿਊਡਲਾਂ ਦੇ ਮੁਖ਼ਾਤਿਬ ਕਰਨਾ ਹੈ। ਇਨਕਲਾਬੀ ਸਥਿਤੀ ਜਾਂ ਸਮਾਜਕ ਉਸਾਰੀ ਦਾ ਕਾਨੂੰਨ ਜਾਂ ਹਾਲਾਤ ਪੈਦਾ ਕਰਦੇ ਹਨ। ਪਰ ਇਨਕਲਾਬ ਤਾਂ ਹੀ ਆ ਸਕਦਾ ਹੈ ਜੇ ਇਨਕਲਾਬੀ ਸਥਿਤੀ ਨੂੰ ਸਾਂਭਣ ਵਾਸਤੇ ਮਨੁੱਖੀ ਅੰਗ, ਇਨਕਲਾਬੀ ਜਮਾਤ ਤੇ ਲੀਡਰਸ਼ਿਪ ਤਿਆਰ ਹੋਵੇ। ਫ਼ਰਜ਼ ਕਰੋ ਸਿੱਖ ਲਹਿਰ ਦੀ ਹਾਲਤ ਉਹ ਹੀ ਰਹਿੰਦੀ ਜੋ ਗੁਰੂ ਤੇਗ ਬਹਾਦਰ ਦੇ ਗੱਦੀ ਉਤੇ ਬੈਠਣ ਜਾਂ ਗੁਰੂ ਗੋਬਿੰਦ ਸਿੰਘ ਦੇ ਗੱਦੀ ਉਤੇ ਬੈਠਣ ਵੇਲੇ ਸੀ ਤਾਂ ਮੁਮਕਿਨ ਹੋ ਸਕਦਾ ਸੀ ਕਿ ਪੰਜਾਬ ਦੇ ਇਤਿਹਾਸ ਵਿਚ ਸਿੱਖ ਇਨਕਲਾਬ ਦਾ ਕਾਂਡ ਆਉਂਦਾ ਹੀ ਨਾ। ਮਰਹਟਿਆਂ ਨੂੰ ਪਾਣੀਪਤ ਦੀ ਲੜਾਈ ਵਿਚ ਹਰਾਉਣ ਤੋਂ ਮਗਰੋਂ ਐਹਿਮਦ ਸ਼ਾਹ ਅਬਦਾਲੀ ਸਲਤਨਤ ਬਣਾ ਕੇ ਬੈਠ ਜਾਂਦਾ। ਅਬਦਾਲੀ ਆਪਣੇ ਜ਼ਮਾਨੇ ਏਸ਼ੀਆ ਦਾ ਸ਼ੋ੍ਮਣੀ ਜਰਨੈਲ ਸੀ। ਮਰਹਟਿਆਂ ਦੀ ਹਾਰ ਤੋਂ ਮਗਰੋਂ ਹਿੰਦੁਸਤਾਨ ਵਿਚ ਕੋਈ ਐਸੀ ਤਾਕਤ ਨਹੀਂ ਸੀ ਜੋ ਉਸ ਦਾ ਮੁਕਾਬਲਾ ਕਰ ਸਕਦੀ। ਅਬਦਾਲੀ ਦੇ ਰਾਹ ਵਿਚ ਪੰਜਾਬ ਪੈਂਦਾ ਸੀ ਅਤੇ ਇਥੇ ਖ਼ਾਲਸੇ ਦੀ ਗੁਰੀਲਾ ਜੰਗ ਨੇ ਉਸ ਦੇ ਉਹ ਦੰਦ ਖੱਟੇ ਕੀਤੇ ਕਿ ਆਪਣਾ ਸਾਰਾ ਤਾਣ ਲਾਉਣ ਦੇ ਬਾਵਜੂਦ ਉਹ ਇਨ੍ਹਾਂ ਗੁਰੀਲਿਆਂ ਨੂੰ ਖ਼ਤਮ ਕਰਨੋਂ ਅਸਮਰੱਥ ਰਿਹਾ।a ਉਸ ਦਾ ਹਿੰਦੁਸਤਾਨ ਦੀ ਸਲਤਨਤ ਦਾ ਨਿਸ਼ਾਨਾ ਸੁਫ਼ਨਾ ਹੀ ਰਿਹਾ। ਖ਼ਾਲਸੇ ਦੀ ਤਾਕਤ ਵਿਚਾਰਧਾਰਕ ਸੀ, ਇਨਕਲਾਬ ਦੀ ਸੀ।b

ਉਸ ਵੇਲੇ ਪੰਜਾਬ ਦੀ ਸਮਾਜਕ ਸਥਿਤੀ ਵਿਚ ਫ਼ਿਊਡਲ ਲੋਕ ਇਕ ਇਕਾਈ ਨਹੀਂ ਸਨ। ਕੁਝ ਤਿਕੋਨੀ ਜਿਹੀ ਬਣਤਰ ਸੀ। ਬੁਨਿਆਦੀ ਤਾਕਤ ਦਿੱਲੀ, ਕੇਂਦਰ, ਸ਼ਹਿਨਸ਼ਾਹ ਸੀ। ਦੂਜੇ ਉਸ ਦੇ ਅਧੀਨ ਸਥਾਨਕ ਰਾਜ-ਪ੍ਰਬੰਧ, ਸਰਹੰਦ ਤੇ ਲਾਹੌਰ ਦੇ ਸੂਬੇਦਾਰ ਸਨ ਅਤੇ ਤੀਜੇ ਪਹਾੜੀ ਹਿੰਦੂ ਰਾਜੇ। ਇਨ੍ਹਾਂ ਦਾ ਆਪਸ ਵਿਚ ਰਿਸ਼ਤਾ ਕੋਈ ਹਮੇਸ਼ਾਂ ਦਾ, ਲੋਹੇ-ਜੜਤ ਨਹੀਂ ਸੀ। ਹਾਲਾਤ ਦੇ ਮੁਤਾਬਿਕ ਇਨ੍ਹਾਂ ਦਾ ਆਪਸ ਵਿਚ ਤਵਾਜ਼ਨ ਬਦਲਦਾ ਰਹਿੰਦਾ ਸੀ। ਏਸ਼ੀਆਈ ਫ਼ਿਊਡਲ ਨਿਜ਼ਾਮ ਦਾ ਇਹ ਆਮ ਖ਼ਾਸਾ ਰਿਹਾ ਹੈ ਕਿ ਕੇਂਦਰ ਕਮਜ਼ੋਰ ਹੋਇਆ ਨਹੀਂ ਤੇ ਸਥਾਨਕ ਫ਼ਿਊਡਲ ਡੇਲਿਆਂ ਵਾਂਗ ਆਪੋ ਆਪਣੇ ਰਾਹ ਨੂੰ ਰਿੜੇ ਨਹੀਂ! ਇਸ ਤੋਂ ਉਪਰੰਤ ਹਿੰਦੂ ਰਜਵਾੜੇ ਮੁਗਲੀਆ



Digitized by Panjab Digital Library | www.panjabdigilib.org

ਤਹਿਤ ਦੇ ਦਿਲੋਂ ਤਾਂ ਖ਼ਿਲਾਫ਼ ਸਨ, ਡਰ ਸਿਰਫ਼ ਉਸ ਦੀ ਤਾਕਤ ਦਾ ਸੀ। ਮੌਕਾ ਮਿਲੇ ਤਾਂ ਉਸ ਦੇ ਖ਼ਿਲਾਫ਼ ਬਗ਼ਾਵਤ ਮੁਮਕਿਨ ਸੀ। ਸਥਾਨਕ ਫ਼ਿਊਡਲਾਂ ਦੀ ਅਗਵਾਈ ਹੇਠ ਮਰਹੱਟੇ ਮੁਗ਼ਲੀਆ ਸਲਤਨਤ ਦੇ ਖ਼ਿਲਾਫ਼ ਉਠ ਰਹੇ ਸਨ। ਗੁਰੂ ਸਾਹਿਬ ਦਾ ਰਾਜਿਆਂ ਨਾਲੋਂ ਫ਼ਰਕ ਤਾਂ ਬੁਨਿਆਦੀ ਸੀ, ਜਮਾਤੀ ਸੀ, ਪਰ ਪਹਿਲੇ ਦੌਰ ਵਿਚ ਉਨ੍ਹਾਂ ਹਿੰਦੂ ਪਹਾੜੀ ਰਾਜਿਆਂ ਨੂੰ ਨਾਲ ਲੈ ਕੇ ਮੁਗ਼ਲਾਂ ਦੇ ਖ਼ਿਲਾਫ਼ ਬਗ਼ਾਵਤ ਦਾ ਰਾਹ ਲਿਆ।

ਪਹਿਲਾਂ ਤਾਂ ਰਾਜਿਆਂ ਦਾ ਉਨ੍ਹਾਂ ਵਲ ਰਵੱਈਆ ਇਹ ਸੀ ਕਿ ਅਸੀਂ ਤਾਂ ਹਾਂ ਰਾਜੇ, ਸ਼ਾਹੀ ਖ਼ਾਨਦਾਨ ਦੇ ਲੋਕ, ਪਰ ਇਹ ਕੌਣ ਹੈ ? ਗਲੀਆਂ ਦਾ ਕੂੜਾ ਕਰਕਟ, ਕਮੀਣ ਕਾਂਦੂ ਮਗਰ ਲਾਈ ਫਿਰਦਾ ਹੈ, ਸਾਡੀ ਬਰਾਬਰੀ ਕਿਸ ਤਰ੍ਹਾਂ ਕਰ ਸਕਦਾ ਹੈ ? ਪਰ ਭੰਗਾਣੀ ਦੀ ਲੜਾਈ ਵਿਚ ਗੁਰੂ ਸਾਹਿਬ ਕੋਲੋਂ ਮਾਰ ਖਾ ਕੇ ਉਨ੍ਹਾਂ ਨੂੰ ਹੋਸ਼ ਆਈ ਅਤੇ ਉਨ੍ਹਾਂ ਗੁਰੂ ਸਾਹਿਬ ਦੀ ਗੱਲ ਵਲ ਧਿਆਨ ਦਿਤਾ। ਔਰੰਗਜ਼ੇਬ ਦੱਖਣ ਵਲ ਸੀ। ਉਨ੍ਹਾਂ ਦਿੱਲੀ ਨੂੰ ਖ਼ਿਰਾਜ ਭੇਜਣਾ ਬੰਦ ਕਰ ਦਿਤਾ। ਜਦੋਂ ਔਰੰਗਜ਼ੇਬ ਵਾਪਸ ਦਿੱਲੀ ਆਇਆ ਉਸ ਨੇ ਪਹਾੜੀ ਰਾਜਿਆਂ ਦੀ ਖ਼ਬਰ ਲੈਣ ਵਾਸਤੇ ਬਹੁਤ ਵੱਡੀ ਫ਼ੌਜ ਭੇਜੀ। ਨਦੌਣ ਦੇ ਪਾਸ ਭਿਆਨਕ ਜੰਗ ਹੋਈ। ਇਸ ਦਾ ਵਰਣਨ "ਬਚਿਤਰ ਨਾਟਕ" ਵਿਚ ਹੈ। ਗੁਰੂ ਸਾਹਿਬ ਦੀ ਮਦਦ ਨਾਲ ਰਾਜਿਆਂ ਨੇ ਸ਼ਾਹੀ ਫ਼ੌਜ ਨੂੰ ਹਾਰ ਦਿਤੀ। ਇਸ ਹਾਰ ਤੋਂ ਖ਼ਾਰ ਖਾ ਕੇ ਕਾਂਗੜੇ ਦਾ ਸੂਬੇਦਾਰ ਦਿਲਾਵਰ ਖ਼ਾਨ ਆਪ ਰਾਜਿਆਂ ਦੇ ਖ਼ਿਲਾਫ਼ ਅਤੇ ਉਸ ਦਾ ਲੜਕਾ ਰੁਸਤਮ ਖ਼ਾਨ ਗੁਰੂ ਸਾਹਿਬ ਦੇ ਖ਼ਿਲਾਫ਼ ਮੈਦਾਨ ਵਿਚ ਆਇਆ। ਪਰ ਉਸ ਸਮੇਂ ਬੇਅੰਤ ਮੀਂਹ ਪਿਆ, ਨਾਲੇ ਦੇ ਚੜ੍ਹਾਅ ਵਿਚ ਬਹੁਤ ਸਾਰੇ ਮੁਗ਼ਲ ਫ਼ੌਜੀ ਰੁੜ੍ਹ ਗਏ। ਬਾਕੀ ਦਿਲ ਛੱਡ ਗਏ। ਰੁਸਤਮ ਖ਼ਾਨ ਨੂੰ ਇਕ ਦਮ ਪਿਛਾਂਹ ਮੁੜਨਾ ਪਿਆ। ਜਦੋਂ ਔਰੰਗਜ਼ੇਬ ਨੂੰ ਸ਼ਾਹੀ ਫ਼ੌਜਾਂ ਦੀ ਹੋਈ ਸਫ਼ਾਈ ਦੀ ਖ਼ਬਰ ਮਿਲੀ, ਉਹ ਬਹੁਤ ਲਾਲ ਪੀਲਾ ਹੋਇਆ। ਉਸ ਨੇ ਆਪਣੇ ਸ਼ਹਿਜ਼ਾਦੇ ਨੂੰ ਰਾਜਿਆਂ ਦੀ ਸੁਰਤ ਠੀਕ ਕਰਨ ਵਾਸਤੇ ਭੇਜਿਆ। ਸ਼ਹਿਜ਼ਾਦੇ ਨੇ ਆਪ ਤਾਂ ਲਾਹੌਰ ਕਿਆਮ ਕੀਤਾ ਅਤੇ ਮਿਰਜ਼ਾ ਬੇਗ਼ ਨੂੰ ਫ਼ੌਜ ਦੇ ਕੇ ਭੇਜਿਆ। ਉਸ ਦੀ ਮੁਹਿੰਮ ਵੀ ਬੁਰੀ ਤਰ੍ਹਾਂ ਫੇਲ੍ਹ ਹੋਈ। ਗ਼ੁੱਸੇ ਦੇ ਮਾਰੇ ਸ਼ਹਿਜ਼ਾਦੇ ਨੇ ਮੈਦਾਨਿ-ਜੰਗ ਵਿਚ ਆਪ ਉਤਰਣ ਦਾ ਮਨ ਬਣਾਇਆ।੮ ਸ਼ਹਿਜ਼ਾਦੇ ਦਾ ਪ੍ਰਾਈਵੇਟ ਸਕੱਤਰ ਨੰਦ ਲਾਲ ਗੁਰੂ ਸਾਹਿਬ ਦਾ ਪੈਰੋਕਾਰ ਸੀ। ਉਸ ਨੇ ਸ਼ਹਿਜ਼ਾਦੇ ਨੂੰ ਗੁਰੂ ਸਾਹਿਬ ਉਤੇ ਤਾਂ ਨਾ ਪੈਣ ਦਿਤਾ, ਪਰ ਉਸ ਨੇ ਰਾਜਿਆਂ ਦੀ ਖ਼ੂਬ ਗਤ ਬਣਾਈ। ਰ੍ਹਾਜੇ ਐਸੇ ਡਰੇ, ਐਸੇ ਸਿੱਧੇ ਹੋਏ ਕਿ ਮੁਗ਼ਲਾਂ ਦੀ ਵਫ਼ਾਦਾਰੀਓਂ ਫਿਰ ਨਹੀਂ ਡੋਲੇ। ਉਨ੍ਹਾਂ ਮੁੜ ਆਜ਼ਾਦੀ ਦੇ ਰਾਹ ਪੈਣ ਦਾ ਨਾਂ ਨਹੀਂ ਲਿਆ।

ਰਾਜਿਆਂ ਦੀ ਇਸ ਦਸ਼ਾ ਕਾਰਨ ਗੁਰੂ ਸਾਹਿਬ ਬਿਲਕੁਲ ਇਕੱਲੇ ਰਹਿ ਗਏ।



Digitized by Panjab Digital Library | www.panjabdigilib.org

ਨੰਦ ਲਾਲ ਦੇ ਵਿਚ ਹੋਣ ਨਾਲ ਗੁਰੂ ਸਾਹਿਬ ਨੂੰ ਕੁਝ ਵਕਤ ਤਾਂ ਮਿਲ ਗਿਆ ਪਰ ਤੂਫ਼ਾਨ ਕਿਸੇ ਵੇਲੇ ਵੀ ਆ ਸਕਦਾ ਸੀ। ਗੁਰੂ ਸਾਹਿਬ ਨੇ ਰਾਜਿਆਂ ਨੂੰ ਟੋਹਿਆ, ਪਰ ਇਨ੍ਹਾਂ ਤਿਲਾਂ ਵਿਚ ਤੇਲ ਨਹੀਂ ਸੀ। ਸੋ ਗੁਰੂ ਸਾਹਿਬ ਨੇ ਇਨਕਲਾਬੀ ਸ਼ਕਤੀ ਦਾ ਆਸਰਾ ਲਿਆ। ਉਸ ਨੂੰ ਉਸਾਰਿਆ ਅਤੇ ਆਉਂਦੇ ਤੂਫ਼ਾਨ ਵਾਸਤੇ ਤਿਆਰੀ ਕੀਤੀ। ਆਪਣੀ ਵਿਚਾਰਧਾਰਾ ਸਮਾਜਕ ਸਥਿਤੀ ਦੇ ਸਾਂਵਿਆਂ ਕੀਤੀ ਅਤੇ ਖ਼ਾਲਸਾ ਸਾਜਿਆ। ਥਾਉਂ ਥਾਈਂ ਸੁਨੇਹੇ ਭੇਜੇ ਕਿ ਸਿੱਖ ਆ ਕੇ ਅੰਮ੍ਰਿਤ ਛਕਣ ਅਤੇ ਸਿੰਘ ਬਣਨ। ਸਿੱਖ ਆਉਣੇ ਸ਼ੁਰੂ ਹੋਏ।

ਗੁਰੂ ਸਾਹਿਬ ਦੀ ਵਧਦੀ ਤਾਕਤ ਵੇਖ ਕੇ ਰਾਜੇ ਡਰੇ। ਉਨ੍ਹਾਂ ਆਪਸ ਵਿਚ ਧੱਤਾ ਮਿੱਤਾ ਕਰ ਕੇ ਵੀਹ ਹਜ਼ਾਰ ਫ਼ੌਜ ਇਕੱਠੀ ਕਰ ਕੇ ਅੱਠ ਹਜ਼ਾਰ ਖ਼ਾਲਸੇ ਉਤੇ ਆਨੰਦਪੁਰ ਹੱਲਾ ਬੋਲ ਦਿਤਾ। ਖ਼ਾਲਸੇ ਨੇ ਖ਼ੂਬ ਕਟਾ-ਵੱਢੀ ਕੀਤੀ ਅਤੇ ਰਾਜੇ ਹਰਾਸ ਛੱਡ, ਹਾਰ ਕੇ ਚਲੇ ਗਏ। ਹੁਣ ਤਾਂ ਉਹ ਖ਼ਾਲਸੇ ਦੀ ਤਾਕਤ ਤੋਂ ਬੁੜਬੁੜਾ ਉਠਣ ਲਗੇ। ਜੰਗ ਦੀ ਪੁਜ਼ੀਸ਼ਨ ਹੁਣ ਜਮਾਤੀ ਬਣ ਚੁਕੀ ਸੀ। ਰਾਜਿਆਂ ਗੁਰੂ ਸਾਹਿਬ ਦੇ ਖ਼ਿਲਾਫ਼ ਆਪਣੀ ਤਾਕਤ-ਆਜ਼ਮਾਈ ਕਰ ਵੇਖੀ ਸੀ। ਉਹ ਦਰ ਬੰਦ ਸੀ। ਉਨ੍ਹਾਂ ਆਪਣੀ ਹਿਫ਼ਾਜ਼ਤ ਖ਼ਾਲਸੇ ਨੂੰ ਸ਼ਹਿਨਸ਼ਾਹੀ ਫ਼ੌਜ ਕੋਲੋਂ ਖ਼ਤਮ ਕਰਵਾਉਣ ਵਿਚ ਹੀ ਵੇਖੀ। ਸ਼ਹਿਨਸ਼ਾਹ ਕੋਲ ਉਨ੍ਹਾਂ ਗੁਰੂ ਸਾਹਿਬ ਦੀ ਤਾਕਤ ਅਤੇ ਮਨੋਰਥਾਂ ਦੇ ਉਹ ਨਕਸ਼ੇ ਖਿੱਚੇ, ਐਨੀ ਚੁਕਣਾ ਕੀਤੀ ਕਿ ਉਸ ਨੂੰ ਵੀ ਪਾਲਾ ਪਿਆ। ਉਸ ਨੇ ਸਰਹੰਦ ਦੇ ਸੂਬੇਦਾਰ ਦੇ ਨਾਂ ਤੁਰੰਤ ਹੁਕਮ ਜ਼ਾਰੀ ਕੀਤਾ ਕਿ ਉਹ ਆਪ ਮੈਦਾਨਿ-ਜੰਗ ਵਿਚ ਉਤਰੇ, ਗੁਰੂ ਨੂੰ ਸਬਕ ਸਿਖਾਵੇ। ਸਰਹੰਦ ਦੇ ਸੂਬੇਦਾਰ ਨੇ ਤਕੜੀ ਫ਼ੌਜ ਲੈ ਕੇ ਗੁਰੂ ਸਾਹਿਬ 'ਤੇ ਹਮਲਾ ਕੀਤਾ ਅਤੇ ਪਹਾੜੀ ਰਾਜੇ ਵੀ ਆਪਣੀ ਪੂਰੀ ਤਾਕਤ ਨਾਲ ਉਸ ਦੇ ਨਾਲ ਹੋਏ। ਮੁਖ਼ਾਲਿਫ਼ ਫ਼ੌਜਾਂ ਦੀ ਗਿਣਤੀ ਦਾ ਆਪਸ ਵਿਚ ਮੁਕਾਬਲਾ ਮੁਮਕਿਨ ਹੀ ਨਹੀਂ ਸੀ। ਕੀਰਤਪੁਰ ਘਮਸਾਨ ਦੀ ਲੜਾਈ ਹੋਈ। ਗਿਣਤੀ ਵਲੋਂ ਬਾਵਜੂਦ ਆਟੇ ਵਿਚ ਲੂਣ ਹੋਣ ਦੇ ਖ਼ਾਲਸਾ ਸ਼ੇਰਾਂ ਵਾਂਗ ਲੜਿਆ। ਪਰ ਗਿਣਤੀ ਦੇ ਗੇੜ ਦਾ ਵੀ ਕੋਈ ਤਕਾਜ਼ਾ ਹੁੰਦਾ ਹੈ। ਦੋ ਦਿਨਾਂ ਦੀ ਘਮਸਾਨ ਦੀ ਜੰਗ ਪਿਛੋਂ ਖ਼ਾਲਸਾ ਪਿਛਾਂਹ ਹਟ ਕੇ ਆਨੰਦਪੁਰ ਦੇ ਕਿਲ੍ਹੇ ਵਿਚ ਆ ਗਿਆ।

ਸ਼ਾਹੀ ਫ਼ੌਜ ਨੇ ਕਿਲ੍ਹੇ ਨੂੰ ਘੇਰਾ ਘੱਤਿਆ। ਬਾਹਰੋਂ ਰਸਦ ਪਾਣੀ ਆਉਣਾ ਬੰਦ ਹੋਇਆ। ਕਿਲ੍ਹੇ ਵਿਚ ਘਿਰੇ ਖ਼ਾਲਸੇ ਨੂੰ ਬਾਹਰੋਂ ਨਾ ਬੰਦਿਆਂ ਦੀ ਮਦਦ ਮਿਲੀ, ਨਾ ਰਸਦ ਪਾਣੀ ਦੀ। ਤੰਗੀ ਵਧਦੀ ਗਈ। ਅਗੇ ਹੀ ਥੋੜੀ ਗਿਣਤੀ ਵਿਚੋਂ ਖ਼ਾਲਸੇ ਦੀ ਗਿਣਤੀ ਦਿਨੋਂ ਦਿਨ ਹੋਰ ਘਟਦੀ ਗਈ। ਆਤੁਰ ਹੋ ਕੇ ਕੁਝ ਸਿੰਘ ਗੁਰੂ ਸਾਹਿਬ ਨੂੰ ਬੇਦਾਵਾ ਦੇ ਕੇ ਚਲੇ ਗਏ। ਹੁਣ ਕਿਲ੍ਹੇ ਵਿਚ ਗੁਰੂ ਸਾਹਿਬ ਨਾਲ ਸਿਰਫ਼ ਪੰਤਾਲੀ ਸਿੰਘ ਸਨ। ਗੁਰੂ ਸਾਹਿਬ ਅੰਤ ਕਿਲ੍ਹਾ ਛੱਡਣ ਉਤੇ ਮਜਬੂਰ ਹੋਏ ਅਤੇ ਉਨ੍ਹਾਂ ਰਾਤ ਦੇ



Digitized by Panjab Digital Library | www.panjabdigilib.org

ਹਨੇਰੇ ਵਿਚ ਚਮਕੌਰ ਦਾ ਰਾਹ ਲਿਆ। ਸ਼ਾਹੀ ਫ਼ੌਜਾਂ ਨੂੰ ਸੂਹ ਹੋ ਗਈ। ਉਨ੍ਹਾਂ ਪਿੱਛਾ ਕੀਤਾ। ਜਿਸ ਕਿਸਮ ਦੀ ਲੜਾਈ ਚਮਕੌਰ ਵਿਚ ਹੋਈ, ਜੇ ਹੋਈ ਨਾ ਹੁੰਦੀ ਤਾਂ ਇਤਬਾਰ ਆਉਣਾ ਮੁਸ਼ਕਲ ਸੀ।d ਲੜਾਈ ਦੇ ਮਗਰੋਂ ਰਾਤ ਦੇ ਹਨੇਰੇ ਵਿਚ ਗੁਰੂ ਸਾਹਿਬ ਚਮਕੌਰ ਦੀ ਗੜ੍ਹੀ ਵਿਚੋਂ ਨਿਕਲੇ ਅਤੇ ਹੁੰਦੇ ਹੁੰਦੇ ਮਾਛੀਵਾੜੇ ਦੇ ਜੰਗਲ ਵਿਚ ਪਹੁੰਚੇ। ਸ਼ਾਹੀ ਫ਼ੌਜਾਂ ਤੇ ਪਹਾੜੀ ਰਾਜਿਆਂ ਰਲ ਕੇ ਸਾਹਿਬਜ਼ਾਦਿਆਂ ਤੇ ਗੁਰੂ ਸਾਹਿਬ ਦੇ ਸਾਜੇ ਖ਼ਾਲਸੇ ਦਾ ਆਪਣੀ ਵਲੋਂ ਖ਼ਾਤਮਾ ਕਰ ਦਿਤਾ ਸੀ। ਉਨ੍ਹਾਂ ਨੂੰ ਇਹ ਪਤਾ ਨਹੀਂ ਸੀ ਕਿ ਖ਼ਾਲਸੇ ਦੀਆਂ ਜੜ੍ਹਾਂ ਦੂਰ ਪਤਾਲ ਵਿਚ ਲਗ ਚੁਕੀਆਂ ਸਨ। ਪਰ ਇਹ ਸੱਚ ਅਜੇ ਭਵਿੱਖ ਦੀ ਕੁੱਖ ਵਿਚ ਸੀ। ਹੈਰਾਨੀ ਇਸ ਗੱਲ ਦੀ ਨਹੀਂ ਕਿ ਕਿਲ੍ਹੇ ਵਿਚਲਾ ਖ਼ਾਲਸਾ ਲੜਦਾ ਲੜਦਾ ਖ਼ਤਮ ਹੋਇਆ; ਹੈਰਾਨੀ ਇਹ ਹੈ ਕਿ ਉਹ ਐਨੀ ਗਿਣਤੀ ਅਗੇ ਐਨਾ ਕਿਵੇਂ ਚਿਰ ਡਟਿਆ ਰਿਹਾ।

ਗੁਰੂ ਗੋਬਿੰਦ ਸਿੰਘ ਤੇ ਉਸ ਦੇ ਖ਼ਾਲਸੇ ਉਤੇ ਗਹਿਰਾ ਸੰਕਟ ਆਇਆ। ਪਰ ਪਿਛੇ ਵੇਖਣ ਦਾ ਸਵਾਲ ਨਹੀਂ ਸੀ। ਜੋ ਹੋਇਆ ਸੀ, ਉਸ ਉਤੇ ਮਾਯੂਸੀ ਨਹੀਂ ਸੀ। ਜੋ ਖ਼ਾਲਸੇ ਨੇ ਕਰ ਵਿਖਾਈ ਸੀ, ਇਨਕਲਾਬ ਦੇ ਪ੍ਰਸੰਗ ਵਿਚ, ਉਹ ਮਾੜੀ ਨਹੀਂ ਸੀ। ਖ਼ਾਲਸਾ ਸਾਜਿਆ ਸੀ। ਉਸ ਨੂੰ ਭੱਠੀ ਵਿਚ ਪਾਇਆ ਸੀ। ਉਹ ਟੱਲੀ ਵਾਂਗ ਟੁਣਕਦਾ ਨਿਕਲਿਆ ਸੀ। ਖ਼ਾਲਸੇ ਨੇ ਕੇਸਾਂ ਸੁਆਸਾਂ ਨਾਲ ਨਿਭਾਈ ਸੀ। ਖ਼ਾਲਸਾ ਪੁਰਜ਼ਾ ਪੁਰਜ਼ਾ ਕਟ ਮਰਿਆ ਸੀ। ਖ਼ਾਲਸੇ ਦੇ ਨੌਂ ਤੇ ਸਤ ਸਾਲ ਦੇ ਬੱਚਿਆਂ ਨੇ ਸਿਧੇ ਸੀਸ ਦਿਤੇ ਸਨ। ਸ਼ਾਹੀ ਫ਼ੌਜ ਗੁਰੂ ਦੀ ਪੈੜ ਮੱਲੀ ਆਉਂਦੀ ਸੀ, ਖੋਜ ਕੱਢੀ ਆਉਂਦੀ ਸੀ। ਉਸ ਦੇ ਲਹੂ ਦੀ ਤਿਹਾਈ ਸੀ। ਅੱਖਾਂ ਦੇ ਸਾਹਮਣੇ ਅਜੀਤ, ਜੁਝਾਰ ਤੇ ਇਕ ਇਕ ਪਿਆਰਾ ਸਿੱਖ ਸ਼ਹੀਦ ਹੋ ਚੁਕਾ ਸੀ, ਮਹਿਲ ਵਿੱਛੜ ਚੁਕੇ ਸਨ, ਪਤਾ ਨਹੀਂ ਸੀ ਕਿਥੇ ਸਨ, ਉਨ੍ਹਾਂ ਨਾਲ ਕੀ ਬੀਤੀ ਸੀ।

ਉਪਰੋਂ ਵੇਖਣ ਵਾਲੇ ਨੂੰ ਜਾਪੇ ਜਿਵੇਂ ਜ਼ਿੰਦਗੀ ਦਾ ਸਾਰਾ ਕੀਤਾ ਕਰਾਇਆ ਖ਼ਤਮ ਹੋ ਗਿਆ ਸੀ, ਜ਼ਿੰਦਗੀ ਦੀ ਕਮਾਈ ਰੁੜ੍ਹ ਗਈ ਸੀ, ਪਰ ਗੁਰੂ ਗੋਬਿੰਦ ਸਿੰਘ ਨੂੰ ਇਉਂ ਨਹੀਂ ਸੀ ਲਗਦਾ। ਸਮਾਜਕ ਸਥਿਤੀ ਸਾਹਮਣੇ ਸੀ। ਪਰਮ ਪੁਰਖ ਦੀ ਪਾਈ ਜ਼ਿੰਮੇਵਾਰੀ ਸਿਰ ਉਤੇ ਸੀ। ਅਗਲਾ ਕਦਮ ਉਠਾਉਣਾ ਸੀ। ਸੰਕਟ ਵਿਚੋਂ ਨਿਕਲਣ ਦਾ ਰਾਹ ਲੱਭਣਾ ਸੀ। ਗੁਰੂ ਸਾਹਿਬ ਅਮਨ ਅਮਾਨ ਅਗਲੇ ਕੰਮ ਨੂੰ ਲਗ ਪਏ। ਗੁਰੂ ਗ੍ਰੰਥ ਸਾਹਿਬ ਦੀ ਸੁਧਾਈ, ਆਪਣੀ ਬਾਣੀ ਦੀ ਰਚਨਾ ਆਰੰਭੀ ਅਤੇ ਮਾਲਵੇ ਵਿਚ ਖ਼ਾਲਸੇ ਦਾ ਬੀਜ ਬੀਜਣਾ ਸ਼ੁਰੂ ਕੀਤਾ। ਜਦੋਂ ਮਾਂ ਦੇ ਵਿਚੇ ਲੱਗਣ, ਜ਼ੋਰਾਵਰ ਸਿੰਘ ਤੇ ਫ਼ਤਹ ਸਿੰਘ 'ਤੇ ਜਗੋਂ-ਬਾਹਰੀ ਹੋਈ ਦੀ ਖ਼ਬਰ ਮਿਲੀ, ਗੁਰੂ ਸਾਹਿਬ ਨੇ ਇਉਂ ਸੁਣੀ ਜਿਵੇਂ ਕੋਈ ਗੱਲ ਹੀ ਨਹੀਂ ਹੁੰਦੀ, ਜਿਵੇਂ ਕੁਝ ਹੋਇਆ ਹੀ ਨਹੀਂ ਹੁੰਦਾ। ਅਡੋਲ ਹਥਲੇ ਕੰਮ ਵਿਚ ਲਗੇ ਰਹੇ। ਪਰਮ ਪੁਰਖ ਦੇ ਦਾਸ ਨੂੰ ਦਿਤੇ ਕੰਮ ਤੇ ਖ਼ਾਲਸੇ ਤੋਂ



Digitized by Panjab Digital Library | www.panjabdigilib.org

ਬਗ਼ੈਰ ਗੁਰੂ ਦਾ ਆਪਣਾ ਨਿਵੇਕਲਾ ਹੋਰ ਹੈ ਵੀ ਕੀ ਸੀ ? 'ਚਾਰ ਮੂਏ ਤੋ ਕਿਆ ਹੂਆ ਜੀਵਤ ਕਈ ਹਜ਼ਾਰ' ਕੋਈ ਐਵੇਂ ਮੂੰਹ ਦੀ ਹਵਾ ਥੋੜ੍ਹੀ ਸੀ। ਮਾਤਾ ਸਾਹਿਬ ਕੌਰ ਨੂੰ ਉਹਨਾਂ ਖ਼ਾਲਸਾ ਪੁਤਰ ਦਿਤਾ ਸੀ, ਕੋਈ ਠੱਗੀ ਨਹੀਂ ਸੀ ਮਾਰੀ। ਉਹ ਜ਼ਿੰਦਾ ਸੀ। ਗੁਰੂ ਗੋਬਿੰਦ ਸਿੰਘ ਲਾਵਲਦ ਨਹੀਂ ਸੀ। ਇਨਕਲਾਬ ਕੋਈ ਪਹਿਲੇ ਚੱਕਰ ਵਿਚ ਹੀ ਥੋੜ੍ਹਾ ਕਾਮਯਾਬ ਹੋ ਜਾਣਾ ਸੀ।

---

a. This seems to have been realised by Ahmad Shah Abdali because he knew where the shoe pinched. He is said to have remarked that 'it would be necessary for the complete reduction of Sikh Power to wait until their religious fervour had evaporated'. N.K. Sinha "The Rise of Sikh Power" P. 67. (Evolution of the Khalsa, foot note, page 154. Bannerjee)

"A nation was up in arms against its enemies & it is the collective efforts of the masses rather than individual achievements that ultimately made the revolution a success". N.K. Sinha quoted by Bannerjee on page 155.

b. Compare the Sikhs with the Mirzas or Champat Rai Bundela is to misconceive the entire issue of the Sikh war of independence and to ignore completely the ideological factors. Evolutian of the Khalsa, Bannerjee, Page 154.

c. ਵੇਖੋ Cunninghom page 76 (foot note) ਤੇ ਪੰਥ ਪ੍ਰਕਾਸ਼

d. "For sheer valour and endurance the battle that ensued has scarcely any parallel." Evolution of the Khalsa, Bannerjee, page 135.



Digitized by Panjab Digital Library | www.panjabdigilib.org

# ਜਬੀ ਬਾਨ ਲਾਗੈ ਤਬੀ ਰੋਸ ਜਾਗੈ

ਕੁਝ ਇਕ ਇਤਿਹਾਸਕਾਰਾਂ ਨੇ ਗੁਰੂ ਗੋਬਿੰਦ ਸਾਹਿਬ ਬਾਰੇ ਲਿਖਿਆ ਹੈ ਕਿ ਉਨ੍ਹਾਂ ਨੂੰ ਗੁਰੂ ਸਾਹਿਬ ਦੀ ਜ਼ਿੰਦਗੀ ਦੇ ਪਿਛਲੇ ਦੋ ਕੁ ਸਾਲ ਹੈਰਾਨ ਕਰਦੇ ਹਨ, ਕੁਝ ਸਮਝ ਆਉਂਦੀ ਨਹੀਂ ਜਾਪਦੀ। ਉਨ੍ਹਾਂ ਨੂੰ ਹੈਰਾਨ ਇਹ ਗੱਲ ਕਰਦੀ ਹੈਂ ਕਿ ਕਿੱਥੇ ਖ਼ਾਲਸਾ ਸਾਜਣਾ, ਸ਼ਾਹੀ ਫ਼ੌਜ ਨਾਲ ਲੜਾਈ ਕਰਨੀ, ਕਿੱਥੇ ਬਾਦਸ਼ਾਹ ਨੂੰ ਖ਼ਤ ਲਿਖਣਾ ਤੇ ਉਸ ਨੂੰ ਮਿਲਣ ਚਲੇ ਜਾਣਾ। ਉਸ ਦੇ ਮਰਨ ਮਗਰੋਂ ਉਸ ਦੇ ਜਾਂਨਸ਼ੀਨ ਦੇ ਨੇੜੇ ਹੋ ਜਾਣਾ। ਉਸ ਦੀ ਤਖ਼ਤ ਲੈਣ ਵਿਚ ਮਦਦ ਕਰਨੀ। ਪੰਜਾਬ ਤੋਂ ਦੂਰ ਚਲੇ ਜਾਣਾ। ਕੋਈ ਕਹਿੰਦਾ ਹੈ ਉਹ ਦਿਲ ਛੱਡ ਗਏ ਸਨ, ਜ਼ਿੰਦਗੀ ਤੋਂ ਮਾਯੂਸ ਹੋ ਗਏ ਸਨ। ਕੋਈ ਕਹਿੰਦਾ ਹੈ ਉਨ੍ਹਾਂ ਦਾ ਦਿਮਾਗ਼ ਫਿਰ ਗਿਆ ਸੀ। ਕੋਈ ਕਹਿੰਦਾ ਹੈ ਉਹ ਮੁਸਲਮਾਨ ਹੋਣਾ ਮੰਨ ਗਏ ਸਨ, ਉਨ੍ਹਾਂ ਬਾਦਸ਼ਾਹ ਦੀ ਨੌਕਰੀ ਕਰ ਲਈ ਸੀ। ਕਈ ਇਤਿਹਾਸਕਾਰਾਂ ਨੂੰ ਉਨ੍ਹਾਂ ਦਾ ਮਗਰਲੇ ਸਾਲਾਂ ਦਾ ਕਰਤੱਵ ਉਨ੍ਹਾਂ ਦੇ ਆਦਰਸ਼ਾਂ ਨਾਲ ਮੇਲ ਖਾਂਦਾ ਨਹੀਂ ਲੱਗਦਾ। ਗੱਲ ਦਾ ਇਸ਼ਾਰਾ ਵਿੰਗਾ ਟੇਢਾ ਇਸ ਵੱਲ ਹੈ ਕਿ ਉਹ ਆਪਣਾ ਇਨਕਲਾਬੀ ਪੈਂਤੜਾ ਛੱਡ ਗਏ ਸਨ। ਸਿੱਖ ਇਤਿਹਾਸਕਾਰ ਵੀ ਬਹੁਤ ਉੱਘੜ ਕੇ ਗੁਰੂ ਸਾਹਿਬ ਦੀ ਜ਼ਿੰਦਗੀ ਦੇ ਇਸ ਸਮੇਂ ਦੀ ਗੱਲ ਨਹੀਂ ਕਰਦੇ। ਵਧ ਤੋਂ ਵਧ ਇਹ ਹੀ ਸਾਬਿਤ ਕਰਨ ਦੀ ਕੋਸ਼ਿਸ਼ ਕਰਦੇ ਹਨ ਕਿ ਉਨ੍ਹਾਂ ਬਾਦਸ਼ਾਹ ਦੀ ਨੌਕਰੀ ਨਹੀਂ ਸੀ ਕੀਤੀ।

ਇੰਦੂ ਭੂਸ਼ਨ ਬੈਨਰਜੀ ਕੁਝ ਸਹੀ ਰਾਹ ਉਤੇ ਹੈ। ਉਹ ਇਸ ਨੂੰ ਰਾਜਨੀਤੀ ਸਮਝਦਾ ਹੈ। ਪਰ ਰਾਜਨੀਤੀ ਦੀ ਕੀ ਵਸਤੂ ਸੀ—ਇਹ ਖੋਲ੍ਹ ਕੇ ਨਹੀਂ ਦੱਸਦਾ।

ਜੇ ਸਿੱਖ-ਲਹਿਰ ਦੇ ਇਤਿਹਾਸ ਤੇ ਸਾਹਮਣੇ ਪੁਜ਼ੀਸ਼ਨ ਨੂੰ ਜ਼ਰਾ ਧਿਆਨ ਨਾਲ ਵੇਖੀਏ ਤਾਂ ਗੱਲ ਕੋਈ ਲੰਮੀ ਚੌੜੀ ਮੁਸ਼ਕਿਲ ਨਹੀਂ ਲਗਦੀ। ਬਾਬਰ ਦਾ ਘਰ ਤੇ ਗੁਰੂ ਨਾਨਕ ਦਾ ਘਰ ਸਮੇਂ ਦੇ ਨੁਕਤੇ ਤੋਂ ਮੁਤਵਾਜ਼ੀ ਚਲਦੇ ਆਏ ਸਨ। ਦੋਹਾਂ ਘਰਾਂ ਨੇ ਇਕ ਦੂਜੇ ਵਿਚ ਦਿਲਚਸਪੀ ਛੱਡੀ ਨਹੀਂ ਸੀ; ਇਕ ਦੂਜੇ ਨਾਲ ਸੰਬੰਧਤ ਰਹੇ ਸਨ। ਸੰਬੰਧਾਂ ਦਾ ਮਸਲਾ ਭਾਵੇਂ ਕਿੰਨਾਂ ਬਦਲਦਾ ਰਿਹਾ ਸੀ।

ਕਲਿ ਮਹਿ ਬੇਦੁ ਅਥਰਬਣੁ ਹੂਆ ਨਾਉ ਖ਼ੁਦਾਈ ਅਲਹੁ ਭਇਆ ॥ ਨੀਲ ਬਸਤ੍ਰ ਲੇ ਕਪੜੇ ਪਹਿਰੇ ਤੁਰਕ ਪਠਾਣੀ ਅਮਲੁ ਕੀਆ ॥ ਅਤੇ : ਨੀਲ ਬਸਤ੍ਰ ਲੇ ਕਪੜੇ ਫਾੜੇ ਤੁਰਕ ਪਠਾਣੀ ਅਮਲੁ ਗਇਆ ॥



Digitized by Panjab Digital Library | www.panjabdigilib.org

ਗੁਰੂ ਨਾਨਕ ਸਾਹਿਬ ਨੇ ਸਮਾਜਕ ਵੇਗ ਦੀ ਜ਼ਬਾਨ ਤੋਂ 'ਤੁਰਕ ਪਠਾਣੀ ਅਮਲੁ ਕੀਆ' ਕਿਹਾ ਸੀ। ਸਿੱਖੀ ਵਿਚ ਰਵਾਇਤ ਪ੍ਰਚੱਲਤ ਹੈ ਕਿ ਗੁਰੂ ਨਾਨਕ ਨੇ ਬਾਬਰ ਨੂੰ ਸੱਤ ਪੀੜ੍ਹੀਆਂ ਰਾਜ ਬਖ਼ਸ਼ਿਆ ਸੀ। ਦੂਜੇ ਲਫ਼ਜ਼ਾਂ ਵਿਚ, ਗੁਰੂ ਸਾਹਿਬ ਨੂੰ ਅਮਲੀ ਤੌਰ ਉਤੇ ਮੁਮਕਿਨ ਇਹ ਹੀ ਲਗਿਆ ਅਤੇ ਲੋਧੀਆਂ ਨਾਲੋਂ ਚੰਗਾ ਲਗਿਆ। ਅਕਬਰ ਦਾ ਗੁਰੂ-ਘਰ ਨਾਲ ਸੰਬੰਧ, ਜਹਾਂਗੀਰ ਤੇ ਸ਼ਾਹਜਹਾਨ ਦਾ ਗੁਰੂ ਅਰਜਨ ਤੇ ਗੁਰੂ ਹਰਿਗੋਬਿੰਦ ਨਾਲ ਅਤੇ ਔਰੰਗਜ਼ੇਬ ਦਾ ਗੁਰੂ ਹਰਿ ਰਾਇ ਤੋਂ ਗੁਰੂ ਗੋਬਿੰਦ ਸਿੰਘ ਤਕ। ਜੇ ਗੁਰੂ-ਘਰ ਦੇ ਮੁਗ਼ਲੀਆ ਸਟੇਟ ਵੱਲ ਰਵੱਈਏ ਨੂੰ ਸਿਆਸੀ ਬੋਲੀ ਵਿਚ ਪ੍ਰਗਟ ਕੀਤਾ ਜਾਵੇ ਤਾਂ ਮਤਲਬ ਇਹ ਹੈ ਕਿ ਗੁਰੂ-ਘਰ ਨੇ ਕਦੀ ਵੀ ਸੰਪ੍ਰਦਾਇਕ ਨਜ਼ਰੀਆ ਇਖ਼ਤਿਆਰ ਨਹੀਂ ਸੀ ਕੀਤਾ। ਉਸ ਦਾ ਰੱਬ ਲੋਕ-ਹਿੱਤੀ ਸਟੇਟ ਦਾ ਅਕਸ ਹੈ ਅਤੇ ਗੁਰੂ ਸਾਹਿਬਾਨ ਨੇ ਕਾਬਿਜ਼ ਸਟੇਟ ਉਤੇ ਹਮੇਸ਼ਾਂ ਅੱਖ ਰੱਖੀ ਹੈ। ਗੁਰੂ ਅਮਰ ਦਾਸ ਤੇ ਗੁਰੂ ਰਾਮ ਦਾਸ ਨੇ ਸਟੇਟ ਤੋਂ ਸਿੱਖ-ਲਹਿਰ ਦੀ ਉਸਾਰੀ ਵਾਸਤੇ ਫ਼ਾਇਦਾ ਉਠਾਇਆ। ਗੁਰੂ ਅਰਜਨ ਨੇ ਇਸ ਸਟੇਟ ਵਿਚ ਦਖ਼ਲ ਦਿੱਤਾ। ਖ਼ੁਸਰੋ ਦੀ ਮਦਦ ਕੀਤੀ।

ਸਿੱਖ ਲਿਖਾਰੀ ਆਮ ਤੌਰ ਉਤੇ ਇਸ ਤੱਥ ਨੂੰ ਨਜ਼ਰ-ਅੰਦਾਜ਼ ਕਰਨ ਦੀ ਜਾਂ ਨੱਪਣ ਦੀ ਕੋਸ਼ਿਸ਼ ਕਰਦੇ ਹਨ। ਸਾਬਿਤ ਇਹ ਕਰਨ ਦੀ ਕੋਸ਼ਿਸ਼ ਕਰਦੇ ਹਨ ਕਿ ਗੁਰੂ ਸਾਹਿਬ ਕਾਨੂੰਨੀ ਤੌਰ ਉਤੇ ਬਿਲਕੁਲ ਨਿਰਦੋਸ਼ ਸਨ। ਇਹ ਪੁਜ਼ੀਸ਼ਨ ਲੈਣੀ ਗੁਰੂ ਸਾਹਿਬ ਦੀ ਕੀਤੀ ਨਾਲ ਬੇਇਨਸਾਫ਼ੀ ਹੈ। ਖ਼ੁਸਰੋ ਸ਼ਹਿਨਸ਼ਾਹ ਦੇ ਖ਼ਿਲਾਫ਼ ਬਾਗ਼ੀ ਹੁੰਦਾ ਹੋਇਆ ਗੁਰੂ ਸਾਹਿਬ ਕੋਲ ਆਇਆ। ਉਸ ਦਾ ਗੁਰੂ-ਘਰ ਬਾਬਤ ਕੋਈ ਅੰਦਾਜ਼ਾ ਸੀ। ਉਸ ਅੰਦਾਜ਼ੇ ਮੁਤਾਬਿਕ ਉਸ ਨੂੰ ਆਪਣੀ ਪੁਜ਼ੀਸ਼ਨ ਦੇ ਪ੍ਰਸੰਗ ਵਿਚ ਆਸ ਸੀ। ਅਤੇ ਉਹ ਗ਼ਲਤ ਨਹੀਂ ਸੀ। ਖ਼ੁਸਰੋ ਸਿੱਖ-ਲਹਿਰ ਤੇ ਇਨਸਾਨੀਅਤ ਦੇ ਨੁਕਤੇ ਤੋਂ ਜਹਾਂਗੀਰ ਨਾਲੋਂ ਚੰਗਾ ਸੀ। ਗੁਰੂ ਸਾਹਿਬ ਨੇ ਮਦਦ ਕੀਤੀ। ਕੀਮਤ ਦਿੱਤੀ। ਗੁਰੂ ਸਾਹਿਬ ਉਤੇ ਜ਼ੁਲਮ ਹੋਇਆ (ਜਿਸ ਤਰ੍ਹਾਂ ਮਗਰੋਂ ਖ਼ਾਲਸੇ ਉਤੇ ਹੋਇਆ) ਇਸ ਤਰ੍ਹਾਂ ਹੀ ਗੁਰੂ ਹਰਿ ਰਾਏ ਸਾਹਿਬ ਨੇ ਦਾਰਾ ਸ਼ਿਕੋਹ ਨਾਲ ਹਮਦਰਦੀ ਕੀਤੀ। ਪੂਰਾ ਜ਼ੋਰ ਲਗਾਇਆ ਕਿ ਉਹ ਤਖ਼ਤ ਵਾਸਤੇ ਲੜੇ। ਹਰ ਇਨਕਲਾਬੀ ਕਾਬਿਜ਼ ਸਟੇਟ ਦਾ ਕਾਨੂੰਨ ਤੋੜਦਾ ਹੈ। ਉਸ ਦੀ ਇਨਸਾਨੀਅਤ ਕਾਨੂੰਨ ਤੋੜਨ ਵਿਚ ਹੀ ਹੁੰਦੀ ਹੈ। ਕਾਬਿਜ਼ ਸਟੇਟ ਦਾ ਕਾਨੂੰਨ, ਉਸ ਦੀ ਹੋਂਦ ਹੀ ਜ਼ੁਲਮ ਹੁੰਦੀ ਹੈ। ਗੁਰੂ ਹਰਿਗੋਬਿੰਦ ਸਾਹਿਬ ਨੇ ਕੈਦ ਵਿਚੋਂ ਨਿਕਲ ਕੇ ਜਹਾਂਗੀਰ ਦਾ ਨੇੜ ਕੀਤਾ। ਉਹ ਨੇੜ ਕਮਾਲ ਦਰਜੇ ਦੀ ਰਾਜਨੀਤੀ ਸੀ। ਉਸ ਨੇੜ ਦੇ ਪਹਿਰਾਵੇ ਹੇਠ ਉਨ੍ਹਾਂ ਆਪਣੀ ਹਥਿਆਰ-ਬੰਦੀ ਕਰ ਲਈ। ਇਹ ਕਿੱਡੀ ਵਧੀਆ ਨੀਤੀ ਸੀ—ਇਸ ਗੱਲ ਤੋਂ ਜ਼ਾਹਿਰ ਹੈ ਕਿ ਇਤਿਹਾਸਕਾਰਾਂ ਦੇ ਮੰਨਣ ਵਿਚ ਨਹੀਂ ਆਉਂਦੀ ਕਿ ਸਥਾਨਕ ਰਾਜ-ਪ੍ਰਬੰਧ ਦੀਆਂ ਅੱਖਾਂ ਸਾਹਮਣੇ ਫ਼ੌਜ ਤਿਆਰ ਕਿਸ ਤਰ੍ਹਾਂ ਹੋ ਗਈ। ਉਹ ਰਾਜ-ਪ੍ਰਬੰਧ ਨੂੰ ਅੰਨ੍ਹਾਂ ਜਾਂ



Digitized by Panjab Digital Library | www.panjabdigilib.org

ਸੁੱਤਾ ਪਿਆ ਕਹਿੰਦੇ ਹਨ। ਇਤਿਹਾਸਕਾਰਾਂ ਦੀ ਇਹ ਹੈਰਾਨੀ ਗੁਰੂ ਹਰਿਗੋਬਿੰਦ ਦੀ ਰਾਜਨੀਤੀ ਨੂੰ ਦਾਦ ਹੈ। ਇਸ ਤਰ੍ਹਾਂ ਹੀ ਗੁਰੂ ਹਰਿਗੋਬਿੰਦ ਨੂੰ ਵਜ਼ੀਰ ਖ਼ਾਨ ਦੇ, ਸ਼ਾਹ ਜਹਾਨ ਦੇ ਨੇੜ ਤੋਂ ਫ਼ਾਇਦਾ ਹੋਇਆ। ਉਹ ਹੀ ਫ਼ਾਇਦਾ ਗੁਰੂ ਗੋਬਿੰਦ ਸਿੰਘ ਨੂੰ ਨੰਦ ਲਾਲ ਦੀ ਪੁਜ਼ੀਸ਼ਨ ਕਰਕੇ ਹੋਇਆ।

ਹੁਣ ਗੁਰੂ ਗੋਬਿੰਦ ਸਿੰਘ ਸਾਹਿਬ ਸਾਹਮਣੇ ਪੁਜ਼ੀਸ਼ਨ ਕੀ ਸੀ ? ਲਹਿਰ ਦਾ ਤਣਿਆਂ ਤਕ ਜ਼ੋਰ ਲਗ ਚੁੱਕਾ ਸੀ। ਇਹ ਠੀਕ ਹੈ ਕਿ ਖ਼ਾਲਸਾ ਅਮਰ ਹੈ ਅਤੇ ਮੁਗ਼ਲਾਂ ਦੇ ਮਾਰਿਆਂ ਉਹ ਮਰ ਨਹੀਂ ਸੀ ਸਕਦਾ, ਪਰ ਆਨੰਦਪੁਰ ਦੇ ਕਿਲ੍ਹੇ ਵਿਚਲਾ ਖ਼ਾਲਸਾ ਸ਼ਹੀਦ ਹੋ ਚੁੱਕਾ ਸੀ। ਤੱਤੀ ਫੱਟੀ ਖ਼ਾਲਸੇ ਦੀ ਇਕ ਹੋਰ ਫੌਜ ਦੇ ਖੜੀ ਹੋਣ ਦਾ ਇਮਕਾਨ ਨਹੀਂ ਸੀ। ਸਿਆਸੀ ਲਹਿਰਾਂ ਦਾ ਆਪਣਾ ਤਾਲ ਹੁੰਦਾ ਹੈ। ਵੱਡੇ ਤੋਂ ਵੱਡਾ ਇਨਕਲਾਬੀ ਲੀਡਰ ਵੀ ਉਸ ਤਾਲ ਦੇ ਖ਼ਿਲਾਫ਼ ਨਹੀਂ ਜਾ ਸਕਦਾ। ਉਸ ਦੀ ਪ੍ਰਤਿਭਾ ਹੁੰਦੀ ਹੀ ਇਸ ਗੱਲ ਵਿਚ ਹੈ ਕਿ ਉਹ ਚੜ੍ਹਾਉ ਵਿਚ ਆਈ ਲਹਿਰ ਨੂੰ ਲੀਵਰ ਲਾਵੇ ਅਤੇ ਉਸ ਤੋਂ ਕੰਮ ਲਵੇ। ਗੁਰੂ ਸਾਹਿਬ ਮੁਗ਼ਲੀਆ ਰਾਜ-ਪ੍ਰਬੰਧ ਦੀਆਂ ਅੱਖਾਂ ਵਿਚ ਬਾਗ਼ੀ ਸਨ, ਮਫ਼ਰੂਰ ਸਨ। ਵਜ਼ੀਰ ਖ਼ਾਨ ਦੀ ਫ਼ੌਜ ਉਨ੍ਹਾਂ ਨੂੰ ਫੜਨ ਅਤੇ ਫੜ ਕੇ ਖ਼ਤਮ ਕਰਨ ਵਾਸਤੇ ਮਗਰ ਲੱਗੀ ਫਿਰਦੀ ਸੀ। ਗੁਰੂ ਸਾਹਿਬ ਤੇ ਲਹਿਰ ਦਾ ਇਸ ਪੁਜ਼ੀਸ਼ਨ ਵਿਚ ਹਿੱਤ ਕੀ ਸੀ ? ਹਿੱਤ ਇਹ ਸੀ ਕਿ ਗੁਰੂ ਸਾਹਿਬ ਇਸ ਪੁਜ਼ੀਸ਼ਨ ਵਿਚੋਂ ਨਿਕਲਣ ਅਤੇ ਫ਼ੌਜ ਦੀ ਫੜੋ-ਫੜਾਈ ਮਗਰੋਂ ਲੱਥੇ। ਜੇ ਤਲਵਾਰ ਦਾ ਇਕ ਫੇਰ ਲੰਘ ਗਿਆ ਹੈ, ਦੂਜੇ ਫੇਰ ਦਾ ਵਕਤ ਅਜੇ ਆਇਆ ਨਹੀਂ, ਤਾਂ ਰਾਜ-ਨੀਤੀ ਦਾ ਹਥਿਆਰ ਬਾਕੀ ਹੈ। ਉਹ ਇਨਕਲਾਬੀ ਲੀਡਰ ਕਾਹਦਾ ਜਿਸ ਦੇ ਸਭ ਹਥਿਆਰ ਖ਼ਤਮ ਹੋ ਜਾਣ ? ਜੋ ਪਹਿਲ ਹੀ ਨਾ ਕਰ ਸਕੇ ? ਹਰ ਪਹਿਲੂ ਉਤੇ ਅਗਲਾ ਕਦਮ ਉਠਾਉਣ ਦੀ ਸ਼ਕਤੀ ਅਗਲੇ ਕੋਲ ਚਲੀ ਜਾਵੇ ਤਾਂ ਲੀਡਰ ਨਿਹੱਥਾ ਹੋ ਗਿਆ ਸਮਝੋ।

ਵੇਖਣ ਵਾਲੀ ਗੱਲ ਇਹ ਹੈ ਕਿ ਗੁਰੂ ਸਾਹਿਬ ਦੀ ਰਾਜਨੀਤੀ ਨੇ ਲਿਆ ਕੀ ਤੇ ਦਿਤਾ ਕੀ ? ਇਹ ਵੇਖਣ ਵਾਸਤੇ ਸਥਿਤੀ ਦੇ ਰੂਪ ਤੇ ਵਸਤੂ ਨੂੰ ਵੱਖ ਵੱਖ ਕਰਕੇ ਵੇਖਣਾ ਲਾਭਦਾਇਕ ਹੈ। ਸਥਿਤੀ ਪਖੋਂ ਤੱਥ ਕੀ ਹਨ ? ਔਰੰਗਜ਼ੇਬ ਨੇ ਗੁਰੂ ਸਾਹਿਬ ਨੂੰ ਆਪਣੇ ਕੋਲ ਬੁਲਾਇਆ ਜਾਂ ਗੁਰੂ ਸਾਹਿਬ ਨੇ ਉਸ ਨੂੰ ਪਹਿਲਾਂ ਲਿਖਿਆ। ਖੱਟਿਆ ਇਹ ਕਿ ਗੁਰੂ ਸਾਹਿਬ ਤੇ ਖ਼ਾਲਸੇ ਦੀ ਫੜੋ-ਫੜਾਈ ਖ਼ਤਮ ਹੋਈ। ਗੁਰੂ ਸਾਹਿਬ ਨੇ ਆਜ਼ਾਦੀ ਨਾਲ ਆਪਣਾ ਕੰਮ ਕਰਨ ਦਾ ਰਾਹ ਬਣਾ ਲਿਆ। ਉਹ ਚੋਖਾ ਚਿਰ ਦਮਦਮੇ ਰਹੇ। ਮਾਲਵੇ ਵਿਚ ਖ਼ਾਲਸੇ ਦਾ ਬੀਜ ਬੀਜਣ ਤੋਂ ਇਲਾਵਾ ਉਨ੍ਹਾਂ ਕਾਫ਼ੀ ਸਾਹਿੱਤਕ ਤੇ ਵਿਚਾਰਧਾਰਕ ਕੰਮ ਕੀਤਾ। ਦਮਦਮਾ ਸਿੱਖ ਲਹਿਰ ਦਾ ਬਨਾਰਸ ਬਣਿਆ। ਗੁਰੂ ਸਾਹਿਬ ਔਰੰਗਜ਼ੇਬ ਨੂੰ ਮਿਲਣ ਵਾਸਤੇ ਤੁਰੇ। ਉਨ੍ਹਾਂ ਨੂੰ ਮਿਲਣ ਤੋਂ



Digitized by Panjab Digital Library | www.panjabdigilib.org

ਪਹਿਲਾਂ ਹੀ ਉਹ ਚਲ ਵੱਸਿਆ। ਮਿਲਾਪ ਹੋ ਜਾਂਦਾ ਤਾਂ ਉਹ ਗੁਰੂ ਸਾਹਿਬ ਨਾਲ ਕੀ ਕਰਦਾ : ਦੋਹਾਂ ਦਾ ਆਪਸ ਵਿਚ ਕੋਈ ਸਮਝੌਤਾ ਹੁੰਦਾ, ਗੁਰੂ ਸਾਹਿਬ ਆਪਣੇ ਅਤੇ ਖ਼ਾਲਸੇ 'ਤੇ ਹੋਏ ਜ਼ੁਲਮ ਦਾ ਕੁਝ ਬਣਵਾ ਲੈਂਦੇ, ਜਾਂ ਉਹ ਗੁਰੂ ਸਾਹਿਬ ਨੂੰ ਕੈਦ ਕਰਵਾ, ਮਰਵਾ ਦੇਂਦਾ, ਜਾ ਸਮਝੌਤਾ ਨਾ ਹੋਣ ਦੀ ਸੂਰਤ ਵਿਚ ਵੀ ਗੁਰੂ ਸਾਹਿਬ ਨੂੰ ਵਾਪਸ ਆਉਣ ਦੇਂਦਾ—ਇਹ ਹੁਣ ਸਭ ਕਿਆਫ਼ੇ ਹਨ, ਜਿਨ੍ਹਾਂ ਵਿਚ ਜਾਣ ਦਾ ਕੋਈ ਫ਼ਾਇਦਾ ਨਹੀਂ। ਗੁਰੂ ਸਾਹਿਬ ਨੇ ਔਰੰਗਜ਼ੇਬ ਦੇ ਰਿਸ਼ਤੇ ਤੋਂ ਇਸ ਸਥਿਤੀ ਵਿਚ ਖੱਟਿਆ ਹੀ ਖੱਟਿਆ। ਵੈਸੇ ਜੇ ਸਿੱਖ-ਲਹਿਰ ਦੇ ਇਤਿਹਾਸ ਵੱਲ ਵੇਖੀਏ ਤਾਂ ਜਦੋਂ ਵੀ ਗੱਦੀ ਉਤੇ ਬੈਠੇ ਗੁਰੂ ਨੇ ਆਪਣੇ ਸਲਾਹਕਾਰਾਂ ਦੀ ਸਲਾਹ ਦੇ ਵਿਰੁੱਧ ਫ਼ੈਸਲਾ ਕੀਤਾ, ਗੁਰੂ ਠੀਕ ਸਾਬਤ ਹੋਏ। ਗੁਰੂ ਹਰਿਗੋਬਿੰਦ, ਗੁਰੂ ਹਰਿ ਰਾਇ, ਗੁਰੂ ਹਰਕ੍ਰਿਸ਼ਨ ਸਾਹਿਬਾਨ ਦੇ ਫ਼ੈਸਲੇ ਮਿਸਾਲਾਂ ਹਨ। ਜੇ ਇਸ ਗੱਲ ਵੱਲ ਜਾਈਏ ਤਾਂ ਮੰਨਣ ਵਾਲੀ ਗੱਲ ਹੈ ਕਿ ਗੁਰੂ ਸਾਹਿਬ ਦਾ ਅੰਦਾਜ਼ਾ ਇਸ ਸਥਿਤੀ ਵਿਚ ਵੀ ਠੀਕ ਹੀ ਨਿਕਲਦਾ, ਅਤੇ ਉਨ੍ਹਾਂ ਦੇ ਔਰੰਗਜ਼ੇਬ ਦੇ ਮੇਲ ਵਿਚੋਂ ਕੁਝ ਫ਼ੈਜ਼ ਹੀ ਨਿਕਲਦਾ।

ਹੁਣ ਰਹੀ ਰੂਪ ਦੀ ਗੱਲ। ਸਾਡੇ ਕੋਲ ਇਕ **ਜ਼ਫ਼ਰਨਾਮਾ** ਹੈ ਅਤੇ ਦੂਸਰੇ ਇਹ ਤੱਥ ਕਿ ਗੁਰੂ ਸਾਹਿਬ ਨੇ ਇਸ ਨੂੰ ਖ਼ਾਸ ਬਾਦਸ਼ਾਹ ਦੇ ਹੱਥ ਦੇਣ ਵਾਸਤੇ ਕਿਹਾ। ਹੋਇਆ ਵੀ ਉਸ ਤਰ੍ਹਾਂ ਹੀ। ਔਰੰਗਜ਼ੇਬ ਨੇ ਲਿਖਤੀ ਜਵਾਬ ਕੋਈ ਨਾ ਦਿੱਤਾ ਪਰ ਦਇਆ ਸਿੰਘ ਤੇ ਧਰਮ ਸਿੰਘ (ਜਿਨ੍ਹਾਂ ਨੂੰ ਕਿ 'ਜ਼ਫ਼ਰਨਾਮਾ ਦੇ ਕੇ ਭੇਜਿਆ ਸੀ) ਨੂੰ ਅਮਨ ਅਮਾਨ ਨਾਲ ਵਾਪਸ ਆਉਣ ਦਿਤਾ। ਇਸ ਸਭ ਕੁਝ ਤੋਂ ਪਿੱਛੋਂ ਗੁਰੂ ਸਾਹਿਬ ਨੇ ਜਾ ਕੇ ਮਿਲਣ ਦਾ ਫ਼ੈਸਲਾ ਕੀਤਾ। ਸਿੱਖ ਲੇਖਕਾਂ ਦਾ ਕਹਿਣਾ ਹੈ ਕਿ ਜ਼ਫ਼ਰਨਾਮੇ ਨੂੰ ਵਾਚ ਕੇ ਅਤੇ ਦਇਆ ਸਿੰਘ ਤੇ ਧਰਮ ਸਿੰਘ ਨੇ ਜੋ ਜ਼ਬਾਨੀ ਦੱਸਿਆ, ਉਸ ਤੋਂ ਬਾਦਸ਼ਾਹ ਦਾ ਦਿਲ ਪਿਘਲਿਆ ਤੇ ਉਸ ਦਾ ਗੁਰੂ ਸਾਹਿਬ ਵੱਲ ਰਵੱਈਆ ਬਦਲਿਆ। ਇਸ ਦੇ ਵਿਰੁੱਧ ਇਤਿਹਾਸਕਾਰ ਇਹ ਕਹਿੰਦੇ ਹਨ ਕਿ ਜ਼ਫ਼ਰਨਾਮਾ ਕੋਈ ਐਸੀ ਚੀਜ਼ ਨਹੀਂ ਜਿਸ ਨੂੰ ਪੜ੍ਹ ਕੇ ਬਾਦਸ਼ਾਹ ਦਾ ਦਿਲ ਮੋਮ ਹੋਵੇ। ਉਸ ਨੂੰ ਗ਼ੁੱਸਾ ਆਉਣ ਦਾ ਜ਼ਿਆਦਾ ਇਮਕਾਨ ਸੀ! ਜਾਪਦਾ ਇਹ ਹੈ ਕਿ ਇਨ੍ਹਾਂ ਦੋਹਾਂ ਧਿਰਾਂ ਵਿਚੋਂ ਗੱਲ ਦੀ ਵਿਚਲੀ ਗੁੱਲੀ ਕਿਸੇ ਸਮਝੀ ਨਹੀਂ। ਜ਼ਫ਼ਰਨਾਮਾ ਕਿਸੇ ਦੇ ਦਿਲ ਦਾ ਨਿਕਲਿਆ ਉਬਾਲ ਨਹੀਂ, ਨਾ ਹੀ ਇਤਿਹਾਸ ਵਾਸਤੇ ਲਿਖ ਕੇ ਛੱਡੀ ਗਈ ਕੋਈ ਸ਼ਹਾਦਤ ਹੈ। ਇਹ ਗਹਿਰੇ ਸੰਕਟ ਦੇ ਸਮੇਂ ਸੋਚ ਸਮਝ ਕੇ, ਗਿਣ ਮਿੱਥ ਕੇ ਚਲੀ ਗਈ ਰਾਜਨੀਤਕ ਚਾਲ ਹੈ। ਵਰਤੇ ਗਏ ਹਰ ਲਫ਼ਜ਼ ਦਾ ਮਤਲਬ ਹੈ, ਪ੍ਰਗਟ ਕੀਤੇ ਹਰ ਜਜ਼ਬੇ ਦਾ ਮਨੋਰਥ ਹੈ। ਦੂਜੇ ਪਾਸੇ ਬਾਦਸ਼ਾਹ ਹੈ ਤਾਂ ਅਕਸਰ ਇਨਸਾਨ ਹੀ। ਇਨਸਾਨ ਹੋਣ ਦੇ ਨਾਤੇ ਉਸ ਨੂੰ ਗ਼ੁੱਸਾ ਵੀ ਆ ਸਕਦਾ ਹੈ; ਉਸ ਦਾ ਦਿਲ ਮੋਮ ਵੀ ਹੋ ਸਕਦਾ ਹੈ। ਰਾਜਨੀਤੀ ਵਿਚੋਂ ਜ਼ਾਤੀ ਮਨੁੱਖੀ ਅੰਗ ਬਿਲਕੁਲ ਅਲੋਪ ਤਾਂ ਨਹੀਂ ਹੁੰਦਾ। ਬਾਹਰਲੀ



Digitized by Panjab Digital Library | www.panjabdigilib.org

ਸਥਿਤੀ ਅਤੇ ਬਾਦਸ਼ਾਹ ਦੀ ਜ਼ਾਤ ਦਾ ਆਪਸ ਵਿਚ ਰਿਸ਼ਤਾ ਡਾਇਲੈਕਟੀਕਲ ਹੁੰਦਾ ਹੈ। ਪਰ ਜ਼ਿਆਦਾ ਇਮਕਾਨ ਬਾਦਸ਼ਾਹ ਦੀ ਸ਼ਖ਼ਸੀਅਤ ਦਾ ਸਿਆਸੀ ਸਥਿਤੀ ਦੀ ਲੋੜ ਦੇ ਅਨੁਸਾਰ ਢਲਣ ਦਾ ਹੁੰਦਾ ਹੈ। ਬਾਹਰਲੀ ਸਿਆਸੀ ਸਥਿਤੀ 'ਤੇ ਬਾਦਸ਼ਾਹ ਦੀ ਤਬੀਅਤ ਦਾ ਕਦਰੇ ਘੱਟ ਅਸਰ ਹੁੰਦਾ ਹੈ। ਸੋ ਬਾਦਸ਼ਾਹ ਦੇ ਗੁੱਸੇ ਜਾਂ ਹਮਦਰਦੀ ਆਦਿ ਦਾ ਉਸ ਦੀ ਰਾਜਨੀਤਕ ਲੋੜ ਦੇ ਵਿਰੁੱਧ ਜਾਣ ਦਾ ਇਮਕਾਨ ਘੱਟ ਹੁੰਦਾ ਹੈ। ਆਮ ਤੌਰ ਉਤੇ ਮੁਸਕਰਾਹਟ ਜਾਂ ਤਿਊੜੀ ਰਾਜਨੀਤਕ ਚਾਲ ਦੇ ਅਧੀਨ ਹੀ ਹੁੰਦੀ ਹੈ। ਸੋ ਜ਼ਫ਼ਰਨਾਮੇ ਦੇ ਅਸਰ ਦਾ ਅੰਦਾਜ਼ਾ, ਉਸ ਦੇ ਲਫ਼ਜ਼ਾਂ ਜਾਂ ਉਸ ਵਿਚ ਪ੍ਰਗਟ ਜਜ਼ਬੇ ਦੇ ਕਿਸੇ ਸਾਧਾਰਣ ਆਦਮੀ ਦੇ ਦਿਲ ਉਤੇ ਹੁੰਦੇ ਅਸਰ ਤੋਂ ਲਾਉਣਾ ਬੇਸਮਝੀ ਹੈ। ਦਿਲ ਇਕ ਖ਼ਾਸ ਸਿਆਸੀ ਸਥਿਤੀ ਵਿਚ ਇਕ ਖ਼ਾਸ ਬਾਦਸ਼ਾਹ ਦਾ ਹੈ। ਉਸ ਨੂੰ ਰਾਜਨੀਤੀ ਤੋਂ ਬਿਲਕੁਲ ਨਿਖੇੜ ਕੇ ਸਿਆਸੀ ਸਥਿਤੀ ਵਿਚ ਪਾਏ ਬਗ਼ੈਰ ਕੁਝ ਕਹਿ ਦੇਣਾ ਅਣਜਾਣਪੁਣਾ ਹੈ।

ਜ਼ਫ਼ਰਨਾਮਾ ਰੂਪ ਹੈ। ਉਸ ਦਾ ਸੱਚ ਸਥਿਤੀ ਵਿਚ ਹੈ। ਜੇ ਗੁਰੂ ਸਾਹਿਬ ਦੇ ਅੰਦਾਜ਼ੇ ਮੁਤਾਬਿਕ ਸਥਿਤੀ ਵਿਚ ਇਸ ਚਾਲ ਦੀ ਸੰਭਾਵਨਾ ਹੀ ਨਾ ਹੁੰਦੀ ਤਾਂ ਉਹ ਇਹ ਕਦਮ ਉਠਾਉਂਦੇ ਹੀ ਨਾ। ਇਹ ਵੀ ਮੁਮਕਿਨ ਹੈ ਕਿ ਗੁਰੂ ਸਾਹਿਬ ਨੂੰ ਕੋਲ ਸੱਦ ਕੇ ਮਰਵਾਉਣ ਦੀ ਔਰੰਗਜ਼ੇਬ ਦੀ ਡੂੰਘੀ ਚਾਲ ਹੋਵੇ। ਪਰ ਗੁਰੂ ਸਾਹਿਬ ਦਾ ਕਮ-ਅਜ਼-ਕਮ ਇਹ ਅੰਦਾਜ਼ਾ ਨਹੀਂ ਸੀ। ਇਸ ਵਾਸਤੇ ਹੀ ਉਹ ਉਸ ਨੂੰ ਮਿਲਣ ਤੁਰੇ। ਉਸ ਨੇ ਗੁਰੂ ਸਾਹਿਬ ਨੂੰ ਕਿਉਂ ਸਭ ਕਿਸਮ ਦੀ ਖੁਲ੍ਹ ਦੇ ਦਿੱਤੀ ? ਜ਼ਫ਼ਰਨਾਮੇ ਤੋਂ ਗੁੱਸੇ ਦੇ ਅਸਰ ਦੀ ਥਾਂ ਗੁਰੂ ਸਾਹਿਬ ਦੇ ਹੱਕ ਵਿਚ ਅਸਰ ਕਿਉਂ ਹੋਇਆ ? ਇਸ ਦੇ ਕਾਰਨਾਂ ਬਾਬਤ ਬਾਦਸ਼ਾਹ ਦੇ ਪਾਸੇ ਤੋਂ ਕਿਸੇ ਕਿਸਮ ਦਾ ਚਾਨਣਾ ਨਹੀਂ ਪੈਂਦਾ ; ਸੋ ਹਰ ਇਕ ਦਾ ਆਪੋ ਆਪਣਾ ਕਿਆਸ ਹੀ ਹੈ ਜਿਸ ਤਰ੍ਹਾਂ ਇਸ ਗੱਲ ਦਾ ਕਿ ਗੁਰੂ ਹਰਿਗੋਬਿੰਦ ਨੇ ਰਾਜ-ਪ੍ਰਬੰਧ ਦੀਆਂ ਅੱਖਾਂ ਸਾਹਮਣੇ ਫ਼ੌਜ ਕਿਸ ਤਰ੍ਹਾਂ ਖੜੀ ਕਰ ਲਈ। ਇਕ ਗੱਲ ਸਪੱਸ਼ਟ ਹੈ ਕਿ ਗੁਰੂ ਸਾਹਿਬ ਨੇ ਜੋ ਅੰਦਾਜ਼ਾ ਲਾ ਕੇ ਇਹ ਜ਼ਫ਼ਰਨਾਮਾ ਭੇਜਿਆ ਸੀ ਅਸਰ ਕੁਝ ਉਨ੍ਹਾਂ ਦੇ ਅੰਦਾਜ਼ੇ ਦੇ ਮੁਤਾਬਿਕ ਹੀ ਹੋਇਆ ; ਅਤੇ ਇਸ ਵਿਚ ਗੁਰੂ ਸਾਹਿਬ ਨੇ ਆਪਣੇ ਪੈਂਤੜੇ, ਪ੍ਰੋਗਰਾਮ ਤੇ ਸ੍ਵੈ-ਸਨਮਾਨ ਵਿਚੋਂ ਕੁਝ ਦਿਤਾ ਨਹੀਂ। ਇਸ ਦਾ ਸਭ ਤੋਂ ਵਡਾ ਸਬੂਤ ਇਹ ਹੈ ਕਿ ਇਤਿਹਾਸਕਾਰਾਂ ਨੂੰ ਇਹ ਯਕੀਨ ਹੀ ਨਹੀਂ ਆਉਂਦਾ ਕਿ ਜ਼ਫ਼ਰਨਾਮੇ ਤੋਂ ਇਹ ਅਸਰ ਹੋ ਕਿਸ ਤਰ੍ਹਾਂ ਗਿਆ।

ਜ਼ਫ਼ਰਨਾਮੇ ਦੇ ਨਾਂ ਤੋਂ ਹੀ ਜ਼ਾਹਿਰ ਹੈ ਕਿ ਗੁਰੂ ਸਾਹਿਬ ਆਪਣੇ ਆਪ ਨੂੰ ਹਾਰਿਆ ਹੋਇਆ ਮਹਿਸੂਸ ਨਹੀਂ ਸਨ ਕਰਦੇ। ਇਹ ਸਿਰਫ਼ ਗੁਰੂ ਸਾਹਿਬ ਦੇ ਮੁਰਾਲ ਦੀ ਗੱਲ ਨਹੀਂ। ਗੁਰੂ ਸਾਹਿਬ ਤਹਿ ਦੀ ਸਚਾਈ ਬਿਆਨ ਕਰ ਰਹੇ ਹਨ। ਵੇਖਣ ਨੂੰ



Digitized by Panjab Digital Library | www.panjabdigilib.org

ਪਹਿਲੇ ਫੇਰ ਵਿਚ ਖ਼ਾਲਸੇ ਨੂੰ ਅਨੰਦਪੁਰ ਛੱਡਣਾ ਪਿਆ ਤੇ ਸ਼ਾਹੀ ਫ਼ੌਜ ਨੇ ਗੁਰੂ ਸਾਹਿਬ ਨੂੰ ਇਕੱਲਿਆਂ, ਨੰਗਿਆਂ ਕਰਕੇ ਬਹਾਇਆ ਹੋਇਆ ਹੈ। ਪਰ ਜ਼ਰਾ ਕੁ ਡੂੰਘੀ ਨਜ਼ਰ ਨਾਲ ਵੇਖਿਆਂ ਪ੍ਰਤੱਖ ਹੈ ਕਿ ਹਾਰ ਹਕੂਮਤ ਦੀ ਹੈ। ਜਿਸ ਤਰ੍ਹਾਂ ਖ਼ਾਲਸੇ ਨੇ ਪਿੱਛੋਂ ਆ ਕੇ ਅਹਿਮਦ ਸ਼ਾਹ ਅਬਦਾਲੀ ਦੀ ਪਾਨੀਪਤ ਦੀ ਜਿੱਤ ਨੂੰ ਵਿਅਰਥ ਕਰ ਦੇਣਾ ਸੀ, ਇਸ ਤਰ੍ਹਾਂ ਹੀ ਹੁਣ ਤੋਂ ਅੱਗੋਂ ਕਿਸੇ ਖ਼ਾਸ ਲੜਾਈ ਜਾਂ ਝੜਪ ਵਿਚ, ਵੇਖਣ ਨੂੰ ਜਿੱਤੇ ਭਾਵੇਂ ਹਕੂਮਤ ਹੀ, ਪਰ ਹਾਰ ਹਕੂਮਤ ਦੀ ਹੀ ਹੁੰਦੀ ਜਾਵੇਗੀ। ਅਨੰਦਪੁਰ ਤੇ ਚਮਕੌਰ ਦੀ ਲੜਾਈ ਨੇ ਪੁਜ਼ੀਸ਼ਨ ਕੀ ਬਣਾਈ ? ਜਿਸ ਤਰ੍ਹਾਂ ਗੁਰੂ ਅਰਜਨ ਸਹਿਬ ਦੀ ਸ਼ਹੀਦੀ ਨੇ ਗੁਰੂ ਹਰਿਗੋਬਿੰਦ ਪੈਦਾ ਕੀਤਾ ਅਤੇ ਗੁਰੂ ਤੇਗ ਬਹਾਦਰ ਦੀ ਸ਼ਹੀਦੀ ਨੇ ਗੁਰੂ ਗੋਬਿੰਦ ਸਿੰਘ, ਇਸੇ ਤਰ੍ਹਾਂ ਹੀ ਅਨੰਦਪੁਰ ਦੀ ਉਪਰੋਂ ਵੇਖਣ ਨੂੰ ਲਗਦੀ ਹਾਰ ਨੇ ਹੋਣ ਵਾਲੀ ਸਰਹੰਦ ਦੀ ਫ਼ਤਹ ਨੂੰ ਮੁਮਕਿਨ ਕੀਤਾ। ਅੱਜ ਤਕ ਖ਼ਾਲਸੇ ਉਤੇ ਹਮਲੇ ਹੁੰਦੇ ਰਹੇ ਸਨ। ਹੁਣ ਖ਼ਾਲਸਾ ਹਮਲਾ ਕਰੇਗਾ। ਇਹ ਸਮਾਜਕ ਉਸਾਰੀ ਦੇ ਕਾਨੂੰਨ ਦਾ, ਪਰਮ ਪੁਰਖ ਦਾ ਹੁਕਮ ਹੈ, ਹੋ ਕੇ ਰਹੇਗਾ। ਇਹ ਇਨਕਲਾਬੀ ਲਹਿਰ ਦਾ ਕਾਇਦਾ, ਇਨਕਲਾਬ ਦਾ ਖ਼ਾਸਾ ਹੈ। 'ਜਬੀ ਬਾਣ ਲਾਗੈ ਤਬੀ ਰੋਸ ਜਾਗੈ'। ਗੁਰੂ ਸਾਹਿਬ ਜ਼ਫ਼ਰਨਾਮੇ ਵਿਚ ਬਾਦਸ਼ਾਹ ਨੂੰ ਅਸਲੀਅਤ ਦੱਸ ਰਹੇ ਹਨ ਕਿ ਤੂੰ ਚੰਗਿਆੜਿਆਂ ਤੋਂ ਭਾਂਬੜ ਬਾਲ ਰਿਹਾ ਹੈਂ। ਗੱਲ ਇਹ ਸਦਾਚਾਰਕ ਹੀ ਨਹੀਂ, ਸਿਆਸੀ-ਫ਼ੌਜੀ ਹੋ ਰਹੀ ਹੈ। ਮਾਛੀਵਾੜੇ ਦੇ ਜੰਗਲ ਵਿਚ ਢੀਮ 'ਤੇ ਸਿਰ ਰੱਖੀ ਪਏ ਗੁਰੂ ਗੋਬਿੰਦ ਸਿੰਘ ਦੇ ਸਾਹਮਣੇ ਜਿੱਤ ਹੈ ਅਤੇ ਤਖ਼ਤ ਉਤੇ ਬੈਠੇ ਔਰੰਗਜ਼ੇਬ ਦੇ ਸਾਹਮਣੇ ਹਾਰ। ਇਸ ਗੱਲ ਦਾ ਬਾਦਸ਼ਾਹ ਨੂੰ ਚਾਨਣਾ ਹੋਵੇ, ਨਾ ਹੋਵੇ, ਗੁਰੂ ਸਾਹਿਬ ਨੂੰ ਇਹ ਪ੍ਰਤੱਖ ਹੈ।

ਜ਼ਫ਼ਰਨਾਮਾ ਇਕ ਪਾਸੇ ਤੋਂ ਬਿਲਕੁਲ ਅਸਲੀਅਤ ਦਾ ਬਿਆਨ ਹੈ, ਦੂਜੇ ਪਾਸੇ ਤੋਂ ਰਾਜਨੀਤਕ ਸ਼ਾਹਕਾਰ ਹੈ। ਅਸਲੀਅਤ ਹਮੇਸ਼ਾ ਇਨਕਲਾਬ ਦੇ ਹੱਕ ਵਿਚ ਹੁੰਦੀ ਹੈ, ਉਸ ਨੂੰ ਹਮੇਸ਼ਾ ਪੁੱਗਦੀ ਹੈ, ਉਸ ਦੇ ਵਿਰੋਧੀ ਨੂੰ ਨਹੀਂ। ਗੁਰੂ ਸਾਹਿਬ ਬਾਦਸ਼ਾਹ ਨੂੰ ਪਰਮ ਪੁਰਖ ਦੇ ਦਾਸੇ ਦੀ ਹੈਸੀਅਤ ਵਿਚ ਲਿਖਦੇ ਹਨ। ਇਹ ਉਨ੍ਹਾਂ ਦੀ ਸਾਰੀ ਜ਼ਿੰਦਗੀ ਦੀ, ਸਮਾਜਕ ਉਸਾਰੀ ਦੇ ਕਾਨੂੰਨ ਦੀ ਅਸਲੀਅਤ ਸੀ ਪਰ ਇਸ ਵਿਚ ਰਾਜਨੀਤੀ ਵੀ ਪਰਲੇ ਦਰਜੇ ਦੀ ਹੈ, ਪੈਂਤੜੇ ਦੀ ਹੈ। ਹਰ ਸਮਾਜ ਵਿਚ ਕੁਝ ਰਵਾਇਤਾਂ ਹੁੰਦੀਆਂ ਹਨ। ਉਨ੍ਹਾਂ ਵਿਚ ਕੁਝ ਸਮਾਜਕ ਸੱਚ ਹੁੰਦਾ ਹੈ। ਸਮਾਜ ਦਾ ਚੱਕਰ ਚਲਾਉਣ ਵਿਚ ਉਨ੍ਹਾਂ ਦੀ ਥਾਂ ਹੁੰਦੀ ਹੈ। ਮਿਸਾਲ ਦੇ ਤੌਰ 'ਤੇ ਮੱਧਕਾਲੀਨੀ ਬਾਦਸ਼ਾਹਾਂ ਨੂੰ ਜੋ ਕੁਝ ਉਨ੍ਹਾਂ ਦੇ ਦਰਬਾਰ ਦਾ ਸਰਕਾਰੀ ਮਸਖ਼ਰਾ ਕਹਿ ਸਕਦਾ ਸੀ ਹੋਰ ਕੋਈ ਦਰਬਾਰੀ ਜ਼ਬਾਨੋਂ ਨਹੀਂ ਸੀ ਕੱਢ ਸਕਦਾ। ਇਸ ਤਰ੍ਹਾਂ ਹੀ ਦਰਵੇਸ਼ ਦੀ ਪੁਜ਼ੀਸ਼ਨ ਸੀ। ਬਾਦਸ਼ਾਹ ਨੂੰ ਸਿਆਸੀ ਤੌਰ ਉਤੇ ਨਾ ਚੁੱਭਦਾ ਹੋਵੇ,



Digitized by Panjab Digital Library | www.panjabdigilib.org

ਦਰਵੇਸ਼ ਕੁਝ ਕਹਿ ਦੇਵੇ ਉਸ ਨੂੰ ਸਹਾਰਨ ਵਿਚ ਬਾਦਸ਼ਾਹ ਦੀ ਕੋਈ ਤੌਹੀਨ ਨਹੀਂ ਸੀ ਗਿਣੀ ਜਾਂਦੀ। ਇਹ ਨਹੀਂ ਕਿ ਬਾਦਸ਼ਾਹ ਰੱਬ ਦੇ ਰਾਹ ਵਾਲਿਆਂ ਨੂੰ ਮਰਵਾਉਂਦੇ ਨਹੀਂ ਸਨ। ਔਰੰਗਜ਼ੇਬ ਨੇ ਗੁਰੂ ਤੇਗ ਬਹਾਦਰ ਨੂੰ ਕਤਲ ਕਰਵਾਇਆ। ਪਰ ਫੇਰ ਵੀ ਫ਼ਰਕ ਸੀ, ਰਵਾਇਤ ਦਾ ਅਸਰ ਸੀ। ਗੁਰੂ ਸਾਹਿਬ ਨੂੰ ਦੋ ਰਾਹ ਦਿਤੇ ਗਏ : ਕਰਾਮਾਤ ਵਿਖਾਓ, ਆਪਣੇ ਆਪ ਨੂੰ ਪੈਗ਼ੰਬਰ ਸਾਬਿਤ ਕਰੋ, ਨਹੀਂ ਤਾਂ ਇਸਲਾਮ ਕਬੂਲ ਕਰੋ। ਗੁਰੂ ਗੋਬਿੰਦ ਸਿੰਘ ਦੇ ਮਗਰੋਂ ਬਹਾਦਰ ਸ਼ਾਹ ਨੇ ਉਨ੍ਹਾਂ ਨੂੰ ਦਰਵੇਸ਼ ਸਮਝ ਕੇ ਜਾਇਦਾਦ ਜ਼ਬਤ ਨਹੀਂ ਸੀ ਕੀਤੀ, ਹਾਲਾਂ ਕਿ ਆਮ ਕਾਨੂੰਨ ਮੁਤਾਬਿਕ ਕਰਨੀ ਚਾਹੀਦੀ ਸੀ। ਸਾਰੀ ਗੱਲ ਦਾ ਮਤਲਬ ਇਹ ਹੈ ਕਿ ਜੇ ਬਾਦਸ਼ਾਹ ਨੂੰ ਸਿਆਸੀ, ਰਾਜਨੀਤਕ ਤੌਰ 'ਤੇ ਦਰਵੇਸ਼ ਦੀ ਹਰਕਤ ਨੂੰ ਦਰਗੁਜ਼ਰ ਕਰਨਾ ਪੁੱਗਦਾ ਹੋਵੇ ਤਾਂ ਉਸ ਦੇ ਲਫ਼ਜ਼ਾਂ ਜਾਂ ਕਹੀ ਗੱਲ ਦੇ ਉਤੇ ਗੁੱਸਾ ਨਾ ਕਰਨ ਵਾਸਤੇ ਰਾਹ ਸੀ। ਸੋ ਗੁਰੂ ਸਾਹਿਬ ਦੇ ਲਫ਼ਜ਼ਾਂ ਦਾ ਗ਼ੁੱਸਾ ਨਾ ਕਰਨ ਦਾ ਜਵਾਬ ਇੱਥੇ ਹੈ।

ਮਸਲਾ ਬਾਕੀ ਵਸਤੂ ਦਾ ਹੈ ਕਿ ਗੁਰੂ ਸਾਹਿਬ ਦੀ ਹੋਂਦ ਨੂੰ ਦਰਗੁਜ਼ਰ ਕਰਨਾ ਬਾਦਸ਼ਾਹ ਨੂੰ ਉਸ ਸਮਾਜਕ ਸਥਿਤੀ ਵਿਚ ਪੁੱਗਦਾ ਕਿਵੇਂ ਸੀ।

ਜ਼ਫ਼ਰਨਾਮੇ ਵਿਚ ਗੁਰੂ ਸਾਹਿਬ ਰੱਬ ਦੀ ਸਿਫ਼ਤ, ਰੱਬ ਦੀ ਵਡਿਆਈ ਤੋਂ ਤੁਰਦੇ ਹਨ। ਅਤ ਉਸ ਦੀ ਮਹਿਮਾ 'ਤੇ ਹੀ ਖ਼ਤਮ ਕਰਦੇ ਹਨ। ਰੱਬ ਸਭ ਕਾਸੇ ਦਾ ਮਾਲਿਕ ਹੈ। ਸਭ ਕੁਝ ਦੇਂਦਾ ਹੈ। ਬੰਦੇ ਦੀਆਂ ਸਭ ਮੁਸ਼ਕਿਲਾਂ ਹੱਲ ਕਰਦਾ ਹੈ। ਉਸ ਦਾ ਸਿਰਜਣਹਾਰ ਹੈ। ਦੁਖੀਆਂ ਦੀ ਓਟ, ਬਾਦਸ਼ਾਹਾਂ ਦਾ ਬਾਦਸ਼ਾਹ ਹੈ। ਉਸ ਨਾਲ ਆਪਣਾ ਰਿਸ਼ਤਾ ਬਿਆਨ ਕਰਦੇ ਹਨ। ਮੈਂ ਉਸ ਦਾ ਦਾਸ ਹਾਂ। ਉਸ ਦਾ ਹੁਕਮ ਜਾਨ ਨਾਲ ਬਜਾ ਲਿਆਉਣ ਨੂੰ ਹਰ ਵਕਤ ਤਿਆਰ ਹਾਂ। ਮੈਨੂੰ ਉਸ ਦਾ ਹੁਕਮ ਹੋਵੇ ਤਾਂ ਮੈਂ ਤਹਿ ਦਿਲ ਤੇਰੇ ਕੋਲ ਪਹੁੰਚਾਂ। ਬੰਦੇ ਨੂੰ ਰਾਹ ਰੱਬ ਵਿਖਾਉਂਦਾ ਹੈ। ਵੇਖ ਰੱਬ ਦੀ ਤਾਕਤ, ਉਹ ਇਕ ਕੋਲੋਂ ਲੱਖਾਂ ਮਰਵਾ ਸਕਦਾ ਹੈ। ਜਦੋਂ ਰੱਬ ਮਿਹਰਬਾਨ ਹੋਵੇ, ਦੁਸ਼ਟ ਕੀ ਕਰ ਸਕਦਾ ਹੈ ?

ਗੁਰੂ ਸਾਹਿਬ ਬਾਦਸ਼ਾਹ ਉੱਤੇ ਦੋ ਕਿਸਮ ਦੇ ਦੂਸ਼ਣ ਲਾਉਂਦੇ ਹਨ।a ਇਕ ਆਮ ਤੇ ਇਕ ਖ਼ਾਸ। ਆਮ ਤਾਂ ਉਸ ਕਿਸਮ ਦੇ ਹਨ ਜੋ ਬਾਣੀ ਵਿਚ ਹਰ ਜਗ੍ਹਾ ਪੈਂਤੜਾ ਹੈ। ਤੈਨੂੰ ਰੱਬ ਵਿਚ ਯਕੀਨ ਨਹੀਂ, ਮੁਹੰਮਦ 'ਤੇ ਇਤਕਾਦ ਨਹੀਂ। ਤੂੰ ਪੈਸੇ ਦੀ ਪ੍ਰਸਤਿਸ਼ ਕਰਦਾ ਹੈਂ। ਤੈਨੂੰ ਆਪਣੀ ਦੌਲਤ, ਫ਼ੌਜ, ਸਲਤਨਤ ਦਾ ਮਾਣ ਹੈ। ਰੱਬ ਨੂੰ ਸਮਝਣਾ ਤੇਰਾ ਫ਼ਰਜ਼ ਹੈ। ਤੇਰੀ ਕੈਸੀ ਬਾਦਸ਼ਾਹੀ ਹੈ, ਤੇਰਾ ਕੈਸਾ ਇਨਸਾਫ਼ ਹੈ, ਕੈਸਾ ਕਾਨੂੰਨ ਹੈ ? ਤੈਨੂੰ ਰੱਬ ਨੇ ਹੋਰਨਾਂ ਨੂੰ ਦੁਖੀ ਕਰਨ ਵਾਸਤੇ ਨਹੀਂ ਕਿਹਾ। ਤੂੰ ਬੇਰਹਿਮੀ ਨਾਲ ਕਿਸੇ ਉੱਤੇ ਤਲਵਾਰ ਨਾ ਚਲਾ, ਤੇਰੇ ਸਿਰ ਉੱਤੇ ਵੀ ਤਲਵਾਰ ਖੜੀ ਹੈ। ਰੱਬ ਤੋਂ ਡਰ। ਰੱਬ ਤੈਨੂੰ ਤੇਰੇ ਚਿਤਵੇ ਮੰਦੇ ਕਰਮਾਂ ਦਾ ਫਲ ਦੇਵੇਗਾ। ਤੂੰ ਲੋਕਾਂ 'ਤੇ ਜਬਰ ਕਰਦਾ



Digitized by Panjab Digital Library | www.panjabdigilib.org

ਹੈਂ। ਤੂੰ ਰੱਬ ਨੂੰ ਨਹੀਂ ਜਾਣਦਾ। ਦੂਜੇ ਲਫ਼ਜ਼ਾਂ ਵਿਚ, ਬਾਦਸ਼ਾਹ ਤਾਂ ਹੈਂ, ਪਰ ਮਜ਼੍ਹਬ ਤੈਥੋਂ ਦੂਰ ਹੈ।

ਖ਼ਾਸ ਦੂਸ਼ਨ ਹੈ ਕੁਰਾਨ ਉੱਤੇ ਖਾਧੀਆਂ ਕਸਮਾਂ ਤੋੜਨ ਦਾ, ਏਲਚੀ ਦੀ ਜ਼ਬਾਨੀ ਆਖੇ ਲਫ਼ਜ਼ਾਂ ਤੋਂ ਫਿਰਨ ਦਾ। ਕਹੀ ਦੇ ਲਫ਼ਜ਼ਾਂ ਤੋਂ ਮੁਕਰਨ ਦਾ, ਇਕਰਾਰਾਂ ਤੋਂ ਫਿਰੇ ਦਾ ਸੰਬੰਧ ਚਮਕੌਰ ਦੀ ਲੜਾਈ ਤੇ ਕੀਤੇ ਜ਼ੁਲਮ ਨਾਲ ਹੈ। ਮੰਗ ਹੈ ਕਿ ਤੂੰ ਆਪਣੀਆਂ ਕਸਮਾਂ, ਇਕਰਾਰਾਂ, ਆਪਣੇ ਦੀਨ ਦਾ ਬੱਧਾ ਮੇਰੇ ਕੋਲ ਆ। ਮੈਂ ਤੇਰੇ 'ਤੇ ਮਿਹਰ ਕਰਾਂ।

ਜ਼ਫ਼ਰਨਾਮੇ ਵਿਚ ਬਹੁਤੀਆਂ ਕਹੀਆਂ ਗੱਲਾਂ ਦਾ ਰੂਪ ਮਜ਼੍ਹਬੀ ਹੈ। ਵੇਖਣਾ ਇਹ ਹੈ ਕਿ ਉਹਨਾਂ ਦਾ ਅੱਜ ਕਲ੍ਹ ਦੀ ਸਿਆਸੀ ਬੋਲੀ ਵਿਚ ਕੀ ਮਤਲਬ ਹੈ। ਮਤਲਬ ਇਹ ਹੈ ਕਿ ਮੈਂ ਬੁਤ-ਸ਼ਿਕਨ ਹਾਂ। ਸੁਝਾਅ ਹੈ ਕਿ ਤੂੰ ਵੀ ਬੁਤ-ਸ਼ਿਕਨ ਹੈਂ। ਮੈਂ ਲੜਾਕਿਆਂ ਬੁਤ-ਪ੍ਰਸਤ ਪਹਾੜੀ ਰਾਜਿਆਂ ਨੂੰ ਮਾਰਨਾ ਚਾਹੁੰਦਾ ਸਾਂ। ਦੱਸਿਆ ਗਿਆ ਹੈ ਕਿ ਮੈਂ ਤੈਨੂੰ ਕੁਝ ਨਹੀਂ ਆਖਿਆ। ਖ਼ਾਲਸੇ ਨੇ ਸ਼ਾਹੀ ਫ਼ੌਜ ਉੱਤੇ ਹਮਲਾ ਨਹੀਂ ਕੀਤਾ। ਤੇਰੀ ਫ਼ੌਜ ਨੇ ਖ਼ਾਹ-ਮਖ਼ਾਹ ਮਦਾਖ਼ਲਤ ਕੀਤੀ। ਬਗ਼ੈਰ ਕਿਸੇ ਕਾਰਨ ਦੇ ਸਾਡੇ ਉੱਤੇ ਪੈ ਗਈ। ਗੁਰੂ ਸਾਹਿਬ ਇਥੇ ਆਪਣੇ ਆਪ ਨੂੰ ਤੇ ਖ਼ਾਲਸੇ ਨੂੰ ਮਜ਼ਲੂਮ ਦੀ ਹੈਸੀਅਤ ਵਿਚ ਪੇਸ਼ ਕਰਦੇ ਹਨ। ਲੜਾਈ ਵਿਚ ਵੀ ਤੇਰੇ ਫ਼ੌਜਦਾਰਾਂ ਨੇ ਰਾਜਨੀਤੀ ਤੇ ਬਾਇੱਜ਼ਤ ਲੜਾਈ ਦੇ ਸਭ ਕਾਨੂੰਨ ਤੋੜ ਕੇ ਸਾਡੇ 'ਤੇ ਜ਼ੁਲਮ ਕੀਤਾ। ਇਕਰਾਰ ਕਰਕੇ ਕਿ ਅਮਨ ਅਮਾਨ ਨਾਲ ਨਿਕਲ ਜਾਣ ਦਿਆਂਗੇ, ਸਾਡੇ 'ਤੇ ਉਹਨਾਂ ਵਿਸਾਹ-ਘਾਤ ਕਰਕੇ ਹਮਲਾ ਕੀਤਾ। ਜ਼ੁਲਮ ਇਸ ਹਦ ਤਕ ਕਿ ਨਿਆਣਿਆਂ, ਮਾਸੂਮਾਂ ਬੇਕਸੂਰਾਂ ਨੂੰ ਵੀ ਬੇਰਹਿਮੀ ਨਾਲ ਕਤਲ ਕੀਤਾ। ਲੜਾਈ ਦੇ ਹਰ ਅਸੂਲ ਦੇ ਖ਼ਿਲਾਫ਼ ਸਾਡੇ ਉੱਤੇ ਹਮਲਾ ਹੋਇਆ। ਪਰ ਅਸਾਂ ਫੇਰ ਵੀ ਜੋਧਿਆਂ ਦੀ ਲੜਾਈ ਲੜੀ। ਰੱਬ, ਇਨਸਾਫ਼ ਤੇ ਇੱਜ਼ਤ ਨੂੰ ਹੱਥੋਂ ਨਹੀਂ ਛਡਿਆ। ਹਮਲਾ ਕਰਨ ਆਈ ਫ਼ੌਜ ਵਿਚੋਂ ਵੀ ਰੱਬ ਉਸ ਨੂੰ ਵਿਖਾਇਆ, ਜਿਹੜਾ ਸਾਨੂੰ ਪਿਆ। ਜਿਹੜਾ ਸਾਨੂੰ ਨਹੀਂ ਪਿਆ, ਅਸਾਂ ਉਸ ਨੂੰ ਨਹੀਂ ਛੇੜਿਆ। ਚਾਲ੍ਹੀਆਂ ਦੀ ਹਜ਼ਾਰਾਂ ਅਗੇ ਅੰਤ ਕੀ ਵੁੱਕਤ ਸੀ ਪਰ ਤੇਰੀ ਫ਼ੌਜ ਦੇ ਜਿਹੜੇ ਆਹੂ ਅਸਾਂ ਲਾਹੇ, ਆਪਣੀ ਫ਼ੌਜ ਨੂੰ ਪੁੱਛ। ਤੇਰੇ ਫ਼ੌਜਦਾਰਾਂ, ਸੂਬੇਦਾਰਾਂ ਨੇ ਮੇਰੇ ਪੁੱਤ ਮਰਵਾ ਕੇ ਬੜੀ "ਬਹਾਦਰੀ" ਵਿਖਾਈ। ਜੇ ਤੇਰਾ ਖ਼ਿਆਲ ਹੈ ਕਿ ਉਨ੍ਹਾਂ ਦੇ ਮਰਿਆਂ ਸਾਡਾ ਬੀਜ ਨਾਸ ਹੋ ਗਿਆ ਹੈ ਤਾਂ ਤੈਨੂੰ ਭੁਲੇਖਾ ਹੈ। ਮੈਂ ਕੁੰਡਲੀਆ ਸੱਪ ਅਜੇ ਬੈਠਾ ਹਾਂ। ਇਥੇ ਦੋ ਇਸ਼ਾਰੇ ਹਨ : **ਪਹਿਲਾ** ਇਹ ਕਿ ਲੜਾਈ ਦੇ ਗਜ਼ ਨਾਲ ਮਿਣਿਆਂ ਵੀ ਤੇਰਿਆਂ ਬੰਦਿਆਂ ਮੇਰੇ ਉੱਤੇ ਅਤਿਆਚਾਰ ਕੀਤਾ ਹੈ। ਦੱਸ ਕੀ ਇਨਸਾਫ਼ ਦੇਂਦਾ ਹੈਂ ? ਸੁਝਾਅ ਹੈ ਕਿ ਸਰਹੰਦ ਦੇ ਸੂਬੇਦਾਰ ਵਜ਼ੀਰ ਖ਼ਾਨ ਨੂੰ ਸਾਡੇ ਹਵਾਲੇ ਕਰ।

[ਉਸ ਫ਼ਾਰਮੇਸ਼ਨ ਵਿਚ ਸਥਾਨਕ ਤੇ ਕੇਂਦਰੀ ਰਾਜ-ਪ੍ਰਬੰਧ ਹਮੇਸ਼ਾਂ ਇਕ ਨਹੀਂ



Digitized by Panjab Digital Library | www.panjabdigilib.org

ਸਨ ਹੁੰਦੇ। ਬਾਦਸ਼ਾਹਾਂ ਦਾ ਆਮ ਕਾਇਦਾ ਸੀ ਕਿ ਆਪਣਾ ਮਨੋਰਥ ਪੂਰਾ ਕਰਵਾ ਲੈਣਾ ਅਤੇ ਹਾਲਾਤ ਦੇ ਬਦਲਣ ਨਾਲ ਗੱਲ ਵੀ ਕਿਸੇ ਹੋਰ ਦੇ ਸਿਰ ਪਾ ਦੇਣੀ। ਗੁਰੂ ਅਰਜਨ ਨੂੰ ਜਹਾਂਗੀਰ ਨੇ ਆਪ ਮਰਵਾਇਆ ਸੀ। ਗੁਰੂ ਸਾਹਿਬ ਉੱਤੇ ਹੱਥ ਉਠਾਉਣ ਵਾਸਤੇ ਚੰਦੂ ਨੇ ਵੀ ਬਾਦਸ਼ਾਹ ਨੂੰ ਉਕਸਾਇਆ ਸੀ। ਹੱਥ ਵਿਚ ਆਏ ਨੂੰ ਚੰਦੂ ਨੇ ਵੀ ਤਸੀਹੇ ਦੇ ਕੇ ਆਪਣਾ ਜ਼ਾਤੀ ਵੈਰ ਕੱਢ ਲਿਆ ਸੀ। ਜਦੋਂ ਗੁਰੂ ਹਰਿ ਗੋਬਿੰਦ ਦਾ ਜਹਾਂਗੀਰ ਨਾਲ ਨੇੜ ਹੋ ਗਿਆ ਉਸ ਨੇ ਗੁਰੂ ਸਾਹਿਬ ਨੂੰ ਇਨਸਾਫ਼ ਦਿੱਤਾ। ਚੰਦੂ ਨੂੰ ਉਨ੍ਹਾਂ ਦੇ ਹਵਾਲੇ ਕਰ ਦਿੱਤਾ। ਗੁਰੂ ਸਾਹਿਬ ਤੇ ਖ਼ਾਲਸੇ ਦੀਆਂ ਅੱਖਾਂ ਵਿਚ ਅੰਤਲੀ ਜ਼ੁਮੇਂਵਾਰੀ ਭਾਵੇਂ ਬਾਦਸ਼ਾਹ ਦੀ ਸੀ ਪਰ ਅਸਲ ਮੁਜਰਮ ਸਰਹੰਦ ਵਾਲਾ ਵਜ਼ੀਰ ਖ਼ਾਨ ਸੀ। ਗੁਰੂ ਸਾਹਿਬ ਇਥੇ ਕੇਂਦਰੀ ਤੇ ਸਥਾਨਕ ਰਾਜ-ਪ੍ਰਬੰਧ ਦੇ ਸੰਭਵ ਪਾੜ ਨੂੰ ਫੋਲ ਰਹੇ ਹਨ। ਬਾਦਸ਼ਾਹ ਨੂੰ ਇਸ਼ਾਰਾ ਹੈ ਕਿ ਮੇਰੇ ਨਾਲ ਸਮਝੌਤੇ ਦਾ ਇਹ ਰਾਹ ਹੈ। ਇਹ ਕੋਈ ਹਵਾਈ ਗੱਲਾਂ ਨਹੀਂ। ਇਸ ਦੀਆਂ ਜੜ੍ਹਾਂ ਸਿਆਸੀ ਅਸਲੀਅਤ ਵਿਚ ਸਨ। ਔਰੰਗਜ਼ੇਬ ਦੇ ਮਰਨ ਮਗਰੋਂ ਜਦ ਗੁਰੂ ਸਾਹਿਬ ਦਾ ਨੇੜ ਬਹਾਦਰ ਸ਼ਾਹ ਨਾਲ ਹੋ ਗਿਆ ਤਾਂ ਵਜ਼ੀਰ ਖ਼ਾਨ ਨੂੰ ਪਾਲਾ ਪਿਆ। ਉਸ ਨੇ ਆਪਣੀ ਹਿਫ਼ਾਜ਼ਤ ਗੁਰੂ ਸਾਹਿਬ ਨੂੰ ਮਰਵਾਉਣ ਵਿਚ ਹੀ ਸਮਝੀ] **ਦੂਜਾ** ਇਸ਼ਾਰਾ ਇਹ ਹੈ ਕਿ ਜੇ ਤੇਰਾ ਖ਼ਿਆਲ ਹੈ ਕਿ ਖ਼ਾਲਸਾ ਖ਼ਤਮ ਹੋ ਗਿਆ ਹੈ ਤਾਂ ਤੂੰ ਗ਼ਲਤ ਹੈਂ। ਮੈਂ ਬੈਠਾ ਹਾਂ। ਮੇਰੀਆਂ ਜੜ੍ਹਾਂ ਦੂਰ ਹਨ। ਮੈਨੂੰ ਰੱਬ ਦੀ ਰਖਿਆ ਹੈ। ਚਮਕੌਰੋਂ, ਐਨੇ ਹਜ਼ਾਰਾਂ ਦੁਸ਼ਮਨਾਂ ਵਿਚੋਂ ਮੈਨੂੰ ਰੱਬ ਨੇ ਰਾਹ ਵਿਖਾਇਆ। ਮੈਂ ਅਮਨ ਅਮਾਨ ਨਿਕਲ ਆਇਆ। ਮੇਰਾ ਵਾਲ ਵਿੰਗਾ ਨਹੀਂ ਹੋਇਆ।

ਜ਼ਫ਼ਰਨਾਮੇ ਵਿਚ ਸਭ ਨਾਲੋਂ ਜ਼ਿਆਦਾ ਜ਼ੋਰ ਰੱਬ ਦੀ ਮਹਿਮਾ ਤੇ ਉਸ ਦੀ ਸ਼ਕਤੀ ਉੱਤੇ ਹੈ। ਘਰੋੜ ਘਰੋੜ, ਕੂਆ ਕੂਆ ਕੇ ਇਹ ਦਸਿਆ ਹੈ ਕਿ ਜਿਸ ਉੱਤੇ ਰੱਬ ਦਾ ਰਹਿਮ ਹੈ ਉਸ ਦਾ ਦੁਸ਼ਮਣ ਕੁਝ ਵਿਗਾੜ ਨਹੀਂ ਸਕਦਾ। ਉਹ ਲੱਖ ਜ਼ੋਰ ਲਾ ਲਵੇ, ਭਾਵੇਂ ਲੱਖਾਂ ਦੀ ਉਸ ਦੀ ਗਿਣਤੀ ਹੋਵੇ, ਜਿਸ ਨੂੰ ਰੱਬ ਦੀ ਰੱਖਿਆ ਹੈ ਉਸ ਦਾ ਉਹ ਵਾਲ ਵਿੰਗਾ ਨਹੀਂ ਕਰ ਸਕਦਾ। ਕਹਿੰਦੇ ਹਨ ਤੈਨੂੰ ਆਪਣੀ ਦੌਲਤ, ਫ਼ੌਜ, ਸਲਤਨਤ ਦਾ ਮਾਣ ਹੈ, ਮੈਂ ਪਰਮ ਪੁਰਖ ਦਾ ਦਾਸਾ ਹਾਂ। ਮੈਨੂੰ ਆਪਣੇ ਮਾਲਿਕ, ਰੱਬ ਦੀ ਸਲਤਨਤ ਦਾ ਮਾਣ ਹੈ। ਇਸ ਦਾ ਮਤਲਬ ਇਹ ਨਹੀਂ ਕਿ ਗੁਰੂ ਸਾਹਿਬ ਇਥੇ ਰੱਬ ਦੀ ਇਬਾਦਤ ਦੇ ਲੋਰ ਵਿਚ ਆਏ ਹੋਏ ਸਨ। ਰੱਬ ਤਾਂ ਉਨ੍ਹਾਂ ਨੂੰ ਕਦੀ ਵਿਸੱਰਿਆ ਹੀ ਨਹੀਂ। ਨਾਮ ਦਾ ਤਾਂ ਉਹ ਸਰੂਪ ਸਨ। ਇਥੇ ਮਤਲਬ ਸਿਆਸੀ-ਫ਼ੌਜੀ ਹੈ। ਗੱਲ ਬੁਨਿਆਦੀ ਕਰ ਰਹੇ ਹਨ; ਮਸਲਾ ਕੇਂਦਰੀ ਦੱਸ ਰਹੇ ਹਨ। ਸਵਾਲ ਫ਼ੌਜੀ ਤਾਕਤ-ਅਜ਼ਮਾਈ ਦਾ ਪੇਸ਼ ਕਰ ਰਹੇ ਹਨ। [ਜਿਥੇ ਵੀ ਗੁਰਬਾਣੀ ਵਿਚ ਜਾਂ ਗੁਰੂ ਵਲੋਂ ਰੱਬ ਦਾ ਜ਼ਿਕਰ ਆਉਂਦਾ ਹੈ ਉੱਥੇ ਉਸ ਦਾ ਸਿਆਸੀ-ਫ਼ੌਜੀ ਮਤਲਬ ਲੋਕ-ਹਿੱਤ, ਅਤੇ ਆਪਣੇ



Digitized by Panjab Digital Library | www.panjabdigilib.org

ਹਿੱਤ ਤੋਂ ਜਾਗੇ ਹੋਏ ਲੋਕਾਂ ਦੀ ਸਿਆਸੀ-ਫ਼ੌਜੀ ਇਨਕਲਾਬੀ ਤਾਕਤ ਦਾ ਹੁੰਦਾ ਹੈ] ਇਥੇ ਗੁਰੂ ਸਾਹਿਬ ਬਾਦਸ਼ਾਹ ਨੂੰ ਆਪਣੀ ਤੇ ਉਸ ਦੀ ਸਿਆਸੀ ਫ਼ੌਜੀ ਤਾਕਤ ਦਾ ਤਵਾਜ਼ਨ ਦੱਸ ਰਹੇ ਹਨ। ਸਪੱਸ਼ਟ ਕਰਦੇ ਹਨ ਕਿ ਤੈਨੂੰ ਆਪਣੀ ਦੌਲਤ, ਸਲਤਨਤ ਤੇ ਉਸ ਦੀ ਫ਼ੌਜ ਦਾ ਮਾਣ ਹੈ। ਤੇਰੀ ਤਾਕਤ ਇਹ ਹੈ। ਮੇਰੀ ਤਾਕਤ ਰੱਬ ਦੀ ਸਲਤਨਤ ਦੀ, ਲੋਕ-ਹਿੱਤ ਦੀ, ਲੋਕਾਂ ਦੀ ਇਨਕਲਾਬੀ ਤਾਕਤ ਹੈ।

ਇਸ ਸਥਿਤੀ ਵਿਚ ਉਹਨਾਂ ਦਾ ਮਤਲਬ ਕੀ ਹੈ ? ਪਹਿਲਾ ਇਹ ਕਿ ਜੇ ਤੇਰਾ ਖ਼ਿਆਲ ਹੈ ਕਿ ਖ਼ਾਲਸਾ ਖ਼ਤਮ ਹੋ ਚੁਕਾ ਹੈ ਤਾਂ ਤੈਨੂੰ ਭੁਲੇਖਾ ਹੈ। ਦੂਜੇ ਇਹ ਕਿ ਮੈਨੂੰ ਮਰਵਾਇਆਂ ਗੱਲ ਨਹੀਂ ਬਣਨੀ। ਤੈਨੂੰ ਭੁਲੇਖਾ ਹੈ ਕਿ ਖ਼ਾਲਸੇ ਦੀ ਸ਼ਕਤੀ ਕਿਸੇ ਬੰਦੇ ਵਿਚ ਹੈ। ਖ਼ਾਲਸੇ ਦੀ ਸ਼ਕਤੀ ਦਾ ਸੋਮਾਂ ਵਿਚਾਰਧਾਰਕ ਹੈ, ਇਨਕਲਾਬੀ ਹੈ। ਇਹ ਲਹਿਰ ਕਿਸ ਦਸ਼ਾ, ਕਿਸ ਸਟੇਜ ਵਿਚ ਹੈ ? ਇਹ ਜ਼ੁਲਮ ਕੀਤਿਆਂ; ਨਿਰੋਲ਼ ਤਾਕਤ ਦੀ ਵਰਤੋਂ ਕੀਤਿਆਂ ਦਬ ਨਹੀਂ ਸਕਦੀ। ਇਸ਼ਾਰਾ ਗੁਰੂ ਅਰਜਨ ਤੋਂ ਗੁਰੂ ਹਰਗੋਬਿੰਦ ਅਤੇ ਗੁਰੂ ਤੇਗ਼ ਬਹਾਦਰ ਤੋਂ ਆਨੰਦਪੁਰ ਦੇ ਖ਼ਾਲਸੇ ਵਲ ਹੈ। ਦਸ ਰਹੇ ਹਨ ਕਿ ਜਿੰਨੇ ਖ਼ਾਲਸੇ ਦੇ ਲਹੂ ਦੇ ਤੁਬਕੇ ਡੁਲਣਗੇ ਓਨੇ ਹਥਿਆਰਬੰਦ ਬੰਦੇ ਉੱਠਣਗੇ। ਤੂੰ ਚੰਦ ਚੰਗਿਆੜੇ ਬੁਝਾ ਕੇ ਭਾਂਬੜ ਮਚਵਾ ਲਿਆ ਹੈ। ਮਤਲਬ ਹੈ ਕਿ ਮੈਨੂੰ ਮਰਵਾਇਆਂ ਤੇਰਾ ਕੁਝ ਸੰਵਰਨਾ ਨਹੀਂ, ਵਿਗੜੇਗਾ ਹੀ। ਮੇਰੀ ਲਹਿਰ ਦੀ ਨੀਂਹ ਵਿਚਾਰਧਾਰਕ ਹੈ। ਇਹ ਇਨਕਲਾਬੀ ਹੈ। ਜਿੰਨਾਂ ਇਸ ਉੱਤੇ ਜ਼ੁਲਮ ਕਰੇਂਗਾ ਇਹ ਵਧੇਗੀ। ਇਹ ਹੋਰ ਭੜਕੇਗੀ। ਤੂੰ ਇਸ ਉੱਤੇ ਜ਼ੁਲਮ ਕਰਕੇ ਆਪਣੀ ਸਲਤਨਤ ਉੱਤੇ ਕੁਹਾੜਾ ਰੱਖ ਰਿਹਾ ਹੈਂ। ਸੋਚ ਲੈ, ਇਸ ਰਾਹ ਪਿਆਂ ਤੇਰਾ ਫ਼ਾਇਦਾ ਨਹੀਂ।

ਗੁਰੂ ਸਾਹਿਬ ਸੁਝਾਅ ਦੇਂਦੇ ਹਨ ਇਕ ਫ਼ੌਰੀ ਪਰੋਗਰਾਮ ਦਾ ਅਤੇ ਇਕ ਦੂਰਵਾਈ ਵਾਲੇ ਪੈਂਤੜੇ ਦਾ। ਕਹਿੰਦੇ ਹਨ ਤੇਰਾ ਫ਼ਰਜ਼ ਹੈ ਕਿ ਤੂੰ ਰੱਬ ਨੂੰ ਪਛਾਣ। ਆਪਣੇ ਮਜ਼ੁਬ ਦੇ ਮੁਤਾਬਿਕ ਹੀ ਕਰਨਾ ਚੰਗਾ ਹੁੰਦਾ ਹੈ। ਤੈਨੂੰ ਰੱਬ ਨੇ ਹੋਰਨਾਂ ਨੂੰ ਦੁਖੀ ਕਰਨ ਵਾਸਤੇ ਨਹੀਂ ਕਿਹਾ। ਤੂੰ ਰੱਬ ਨੂੰ ਨਹੀਂ ਪਛਾਣਦਾ। ਤੂੰ ਜਬਰ ਤੇ ਜ਼ੁਲਮ ਕਰਦਾ ਹੈਂ। ਤੇਰੀ ਅਜੀਬ ਬਾਦਸ਼ਾਹੀ ਹੈ, ਅਜੀਬ ਇਨਸਾਫ਼, ਅਜੀਬ ਕਾਨੂੰਨ ਹੈ ! ਤੂੰ ਮਜ਼ੁਬ ਨੂੰ ਖ਼ੂਬ ਸਮਝਿਆ ਹੈ ! ਖ਼ੂਬ ਤੂੰ ਉਸ ਦੀ ਇੱਜ਼ਤ ਕਰਦਾ ਹੈਂ ! ਰੱਬ ਨਿਆਸਰਿਆਂ ਦਾ ਆਸਰਾ ਹੈ। ਗ਼ਰੀਬ-ਪਰਵਰ ਹੈ। ਗ਼ਰੀਬਾਂ ਨਿਤਾਣਿਆਂ ਨੂੰ ਸਤਾ ਨਾ। ਆਪਣੀ ਸਲਤਨਤ ਉੱਤੇ ਕੁਹਾੜਾ ਨਾ ਰੱਖ। ਬੇਰਹਿਮੀ ਨਾਲ ਕਿਸੇ ਨੂੰ ਤਲਵਾਰ ਦੇ ਘਾਟ ਨਾ ਉਤਾਰ। ਰੱਬ ਦੀ ਤਲਵਾਰ ਤੇਰੇ ਸਿਰ ਉੱਤੇ ਵੀ ਲਟਕਦੀ ਹੈ। ਟੁਕੜੇ ਟੁਕੜੇ ਕਰ ਦੇਵੇਗੀ। ਤੂੰ ਬਾਦਸ਼ਾਹਾਂ ਦਾ ਬਾਦਸ਼ਾਹ ਹੈਂ। ਸ਼ਾਹ ਸਵਾਰ ਹੈਂ, ਤਲਵਾਰ ਦਾ ਧਨੀ ਹੈਂ, ਸਲਤਨਤ ਦਾ ਬੰਦੋਬਸਤ ਕਰਨ ਨੂੰ ਚੁਸਤ ਹੈਂ, ਸਿਆਣਾ ਹੈਂ, ਪਰ ਮਜ਼ੁਬ ਤੋਂ ਤੂੰ ਦੂਰ ਹੈਂ।



Digitized by Panjab Digital Library | www.panjabdigilib.org

ਸਮਾਜਕ ਸਿਆਸੀ ਬੋਲੀ ਵਿਚ ਇਹ ਪੈਂਤੜਾ ਦਸਦੇ ਹਨ ਕਿ ਨਿਆਸਰਿਆਂ, ਨਿਤਾਣਿਆਂ ਲੋਕਾਂ ਉਤੇ ਜਬਰ ਜ਼ੁਲਮ ਨਾ ਕਰ। ਗ਼ਰੀਬਾਂ ਨੂੰ ਸਤਾ ਨਾ। ਜੋ ਤੇਰੇ ਜ਼ੁਲਮ ਦੇ ਸਤੇ ਹੋਏ ਤੇਰੇ ਖ਼ਿਲਾਫ਼ ਉਠਦੇ ਹਨ ਉਹਨਾਂ ਨੂੰ ਤਲਵਾਰ ਦੀ ਧਾਰ ਨਾ ਵਿਖਾ। ਉਹਨਾਂ ਨੂੰ ਰੱਬ ਦੇ ਘਰ ਦਾ ਇਨਸਾਫ਼ ਦੇਹ। ਇਹ ਉਹ ਹੀ ਪੈਂਤੜਾ ਹੈ ਜੋ ਸਾਰੀ ਗੁਰਬਾਣੀ ਵਿਚ ਹੈ ਕਿ ਸਮਾਜਕ-ਸਿਆਸੀ ਜ਼ਿੰਦਗੀ ਵਿਚ ਕਾਨੂੰਨ ਰੱਬ ਦਾ, ਲੋਕ-ਹਿੱਤ ਦਾ ਲਾਗੂ ਕਰ। ਮਨੁਖਾਂ ਨੂੰ ਮਨੁਖੀ ਇਨਸਾਫ਼ ਦਿਹ। ਜਿਸ ਰਾਹ ਪਿਆ ਹੈਂ ਇਸ ਰਾਹ ਤੇਰੀ ਸਲਤਨਤ ਖ਼ਤਮ ਹੋ ਜਾਏਗੀ। ਨਾਲ ਹੀ ਸਲਾਹੁੰਦੇ ਹਨ ਕਿ ਤੇਰੇ ਵਿਚ ਬਾਦਸ਼ਾਹਾਂ ਵਾਲੇ ਸਭ ਵਧੀਆ ਗੁਣ ਹਨ। ਮਤਲਬ ਹੈ ਕਿ ਤੂੰ ਆਦਰਸ਼ਕ ਬਾਦਸ਼ਾਹ ਬਣ ਸਕਦਾ ਹੈਂ। ਕਿਸ ਤਰ੍ਹਾਂ ? ਰੱਬ ਦੇ ਰਾਹ ਪਿਆਂ, ਆਪਣਾ ਹੁਣ ਵਾਲਾ ਕਾਨੂੰਨ ਛੱਡ ਕੇ ਰੱਬ ਦਾ ਕਾਨੂੰਨ ਲਾਗੂ ਕੀਤਿਆਂ।

ਫ਼ੌਰੀ ਪ੍ਰੋਗਰਾਮ ਦਾ ਸੁਝਾਅ ਕੀ ਦੇਂਦੇ ਹਨ ? ਸਾਧਾਰਨ ਬੋਲੀ ਵਿਚ ਮਤਲਬ ਇਹ ਬਣਦਾ ਹੈ ਕਿ ਮੈਨੂੰ ਤਲਵਾਰ ਦੀ ਧਾਰ ਨਾ ਵਿਖਾ। ਵਿਖਾਏਂਗਾ ਤਾਂ ਤੈਨੂੰ ਰੱਬ ਦੀ, ਲੋਕ-ਹਿੱਤ ਦੀ, ਇਨਕਲਾਬ ਦੀ, ਖ਼ਾਲਸੇ ਦੀ ਤਲਵਾਰ ਪਵੇਗੀ। ਕਿਤੇ ਭਾਲਿਆਂ ਨਹੀਂ ਲਭੇਂਗਾ। ਤੂੰ ਮੇਰੇ ਨਾਲ ਸਮਝੌਤਾ ਕਰ। ਮੈਨੂੰ ਨਿਆਂ ਦੇਹ। ਸਮਝੌਤਾ ਹੋਵੇ ਕਿਸ ਤਰ੍ਹਾਂ ? ਉਸ ਵਾਸਤੇ ਮੇਲ ਲਾਜ਼ਮੀ ਹੈ — ਗੁਰੂ ਸਾਹਿਬ ਕਹਿੰਦੇ ਹਨ ਤੂੰ ਕਾਂਗੜ ਆ। ਮੈਂ ਜ਼ਿਮੇਂਦਾਰ ਹਾਂ। ਤੇਰਾ ਵਾਲ ਵਿੰਗਾ ਨਹੀਂ ਹੋਵੇਗਾ। ਮੈਂ ਤਾਂ ਤੇਰਾ ਇਤਬਾਰ ਕਰ ਨਹੀਂ ਸਕਦਾ। ਜੋ ਕੁਝ ਤੂੰ ਕੀਤਾ ਹੈ ਉਸ ਨੂੰ ਸਾਹਮਣੇ ਰੱਖ ਕੇ ਤੇਰਾ ਇਤਬਾਰ ਕੌਣ ਕਰੇ ? ਵੈਸੇ ਮੈਨੂੰ ਰੱਬ ਦਾ ਹੁਕਮ ਹੋਵੇ, ਮੈਂ ਨਿਝੱਕ ਤੇਰੇ ਕੋਲ ਆ ਸਕਦਾ ਹਾਂ। ਮਤਲਬ ਬਣਦਾ ਹੈ ਕਿ ਅਵਲ ਤਾਂ ਤੂੰ ਆਪ ਮੇਰੇ ਕੋਲ ਆ। ਮੈਨੂੰ ਤੇਰੀਆਂ ਕੁਰਾਨ ਦੀਆਂ ਖਾਧੀਆਂ ਕਸਮਾਂ ਦਾ ਇਤਬਾਰ ਨਹੀਂ। ਮੈਨੂੰ ਯਕੀਨ ਦਿਵਾ ਕਿ ਤੂੰ ਮੇਰੇ ਨਾਲ ਧੋਖਾ ਨਹੀਂ ਕਰੇਂਗਾ। ਮੈਨੂੰ ਆਏ ਨੂੰ ਮਰਵਾਏਂਗਾ ਨਹੀਂ। ਕੈਦ ਨਹੀਂ ਕਰੇਂਗਾ, ਮੈਂ ਤੇਰੇ ਕੋਲ ਆਉਣ ਨੂੰ ਤਿਆਰ ਹਾਂ ਬਸ਼ਰਤੇ ਕਿ ਤੂੰ ਨਿਆਂ ਦੇਣ ਨੂੰ ਤਿਆਰ ਹੋਵੇਂ, ਮੇਰੇ ਨਾਲ ਸਮਝੌਤਾ ਕਰਨ ਦਾ ਤੇਰਾ ਕੋਈ ਖ਼ਿਆਲ ਹੋਵੇ। ਤੂੰ ਰੱਬ ਦੇ ਰਾਹ, ਮਨੁਖੀ ਇਨਸਾਫ਼ ਉਤੇ ਆ। ਤੇਰਾ ਫ਼ੌਰੀ ਭਲਾ ਵੀ ਇਸੇ ਵਿਚ ਹੈ ਅਤੇ ਹੰਢਵਾਂ ਭਲਾ ਵੀ ਇਸੇ ਰਾਹ 'ਤੇ ਤੁਰਿਆਂ ਹੀ ਹੈ। ਨਾਲ-ਲਗਵੀਂ ਇਹ ਗੱਲ ਸਪੱਸ਼ਟ ਹੈ ਕਿ ਗੁਰੂ ਸਾਹਿਬ ਬਾਦਸ਼ਾਹ ਦੀ ਸੰਸਥਾ ਨੂੰ ਨਹੀਂ ਵੰਗਾਰਦੇ। ਉਸ ਦੀ ਨੀਤੀ ਨੂੰ ਰੱਬ ਦੇ ਰਾਹ ਲੋਕ-ਹਿੱਤ ਤੇ ਲਿਆਉਣ ਦਾ ਸਵਾਲ ਹੈ। ਇਸ ਮਜ਼ਮੂਨ ਵਿਚ ਜ਼ਫ਼ਰਨਾਮੇ ਦੀ ਲਫ਼ਜ਼-ਬ-ਲਫ਼ਜ਼ੀ ਵਿਸਥਾਰ-ਭਰੀ ਵਿਆਖਿਆ ਤਾਂ ਹੋ ਨਹੀਂ ਸਕਦੀ, ਪਰ ਹੋਈ ਵਿਆਖਿਆ ਤੋਂ ਭਲੀ ਭਾਂਤ ਪ੍ਰਤੱਖ ਹੈ ਕਿ ਗੁਰੂ ਸਾਹਿਬ ਨੇ ਇਹ ਕਦਮ ਉਠਾ ਕੇ ਆਪਣੇ ਪੈਂਤੜੇ, ਆਪਣੇ ਪ੍ਰੋਗਰਾਮ, ਆਪਣੇ ਸਵੈਮਾਣ ਵਿਚੋਂ ਕੁਝ ਨਹੀਂ ਦਿਤਾ। ਲੱਭਦੀ, ਫੜਦੀ ਫ਼ੌਜ ਤੋਂ



Digitized by Panjab Digital Library | www.panjabdigilib.org

ਆਪਣਾ ਛੁਟਕਾਰਾ ਕਰਾ ਲਿਆ। ਆਜ਼ਾਦੀ ਨਾਲ ਕੰਮ ਕਰਨ ਦਾ ਰਾਹ ਬਣਾ ਲਿਆ ਅਤੇ ਉਸ ਵਕਤ, ਜਦੋਂ ਆਨੰਦਪੁਰ ਵਾਲਾ ਸਾਰਾ ਖ਼ਾਲਸਾ ਖ਼ਤਮ ਹੋ ਚੁਕਾ ਸੀ। ਇਹ ਗੁਰੂ ਸਾਹਿਬ ਦੀ ਸਿਆਸੀ ਸਿਆਣਪ, ਰਾਜਨੀਤਕ ਜਾਚ ਦਾ ਸਬੂਤ ਹੈ।

ਬਾਦਸ਼ਾਹ ਨੇ ਗੁਰੂ ਸਾਹਿਬ ਨੂੰ ਇਹ ਸਹੂਲਤ ਕਿਉਂ ਦਿਤੀ? ਗੁਰੂ ਸਾਹਿਬ ਨੂੰ ਮਰਵਾਉਣ ਵਾਲੇ ਰਾਹ ਕਿਉਂ ਨਾ ਪਿਆ? ਗੁਰੂ ਸਾਹਿਬ ਕਿਸ ਤਸੱਲੀ 'ਤੇ ਉਸ ਨੂੰ ਮਿਲਣ ਤੁਰੇ? ਮਿਲਿਆਂ, ਵਿਚੋਂ ਕੀ ਨਿਕਲਦਾ? ਇਸ ਦੀ ਬਾਬਤ ਆਪੋ ਆਪਣਾ ਕਿਆਸ ਹੀ ਹੋ ਸਕਦਾ ਹੈ, ਪਰ ਗੱਲ ਨੂੰ ਫੋਲਣ ਵਿਚ ਕੋਈ ਹਰਜ ਨਹੀਂ। ਇਹ ਸਮਾਜਕ ਸਥਿਤੀ ਤੇ ਜ਼ਫ਼ਰਨਾਮਾ ਬਾਦਸ਼ਾਹ ਦੇ ਸਾਹਮਣੇ ਹਨ। ਬਾਦਸ਼ਾਹ ਗੁਰੂ ਸਾਹਿਬ ਨੂੰ ਮਰਵਾਉਣ ਦੇ ਰਾਹ ਪੈ ਸਕਦਾ ਹੈ। ਪਰ ਉਸ ਨੂੰ ਇਹ ਵੀ ਸੋਚ ਆ ਸਕਦੀ ਹੈ ਕਿ ਕਲਹ ਹਾਲ ਦੀ ਘੜੀ ਖ਼ਤਮ ਹੈ। ਖ਼ਾਲਸਾ ਮਰ ਚੁਕਾ ਹੈ। ਇਸ ਨੂੰ ਮਰਵਾਇਆਂ ਕੋਈ ਨਵੀਂ ਕਲਹ ਹੀ ਨਾ ਖੜੀ ਹੋ ਜਾਵੇ। ਭਾਂਬੜ ਹੀ ਨਾ ਮੱਚ ਉੱਠੇ। ਲੜਾਈ ਵਿਚ ਫੜਿਆ ਜਾਂਦਾ ਜਾਂ ਮਰ ਜਾਂਦਾ ਤਾਂ ਹੋਰ ਗੱਲ ਸੀ। ਇਸ ਦੇ ਮਾਸੂਮ ਪੁੱਤ ਕਤਲ ਕੀਤੇ ਗਏ ਹਨ। ਲੋਕਾਂ ਵਿਚ ਹਾਹਾਕਾਰ ਮੱਚੀ ਹੋਵੇਗੀ। ਅਜੇ ਤਾਂ ਗੱਲ ਠੰਢੀ ਪੈ ਗਈ, ਜਰੀ ਗਈ ਜਾਪਦੀ ਹੈ। ਇਸ ਨੂੰ ਠੰਢੇ ਲਹੂ ਮਰਵਾਉਣ ਦਾ ਅਸਰ ਫ਼ਾਇਦੇਮੰਦ ਹੋਣ ਦੀ ਥਾਂ ਨੁਕਸਾਨਦੇਹ ਵੀ ਹੋ ਸਕਦਾ ਹੈ। ਅੰਤ ਮਜ਼੍ਹਬੀ ਜਜ਼ਬੇ ਦਾ ਸਵਾਲ ਹੈ। ਬਹੁਤ ਸਾਰੇ ਪੰਜਾਬ ਦੇ ਲੋਕ, ਖ਼ਾਸ ਕਰ ਹਿੰਦੂ, ਜੋ ਇਸ ਦੇ ਸਿੱਖ ਹਨ, ਇਸ ਨੂੰ ਆਪਣਾ ਪੈਗੰਬਰ, ਰੱਬ ਦਾ ਸਰੂਪ ਸਮਝਦੇ ਹਨ। ਇਸ ਨੂੰ ਸੱਚਾ ਪਾਤਸ਼ਾਹ ਕਹਿੰਦੇ ਹਨ ਤੇ ਵਫ਼ਾਦਾਰੀ ਇਸ ਵੱਲ ਐਨੀ ਹੈ ਕਿ ਇਸ ਨੂੰ ਠੰਢੇ ਲਹੂ ਆਪਣਾ ਸਿਰ ਹਾਜ਼ਿਰ ਕਰ ਦੇਂਦੇ ਹਨ। ਦੂਜੇ ਲਫ਼ਜ਼ਾਂ ਵਿਚ, ਗੁਰੂ ਸਾਹਿਬ ਦੀ ਸਮਝਾਈ ਗੱਲ-ਖ਼ਾਲਸੇ ਦੀ ਸ਼ਕਤੀ ਵਿਚਾਰਧਾਰਕ ਹੈ — ਬਾਦਸ਼ਾਹ ਨੂੰ ਵਜ਼ਨੀ ਲਗੀ ਹੋਵੇ, ਕੋਈ ਅਨਹੋਣੀ ਗੱਲ ਨਹੀਂ।

ਨਾਲੇ ਉਸ ਨੇ ਸੋਚਿਆ ਹੋਵੇ ਕਿ ਸਲਤਨਤ ਦੇ ਹੋਰ ਪਾਸਿਆਂ ਤੋਂ ਵੀ ਬਗ਼ਾਵਤ ਸੁਲਗ ਰਹੀ ਹੈ। ਸਲਤਨਤ ਦੇ ਕਈਆਂ ਹਿੱਸਿਆਂ ਵਿਚ ਕਿਸਾਨ ਤਬਕਾ ਵੀ ਸੁਖੀ ਨਹੀਂ। ਮਰਹਟੇ ਵੀ ਬੇਚੈਨ ਹਨ।b ਉਸ ਦੀਆਂ ਅੱਖਾਂ ਦੇ ਇਹ ਵੀ ਸਾਹਮਣੇ ਸੀ ਕਿ ਉਸ ਦੀ ਵੀਹ ਪੰਝੀ ਸਾਲ ਦੀ ਦੱਖਣ ਦੀ ਖੇਡ ਨੇ ਕੁਝ ਸੰਵਾਰਿਆ ਨਹੀਂ ਸੀ। ਸਿਰਫ਼ ਤਬਾਹੀ ਹੀ ਤਬਾਹੀ ਇਸ ਦਾ ਨਤੀਜਾ ਨਿਕਲਿਆ ਸੀ।c ਬਾਦਸ਼ਾਹ ਨੱਬੇ ਸਾਲ ਦਾ ਬੁੱਢਾ ਹੋ ਰਿਹਾ ਸੀ, ਉਸ ਦੀ ਸਾਰੀ ਉਮਰ ਦੀ ਸਿਆਸੀ, ਫ਼ੌਜੀ ਨੀਤੀ ਨੇ ਉਸ ਦਾ ਚਿਤਵਿਆ ਫਲ ਨਹੀਂ ਸੀ ਲਿਆਂਦਾ। ਗੱਲ ਸਗੋਂ ਉਲਟੀ ਪਈ ਸੀ। ਬਾਵਜੂਦ ਸਭ ਕੋਸ਼ਿਸ਼ ਦੇ ਸਲਤਨਤ ਅੰਦਰੋਂ ਹੀ ਅੰਦਰੋਂ ਭੁਰਦੀ ਦਿਸਦੀ ਸੀ। ਸਭ ਤੋਂ ਵੱਡੀ ਗੱਲ ਇਹ ਕਿ ਆਪਣੀ ਨੀਤੀ ਦੇ ਸਹੀ ਹੋਣ ਦਾ ਉਸ ਨੂੰ ਆਪ ਨੂੰ ਵੀ ਯਕੀਨ ਨਹੀਂ ਸੀ



Digitized by Panjab Digital Library | www.panjabdigilib.org

ਰਿਹਾ ਅਤੇ ਚੂੰਕਿ ਉਹ ਮਜ਼੍ਹਬੀ ਬੰਦਾ ਸੀ, ਉਸ ਨੂੰ ਮੌਤ ਮਗਰੋਂ ਰੱਬ ਵੀ ਸਾਹਮਣੇ ਦਿਸਦਾ ਸੀ। ਬਾਦਸ਼ਾਹ ਦੀ ਮਾਨਸਿਕ ਦਸ਼ਾ ਉਸ ਦੇ ਆਪਣੇ ਪੁੱਤਰ ਨੂੰ ਲਿਖੇ ਖ਼ਤ ਤੋਂ ਜ਼ਾਹਿਰ ਹੈ।a ਇਸ ਦਸ਼ਾ ਵਿਚ ਕੀ ਵੱਡੀ ਗੱਲ ਹੈ ਕਿ ਉਸ ਨੇ ਇਉਂ ਸੋਚਿਆ ਹੋਵੇ ਕਿ ਅਜੇ ਤਾਂ ਇਹ ਇਕੱਲਾ ਹੈ। ਭਲਾ ਜੇ ਇਸ ਨਾਲ ਗੱਲ ਬਾਤ ਕਰ ਵੇਖੀਏ, ਕੀ ਨਿਕਲਦਾ ਹੈ। ਅਜੇ ਇਸ ਕੋਲ ਕਿਹੜੀ ਫ਼ੌਜ ਹੈ ਜਿਸ ਤੋਂ ਖ਼ਤਰਾ ਹੋ ਸਕਦਾ ਹੈ। ਇਸ ਨਾਲ ਸੁਲਹ ਦੀ ਸੰਭਾਵਨਾ ਫੋਲਣ ਵਿਚ ਕੋਈ ਨੁਕਸਾਨ ਤਾਂ ਜਾਪਦਾ ਨਹੀਂ। ਚਲੋ ਵਿਚੋਂ ਭਾਵੇਂ ਅੰਤ ਨੂੰ ਕੁਝ ਵੀ ਨਾ ਨਿਕਲੇ, ਹਾਲ ਦੀ ਘੜੀ ਨੁਕਸਾਨ ਵੀ ਕੋਈ ਨਹੀਂ।

ਸਲਤਨਤ ਵਿਚ ਕਿਸੇ ਥਾਂ ਹਥਿਆਰਬੰਦ ਬਗ਼ਾਵਤ ਹੋਵੇ ਤਾਂ ਬਾਦਸ਼ਾਹ ਬਾਦਸ਼ਾਹਾਂ ਵਾਂਗ ਹੀ ਕਦਮ ਉਠਾਏਗਾ। ਲੜਨ ਨੂੰ ਫ਼ੌਜ ਹੀ ਘੱਲੇਗਾ, ਪਰ ਐਸੀ ਹਾਲਤ ਨਾ ਹੁੰਦਿਆਂ ਹੋਇਆਂ ਰੱਬ ਦੇ ਡਰ ਦਾ ਖ਼ਿਆਲ ਆਉਣਾ ਵੀ ਮੁਮਕਿਨ ਹੈ। ਸਮੇਂ ਦੀ ਚੇਤਨਤਾ ਦਾ ਰੂਪ ਮਜ਼੍ਹਬੀ ਸੀ ਅਤੇ ਬਾਦਸ਼ਾਹ ਆਪ ਵੀ ਰੱਬ ਵਿਚ ਪੂਰਾ ਯਕੀਨ ਰਖਦਾ ਸੀ। ਮੌਤ ਦੇ ਮਗਰੋਂ ਰੱਬ ਦੇ ਪ੍ਰਵਾਨ ਹੋਣਾ ਵੀ ਉਸ ਦੀ ਜ਼ਿੰਦਗੀ ਦਾ ਅਕੀਦਾ ਸੀ। ਸੋ ਸਭ ਕੁਝ ਪਾ ਲਾ ਕੇ ਬਾਦਸ਼ਾਹ ਢਲ ਵੀ ਸਕਦਾ ਸੀ। ਬਾਦਸ਼ਾਹ ਦੇ ਮਨ ਵਿਚ ਕੀ ਬੀਤੀ, ਕੀ ਕਾਰਨ ਸਨ, ਇਸ ਬਾਬਤ ਤਾਂ ਇਤਿਹਾਸ ਚੁੱਪ ਹੈ, ਕਿਉਂਕਿ ਸਾਡੇ ਪਾਸ ਕੋਈ ਤੱਥ ਹੀ ਨਹੀਂ ਹੈ। ਪਰ ਸਿੱਟੇ ਬਾਬਤ ਸਭ ਮੰਨਦੇ ਹਨ ਕਿ ਗੁਰੂ ਸਾਹਿਬ ਨੇ ਇਹ ਕਦਮ ਉਠਾ ਕੇ ਖੱਟਿਆ ਹੀ ਖੱਟਿਆ। ਸਿਰਫ਼ ਗੱਲ ਉਨ੍ਹਾਂ ਦੇ ਮੰਨਣ ਵਿਚ ਨਹੀਂ ਆਉਂਦੀ ਕਿ ਇਹ ਹੋ ਕਿਸ ਤਰ੍ਹਾਂ ਗਿਆ! ਆਨੰਦਪੁਰ, ਚਮਕੌਰ ਤੋਂ ਹਾਰਿਆ ਹੋਇਆ ਗੁਰੂ ਇਹ ਕਰਵਾ ਕਿਸ ਤਰ੍ਹਾਂ ਗਿਆ? ਕਈ ਇਤਿਹਾਸਕਾਰ ਇਹ ਕਿਆਫ਼ਾ ਲਾਉਂਦੇ ਹਨ ਕਿ ਗੁਰੂ ਜ਼ਰੂਰ ਦਿਲ ਛੱਡ ਗਿਆ ਹੋਣਾ ਏਂ, ਬਾਦਸ਼ਾਹ ਦੀ ਈਨ ਮੰਨ ਗਿਆ ਹੋਣਾ ਏਂ। **ਜ਼ਫ਼ਰਨਾਮੇ** ਦੀ ਸਾਡੀ ਵਿਆਖਿਆ ਤੋਂ ਜ਼ਾਹਿਰ ਹੈ ਕਿ ਗੁਰੂ ਸਾਹਿਬ ਨੇ ਇਹ ਖੱਟੀ ਆਪਣੇ ਵਲੋਂ ਬਗ਼ੈਰ ਕਿਸੇ ਕੀਮਤ ਦੇਣ ਦੇ ਖੱਟੀ। ਇਤਿਹਾਸਕਾਰਾਂ ਦੀ ਹੈਰਾਨੀ, ਉਨ੍ਹਾਂ ਨੂੰ ਇਸ ਦਾ ਨਾਮੁਮਕਿਨ ਲਗਣਾ ਗੁਰੂ ਸਾਹਿਬ ਦੀ ਸਿਆਸਤ ਤੇ ਰਾਜਨੀਤੀ ਨੂੰ ਦਾਦ ਹੈ। ਸਲਤਨਤ ਦੀ ਸਿਆਸੀ ਸਥਿਤੀ ਤੇ ਉਸ ਤੋਂ ਉਪਜਦੀ ਮਰਨ ਕਿਨਾਰੇ ਬਾਦਸ਼ਾਹ ਦੀ ਮਾਨਸਿਕ ਦਸ਼ਾ ਦਾ ਸਹੀ ਅੰਦਾਜ਼ਾ ਲਾਉਣਾ ਅਤੇ ਉਸ ਦੇ ਮੁਤਾਬਿਕ ਸਿਆਸੀ ਤੀਰ ਚਲਾਉਣਾ ਤੇ ਨਿਸ਼ਾਨੇ ਉਤੇ ਮਾਰਨਾ ਗੁਰੂ ਸਾਹਿਬ ਦੀ ਸਿਆਸੀ ਸਮਝ ਤੋਂ ਬਾਹਰ ਦੀ ਗੱਲ ਨਹੀਂ ਸੀ।

---

a. ਜ਼ਫ਼ਰਨਾਮੇ ਦਾ ਇਹ ਸੰਖੇਪ ਤੇ ਉਸ ਦੀ ਵਸਤੂ ਉੱਤੇ ਵਿਚਾਰ ਮੈਕਾਲਿਫ਼ ਦੇ ਅਨੁਵਾਦ ਤੋਂ ਹੈ।



Digitized by Panjab Digital Library | www.panjabdigilib.org

b. "The retreat of Aurangzeb to Ahmednagar brought no rest to his army or peace to his empire. In April or May 1706 a great Maratha army under all its leaders appeared within four miles of his camp and they were repulsed only after a very severe contest". The Crescent in India by S.R. Sharma, page 649.

c. "Aurangzeb withdrew to Ahmednagar leaving behind him the fields of these provinces devoid of trees & bare of crops, their place being taken by the bones of men & beasts. Instead of verdure, all is blank & barren. There have died in his armies over a hundred thousand souls yearly and of animals & pack oxen, camels, elephants etc. over three thousand...In the Deccan provinces from 1702 to 1704 plague & famine prevailed. In these two years there expired over two million souls". Manucci, a contemporary European observer.

d. Peace be on you !
Old age has arrived & weakness has grown. Strength has left my limbs. I came alone. and am going away alone. I know not who I am & what I have been doing. The days that have been spent except in austerities have left only regret behind them. I have not at all done any (true) permanent of realm or cherishing of the peasantry.

Life, so valuable, has gone away, for nothing The Master has been in my house, but by darkened eyes, cannot see his splendour. Life lasts not, no trace is left of the days that are no more, and of the future there is no hope.

All the soldiers are feeling helpless, bewildered. and perturbed like me, who having chosen to leave the Master, are now in a state of trepidation like quick silver. They think not that we have our Lord Father (ever with us). I brought nothing with me (into this world). and am carrying away with me the fruits of my sins. I know not what punishment will fall on me. Though I have strong hopes of his grace & kindness, yet in view of my acts, anxiety does not leave me......Though the Lord Cherisher will preserve His slaves, yet from the point of view of the outer world. it is also the duty of sons to see that God's creatures & Muslims may not be unjustly slain......short sightedness bears no other fruit than disappointment". Last letter to Azam as quoted in the Crescent in India by S. R. Sharma, pp. 649—650.



Digitized by Panjab Digital Library | www.panjabdigilib.org

# ਗੁਰੂ ਗੋਬਿੰਦ ਸਿੰਘ ਅਤੇ ਬਹਾਦਰ ਸ਼ਾਹ

ਗੁਰੂ ਗੋਬਿੰਦ ਸਿੰਘ ਸਾਹਿਬ ਨੇ ਔਰੰਗਜ਼ੇਬ ਨੂੰ 'ਜ਼ਫ਼ਰਨਾਮਾ' ਲਿਖਿਆ। ਉਸ ਨੂੰ ਵੀ ਗੁਰੂ ਸਾਹਿਬ ਨਾਲ ਗੱਲ ਬਾਤ ਕਰਨੀ ਜਚੀ। 'ਜ਼ਫ਼ਰਨਾਮਾ' ਦੇ ਸ਼ਹਿਨਸ਼ਾਹ 'ਤੇ ਹੋਏ ਅਸਰ ਦੇ ਪ੍ਰਸੰਗ ਵਿਚ ਗੁਰੂ ਸਾਹਿਬ ਨੇ ਉਸ ਨੂੰ ਮਿਲਣ ਦਾ ਫ਼ੈਸਲਾ ਕੀਤਾ। ਪਰ ਮੁਲਾਕਾਤ ਤੋਂ ਪਹਿਲਾਂ ਹੀ ਔਰੰਗਜ਼ੇਬ ਮਰ ਗਿਆ। ਤਖ਼ਤ ਦੀ ਜਾਂਨਸ਼ੀਨੀ ਦੇ ਫ਼ੈਸਲੇ ਤੋਂ ਪਹਿਲਾਂ ਹੀ ਗੁਰੂ ਸਾਹਿਬ ਨੇ ਬਹਾਦਰ ਸ਼ਾਹ ਨਾਲ ਨੇੜ ਕੀਤਾ। ਇਹ ਨੇੜ ਤਕਰੀਬਨ ਸਾਲ ਕੁ ਰਿਹਾ। ਗੁਰੂ ਸਾਹਿਬ ਮੁੜ ਪੰਜਾਬ ਆਉਣਾ ਚਾਹੁੰਦੇ ਸਨ, ਪਰ ਜ਼ਿੰਦਗੀ ਨੇ ਉਨ੍ਹਾਂ ਦਾ ਸਾਥ ਨਾ ਦਿੱਤਾ। ਇਸ ਨੇੜ ਵਿਚ ਦੋ ਧਿਰਾਂ ਸਨ : ਇਕ, ਬਹਾਦਰ ਸ਼ਾਹ ਅਤੇ ਦੂਸਰੇ, ਗੁਰੂ ਸਾਹਿਬ। ਇਤਿਹਾਸਕਾਰਾਂ ਵਾਸਤੇ ਮਸਲਾ ਇਹ ਵੇਖਣਾ ਹੈ ਕਿ ਇਨ੍ਹਾਂ ਦੋਹਾਂ ਧਿਰਾਂ ਦੇ ਆਪਸ ਵਿਚ ਨੇੜ ਕਰਨ ਦੇ ਆਪੋ ਆਪਣੇ ਮਨੋਰਥ ਕੀ ਸਨ ? ਇਸ ਨੇੜ ਤੋਂ ਦੋਵੇਂ ਧਿਰਾਂ ਆਪੋ ਆਪਣਾ ਕਿਹੜਾ ਕਿਹੜਾ ਹਿੱਤ ਪੂਰਾ ਕਰਨਾ ਚਾਹੁੰਦੀਆਂ ਸਨ ?

ਬਹਾਦਰ ਸ਼ਾਹ ਵਲੋਂ ਇਸ ਨੇੜ ਦੀ ਬਾਬਤ ਕੋਈ ਬਹੁਤਾ ਲੁਕ ਲੁਕਾਅ ਨਹੀਂ। ਉਸ ਨੇ ਤਖਤ 'ਤੇ ਆਪਣੀ ਜਾਂਨਸ਼ੀਨੀ ਅਤੇ ਆਪਣੀ ਸਟੇਟ ਦਾ ਸਿਆਸੀ ਹਿੱਤ ਹੀ ਵੇਖਣਾ ਸੀ। ਜ਼ਾਹਿਰ ਹੈ ਕਿ ਉਸ ਦੇ ਸਿਆਸੀ ਹਿੱਤ ਨੂੰ ਇਹ ਸੂਤ ਸੀ। ਬਹਾਦਰ ਸ਼ਾਹ ਦੇ ਪਾਸਿਉਂ ਇਤਿਹਾਸਕਾਰਾਂ ਵਿਚ ਕੋਈ ਮਤ-ਭੇਦ ਨਹੀਂ। ਉਸ ਦਾ ਨਿਸ਼ਾਨਾ ਜਾਂ ਮਨੋਰਥ ਜ਼ੇਰੇ-ਬਹਿਸ ਨਹੀਂ। ਪਰ ਗੁਰੂ ਸਾਹਿਬ ਦੇ ਪਾਸੇ ਵਲੋਂ ਇਹ ਨੇੜ ਜ਼ੇਰੇ-ਬਹਿਸ ਮਸਲਾ ਹੈ। ਬਹਾਦਰ ਸ਼ਾਹ ਨਾਲ ਨੇੜ ਕਰਨ ਵਾਸਤੇ ਗੁਰੂ ਸਾਹਿਬ ਦਾ ਮਨੋਰਥ ਕੀ ਸੀ ? ਉਨ੍ਹਾਂ ਦੇ ਮਨੋਰਥ ਬਾਬਤ ਇਹ ਵੀ ਕਿਹਾ ਗਿਆ ਹੈ ਕਿ ਉਨ੍ਹਾਂ ਨੇ ਬਹਾਦਰ ਸ਼ਾਹ ਦੀ ਨੌਕਰੀ ਕਰ ਲਈ। ਉਸ ਦੇ ਅਧੀਨ ਕੋਈ ਅਹੁਦਾ ਲੈ ਲਿਆ। ਇਹ ਵੀ ਕਿਆਸ ਕੀਤਾ ਗਿਆ ਹੈ ਕਿ ਗੁਰੂ ਸਾਹਿਬ ਦੇ ਦੋ ਸਾਹਿਬਜ਼ਾਦੇ ਵਜ਼ੀਰ ਖ਼ਾਨ ਦੇ ਹੁਕਮ ਨਾਲ ਕਤਲ ਕੀਤੇ ਗਏ ਸਨ ਅਤੇ ਉਹ ਬਦਲਾ ਲੈਣਾ ਚਾਹੁੰਦੇ ਸਨ। ਮਤਲਬ ਹੈ ਕਿ ਗੁਰੂ ਸਾਹਿਬ ਜ਼ਾਤੀ ਵੈਰ ਲੈਣ ਲਈ ਬਹਾਦਰ ਸ਼ਾਹ ਨੂੰ ਮੁਗ਼ਲ ਹਾਕਮਾਂ ਵਿਰੁਧ ਚਾਰਾਜੋਈ ਲਈ ਮਿਲੇ। ਡਾਕਟਰ ਜ. ਸ. ਗਰੇਵਾਲ ਗੁਰੂ ਸਾਹਿਬ ਦੇ ਮਨੋਰਥ ਬਾਬਤ ਲਿਖਦੇ ਹਨ ਕਿ "ਅਨੰਦਪੁਰ ਨੂੰ ਗੁਰੂ ਗੋਬਿੰਦ ਸਿੰਘ ਹਮੇਸ਼ਾਂ ਆਪਣੇ ਪੁਰਖਿਆਂ ਦੀ ਦੇਣ ਅਤੇ ਆਪਣਾ ਘਰ ਮੰਨਦੇ ਰਹੇ। ਅਨੰਦਪੁਰ ਹੀ ਭੀਮ ਚੰਦ ਅਤੇ ਗੁਰੂ ਗੋਬਿੰਦ ਸਿੰਘ



Digitized by Panjab Digital Library | www.panjabdigilib.org

ਵਿਚਕਾਰ ਲੰਮੇ ਝਗੜੇ ਦਾ ਕਾਰਨ ਬਣਿਆ ਰਿਹਾ ਸੀ। ਉਹ ਕਹਲੂਰ ਦੇ ਮੁਖੀ ਨੂੰ ਕੋਈ ਕਰਾਇਆ ਦੇਣ ਨੂੰ ਤਿਆਰ ਨਹੀਂ ਸਨ, ਕਿਉਂਕਿ ਭੂਤ ਕਾਲ ਵਿਚ ਵੀ ਕਦੇ ਕੋਈ ਕਰਾਇਆ ਨਹੀਂ ਸੀ ਦਿੱਤਾ ਗਿਆ।''* ਮਤਲਬ ਹੈ ਕਿ ਝਗੜਾ ਸਾਰਾ ਅਨੰਦਪੁਰ ਦੀ ਵਾਹਿਦ ਮਾਲਕੀ ਦਾ ਹੀ ਸੀ। ਉਸ ਦੀ ਮਲਕੀਅਤ ਵਾਸਤੇ ਹੀ ਗੁਰੂ ਸਾਹਿਬ ਨੇ ਖ਼ਾਲਸਾ ਸਿਰਜਿਆ। ਉਸ ਦੀ ਮਲਕੀਅਤ ਵਾਸਤੇ ਹੀ ਖ਼ਾਲਸੇ ਨੂੰ ਲੜਾਇਆ, ਜੰਗ ਦੀ ਭੇਟ ਕਰਵਾਇਆ, ਆਪਣੇ ਚਾਰੇ ਸਾਹਿਬਜ਼ਾਦੇ ਕੁਰਬਾਨ ਕੀਤੇ। ਅਤੇ ਜਦੋਂ ਫ਼ੌਜੀ ਤੌਰ 'ਤੇ ਆਪਣੇ ਮਨੋਰਥ ਵਿਚ ਕਾਮਯਾਬ ਨਾ ਹੋਏ ਤਾਂ ਆਪਣੇ ਮਨੋਰਥ ਦੀ ਪੂਰਤੀ ਵਾਸਤੇ ਚਾਰਾਜੋਈ ਕਰਨ ਲਈ ਸ਼ਹਿਨਸ਼ਾਹ ਦੀ ਕਚਹਿਰੀ ਵਿਚ ਪਹੁੰਚ ਗਏ।

ਗੁਰੂ ਗੋਬਿੰਦ ਸਿੰਘ ਗੁਰੂ ਨਾਨਕ ਦੇ ਘਰ ਦੇ ਦਸਵੇਂ ਥਾਂ ਗੱਦੀ 'ਤੇ ਸਨ। ਵਿਚਾਰਧਾਰਕ, ਸਮਾਜਕ, ਸਿਆਸੀ, ਫ਼ੌਜੀ — ਮਤਲਬ ਕੀ ਹਰ ਪਹਿਲੂ ਤੋਂ ਉਹ ਸਿੱਖ-ਲਹਿਰ ਦੇ ਆਗੂ ਸਨ। ਸੰਗਤਾਂ ਦੇ ਗੁਰੂ ਸਨ। ਸੱਚੇ ਪਾਤਸ਼ਾਹ ਸਨ। ਡਾਕਟਰ ਗਰੇਵਾਲ ਹੋਰਾਂ ਦੇ ਕਹੇ ਦਾ ਮਤਲਬ ਬਣਦਾ ਹੈ ਕਿ ਉਨ੍ਹਾਂ ਗੁਰੂ ਨਾਨਕ ਤੋਂ ਤੁਰੀ ਆਉਂਦੀ ਸਿਖ-ਲਹਿਰ ਦੀ ਸਾਰੀ ਕਰਨੀ ਦਾ ਮੂਲ ਮਨੋਰਥ ਆਪਣੇ ਪਿਉ ਦੇ ਦਿੱਤੇ ਆਪਣੇ ਘਰ ਦੀ ਮਲਕੀਅਤ ਲੈਣ ਵਿਚ ਲਿਆ। ਮਤਲਬ ਹੈ ਕਿ ਉਨ੍ਹਾਂ ਦੀ ਸੱਚੀ ਪਾਤਸ਼ਾਹੀ ਦਾ ਅਸਲਾ, ਉਸ ਦਾ ਮੂਲ, ਉਸ ਦੀ ਵਸਤੂ. ਉਸ ਦਾ ਮਨੋਰਥ ਲੈ ਦੇ ਕੇ ਆਪਣੇ ਘਰ ਦੀ ਮਲਕੀਅਤ ਲੈਣਾ ਹੀ ਸੀ। ਜ਼ਾਹਿਰ ਹੈ ਕਿ ਡਾਕਟਰ ਗਰੇਵਾਲ ਇਥੇ ਟਪਲਾ ਖਾ ਗਏ ਹਨ। ਕਿਉਂ ? ਕਿਉਂਕਿ ਸਿੱਖ ਲਹਿਰ ਦੇ ਕਈ ਹੋਰ ਇਤਿਹਾਸਕਾਰਾਂ ਤੇ ਗੁਰਬਾਣੀ ਦੇ ਬਹੁਤੇ ਵਿਆਖਿਆਕਾਰਾਂ ਵਾਂਗ ਉਹ ਗੁਰਬਾਣੀ ਤੇ ਸਿੱਖ ਲਹਿਰ ਦੇ ਅਸਲੇ ਵਲ ਗਏ ਹੀ ਨਹੀਂ।

ਗੁਰੂ ਨਾਨਕ ਤੋਂ ਲਗ ਕੇ ਗੁਰੂ ਗੋਬਿੰਦ ਸਿੰਘ ਤਕ ਸਾਰੇ ਗੁਰੂ ਸਾਹਿਬਾਨ ਗੁਰਬਾਣੀ ਦੇ ਅਰਥਾਂ ਵਿਚ ਗੁਰੂ ਸਨ, ਸਤਿਗੁਰੂ ਸਨ। ਆਪਣੇ ਰੱਬ ਦੀ, ਗੁਰਬਾਣੀ ਵਾਲੇ ਰੱਬ ਦੀ ਜੋਤ ਦਾ ਮਨੁਖੀ ਸਰੂਪ ਸਨ। ਨਾਮ ਦੇ ਸਰੂਪ ਸਨ। ਉਹ ਨਾਮ ਦੇ ਸਰੂਪ ਹੀ ਨਹੀਂ ਸਨ, ਨਾਮ ਦੇ ਸੋਮੇਂ ਸਨ। 'ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨ ਵੇ ਲਾਲੋ।' ਆਪਣੇ ਸ਼ਬਦ ਵਿਚ ਉਨ੍ਹਾਂ ਨਾਮ ਅੰਕਤ ਕੀਤਾ। ਉਹ ਨਾਮ ਵੰਡਦੇ ਸਨ, ਅਤੇ ਗੁਰਬਾਣੀ ਦੇ ਮੁਤਾਬਿਕ ਨਾਮ ਮਿਲ ਹੀ ਸਿਰਫ਼ ਸਤਿਗੁਰੂ ਕੋਲੋਂ ਸਕਦਾ ਹੈ। ਗੁਰਬਾਣੀ ਵਿਚ, ਰੱਬ ਦੇ ਰੂਪ ਵਿਚ, ਉਸ ਦੇ ਹੁਕਮ ਦੇ ਰੂਪ ਵਿਚ, ਸੱਚ ਦੀ ਡਾਇਲੈਕਟਿਕਸ ਪੇਸ਼ ਹੈ। ਗੁਰਬਾਣੀ ਦੇ ਮੁਤਾਬਿਕ ਰੱਬ ਬੇਅੰਤ ਹੈ। ਉਸ ਦਾ ਹੁਕਮ ਵੀ ਬੇਅੰਤ ਹੈ। ਰੱਬ ਤੇ ਉਸ ਦੇ ਹੁਕਮ ਦਾ ਅੰਤ ਕਿਤੇ ਪਾਇਆ ਹੀ ਨਹੀਂ ਜਾ ਸਕਦਾ।

---

***ਸੇਧ** ਮਾਸਕ-ਪਤਰ, ਨਵੰਬਰ ੧੯੭੫, ਸਫ਼ਾ ੨੬



Digitized by Panjab Digital Library | www.panjabdigilib.org

ਇਹ ਸੱਚ ਦੀ ਡਾਇਲੈਕਟਿਕਸ ਦੀ ਇਕ ਜੁਜ਼ ਹੈ। ਇਸ ਸੱਚ ਦੀ ਬੋਲੀ 'ਚ ਇਸ ਦੀ ਵਸਤੂ ਇਹ ਹੈ ਕਿ ਪੂਰਨ ਸੱਚ (Absolute Truth) ਸਮਝਿਆ ਜਾ ਹੀ ਨਹੀਂ ਸਕਦਾ। ਜਿਹੜੇ ਲੋਕ ਇਹ ਕਹਿੰਦੇ ਹਨ ਕਿ ਰੱਬ ਦਾ ਹੁਕਮ ਸਮਝਿਆ ਹੀ ਨਹੀਂ ਜਾ ਸਕਦਾ ਅਤੇ ਆਪਣੀ ਇਸ ਰਾਏ ਦੀ ਪੁਸ਼ਟੀ ਵਿਚ ਉਹ ਹੁਕਮ ਦੀ ਡਾਇਲੈਕਟਿਕਸ ਦੀ ਇਸ ਜੁਜ਼ ਨੂੰ ਪ੍ਰਗਟ ਕਰਦੀਆਂ ਗੁਰਬਾਣੀ ਦੀਆਂ ਤੁਕਾਂ ਦਾ ਹਵਾਲਾ ਦੇਂਦੇ ਹਨ, ਉਹ ਬਿਲਕੁਲ ਗ਼ਲਤ ਹਨ। ਉਹ ਰੱਬ ਦੀ, ਉਸ ਦੇ ਹੁਕਮ ਦੀ, ਸੱਚ ਦੀ ਡਾਇ-ਲੈਕਟਿਕਸ ਨੂੰ ਨਹੀਂ ਸਮਝਦੇ। ਜਿਥੇ ਗੁਰਬਾਣੀ ਇਕ ਪਾਸੇ ਇਹ ਕਹਿੰਦੀ ਹੈ ਕਿ ਰੱਬ ਦੇ ਹੁਕਮ ਦਾ ਅੰਤ ਪਾਇਆ ਨਹੀਂ ਜਾ ਸਕਦਾ, ਉਥੇ ਹੀ ਦੂਸਰੇ ਪਾਸੇ ਇਹ ਕਹਿੰਦੀ ਹੈ ਕਿ ਰੱਬ ਦੇ ਹੁਕਮ ਨੂੰ ਪਛਾਣਿਆਂ ਬਗ਼ੈਰ, ਉਸ ਦੇ ਅਨੁਸਾਰ ਤੁਰਿਆਂ ਬਗੈਰ ਗੁਜ਼ਾਰਾ ਹੀ ਨਹੀਂ, ਰੱਬ ਦੇ ਦਰ 'ਤੇ ਪ੍ਰਵਾਨ ਹੋਇਆ ਹੀ ਨਹੀਂ ਜਾ ਸਕਦਾ, ਉਸ ਨਾਲ ਸੰਜੋਗ ਹੋ ਹੀ ਨਹੀਂ ਸਕਦਾ। 'ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ। ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ। (ਜਪੁ।) 'ਕਹੁ ਨਾਨਕ ਜਿਨਿ ਹੁਕਮੁ ਪਛਾਤਾ। ਪ੍ਰਭ ਸਾਹਿਬ ਕਾ ਤਿਨਿ ਭੇਦੁ ਜਾਤਾ।' (ਗੁਰੂ ਅਰਜਨ, ਸਫ਼ਾ ੮੮੫) ਜੇ ਰੱਬ ਦੇ ਹੁਕਮ ਨੂੰ ਸਤਿਗੁਰੂ ਨੇ ਨਹੀਂ ਪਛਾਤਾ, ਅਤੇ ਜੇ ਸਤਿਗੁਰੂ ਨੇ ਉਸ ਦੇ ਹੁਕਮ ਦੀ ਪਾਲਣਾ ਨਹੀਂ ਕੀਤੀ ਤਾਂ ਉਸ ਦੇ ਹੁਕਮ ਨੂੰ ਪਛਾਨਣਾ ਤੇ ਪਾਲਣਾ ਕਿਸ ਨੇ ਹੈ? ਜੇ ਗੁਰਬਾਣੀ ਵਾਲੇ ਰੱਬ ਦੇ ਹੁਕਮ ਦੀ ਪਛਾਣ ਗੁਰੂ ਨਾਨਕ ਤੋਂ ਲਗ ਕੇ ਗੁਰੂ ਗੋਬਿੰਦ ਸਿੰਘ ਤਕ ਸਭ ਗੁਰੂ ਸਾਹਿਬਾਨ ਨੇ ਨਹੀਂ ਕੀਤੀ ਤਾਂ ਉਸ ਦੇ ਹੁਕਮ ਨੂੰ ਪਛਾਨਣਾ ਹੋਰ ਕਿਸ ਨੇ ਹੈ?

ਸਾਰੀ ਗੁਰਬਾਣੀ, ਗੁਰਬਾਣੀ ਵਾਲੇ ਰੱਬ ਦਾ ਹੁਕਮ ਹੈ। ਉਸ ਦੇ ਹੁਕਮ ਦੀ ਸਮਝ ਹੈ। ਚੇਤਨਤਾ ਵਲੋਂ, ਸੱਚ ਦੇ ਪ੍ਰਗਟਾਅ ਵਲੋਂ ਵੇਖੀਏ ਤਾਂ ਗੁਰਬਾਣੀ ਨਾਮ ਹੈ। ਅਮਲ ਵਲੋਂ ਵੇਖੀਏ ਤਾਂ ਗੁਰਬਾਣੀ ਆਪਣੇ ਰੱਬ ਦਾ ਹੁਕਮ ਹੈ। ਪਹਿਲੀ ਪਾਤਸ਼ਾਹੀ ਤੋਂ ਲਗ ਕੇ ਦਸਵੀਂ ਪਾਤਸ਼ਾਹੀ ਤਕ ਜੋ ਬਾਣੀ ਵੀ ਗੁਰੂ ਸਾਹਿਬਾਨ ਨੇ ਰਚੀ, ਉਹ ਨਾਮ ਹੈ। ਸਤਿਗੁਰੂ ਦੇ ਸ਼ਬਦ ਵਿਚ ਨਾਮ ਅੰਕਤ ਹੈ। ਗੁਰਬਾਣੀ ਵਾਲੇ ਰੱਬ ਦਾ ਹੁਕਮ ਹੈ। ਇਸ ਤਰ੍ਹਾਂ ਹੀ ਗੁਰੂ ਨਾਨਕ ਤੋਂ ਲਗ ਕੇ ਗੁਰੂ ਗੋਬਿੰਦ ਸਿੰਘ ਤਕ ਜੋ ਵੀ ਗੁਰੂ ਸਾਹਿਬਾਨ ਨੇ ਕੀਤਾ, ਜਾਂ ਉਨ੍ਹਾਂ ਦੀ ਅਗਵਾਈ ਹੇਠ ਜੋ ਵੀ ਸਿੱਖ-ਲਹਿਰ ਨੇ ਕੀਤਾ ਉਹ ਗੁਰਬਾਣੀ ਵਾਲੇ ਰੱਬ ਦਾ ਹੁਕਮ ਸੀ, ਉਸ ਦੇ ਹੁਕਮ ਦੀ ਅਮਲ ਵਿਚ ਤਰਜਮਾਨੀ ਸੀ। ਗੁਰੂ ਸਾਹਿਬਾਨ ਨੇ, ਅਤੇ ਉਨ੍ਹਾਂ ਦੀ ਅਗਵਾਈ ਹੇਠ ਸਿੱਖ-ਲਹਿਰ ਨੇ ਗੁਰਬਾਣੀ ਵਾਲੇ ਰੱਬ ਦਾ ਸੱਚ, ਉਸ ਦਾ ਹੁਕਮ ਸਮਝਿਆ ਅਤੇ ਸਮਝ ਕੇ ਉਸ ਦੀ ਅਮਲ ਵਿਚ ਤਰਜਮਾਨੀ ਕੀਤੀ। ਸੋ ਗੁਰਬਾਣੀ ਵਿਚ, ਸਮੂਹੀ ਰੂਪ ਵਿਚ ਉਸ ਰੱਬ ਦਾ ਸੱਚ, ਉਸ ਦਾ ਹੁਕਮ ਅੰਕਤ ਹੈ ਅਤੇ ਸਿੱਖ-ਲਹਿਰ ਦਾ ਇਤਿਹਾਸ, ਉਸ ਦੀ ਕਰਨੀ, ਹਾਲਾਤ ਦੇ ਉਸ ਪ੍ਰਸੰਗ



Digitized by Panjab Digital Library | www.panjabdigilib.org

ਵਿਚ ਉਸ ਦੇ ਹੁਕਮ ਦੀ ਅਮਲ ਵਿਚ ਤਰਜਮਾਨੀ ਹੈ ।

ਗੁਰਬਾਣੀ ਵਾਲੇ ਰੱਬ ਦੇ ਹੁਕਮ ਦਾ ਮੂਲ ਕੀ ਹੈ ? ਉਸ ਦਾ ਮੂਲ ਵਿਹ ਹੈ ਕਿ ਮਾਇਆ ਰੱਬ ਦੇ ਹੁਕਮ ਵਿਚ, ਉਸ ਦੇ ਅਨੁਸਾਰ ਪੈਦਾ ਹੋਈ ਅਤੇ ਉਸ ਦੇ ਹੁਕਮ ਦੇ ਅਧੀਨ ਹੀ ਉਸ ਨੇ ਮਨੁਖ ਨੂੰ ਆਪਣੇ ਬੰਧਨ ਵਿਚ ਪਾ ਲਿਆ । ਹੁਣ ਉਸੇ ਰੱਬ ਦਾ ਹੁਕਮ ਹੈ ਕਿ ਮਨੁਖ ਮਾਇਆ ਦੇ ਬੰਧਨ ਨੂੰ ਤੋੜੇ, ਰੱਬ ਨਾਲੋਂ ਆਪਣੇ ਵਿਜੋਗ ਨੂੰ ਖ਼ਤਮ ਕਰੇ ਅਤੇ ਆਜ਼ਾਦ ਹੋਵੇ । ਸਿੱਖ-ਲਹਿਰ ਦੀ ਕਰਨੀ ਤੇ ਉਸ ਦਾ ਇਤਿਹਾਸ ਮਨੁਖ ਦੇ ਦਵਾਲਿਉਂ ਮਾਇਆ ਦੇ ਬੰਧਨ ਨੂੰ ਤੋੜਨ ਦੀ ਜਦੋ-ਜਹਿਦ ਦਾ, ਮਾਇਆ ਦੇ ਨਿਜ਼ਾਮ ਨੂੰ ਜੜ੍ਹੋਂ ਉਖੇੜਨ ਵਾਸਤੇ ਜਦੋ-ਜਹਿਦ ਦਾ ਇਤਿਹਾਸ ਹੈ । ਗੁਰੂ ਸਾਹਿਬਾਨ ਸਤਿਗੁਰੂ ਸਨ । ਉਨ੍ਹਾਂ ਦੀ ਕਹਿਣੀ ਤੇ ਕਰਨੀ ਉਹ ਹੀ ਸੀ ਜੋ ਗੁਰਬਾਣੀ ਵਿਚ ਸਤਿਗੁਰੂ ਦੇ ਚਿਤਰ ਵਿਚ ਪੇਸ਼ ਹੈ । ਉਹ ਮਾਇਆ ਦੇ ਵਿਰੋਧੀ, ਮਨੁਖ ਦੇ ਦਵਾਲਿਉਂ ਮਾਇਆ ਦਾ ਬੰਧਨ ਤੋੜਨ ਵਾਲੇ ਪੈਂਤੜੇ ਦੇ ਸੱਚ ਨੂੰ, ਖਸਮ ਦੀ ਬਾਣੀ ਨੂੰ ਪ੍ਰਗਟ ਕਰਨ ਵਾਲੇ ਅਤੇ ਗਿਆਨ-ਵਿਹੂਣੀ ਰਈਅਤ ਨੂੰ ਉਸ ਸੱਚ ਦਾ ਸਰੂਪ ਬਣਾਉਣ ਵਾਲੇ ਆਗੂ ਸਨ; ਮਨੁਖ ਦੀ ਆਜ਼ਾਦੀ ਦੀ ਲਹਿਰ ਦੇ ਨਾਇਕ ਸਨ । ਉਹ ਕੁਦਰਤੀ ਸਰਬੱਤ ਦੀ ਆਜ਼ਾਦੀ ਦੀਆਂ ਮਨੁਖੀ ਕੀਮਤਾਂ ਦੇ ਸਰੂਪ ਸਨ । ਹਾਲਾਤ ਦੇ ਪ੍ਰਸੰਗ ਅਨੁਸਾਰ ਉਨ੍ਹਾਂ ਦੀ ਕਰਨੀ, ਕੁਦਰਤੀ, ਮਨੁਖ ਦੀ ਆਜ਼ਾਦੀ ਦੀਆਂ ਕੀਮਤਾਂ ਦੀ ਅਮਲ ਵਿਚ ਤਰਜਮਾਨੀ ਸੀ ।

ਗੁਰਬਾਣੀ ਵਿਚ ਮਨੁਖੀ ਮਨੋਰਥਾਂ ਦੇ, ਆਪਸ ਵਿਚ ਵਿਰੋਧੀ ਦੋ ਪੈਟਰਨ ਦਰਜ ਹਨ । ਇਕ ਗੁਰਮੁਖਾਂ ਵਾਲਾ ਅਤੇ ਦੂਸਰਾ ਮਨਮੁਖਾਂ ਵਾਲਾ । ਜੇ ਵਿਸਥਾਰ ਵਿਚ ਵੇਖਣਾ ਹੋਵੇ ਤਾਂ ਗੁਰੂ ਸਾਹਿਬਾਨ ਤੇ ਜਿਸ ਲਹਿਰ ਦੇ ਉਹ ਆਗੂ ਸਨ, ਉਸ ਦੀ ਕਰਨੀ ਦੇ ਮਨੋਰਥ, ਸਪੱਸ਼ਟ ਹੀ, ਗੁਰਮੁਖਾਂ ਵਾਲੇ ਪੈਟਰਨ ਦੇ ਸਨ । ਉਸ ਲਹਿਰ ਦੀ ਕਰਨੀ ਤੇ ਉਸ ਦੇ ਮਨੋਰਥ ਮਨਮੁਖੀ ਪੈਟਰਨ ਵਾਲੇ ਹੋ ਹੀ ਨਹੀਂ ਸਨ ਸਕਦੇ । **ਸਿੱਖ-ਲਹਿਰ ਦੇ ਇਤਿਹਾਸਕਾਰ ਗੁਰੂ ਸਾਹਿਬਾਨ ਦੀ ਤੇ ਉਸ ਲਹਿਰ ਦੀ ਕਰਨੀ ਦੇ ਮਨੋਰਥ ਲਭਦੇ ਹਨ ਮਾਇਆ ਦੇ ਪੈਂਤੜੇ ਵਾਲੇ ਮਨੋਰਥਾਂ ਵਿਚੋਂ, ਮਨਮੁਖੀ ਮਨੋਰਥਾਂ ਵਿਚੋਂ । ਜ਼ਾਹਿਰ ਹੈ ਕਿ ਉਹ ਟਪਲਾ ਖਾਣਗੇ ਅਤੇ ਗੁਰੂ ਸਾਹਿਬਾਨ ਤੇ ਸਿੱਖ-ਲਹਿਰ ਦੀ ਕਰਨੀ ਨਾਲ ਬੇਇਨਸਾਫ਼ੀ ਕਰਨਗੇ ।**

ਇਹ ਸਾਰੀ ਗੱਲ ਮਜ਼ਬੀ ਮੁਹਾਵਰੇ ਵਿਚ ਬਿਆਨ ਹੈ । ਪਰ ਇਸ ਦਾ ਮਤਲਬ ਸਾਡੀ ਬੋਲੀ ਵਿਚ ਵੀ ਸਾਫ਼ ਹੈ । **ਮਨੁਖ ਦੀ ਆਜ਼ਾਦੀ ਲਈ ਲੜਦੇ ਇਨਕਲਾਬੀ ਵਾਸਤੇ ਉਸ ਦੀ ਜ਼ਾਤੀ ਜ਼ਿੰਦਗੀ ਦਾ ਅਰਥ ਇਨਕਲਾਬ ਦੇ ਅਰਥਾਂ ਵਿਚ ਹੀ ਹੁੰਦਾ ਹੈ ।** ਜਿਸ ਸਭ ਕੁਛ ਨੂੰ ਜਮਾਤੀ ਸਮਾਜ ਦਾ ਮਨੁਖ, ਮਨਮੁਖ, 'ਮੇਰੀ' ਕਹਿੰਦਾ ਹੈ, ਮਾਇਆ ਦੇ ਸਮਾਜ ਦੇ ਵਿਰੁਧ ਲੜਦੇ ਇਨਕਲਾਬੀ ਦਾ ਉਹ ਸਭ ਕੁਛ ਇਨਕਲਾਬ ਦਾ ਹੁੰਦਾ ਹੈ । ਉਸ ਤੋਂ ਬਾਹਰ, ਉਸ ਤੋਂ ਨਿਵੇਕਲਾ ਉਸ ਦਾ ਨਾ ਕੁਛ ਹੁੰਦਾ ਹੈ,



Digitized by Panjab Digital Library | www.panjabdigilib.org

ਨਾ ਹੋ ਹੀ ਸਕਦਾ ਹੈ। ਉਸ ਦੀ ਜ਼ਿੰਦਗੀ ਇਨਕਲਾਬ ਦੇ ਅਰਪਨ ਹੁੰਦੀ ਹੈ, ਇਨਕਲਾਬ ਉਸ ਦੀ ਜ਼ਿੰਦਗੀ ਦੇ ਅਰਪਣ ਨਹੀਂ ਹੁੰਦਾ। [ਹਰ ਮਾਰਕਸਵਾਦੀ ਜਾਣਦਾ ਹੈ ਕਿ ਕਮਿਊਨਿਸਟ ਪਾਰਟੀ ਦਾ ਕਾਡਰ ਸਹੀ ਅਰਥਾਂ ਵਿਚ ਹੁੰਦਾ ਹੀ ਉਹ ਹੈ, ਮਿਥਿਆ ਹੀ ਉਹ ਜਾਂਦਾ ਹੈ ਜਿਸ ਦਾ ਸਨਅਤੀ ਮਜ਼ਦੂਰ ਜਮਾਤ ਦੇ ਹਿੱਤ ਤੋਂ ਬਾਹਰ, ਉਸ ਤੋਂ ਨਿਖੜਿਆ ਹੋਇਆ ਆਪਣਾ ਜ਼ਾਤੀ ਹਿੱਤ ਕੋਈ ਹੁੰਦਾ ਹੀ ਨਹੀਂ। ਹੋ ਹੀ ਨਹੀਂ ਸਕਦਾ] ਜੋ ਮਨੁਖ, ਜੋ ਲਹਿਰ ਵੀ ਮਨੁਖ ਦੀ ਆਜ਼ਾਦੀ ਦੇ ਪੈਂਤੜੇ ਤੋਂ, ਮਾਇਆ ਦੇ ਨਿਜ਼ਾਮ ਦੇ ਵਿਰੁਧ ਲੜਦੀ ਹੈ, ਉਸ ਦੀ ਪੁਜ਼ੀਸ਼ਨ ਵੀ ਐਨ ਇਹ ਹੀ ਹੁੰਦੀ ਹੈ। ਇਸ ਦੇ ਉਲਟ ਹੋ ਹੀ ਨਹੀਂ ਸਕਦੀ। ਮਨੁਖ ਦੀ ਆਜ਼ਾਦੀ ਵਾਸਤੇ ਲੜਦੀ ਲਹਿਰ ਦੇ ਆਗੂ ਦੀ ਕਰਨੀ ਦਾ ਮਨੋਰਥ, ਉਸ ਦਾ ਨਿਸ਼ਾਨਾ ਪੇਸ਼ ਸਥਿਤੀ ਵਿਚ ਇਨਕਲਾਬ ਦੇ ਹਿੱਤ ਦੀ ਪਾਲਣਾ ਹੀ ਹੁੰਦਾ ਹੈ। ਲਹਿਰ ਦੇ ਲੀਡਰ ਦੀ ਕਰਨੀ ਨੂੰ ਵੇਖਣ ਵਾਸਤੇ ਲਾਜ਼ਮੀ ਹੈ ਕਿ ਉਸ ਸਥਿਤੀ ਵਿਚ ਲਹਿਰ ਜਿਸ ਦਾ ਕਿ ਉਹ ਆਗੂ ਹੈ, ਦੇ ਹਿੱਤ ਦੀ ਮੰਗ ਵੇਖੀ ਜਾਵੇ। ਗੁਰੂ ਸਾਹਿਬਾਨ ਦੀ ਕਰਨੀ ਨੂੰ ਸਮਝਣ ਵਾਸਤੇ ਲਾਜ਼ਮੀ ਹੈ ਕਿ ਸਿੱਖ-ਲਹਿਰ ਦਾ ਜਮਾਤੀ ਪੈਂਤੜਾ ਅਤੇ ਗੁਰਬਾਣੀ ਦਾ ਮਨੁਖੀ ਮੂਲ ਸਮਝਿਆ ਜਾਵੇ।

ਮਨੁਖ ਦੀ ਆਜ਼ਾਦੀ ਵਾਸਤੇ ਲੜਦੇ ਇਨਕਲਾਬੀ ਦਾ ਮਨੋਰਥ ਆਪਣੀ ਜਾਂ ਆਪਣਿਆਂ ਦੀ ਜਾਨ ਬਚਾਉਣਾ ਨਹੀਂ ਹੁੰਦਾ; ਇਨਕਲਾਬ ਲਿਆਉਣਾ ਹੁੰਦਾ ਹੈ। ਜੇ ਉਸ ਨੂੰ ਇਨਕਲਾਬ ਨਾਲੋਂ ਆਪਣੀ ਜਾਨ ਪਿਆਰੀ ਹੋਵੇ ਤਾਂ ਉਸ ਦੇ ਵਾਸਤੇ ਮੁਸ਼ਕਲ ਕੀ ਹੈ ? ਇਨਕਲਾਬ ਨੂੰ ਪਿੱਛਾ ਦੇ ਦੇਵੇ, 'ਹਰਣਾਂ ਬਾਜਾਂ ਤੈ ਸਿਕਦਾਰਾਂ ਏਨ੍ਹਾ ਪੜ੍ਹਿਆ ਨਾਉ' ਹੋ ਜਾਵੇ। ਕਾਬਜ਼ ਨਿਜ਼ਾਮ ਦੀ ਸਟੇਟ ਉਸ ਦੀ ਜਾਨ-ਬਖ਼ਸ਼ੀ ਹੀ ਨਹੀਂ ਕਰ ਦੇਵੇਗੀ ਬਲਕਿ ਉਸ ਨੂੰ ਰੁਤਬੇ, ਮਰਾਤਬੇ ਦੇਣ ਨੂੰ ਵੀ ਤਿਆਰ ਹੋਵੇਗੀ। ਉਸ ਦੇ ਸੋਹਲੇ ਗਾਵੇਗੀ। ਇਨਕਲਾਬ ਦੇ ਪੈਂਤੜੇ ਦੀ ਬੁਨਿਆਦ ਹੀ 'ਜਉ ਤਉ ਪ੍ਰੇਮ ਖੇਲਣ ਕਾ ਚਾਉ। ਸਿਰੁ ਧਰਿ ਤਲੀ ਗਲੀ ਮੇਰੀ ਆਉ। ਇਤੁ ਮਾਰਗਿ ਪੈਰੁ ਧਰੀਜੈ। ਸਿਰੁ ਦੀਜੈ ਕਾਣਿ ਨ ਕੀਜੈ' ਹੁੰਦੀ ਹੈ। ਜ਼ਿੰਦਗੀ ਨੂੰ ਇਸ਼ਟ ਦੇ ਅਰਪਨ ਕਰਨ ਵਿਚ ਕਿਸੇ 'ਤੇ ਕੋਈ ਅਹਿਸਾਨ ਵੀ ਨਹੀਂ ਹੁੰਦਾ। ਇਨਕਲਾਬੀ ਦਾ ਮਨੋਰਥ ਆਪਣੇ ਜ਼ਾਤੀ ਵੈਰ ਵੀ ਨਹੀਂ ਹੁੰਦਾ। ਜੇ ਕਾਬਜ਼ ਸਟੇਟ ਇਨਕਲਾਬੀਆਂ ਉਤੇ ਜ਼ੁਲਮ ਢਾਹੁੰਦੀ ਹੈ ਤਾਂ ਇਨਕਲਾਬੀ ਲੀਡਰ ਇੱਟ ਚੁਕਦੇ ਨੂੰ ਪੱਥਰ ਚੁਕਣ ਵਾਸਤੇ ਆਪਣੀ ਜਮਾਤ ਵਿਚ ਰੋਹ ਜਗਾਉਂਦਾ ਹੈ, **ਪਰ ਉਸ ਰੋਹ ਤੋਂ ਉਪਜਦੀ ਤਾਕਤ ਨੂੰ ਵਰਤਦਾ ਲਹਿਰ ਨੂੰ ਉਸਾਰਨ ਵਾਸਤੇ, ਇਨਕਲਾਬ ਲਿਆਉਣ ਵਾਸਤੇ, ਸਟੇਟ 'ਤੇ ਕਬਜ਼ਾ ਕਰਨ ਵਾਸਤੇ ਹੈ।** ਜੇ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਮਨੋਰਥ ਅਨੰਦਪੁਰ ਦਾ ਵਾਹਿਦ ਮਾਲਕ ਬਣਨਾ ਹੀ ਹੁੰਦਾ ਤਾਂ ਇਹ ਤਾਂ ਕੰਮ ਹੀ ਸੋਖਾ ਸੀ। ਰਾਮ ਰਾਏ ਬਣ ਜਾਂਦੇ, ਇਕ ਅਨੰਦਪੁਰ ਕੀ, ਸ਼ਹਿਨਸ਼ਾਹ ਦਸ ਅਨੰਦਪੁਰ ਉਨ੍ਹਾਂ ਦਿਆਂ ਕਦਮਾਂ 'ਤੇ ਢੇਰੀ ਕਰ



Digitized by Panjab Digital Library | www.panjabdigilib.org

ਦੇਂਦਾ। ਇਨਕਲਾਬੀ ਲਹਿਰ ਦਾ ਆਪਣਾ base ਬਣਾਉਣਾ ਇਕ ਗੱਲ ਹੈ, ਅਤੇ ਸਿੱਖ-ਲਹਿਰ ਨੇ ਅਨੰਦਪੁਰ ਨੂੰ ਆਪਣਾ base ਬਣਾਇਆ । ਆਪਣੇ base ਨੂੰ ਆਪਣੇ ਕਬਜ਼ੇ ਵਿਚ ਰਖਣਾ ਇਕ ਗੱਲ ਹੈ (ਅਤੇ ਉਸ ਨੂੰ ਆਪਣੇ ਕਬਜ਼ੇ ਵਿਚ ਰਖਣ ਵਾਸਤੇ ਉਹ ਲਹਿਰ ਲੜੀ) ਪਰ 'ਆਪਣੇ ਪੁਰਖਿਆਂ ਦੀ ਦੇਣ ਅਤੇ ਆਪਣਾ ਘਰ' ਕਰਕੇ ਮਾਇਆ ਵਾਲੀ ਮਲਕੀਅਤ ਬਿਲਕੁਲ ਦੂਸਰੀ ਤੇ ਇਸ ਦੇ ਵਿਰੋਧੀ। ਜੇ ਗੁਰੂ ਗੋਬਿੰਦ ਸਿੰਘ ਹੋਰਾਂ ਦਾ ਮਨੋਰਥ "ਆਪਣੇ ਪੁਰਖਿਆਂ ਦੀ ਦੇਣ ਅਤੇ ਆਪਣੇ ਘਰ" ਦੀ ਮਲਕੀਅਤ ਹੁੰਦਾ, ਤਾਂ ਅਨੰਦਪੁਰ ਤਾਂ ਭਾਵੇਂ ਉਨ੍ਹਾਂ ਨੂੰ ਦਸ ਮਿਲ ਜਾਂਦੇ, ਪਰ ਗੁਰੂ ਗੋਬਿੰਦ ਸਿੰਘ ਗੁਰੂ ਗੋਬਿੰਦ ਸਿੰਘ ਨਾ ਰਹਿੰਦੇ, ਇਕ ਰਜਵਾੜਾ ਹੋ ਨਿਬੜਦੇ ।

ਹੁਣ ਸਵਾਲ ਇਹ ਹੈ ਕਿ ਔਰੰਗਜ਼ੇਬ ਨੂੰ 'ਜ਼ਫਰਨਾਮਾ' ਲਿਖਣ ਵਿਚ ਗੁਰੂ ਸਾਹਿਬ ਦਾ ਮਨੋਰਥ ਕੀ ਸੀ ? ਬਹਾਦਰ ਸ਼ਾਹ ਦੇ ਨੇੜ ਤੋਂ ਉਹ ਹਾਸਿਲ ਕੀ ਕਰਨਾ ਚਾਹੁੰਦੇ ਸਨ ? ਇਨ੍ਹਾਂ ਸਵਾਲਾਂ ਦਾ ਤਸੱਲੀ-ਬਖ਼ਸ਼ ਜਵਾਬ ਮਿਲਣਾ ਚਾਹੀਦਾ ਹੈ। ਜੇ ਸਿੱਖ-ਲਹਿਰ ਦੇ ਅਸਲੇ ਦੀ ਅਤੇ ਗੁਰਬਾਣੀ ਦੇ ਮੂਲ ਦੀ ਸਮਝ ਹੋਵੇ ਤਾਂ ਇਨ੍ਹਾਂ ਸਵਾਲਾਂ ਦਾ ਜਵਾਬ ਕੋਈ ਮੁਸ਼ਕਿਲ ਨਹੀਂ। ਕਾਬਜ਼ ਨਿਜ਼ਾਮ ਮਾਇਆ ਦਾ ਨਿਜ਼ਾਮ ਸੀ। ਸਿੱਖ-ਲਹਿਰ ਉਸ ਦੇ ਵਿਰੁਧ ਮਨੁਖ ਦੀ ਆਜ਼ਾਦੀ ਦੇ ਪੈਂਤੜੇ ਤੋਂ ਇਨਕਲਾਬੀ ਲਹਿਰ ਸੀ। ਇਨਕਲਾਬੀ ਲਹਿਰਾਂ ਦੇ ਉਤਰਾ-ਚੜ੍ਹਾਅ ਹੁੰਦੇ ਹਨ। ਗੁਰੂ ਗੋਬਿੰਦ ਸਿੰਘ ਦੇ ਅਨੰਦਪੁਰ ਛਡਣ ਦਾ ਮਤਲਬ ਹੈ ਕਿ ਉਸ ਵੇਲੇ ਲਹਿਰ ਆਪਣਾ ਇਨਕਲਾਬੀ ਜ਼ੋਰ ਲਗਾ ਚੁਕੀ ਸੀ। ਅਨੰਦਪੁਰ ਵਾਲਾ ਖ਼ਾਲਸਾ ਮੈਦਾਨੇ-ਜੰਗ ਦੀ ਭੇਟ ਹੋ ਚੁਕਾ ਸੀ। ਸਾਹਿਬਜ਼ਾਦੇ ਸ਼ਹੀਦ ਹੋ ਚੁਕੇ ਸਨ। ਮੁਕਤੇ ਲਗ ਚੁਕੇ ਸਨ। ਗੁਰੂ ਸਾਹਿਬ ਮਾਛੀਵਾੜੇ ਦੇ ਜੰਗਲ ਵਿਚ ਇਕੱਲੇ ਹੀ ਪਹੁੰਚੇ ਸਨ। ਵਕਤੀ ਤੌਰ 'ਤੇ ਵਿਰੋਧੀਆਂ ਦਾ, ਫ਼ੀਉਡਲਾਂ ਦਾ ਜ਼ੋਰ ਪੈ ਗਿਆ ਸੀ। ਇਸ ਦਸ਼ਾ ਵਿਚ ਲਹਿਰ ਦਾ ਹਿੱਤ ਕੀ ਸੀ ? ਹਿੱਤ ਇਹ ਸੀ ਕਿ ਸਥਾਨਕ ਰਾਜ-ਪ੍ਰਬੰਧ ਲਹਿਰ ਦੇ ਮਗਰ ਲਗ ਕੇ ਉਸ ਦਾ ਖੁਰਾ ਖੋਜ ਮਿਟਾਉਣ ਦੇ ਰਾਹੇ ਨਾ ਪੈ ਜਾਵੇ। ਹੋ ਸਕੇ ਤਾਂ ਤਰੀਕਾ ਉਹ ਅਖਤਿਆਰ ਕੀਤਾ ਜਾਵੇ ਜਿਸ ਨਾਲ ਸਥਾਨਕ ਰਾਜ-ਪ੍ਰਬੰਧ ਨੂੰ ਆਪਣੇ ਆਪ ਦੀ ਪੈ ਜਾਵੇ ਅਤੇ ਵਕਤੀ ਤੌਰ 'ਤੇ ਉਹ ਲਹਿਰ ਦੇ ਮਗਰੋਂ ਲਹਿ ਜਾਵੇ। ਵਾਹ ਲਗਦੀ ਹੋਰ ਜ਼ਖ਼ਮ ਲਗਿਆਂ ਬਗੈਰ ਲਹਿਰ ਦੇ ਮੁੜ ਚੜ੍ਹਾਅ ਵਿਚ ਆਉਣ ਤਕ ਦਾ ਵਕਤ ਟੱਪ ਜਾਵੇ। ਵਕਤੀ ਤੌਰ 'ਤੇ ਸਿੱਖ-ਲਹਿਰ ਦਾ ਲਹੂ ਨਿਕਲ ਚੁਕਾ ਸੀ। ਉਸ ਵਲੋਂ ਹਾਲ ਦੀ ਘੜੀ ਸ਼ਹਿਨਸ਼ਾਹ ਦੇ ਰਾਜ-ਪ੍ਰਬੰਧ ਨੂੰ ਕੋਈ ਤੌਖਲਾ ਨਹੀਂ ਸੀ। ਉਸ ਨੂੰ ਖ਼ਤਰਾ ਹੋਰ ਪਾਸਿਉਂ ਸੀ। ਉਸ ਦਾ ਧਿਆਨ ਹੋਰਧਰੇ ਸੀ। ਸਸਤਾਂਦੀ, ਵਕਤੀ ਤੌਰ 'ਤੇ ਸੌਂ ਰਹੀ ਲਹਿਰ ਨੂੰ ਤੁਖਣੇ ਦੇ ਦੇ ਬਦੋ-ਬਦੀ ਟੰਟਾ ਖੜਾ ਕਰਨ ਦਾ ਸ਼ਹਿਨਸ਼ਾਹ ਨੂੰ ਕੋਈ ਲਾਭ ਨਹੀਂ ਸੀ। ਉਸ ਨੂੰ ਵਕਤੀ ਤੌਰ 'ਤੇ ਸਿੱਖ-ਲਹਿਰ ਦੇ ਲੀਡਰ ਨਾਲ ਗਲ-ਘਸਾਵਾ ਪੁਗਦਾ ਸੀ। ਗੁਰੂ ਸਾਹਿਬ ਨੂੰ ਵੀ ਇਸ



Digitized by Panjab Digital Library | www.panjabdigilib.org

ਮੌਕੇ ਸ਼ਹਿਨਸ਼ਾਹ ਨਾਲ ਨੇੜ ਪੁਗਦਾ ਸੀ। ਸਥਾਨਕ ਰਾਜ-ਪ੍ਰਬੰਧ ਉਤੇ ਇਸ ਮੌਕੇ ਕੁੰਡਾ ਪਾਉਣ ਦਾ ਇਹ ਹੀ ਰਾਹ ਸੀ। ਗੁਰੂ ਸਾਹਿਬ ਨੇ ਹਾਲਾਤ ਦੀ ਨਬਜ਼ ਵੇਖੀ। ਹਾਲਾਤ ਦੀ ਤਾਣੀਂ ਵਿਚੋਂ ਸ਼ਹਿਨਸ਼ਾਹ ਨਾਲ ਨੇੜ ਦੇ ਤੰਦ ਨੂੰ ਪਕੜਿਆ।

ਸਮਝਣ ਵਾਲੀ ਗੱਲ ਇਹ ਹੈ ਕਿ ਇਕ ਪਾਸੇ ਤੋਂ ਸ਼ਹਿਨਸ਼ਾਹ ਦਾ ਅਤੇ ਦੂਸਰੇ ਪਾਸੇ ਤੋਂ ਗੁਰੂ ਦਾ ਸਿਆਸੀ ਹਿੱਤ ਵਕਤੀ ਤੌਰ 'ਤੇ ਰਲ ਗਿਆ।* ਇਹ ਨਹੀਂ ਕਿ ਗੁਰੂ ਸਾਹਿਬ ਨੇ ਸ਼ਹਿਨਸ਼ਾਹ ਦੀ ਅੱਖੀਂ ਘੱਟਾ ਪਾ ਲਿਆ ਜਾਂ ਸ਼ਹਿਨਸ਼ਾਹ ਨੇ ਗੁਰੂ ਸਾਹਿਬ ਨੂੰ ਭੁਚਲਾ ਲਿਆ। ਨਿਜ਼ਾਮ ਫ਼ੀਊਡਲ ਸੀ। ਉਸ ਦੀ ਆਰਥਕਤਾ ਦੀ ਤੌਰ ਸਲਤਨਤ ਦੇ ਸਾਰੇ ਹਿੱਸਿਆਂ ਨੂੰ ਆਪਣੇ ਆਪ ਕੇਂਦਰ ਨਾਲ ਨਹੀਂ ਸੀ ਬੰਨ੍ਹੀ ਆਉਂਦੀ। ਸ਼ਹਿਨਸ਼ਾਹ ਨੂੰ ਸੂਬੇਦਾਰ ਸਥਾਪਤ ਵੀ ਕਰਨੇ ਪੈਂਦੇ ਸਨ। ਉਨ੍ਹਾਂ ਦੀ ਸਥਾਪਤੀ

*"ਸਿੱਖ ਲਹਿਰ ਖ਼ੁਦ-ਰੌ ਪੈਦਾ ਨਹੀਂ ਸੀ ਹੋ ਗਈ। ਇਸ ਨੂੰ ਵਿਉਂਤਣ ਅਤੇ ਢਾਲਣ ਵਿਚ ਗੁਰੂ ਸਾਹਿਬਾਨ ਨੇ ਦੋ ਸੌ ਸਾਲ ਦੇ ਕਰੀਬ ਲਗਾਤਾਰ ਅਹਿਮ ਅਤੇ ਚੇਤੰਨ ਰੋਲ ਅਦਾ ਕੀਤਾ। ਲਹਿਰ ਨੂੰ ਸ਼ਕਲ ਦੇਣ ਵਿਚ ਉਨ੍ਹਾਂ ਦੇ ਪੱਕੇ ਅਤੇ ਨਿਸਚਿਤ ਨਿਸ਼ਾਨੇ ਸਨ ਜਿਨ੍ਹਾਂ ਨੂੰ ਹਾਸਿਲ ਕਰਨ ਲਈ ਉਹ ਬਦਲਦੇ ਹਾਲਾਤ ਦਾ ਅੱਗਾ ਪਿੱਛਾ ਵਿਚਾਰ ਕੇ ਪੈਂਤੜਾ ਕਾਇਮ ਕਰਦੇ ਸਨ। ਗੁਰੂ ਗੋਬਿੰਦ ਸਿੰਘ ਜੀ ਦੇ ਸਮਕਾਲੀ ਕਵੀ ਸੈਨਾਪਤੀ ਨੇ ਆਪਣੇ ਗਰੰਥ **ਸ੍ਰੀ ਗੁਰ ਸੋਭਾ** ਵਿਚ ਖ਼ਾਲਸੇ ਦੀ ਸਾਜਨਾ ਬਾਰੇ ਲਿਖਿਆ ਹੈ "ਅਸੁਰ ਸਿੰਘਾਰਥੇ ਕੋ ਦੁਰਜਨ ਕੇ ਮਾਰਥੇ ਕੋ ਸੰਕਟ ਨਿਵਾਰਥੇ ਕੋ ਖਾਲਸਾ ਬਨਾਯੋ ਹੈ," ਅਤੇ "ਗੁਪਤ ਬਾਤ ਭਈ ਪ੍ਰਗਟਿ ਅੰਤ ਗੁਰਦੇਵ ਬਤਾਈ।" ਅਰਥਾਤ ਜੋ ਖ਼ਾਲਸੇ ਨੂੰ ਰਚਣ ਦੀ ਪਲੈਨ ਗੁਪਤ ਰਖੀ ਹੋਈ ਸੀ, ਉਹ ਪ੍ਰਗਟ ਕੀਤੀ। ਇੰਦੂ ਭੂਸ਼ਨ ਬੈਨਰਜੀ ਨੇ ਨਿਖੇੜਾ ਕੀਤਾ ਹੈ ਕਿ ਕਿਵੇਂ ਗੁਰੂ ਹਰਿਗੋਬਿੰਦ ਸਾਹਿਬ ਨੇ ਪਹਿਲੋਂ ਹਕੂਮਤ ਨਾਲ ਟੱਕਰ ਲੈ ਕੇ ਲਹਿਰ ਦੀ ਤਾਕਤ ਨੂੰ ਟੋਹਿਆ, ਪਰ ਜਦ ਵੇਖਿਆ ਕਿ ਤਿਆਰੀ ਵਿਚ ਕਮੀ ਹੈ ਤਾਂ ਪੈਂਤੜਾ ਬਦਲ਼ ਲਿਆ। ਲਹਿਰ ਦਾ ਨਿਸ਼ਾਨਾ ਨਹੀਂ ਛੱਡਿਆ ਕਿਉਂਕਿ ਆਪਣੇ ਜਾਂਨਸ਼ੀਨ ਨੂੰ ਹਿਦਾਇਤ ਕਰ ਦਿਤੀ ਕਿ ਉਹ ਹਥਿਆਰਬੰਦ ਘੋੜ-ਚੜ੍ਹੇ ਪਾਸ ਰਖਣ ਪਰ ਖਾਹ-ਮਖਾਹ ਲੜਾਈ ਮੁਲ ਨਾ ਲੈਣ। ਗੁਰੂ ਗੋਬਿੰਦ ਸਿੰਘ ਜੀ ਦਾ ਵੀ ਔਰੰਗਜ਼ੇਬ ਨਾਲ ਗੱਲ ਬਾਤ ਕਰਨ ਜਾਂ ਬਹਾਦਰਸ਼ਾਹ ਨੂੰ ਮਿਲਣ ਦਾ ਐਨ ਅਜੇਹਾ ਮਕਸਦ ਹੀ ਹੋ ਸਕਦਾ ਸੀ। ਡਾਕਟਰ ਗਰੇਵਾਲ ਜੀ ਨੇ ਲਿਖਿਆ ਹੈ ਕਿ ਬਹਾਦਰਸ਼ਾਹ ਨੂੰ ਪੁਗਦਾ ਸੀ ਕਿ ਆਪਣੇ ਹਿੱਤਾਂ ਲਈ ਉਸ ਸਮੇਂ ਪੰਜਾਬ ਵਿਚ ਗੜਬੜ ਹੋਣੋਂ ਬਚਾਉਣ ਖਾਤਰ ਉਹ ਗੁਰੂ ਸਾਹਿਬ ਨੂੰ ਗਲਬਾਤ ਵਿਚ ਰੁਝਾਈ ਰਖੇ। ਇਸੇ ਤਰ੍ਹਾਂ ਗੁਰੂ ਸਾਹਿਬ ਨੂੰ ਵੀ ਪੁਗ ਸਕਦਾ ਸੀ ਕਿ ਅਨੰਦਪੁਰ ਪਿਛੋਂ ਲਹਿਰ ਨੂੰ ਫਿਰ ਨਵਿਓਂ ਸਿਰਿਓਂ ਸੁਰਜੀਤ ਕਰਨ ਲਈ ਸਮਾਂ ਮਿਲੇ ਅਤੇ ਸੁਰਜੀਤ ਹੋਣ ਤੋਂ ਪਹਿਲੋਂ ਸ਼ਾਹੀ ਤਾਕਤ ਦਾ ਦਬਾਓ ਲਹਿਰ ਉਤੇ ਬੇਮੌਕਿਆ ਪੈਣੋਂ ਬਚਾਇਆ ਜਾਏ। ਸਰਹੰਦ ਦੇ ਸੂਬੇ



Digitized by Panjab Digital Library | www.panjabdigilib.org

ਬਗੈਰ ਗੁਜ਼ਾਰਾ ਵੀ ਨਹੀਂ ਸੀ ਹੁੰਦਾ। ਪਰ ਉਨ੍ਹਾਂ ਉਤੇ ਇਤਬਾਰ ਵੀ ਨਹੀਂ ਸੀ ਕੀਤਾ ਜਾ ਸਕਦਾ। ਉਨ੍ਹਾਂ ਦੀ ਸ਼ਹਿਨਸ਼ਾਹ ਤੋਂ ਬਾਗੀ ਹੋ ਕੇ ਖ਼ੁਦਮੁਖ਼ਤਿਆਰ ਹਕੂਮਤ ਕਾਇਮ ਕਰ ਲੈਣ ਦੀ ਸੰਭਾਵਨਾ ਹਮੇਸ਼ਾਂ ਹੁੰਦੀ ਸੀ। ਸ਼ਹਿਨਸ਼ਾਹ ਦਾ ਸੂਬੇਦਾਰਾਂ ਨਾਲ ਰਿਸ਼ਤਾ ਡਾਇਲੈਕਟੀਕਲ ਸੀ। ਉਸ ਡਾਇਲੈਕਟਿਕਸ ਦੀ ਕਦੀ ਇਕ ਜੁਜ਼ ਭਾਰੂ ਹੁੰਦੀ ਸੀ ਅਤੇ ਕਦੀ ਦੂਸਰੀ। ਜਿਹੜਾ ਇਨਕਲਾਬੀ ਲੀਡਰ ਹਾਕਮ ਜਮਾਤਾਂ ਦੇ ਧੜਿਆਂ ਦੇ ਆਪਸ ਵਿਚ ਡਾਇਲੈਕਟੀਕਲ ਰਿਸ਼ਤੇ ਦੇ ਪਾਏ ਵਿਰੋਧ ਨੂੰ ਆਪਣੇ ਹਿੱਤ ਵਿਚ ਨਹੀਂ ਵਰਤਦਾ, ਉਹ ਕਾਹਦਾ ਲੀਡਰ ਹੈ? ਗੁਰੂ ਸਾਹਿਬ ਨੇ ਇਸ ਮੌਕੇ ਇਸ ਵਿਰੋਧ ਨੂੰ ਆਪਣੇ ਹੱਕ ਵਿਚ ਬੜੀ ਕਾਮਯਾਬੀ ਨਾਲ ਵਰਤਿਆ। ਜਦੋਂ ਕਾਬਜ਼ ਸਟੇਟ ਦਾ ਕਾਨੂੰਨ ਇਨਕਲਾਬੀ ਲਹਿਰ ਦੇ ਹਿੱਤ ਵਿਚ ਵਰਤਿਆ ਜਾ ਸਕਦਾ ਹੋਵੇ, ਜੇ ਇਨਕਲਾਬੀ ਲੀਡਰ ਉਸ ਨੂੰ ਆਪਣੇ ਹੱਕ ਵਿਚ ਨਾ ਵਰਤੇ ਤਾਂ ਉਹ ਲਹਿਰ ਦਾ ਨੁਕਸਾਨ ਕਰਦਾ ਹੈ। ਜਦੋਂ ਉਹ ਕਾਬਜ਼ ਸਟੇਟ ਦੇ ਕਾਨੂੰਨ ਨੂੰ ਆਪਣੇ ਹੱਕ ਵਿਚ ਵਰਤਦਾ ਹੈ ਤਾਂ ਉਹ ਉਸ ਕਾਨੂੰਨ ਦੀ ਬੋਲੀ ਬੋਲਦਾ ਹੈ।

---

ਨੂੰ ਸਜ਼ਾ ਦੇਣ ਦੀ ਜੇ ਮੰਗ ਕੀਤੀ ਵੀ ਹੋਵੇ ਤਾਂ ਉਹ ਇਸ ਨੀਤੀ ਨਾਲ ਢੁਕਦੀ ਹੈ। ਜੇ ਬਹਾਦਰਸ਼ਾਹ ਸੂਬੇ ਨੂੰ ਸਜ਼ਾ ਦੇ ਦੇਂਦਾ ਤਾ ਕਿਸੇ ਹੋਰ ਸਥਾਨਕ ਅਧਿਕਾਰੀ ਨੇ ਆਪਣੀ ਪਹਿਲ (initiative) ਉਤੇ ਸਿੱਖਾਂ ਨੂੰ ਦਬਾਉਣ ਦੀ ਨਹੀਂ ਸੀ ਸੋਚਣੀ। ਬਹਾਦਰਸ਼ਾਹ ਦੇ ਆਸ ਪਾਸ ਗੁਰੂ ਸਾਹਿਬ ਦੇ ਰਹਿਣ ਨੇ ਹੀ ਸਰਹੰਦ ਦੇ ਸੂਬੇ ਨੂੰ ਪਿਦੂ ਪਾ ਦਿਤੇ ਸਨ। ਇਸ ਨਜ਼ਰੀਏ ਨਾਲ ਵੇਖਿਆਂ ਸਰਹੰਦ ਦੇ ਸੂਬੇ ਨੂੰ ਸਜ਼ਾ ਦੇਣ ਦੀ ਮੰਗ (ਜੇ ਕੀਤੀ ਹੋਵੇ) ਦਾ ਸੰਬੰਧ ਗੁਰੂ ਸਾਹਿਬ ਦੇ ਨਿਜੀ ਬਦਲਾ ਲੈਣ ਦੀ ਭਾਵਨਾ ਨਾਲ ਨਹੀਂ, ਬਲਕਿ ਇਸ ਦਾ ਸੰਬੰਧ ਸਿੱਖ ਲਹਿਰ ਦੇ ਇਕ ਪੈਂਤੜੇ ਦੇ ਮੰਤਵ ਦੇ ਹਾਸਿਲ ਕਰਨ ਨਾਲ ਜੋੜਿਆ ਜਾਣਾ ਚਾਹੀਦਾ ਹੈ। ਉਪਰੋਕਤ ਦ੍ਰਿਸ਼ਟੀਕੋਣ ਤੋਂ ਵੇਖਿਆਂ **ਜ਼ਫ਼ਰਨਾਮਾ** ਵਿਚ ਔਰੰਗਜ਼ੇਬ ਵਲੋਂ ਕੀਤੇ ਇਕਰਾਰਾਂ ਦਾ ਜ਼ਿਕਰ ਵੀ ਵਿਆਖਿਆ ਜਾ ਸਕਦਾ ਹੈ। ਸਿੱਖ ਰਿਵਾਇਤ ਮੁਤਾਬਕ ਗੁਰੂ ਸਾਹਿਬ ਅਨੰਦਪੁਰ ਛੱਡਣਾ ਨਹੀਂ ਸਨ ਚਾਹੁੰਦੇ, ਪਰ ਸਿੱਖ ਭੁਖ ਦਾ ਦੁਖ ਬਰਦਾਸ਼ਤ ਨਾ ਕਰ ਸਕੇ ਅਤੇ ਉਨ੍ਹਾਂ ਗੁਰੂ ਸਾਹਿਬ ਨੂੰ ਕਿਲ੍ਹਾ ਛਡਣ ਲਈ ਮਜਬੂਰ ਕਰ ਦਿਤਾ। ਐਨ ਮੁਮਕਨ ਹੈ ਕਿ ਔਰੰਗਜ਼ੇਬ ਜਾਂ ਉਸ ਵਲੋਂ ਗੁਰੂ ਸਾਹਿਬ ਨੂੰ ਬਚਨ ਦਿਤਾ ਗਿਆ ਹੋਵੇ ਕਿ ਜੇ ਉਹ ਕਿਲ੍ਹਾ ਛੱਡ ਦੇਣ ਤਾਂ ਉਨ੍ਹਾਂ ਨੂੰ ਅਤੇ ਉਨ੍ਹਾਂ ਦੀ ਫ਼ੌਜ ਨੂੰ ਸੁਰਖਿਅਤ ਜਾਣ ਦਿਤਾ ਜਾਵੇਗਾ। ਜਾਣਦਿਆਂ ਹੋਇਆਂ ਕਿ ਇਹ ਇਕਰਾਰ ਝੂਠੇ ਸਨ ਗੁਰੂ ਸਾਹਿਬ ਨੇ ਕਿਲ੍ਹਾ ਛੱਡ ਦਿਤਾ ਕਿਉਂਕਿ ਸਿੱਖਾਂ ਵਲੋਂ ਬੇਵਾਹ ਪ੍ਰਗਟ ਕਰਨ ਕਰਕੇ ਉਨ੍ਹਾਂ ਪਾਸ ਹੋਰ ਕੋਈ ਰਾਹ ਨਹੀਂ ਸੀ। **ਜ਼ਫ਼ਰਨਾਮਾ** ਵਿਚ ਔਰੰਗਜ਼ੇਬ ਨੂੰ ਆਪਣੇ ਕੌਲ ਇਕਰਾਰਾਂ ਦੀ ਚੇਤਾਵਨੀ ਦਿਵਾ ਕੇ ਅਤੇ ਉਸ ਦੇ ਦੀਨ ਈਮਾਨ ਮੁਤਾਬਿਕ ਇਕਰਾਰ ਪੂਰੇ ਕਰਨ ਦੇ ਫ਼ਰਜ਼ ਨੂੰ ਯਾਦ ਕਰਾਕੇ ਉਸ ਦੀ ਆਤਮਾ



Digitized by Panjab Digital Library | www.panjabdigilib.org

ਮੋਟੇ ਤੌਰ 'ਤੇ 'ਜ਼ਫ਼ਰਨਾਮਾ' ਤਿੰਨ੍ਹਾਂ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ। ਉਸ ਵਿਚ **ਪਹਿਲਾ ਨੁਕਤਾ** ਇਹ ਹੈ ਕਿ ਗੁਰੂ ਸਾਹਿਬ ਕਹਿੰਦੇ ਹਨ ਕਿ ਸਥਾਨਕ ਰਾਜ-ਪ੍ਰਬੰਧ ਦੇ ਪੁਰਜ਼ੇ ਜ਼ਾਲਮ ਹਨ। ਉਨ੍ਹਾਂ ਰਾਜ ਦੇ ਕਾਨੂੰਨੋਂ ਬਾਹਰੇ ਹੋ ਕੇ, ਉਸ ਨੂੰ ਤੋੜ ਕੇ ਉਨ੍ਹਾਂ 'ਤੇ ਅਤੇ ਉਨ੍ਹਾਂ ਦੇ ਪੈਰੋਕਾਰਾਂ 'ਤੇ ਜ਼ੁਲਮ ਢਾਹੇ ਹਨ। ਝੂਠੀਆਂ ਕਸਮਾਂ ਖਾ ਕੇ ਧੋਖੇ ਦਿੱਤੇ ਹਨ। ਉਹ ਮੁਜਰਮ ਹਨ। ਸਜ਼ਾ ਦੇ ਹੱਕਦਾਰ ਹਨ। ਉਨ੍ਹਾਂ ਦੇ ਕੀਤੇ ਦੋਸ਼ਾਂ ਵਾਸਤੇ ਉਨ੍ਹਾਂ ਨੂੰ ਮੁਨਾਸਿਬ ਸਜ਼ਾ ਦਿਤੀ ਜਾਵੇ। ਇਸ ਨੁਕਤੇ ਵਿਚ ਗੁਰੂ ਸਾਹਿਬ ਸ਼ਹਿਨਸ਼ਾਹ ਕੋਲੋਂ ਉਸ ਦੇ ਕਾਨੂੰਨ ਦੇ ਅਧੀਨ ਇਨਸਾਫ਼ ਦੀ ਮੰਗ ਕਰਦੇ ਹਨ। **ਦੂਸਰੇ ਨੁਕਤੇ** ਵਿਚ ਉਹ ਉਸ ਨਿਜ਼ਾਮ ਦੇ ਬਣਾਏ ਸਟੇਟ ਦੇ ਰੈਸ਼ਨੇਲ ਨੂੰ ਆਪਣੇ ਹੱਕ ਵਿਚ ਵਰਤਦੇ ਹਨ। ਉਹ ਨਿਜ਼ਾਮ ਫ਼ੀਊਡਲ ਸੀ, ਜਮਾਤੀ ਸੀ, ਮਾਇਆ ਦਾ ਸੀ। ਉਸ ਦੀ ਸਟੇਟ 'ਰਾਜੇ ਸੀਹ ਮੁਕਦਮ ਕੁਤੇ' ਸੀ। ਔਰੰਗਜ਼ੇਬ ਹੁੰਦਾ ਜਾਂ ਕੋਈ ਹੋਰ, ਉਸ ਨਿਜ਼ਾਮ ਦੇ ਹਰ ਸ਼ਹਿਨਸ਼ਾਹ ਦਾ, ਉਸ ਦੇ ਹਰ ਰਾਜੇ ਦਾ, ਉਸ ਦੇ ਰਾਜ ਦੇ ਹਰ ਪੁਰਜ਼ੇ ਦਾ ਇਹ ਅਸਲਾ ਹੋਣਾ ਲਾਜ਼ਮੀ ਸੀ। ਹੋਰ ਅਸਲਾ ਹੋ ਹੀ

---

ਨੂੰ ਟੁੰਬਦੇ ਹਨ ਕਿ ਉਹ ਆਪਣੇ ਕੀਤੇ ਇਕਰਾਰ ਪੂਰੇ ਕਰੇ। ਅਰਥਾਤ ਗੁਰੂ ਸਾਹਿਬ ਅਤੇ ਉਨ੍ਹਾਂ ਦੇ ਸਿੱਖਾਂ ਉਤੇ ਸ਼ਾਹੀ ਦਬਾਉ ਨੂੰ ਢਿੱਲਾ ਕਰੇ ਤਾਕਿ ਲਹਿਰ ਨੂੰ ਫਿਰ ਆਪਣੇ ਪੈਰੀ ਖੜਾ ਹੋਣ ਦਾ ਮੌਕਿਆ ਮਿਲ ਸਕੇ। ਉਪਰੋਕਤ ਦ੍ਰਿਸ਼ਟੀਕੋਨ ਤੋਂ ਵੇਖਿਆਂ ਹੀ ਬੰਦੇ ਦੇ ਪੰਜਾਬ ਭੇਜੇ ਜਾਣ ਸੰਬੰਧੀ ਨੀਤੀ ਦੀ ਵਧੇਰੇ ਸਮਝ ਪੈਂਦੀ ਹੈ। ਜਿਤਨਾ ਚਿਰ ਬਹਾਦਰਸ਼ਾਹ ਨਾਲ ਗਲਬਾਤ ਸਿਰੇ ਚੜ੍ਹਨ ਦੀ ਆਸ ਸੀ ਗੁਰੂ ਸਾਹਿਬ ਆਪ ਪੰਜਾਬ ਵਾਪਸ ਆਉਣ ਦੀ ਸੋਚਦੇ ਰਹੇ। ਪਰ ਜਦ ਇਹ ਆਸ ਟੁਟ ਗਈ ਤਾਂ ਬੰਦੇ ਨੂੰ ਭੇਜਣ ਬਾਰੇ ਸੋਚਿਆ। ਬਹਾਦਰਸ਼ਾਹ ਨਾਲ ਸਮਝੌਤੇ ਤੋਂ ਬਿਨਾਂ ਗੁਰੂ ਸਾਹਿਬ ਨੂੰ ਖ਼ੁਦ ਪੰਜਾਬ ਆਕੇ ਲਹਿਰ ਨੂੰ ਮੁੜ ਜਥੇਬੰਦ ਕਿਸੇ ਨਹੀਂ ਸੀ ਕਰਨ ਦੇਣਾ। ਪਰ ਬੰਦਾ ਗੁਮਨਾਮ ਸੀ ਅਤੇ ਉਸ ਦੇ ਹਕੂਮਤ ਦਾ ਧਿਆਨ ਖਿਚੇ ਬਿਨਾ ਇਹ ਕਾਰਜ ਕਰਨ ਦੇ ਵਧੇਰੇ ਚਾਨਸ ਸਨ। ਇਹ ਗੱਲ ਵਖਰੀ ਹੈ ਕਿ ਹਾਲਾਤ ਬਹੁਤ ਤੇਜ਼ੀ ਨਾਲ ਬਦਲਣ ਕਰਕੇ ਬੰਦੇ ਨੂੰ ਜਲਦੀ ਜਨਤਾ ਭਾਰੀ ਗਿਣਤੀ ਵਿਚ ਆਣ ਮਿਲੀ ਅਤੇ ਉਸ ਨੂੰ ਅੱਖ ਬਚਾਕੇ ਕੰਮ ਕਰਨ ਦੀ ਲੋੜ ਨਾ ਰਹੀ।

ਇਸ ਸਾਰੀ ਵਿਉਂਤ ਸੰਬੰਧੀ ਇਹ ਯਾਦ ਰਖਣਾ ਅਤਿ ਜ਼ਰੂਰੀ ਹੈ (ਜਿਸ ਬਿਨਾਂ ਇਸ ਵਿਚਾਰ-ਪਖਸ਼ ਦੀ ਸਾਰੀ ਰੰਗਤ ਬਦਲ ਜਾਂਦੀ ਹੈ) ਕਿ ਗੁਰੂ ਸਾਹਿਬ ਨੇ ਬਾਦਸ਼ਾਹ ਨਾਲ ਗਲ-ਬਾਤ ਵੇਲੇ ਲਹਿਰ ਦੇ ਨਿਸ਼ਾਨੇ ਨੂੰ ਜਿਉਂ ਦਾ ਤਿਉਂ ਕਾਇਮ ਰਖਿਆ। ਸਿੱਖਾਂ ਨੂੰ ਹਥਿਆਰਬੰਦ ਹੋ ਕੇ ਮਿਲਣ ਲਈ ਲਿਖਦੇ ਰਹੇ ਅਤੇ ਬੰਦੇ ਨੂੰ ਪੰਜਾਬ ਤੋਰਿਆ।" ਸ: ਜਗਜੀਤ ਸਿੰਘ (**ਸੇਧ**, ਜਨਵਰੀ ੧੯੭੬, ਸਫ਼ੇ ੫੬-੫੭)



Digitized by Panjab Digital Library | www.panjabdigilib.org

ਨਹੀਂ ਸੀ ਸਕਦਾ। ਪਰ ਉਸ ਨਿਜ਼ਾਮ ਨੇ ਆਪਣੀ ਸਟੇਟ ਦਾ ਰੈਸ਼ਨੇਲ ਇਹ ਬਣਾਇਆ ਹੋਇਆ ਸੀ ਕਿ ਸ਼ਹਿਨਸ਼ਾਹ, ਰਾਜਾ ਧਰਤੀ ਉਤੇ ਰੱਬ ਦਾ ਸਰੂਪ ਹੈ, ਰਈਅਤ ਦਾ ਮਾਈ ਬਾਪ ਹੈ, ਮਾਪਿਆਂ ਵਾਂਗ ਆਪਣੀ ਰਈਅਤ ਦੀ ਰਾਖੀ ਕਰਦਾ ਹੈ। ਇਹ ਰੈਸ਼ਨੇਲ ਉਸ ਸਟੇਟ ਦੀ ਅਸਲੀਅਤ ਦਾ ਸੱਚ ਨਹੀਂ ਸੀ, ਇਹ ਸਿਰਫ਼ ਰਈਅਤ ਦੀਆਂ ਅੱਖਾਂ ਵਿਚ ਘੱਟਾ ਪਾਉਣ ਵਾਸਤੇ ਸੀ। ਪਰ ਗੁਰੂ ਸਾਹਿਬ ਇਸ ਰੈਸ਼ਨੇਲ ਨੂੰ ਆਪਣਾ ਆਧਾਰ ਬਣਾ ਕੇ ਸ਼ਹਿਨਸ਼ਾਹ ਨੂੰ ਕਹਿੰਦੇ ਹਨ ਕਿ ਤੈਨੂੰ ਰੱਬ ਨੇ ਸਾਰੀ ਰਈਅਤ ਨੂੰ ਖ਼ੁਸ਼ਹਾਲ ਤੇ ਸੁਖੀ ਰਖਣ ਦਾ ਫ਼ਰਜ਼ ਸੌਂਪਿਆ ਸੀ, ਤੂੰ ਆਪਣੇ ਇਖਲਾਕੀ ਫ਼ਰਜ਼ ਨੂੰ ਨਿਭਾਉਣ ਵਿਚ ਪੂਰਾ ਨਹੀਂ ਉਤਰਿਆ। ਤੂੰ ਉਸ ਰੱਬ ਦਾ ਸਹੀ ਨੁਮਾਇੰਦਾ ਸਾਬਤ ਨਹੀਂ ਹੋਇਆ। **ਤੀਸਰੇ ਨੁਕਤੇ** ਵਿਚ ਇਹ ਪ੍ਰਗਟ ਕਰਦੇ ਹਨ ਕਿ ਮੈਂ ਤੇਰੇ ਕੋਲ ਹਰ ਪਾਸਿਉਂ ਨਿਆਸਰਾ ਹੋਕੇ, ਨਿਹੱਥਾ ਬਣ ਕੇ ਪੁਕਾਰ ਕਰਨ ਨਹੀਂ ਆਇਆ। ਜਿਸ ਲਹਿਰ ਉਤੇ ਤੇਰੇ ਰਾਜ ਵਲੋਂ ਜ਼ੁਲਮ ਢਾਹੇ ਗਏ ਹਨ ਅਤੇ ਜਿਸ ਨੂੰ ਤੂੰ ਮਲੀਆਮੇਟ ਕਰਨਾ ਚਾਹੁੰਦਾ ਹੈਂ ਉਹ ਮਲੀਆਮੇਟ ਨਹੀਂ ਹੋ ਸਕਦੀ। ਉਸ ਲਹਿਰ ਦਾ ਪੈਦਾ ਹੋਣਾ ਅਤੇ ਜ਼ਿੰਦਾ ਰਹਿਣਾ ਰੱਬ ਦਾ ਹੁਕਮ ਹੈ। ਵਕਤੀ ਤੌਰ 'ਤੇ ਭਾਵੇਂ ਕੁਛ ਵੀ ਹੈ, ਰੱਬ ਦੇ ਹੁਕਮ ਦੇ ਅਧੀਨ, ਅੰਤਲੀ ਵਿਆਖਿਆ ਅਨੁਸਾਰ, ਉਹ ਲਹਿਰ ਅਜਿੱਤ ਹੈ। ਇਸ ਨੁਕਤੇ ਵਿਚ ਉਹ ਆਪਣੀ ਲਹਿਰ ਦੀ ਤਾਕਤ ਦਾ ਇਜ਼ਹਾਰ ਕਰਦੇ ਹਨ। ਸਾਡੀ ਬੋਲੀ ਵਿਚ ਇਸ ਨੁਕਤੇ ਦਾ ਮਤਲਬ ਹੈ ਕਿ ਗੁਰੂ ਸਾਹਿਬ ਸ਼ਹਿਨਸ਼ਾਹ ਨੂੰ ਦਸਦੇ ਹਨ ਕਿ ਸਿੱਖ-ਲਹਿਰ ਲੋਕਾਂ ਦੀ ਆਪਣੀ ਆਜ਼ਾਦੀ ਵਾਸਤੇ, ਸਰਬਤ ਦੀ ਆਜ਼ਾਦੀ ਵਾਸਤੇ ਜਦੋ-ਜਹਿਦ ਹੈ। ਉਸ ਦਾ ਆਪਣਾ ਸੱਚ, ਆਪਣੀ ਵਿਚਾਰਧਾਰਾ ਹੈ। ਉਸ ਦਾ ਖੁਰਾ ਖੋਜ ਮਿਟਾਉਣ ਵਾਲਾ ਕੋਈ ਜੰਮਿਆ ਨਹੀਂ। ਅੰਤ ਉਸ ਦੀ ਜਿੱਤ ਲਾਜ਼ਮੀ ਹੈ। ਵਕਤੀ ਦਸ਼ਾ ਕੁਛ ਵੀ ਹੋਵੇ, ਆਪਣੀ ਲਹਿਰ ਨੂੰ ਗੁਰੂ ਸਾਹਿਬ ਅਜਿੱਤ ਸਮਝਦੇ ਹਨ, ਅਤੇ ਸ਼ਹਿਨਸ਼ਾਹ ਨੂੰ ਉਸ ਲਹਿਰ ਦੀ ਤਾਕਤ ਦਾ, ਉਸ ਦੇ ਅਜਿੱਤ ਹੋਣ ਦਾ ਅਹਿਸਾਸ ਕਰਵਾਉਣਾ ਚਾਹੁੰਦੇ ਹਨ। ਇਸ ਵਾਸਤੇ ਹੀ ਉਨ੍ਹਾਂ ਦੀ ਲਿਖੀ ਚਿੱਠੀ 'ਜ਼ਫ਼ਰਨਾਮਾ' ਹੈ। ਲੋਕਾਂ ਦੀ ਆਪਣੀ ਆਜ਼ਾਦੀ ਵਾਸਤੇ ਜੰਗ ਹਮੇਸ਼ਾਂ ਅਜਿੱਤ ਹੁੰਦੀ ਹੈ। ਅੰਤ ਜਿੱਤ ਕੇ ਰਹਿੰਦੀ ਹੈ।

ਔਰੰਗਜ਼ੇਬ ਦੀ ਮੌਤ ਨਾਲ ਸਿਆਸੀ ਹਾਲਾਤ ਨੇ ਗੁਰੂ ਸਾਹਿਬ ਦੇ ਹੱਕ ਵਿਚ ਪਾਸਾ ਪਰਤਿਆ। ਤਖ਼ਤ ਵਾਸਤੇ ਜਾਂਨਸ਼ੀਨਾਂ ਦੀ ਆਪਸ ਵਿਚ ਜਦੋ-ਜਹਿਦ ਲਾਜ਼ਮੀ ਸੀ। ਗੁਰੂ ਸਾਹਿਬ ਨੇ ਹੋਰਨਾਂ ਦੇ ਵਿਰੁਧ ਬਹਾਦਰਸ਼ਾਹ ਦੀ ਚੋਣ ਕੀਤੀ। ਉਸ ਦਾ ਨੇੜ ਕੀਤਾ। ਸਟੇਟ ਵਿਚ ਦਖਲ-ਅੰਦਾਜ਼ੀ ਕੀਤੀ। ਸਿੱਖ-ਲਹਿਰ ਦਾ ਸਟੇਟ ਵਿਚ ਦਖਲ-ਅੰਦਾਜ਼ੀ ਕਰਨਾ ਕੋਈ ਨਵੀਂ ਗੱਲ ਨਹੀਂ ਸੀ।[2] ਗੁਰੂ ਅਰਜਨ ਨੇ ਕੀਤੀ। ਗੁਰੂ ਹਰਿ ਰਾਇ ਸਾਹਿਬ ਨੇ ਦਾਰਾ ਸ਼ਿਕੋਹ ਦੇ ਹੱਕ ਵਿਚ ਕੀਤੀ। ਹਰ ਮੁਮਕਿਨ ਤਰੀਕੇ



Digitized by Panjab Digital Library | www.panjabdigilib.org

ਨਾਲ ਸਟੇਟ ਆਪਣੇ ਹੱਕੀ ਕਰਨ ਦੀ ਕੋਸ਼ਿਸ਼ ਕਰਨਾ ਸਿੱਖ-ਲਹਿਰ ਦਾ ਲਾਜ਼ਮੀ ਆਹਰ ਸੀ। ਕੇਂਦਰ ਤੇ ਸਥਾਨਕ ਰਾਜਾਂ ਦੇ ਆਪਸ ਵਿਚ ਵਿਰੋਧ ਨੂੰ ਆਪਣੇ ਹੱਕ ਵਿਚ ਵਰਤਣਾ ਸਿੱਖ-ਲਹਿਰ ਵਾਸਤੇ ਕੋਈ ਨਵੀਂ ਗੱਲ ਨਹੀਂ ਸੀ। ਗੁਰੂ ਹਰਿਗੋਬਿੰਦ ਸਾਹਿਬ ਨੇ ਜਹਾਂਗੀਰ ਨਾਲ ਨੇੜ ਕਰਕੇ ਸਥਾਨਕ ਰਾਜ-ਪ੍ਰਬੰਧ ਦੀਆਂ ਅੱਖਾਂ ਦੇ ਸਾਹਮਣੇ ਆਪਣੀ ਲਹਿਰ ਨੂੰ ਹਥਿਆਰਬੰਦ ਕਰ ਲਿਆ ਸੀ। ਬਣੇ ਮੌਕੇ ਉਤੇ ਗੁਰੂ ਗੋਬਿੰਦ ਸਿੰਘ ਨੇ ਉਹ ਹੀ ਸਿਆਸੀ ਚਾਲ ਚੱਲੀ, ਉਹ ਹੀ ਲਾਈਨ ਲਈ ਜੋ ਸਿੱਖ-ਲਹਿਰ ਲੈਂਦੀ ਆਈ ਸੀ। ਇਸ ਸਿਆਸੀ ਸਥਿਤੀ ਵਿਚ ਜਿਨ੍ਹਾਂ ਕਾਰਨਾਂ ਕਰਕੇ ਗੁਰੂ ਸਾਹਿਬ ਨਾਲ ਨੇੜ ਕਰਨਾ ਔਰੰਗਜ਼ੇਬ ਨੂੰ ਪੁਗਦਾ ਸੀ, ਉਨ੍ਹਾਂ ਕਾਰਨਾਂ ਕਰਕੇ, ਅਤੇ ਉਨ੍ਹਾਂ ਤੋਂ ਉਪਰੰਤ (ਤਖਤ ਦੇ ਵਾਰਸ ਦਾ ਸਵਾਲ ਵੀ ਅਜੇ ਨਜਿਠਿਆ ਨਹੀਂ ਸੀ ਗਿਆ) ਕਾਰਨਾਂ ਕਰਕੇ, ਗੁਰੂ ਸਾਹਿਬ ਨਾਲ ਨੇੜ ਬਹਾਦਰ ਸ਼ਾਹ ਨੂੰ ਵੀ ਪੁਗਦਾ ਸੀ। ਗੁਰੂ ਸਾਹਿਬ ਦੀ ਚੱਲੀ ਸਿਆਸੀ ਚਾਲ ਕਿਸ ਹੱਦ ਤਕ ਕਾਮਯਾਬ ਹੋਈ, ਉਹ ਇਸ ਗੱਲ ਤੋਂ ਜ਼ਾਹਿਰ ਹੈ ਕਿ ਵਜ਼ੀਰ ਖਾਨ ਨੂੰ ਲੈਣੀਆਂ ਤੋਂ ਦੇਣੀਆਂ ਪੈ ਗਈਆਂ। ਉਸ ਨੂੰ ਆਪਣਾ ਪਾਲਾ ਪੈ ਗਿਆ। ਉਹ ਇਸ ਹੱਦ ਤਕ ਡਰਿਆ ਕਿ ਉਸ ਨੇ ਗੁਰੂ ਸਾਹਿਬ ਨੂੰ ਮਰਵਾਉਣ ਲਈ ਕਾਤਿਲ ਭਾੜੇ ਕੀਤਾ। ਗੁਰੂ ਸਾਹਿਬ ਦੇ ਬਹਾਦਰ ਸ਼ਾਹ ਨਾਲ ਨੇੜ ਨੇ ਸਿੱਖ-ਲਹਿਰ ਦੀ ਔਖਿਆਈ ਵੇਲੇ ਉਹ ਰਾਖੀ ਕੀਤੀ, ਜਿਸ ਦਾ ਵਜ਼ੀਰ ਖਾਨ ਨੂੰ ਕਿਤੇ ਸੁਪਨਾ ਵੀ ਨਹੀਂ ਸੀ। ਗੁਰੂ ਸਾਹਿਬ ਲਹਿਰ ਦੇ ਚੜ੍ਹਾਅ ਵਿਚ ਆਉਣ ਦੇ ਇੰਤਜ਼ਾਰ ਵਿਚ ਸਨ। ਲਹਿਰ ਦੇ ਚੜ੍ਹਾਅ ਵਲ ਨੂੰ ਮੁੜਦਿਆਂ ਹੀ ਉਨ੍ਹਾਂ ਆਪ ਪੰਜਾਬ ਨੂੰ ਆਉਣਾ ਸੀ। ਏਸੇ ਵਾਸਤੇ ਹੀ ਉਨ੍ਹਾਂ ਬੰਦੇ ਬਹਾਦਰ ਨੂੰ ਅਗਾਊਂ ਭੇਜਿਆ। ਗੁਰੂ ਸਾਹਿਬ ਦੀ ਜ਼ਿੰਦਗੀ ਨੇ ਤਾਂ ਉਨ੍ਹਾਂ ਦਾ ਸਾਥ ਨਾ ਦਿੱਤਾ, ਪਰ ਲਹਿਰ ਉਠੀ। ਉਸ ਨੇ ਸਰਹੰਦ ਢਾਹੀ ਅਤੇ ਕਾਬਜ਼ ਨਿਜ਼ਾਮ ਦੀ ਸਟੇਟ ਦੇ ਵਿਰੁਧ ਉਹ ਲੰਮੇ ਅਰਸੇ ਲਈ ਗੁਰੀਲਾ-ਜੰਗ ਕਰਨ ਦੇ ਰਾਹੇ ਪੈ ਗਈ। ਅੰਤ ਉਸ ਨੇ ਪੰਜਾਬ ਵਿਚ ਉਸ ਸਟੇਟ ਨੂੰ ਢਾਹ ਹੀ ਬਸ ਕੀਤਾ।



Digitized by Panjab Digital Library | www.panjabdigilib.org

# ਇਨਕਲਾਬੀ ਲੀਡਰ ਤੇ ਇਨਕਲਾਬੀ ਲਹਿਰ

ਇਤਿਹਾਸ ਨੇ ਗੁਰੂ ਗੋਬਿੰਦ ਸਿੰਘ ਨਾਲ ਇਨਸਾਫ਼ ਨਹੀਂ ਕੀਤਾ। ਜਿਸ ਮੁਲਕ ਵਿਚ ਉਹ ਪੈਦਾ ਹੋਏ, ਉਸ ਮੁਲਕ ਨੇ ਉਨ੍ਹਾਂ ਦੀ ਕੀਤੀ ਦੀ ਕਦਰ ਨਹੀਂ ਪਾਈ! ਜਿਹੜੇ ਉਹਨਾਂ ਦਾ ਦਿੱਤਾ ਰੂਪ ਲਈ ਬੈਠੇ ਹਨ, ਉਨ੍ਹਾਂ ਨੇ ਵੀ ਉਨ੍ਹਾਂ ਦੀ ਕਰਨੀ ਨੂੰ ਸਮਝਣ ਦੀ ਕੋਸ਼ਿਸ਼ ਨਹੀਂ ਕੀਤੀ। ਉਨ੍ਹਾਂ ਦੀ ਸ਼ਖ਼ਸੀਅਤ ਤੇ ਕਰਨੀ ਦਾ ਹਰ ਪਹਿਲੂ ਆਪਣੇ ਆਪ ਵਿਚ ਮਜ਼ਮੂਨ ਹੈ। ਉਹ ਖੋਜ ਤੇ ਵਿਸਥਾਰ-ਭਰੀ ਵਿਆਖਿਆ ਮੰਗਦਾ ਹੈ। ਇਤਿਹਾਸ ਨੇ ਲੋਕ-ਹਿੱਤ ਤੇ ਲੋਕਾਂ ਦੇ ਸਾਰੇ ਕੀਤੇ ਨਾਲ ਬੇ-ਇਨਸਾਫ਼ੀ ਕੀਤੀ ਹੈ। ਇਨਸਾਨੀਅਤ ਦੇ ਪੈਂਤੜੇ 'ਤੋਂ, ਇਨਸਾਨੀਅਤ ਦੇ ਤੱਕੜ ਵਿਚ ਪਾ ਕੇ ਇਤਿਹਾਸ ਨੇ ਹੋ ਗੁਜ਼ਰੇ ਨੂੰ ਅਜੇ ਵੇਖਣਾ ਹੈ। ਪੂਰਬ ਤੇ ਪੱਛਮ, ਦੋਹਾਂ ਦੇ ਵਿਦਵਾਨਾਂ ਨੇ ਕਬੀਰ, ਫ਼ਰੀਦ ਆਦਿ ਵਰਗਿਆਂ ਦੀਆਂ ਭਗਤੀ ਤੇ ਸੂਫ਼ੀ ਲਹਿਰਾਂ ਨੂੰ ਸਹੀ ਤਰ੍ਹਾਂ ਨਹੀਂ ਸਮਝਿਆ। ਉਨ੍ਹਾਂ ਦੇ ਦਿਮਾਗ਼ੀ ਖ਼ਿਆਲਾਂ ਦੇ ਪੈਟਰਨ ਨੂੰ ਹੀ ਉਨ੍ਹਾਂ ਦਾ ਸਮਾਜਕ ਮਨੁੱਖੀ ਸੱਚ ਸਮਝ ਕੇ, ਦਸਿਆ ਇਹ ਕਿ ਉਨ੍ਹਾਂ ਦਾ ਧਿਆਨ ਮਰਨ ਤੋਂ ਮਗਰੋਂ ਦੀ ਜ਼ਿੰਦਗੀ ਉੱਤੇ ਸੀ ਅਤੇ ਉਹ ਇਸ ਸਮਾਜਕ, ਵਾਸਤਵਿਕ ਦੁਨੀਆਂ ਨੂੰ ਸੁਫ਼ਨਾ ਹੀ ਸਮਝਦੇ ਸਨ।

ਕਿਸੇ ਵਿਦਵਾਨ ਨੇ ਇਹ ਸਮਝਣ ਦੀ ਕੋਸ਼ਿਸ਼ ਨਹੀਂ ਕੀਤੀ ਕਿ ਦਿਮਾਗ਼ੀ ਖ਼ਿਆਲਾਂ ਦੇ ਇਸ ਪੈਟਰਨ ਰਾਹੀਂ ਉਹ ਕਿਹੜੀਆਂ ਸਮਾਜਕ ਮਨੁੱਖੀ ਕੀਮਤਾਂ ਪ੍ਰਗਟ ਕਰ ਰਹੇ ਸਨ? ਕਿਨ੍ਹਾਂ ਦਾ ਉਹ ਖੰਡਨ ਕਰ ਰਹੇ ਸਨ, ਅਤੇ ਕਿਨ੍ਹਾਂ ਨੂੰ ਉਹ ਸਲਾਹ ਰਹੇ ਸਨ? ਖੰਡੀਆਂ ਤੇ ਸਲਾਹੀਆਂ ਜਾ ਰਹੀਆਂ ਸਮਾਜਕ ਮਨੁੱਖੀ ਕੀਮਤਾਂ ਸਮਾਜ ਦੀ ਕਿਸ ਕਿਸ ਜਮਾਤ ਦੀਆਂ ਸਨ? ਦੂਜੇ ਲਫ਼ਜ਼ਾਂ ਵਿਚ, ਇਨ੍ਹਾਂ ਤੇ ਇਨ੍ਹਾਂ ਵਰਗਿਆਂ ਦੀ ਭਗਤੀ ਲਹਿਰ ਦਾ ਪੈਂਤੜਾ ਕੀ ਸੀ? ਇਸ ਬੁਨਿਆਦੀ ਭੁਲ ਦਾ ਨਤੀਜਾ ਇਹ ਹੋਇਆ ਹੈ ਕਿ ਭਗਤੀ ਲਹਿਰ ਦੇ ਅਸਲੇ ਤੇ ਉਸ ਦੀ ਮਹਾਨਤਾ ਨੂੰ ਇਤਿਹਾਸਕਾਰਾਂ ਨੇ ਸਮਝਿਆ ਹੀ ਨਹੀਂ। ਜੇ ਮਹਾਤਮਾ ਬੱਧ ਤੇ ਉਸ ਦੀ ਕੀਤੀ ਨੂੰ (ਜ਼ਾਤੀ ਅਗਿਆਨ ਕਾਰਨ ਮੈਂ ਉਸ ਬਾਰੇ ਰਾਏ ਬਣਾਉਣੋਂ ਇਸ ਵੇਲੇ ਅਸਮਰਥ ਹਾਂ) ਇਕ ਪਾਸੇ ਰਹਿਣ ਦੇਈਏ ਤਾਂ ਹਿੰਦੁਸਤਾਨ ਦੀ ਲੰਮੀ ਤਾਰੀਖ਼ ਵਿਚ ਹੋਰ ਕੋਈ ਲਹਿਰ ਨਹੀਂ ਜਿਸ ਨੇ ਲੋਕ-ਹਿੱਤ ਦੀ ਤਰਜਮਾਨੀ ਕੀਤੀ ਹੋਵੇ। ਕਬੀਰ ਤੇ ਉਸ ਵਰਗਿਆਂ ਦੀ ਭਗਤੀ ਲਹਿਰ ਦੀ ਮਹਾਨਤਾ ਇਸ ਗੱਲ ਵਿਚ ਹੈ ਕਿ ਉਸ ਨੇ ਸਮੇਂ ਦੀ ਚੇਤਨਤਾ ਰਾਹੀਂ,



Digitized by Panjab Digital Library | www.panjabdigilib.org

ਮਜ਼ਹਬੀ ਰੂਪ ਵਿਚ, ਸਮਾਜਕ ਵੇਗ ਨੂੰ, ਇਨਸਾਨੀਅਤ, ਲੋਕ-ਹਿੱਤ ਦੇ ਪੈਂਤੜੇ ਤੋਂ ਵੇਖਿਆ, ਉਸ ਦਾ ਰੈਸ਼ਨੇਲ ਪੇਸ਼ ਕੀਤਾ ਅਤੇ ਸਮਾਜਕ ਤੌਰ ਦੀਆਂ ਵਿਰੋਧੀ ਕੀਮਤਾਂ ਨੂੰ ਜੜ੍ਹਾਂ ਤੋਂ ਕੱਟਿਆ। ਇਤਿਹਾਸਕਾਰਾਂ ਦਾ ਭਗਤੀ ਲਹਿਰ ਦੇ ਅਸਲੇ, ਲੋਕ-ਹਿੱਤ, ਨੂੰ ਨਾ ਸਮਝਣਾ ਉਸ ਸਮੇਂ ਦੇ ਸਾਰੇ ਇਤਿਹਾਸ ਨੂੰ ਗ਼ਲਤ ਸਮਝਣਾ ਹੈ।

ਸਿੱਖ ਲਹਿਰ, ਭਗਤੀ ਤੇ ਸੂਫ਼ੀ ਲਹਿਰਾਂ ਦਾ ਅੰਗ ਹੈ। ਅੰਗ ਹੁੰਦੀ ਹੋਈ ਵੀ ਉਹਨਾਂ ਨਾਲੋਂ ਪ੍ਰਕਾਰਕ ਤੌਰ 'ਤੇ ਵੱਖਰੀ ਹੈ; ਉਨ੍ਹਾਂ ਦਾ ਸਿਖਰ ਹੈ। ਜਦੋਂ ਸਮਾਜਕ ਸਥਿਤੀ, ਪਦਾਰਥਕ ਕਾਰਨਾਂ ਕਰਕੇ, ਉਚੇਰੇ ਆਰਥਕ ਸਮਾਜਕ ਨਿਜ਼ਾਮ ਨੂੰ ਜਨਮ ਦੇਣੋਂ ਹਾਲੇ ਅਸਮਰੱਥ ਹੋਵੇ, ਓਸ ਵਕਤ ਇਨਸਾਨੀਅਤ, ਲੋਕ-ਹਿੱਤ ਨੂੰ ਪਛਾਣਨਾ ਬਹੁਤ ਵੱਡੀ ਗੱਲ ਹੁੰਦੀ ਹੈ ਅਤੇ ਖ਼ਾਸ ਕਰ ਐਸੇ ਸਮਾਜ ਵਿਚ ਜਿੱਥੇ ਜਮਾਤੀ-ਅੰਗ ਨੇ ਹਿੰਦੂ ਸਮਾਜ ਵਰਗੀ ਜਾਤ-ਪਾਤ ਦੀ ਕਰੜੀ ਸੰਸਥਾ ਦਾ ਰੂਪ ਧਾਰਿਆ ਹੋਇਆ ਹੋਵੇ। ਜਮਾਤੀ ਅੰਗ ਦਾ ਇਸ ਰੂਪ ਵਿਚ ਹੋਣਾ ਕਿੰਨਾਂ ਕੁ ਭਿਆਨਕ ਤੇ ਲੋਕ-ਵਿਰੋਧੀ ਹੈ, ਉਹਦਾ ਪਤਾ ਤਾਂ ਹੀ ਲਗਦਾ ਹੈ ਜੇ ਉਸ ਵੇਲੇ ਦੀ ਜ਼ਿੰਦਗੀ ਦੇ ਵਿਕਾਸ ਦਾ ਵਿਸਥਾਰ-ਪੂਰਵਿਕ ਰੂਪ ਸਾਹਮਣੇ ਹੋਵੇ। ਉਹ ਸਾਹਿੱਤ ਵਿਚ ਜਾਂ ਲੋਕਾਂ ਦੇ ਹਿੱਤ ਤੋਂ ਲਿਖੇ ਇਤਿਹਾਸ ਵਿਚ ਹੀ ਆ ਸਕਦਾ ਹੈ।

ਐਸੀ ਸਮਾਜਕ ਦਸ਼ਾ ਵਿਚ, ਆਪਣੀ ਸਾਰੀ ਰਚਨਾ ਵਿਚ ਨਿਰੋਲ ਲੋਕ-ਹਿੱਤ ਉੱਤੇ ਅਡੋਲ ਖੜੇ ਰਹਿਣਾ, ਕਿਤੇ ਇਕ ਤੁੱਕ ਵਿਚ ਵੀ ਨਾ ਥਿੜਕਣਾ ਮਹਾਨ ਮਾਨਵਵਾਦੀ ਪ੍ਰਤਿਭਾ ਦਾ ਹੀ ਕਰਤੱਵ ਹੈ। ਜਿਨ੍ਹਾਂ ਭਗਤਾਂ ਨੇ ਆਪਣੀ ਰਚਨਾ ਵਿਚ ਲੋਕ-ਹਿੱਤ ਦੇ ਪੈਂਤੜੇ ਨੂੰ ਬਗ਼ੈਰ ਕਿਸੇ ਰੋਲ ਦੇ ਪ੍ਰਗਟ ਕੀਤਾ ਹੈ, ਉਹ ਸਹੀ ਅਰਥਾਂ ਵਿਚ ਮਹਾਨ ਹਨ। ਸਾਡਾ ਸਿਰ ਉਨ੍ਹਾਂ ਮਹਾਂ ਪੁਰਖਾਂ ਅੱਗੇ ਨਿਉਂਦਾ ਹੈ।

ਇਨਕਲਾਬੀ ਵੇਗ ਵਿਚ ਇਨਸਾਨੀਅਤ, ਲੋਕ-ਹਿੱਤ ਦਾ ਵਿਚਾਰਧਾਰਕ ਰੂਪ ਵਿਚ ਪ੍ਰਗਟਾਅ ਪਰ ਪਹਿਲਾ ਕਦਮ ਹੈ। ਹਿੱਤ ਆਪਣੇ ਮਨੋਰਥ ਵਿਚ ਤਾਂ ਹੀ ਕਾਮਯਾਬ ਹੁੰਦਾ ਹੈ ਜੇ ਵਿਚਾਰਧਾਰਾ ਮਨੁੱਖਾਂ ਦੇ ਮਨਾਂ ਉਤੇ ਪ੍ਰਭਾਵ ਪਾਵੇ; ਮਨੁੱਖ-ਹਿਰਦਿਆਂ ਨੂੰ ਆਪਣੇ ਸੱਚੇ ਵਿਚ ਢਾਲੇ, ਸੰਸਥਾ ਦਾ ਰੂਪ ਧਾਰਨ ਕਰੇ ਅਤੇ ਅੰਤ ਹਾਲਾਤ ਦੇ ਮੁਤਾਬਿਕ ਸਿਆਸੀ-ਫ਼ੌਜੀ ਰੂਪ ਧਾਰ ਕੇ ਰਣ-ਭੂਮੀ ਵਿਚ ਆਵੇ ਅਤੇ ਕਾਬਿਜ਼ ਸਟੇਟ ਦਾ ਮੁਕਾਬਲਾ ਕਰੇ। ਸਿੱਖ-ਲਹਿਰ, ਭਗਤੀ-ਲਹਿਰ ਦਾ ਅੰਗ ਇਸ ਵਾਸਤੇ ਹੈ ਕਿ ਗੁਰੂ ਸਾਹਿਬਾਨ ਪੈਂਤੜਾ, ਲੋਕ-ਹਿੱਤ ਦਾ ਹੀ ਪੇਸ਼ ਕਰ ਰਹੇ ਹਨ, ਜੋ ਕਬੀਰ ਵਰਗੇ ਭਗਤ ਕਰਦੇ ਆਏ ਹਨ। ਇਹ ਪਰੰਤੂ ਉਸ ਨਾਲੋਂ ਪ੍ਰਕਾਰਕ ਤੌਰ 'ਤੇ ਵੱਖਰੀ ਅਤੇ ਉਸ ਦਾ ਸਿਖਰ ਇਸ ਵਾਸਤੇ ਹੈ ਕਿ ਸਿੱਖ ਲਹਿਰ ਨੇ ਲੋਕ-ਹਿੱਤ ਨੂੰ ਸੰਸਥਾ ਦਾ ਰੂਪ ਦਿੱਤਾ, ਅਤੇ ਹਾਲਾਤ ਮੁਤਾਬਿਕ ਇਸ ਨੇ ਸਿਆਸੀ-ਫ਼ੌਜੀ ਰੂਪ ਧਾਰ ਕੇ ਮੁਗ਼ਲੀਆ ਸਟੇਟ ਨੂੰ ਮੈਦਾਨਿ-ਜੰਗ ਵਿਚ ਵੰਗਾਰਿਆ। ਲੋਹੜੇ ਦੀ ਕੀਮਤ ਦੇ ਕੇ



Digitized by Panjab Digital Library | www.panjabdigilib.org

ਅੰਤ ਇਸ ਨੂੰ ਮਾਰਿਆ।

ਸਿੱਖ ਲਹਿਰ ਨੇ ਜਨਮ ਤਾਂ ਮੁਗ਼ਲੀਆ ਸਲਤਨਤ ਦੇ ਸਥਾਪਤ ਹੋਣ ਤੋਂ ਪਹਿਲਾਂ ਲਿਆ, ਪਰ ਇਹ ਉਸ ਦੇ ਮੁਤਵਾਜ਼ੀ ਚੱਲੀ। ਇਹ ਸਿੱਖ-ਲਹਿਰ ਦੀ ਮਹਾਨਤਾ ਹੈ। ਕਿਸ ਤਰ੍ਹਾਂ ? ਮੁਗ਼ਲਾਂ ਨੇ ਪਠਾਣੀ ਸਲਤਨਤ ਨੂੰ ਇਸ ਵਾਸਤੇ ਹਰਾਇਆ ਕਿ ਉਹ ਫ਼ਾਰਮੇਸ਼ਨ ਆਪਣੀ ਉਮਰ ਦੇ ਦਿਨ ਪੂਰੇ ਕਰ ਚੁੱਕੀ ਸੀ, ਖੋਖਰ ਹੋ ਚੁੱਕੀ ਸੀ। ਮੁਗ਼ਲਾਂ ਨੇ ਉਸ ਫ਼ਾਰਮੇਸ਼ਨ ਦੀ ਕਬਰ ਉਤੇ ਨਿਰੋਈ ਫ਼ਿਊਡਲ ਫ਼ਾਰਮੇਸ਼ਨ ਨੂੰ ਉਸਾਰਿਆ। ਅਕਬਰ ਦੇ ਜ਼ਮਾਨੇ ਵਿਚ ਇਹ ਫ਼ਾਰਮੇਸ਼ਨ ਆਪਣੇ ਪੂਰੇ ਜੋਬਨ 'ਤੇ ਅਤੇ ਆਪਣੀ ਪੂਰੀ ਸਿਹਤ ਵਿਚ ਸੀ। ਇਹ ਉਸ ਵੇਲੇ ਦੇ ਲੋਕਾਂ ਦੀ ਬਹਾਦਰੀ ਹੈ ਕਿ ਜਦੋਂ ਉਹ ਫ਼ਾਰਮੇਸ਼ਨ ਆਪਣੇ ਪੂਰੇ ਜੋਬਨ 'ਤੇ ਸੀ, ਉਨ੍ਹਾਂ ਸਿੱਖ-ਲਹਿਰ ਰਾਹੀਂ ਆਪਣੇ ਹਿੱਤ ਦਾ ਪੈਂਤੜਾ ਬਰਕਰਾਰ ਰਖਿਆ। ਸਿੱਖ-ਲਹਿਰ ਦੀ ਲੀਡਰਸ਼ਿਪ ਦੀ ਇਹ ਵਡਿਆਈ ਹੈ ਕਿ ਉਹ ਉਸ ਹਿੱਤ ਤੇ ਪੈਂਤੜੇ ਨੂੰ ਸਿਰਫ਼ ਵਿਚਾਰਧਾਰਕ ਰੂਪ ਵਿਚ ਹੀ ਨਹੀਂ ਪ੍ਰਗਟ ਕਰਦੀ ਆਈ ਬਲਕਿ ਹਾਲਾਤ ਦੇ ਮੁਤਾਬਿਕ ਉਸ ਨੂੰ ਸੰਸਥਾਈ ਰੂਪ ਵਿਚ ਵੀ ਨਾਲੋਂ ਨਾਲ ਉਸਾਰਦੀ ਆਈ।

ਇਸ ਤੋਂ ਇਲਾਵਾ ਸਿੱਖ-ਲਹਿਰ ਦੀ ਮਹਾਨਤਾ ਹੋਰਾਂ ਮਹਾਨ ਮਜ਼ਹਬਾਂ ਨਾਲ ਇਸ ਦਾ ਮੁਕਾਬਲਾ ਕੀਤਿਆਂ ਵੀ ਪ੍ਰਗਟ ਹੁੰਦੀ ਹੈ। ਲੋਕਾਂ ਦੀ ਇਹ ਵਡਿਆਈ ਹੈ ਕਿ ਉਹ ਬਾਰ ਬਾਰ ਆਪਣੇ ਹਿੱਤ ਦਾ ਪੈਂਤੜਾ ਉਸਾਰਦੇ ਚਲੇ ਆਏ ਹਨ, ਉਨ੍ਹਾਂ ਸਮਿਆਂ, ਉਨ੍ਹਾਂ ਫ਼ਾਰਮੇਸ਼ਨਾਂ ਵਿਚ ਵੀ ਆਪਣੇ ਹਿੱਤ ਵਾਸਤੇ ਲੜਦੇ ਆਏ ਹਨ ਜਦੋਂ ਕਿ ਉਨ੍ਹਾਂ ਦੇ ਹਿੱਤੀ ਸਮਾਜਕ ਫ਼ਾਰਮੇਸ਼ਨ ਦੇ ਉੱਸਰਨ ਦੀ ਕੋਈ ਅਮਲੀ ਸੰਭਾਵਨਾ ਨਹੀਂ ਸੀ। ਈਸਾਈ ਮੱਤ ਗ਼ੁਲਾਮ ਦਾ ਹਿੱਤ ਲੈ ਕੇ ਉੱਠਿਆ। ਚੂੰਕਿ ਉਨ੍ਹਾਂ ਸਮਿਆਂ, ਉਨ੍ਹਾਂ ਫ਼ਾਰਮੇਸ਼ਨਾਂ ਵਿਚ ਲੋਕ-ਹਿੱਤੀ ਸਮਾਜ ਦੇ ਉੱਸਰਨ ਵਾਸਤੇ ਪਦਾਰਥਕ ਹਾਲਾਤ ਤਿਆਰ ਨਹੀਂ ਸਨ, ਲਾਜ਼ਮੀ ਸੀ ਕਿ ਲੋਕ-ਹਿੱਤ ਪ੍ਰਗਟ ਕਰਦੇ, ਉੱਠਦੇ ਮਜ਼੍ਹਬ ਕੁਝ ਚਿਰ ਮਗਰੋਂ ਹਾਕਮ ਜਮਾਤਾਂ ਦੇ ਢਹੇ ਚੜ੍ਹ ਜਾਂਦੇ। ਇਹ ਜਮਾਤਾਂ ਉਨ੍ਹਾਂ ਵਿਚ ਆਪਣਾ ਆਪਣਾ ਹਿੱਤ ਪਾ ਕੇ, ਉਨ੍ਹਾਂ ਮਜ਼੍ਹਬਾਂ ਦੇ ਰੂਪ ਨੂੰ, ਉਨ੍ਹਾਂ ਮਜ਼੍ਹਬਾਂ ਦੇ ਬਾਨੀਆਂ ਵਾਸਤੇ ਲੋਕਾਂ ਦੀ ਸ਼ਰਧਾ ਤੇ ਉਨ੍ਹਾਂ ਦੇ ਜਜ਼ਬੇ ਨੂੰ, ਆਪਣੇ ਹਿੱਤ ਵਾਸਤੇ ਵਰਤਦੀਆਂ। ਈਸਾਈ, ਇਸਲਾਮ, ਸਿੱਖੀ, ਹਰ ਮਹਾਨ ਮਜ਼੍ਹਬ ਨਾਲ ਇਸੇ ਤਰ੍ਹਾਂ ਹੋਇਆ ਹੈ।

ਸਿੱਖ-ਲਹਿਰ ਤੇ ਗੁਰੂ ਸਾਹਿਬਾਨ ਦੀ ਮਹਾਨਤਾ ਇਸ ਗੱਲ ਵਿਚ ਹੈ ਕਿ ਉਹਨਾਂ ਨੇ ਕੋਈ ਢਾਈ ਸੌ ਸਾਲ ਲੋਕ-ਹਿੱਤ ਦੀ ਪ੍ਰਤੀਨਿਧਤਾ ਕੀਤੀ। ਇਤਨੇ ਲੰਮੇ ਸਮੇਂ ਵਾਸਤੇ ਇਸ ਦੀ ਲੀਡਰਸ਼ਿਪ ਨੇ ਇਸ ਨੂੰ ਲੋਕ-ਹਿੱਤ ਤੋਂ ਖਿਸਕਣ ਨਹੀਂ ਦਿਤਾ, ਇਸ ਵਿਚ ਰੋਲ ਨਹੀਂ ਪੈਣ ਦਿਤੀ, ਇਸ ਨੂੰ ਹਾਕਮ ਜਮਾਤਾਂ ਦੇ ਢਹੇ ਨਹੀਂ ਚੜ੍ਹਨ ਦਿਤਾ। ਕਿਹੜਾ ਮਹਾਨ ਮਜ਼੍ਹਬ ਹੈ ਜੋ ਇਤਨੀ ਦੇਰ ਆਪਣੇ ਜੁੱਸੇ ਨੂੰ ਤੁੰਦ ਰੱਖ



Digitized by Panjab Digital Library | www.panjabdigilib.org

ਸਕਿਆ ਹੋਵੇ ? ਜਿਸ ਨੇ ਇਤਨਾ ਚਿਰ ਨਿਰੋਲ ਲੋਕ-ਹਿੱਤ ਦੀ ਤਰਜਮਾਨੀ ਕੀਤੀ ਹੋਵੇ ? ਮਨੁੱਖ-ਜਾਤੀ ਦੀ ਤਾਰੀਖ ਵਿਚ ਉਹ ਕਿਹੜੀ ਲੋਕ-ਹਿੱਤੀ ਲਹਿਰ ਹੈ ਜਿਸ ਨੂੰ ਵਿਰੋਧੀ-ਜਮਾਤ ਤੇ ਉਸ ਦੀ ਸਟੇਟ ਨਾਲ ਢਾਈ ਸੌ ਸਾਲ ਨਜਿੱਠਣਾ ਤੇ ਲੜਨਾ ਪਿਆ ਅਤੇ ਉਸ ਦੀ ਲੀਡਰਸ਼ਿਪ ਨੇ ਲਹਿਰ ਨੂੰ ਲੋਕ-ਹਿੱਤੀ ਪੈਂਤੜੇ ਤੋਂ ਥਿੜਕਣ ਨਹੀਂ ਦਿੱਤਾ, ਕੁਰਾਹੇ ਨਹੀਂ ਪੈਣ ਦਿੱਤਾ ?

ਦੁਨੀਆਂ ਦੀ ਉਸਾਰੀ ਵਿਚ ਇਸਲਾਮ ਇਕ ਮਹਾਨ ਇਨਕਲਾਬ ਸੀ। ਇਹ ਡੰਗਰ-ਪਾਲ ਸਮਾਜ ਦੀ ਬਿਨਾ ਉਤੇ ਸੌਦਾਗਰ ਦਾ ਹਿੱਤ ਪੂਰਦਾ ਸੀ। ਇਹ ਤੂਫ਼ਾਨ ਵਾਂਗ ਉਠਿਆ ਅਤੇ ਆਪਣੇ ਵੇਲੇ ਦੀ ਦੁਨੀਆਂ ਉਤੇ ਛਾ ਗਿਆ। ਆਸ ਪਾਸ ਦੀਆਂ ਖੋਖਰ ਹੋਈਆਂ ਸਲਤਨਤਾਂ ਇਸ ਤੂਫ਼ਾਨ ਅੱਗੇ ਕੱਖਾਂ ਦੇ ਘੋੜਿਆਂ ਵਾਂਗ ਡਿੱਗੀਆਂ। ਚੂੰਕਿ ਮੱਕਾ ਕੌਮਾਂਤਰੀ ਤਿਜਾਰਤ ਦੀ ਨਾੜ ਉਤੇ ਸੀ, ਜਿਧਰ ਜਿਧਰ ਤਿਜਾਰਤ ਗਈ, ਮਗਰ ਮਗਰ ਇਸਲਾਮ ਗਿਆ। ਚੂੰਕਿ ਇਹ ਸੌਦਾਗਰ ਦਾ ਹਿੱਤ ਸੀ, ਇਹ ਸਾਇੰਸ ਨੂੰ ਉੱਡ ਕੇ ਚੰਬੜਿਆ। ਇਸ ਨੇ ਨਾ ਸਿਰਫ਼ ਯੂਨਾਨੀ ਸਾਇੰਸ ਹੀ ਸਾਂਭੀ, ਗ੍ਰਹਿਣ ਕੀਤੀ ਬਲਕਿ ਉਸ ਉਤੇ ਆਪਣੀ ਉਸਾਰੀ ਵੀ ਕੀਤੀ। ਇਸ ਨੇ ਦੁਨੀਆਂ ਦੀ ਉਸਾਰੀ ਦੇ ਇਤਿਹਾਸ ਨੂੰ ਡੂੰਘੀ ਤਰ੍ਹਾਂ ਪ੍ਰਭਾਵਿਤ ਕੀਤਾ। ਚੂੰਕਿ ਇਨਕਲਾਬ ਸੀ, ਨਵ-ਜਾਗ੍ਰਿਤ ਸੀ, ਇਸ ਨੇ ਗਿਆਨ ਦਾ ਮਹਾਨ ਸਾਹਿੱਤ ਪੈਦਾ ਕੀਤਾ। ਚੂੰਕਿ ਇਸ ਦੀ ਨੀਂਹ ਡੰਗਰ-ਪਾਲ ਸਮਾਜ ਸੀ, ਇਹ ਆਪ ਅਗਲੇ ਸਮਾਜ ਨੂੰ ਜਨਮ ਦੇਣੋਂ ਅਸਮਰਥ ਰਿਹਾ। ਅੰਤ ਫ਼ੀਊਡਲ, ਸਲਤਨਤੀ ਜਮਾਤ ਦੇ ਢਹੇ ਚੜ੍ਹ ਗਿਆ। ਇਸ ਦੀ ਉਸਾਰੀ ਤੇ ਸੰਭਾਲੀ ਹੋਈ ਸਾਇੰਸ, ਯੂਰਪੀ ਰੈਨੇਸਾਂਸ ਦੇ ਕੰਮ ਆਈ।

ਮਹਾਨ ਮਜ਼੍ਹਬ ਉਠੇ ਤਾਂ ਲੋਕ-ਹਿੱਤ ਲੈ ਕੇ ਸਨ, ਪਰ ਸਾਰਿਆਂ ਨੇ ਸਿਆਸੀ ਤਾਕਤ ਹਾਸਿਲ ਕਰਨ, ਕਾਬਿਜ਼ ਸਟੇਟ ਨੂੰ ਵੰਗਾਰਨ, ਆਪ ਰਾਜ ਲੈਣ ਦਾ ਨਾਹਰਾ ਨਹੀਂ ਦਿਤਾ। ਗ਼ੁਲਾਮੀ ਦੇ ਦੌਰ ਵਿਚ ਈਸਾਈ-ਮਤ ਦਾ ਪੈਦਾ ਹੋਣਾ, ਉਸ ਵੇਲੇ ਦੇ ਗ਼ੁਲਾਮ ਬਣੇ ਲੋਕਾਂ ਦੀ ਬਹੁਤ ਵਡਿਆਈ ਹੈ ਕਿ ਉਹ ਐਸੇ ਮੁੱਢਲੇ ਨਿਜ਼ਾਮ ਵਿਚ ਵੀ ਆਪਣੇ ਹਿੱਤਾਂ ਵਾਸਤੇ ਜਾਗੇ। ਈਸਾ ਦਾ ਸਮਾਜ ਦਾ ਸੰਕਲਪ ਲੋਕ-ਰੀਪਬਲਿਕ ਦਾ ਸੀ ਜਿੱਥੇ ਕਿ ਸਭ ਪੈਦਾਵਾਰ ਸਾਂਝੀ ਹੋਵੇਗੀ, ਜਿੱਥੇ ਨਾ ਕੋਈ ਮਾਲਿਕ ਹੋਵੇਗਾ ਅਤੇ ਨਾ ਕੋਈ ਗ਼ੁਲਾਮ। ਪਰ ਉਸ ਦਾ ਵਿਚਾਰ ਸੀ ਕਿ ਐਸੀ ਸਾਂਝ ਕਾਬਿਜ਼ ਸਟੇਟ ਦੇ ਵਿਚ ਹੀ ਹੋ ਸਕੇਗੀ, ਸਟੇਟ 'ਤੇ ਕਬਜ਼ਾ ਕਰਨਾ ਲਾਜ਼ਮੀ ਨਹੀਂ ਹੋਵੇਗਾ। ਲਹਿਰ ਨੂੰ ਇਨਕਲਾਬੀ ਰਾਹ ਤੋਂ ਸੁਧਾਰਕ ਰਾਹੇ ਈਸਾ ਨੇ ਆਪ ਹੀ ਪਾ ਦਿਤਾ ਜਦੋਂ ਉਸ ਨੇ ਪੀਟਰ ਨੂੰ ਹਿੰਸਾ ਵਰਤਣੋਂ ਰੋਕ ਦਿਤਾ।

ਇਨਕਲਾਬ ਦਾ ਕੇਂਦਰੀ ਸਵਾਲ ਕਾਬਿਜ਼ ਸਟੇਟ ਨੂੰ ਤੋੜ ਕੇ ਆਪਣੀ ਸਟੇਟ ਬਣਾਉਣਾ ਹੁੰਦਾ ਹੈ। ਸ਼ਰੋਮਣੀ ਸਿਆਸੀ ਤਾਕਤ ਹਾਸਿਲ ਕਰਨ ਤੋਂ ਬਗ਼ੈਰ ਲੋਕ-



Digitized by Panjab Digital Library | www.panjabdigilib.org

ਹਿੱਤੀ ਸਮਾਜ ਬਣਨਾ ਅਸੰਭਵ ਹੈ। ਸਿੱਖੀ ਤੇ ਇਸਲਾਮ ਦੀ ਇਹ ਵਡਿਆਈ ਹੈ ਕਿ ਇਨ੍ਹਾਂ ਦੀ ਲੀਡਰਸ਼ਿਪ ਨੂੰ ਇਨਕਲਾਬ ਦੇ ਇਸ ਕੇਂਦਰੀ ਮਸਲੇ ਬਾਬਤ ਕੋਈ ਧੁੰਦਲਾਪਨ ਨਹੀਂ ਸੀ। ਇਨ੍ਹਾਂ ਤਲਵਾਰ ਦੀ ਵਰਤੋਂ ਕੀਤੀ। ਗੁਰੂ ਅਰਜਨ ਸਾਹਿਬ ਨੇ ਹੀ ਗੁਰੂ ਹਰਿਗੋਬਿੰਦ ਸਾਹਿਬ ਨੂੰ ਫ਼ੌਜ ਰੱਖਣ ਦਾ ਸੁਨੇਹਾ ਦੇ ਦਿਤਾ ਸੀ। ਗੁਰੂ ਹਰਿਗੋਬਿੰਦ ਸਾਹਿਬ ਨੇ ਮੁਗ਼ਲਾਂ ਕੋਲੋਂ ਰਾਜ ਖੋਹਣ ਦਾ ਨਾਹਰਾ ਦੇ ਦਿਤਾ ਸੀ। ਗੁਰੂ ਗੋਬਿੰਦ ਸਿੰਘ ਨੇ ਇਨਕਲਾਬ ਦੇ ਇਸ ਕੇਂਦਰੀ ਮਸਲੇ ਬਾਬਤ ਕੀ ਕੀਤਾ ਇਹ ਕਿਸੇ ਕੋਲੋਂ ਭੁੱਲਿਆ ਹੋਇਆ ਨਹੀਂ।

**ਗੁਰੂ ਗੋਬਿੰਦ ਸਿੰਘ** ਬਾਬਤ ਦੋ ਗੱਲਾਂ ਤਕਰੀਬਨ ਹਰ ਇਕ ਨੇ ਹੀ ਨੋਟ ਕੀਤੀਆਂ ਹਨ ਅਤੇ ਉਹ ਹਨ ਵੀ ਸਪੱਸ਼ਟ। **ਪਹਿਲੀ** ਇਹ ਹੈ ਕਿ ਉਹ ਹਿੰਦੁਸਤਾਨ ਦਾ ਪਹਿਲਾ ਜਮਹੂਰੀ ਲੀਡਰ ਸੀ। ਉਸ ਨੇ ਆਪਣੇ ਪੈਰੋਕਾਰਾਂ ਨੂੰ ਆਪਸ ਵਿਚ ਭਾਈ ਭਾਈ ਮਹਿਸੂਸ ਕਰਾਇਆ। ਫ਼ੈਸਲੇ ਗੁਰਮਤ ਨਾਲ ਕਰਨੇ ਸਿਖਾਏ। **ਦੂਸਰੀ** ਇਹ ਕਿ ਉਸ ਨੇ ਚਿੜੀਆਂ ਤੋਂ ਬਾਜ਼, ਸ਼ਾਹੀ ਬਾਜ਼ ਤੁੜਵਾਏ, ਗਿੱਦੜਾਂ ਤੋਂ ਸ਼ੇਰ ਬਣਾਏ। ਚਿੜੀਆਂ ਦਾ ਮਤਲਬ ਫ਼ਿਊਡਲ ਸਮਾਜ ਦੇ ਆਮ ਲੋਕ ਸਨ ਜੋ ਗਿੱਦੜ ਬਣੇ ਹੋਏ ਸਨ। ਬਾਜ਼ ਤੋਂ ਮਤਲਬ ਉਸ ਸਮਾਜ ਦੇ ਮਾਸਹਾਰਿਆਂ ਤੋਂ ਹੈ ਜੋ ਚਿੜੀਆਂ ਨੂੰ ਖਾਂਦੇ ਸਨ। ਗੁਰੂ ਸਾਹਿਬ ਦੀ ਫ਼ੌਜ ਵਿਚ ਛੀਂਬੇ, ਨਾਈ, ਹਲਵਾਈ, ਕਾਰੀਗਰ, ਚੂੜ੍ਹੇ, ਜੱਟ ਆਦਿ ਸਨ, ਹਿੰਦੂ ਸਮਾਜ ਦੀ ਬੋਲੀ ਵਿਚ ਸੂਦਰ ਲੋਕ।[2] ਫ਼ੀਊਡਲ ਸਮਾਜ ਦਾ ਇਹ ਖ਼ਾਸਾ ਸੀ ਕਿ ਹਥਿਆਰ ਕਾਬਿਜ਼ ਜਮਾਤਾਂ ਦਾ ਹੀ ਠੇਕਾ ਸਨ। ਫ਼ੀਊਡਲ ਇਸਲਾਮ ਵਾਂਗ ਭਰਤੀ ਸਾਰੀ ਵੱਸੋਂ ਵਿਚੋਂ ਕੀਤੀ ਜਾ ਸਕਦੀ ਸੀ, ਪਰ ਹੁਕਮ ਹਾਸਿਲ ਤੇ ਹਿੱਤ ਫ਼ੀਊਡਲ ਦਾ ਹੀ ਹੁੰਦਾ ਸੀ। ਹਿੰਦੂ ਸਮਾਜ ਵਿਚ ਤਾਂ ਫ਼ੀਊਡਲ ਕਰੜਾਈ ਐਨੀ ਸਿਖਰ 'ਤੇ ਸੀ ਕਿ ਪਹਿਲਾਂ ਕਸ਼ੱਤਰੀ, ਫੇਰ ਰਾਜਪੂਤਾਂ ਬਗੈਰ ਕਿਸੇ ਨੀਵੀਂ ਜ਼ਾਤ ਦੇ ਬੰਦੇ ਦੇ ਫ਼ੌਜ ਵਿਚ ਜਾਣ ਦਾ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ।

ਗੁਰੂ ਗੋਬਿੰਦ ਸਿੰਘ ਦੇ ਚਿੜੀਆਂ ਤੋਂ ਬਾਜ਼ ਤੁੜਵਾਉਨ ਤੇ ਜਮਹੂਰੀ ਲੀਡਰ ਹੋਣ ਦਾ ਜਮਾਤੀ ਬੋਲੀ ਵਿਚ ਕੀ ਮਤਲਬ ਹੈ? ਇਹੀ ਕਿ ਉਸ ਦਾ ਪੈਂਤੜਾ ਲੋਕ-ਹਿੱਤ ਦਾ ਸੀ। ਉਹ ਇਨਕਲਾਬੀ ਲੀਡਰ ਸੀ ਅਤੇ ਉਸ ਨੇ ਸਮਾਜ ਦੀਆਂ ਮਿੱਧੀਆਂ ਹੋਈਆਂ, ਡਰਾਈਆਂ ਹੋਈਆਂ ਜਮਾਤਾਂ ਵਿਚ ਵੀ ਰੂਹ ਫੂਕੀ ਤੇ ਉਨ੍ਹਾਂ ਤੋਂ ਸ਼ਾਹੀ ਫ਼ੌਜ ਦਾ ਸਾਹਮਣਾ ਕਰਵਾਇਆ, ਉਸ ਨੂੰ ਮਰਵਾਇਆ। ਇਤਿਹਾਸਕਾਰਾਂ ਦਾ ਇਹ ਕਹਿਣਾ ਕਿ ਉਹ ਹਿੰਦੁਸਤਾਨ ਦੀ ਤਾਰੀਖ਼ ਵਿਚ ਪਹਿਲੇ ਜਮਹੂਰੀ ਲੀਡਰ ਸਨ, ਜਿਨ੍ਹਾਂ ਨੇ ਸਮਾਜ ਦੀ ਰਹਿੰਦ-ਖੂੰਹਦ ਵਿਚੋਂ, ਫ਼ੀਊਡਲ ਸਮਾਜ ਦੇ ਕੂੜਾ ਕਰਕਟ ਵਿਚੋਂ ਆਪਣੀ ਫ਼ੌਜ ਬਣਾਈ — ਸਾਡੀ ਕਹੀ ਗੱਲ ਦੀ ਹਾਮੀਂ ਭਰਨ ਦੇ ਤੁੱਲ ਹੈ ਕਿ ਹਿੰਦੁਸਤਾਨ ਦੀ ਲੰਮੀ ਤਾਰੀਖ਼ ਵਿਚ **ਗੁਰੂ ਗੋਬਿੰਦ ਸਿੰਘ ਪਹਿਲੇ ਇਨਕਲਾਬੀ ਲੀਡਰ ਸਨ ਅਤੇ**



Digitized by Panjab Digital Library | www.panjabdigilib.org

**ਸਿੱਖ-ਲਹਿਰ ਪਹਿਲੀ ਇਨਕਲਾਬੀ ਲਹਿਰ ।** ਇਤਿਹਾਸਕਾਰਾਂ ਦਾ ਇਨ੍ਹਾਂ ਦੋਹਾਂ ਗੱਲਾਂ ਬਾਬਤ ਗੁਰੂ ਸਾਹਿਬ ਨੂੰ ਕਿਸੇ ਉਚੇਰੀ ਕਰਨੀ ਵਾਸਤੇ 'ਵਡਿਆਉਣਾ ਉਨ੍ਹਾਂ ਦੀ ਕੀਤੀ ਬਾਬਤ ਆਪਣੀ ਬੇਸਮਝੀ ਜ਼ਾਹਿਰ ਕਰਨਾ ਹੈ । ਉਨ੍ਹਾਂ ਹਿੰਦੁਸਤਾਨ ਦੀ ਪਰੰਪਰਾ ਤੋਂ ਬਾਹਰੀ ਗੱਲ ਕੀਤੀ । ਬਾਹਰੀ ਗਲ ਇਸ ਤਬਕੇ ਵਿਚੋਂ ਫ਼ੌਜ ਬਣਾਉਣ ਦੀ ਨਹੀਂ ਸੀ; **ਉਹ ਸੀ ਉਨ੍ਹਾਂ ਦਾ ਲੋਕ-ਹਿੱਤੀ ਜਮਾਤੀ ਪੈਂਤੜਾ ।** ਜੇ ਉਹ ਇਨਕਲਾਬੀ ਸਨ, ਲੋਕ-ਹਿੱਤ ਵਾਸਤੇ ਲੜਦੇ ਸਨ ਤਾਂ ਉਨ੍ਹਾਂ ਦੀ ਫ਼ੌਜ ਵਿਚ ਕੁਦਰਤੀ ਉਹੋ ਲੋਕ ਹੀ ਹੋਣੇ ਸਨ, ਜਿਨ੍ਹਾਂ ਦੇ ਹਿੱਤ ਵਾਸਤੇ ਉਹ ਲੜਦੇ ਸਨ । ਜੇ ਇਨਕਲਾਬ ਲਿਆਉਣਾ ਸੀ ਤਾਂ ਇਨਕਲਾਬ ਲਿਆਉਣ ਵਾਲਿਆਂ ਵਿਚ ਇਨਕਲਾਬੀ ਸਪਿਰਟ ਲਾਜ਼ਮੀ ਸੀ । ਚਿੜੀਆਂ ਤੋਂ ਬਾਜ਼ ਤੁੜਵਾਇਆਂ ਬਗ਼ੈਰ, ਗਿੱਦੜਾਂ ਤੋਂ ਸ਼ੇਰ ਬਣਾਇਆਂ ਬਗ਼ੈਰ ਇਨਕਲਾਬ ਕਿਸ ਤਰ੍ਹਾਂ ਆ ਸਕਣਾ ਸੀ ?

ਗੁਰੂ ਗੋਬਿੰਦ ਸਿੰਘ ਦੀ ਵਡਿਆਈ ਇੱਕੜ ਦੁੱਕੜ ਗੱਲਾਂ ਵਿਚ ਨਹੀਂ । ਉਨ੍ਹਾਂ ਦੀ ਵਡਿਆਈ ਇਹ ਹੈ ਕਿ ਉਹ ਲੋਕ-ਹਿੱਤੀ ਸਨ, ਇਨਕਲਾਬੀ ਸਨ ਅਤੇ ਇਨਕਲਾਬ ਦੇ ਹਰ ਮਸਲੇ ਬਾਬਤ, ਹਰ ਪਹਿਲੂ ਵਿਚ ਨਿਪੁੰਣ ਸਨ । ਸਿੱਖ-ਲਹਿਰ ਦੀ ਸਾਰੀ ਲੀਡਰਸ਼ਿਪ ਦੀ, **ਜਿਸ ਦੀ ਗੁਰੂ ਗੋਬਿੰਦ ਸਿੰਘ ਸਿਖਰ ਸਨ,** ਵਡਿਆਈ ਇਹ ਹੈ ਕਿ ਇਸ ਨੇ ਇਨਕਲਾਬ ਦੇ ਕਿਸੇ ਮਸਲੇ ਬਾਬਤ ਵੀ ਗ਼ਲਤੀ ਨਹੀਂ ਕੀਤੀ । (ਇਹ ਇਨਕਲਾਬ ਅਗਲੇ ਨਿਜ਼ਾਮ ਨੂੰ ਜਨਮ ਨਾ ਦੇ ਸਕਿਆ, ਇਸ ਦਾ ਕਾਰਨ ਹਿੰਦੁਸਤਾਨ ਦੀ ਆਰਥਕ ਸਥਿਤੀ ਜਾਂ ਪਦਾਰਥਕ ਹਾਲਾਤ ਵਿਚ ਊਣ ਸੀ ।) ਸਦੀਆਂ-ਬੱਧੀ, ਜਦੋਂ ਦਾ ਜਮਾਤੀ-ਸਮਾਜ ਬਣਿਆ ਸੀ, ਓਦੋਂ ਤੋਂ ਜਿਨ੍ਹਾਂ ਉੱਤੇ ਰਾਜ ਹੁੰਦਾ ਆਇਆ ਸੀ, ਉਨ੍ਹਾਂ ਦੀਆਂ ਰਗਾਂ ਵਿਚ ਰਾਜ ਇਉਂ ਪੋੜ ਦਿੱਤਾ ਕਿ ਉਹ ਮੂੰਹ ਚੜ੍ਹ ਬੋਲਿਆ — "ਅੱਜ਼ ਈਂ ਕੌਮ ਬੂਏ ਪਾਦਸ਼ਾਹੀ ਮੀ ਆਯਦ ।"[3]

ਜੇ ਵੱਖ ਵੱਖ ਇਨਕਲਾਬਾਂ ਦਾ ਆਪਸ ਵਿਚ ਮੁਕਾਬਲਾ ਕਰੀਏ ਤਾਂ ਮਹਾਨ ਮਜ਼੍ਹਬ ਆਪਣੇ ਆਪ ਵਿਚ ਇਕ ਵੱਖਰੀ ਕਿਸਮ ਹਨ । ਇਨ੍ਹਾਂ ਦੀ ਵਡਿਆਈ ਇਹ ਹੈ ਕਿ ਇਹ ਲੋਕ-ਹਿੱਤ ਲੈ ਕੇ ਉਸ ਵਕਤ ਉੱਠੇ ਜਦੋਂ ਪ੍ਰਚਲਤ ਕਿਸਮ ਦੇ ਨਿਜ਼ਾਮ ਤੋਂ ਉਚੇਰੀ ਕਿਸਮ ਦੇ ਨਿਜ਼ਾਮ ਦੇ ਵਜੂਦ ਵਿਚ ਆਉਣ ਦੀ ਕੋਈ ਅਮਲੀ ਸੰਭਾਵਨਾ ਨਹੀਂ ਸੀ । ਹਰ ਇਨਕਲਾਬ ਦਾ ਸਹੀ ਅੰਦਾਜ਼ਾ ਤਾਂ ਹੀ ਲਗ ਸਕਦਾ ਹੈ ਜੇ ਉਸ ਦੇ ਖੜੇ ਹੋਣ ਦਾ ਪ੍ਰਸੰਗ ਵੇਖਿਆ ਜਾਵੇ — ਜਿਸ ਸਮਾਜ ਦੇ ਵਿਰੁੱਧ ਉਹ ਪੈਦਾ ਹੋਇਆ, ਉਹ ਕਿਹੜਾ ਸੀ ? ਕੈਸਾ ਸੀ ? ਭਗਤੀ ਲਹਿਰ, ਉਸ ਦੀ ਸਿਖਰ ਸਿੱਖ-ਲਹਿਰ, ਤੇ ਉਸ ਦੀ ਚੋਟੀ ਗੁਰੂ ਗੋਬਿੰਦ ਸਿੰਘ ਦੀ ਮਹਾਨਤਾ ਦਾ ਸਹੀ ਅੰਦਾਜ਼ਾ ਤਾਂ ਹੀ ਲਗ ਸਕਦਾ ਹੈ ਜੇ ਉਨ੍ਹਾਂ ਦਾ ਸਮਾਜਕ ਪ੍ਰਸੰਗ ਨਜ਼ਰ ਵਿਚ ਰਖਿਆ ਜਾਵੇ । ਹਿੰਦੁਸਤਾਨ ਦਾ ਸਮਾਜ ਆਪਣੇ ਨਾਲ ਦੇ, ਆਪਣੀ ਕਿਸਮ ਦੇ ਹੋਰ ਸਭ ਸਮਾਜਾਂ ਦੇ ਨਾਲ ਦਾ ਹੁੰਦਾ



Digitized by Panjab Digital Library | www.panjabdigilib.org

ਹੋਇਆ ਵੀ ਉਨ੍ਹਾਂ ਨਾਲੋਂ ਪ੍ਰਕਾਰਕ ਤੌਰ 'ਤੇ ਵੱਖਰਾ ਇਸ ਗੱਲ ਵਿਚ ਰਿਹਾ ਹੈ ਕਿ ਇਸ ਵਿਚ ਜਮਾਤੀ-ਅੰਗ ਨੇ ਜਾਤ-ਪਾਤ ਦੀ ਸੰਸਥਾ ਇਖ਼ਤਿਆਰ ਕੀਤੀ ਰੱਖੀ ਹੈ। (ਜੋ ਅਜੇ ਤਕ ਵੀ ਖ਼ਤਮ ਨਹੀਂ ਹੋਈ) ਇਹ ਹੈ ਤਾਂ ਉਸਾਰ, ਉਸਾਰ ਦਾ ਅੰਗ; ਪਰ ਇਹ ਆਪਣੇ ਆਪ ਵਿਚ ਇਕ ਐਸਾ ਮਾਰੂ ਜ਼ਹਿਰ ਹੈ, ਐਸਾ ਨਾਸੂਰ ਹੈ ਕਿ ਹਿੰਦੁਸਤਾਨੀ ਸਮਾਜ ਵਿਚੋਂ ਜਮਾਤੀ-ਅੰਗ ਦੇ ਆਰਥਕ ਸਿਆਸੀ ਤੌਰ 'ਤੇ ਖ਼ਤਮ ਹੋਣ ਮਗਰੋਂ ਵੀ ਇਸ ਨੂੰ ਮਨੁੱਖਾਂ ਦੇ ਮਨਾਂ ਵਿਚੋਂ ਕਢਣਾ ਇਕ ਬਹੁਤ ਮੁਸ਼ਕਲ ਤੇ ਚੀੜ੍ਹਾ ਮਸਲਾ ਹੋਵੇਗਾ। ਇਸ ਦੀ ਅਜੀਬ ਖ਼ਾਸੀਅਤ ਇਹ ਹੈ ਕਿ ਜਿਨ੍ਹਾਂ ਨੂੰ ਇਹ ਸੰਸਥਾ ਜ਼ਲੀਲ ਕਰਦੀ ਹੈ, ਉਹ ਵੀ ਆਪਣੇ ਆਪ ਨੂੰ ਇਸ ਦੇ ਪੈਮਾਨੇ ਮੁਤਾਬਿਕ ਕਿਸੇ ਹੋਰ ਨਾਲੋਂ ਉੱਚਾ ਸਮਝ ਕੇ ਆਪਣੇ ਆਪ ਉਤੇ ਫ਼ਖ਼ਰ ਕਰਦੇ ਹਨ। ਨਤੀਜਾ, ਇਸ ਸੰਸਥਾ ਦੀ ਪਕਿਆਈ ਨਿਕਲਦਾ ਹੈ।

ਸਾਇੰਟਫ਼ਿਕ ਬੋਲੀ ਵਿਚ ਇਸ ਦਾ ਮਤਲਬ ਹੈ ਕਿ ਹਿੰਦੁਸਤਾਨ ਦੇ ਸਮਾਜ ਵਿਚ, ਆਪਣੇ ਕਿਸਮ ਦੇ ਹੋਰਨਾਂ ਸਮਾਜਾਂ ਨਾਲੋਂ ਪਿਛਾਂਹ-ਖਿਚੂ ਅਨਸਰ ਪ੍ਰਕਾਰਕ ਤੌਰ 'ਤੇ ਜ਼ਿਆਦਾ ਤਕੜਾ, ਹਮੇਸ਼ਾਂ ਜ਼ਿਆਦਾ ਜੰਮਿਆ ਹੋਇਆ, ਤੁਰਿਆ ਆਇਆ ਹੈ। ਜੜ੍ਹਾਂ ਵਾਲੇ ਫੋੜੇ ਵਾਂਗ ਇਸ ਸੰਸਥਾ ਨੇ ਐਸੀ ਸ਼ਕਲ ਅਖ਼ਤਿਆਰ ਕੀਤੀ ਹੋਈ ਹੈ ਕਿ ਇਸ ਦਾ ਔਪ੍ਰੇਸ਼ਨ ਕਰਨਾ ਵੀ ਕੋਈ ਆਸਾਨ ਗੱਲ ਨਹੀਂ। ਇਹ ਸੰਸਥਾ ਹਰ ਇਕ ਹੋਂਦ, ਹਉਮੈਂ ਨਾਲ ਐਸੀ ਰਲੀ ਹੋਈ ਹੈ ਅਤੇ ਮੁਫ਼ਤ ਦੀ ਖਟੀ ਖੱਟਣ ਦੀ ਮਨੁਖੀ ਫ਼ਿਤਰਤ ਨੂੰ ਆਪਣੀ ਮਜ਼ਬੂਤੀ ਵਾਸਤੇ ਐਸੇ ਤਰੀਕੇ ਨਾਲ ਵਰਤਦੀ ਹੈ ਕਿ ਕੋਈ ਆਦਮੀ ਕਾਸੇ ਵੀ ਜੋਗਾ ਨਾ ਹੋਵੇ, ਉਸ ਨੇ ਕੁਝ ਵੀ ਨਾ ਕੀਤਾ ਹੋਵੇ, ਇਹ ਸੰਸਥਾ ਉਸ ਨੂੰ ਉਸ ਦੇ ਜੰਮਣ ਦੇ ਤੱਥ ਤੋਂ ਹੀ ਇਕ ਕਿਸਮ ਦੀ ਤਸੱਲੀ, ਇਕ ਕਿਸਮ ਦਾ ਮਾਣ ਦੇਈ ਰੱਖਦੀ ਹੈ। ਇਨਸਾਨੀਅਤ, ਮਨੁੱਖੀ ਕਰਤੱਵ ਦੀ ਤਕੜੀ ਵਿਚ ਭਾਵੇਂ ਇਹ ਮਾਣ ਕਿੰਨਾਂ ਫੋਕਾ ਤੇ ਮਾਰੂ ਹੈ ਪਰ ਸਮਾਜ ਵਿਚ ਇਹ ਚਲਦਾ ਸਿੱਕਾ ਹੈ। ਪਿਛਾਂਹ-ਖਿਚੂ ਅਨਸਰ ਦਾ ਇਹ ਬੜਾ ਬੰਨ੍ਹ ਹੈ। ਸਾਰੀ ਦੁਨੀਆਂ ਦੇ ਪਿਛਾਂਹ-ਖਿਚੂ ਅਨਸਰਾਂ ਦੇ ਸਾਰੇ ਮਨੁੱਖੀ ਇਤਿਹਾਸ ਵਿਚੋਂ ਇਸ ਦੀ ਮਿਸਾਲ ਮਿਲਣੀ ਅਸੰਭਵ ਹੈ। ਇਸ ਦੀ ਸਮਾਜ ਵਿਚ ਮਜ਼ਬੂਤੀ, ਮਨੁੱਖੀ ਮਨ ਵਿਚ ਇਸ ਦੀਆਂ ਜੜ੍ਹਾਂ ਇਨਸਾਨੀਅਤ ਦੀ ਕਮਜ਼ੋਰੀ ਦਾ ਦੂਜਾ ਨਾਂ ਹਨ। ਇਸ ਦੀ ਸਿੰਜੀ ਸਮਾਜਕ ਮਨੁੱਖੀ ਭੋਂ ਇਨਸਾਨੀਅਤ ਤੇ ਇਨਕਲਾਬ ਨੂੰ ਮੰਨਣ ਦੇ ਰਾਹ ਹੀ ਨਹੀਂ ਪੈ ਸਕਦੀ। ਹਜ਼ਾਰਾਂ ਸਾਲਾਂ ਤੋਂ ਇਸ ਨਾਲ ਸਿੰਜੀ ਆਉਂਦੀ ਸਮਾਜਕ ਮਨੁੱਖੀ ਭੋਂ ਵਿਚ ਲੋਕ-ਹਿੱਤ, ਇਨਸਾਨੀਅਤ ਦਾ ਪੈਂਤੜਾ ਖੜਾ ਕਰਨਾ ਸਹੀ ਅਰਥਾਂ ਵਿਚ ਮਹਾਨਤਾ ਹੈ ਅਤੇ ਇਹ ਮਹਾਨਤਾ ਭਗਤੀ-ਲਹਿਰ ਦੀ ਹੈ। ਪਰ ਅਜਿਹੀ ਸਮਾਜਕ-ਮਨੁਖੀ ਭੋਂ ਵਿਚ ਇਨਕਲਾਬ ਲਿਆਉਣਾ ਉਸ ਤੋਂ ਵੀ ਵੱਡੀ ਵਡਿਆਈ ਹੈ



Digitized by Panjab Digital Library | www.panjabdigilib.org

ਅਤੇ ਉਹ ਸਿੱਖ-ਲਹਿਰ ਤੇ ਗੁਰੂ ਗੋਬਿੰਦ ਸਿੰਘ ਦੀ ਹੈ ।

---

1. "Render unto Caesar the things that are Caesar's.

2. ਡਾਕਟਰ ਨਾਰੰਗ ਦੇ ਮੁਤਾਬਿਕ ਪੰਜਾਂ ਪਿਆਰਿਆਂ ਵਿਚੋਂ ਇਕ ਖੱਤਰੀ ਸੀ ਅਤੇ ਬਾਕੀ ਚਾਰ ਸ਼ੂਦਰ ।

3, "A living spirit possesses the whole Sikh people, and the impress of Govind has not only elevated and altered the constitution of their minds, but has operated materially and given amplitude to their physical frames. The features and external form of a whole people have been modified, and a Sikh chief is not more distinguishable by his stately person and free and manly bearing than a minister of his faith is by a lofty thoughtfulness of look, which marks the fervour of his soul and his persuasion of the near presence of the divinity." Cunningham



Digitized by Panjab Digital Library | www.panjabdigilib.org

## ਰੱਬ ਨੂੰ ਤਲਵਾਰ ਦੇ ਰੂਪ ਵਿਚ ਵੇਖਣਾ

ਭਵਿੱਖ ਦੀ ਉਸਾਰੀ ਦੀਆਂ ਜੜ੍ਹਾਂ ਭੂਤ ਵਿਚ ਹੁੰਦੀਆਂ ਹਨ। ਹਰ ਇਨਕਲਾਬ ਰਿਨੇਸਾਂਸ ਹੁੰਦਾ ਹੈ। ਜਦੋਂ ਸਾਰੀ ਜ਼ਿੰਦਗੀ ਨੇ ਇਕ ਜਮਾਤੀ ਪੈਂਤੜੇ ਤੋਂ ਉਠ ਕੇ ਦੂਸਰੇ ਪੈਂਤੜੇ 'ਤੇ ਟਿਕਣਾ ਹੋਵੇ, ਲਾਜ਼ਮੀ ਹੈ ਕਿ ਹੋ ਗੁਜ਼ਰੀ ਸਾਰੀ ਜ਼ਿੰਦਗੀ, ਗਿਆਨ, ਵਿਦਿਆ ਆਦਿ ਦੀ ਫੋਲਾ ਫਾਲੀ ਹੋਵੇ, ਨਵੇਂ ਹਿੱਤ ਦੀ ਬਿਨਾ ਉਤੇ ਉਸਾਰੀ ਦੇ ਹਰ ਪਹਿਲੂ ਵਿਚ ਲਾਗੂ ਹੋਣ ਵਾਸਤੇ ਉਸ ਦੀ ਨਵੀਂ ਤਰਤੀਬ ਬਣੇ। ਸਿੱਖ ਲਹਿਰ ਇਨਕਲਾਬ ਸੀ, ਰਿਨੇਸਾਂਸ ਸੀ। ਜਿਸ ਤਰ੍ਹਾਂ **ਗੁਰੂ ਗੋਬਿੰਦ ਸਿੰਘ** ਉਸ ਇਨਕਲਾਬ ਦੇ ਲੀਡਰ, ਉਸ ਦੇ ਸਿਖਰ ਸਨ, ਇਸ ਤਰ੍ਹਾਂ ਹੀ ਉਹ ਉਸ ਦੇ ਭਾਗ ਰਿਨੇਸਾਂਸ ਦੇ ਵੀ ਰੂਪ ਸਨ, ਭਰ ਵਿਦਵਾਨ ਸਨ। ਉਸ ਵਕਤ ਤਕ ਫ਼ਾਰਸੀ ਜਾਂ ਸੰਸਕ੍ਰਿਤ ਰਾਹੀਂ ਜੋ ਕੁਝ ਪੁਰਾਣੀ ਵਿਦਿਆ ਕੋਲੋਂ ਲਿਆ ਜਾ ਸਕਦਾ ਸੀ, ਅਤੇ ਜਿਸ ਸ਼ਕਲ ਵਿਚ ਉਸ ਨੂੰ ਸਮਕਾਲੀ ਗਿਆਨ ਨਾਲ ਰਲਾ ਕੇ ਵਰਤਿਆ ਜਾ ਸਕਦਾ ਸੀ, ਗੁਰੂ ਸਾਹਿਬ ਨੇ ਉਸ ਨੂੰ ਆਪਣੇ ਵਿਦਿਅਕ ਤੇ ਵਿਚਾਰਧਾਰਕ ਮਨੋਰਥ ਵਾਸਤੇ ਵਰਤਿਆ।

ਵਿਦਵਾਨ ਹੋਣ ਤੋਂ ਇਲਾਵਾ, **ਉਹ ਕਵਿਤਾ ਵਿਚ ਆਪਣੇ ਇਨਕਲਾਬ ਦੀ ਜ਼ਬਾਨ ਸਨ।** ਉਨ੍ਹਾਂ ਆਪਣੇ ਇਨਕਲਾਬ ਦਾ ਜਜ਼ਬਾ, ਉਸ ਦਾ ਅਨੁਭਵ, ਉਸ ਦੇ ਹਿੱਤ ਦੇ ਆਪਣੇ ਨਿਸ਼ਾਨੇ 'ਤੇ ਪਹੁੰਚਣ ਦਾ ਰਾਹ ਚਾਰ ਬੋਲੀਆਂ — ਸੰਸਕ੍ਰਿਤ, ਫ਼ਾਰਸੀ, ਹਿੰਦੀ (ਬ੍ਰਜ) ਤੇ ਪੰਜਾਬੀ ਰਾਹੀਂ ਪ੍ਰਗਟ ਕੀਤਾ। ਸਮਾਜਕ ਸਥਿਤੀ ਮੁਤਾਬਿਕ ਉਨ੍ਹਾਂ ਵਾਸਤੇ ਰੱਬ ਨੂੰ ਤਲਵਾਰ ਦੇ ਰੂਪ ਵਿਚ ਵੇਖਣਾ ਲਾਜ਼ਮੀ ਸੀ ਅਤੇ ਉਨ੍ਹਾਂ ਵੇਖਿਆ। ਤਲਵਾਰ ਦੇ ਨਮਿਤ, ਉਸ ਦੀ ਕਲਾ ਨੂੰ ਜਗਾਉਣ ਵਾਸਤੇ ਜੋ ਕਵਿਤਾ ਗੁਰੂ ਸਾਹਿਬ ਨੇ ਸੰਸਕ੍ਰਿਤ ਵਿਚ ਰਚੀ ਉਸ ਦੀ ਬਾਬਤ ਡਾਕਟਰ ਨਾਰੰਗ ਦਾ ਕਹਿਣਾ ਹੈ ਕਿ ਉਹ ਆਪਣੀ ਕਿਸਮ ਦੀ, ਦੁਨੀਆਂ ਦੇ ਕਿਸੇ ਸਾਹਿੱਤ ਵਿਚ ਮਿਲ ਸਕਦੀ ਕਵਿਤਾ ਨਾਲੋਂ ਸ੍ਰੋਮਣੀ ਹੈ।[1] ਇਸ ਤੋਂ ਇਲਾਵਾ ਇਨਕਲਾਬੀ ਸਪਿਰਿਟ ਜਗਾਉਣ ਵਾਸਤੇ ਜੋ ਕਵਿਤਾ ਉਨ੍ਹਾਂ ਲਿਖੀ, ਉਸ ਕਿਸਮ ਦੀ ਕਵਿਤਾ ਦਾ ਪੰਜਾਬ ਵਿਚ ਅਗੇ ਨਾਂ ਨਹੀਂ ਸੀ।[2] ਹਿੰਦੀ ਦੀ ਕਵਿਤਾ ਦੀ ਉਹ ਸ਼ੈਲੀ ਉਸਾਰੀ ਜੋ ਅੱਜ ਤਕ ਲਾਸਾਨੀ ਹੈ।[3] ਉਨ੍ਹਾਂ ਦੀ ਪੰਜਾਬੀ ਦੀ ਕਵਿਤਾ ਬਾਬਤ ਲਿਖਣਾ ਬੇਲੋੜਾ ਹੈ। ਉਨ੍ਹਾਂ ਦੀ ਕਵਿਤਾ ਦਾ ਸਰੋਦ ਕਿਸੇ ਕੋਲੋਂ ਭੁੱਲਿਆ ਹੋਇਆ ਨਹੀਂ। ਗੁਰੂ ਸਾਹਿਬ ਜੇ ਨਿਰੇ ਕਵੀ ਹੀ ਹੁੰਦੇ ਤਾਂ ਵੀ ਉਹ ਅਮਰ ਸਨ। ਪਰ ਰਚੀ ਕਵਿਤਾ ਉਨ੍ਹਾਂ ਦੀ ਜ਼ਿੰਦਗੀ ਦੇ ਕੰਮ ਦਾ ਇਕ ਹਿੱਸਾ, ਇਕ ਪਾਸਾ ਹੈ।



Digitized by Panjab Digital Library | www.panjabdigilib.org

ਇਨਕਲਾਬ ਪਰਲੇ ਦਰਜੇ ਦੀ ਸਿਆਸੀ ਅਗਵਾਈ ਦੀ ਮੰਗ ਕਰਦਾ ਹੈ। ਉਸ ਦੀ ਤਲਵਾਰ ਸਿਆਸਤ ਦੀ ਅਗਵਾਈ ਦੇ ਅਧੀਨ ਚੱਲਦੀ ਹੈ। ਉਹ ਸਿਆਸਤ ਦਾ ਹੀ ਅੰਤਲਾ ਰੂਪ, ਉਸ ਦਾ ਸਿਖਰ ਹੁੰਦਾ ਹੈ। ਇਨਕਲਾਬੀ ਸਥਿਤੀ ਵਿਚ ਹਾਲਾਤ ਐਨੀ ਤੇਜ਼ੀ ਨਾਲ ਬਦਲਦੇ ਹਨ ਕਿ ਘੜੀ ਦਾ ਘੁੱਥਾ ਸਹੀ ਅਰਥਾਂ ਵਿਚ ਸੌ ਕੋਹਾਂ ਉਤੇ ਜਾ ਪੈਂਦਾ ਹੈ। ਇਨਕਲਾਬੀ ਸਥਿਤੀ ਸਿਆਸੀ ਲੀਡਰਸ਼ਿਪ ਦਾ ਸਭ ਤੋਂ ਕਰੜਾ ਟੈਸਟ ਹੁੰਦੀ ਹੈ। ਸਮਾਜਕ ਸਥਿਤੀ ਇਨਕਲਾਬ ਵਾਸਤੇ ਤਿਆਰ ਵੀ ਹੋਵੇ, ਪਰ ਜੇ ਸਿਆਸੀ ਅਗਵਾਈ ਢਿੱਲੀ ਹੋਵੇ, ਸਿਆਸੀ ਸੂਝ ਹਾਲਾਤ ਦੇ ਹਾਣੀ ਨਾ ਹੋਵੇ, ਇਨਕਲਾਬੀ ਸਥਿਤੀ ਇਨਕਲਾਬ ਨੂੰ ਜਨਮ ਦੇਣੋਂ ਅਸਮਰਥ ਰਹਿੰਦੀ ਹੈ। ਸੋ ਗੁਰੂ ਗੋਬਿੰਦ ਸਿੰਘ ਨੂੰ ਇਨਕਲਾਬੀ ਲੀਡਰ ਕਹਿਣਾ, ਉਨ੍ਹਾਂ ਦੀ ਸਿਆਸੀ ਸੂਝ, ਸਿਆਸੀ ਪ੍ਰਤਿਭਾ ਨੂੰ ਦਾਦ ਦੇਣਾ ਹੈ। ਕਾਮਯਾਬ ਇਨਕਲਾਬੀ ਲੀਡਰ ਹੋਣ ਨਾਲੋਂ ਸਿਆਸਤ ਵਿਚ ਨਾ ਕੋਈ ਵੱਡੀ ਵਡਿਆਈ ਹੈ, ਨਾ ਉਚੇਰੀ ਸਿਫ਼ਤ। ਗੁਰੂ ਸਾਹਿਬ ਦੇ **ਖ਼ਾਲਸੇ ਨੂੰ ਸਾਜਣ** ਦੇ ਸਿਆਸੀ ਇਨਕਲਾਬੀ ਬੋਲੀ ਵਿਚ ਕੀ ਅਰਥ ਹਨ ? — ਇਨਕਲਾਬੀ ਸਥਿਤੀ, ਜ਼ਮਾਨੇ ਦੇ ਬਦਲਦੇ ਮਿਜਾਜ਼, ਦੀ ਸਹੀ ਸਮਝ ਅਤੇ ਉਸ ਦਾ ਜਵਾਬ, ਉਸ ਦੀ ਲੋੜ ਦੀ ਅਮਲੀ ਤਿਆਰੀ। **ਜ਼ਫ਼ਰਨਾਮਾ** ਤੇ ਦੋਹਾਂ ਸ਼ਹਿਨਸ਼ਾਹਾਂ ਨਾਲ ਸੰਬੰਧਤ ਸਿਆਸੀ ਪੈਂਤੜੇਬਾਜ਼ੀ ਗੁਰੂ ਸਾਹਿਬ ਦੀ ਪ੍ਰਤਿਭਾ ਦੇ ਸਬੂਤ ਹਨ।

ਇਨਕਲਾਬ, ਸਿਆਸਤ ਦਾ ਹੀ ਫ਼ੌਜੀ ਰੂਪ ਹੁੰਦਾ ਹੈ। ਇਨਕਲਾਬੀ ਲੀਡਰ ਦੇ ਹੋਣ ਦਾ ਮਤਲਬ ਸਿਆਸੀ ਪ੍ਰਤਿਭਾ ਦੇ ਨਾਲ ਨਾਲ ਫ਼ੌਜੀ ਪ੍ਰਤਿਭਾ ਦਾ ਹੋਣਾ ਵੀ ਹੁੰਦਾ ਹੈ। ਇਨਕਲਾਬ ਦੀ ਜਿੱਤ ਅੰਤ ਤਾਕਤ, ਫ਼ੌਜੀ ਤਾਕਤ ਨਾਲ ਹੁੰਦੀ ਹੈ। ਸੋ ਸਹੀ ਸਿਆਸੀ ਲਾਈਨ ਲੈ ਕੇ, ਪ੍ਰਾਪੇਗੰਡੇ ਤੇ ਜਥੇਬੰਦੀ ਦੀ ਸਾਇੰਸ ਨੂੰ ਵਰਤ ਕੇ, ਸਮਾਜਕ ਸਥਿਤੀ ਵਿਚੋਂ ਆਪਣੇ ਹਿੱਤ ਦੀ ਤਾਕਤ ਜਗਾਉਣ, ਜਥੇਬੰਦ ਕਰਨ, ਸਾਣ ਉਤੇ ਚੜ੍ਹਾਉਣ ਤੋਂ ਲਗ ਕੇ ਮੈਦਾਨਿ-ਜੰਗ ਵਿਚ ਤਾਕਤ-ਅਜ਼ਮਾਈ ਕਰਨ ਤਕ ਇਨਕਲਾਬੀ ਪ੍ਰਤਿਭਾ ਦਾ ਟੈਸਟ ਹੁੰਦਾ ਹੈ। ਲੀਡਰ ਇਸ ਲੜੀ ਦੀ ਕਿਸੇ ਕੜੀਉਂ ਘੁੱਸ ਜਾਏ, ਕਿਸੇ ਵੀ ਪੌੜੀਉਂ ਥਿੜਕ ਜਾਏ, ਕਿਸੇ ਥਾਉਂ ਵੀ ਟਪਲਾ ਖਾ ਜਾਏ, ਕਿਸੇ ਪਾਸਿਉਂ ਵੀ ਊਣਾ ਰਹਿ ਜਾਏ, ਮੈਦਾਨਿ-ਜੰਗ ਵਿਚ ਤਾਕਤ-ਅਜ਼ਮਾਈ ਵੇਲੇ ਉਸ ਗ਼ਲਤੀ ਦਾ ਖ਼ਮਿਆਜ਼ਾ ਭੁਗਤਣਾ ਪਵੇਗਾ। ਇਨਕਲਾਬੀ ਲੀਡਰ ਬਣਨਾ ਇਕ-ਪਾਸੜ, ਇਕਹਿਰੀ, ਇਕ-ਰੁਖ਼ੀ ਪ੍ਰਤਿਭਾ ਦਾ ਕੰਮ ਨਹੀਂ। ਹਰ ਪਾਸਿਓਂ ਭਰਵੀਂ, ਸਰਬ-ਕਲਾ ਸੰਪੂਰਣ ਪ੍ਰਤਿਭਾ ਦਾ ਕਰਤੱਵ ਹੈ। ਇਨਕਲਾਬੀ ਸਿਰਫ਼ ਮਨੁੱਖਾਂ ਦੀ ਇਨਕਲਾਬੀ ਸਪਿਰਿਟ ਨੂੰ ਹੀ ਨਹੀਂ ਵਰਤਦਾ, ਉਸ ਦਾ ਧਿਆਨ ਤਾਕਤ ਦੀ ਹਰ ਜੁਜ਼ ਵਲ ਹੁੰਦਾ ਹੈ। ਨਵੇਂ ਤੋਂ ਨਵੇਂ ਹਥਿਆਰਾਂ ਦੀ ਵਰਤੋਂ, ਫ਼ੌਜੀ ਸਾਇੰਸ ਵਿਚ ਮਹਾਰਤ, ਆਪਣੀ ਤਾਕਤ ਦੇ ਸੋਮਿਆਂ ਦੇ ਪੈਂਤੜੇ ਤੋਂ ਦਾਅ-ਪੇਚ, ਆੜਾ ਵਕਤ ਕੱਟਣ ਦੀ ਸੱਤਿਆ, ਹਰ ਪਈ ਮੁਸ਼ਕਿਲ



Digitized by Panjab Digital Library | www.panjabdigilib.org

ਦਾ ਸਾਹਮਣਾ ਕਰਨ ਦੀ ਤਾਕਤ, ਗੁਰੀਲੇ ਬਣ ਕੇ ਵਿਰੋਧੀ-ਫ਼ੌਜ ਨੂੰ ਹਫਾਉਣ ਦੀ ਜਾਚ — ਗੱਲ ਕੀ, ਤਾਕਤ ਦੇ ਹਰ ਪਹਿਲੂ ਵਲ ਇਨਕਲਾਬੀ ਲੀਡਰ ਦਾ ਧਿਆਨ ਹੁੰਦਾ ਹੈ ।

ਜਿਸ ਤਰ੍ਹਾਂ ਆ ਰਿਹਾ ਨਿਜ਼ਾਮ ਪ੍ਰਚਲਤ ਨਾਲੋਂ ਚੰਗੇਰਾ ਤੇ ਉਚੇਰਾ ਹੁੰਦਾ ਹੈ, ਇਸ ਤਰ੍ਹਾਂ ਹੀ ਇਨਕਲਾਬੀ ਪ੍ਰਤਿਭਾ ਦਾ ਹਰ ਪਹਿਲੂ, ਹਰ ਪੱਧਰ ਉਤੇ ਆਪਣੇ ਮੁਖ਼ਾਲਿਫ਼ ਨਾਲ ਸਾਂਵਿਆਂ ਹੀ ਨਹੀਂ, ਉਸ ਨਾਲੋਂ ਸਵਾਇਆ ਹੋਣਾ ਹੀ ਆਪਣੇ ਹਿੱਤ ਨਾਲ ਇਨਸਾਫ਼ ਹੁੰਦਾ ਹੈ । ਖ਼ਾਲਸੇ ਦੀ ਸਪਿਰਿਟ ਇਨਕਲਾਬ ਦੀ ਤਾਕਤ ਦਾ ਇਕ ਜੁਜ਼ ਸੀ । ਉਸ ਦੇ ਪੈਦਾ ਕਰਨ ਵਿਚ ਸੱਚ ਤੋਂ ਇਲਾਵਾ ਜਿਹੜੀ ਮਹਾਰਤ ਤੋਂ ਗੁਰੂ ਸਾਹਿਬ ਨੇ ਕੰਮ ਲਿਆ, ਉਸ ਦਾ ਜ਼ਿਕਰ ਹੋ ਚੁਕਿਆ ਹੈ । ਆਪਣੇ ਸਿੱਖਾਂ ਤੋਂ ਜਿਸ ਕਿਸਮ ਦੀ ਖ਼ਾਲਸੇ ਦੀ ਫ਼ੌਜ ਗੁਰੂ ਸਾਹਿਬ ਨੇ ਖੜੀ ਕੀਤੀ; ਉਹ ਉਨ੍ਹਾਂ ਦੀ ਫ਼ੌਜੀ ਪ੍ਰਤਿਭਾ ਦਾ ਇਕ ਪਹਿਲੂ ਹੈ ਤੇ ਜਿਹੋ ਜਿਹੀ ਗੁਰੀਲਾ ਜੰਗ ਉਨ੍ਹਾਂ ਨੇ ਲੜੀ ਉਹ ਆਪਣੇ ਜ਼ਮਾਨੇ ਦੀ ਆਪ ਮਿਸਾਲ ਹੈ । ਮੈਦਾਨਿ-ਜੰਗ ਵਿਚ ਹਰ ਕਿਸਮ ਦੇ, ਏਸ਼ੀਆ ਵਿਚ ਪ੍ਰਚਲਤ ਨਵੇਂ ਤੋਂ ਨਵੇਂ ਹਥਿਆਰਾਂ ਦੀ ਵਰਤੋਂ ਤਾਂ ਗੁਰੂ ਹਰਿਗੋਬਿੰਦ ਦੇ ਜ਼ਮਾਨੇ ਤੋਂ ਹੀ ਹੋ ਚੁਕੀ ਸੀ । ਚਮਕੌਰ ਦੀ ਗੜ੍ਹੀ ਵਿਚ ਚੰਦ ਸਿੰਘਾਂ ਨਾਲ ਜਿਸ ਤਰ੍ਹਾਂ ਗੁਰੂ ਸਾਹਿਬ ਨੇ ਦੁਸ਼ਮਣਾਂ ਦੀ ਹਜ਼ਾਰਾਂ ਦੀ ਫ਼ੌਜ ਨੂੰ ਰਾਤ ਪੈਣ ਤਕ ਠੱਲ੍ਹੀ ਰੱਖਿਆ ਅਤੇ ਹਨੇਰਾ ਪੈਣ ਉਤੇ ਆਪ ਦੁਸ਼ਮਣ ਦੀਆਂ ਉਂਗਲਾਂ ਵਿਚ ਦੀ ਨਿਕਲ ਗਏ, ਇਹ ਉਨ੍ਹਾਂ ਦੀ ਫ਼ੌਜੀ ਪ੍ਰਤਿਭਾ ਦੇ ਹਰ ਪਹਿਲੂ ਨੂੰ ਦਾਦ ਹੈ । ਖਿਦਰਾਣੇ ਦੀ ਢਾਬ ਉਤੇ ਜਿਸ ਤਰ੍ਹਾਂ ਉਨ੍ਹਾਂ ਨੇ ਵਜ਼ੀਰ ਖ਼ਾਨ ਦੀ ਫ਼ੌਜ ਨੂੰ ਪਿੱਛਲ-ਖੁਰੀ ਮੁੜਨ ਉਤੇ ਮਜ਼ਬੂਰ ਕੀਤਾ, ਇਹ ਉਨ੍ਹਾਂ ਦੇ ਯੁੱਧ ਦੇ ਦਾਅ-ਪੇਚਾਂ ਦੀ ਕਰਨੀ ਹੈ ।

ਜਿਸ ਤਰ੍ਹਾਂ ਭਰ ਰਿਨੇਸਾਂਸ ਦੇ ਆਗੂਆਂ ਦਾ ਖ਼ਾਸਾ ਹੁੰਦਾ ਹੈ ਕਿ ਉਹ ਇਕ-ਰੁਖੇ, ਇਕ-ਪਾਸੜ, ਇਕ-ਸਿਆੜੇ ਸਮਾਉਣ ਵਾਲੇ ਅਧੂਰੇ ਮਨੁੱਖ ਨਹੀਂ, ਬਲਕਿ ਬਹੁ-ਪੱਖੀ, ਪੂਰਨ ਮਨੁੱਖ ਹੁੰਦੇ ਹਨ, ਉਸੇ ਤਰ੍ਹਾਂ ਹੀ ਗੁਰੂ ਸਾਹਿਬ ਐਸੇ ਮਨੁੱਖਾਂ ਦਾ ਸਿੱਖਰ, ਬਹੁ-ਪੱਖੀ, ਪੂਰਨ ਪ੍ਰਤਿਭਾ ਵਾਲੇ ਸਨ । ਉਨ੍ਹਾਂ ਦੀ ਪ੍ਰਤਿਭਾ ਦੇ ਓਨੇ ਹੀ ਪਹਿਲੂ ਸਨ, ਜਿੰਨੇ ਉਸ ਇਨਕਲਾਬ ਦੇ, ਜਿਸ ਦੇ ਕਿ ਉਹ ਪ੍ਰਤੀਨਿਧ ਸਨ, ਲੀਡਰ ਸਨ । ਉਨ੍ਹਾਂ ਦੇ ਖ਼ਿਆਲ ਦੀ ਸ਼ਕਤੀ ਕੈਸੀ ਸੀ, ਉਨ੍ਹਾਂ ਦੀ ਪ੍ਰਤਿਭਾ ਕਿਸ ਕਿਸਮ ਦੀ ਸੀ, ਇਹ ਇਸ ਗੱਲ ਤੋਂ ਜ਼ਾਹਿਰ ਹੈ ਕਿ ਉਨ੍ਹਾਂ ਆਪਣੇ ਕੰਮ ਦੀਆਂ ਲਾਈਨਾਂ, ਉਸ ਦਾ ਖ਼ਾਕਾ ਐਸਾ ਸਹੀ ਬਣਾਇਆ ਕਿ ਆਪਣੀ ਜ਼ਿੰਦਗੀ ਦੇ ਤੂਫ਼ਾਨੀ ਸਫ਼ਰ ਵਿਚ, ਉਸ ਦੇ ਕੁੱਲ ਉਤਰਾ-ਚੜ੍ਹਾਅ ਵਿਚ, ਉਨ੍ਹਾਂ ਆਪਣੀ ਬਣਾਈ ਨੀਤੀ ਦਾ ਸਿਰਲੇਖ ਵੀ ਨਹੀਂ ਬਦਲਿਆ ।[4] ਉਹ ਕੌਮਾਂ-ਉਸਾਰ ਪ੍ਰਤਿਭਾ ਹਨ ।[5]

ਇੰਦੂ ਭੂਸ਼ਨ ਬੈਨਰਜੀ ਨੇ ਵੀ ਹੋਰ ਇਤਿਹਾਸਕਾਰਾਂ ਵਾਂਗ ਸਿੱਖ ਲਹਿਰ ਤੇ ਗੁਰੂ



Digitized by Panjab Digital Library | www.panjabdigilib.org

ਗੋਬਿੰਦ ਸਿੰਘ ਦਾ ਲੋਕ-ਹਿੱਤੀ ਪੈਂਤੜਾ ਨਹੀਂ ਸਮਝਿਆ (ਇਤਿਹਾਸਕਾਰਾਂ ਦੀ ਮੁਸ਼ਕਿਲ ਇਹ ਹੈ ਕਿ ਉਹ ਬਾਣੀ ਵਿਚ ਜਮਾਤੀ ਹਿੱਤ ਸਮਝਣੋਂ ਅਸਮਰਥ ਹਨ); ਪਰ ਆਪਣੇ ਨਜ਼ਰੀਏ ਤੋਂ ਉਸ ਨੇ ਖ਼ਾਲਸੇ ਦੀ ਉਸਾਰੀ ਬਾਬਤ ਇਨਸਾਫ਼ ਤੇ ਹਮਦਰਦੀ ਨਾਲ ਲਿਖਿਆ ਹੈ। ਉਹ ਗੁਰੂ ਸਾਹਿਬ ਦੀ ਮਹਾਨਤਾ ਤੋਂ ਪ੍ਰਭਾਵਿਤ ਹੈ। ਉਹ ਉਨ੍ਹਾਂ ਬਾਬਤ ਕਹਿੰਦਾ ਹੈ ਕਿ ਉਹ ਸਨ ਤਾਂ ਸਹੀ ਅਰਥਾਂ ਵਿਚ ਮਜ਼੍ਹਬੀ ਆਦਮੀ ਪਰ ਨਾਲ ਹੀ ਉਨ੍ਹਾਂ ਦੀ ਕਰਨੀ ਬਹੁ-ਪੱਖੀ ਹੈ ਅਤੇ ਉਨ੍ਹਾਂ ਵਰਗਾ ਦੂਜਾ ਮਿਲਣਾ ਮੁਸ਼ਕਿਲ ਹੈ।[6] ਇਕ ਹੋਰ ਥਾਂ ਉਨ੍ਹਾਂ ਦਾ ਸਥਾਨ ਸਥਾਪਤ ਕਰਦਾ ਉਹ ਕਹਿੰਦਾ ਹੈ ਕਿ ਨਿਰਸੰਦੇਹ ਗੁਰੂ ਗੋਬਿੰਦ ਸਿੰਘ ਲਾਜ਼ਮੀ ਸਭ ਜੁਗਾਂ ਦੇ ਮਹਾਨ ਤੋਂ ਮਹਾਨ ਹਿੰਦੁਸਤਾਨੀਆਂ ਵਿਚੋਂ ਗਿਣੇ ਜਾਣੇ ਚਾਹੀਦੇ ਹਨ।[7]

ਪਰ ਇਉਂ ਕਹਿ ਕੇ ਬੱਸ ਕਰ ਦੇਣਾ, ਗੁਰੂ ਸਾਹਿਬ ਨਾਲ ਇਨਸਾਫ਼ ਨਹੀਂ। ਵਿਅਕਤੀ ਤੇ ਸਮਾਜ ਦਾ ਆਪਸ ਵਿਚ ਰਿਸ਼ਤਾ ਚੂੰਕਿ ਡਾਇਲੈਕਟਿਕ ਹੈ, ਇਸ ਵਾਸਤੇ ਸਮਾਜਕ ਤੋਰ ਅਤੇ ਪੈਦਾ ਹੋ ਰਹੇ ਵਿਅਕਤੀਆਂ ਦਾ ਆਪਸ ਵਿਚ ਸੰਘਣਾ ਸੰਬੰਧ ਹੁੰਦਾ ਹੈ। ਕੋਈ ਵਿਅਕਤੀ ਓਨਾ ਹੀ ਵੱਡਾ ਹੁੰਦਾ ਹੈ, ਜਿੰਨੀ ਸਮਾਜਕ ਮਨੁੱਖੀ ਮੁਹਿੰਮ ਉਸ ਦੇ ਮੋਢਿਆਂ ਉਤੇ ਹੁੰਦੀ ਹੈ, ਜਿਸ ਦੇ ਹੱਲ ਦਾ ਉਹ ਮਨੁੱਖੀ ਸਰੂਪ ਹੁੰਦਾ ਹੈ। ਸੋ ਕਿਸੇ ਮਹਾਂ ਪੁਰਖ ਦੀ ਮਹਾਨਤਾ ਨੂੰ ਵੇਖਣ, ਉਸ ਦਾ ਸਹੀ ਅੰਦਾਜ਼ਾ ਲਾਉਣ ਵਾਸਤੇ, ਉਸ ਦੇ ਸਮਾਜ ਦੀ ਤੋਰ, ਉਸ ਤੋਰ ਵਿਚ ਜਿਸ ਰੁਖ਼ ਦੀ ਉਹ ਪ੍ਰਤੀਨਿਧਤਾ ਕਰਦਾ ਹੈ, ਉਸ ਨੂੰ ਵੇਖਣਾ ਵੀ ਲਾਜ਼ਮੀ ਹੈ।

ਸਮਾਜ ਦੋ ਕਿਸਮ ਦੀਆਂ ਚਾਲਾਂ ਨਾਲ ਚੱਲਦਾ ਹੈ। ਇਕ ਆਮ ਰੋਜ਼-ਬਰੋਜ਼ੀ ਹੁੰਦੀ ਹੈ। ਜਿਸ ਆਰਥਕ ਨਿਜ਼ਾਮ ਦਾ ਵੀ ਸਮਾਜ ਹੁੰਦਾ ਹੈ, ਉਹ ਆਪਣੀ ਚਾਲ ਰਿੜ੍ਹਿਆ ਜਾਂਦਾ ਹੈ, ਰੋਜ਼-ਬਰੋਜ਼ੀ ਮਸਲੇ ਖੜੇ ਕਰੀ ਜਾਂਦਾ ਹੈ। ਉਨ੍ਹਾਂ ਰੋਜ਼-ਬਰੋਜ਼ੀ ਮਸਲਿਆਂ ਨੂੰ ਹੱਲ ਕਰਨ ਜੋਗੇ ਆਮ ਆਦਮੀ ਪੈਦਾ ਹੁੰਦੇ ਜਾਂਦੇ ਹਨ। ਨਾ ਬੁਨਿਆਦੀ ਮਸਲੇ ਖੜੇ ਹੁੰਦੇ ਹਨ, ਨਾ ਮਹਾਨ ਵਿਅਕਤੀ ਪੈਦਾ ਹੁੰਦੇ ਹਨ। ਹਿੰਦੁਸਤਾਨ ਦੇ ਸਮਾਜ ਨੂੰ ਐਸੀ ਚਾਲੇ ਚਲਦਿਆਂ ਮੁੱਦਤਾਂ ਲੰਘ ਗਈਆਂ ਸਨ। ਨਾ ਅਮਲੀ ਤੌਰ 'ਤੇ ਇਨਸਾਨੀਅਤ ਦਾ ਮਸਲਾ ਖੜਾ ਹੋਇਆ, ਨਾ ਕਿਸੇ ਮਹਾਂ ਪੁਰਖ ਨੇ ਜਨਮ ਲਿਆ। ਇਕ ਏਸ਼ੀਆਈ ਆਰਥਕ ਸਮਾਜਕ ਫ਼ਾਰਮੇਸ਼ਨ ਟੁੱਟਦੀ, ਦੂਜੀ ਉਸ ਦੀ ਥਾਂ ਆ ਖੜੀ ਹੁੰਦੀ। ਪਰ ਸਮਾਜ ਹਮੇਸ਼ਾਂ ਇਕਸਾਰ ਹੀ ਨਹੀਂ ਚਲਦਾ। ਚੱਲਦਾ ਚੱਲਦਾ ਮੋੜ ਉਤੇ ਪਹੁੰਚ ਜਾਂਦਾ ਹੈ; ਇਕ ਗਹਿਰੇ ਸੰਕਟ ਵਿਚ ਪੈ ਜਾਂਦਾ ਹੈ। ਪ੍ਰਕਾਰਕ ਤਬਦੀਲੀ ਦੀ ਮੰਗ ਹੁੰਦੀ ਹੈ। ਉਸ ਵਕਤ ਸਮਾਜ ਰੋਜ਼-ਬਰੋਜ਼ੀ ਤੋਰ ਨੂੰ ਛੱਡ ਕੇ ਛਾਲ ਮਾਰਦਾ ਹੈ। ਇਨਕਲਾਬ ਆਉਂਦਾ ਹੈ। ਜਦੋਂ ਸਮਾਜ ਐਸੇ ਸੰਕਟ ਵਿਚੋਂ ਨਿਕਲਦਾ ਹੈ, ਕਿਸੇ ਜਮਾਤ, ਉਸ ਦੇ ਲੀਡਰ ਦੇ ਮੋਢਿਆਂ ਉਤੇ ਚੜ੍ਹ ਕੇ ਨਿਕਲਦਾ ਹੈ।



Digitized by Panjab Digital Library | www.panjabdigilib.org

ਸਮਾਜ ਦਾ ਹਰ ਕਦਮ ਉਸਾਰ ਦੇ ਵਿਚੋਲਪੁਣੇ ਨਾਲ ਚੁਕਿਆ ਜਾਂਦਾ ਹੈ। ਉਹ ਆਪਣੀ ਛਾਲ ਦੇ ਹਾਣ ਦੇ ਬੰਦੇ ਪੈਦਾ ਕਰਦਾ ਹੈ, ਜਿਹੜੇ ਉਸ ਨੂੰ ਉਹ ਛਾਲ ਮਰਵਾਉਂਦੇ ਹਨ। ਜੇ ਕਿਸੇ ਕਾਰਨ ਇਹ ਬੰਦੇ ਲੋੜੋਂ ਊਣੇ ਰਹਿ ਜਾਣ ਤਾਂ ਮੌਕਾ ਹਥੋਂ ਲੰਘ ਜਾਂਦਾ ਹੈ। ਛਾਲ ਵੱਜਣੋਂ ਰਹਿ ਜਾਂਦੀ ਹੈ। ਐਸੀ ਹਾਲਤ ਮਨੁੱਖੀ ਇਤਿਹਾਸ ਵਿਚ ਕਈ ਵੇਰ ਹੋਈ ਹੈ। ਇਨਕਲਾਬ ਆਪਣੇ ਆਪ ਨਹੀਂ ਆਉਂਦੇ; ਹਾਲਾਤ ਦੇ ਤਿਆਰ ਹੋਣ ਉਤੇ ਲਿਆਂਦੇ ਜਾਂਦੇ ਹਨ। ਆਉਂਦੇ ਆਉਂਦੇ, ਲੀਡਰਸ਼ਿਪ ਨੂੰ ਕਰੜੀ ਤੋਂ ਕਰੜੀ ਕੁਠਾਲੀ ਵਿਚ ਪਾਉਂਦੇ ਹਨ। ਜਦੋਂ ਸਮਾਜ ਨੇ ਐਸੇ ਗਹਿਰੇ ਸੰਕਟ ਵਿਚੋਂ ਨਿਕਲਣਾ ਹੁੰਦਾ ਹੈ, ਉਸ ਵਕਤ ਹੀ ਜ਼ਿੰਦਗੀ ਕਿਸੇ ਨੂੰ ਰੱਬ ਬਣਾਉਂਦੀ ਹੈ। ਸਮਾਜਕ ਉਸਾਰੀ ਦਾ ਕਾਨੂੰਨ, ਉਸ ਦੀ ਲੋੜ, ਲੋੜ ਦਾ ਹੱਲ ਮਨੁੱਖੀ ਰੂਪ ਧਾਰਦਾ ਹੈ। ਉਹ ਮਨੁੱਖ ਸਮਾਜਕ ਉਸਾਰੀ ਦੇ ਕਾਨੂੰਨ ਦੇ ਵਾਲ ਵਾਲ ਅਧੀਨ ਹੁੰਦਾ ਹੈ। ਅਧੀਨ ਹੁੰਦਾ ਹੋਇਆ, ਅਧੀਨ ਹੋਣ ਕਰ ਕੇ ਹੀ ਉਸ 'ਤੇ ਸਵਾਰੀ ਕਰਦਾ ਹੈ। ਉਸ ਦਾ ਸਰੂਪ ਬਣਦਾ ਹੈ। ਸਮਾਜਕ ਉਸਾਰੀ ਦਾ ਕਾਨੂੰਨ ਐਸੇ ਮਨੁੱਖ ਦੇ ਮੂੰਹੋਂ ਆਪ ਬੋਲਦਾ ਹੈ। ਉਹ ਮਨੁੱਖ ਜੋ ਬੋਲਦਾ ਹੈ ਜ਼ਿੰਦਗੀ ਦੀ ਆਪਣੀ ਆਵਾਜ਼ ਹੁੰਦੀ ਹੈ। ਸੱਚ ਹੁੰਦਾ ਹੈ। ਸੱਚ ਉਸ ਕੋਲ ਹੀ ਹੁੰਦਾ ਹੈ। ਜੋ ਸੋਚਦਾ ਹੈ ਉਹ ਸਮਾਜਕ ਸਥਿਤੀ ਸੋਚਵਾਉਂਦੀ ਹੈ। ਜੋ ਨਾਹਰਾ ਦੇਂਦਾ ਹੈ ਉਸ ਵਿਚ ਤਾਕਤ ਹੁੰਦੀ ਹੈ। ਉਹ ਜ਼ਿੰਦਗੀ ਦੀ ਚਾਲ ਨੂੰ ਪ੍ਰਗਟ ਕਰਦਾ ਹੈ। ਉਹ ਅਸਲੀਅਤ ਦੀ ਆਵਾਜ਼ ਤੇ ਹਰ ਸਵਾਲ ਦਾ ਜਵਾਬ ਹੁੰਦਾ ਹੈ। ਐਸਾ ਮਨੁੱਖ ਜੋ ਕਰਦਾ ਹੈ, ਉਹ ਜ਼ਿੰਦਗੀ ਦੀ ਤੋਰ ਦੀ ਤਾਕਤ ਕਰਾਉਂਦੀ ਹੈ। ਕਰਾਮਾਤ ਹੁੰਦੀ ਹੈ। ਐਸਾ ਮਨੁੱਖ ਮਹਾਨ ਹੁੰਦਾ ਹੈ। ਸਹੀ ਅਰਥਾਂ ਵਿਚ ਮਹਾਂ ਪੁਰਖ ਹੁੰਦਾ ਹੈ। ਆਪ ਖ਼ੁਦਾ ਹੁੰਦਾ ਹੈ। ਐਸਾ ਮਹਾਂ ਪੁਰਖ ਹਾਣ ਲਾਭ ਸੋਚ ਕੇ ਆਪਣੀ ਤਕਦੀਰ ਦੇ ਰਾਹ ਨਹੀਂ ਪੈਂਦਾ; ਉਹ ਤਕਦੀਰ ਦੇ ਰਾਹ ਪੈਣੋਂ ਰਹਿ ਨਹੀਂ ਸਕਦਾ। ਨਾ ਹੀ ਉਹ ਸੋਚਦਾ ਤੋਲਦਾ ਹੈ ਕਿ ਨਿਸ਼ਾਨੇ ਉਤੇ ਪਹੁੰਚਣ ਵਾਸਤੇ ਕੀ ਕੀਮਤ ਦੇਣੀ ਪਵੇਗੀ। ਉਸ ਜ਼ਿੰਦਗੀ ਦੇ ਕੇ ਆਪਣੇ ਪੜਾਅ ਉਤੇ ਪਹੁੰਚਣਾ ਹੁੰਦਾ ਹੈ। ਐਸੇ ਮਹਾਂ ਪੁਰਖ ਨੇ ਮੰਜ਼ਲਿ-ਮਕਸੂਦ ਉਤੇ ਪਹੁੰਚਣ ਵਾਸਤੇ ਜੂਝਦੇ ਹੀ ਜਾਣਾ ਹੁੰਦਾ ਹੈ। ਲੜਦਿਆਂ ਲੜਦਿਆਂ ਉਹ ਆਪ ਲਗ ਜਾਏ, ਕੋਈ ਹੋਰ ਲਗ ਜਾਏ, ਪਿਛਾਂਹ ਭੌਂ ਕੇ ਵੇਖਣਾ ਉਸ ਵਾਸਤੇ ਮੁਮਕਿਨ ਨਹੀਂ ਹੁੰਦਾ। ਕੀਮਤਾਂ ਦੇ ਸੌਦੇ ਕੀਤਿਆਂ ਨਾ ਇਸ਼ਕ ਨਿਭਦੇ ਹਨ, ਨਾ ਇਨਕਲਾਬ ਆਉਂਦੇ ਹਨ। **ਐਸਾ ਇਕ ਖ਼ੁਦਾ ਗੁਰੂ ਗੋਬਿੰਦ ਸਿੰਘ ਸੀ।**

---

1. "The following four verses of Govind Singh forming an invocation to the sword are among the finest of their kind to be met within any literature of the world"...(page 86,



Digitized by Panjab Digital Library | www.panjabdigilib.org

foot note. The lines referred to are in Vichitra Natak)

2. "By practice and association with the most eminent Hindi poets of the day he developed a class of war-like poetry, unknown in the Panjab before, which he turned to such a fresh account in rousing the dormant energies of the people." Dr.G.C.Narang.Transformation of Sikhism.page 78

3. "He assiduously learnt all they could teach him, and hereditary as the gift of poetry had been in his family, he developed a style of Hindi poetry which has remained unsurpassed since his times." (Ibid, p. 76-77)

4. "He chalked out for himself the lines on which he was to work, and his plan was formed with such a precision and completeness that not a tithe of the policy he had settled was abandoned or changed by him throughout his chequered and stormy career." (Ibid, p. 78)

5. "And enough, we think, has been said to establish fully the Guru's claim to be referred as builder *par excellence*. He brought a new people into being and released a new dynamic force into the arena of Indian history." Evolution of The Khalsa, Indubhushan Bannerjee. p. 159

6. "The Guru was thus, first and foremost, a man of religion, but he was also a man of many sided attainments of which it is difficult to find a parallel." (Ibid, p. 158)

7. "......it is undeniable that Guru Gobind Singh must be counted among the greatest of Indians of all ages."

(Ibid, p. 156)



Digitized by Panjab Digital Library | www.panjabdigilib.org

# ਗੁਰੂ ਗੋਬਿੰਦ ਸਿੰਘ ਦੀ ਕਰਨੀ–ਸਾਡਾ ਵਿਰਸਾ

ਅੰਗ੍ਰੇਜ਼ੀ ਸਾਮਰਾਜ ਦੇ ਇੱਥੇ ਆਉਣ ਤਕ, ਹਿੰਦੁਸਤਾਨੀ ਸਮਾਜ ਦੇ ਉਸਾਰੀ ਦੇ ਕਾਨੂੰਨ ਮੁਤਾਬਿਕ ਇੱਥੇ ਇਕ ਏਸ਼ੀਆਈ ਫਾਰਮੇਸ਼ਨ ਦਾ ਟੁੱਟਣਾ, ਅਤੇ ਉਸ ਦੀ ਥਾਂ ਦੂਜੀ ਏਸ਼ੀਆਈ ਫ਼ਾਰਮੇਸ਼ਨ ਦਾ ਸਥਾਪਿਤ ਹੋਣਾ ਹੀ ਲਾਜ਼ਮੀ ਅਮਰ ਸੀ। ਹਿੰਦੂ ਫ਼ਾਰਮੇਸ਼ਨ ਗਰਕੀ ਤੇ ਪਠਾਣੀ ਆਈ। ਉਹ ਬੈਠੀ ਤਾਂ ਮੁਗ਼ਲੀਆ ਕਾਇਮ ਹੋਈ। ਉਸਾਰੀ ਦੇ ਇਸ ਕਾਨੂੰਨ ਹੇਠ, ਐਸੀ ਤਬਦੀਲੀ ਵਿਚ ਲੋਕ-ਹਿੱਤ ਦਾ ਪੈਂਤੜਾ ਬਣਨਾ ਮੁਮਕਿਨ ਤਾਂ ਸੀ ਪਰ ਲਾਜ਼ਮੀ ਨਹੀਂ ਸੀ। ਪਦਾਰਥਕ ਹਾਲਾਤ ਸਮਾਜਵਾਦ ਵਾਸਤੇ ਤਿਆਰ ਨਹੀਂ ਸਨ ਕਿ ਲੋਕ-ਹਿੱਤ ਪੈਂਤੜਾ ਬਣਨਾ ਲਾਜ਼ਮੀ ਹੁੰਦਾ। ਸਮਾਜਕ ਉਸਾਰੀ ਦੇ ਕਾਨੂੰਨ ਮੁਤਾਬਿਕ, ਇਤਿਹਾਸਕ ਤੌਰ ਉਤੇ ਜੋ ਪੈਂਤੜਾ ਬਣਨਾ ਜ਼ਰੂਰੀ ਹੋਵੇ ਉਸ ਵਾਸਤੇ ਤਾਂ ਬੰਦਾ ਬਹੁੜਨਾ ਹੀ ਹੁੰਦਾ ਹੈ, ਚੰਗਾ ਮਾੜਾ, ਜਿਹੋ ਜਿਹਾ ਵੀ ਹੋਵੇ। ਪਰ ਇਨਸਾਨੀਅਤ ਦਾ ਪੈਂਤੜਾ ਬਣਨਾ ਚੂੰਕਿ ਲਾਜ਼ਮੀ ਨਹੀਂ ਸੀ, ਇਸ ਵਾਸਤੇ ਨਿਰੋਲ ਇਨਸਾਨੀਅਤ ਦੇ ਪੈਂਤੜੇ ਤੋਂ ਇਨਕਲਾਬੀ ਲੀਡਰ ਦਾ ਪੈਦਾ ਹੋਣਾ ਜ਼ਰੂਰੀ ਅਮਰ ਨਹੀਂ ਸੀ।

ਇਸ ਗੱਲ ਵੱਲ ਅਸਾਂ ਵਾਰ ਵਾਰ ਧਿਆਨ ਦਿਵਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਮਹਾਨ ਮਜ਼੍ਹਬਾਂ ਦੇ ਬਾਨੀਆਂ ਤੇ ਉਨ੍ਹਾਂ ਦੇ ਪਿੱਛੇ ਖਲੋਤੇ ਲੋਕਾਂ ਦੀ ਖ਼ਾਸ ਵਡਿਆਈ ਹੈ ਕਿ ਉਨ੍ਹਾਂ ਇਨਸਾਨੀਅਤ ਦਾ ਪੈਂਤੜਾ ਉਸ ਵਕਤ ਖੜਾ ਕੀਤਾ ਜਦੋਂ ਸਮਾਜਕ ਉਸਾਰੀ ਦੇ ਕਾਨੂੰਨ ਮੁਤਾਬਿਕ ਐਸਾ ਪੈਂਤੜਾ ਸੰਭਵ ਤਾਂ ਸੀ, ਪਰ ਲਾਜ਼ਮੀ ਨਹੀਂ ਸੀ। ਦੂਜੇ ਲਫ਼ਜ਼ਾਂ ਵਿਚ, ਵੇਲੇ ਦੇ ਲੋਕਾਂ ਦੀ ਮਹਾਨਤਾ ਤੋਂ ਇਲਾਵਾ, ਇਸ ਪੈਂਤੜੇ ਦਾ ਵਜੂਦ ਵਿਚ ਆਉਣਾ, ਇਸ ਸੰਭਾਵਨਾ ਦਾ ਅਸਲੀਅਤ ਬਣਨਾ ਲੀਡਰਸ਼ਿਪ ਤੇ ਉਸ ਦੀ ਪ੍ਰਤਿਭਾ ਦੀ ਦੇਣ ਸੀ। (ਸਮਾਜਕ ਉਸਾਰੀ ਦੇ ਕਾਨੂੰਨ ਦੀ ਮਜਬੂਰੀ ਦਾ ਸਿੱਟਾ ਨਹੀਂ ਸੀ।) ਇਹ ਪੈਂਤੜਾ ਨਾ ਖੜਾ ਹੁੰਦਾ, ਸਮਾਜ ਆਪਣੇ ਜਰਨੈਲੀ ਰਾਹ ਤੁਰਿਆ ਜਾਂਦਾ, ਸਮਾਜਕ ਉਸਾਰੀ ਦੇ ਕਾਨੂੰਨ ਦਾ ਕੁਝ ਨਹੀਂ ਸੀ ਵਿਗੜਦਾ। ਭਗਤਾਂ ਦੀ ਇਸ ਗੱਲ ਵਿਚ ਮਹਾਨਤਾ ਹੈ ਕਿ ਉਨ੍ਹਾਂ ਨੇ ਨਿਰੋਲ ਇਨਸਾਨੀਅਤ ਦਾ ਪੈਂਤੜਾ ਠੋਕ ਵਜਾ ਕੇ ਖੜਾ ਕੀਤਾ, ਪਰ ਸਿੱਖ ਲਹਿਰ ਤੇ ਉਸ ਦੀ ਲੀਡਰਸ਼ਿਪ ਦੀ ਉਸ ਤੋਂ ਵੀ ਜ਼ਿਆਦਾ ਮਹਾਨਤਾ ਹੈ। ਮੁਗ਼ਲੀਆ ਫ਼ਾਰਮੇਸ਼ਨ ਆਪਣੀ ਔਧ ਪੁਗਾ ਚੁੱਕੀ ਸੀ। ਸਮਾਜਕ ਉਸਾਰੀ ਦੇ ਕਾਨੂੰਨ ਨੂੰ ਉਸ ਤਰ੍ਹਾਂ ਦੀ ਹੀ ਇਕ ਹੋਰ ਫ਼ਾਰਮੇਸ਼ਨ ਚਾਹੀਦੀ



Digitized by Panjab Digital Library | www.panjabdigilib.org

ਸੀ। ਮਰਹਟਿਆਂ ਨੂੰ ਹਰਾ ਕੇ ਅਹਮਦ ਸ਼ਾਹ ਅਬਦਾਲੀ ਆਪਣਾ ਹੱਕ ਜਮਾਉਣ ਵਾਸਤੇ ਹਾਜ਼ਿਰ ਸੀ, ਅਤੇ ਉਸ ਤੋਂ ਮਗਰੋਂ ਬਰਤਾਨਵੀ ਸਾਮਰਾਜ ਮੂੰਹ ਪਾਉਣ ਨੂੰ ਉਡੀਕ ਰਿਹਾ ਸੀ। ਸਿੱਖ ਲਹਿਰ ਦਾ ਕਾਂਡ ਮੁਮਕਿਨ ਤਾਂ ਸੀ, ਪਰ ਲਾਜ਼ਮੀ ਨਹੀਂ ਸੀ। ਜੇ ਗੁਰੂ ਸਾਹਿਬ ਵੀ ਭਗਤਾਂ ਵਾਗ ਵਿਚਾਰਧਾਰਕ ਪੱਧਰ ਤੱਕ ਹੀ ਰਹਿ ਜਾਂਦੇ, ਤਾਂ ਗੁਰਬਾਣੀ ਮਹਾਨ ਸਾਹਿੱਤ ਤਾਂ ਹੁੰਦੀ, ਪਰ ਹਿੰਦੁਸਤਾਨ ਦੀ ਸਿਆਸੀ ਤਾਰੀਖ਼ ਨਾ ਬਣਦੀ। ਇਸ ਦਾ ਸਿਆਸੀ, ਇਨਕਲਾਬੀ ਤਾਰੀਖ਼ ਬਣਨਾ ਸਿੱਖ ਗੁਰੂ ਸਾਹਿਬਾਨ ਤੇ ਖ਼ਾਸ ਕਰ ਗੁਰੂ ਗੋਬਿੰਦ ਸਿੰਘ ਦੀ ਮਹਾਨਤਾ ਹੈ। ਇਹ ਅਜਿਹੀ ਮਹਾਨਤਾ ਹੈ ਜਿਸ ਨੂੰ ਸਮਾਜਕ ਉਸਾਰੀ ਦੇ ਕਾਨੂੰਨ ਦੀ ਮਜਬੂਰੀ ਦੀ ਪੁਸ਼ਟੀ ਨਹੀਂ ਸੀ।

ਹਿੰਦੁਸਤਾਨ ਦੀ ਤਾਰੀਖ ਤੇ ਸਭਿਅਤਾ ਵਿਚ ਸਿੱਖ ਲਹਿਰ ਦਾ ਪਾਇਆ ਫ਼ੌਜੀ ਤੇ ਹੰਢਵਾਂ ਹਿੱਸਾ ਗੁਰੂ ਗੋਬਿੰਦ ਸਿੰਘ ਦੀ ਦੇਣ ਹੈ। ਉਹ ਕੀ ਹੈ ? ਇਹ ਆਪਣੇ ਆਪ ਵਿਚ ਇਕ ਮਜ਼ਮੂਨ ਹੈ। ਮੁਸਲਮਾਨ ਫ਼ਿਊਡਲ ਦੀ ਹਿੰਦੂ ਰੂਪ ਉਤੇ ਇਸਲਾਮੀ ਰੂਪ ਦੀ ਪਾਈ ਦਹਿਸ਼ਤ ਖ਼ਾਲਸੇ ਦੀ ਕਰਨੀਂ ਨੇ ਖ਼ਤਮ ਕੀਤੀ। ਉਸ ਨੂੰ ਲੈਣੇ ਦੇ ਦੇਣੇ ਪੈ ਗਏ। ਪੰਜਾਬ ਵਿੱਚੋਂ ਮੁਗ਼ਲੀਆਂ ਰਾਜ ਖ਼ਤਮ ਹੋਇਆ ਅਤੇ ਅਬਦਾਲੀ ਦਾ ਸਥਾਪਿਤ ਹੋਣੋਂ ਅਸਮਰਥ ਰਿਹਾ। ਗੰਢਿਆਂ ਵਿੱਚੋਂ ਨਿਕਲੀ ਗੰਢੇਲ—ਰਣਜੀਤ ਸਿੰਘ ਦੀ ਫ਼ਿਊਡਲ ਫ਼ਾਰਮੇਸ਼ਨ, ਜਿਸ ਨੇ ਚਿਰਾਂ ਤੋਂ ਦਿੱਤੀ ਜਾ ਰਹੀ, ਅੰਦਰਲੇ ਤੇ ਬਾਹਰਲੇ ਮੁਸਲਮ ਫ਼ਿਊਡਲਾਂ ਦੀ ਭਾਜੀ ਮੋੜੀ। ਪੰਜਾਬ ਨੂੰ ਚਿਰਾਂ ਪਿੱਛੋਂ ਫੇਰ ਮੁੜ ਹਿੰਦੁਸਤਾਨ ਦੇ ਨਕਸ਼ੇ ਉਤੇ ਲਿਆਂਦਾ।ਮਿਸਲਾਂ ਵੇਲੇ ਤੱਕ ਸਿੱਖ ਲਹਿਰ ਗੁਰੂ ਗੋਬਿੰਦ ਸਿੰਘ ਦੇ ਪੈਂਤੜੇ ਤੋਂ ਖਿਸਕ ਚੁੱਕੀ ਸੀ ਅਤੇ ਰਣਜੀਤ ਸਿੰਘ ਦੀ ਸਟੇਟ ਭਰ ਫਿਊਡਲ ਸਟੇਟ ਸੀ। ਸਿੱਖ ਸਰਦਾਰ ਆਪਣੇ ਆਪ ਨੂੰ ਗੁਰੂ ਗੋਬਿੰਦ ਸਿੰਘ ਦੇ ਖ਼ਾਲਸੇ ਦੇ ਸ਼ੀਸ਼ੇ ਵਿਚ ਘੱਟ ਤੇ ਹਿੰਦੂ ਕਸ਼ੱਤਰੀਆਂ ਦੇ ਸ਼ੀਸ਼ੇ ਵਿਚ ਵੇਖਣਾ ਜ਼ਿਆਦਾ ਪਸੰਦ ਕਰਨ ਲੱਗ ਪਏ ਸਨ। ਸਿੱਖ ਫ਼ਿਊਡਲਾਂ ਨੇ ਨਾ ਸਿਰਫ਼ ਸਿੱਖੀ ਵਿਚ ਹੀ ਫ਼ਿਊਡਲ ਹਿੱਤ ਪਾ ਲਿਆ ਬਲਕਿ ਬਹੁਤ ਸਾਰਾ ਬ੍ਰਾਹਮਣੀ ਅਸਰ ਵੀ ਕਬੂਲ ਕਰ ਲਿਆ। ਅੱਜ ਕਲ ਦੇ ਸਿੱਖ ਸਮਾਜ ਵਿਚ ਸਭ ਜਮਾਤਾਂ ਹਨ ਅਤੇ ਸਭ ਜਮਾਤੀ ਹਿੱਤ ਅਤੇ ਉਨ੍ਹਾਂ ਦੀਆਂ ਖ਼ਾਸੀਅਤਾਂ ਚਲਦੀਆਂ ਹਨ। ਸਿੱਧਾਂਤਕ ਤੌਰ ਉਤੇ ਕੋਈ ਕੁਝ ਪਿਆ ਕਹੇ ਸਿੱਖ ਸਮਾਜ ਵਿਚ ਜਾਤ ਪਾਤ ਦੀ ਸੰਸਥਾ ਪ੍ਰਚਲਤ ਹੈ ਭਾਵੇਂ ਉਸ ਦਾ ਜ਼ੋਰ ਹਿੰਦੂ ਸਮਾਜ ਨਾਲੋਂ ਘੱਟ ਹੈ। ਜਿਹੜੀ ਵੱਸੋਂ ਇਕ ਵੇਰ ਇਨਕਲਾਬ ਵਿਚਦੀ ਲੰਘ ਜਾਵੇ, ਮੁੜ ਫੇਰ ਉਹ ਆਪਣੀ ਪਹਿਲੀ ਦਸ਼ਾ ਵਿਚ ਨਹੀਂ ਜਾ ਸਕਦੀ। ਇਨਕਲਾਬ ਦਾ ਅਨੁਭਵ ਬੜਾ ਗਹਿਰਾ ਅਨੁਭਵ ਹੁੰਦਾ ਹੈ। ਉਸ ਦਾ ਵੱਸੋਂ ਉਤੇ ਹੰਢਵਾਂ ਅਸਰ ਛੱਡ ਜਾਣਾ ਬੜੀ ਕੁਦਰਤੀ ਗੱਲ ਹੈ। ਸਭ ਤੋਂ ਗਹਿਰਾ ਅਸਰ ਤਾਂ ਉਸ ਦੀ ਆਪਣੀ ਯਾਦ ਹੁੰਦੀ ਹੈ, ਜੋ ਹਮੇਸ਼ਾ ਤਾਜ਼ੀ ਰਹਿੰਦੀ ਹੈ। ਮਜ਼ਬੂਤ ਪ੍ਰੇਰਨਾ ਹੁੰਦੀ ਹੈ ਜੋ ਬੜੀ ਛੇਤੀ ਜਗਾਈ ਜਾ ਸਕਦੀ ਹੈ। (ਫ਼ਰਾਂਸੀਸੀ



Digitized by Panjab Digital Library | www.panjabdigilib.org

ਇਨਕਲਾਬ ਫ਼ਰਾਂਸ ਦੇ ਪਿਛਾਂਹ-ਖਿਚੂ ਅਨਸਰਾਂ ਵਾਸਤੇ ਹਮੇਸ਼ਾਂ ਮਸਲਾ ਬਣਿਆ ਰਿਹਾ ਹੈ। ਉਸ ਦੀ ਪ੍ਰੇਰਨਾ ਤੇ ਉਸ ਦੇ ਅਸਰ ਨੂੰ ਲੋਕਾਂ ਦੇ ਦਿਲਾਂ ਵਿੱਚੋਂ ਜ਼ਾਇਲ ਕਰਨ ਵਾਸਤੇ, ਉਹਨਾਂ ਨੂੰ ਬੜੀ ਤਾਕਤ ਖ਼ਰਚਣੀ ਪੈਂਦੀ ਰਹੀ ਹੈ।) ਲੋਕਾਂ ਵਿਚ "ਅਸੀਂ ਕੀਤਾ ਸੀ, ਅਸੀਂ ਹੁਣ ਵੀ ਕਰ ਸਕਦੇ ਹਾਂ," ਦਾ ਮੂਡ ਆਉਣਾ ਬੜਾ ਸੰਭਵ ਹੁੰਦਾ ਹੈ ਅਤੇ ਪਿਛਾਂਹ-ਖਿਚੂਆਂ ਵਾਸਤੇ ਮੌਤ ਦੇ ਤੁੱਲ।

ਵੱਸੋਂ ਉਤੇ ਸਿੱਖ-ਲਹਿਰ ਦੇ ਹੰਢਵੇਂ ਅਸਰ ਬਾਬਤ ਉਂਗਲ ਰੱਖ ਕੇ ਗੱਲ ਕਰਨੀ ਗ਼ਲਤੀ ਹੈ, ਪਰ ਸੋਚ ਨੂੰ ਟੁੰਬਣ ਵਾਸਤੇ ਚੰਦ ਗੱਲਾਂ ਜ਼ਰੂਰ ਕਹੀਆਂ ਜਾ ਸਕਦੀਆਂ ਹਨ। ਸਿੱਖ ਵੱਸੋਂ ਵਿਚ ਗੁਰੂ ਗੋਬਿੰਦ ਸਿੰਘ ਵਾਸਤੇ ਜਜ਼ਬਾ ਬਹੁਤ ਗਹਿਰਾ ਹੈ, ਤਾਜ਼ਾ ਹੈ। ਸਿਆਸੀ ਘੋਲ ਵਿਚ ਜਿਸ ਪਾਸੇ ਇਹ ਵਗ ਜਾਏ, ਉਹ ਪਾਸਾ ਭਾਰਾ ਹੋ ਜਾਂਦਾ ਹੈ। ਜੋ ਲੀਡਰ ਵੀ ਕਿਸੇ ਮਨੋਰਥ ਵਾਸਤੇ ਇਸ ਜਜ਼ਬੇ ਨੂੰ ਜਗਾ ਲਵੇ, ਉਹ ਜੱਦੋ-ਜਹਿਦ ਵਿਚ ਮਾਰ ਨਹੀਂ ਖਾਂਦਾ। ਸਿੱਖ ਵੱਸੋਂ ਦਾ ਸਿਆਸੀ ਵਰਤਾਉ ਬਹੁਤ ਹਦ ਤਕ ਇਸ ਜਜ਼ਬੇ ਦੁਆਲੇ ਹੀ ਘੁੰਮਦਾ ਹੈ। ਘੱਟ ਤੋਂ ਘੱਟ ਉਸ ਦਾ ਸਵੈ-ਮਾਣ ਇਸ ਨਾਲ ਸੰਬੰਧਤ ਹੈ। ਮਜ਼ੁਬੀ ਰੂਪ ਵਿਚ ਆਏ ਇਨਕਲਾਬ ਦਾ ਸਿੱਧੇ ਸਿਆਸੀ ਰੂਪ ਵਾਲੇ ਇਨਕਲਾਬ ਨਾਲੋਂ ਇਹ ਫ਼ਰਕ ਹੁੰਦਾ ਹੈ ਕਿ ਉਸ ਦੇ ਰੂਪ ਵਿਚ ਵਿਰੋਧੀ-ਹਿੱਤ ਪੈਣਾ ਜ਼ਿਆਦਾ ਸੌਖਾ ਹੁੰਦਾ ਹੈ। ਸੋ ਗੁਰੂ ਸਾਹਿਬ ਵਾਸਤੇ ਜਜ਼ਬਾ ਹਮੇਸ਼ਾ ਗੁਰੂ ਸਾਹਿਬ ਦੇ ਪੈਂਤੜੇ, ਲੋਕ-ਹਿੱਤ ਵਾਸਤੇ ਹੀ ਨਹੀਂ ਵਰਤਿਆ ਗਿਆ। ਰਣਜੀਤ ਸਿੰਘ ਨੇ ਫ਼ਿਊਡਲ ਹਿੱਤ ਵਾਸਤੇ ਵਰਤਿਆ। ਚੰਦ ਸਾਲ ਹੋਏ ਇਹ ਘੋਰ ਵਹਿਸ਼ਤ (1947 ਦੇ ਫ਼ਸਾਦ) ਵਾਸਤੇ ਵਰਤਿਆ ਗਿਆ। ਪਤਾ ਨਹੀਂ ਉਸ ਵਕਤ ਦਾ ਜ਼ਖ਼ਮ ਗੁਰੂ ਸਾਹਿਬ ਦੀ ਆਤਮਾ ਨੇ ਸਹਾਰਿਆ ਕਿਸ ਤਰ੍ਹਾਂ ਹੋਵੇਗਾ! ਪਰ ਇਹ ਜਜ਼ਬਾ ਤੇ ਇਸ ਦੀ ਵਰਤੋਂ ਇਤਿਹਾਸ ਦਾ ਹੀ ਸਵਾਲ ਨਹੀਂ, ਸਮਕਾਲੀ ਸਿਆਸੀ ਸਵਾਲ ਵੀ ਹੈ। ਭਵਿੱਖ ਦੀ ਸਿਆਸਤ ਦਾ ਸਵਾਲ ਵੀ ਹੈ। ਬਣੇ ਪੰਜਾਬੀ ਸੂਬੇ ਤੇ ਉਸ ਦੇ ਬਣਦੇ ਜੁੱਸੇ ਦਾ ਸਵਾਲ ਵੀ ਹੈ।

ਪੰਜਾਬ ਦੀ ਵੱਸੋਂ ਦਾ ਹਿੰਦੂ ਤਬਕਾ ਬਹੁਤ ਹਦ ਤਕ ਹਿੰਦੂ ਬੁਰਜਵਾਜ਼ੀ ਦੇ ਮਗਰ ਹੈ। ਹਿੰਦੂ ਬੁਰਜਵਾਜ਼ੀ ਸ਼ਾਵੇਨਿਸਟ ਹੈ। ਸਵਾਲ ਹੈ ਕਿ **ਇਸ ਸਥਿਤੀ ਵਿਚ ਸਿੱਖੀ ਦਾ ਜਜ਼ਬਾ ਕਿਹੜਾ ਹਿੱਤ ਵਰਤਦਾ ਹੈ—ਸਿੱਖ ਸਰਮਾਏਦਾਰੀ ਦਾ ਕਿ ਲੋਕ-ਹਿੱਤ ਦਾ?** ਦੂਜੇ ਲਫ਼ਜ਼ਾਂ ਵਿਚ, **ਸਿੱਖੀ ਦਾ ਨਾਇਕ ਤੇ ਸਿਖਰ ਗੁਰੂ ਗੋਬਿੰਦ ਸਿੰਘ ਤੇ ਉਸ ਦਾ ਲੋਕ-ਹਿੱਤ ਸਮਝਿਆ ਜਾਂਦਾ ਹੈ ਜਾਂ ਰਣਜੀਤ ਸਿੰਘ ਤੇ ਉਸ ਦੀ ਸਟੇਟ?** ਇਹ ਨਿਖੇੜ ਵਿਚਾਰਧਾਰਕ ਮਸਲਾ ਹੈ, ਸਾਹਿਤਕ ਮਸਲਾ ਹੈ ਅਤੇ ਅਮਲੀ ਸਿਆਸਤ ਦਾ ਮਸਲਾ ਹੈ। ਹੁਣ ਤਕ ਸਿੱਖੀ ਦਾ ਜਜ਼ਬਾ ਸਿੱਖ ਸਰਮਾਏਦਾਰੀ ਵਰਤਦੀ ਰਹੀ ਹੈ, ਪਰ ਕੋਈ ਵਜਹ ਨਹੀਂ ਕਿ ਲੋਕਾਂ ਦਾ ਗੁਰੂ ਗੋਬਿੰਦ ਸਿੰਘ ਵਾਸਤੇ



Digitized by Panjab Digital Library | www.panjabdigilib.org

ਜਜ਼ਬਾ ਲੋਕ-ਹਿਤ ਵਾਸਤੇ ਨਾ ਵਰਤਿਆ ਜਾਵੇ। ਇਹ ਕੋਈ ਮੌਸਮੀ,ਸਤਹੀ ਮਸਲਾ ਨਹੀਂ। ਤਕਰੀਬਨ ਓਨਾ ਹੀ ਅਹਿਮ ਮਸਲਾ ਹੈ ਜਿੰਨਾਂ ਇਹ ਕਿ ਨੈਸ਼ਨੈਲਿਟੀ ਦਾ ਜਜ਼ਬਾ ਬੁਰਜਵਾਜ਼ੀ ਵਰਤਦੀ ਹੈ ਕਿ ਲੋਕ-ਹਿੱਤ। ਸਿੱਖ ਲਹਿਰ ਨੇ ਲੋਕ-ਹਿੱਤ ਦੀ ਬਿਨਾ ਉਤੇ ਰਾਸ਼ਟ੍ਰੀ ਮਸਲਾ ਖੜਾ ਕੀਤਾ ਸੀ। ਗੁਰੂ ਗੋਬਿੰਦ ਸਿੰਘ ਨੇ ਉਸੇ ਪੈਂਤੜੇ ਤੋਂ ਫ਼ਿਊਡਲਾਂ ਦੇ ਵਿਰੁੱਧ ਇਨਕਲਾਬ ਨੂੰ ਪਾਲ ਕੇ ਬਾਲਿਗ਼ ਕੀਤਾ ਸੀ। ਹੁਣ ਕੀ ਵਜਹ ਹੈ ਕਿ **ਲੋਕਾਂ ਦਾ ਗੁਰੂ ਸਾਹਿਬ ਵਾਸਤੇ ਜਜ਼ਬਾ ਲੋਕ-ਹਿੱਤ ਦੇ ਪੈਂਤੜੇ ਤੋਂ ਰਾਸ਼ਟਰੀ ਉਸਾਰੀ ਤੇ ਅੰਤਰ-ਰਾਸ਼ਟਰੀ ਬਰਾਬਰੀ ਤੇ ਏਕਤਾ ਵਾਸਤੇ ਵਰਤਿਆ ਨਹੀਂ ਜਾ ਸਕਦਾ ?** ਸਵਾਲ ਸੱਚ ਤੇ ਗੁਰੂ ਸਾਹਿਬ ਨਾਲ ਇਨਸਾਫ਼ ਕਰਨ ਦਾ ਹੈ, ਉਨ੍ਹਾਂ ਦਾ ਲੋਕ-ਹਿੱਤ ਦਾ ਪੈਂਤੜਾ ਲੋਕਾਂ ਤਕ ਪਹੁੰਚਾਉਣ ਦਾ, ਸੱਚ ਦਾ ਅਹਿਸਾਸ ਕਰਾਉਣ ਦਾ ਹੈ। ਲੋਕ-ਹਿੱਤ ਦਾ ਇਸ ਮਸਲੇ ਬਾਬਤ ਅਵੇਸਲਿਆਂ ਰਹਿਣਾ ਇਕ ਮਹਾਨ ਤਾਕਤ ਦੇ ਸੋਮੇਂ ਨੂੰ ਮੁਖ਼ਾਲਿਫ਼ਾਂ ਦੇ ਹੱਥ ਦੇਈ ਰੱਖਣਾ ਹੈ। ਅਮਲੀ ਤੌਰ ਉਤੇ ਇਸ ਬਾਬਤ ਕੁਝ ਵੀ ਹੋਵੇ, ਸਿੱਖ ਇਨਕਲਾਬ ਦਾ ਸਭ ਤੋਂ ਗਹਿਰਾ, ਹੰਢਵਾਂ ਅਸਰ ਲੋਕਾਂ ਦਾ ਗੁਰੂ ਸਾਹਿਬ ਵਾਸਤੇ ਜਜ਼ਬਾ ਹੈ।

ਗੁਰੂ ਗੋਬਿੰਦ ਸਿੰਘ ਨੇ ਸਿੱਖੀ ਦੀ ਵਸਤੂ, ਲੋਕ-ਹਿੱਤ, ਨੂੰ ਨਵਾਂ ਰੂਪ ਦਿੱਤਾ। ਖ਼ਾਲਸਾ ਸਾਜਿਆ। ਰੂਪ ਆਮ ਤੌਰ ਉਤੇ ਵਸਤੂ ਦੇ ਮਗਰ ਜਾਂਦਾ ਹੈ। ਪਰ ਰੂਪ ਵਸਤੂ 'ਤੇ ਮੋੜਵਾਂ ਅਸਰ ਵੀ ਪਾਉਂਦਾ ਹੈ, ਅਤੇ ਕਈ ਹਾਲਤਾਂ ਵਿਚ ਗਹਿਰਾ ਪਾਉਂਦਾ ਹੈ। ਜਦੋਂ ਰਣਜੀਤ ਸਿੰਘ ਦੇ ਜ਼ਮਾਨੇ ਵਿਚ ਸਿੱਖੀ ਦੀ ਵਸਤੂ ਵਿਗਾੜੀ ਗਈ, ਸਿੱਖੀ ਦੇ ਰੂਪ ਨੂੰ ਹੱਥ ਪਾਉਣ ਦਾ ਕਿਸੇ ਦਾ ਹੌਸਲਾ ਨਹੀਂ ਸੀ। ਰੂਪ ਸਾਹਮਣੇ ਦਿਸਦੀ ਸ਼ਕਲ ਸੀ। ਗੁਰੂ ਸਾਹਿਬ ਵਾਸਤੇ ਲੋਕਾਂ ਦਾ ਜਜ਼ਬਾ ਐਨਾ ਗਹਿਰਾ ਸੀ ਕਿ ਉਸ ਨੂੰ ਠੇਸ ਲਾਉਣ ਦੀ ਕਿਸੇ ਦੀ ਹਸਤੀ ਨਹੀਂ ਸੀ। ਸੋ ਫ਼ਿਊਡਲ ਅਸਰ ਦਾ ਮਨੋਰਥ ਸਿੱਖੀ ਦੀ ਵਸਤੂ ਨੂੰ ਵਿਗਾੜ ਕੇ ਨਹੀਂ, ਉਸ ਦੇ ਰੂਪ ਨੂੰ ਕਾਇਮ ਰੱਖ ਕੇ, ਉਸ ਦੇ ਸਗੋਂ ਰਾਖੇ ਬਣ ਕੇ, ਸਿੱਖੀ ਦੇ ਜਜ਼ਬੇ ਨੂੰ ਆਪਣੇ ਹਿੱਤ ਵਾਸਤੇ ਵਰਤਣ ਦਾ ਬਣਿਆ। ਜੇ ਗੁਰੂ ਗੋਬਿੰਦ ਸਿੰਘ ਨੇ ਸਿੱਖੀ ਦੀ ਵਸਤੂ ਨੂੰ ਆਪਣਾ ਰੂਪ ਨਾ ਦਿੱਤਾ ਹੁੰਦਾ, ਜੇ ਖ਼ਾਲਸੇ ਦੀ ਸਮੂਲਚੀ ਜ਼ਿੰਦਗੀ ਦੇ ਵਿਕਾਸ ਦਾ ਸੱਚਾ, ਜਿਸ ਦੀ ਕਿ ਵਿਸਥਾਰ-ਭਰੀ ਵਿਆਖਿਆ ਹੋ ਚੁੱਕੀ ਹੈ, ਨਾ ਘੜਿਆ ਜਾ ਚੁੱਕਾ ਹੁੰਦਾ ਤਾਂ ਬ੍ਰਾਹਮਣ ਗੁਰੂ ਸਾਹਿਬਾਨ ਨੂੰ ਵੀ ਅਵਤਾਰ ਆਦਿ ਬਣਾ ਕੇ ਨਿਗਲ ਜਾਂਦੇ। ਸਿੱਖ ਵੀ ਕਬੀਰ-ਪੰਥੀਆਂ ਵਾਂਗ ਮੁੜ ਹਿੰਦੂ ਹਜੂਮ ਵਿਚ ਰਲ ਜਾਂਦੇ।

ਇਸ ਦੌਰ ਵਿਚ ਗੁਰੂ ਗੋਬਿੰਦ ਸਿੰਘ ਦੇ ਦਿੱਤੇ ਖ਼ਾਲਸੇ ਦੇ ਰੂਪ ਨੇ ਸਿੱਖੀ ਨੂੰ ਬਚਾਇਆ ਹੈ। ਇੱਥੇ ਰੂਪ ਦਾ ਰੋਲ ਅਹਿਮ ਸਾਬਿਤ ਹੋਇਆ ਹੈ। ਇਸ ਨੇ ਇਹ ਸੰਭਾਵਨਾ ਕਾਇਮ ਰੱਖੀ ਹੈ ਕਿ ਹੁਣ ਭਾਵੇਂ ਇਸ ਵਿਚ ਫ਼ਿਊਡਲ/ਸਰਮਾਏਦਾਰੀ ਦੀ



Digitized by Panjab Digital Library | www.panjabdigilib.org

ਵਸਤੂ ਪਈ ਹੋਈ ਹੈ, ਪਰ ਇਸ ਵਿਚ ਲੋਕ-ਹਿੱਤ ਦੀ ਵਸਤੂ ਫਿਰ ਸੁਰਜੀਤ ਹੋ ਸਕਦੀ ਹੈ ਅਤੇ ਹੋਵੇਗੀ। ਖ਼ਾਲਸੇ ਦੇ ਰੂਪ ਦੇ ਕਾਰਨ, ਬਾਵਜੂਦ ਜਾਤ ਪਾਤ ਦੀ ਸੰਸਥਾ ਦੇ, ਫਿਊਡਲ ਹਿੱਤ ਦੇ ਆ ਵੜਨ ਦੇ, ਸਿੱਖ ਸਮਾਜ ਵਿਚ ਬ੍ਰਾਹਮਣੀ ਨਾਸੂਰ ਦੀਆਂ ਜੜ੍ਹਾਂ ਨਹੀਂ ਲੱਗੀਆਂ। ਸਰਮਾਏਦਾਰੀ ਦੇ ਆਉਣ ਨਾਲ ਸਿੱਖ ਸਮਾਜ ਦੀ ਹਿੰਦੂ ਸਮਾਜ ਨਾਲੋਂ ਨਿਵੇਕਲੀ ਹੋਂਦ ਲਾਜ਼ਮੀ ਸੀ। ਸੋ ਹੁਣ ਇਸ ਨਾਸੂਰ ਦੇ ਸਿੱਖ ਸਮਾਜ ਵਿਚ ਆਉਣ ਦੀ ਬਿਲਕੁਲ ਕੋਈ ਸੰਭਾਵਨਾ ਨਹੀਂ ਰਹੀ। ਇਹ ਬਹੁਤ ਵੱਡਾ ਬਚਾ ਹੋਇਆ ਹੈ ਅਤੇ ਇਹ ਇਸ ਦੇ ਰੂਪ ਨੇ ਕੀਤਾ ਹੈ। ਇਸ ਤੋਂ ਇਹ ਵੀ ਸਪਸ਼ਟ ਹੋ ਜਾਂਦਾ ਹੈ ਕਿ ਗੁਰੂ ਸਾਹਿਬ ਨੇ ਬ੍ਰਾਹਮਣੀ ਨਾਸੂਰ ਨੂੰ ਸਮਾਜ ਵਿੱਚੋਂ ਖ਼ਤਮ ਕਰਨ ਵਾਸਤੇ ਕਿੰਨਾ ਪੱਕਾ ਬੰਦੋਬਸਤ ਕੀਤਾ ਸੀ। ਜੇ ਬ੍ਰਾਹਮਣਵਾਦ ਦਾ ਨਾਸੂਰ ਮੁੜ ਸਿੱਖੀ ਵਿਚ ਆ ਵੜਦਾ ਤਾਂ ਪੁਰਾਣਾਂ ਦੇ ਜਿਸ ਮਕੜੀ-ਜਾਲ* ਅਤੇ ਉਸ ਤੋਂ ਉਪਜਦੇ ਵਹਿਮਾ ਭਰਮਾਂ ਤੇ ਉਨ੍ਹਾਂ ਦੀ ਰੂੜੀਵਾਦੀ, ਪ੍ਰਤਿਗਾਮੀ, ਮਾਨਸਿਕ, ਸਦਾਚਾਰਕ ਬੋਝ ਨੂੰ ਸਿੱਖੀ ਨੇ ਮਨੁੱਖੀ ਮਨ ਤੋਂ ਉਤਾਰ ਕੇ ਉਸ ਦੀ ਬੰਦ-ਖ਼ਲਾਸ ਕਰਾਈ ਸੀ, ਉਹ ਮੁੜ ਫੇਰ ਆ ਪੈਂਦਾ। ਮਨੁੱਖ ਦੀ, ਇਸ ਮਕੜੀ-ਜਾਲ ਤੋਂ ਮਾਨਸਿਕ, ਮਨੋਵੇਗਿਕ ਬੰਦ-ਖ਼ਲਾਸ, ਸਿੱਖ ਇਨਕਲਾਬ ਦੀ ਹੰਢਵੀਂ ਦੇਣ ਹੈ। ਸਿੱਖ ਸਮਾਜ ਵਿਚ ਇਸ ਮਾਨਸਿਕ ਮੁਰਦੇਹਾਣ ਦਾ ਨਾ ਹੋਣਾ ਬਹੁਤ ਵੱਡਾ ਗੁਣ ਹੈ। ਹਿੰਦੂ ਸਮਾਜ ਨੂੰ ਇਸ ਮਕੜੀ-ਜਾਲ ਨੇ ਆਪਣੇ ਕਿਸਮ ਦੇ ਹੋਰ ਸਮਾਜਾਂ ਨਾਲੋਂ ਪ੍ਰਕਾਰਕ ਤੌਰ ਉਤੇ ਕੁਰੱਖ਼ਤ, ਨਿਰਦਈ, ਪਿਛਾਂਹ-ਖਿਚੂ ਬਣਾਈ ਰੱਖਿਆ ਹੈ। ਜਿਸ ਤਰ੍ਹਾਂ ਜਮਾਤਾਂ ਤਾਂ ਹਰ ਜਮਾਤੀ ਸਮਾਜ ਵਿਚ ਹੁੰਦੀਆਂ ਹਨ, ਪਰ ਹਿੰਦੂ ਸਮਾਜ ਵਿਚ ਜਾਤ-ਪਾਤ ਦੀ ਸੰਸਥਾ ਹੈ ਤਾਂ ਜਮਾਤੀ ਅੰਗ ਦਾ ਰੂਪ, ਪਰ ਉਹ ਪਿਛਾਂਹ-ਖਿਚੂ ਹੁੰਦੀ ਹੋਈ ਉਸ ਨਾਲੋਂ ਪ੍ਰਕਾਰਕ ਤੌਰ ਉਤੇ ਜ਼ਿਆਦਾ ਪਿਛਾਂਹ-ਖਿਚੂ ਹੈ। ਇਸ ਤਰ੍ਹਾਂ ਹੀ ਸਰਮਾਇਆ ਇੱਕਠਾ ਹੋਣ ਦੀ ਸਟੇਜ ਵਿਚ ਸੂਦ-ਖ਼ੋਰੀ ਅਤੇ ਉਸ ਤੋਂ ਮਗਰੋਂ ਮੁਨਾਫ਼ਾ-ਖ਼ੋਰੀ ਹਰ ਸਰਮਾਏਦਾਰੀ ਨਿਜ਼ਾਮ ਦਾ ਖ਼ਾਸਾ ਹਨ, ਪਰ ਹਿੰਦੂ ਸਮਾਜ ਦਾ ਬਾਣੀਆਂ, ਬਾਣੀਆਂ ਹੁੰਦਾ ਹੋਇਆ ਵੀ ਪ੍ਰਕਾਰਕ ਤੌਰ ਉਤੇ ਵੱਖਰਾ ਹੈ; ਆਪਣੀ ਕਿਸਮ ਨਾਲੋਂ ਪ੍ਰਕਾਰਕ ਤੌਰ ਉਤੇ ਜ਼ਿਆਦਾ ਲਹੂ-ਚੂਸ ਹੈ। ਇਸ ਔਗਣ ਨੂੰ ਸਮੋਣ ਵਾਸਤੇ, ਜਮਾਤੀ ਆਚਰਣ ਵਿਚ ਆਪਣੇ ਹਿੱਤ ਦੀ ਰਾਖੀ ਵਾਸਤੇ ਵੀ ਮੈਦਾਨਿ-ਜੰਗ ਵਿਚ ਜਾਣ ਦੀ ਦਲੇਰੀ, ਜ਼ਾਤੀ ਕੀਮਤ ਦੇਣ ਦਾ ਜਿਗਰਾ ਜਾਂ ਮਰਦਾਨਗੀ ਦਾ ਕੋਈ ਗੁਣ ਇਸ ਵਿਚ ਹੈ ਹੀ ਨਹੀਂ। ਉਹ ਪੈਸੇ ਦੀ ਲਾਲਸਾ ਦਾ ਹੀ ਪੁਤਲਾ ਹੈ। ਅਸਲ ਵਿਚ ਬ੍ਰਾਹਮਣਪੁਣਾ ਤੇ ਬਣੀਆਪੁਣਾ ਹਿੰਦੂ ਸਮਾਜ ਦੇ ਦੋ ਨਾਸੂਰ ਹਨ। ਹਿੰਦੁਸਤਾਨੀ ਸਮਾਜ ਦਾ ਆਪਣੀ ਕਿਸਮ ਦੇ ਸਮਾਜਾਂ ਨਾਲੋਂ ਪ੍ਰਕਾਰਕ ਤੌਰ ਉਤੇ ਜ਼ਿਆਦਾ ਤੇ ਵਖਰਾ ਇਹ ਪਿਛਾਂਹ-ਖਿਚੂ ਅੰਗ ਇਸ ਦੀ ਕਮਜ਼ੋਰੀ ਤੇ ਪਿਛਾਂਹ ਰਹਿਣ ਦਾ ਸਹੀ ਕਾਰਨ ਹਨ। ਇਸ ਦੀ ਸਮਝ ਤੇ ਇਸ ਦੇ ਇਲਾਜ ਤੋਂ ਬਗ਼ੈਰ ਨਾ



Digitized by Panjab Digital Library | www.panjabdigilib.org

ਇਸ ਵਿਚ ਪੈਦਾ ਹੋਏ ਇਨਸਾਨੀਅਤ ਦੇ ਪੈਂਤੜੇ ਵਾਲਿਆਂ ਦੀ ਮਹਾਨਤਾ ਦਾ ਸਹੀ ਮੁੱਲ ਪੈ ਸਕਦਾ ਹੈ ਅਤੇ ਨਾ ਹੀ ਇਸ ਦੀ ਤਰੱਕੀ ਜਿੰਨੀ ਹੋਣੀ ਚਾਹੀਦੀ ਹੈ, ਉਹ ਹੋ ਸਕਦੀ ਹੈ।

ਇਸ ਮਕੜੀ-ਜਾਲ ਦੀਆਂ ਰੋਕਾਂ, ਰੁਕਾਵਟਾਂ ਤੇ ਮਨਾਹੀਆਂ ਦਾ ਨਾ ਹੋਣਾ ਅਗਾਂਹ-ਵਧੂ ਮਾਨਸਿਕ ਬਣਤਰ ਦੀ ਭੋਂ ਹੈ। ਕੁਝ ਇਸ ਵਾਸਤੇ ਹੀ ਸਿੱਖ ਵਸੋਂ ਨਵੀਂ ਰਾਹੀਂ ਤੁਰਨ, ਆਜ਼ਾਦੀ ਦੇ ਨਜ਼ਰੀਏ ਤੇ ਨਵੇਂ ਖ਼ਿਆਲਾਂ ਨੂੰ ਅਪਣਾਉਣ ਤੇ ਉਨ੍ਹਾਂ ਵਾਸਤੇ ਕੁਰਬਾਨੀ ਦਾ ਜਿਗਰਾ ਸਹਿਜੇ ਹੀ ਕੱਢ ਲੈਂਦੀ ਹੈ। ਆਜ਼ਾਦੀ ਦੀ ਹਰ ਕਿਸਮ ਦੀ ਜਦੋ-ਜਹਿਦ ਤੇ ਮੁਲਕ ਦੀ ਰਾਖੀ ਵਿਚ ਸਿੱਖ ਵਸੋਂ ਨੇ ਆਪਣੀ ਗਿਣਤੀ ਨਾਲੋਂ ਕਿਤੇ ਜ਼ਿਆਦਾ, ਵਧ ਚੜ੍ਹ ਕੇ ਹਿੱਸਾ ਪਾਇਆ ਹੈ। ਸਿੱਖ ਕਿਸਾਨ ਤੇ ਸਿੱਖ ਬੁਧੀਮਾਨ ਨੇ ਸਮਾਜਵਾਦੀ ਖ਼ਿਆਲਾਂ ਨੂੰ ਹੋਰਨਾਂ ਦੇ ਮੁਕਾਬਲੇ ਉੱਤੇ ਛੇਤੀ ਜਜ਼ਬ ਕੀਤਾ ਹੈ। ਇਹ ਵੀ ਕਿਹਾ ਜਾ ਸਕਦਾ ਹੈ ਕਿ ਸਿੱਖਾਂ ਦਾ, ਜਿਸ ਪਾਸੇ ਰਾਹ ਲੱਭੇ ਦੁਨੀਆਂ ਦੀ ਚੌਕੁੰਟੀ ਫਿਰ ਨਿਕਲਣਾ ਇਸ ਮਾਨਸਿਕ ਨਿਜਾਤ ਦਾ ਹੀ ਸਿੱਟਾ ਹੈ। ਖ਼ਤਰਾ ਮੁੱਲ ਲੈਣਾ ਤਾਂ ਇਨਕਲਾਬ ਦੇ ਪੇਟੋਂ ਹੀ ਪਿਆ ਹੁੰਦਾ ਹੈ। ਜ਼ਮੀਨ ਫੋਲਣ ਵਿਚ ਹੁਸ਼ਿਆਰੀ, ਮਸ਼ੀਨ ਉੱਤੇ ਉਸਤਾਦੀ, ਜੰਗ ਦੇ ਮੈਦਾਨ ਵਿਚ ਬਹਾਦਰੀ — ਇਸ ਮਾਨਸਿਕ ਬਣਤਰ ਨੂੰ ਜਿਵੇਂ ਆਪਣੇ ਆਪ ਹੀ ਸੂਤ ਬੈਠਦੇ ਹੋਣ। ਇਸ ਤੋਂ ਇਲਾਵਾ ਪੰਜਾਬ ਵਿਚ ਮਾਲਕ ਕਿਸਾਨ ਦੀ ਸੰਸਥਾ ਬਹੁਤ ਹਦ ਤਕ ਸਿੱਖ ਇਨਕਲਾਬ ਦੀ ਦੇਣ ਹੈ।

ਇਸ ਦੇ ਨਾਲ ਲਗਵੀਂ ਇਕ ਹੋਰ ਗੱਲ ਹੈ ਜੋ ਸਿੱਖ ਲਹਿਰ ਦੇ ਤਕਰੀਬਨ ਹਰ ਇਤਿਹਾਸਕਾਰ ਨੇ ਸ਼ਲਾਘਾ ਨਾਲ ਨੋਟ ਕੀਤੀ ਹੈ ਅਤੇ ਉਹ ਹੈ ਹਰੀਜਨਾਂ ਉੱਤੇ ਅਸਰ। ਗੁਰੂ ਸਾਹਿਬ ਦਾ ਤਾਂ ਪੈਂਤੜਾ ਹੀ ਇਨਸਾਨੀਅਤ ਦਾ ਸੀ। ਰੰਘਰੇਟੇ ਉਨ੍ਹਾਂ ਦੇ ਬੇਟੇ ਤਾਂ ਹੋਣੇ ਹੀ ਸਨ। ਖ਼ਾਲਸੇ ਦੀ ਫ਼ੌਜ ਵਿਚ ਉਨ੍ਹਾਂ ਦਾ ਜਰਨੈਲ ਬਣਨਾ ਜਾਂ ਉੱਚੀ ਤੇ ਜ਼ਿੰਮੇਵਾਰੀ ਦੀ ਪੁਜ਼ੀਸ਼ਨ ਉੱਤੇ ਪਹੁੰਚਣਾ ਸੁਭਾਵਿਕ ਸੀ। ਜਦੋਂ ਸਿੱਖ ਲਹਿਰ ਲੋਕ-ਹਿੱਤ ਦੇ ਪੈਂਤੜੇ ਤੋਂ ਉਤਰ ਗਈ, ਫਿਊਡਲਾਂ ਦੇ ਢਹੇ ਚੜ੍ਹ ਗਈ, ਸਭ ਨਾਲੋਂ ਜ਼ਿਆਦਾ ਨੁਕਸਾਨ ਹਰੀਜਨ ਨੂੰ ਹੋਇਆ। ਰੂਪ ਤਾਂ ਖ਼ਾਲਸੇ ਦਾ ਇਨ੍ਹਾਂ ਕੋਲ ਵੀ ਰਿਹਾ, ਪਰ ਸਮਾਜਕ ਪੁਜ਼ੀਸ਼ਨ ਫਿਰ ਸਭ ਤੋਂ ਨੀਵੀਂ ਹੋ ਗਈ। ਹਰੀਜਨ ਪਿੰਡਾਂ ਵਿਚ ਜੱਟਾਂ ਦੇ ਕਾਮੇ ਤੇ ਵਗਾਰੀ ਬਣ ਗਏ। ਬਾਵਜੂਦ ਇਸ ਗਿਰਾਵਟ ਦੇ ਇਨ੍ਹਾਂ ਵਿਚੋਂ ਜੰਗ ਵਿਚ ਦਲੇਰੀ ਤੇ ਹਥਿਆਰ ਦੀ ਵਰਤੋਂ ਦੀ ਜਾਚ ਨਹੀਂ ਗਈ। ਅੱਜ ਤਕ ਫ਼ੌਜ ਵਿਚ ਮਜ਼੍ਹਬੀ ਸਿੰਘ ਮੌਜੂਦ ਹਨ ਅਤੇ ਬਾਇਤਬਾਰ ਸਿਪਾਹੀ ਸਾਬਿਤ ਹੁੰਦੇ ਆ ਰਹੇ ਹਨ।

ਇੱਕੜ ਦੁੱਕੜ ਗੱਲਾਂ ਕੀਤਿਆਂ ਗੁਰੂ ਗੋਬਿੰਦ ਸਿੰਘ ਦੀ ਸ਼ਖ਼ਸੀਅਤ ਦੀ ਅਸਲੀਅਤ ਜ਼ਾਹਿਰ ਨਹੀਂ ਹੁੰਦੀ। ਇਸ ਨੂੰ ਸਮਝਣ ਵਾਸਤੇ ਪੈਂਤੜਾ ਤੇ ਪਰਸਪੈਕਟਿਵ ਲਾਜ਼ਮੀ ਹਨ। ਹਿੰਦੁਸਤਾਨ ਦੇ ਜਮਾਤੀ ਸਮਾਜ ਦੀ ਤਾਰੀਖ਼ ਵਿਚ, ਸਮਾਜਵਾਦੀ ਤਹਿਰੀਕ ਤੋਂ



Digitized by Panjab Digital Library | www.panjabdigilib.org

ਪਹਿਲਾਂ ਨਿਰੋਲ ਇਨਸਾਨੀਅਤ ਦਾ ਪੈਂਤੜਾ ਇਕੋ ਵੇਰ ਹੀ ਖੜਾ ਹੋਇਆ ਹੈ, ਅਤੇ ਉਹ ਕਬੀਰ ਵਰਗੇ ਭਗਤਾਂ ਤੇ ਫ਼ਰੀਦ ਵਰਗੇ ਸੂਫ਼ੀਆਂ (ਭਗਤੀ ਲਹਿਰ) ਨੇ ਕੀਤਾ ਹੈ। ਹਿੰਦੂ ਸਮਾਜ ਵਰਗੇ ਵਰਣ-ਅਧੀਨ ਸਮਾਜ ਵਿਚ ਇਨਸਾਨੀਅਤ ਤੇ ਲੋਕ-ਹਿੱਤ ਦਾ ਦਾਹਵੇਦਾਰ ਹੋਣਾ ਅਰਥ ਰੱਖਦਾ ਹੈ। ਜੋ ਨਿਰੋਲ ਇਨਸਾਨੀਅਤ ਉੱਤੇ ਪਹੁੰਚੇ ਅਤੇ ਜੋ ਊਣੇ ਰਹੇ, ਉਨ੍ਹਾਂ ਦਾ ਆਪੋ ਵਿੱਚੀ ਫ਼ਰਕ ਮਿਕਦਾਰ ਦਾ ਹੀ ਨਹੀਂ, ਪ੍ਰਕਾਰ ਦਾ ਵੀ ਹੁੰਦਾ ਹੈ। ਲੋਕ-ਹਿੱਤ ਤੇ ਇਨਸਾਨੀਅਤ ਦਾ ਕਵਿਤਾ ਜਾਂ ਵਿਚਾਰਧਾਰਾ ਦੀ ਪੱਧਰ ਉੱਤੇ ਰਹਿਣ ਦਾ ਤੇ ਉਸ ਦੇ ਸਮਾਜਕ, ਸਿਆਸੀ, ਸੰਸਥਾਈ ਰੂਪ ਧਾਰਨ ਦਾ ਫ਼ਰਕ ਮਿਕਦਾਰ ਦਾ ਨਹੀਂ, ਪ੍ਰਕਾਰ ਦਾ ਹੈ। ਇਹੀ ਫ਼ਰਕ ਭਗਤੀ-ਲਹਿਰ ਨਾਲੋਂ ਸਿੱਖ-ਲਹਿਰ ਦਾ ਹੈ। ਕਿਸੇ ਲਹਿਰ ਦਾ ਲਗਾਤਾਰ ਦੋ ਢਾਈ ਸੌ ਸਾਲ ਸਸਥਾਈ ਰੂਪ ਵਿਚ ਇਨਸਾਨੀਅਤ ਦੇ ਪੈਂਤੜੇ ਉੱਤੇ ਦ੍ਰਿੜ੍ਹਤਾ ਨਾਲ ਤੁਰੇ ਰਹਿਣਾ ਉਸ ਨੂੰ ਅਤੇ ਉਸ ਦੀ ਲੀਡਰਸ਼ਿਪ ਨੂੰ ਆਪਣੇ ਆਪ ਵਿਚ ਇਕ ਵੱਖਰੀ ਕਿਸਮ ਸਥਾਪਿਤ ਕਰਦਾ ਹੈ। ਮਜ਼੍ਹਬੀ ਰੂਪ ਵਿਚ, ਸੰਸਥਾਈ ਸ਼ਕਲ ਵਿਚ, ਇਨਸਾਨੀਅਤ ਦੇ ਪੈਂਤੜੇ ਉੱਤੇ ਆਈਆਂ ਲਹਿਰਾਂ ਵਿਚੋਂ ਸਿੱਧੀ ਸਿਆਸੀ ਤਾਕਤ ਲੈਣ, ਮੁਖ਼ਾਲਿਫ਼ ਦੀ ਸਟੇਟ ਨੂੰ ਢਾਹ, ਆਪਣੀ ਸਟੇਟ ਬਣਾਉਣ ਦਾ ਨਿਸ਼ਾਨਾ ਰਖਣਾ, ਉਸ ਵਾਸਤੇ ਤਲਵਾਰ ਸੂਤਣਾ, ਐਸੀਆਂ ਲਹਿਰਾਂ ਨੂੰ ਦੂਜੀਆਂ ਮਜ਼੍ਹਬੀ ਲਹਿਰਾਂ ਨਾਲੋਂ ਨਿਖੇੜਦਾ ਹੈ। ਉਨ੍ਹਾਂ ਦੀ ਖ਼ਾਸ ਵਡਿਆਈ ਪ੍ਰਗਟ ਕਰਦਾ ਹੈ। ਉਨ੍ਹਾਂ ਨੂੰ ਅਲੈਹਦਾ ਕਤਾਰ ਵਿਚ ਖੜਿਆਂ ਕਰਦਾ ਹੈ।

ਸਮਾਜ ਦੀ ਆਮ ਚਾਲ ਦਾ ਅਤੇ ਇਨਕਲਾਬੀ ਚਾਲ ਦਾ ਆਪਸ ਵਿਚ ਕੋਈ ਮੁਕਾਬਲਾ ਨਹੀਂ। ਫ਼ਰਕ ਰਫ਼ਤਾਰ ਦਾ ਹੀ ਨਹੀਂ, ਪ੍ਰਕਾਰ ਦਾ ਹੁੰਦਾ ਹੈ। ਸਮਾਜਕ ਤੋਰ ਆਪਣੀ ਲੋੜ ਅਨੁਸਾਰ ਆਪਣੇ ਮੇਚ ਦੇ ਬੰਦੇ ਪੈਦਾ ਕਰਦੀ ਹੈ। ਮਨੁੱਖੀ ਸੰਭਾਵਨਾ ਵੀ ਬਹੁਤ ਹਦ ਤਕ ਸਮਾਜਕ ਸੰਭਾਵਨਾ ਉੱਤੇ ਨਿਰਭਰ ਹੁੰਦੀ ਹੈ। ਇਨਕਲਾਬ ਦੇ ਰਾਹਨੁਮਾ, ਤੂਫ਼ਾਨ ਦੇ ਸ਼ਾਹਸਵਾਰ ਤੇ ਪੈਦਲ ਦਾ ਆਪਸ ਵਿਚ ਕੀ ਮੁਕਾਬਲਾ ? ਦੋਹਾਂ ਦੀਆਂ ਸ਼ਖ਼ਸੀਅਤਾਂ ਵਿਚ ਫ਼ਰਕ ਜ਼ਿਮੀਂ ਅਸਮਾਨ ਦਾ ਹੁੰਦਾ ਹੈ। ਹਿੰਦੁਸਤਾਨ ਦੇ ਸਮਾਜ ਦੀ ਤੋਰ ਨੇ ਨਿਰੋਲ ਇਨਸਾਨੀਅਤ ਦੀ ਲਹਿਰ ਇਕ ਵੇਰ ਹੀ ਵੇਖੀ ਹੈ, ਅਤੇ ਯਕੀਨਨ ਲੋਕ-ਹਿੱਤ ਦੇ ਪੈਂਤੜੇ ਤੋਂ ਇਨਕਲਾਬੀ ਪੀਂਘ ਇਕ ਵੇਰ ਹੀ ਚੜ੍ਹਾਈ ਹੈ। ਉਸ ਪੀਂਘ ਨੂੰ ਪਾਉਣ ਵਾਲਾ ਅਤੇ ਉਸ ਨੂੰ ਚੜ੍ਹਾਉਣ ਵਾਲਾ ਗੁਰੂ ਗੋਬਿੰਦ ਸਿੰਘ ਸੀ। ਇਨਕਲਾਬੀ ਸ਼ਖ਼ਸੀਅਤ ਦਾ ਹਿੰਦੁਸਤਾਨ ਨੇ ਮੂੰਹ ਇਕ ਵੇਰ ਹੀ ਵੇਖਿਆ ਸੀ। ਉਸ ਦਾ ਨਾਂ ਖ਼ਾਲਸਾ ਸੀ। ਉਹ ਗੁਰੂ ਗੋਬਿੰਦ ਸਿੰਘ ਨੇ ਸਾਜਿਆ ਸੀ। ਇਨਕਲਾਬ ਦੇ ਲਾਇਕ ਹੋਣਾ, ਉਸ ਦੇ ਹਾਣੀ ਹੋਣਾ, ਉਸ ਦਾ ਨਾਇਕ ਹੋਣਾ ਮਹਾਨਾਂ ਵਿਚੋਂ ਮਹਾਨ ਹੋਣਾ ਹੈ। ਪਰ ਉਸ ਦਾ ਹਰ ਪਾਸੇ ਦਾ ਸਰੂਪ ਤੇ ਉਸ ਦੇ ਹਰ ਪਹਿਲੂ ਦਾ ਸਿਖਰ ਹੋਣ ਦਾ ਮਾਣ ਕੁਦਰਤ ਘੱਟ ਹੀ ਕਿਸੇ ਨੂੰ ਬਖ਼ਸ਼ਦੀ ਹੈ। ਇਹ ਸਰਬ-ਕਲਾ ਸੰਪੂਰਣਤਾ ਗੁਰੂ ਗੋਬਿੰਦ ਸਿੰਘ



Digitized by Panjab Digital Library | www.panjabdigilib.org

ਦੀ ਸੀ । ਦੁਨੀਆਂ ਦੇ ਇਤਿਹਾਸ ਵਿਚ ਕਿੰਨੀਆਂ ਹਸਤੀਆਂ ਹਨ ਜਿਨ੍ਹਾਂ ਨੂੰ ਇਨਸਾਨੀਅਤ ਦੇ ਪੈਂਤੜੇ ਤੋਂ ਇਨਕਲਾਬ ਦੇ ਹਰ ਪਹਿਲੂ ਦਾ ਸਰੂਪ ਤੇ ਸਿਖਰ ਹੋਣ ਦਾ ਹੱਕ ਹਾਸਿਲ ਹੈ ? ਹਿੰਦੁਸਤਾਨ ਦੀ ਇਨਸਾਨੀਅਤ ਤੇ ਉਸ ਦਾ ਇਨਕਲਾਬ ਗੁਰੂ ਗੋਬਿੰਦ ਸਿੰਘ ਸੀ । ਉਸ ਵਰਗੀ ਕੋਈ ਹੋਰ ਸਰਬ-ਕਲਾ ਸੰਪੂਰਨ ਸ਼ਖਸੀਅਤ, ਲੋਕ-ਹਿੱਤ ਦਾ ਮੁਜੱਸਮਾ, ਉਸ ਦਾ ਸਿਖਰ, ਮਨੁੱਖੀ ਰੂਪ ਵਿਚ ਇਨਕਲਾਬੀ ਅਜੇ ਮੁਲਕ ਦੀ ਤਾਰੀਖ ਨੇ ਕਢ ਕੇ ਵਿਖਾਉਣਾ ਹੈ । ਗੁਰੂ ਗੋਬਿੰਦ ਸਿੰਘ ਤੇ ਉਸ ਦੀ ਕਰਨੀ ਮੁਲਕ ਤੇ ਲੋਕ-ਹਿੱਤ ਦੀ ਵਿਰਾਸਤ ਹੈ । ਜੇ ਮੁਲਕ ਵਾਲੇ ਸਮਝਣ ਤਾਂ ਗੁਰੂ ਗੋਬਿੰਦ ਸਿੰਘ ਭੂਤ ਦੀ ਇਕ ਪ੍ਰੇਰਨਾ ਹੀ ਨਹੀਂ, ਭਵਿੱਖ ਵਿਚ ਇਨਸਾਨੀਅਤ ਦੀ ਮੰਜ਼ਿਲ ਵੀ ਹੈ, ਜਿਧਰ ਨੂੰ ਭੁੱਲੀ ਭਟਕਦੀ, ਲੜਦੀ ਭਿੜਦੀ ਮਨੁੱਖ-ਜਾਤੀ ਤੁਰੀ ਜਾ ਰਹੀ ਹੈ, ਜਿਥੇ ਕਿ ਇਨਸਾਨ ਦੀ ਬਣਤਰ ਤੇ ਉਸ ਦੀ ਫ਼ਿਤਰਤ ਨੇ ਅੱਜ ਦੇ ਸਮਾਜਕ ਪ੍ਰਸੰਗ ਵਿਚ ਅੰਤ ਪਹੁੰਚਣਾ ਹੈ ।

ਆਪਣੀ ਰਾਤ ਗੁਰੂ ਗੋਬਿੰਦ ਸਿੰਘ ਆਪ ਹੀ ਜੰਮਿਆ ਸੀ ।

---

"He (Guru Nanak) was the first Hindu reformer of modern times who tried to emancipate the Hindu mind completely from the fetters of mythology." Transformation of Sikhism, Dr. G. C. Narang, (page 24)



Digitized by Panjab Digital Library | www.panjabdigilib.org

# ਸਿੱਖ-ਲਹਿਰ
# ਦਾ
# ਜਮਾਤੀ ਪੈਂਤੜਾ
# ਤੇ
# ਅਸਲਾ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

# ਸਿੱਖ-ਲਹਿਰ ਦਾ ਜਮਾਤੀ ਪੈਂਤੜਾ

ਗੁਰਬਾਣੀ ਤੇ ਸਿੱਖ-ਲਹਿਰ ਦੇ ਇਤਿਹਾਸ ਨੂੰ ਸਾਇੰਟਿਫਿਕ ਤੌਰ 'ਤੇ ਸਮਝਣ ਵਾਸਤੇ ਜ਼ਿੰਦਗੀ ਦੇ ਇਕ ਬੁਨਿਆਦੀ ਤੱਥ ਨੂੰ ਸਮਝਣ ਅਤੇ ਧਿਆਨ ਵਿਚ ਰਖਣ ਦੀ ਲੋੜ ਹੈ। ਮਨੁੱਖੀ ਜ਼ਿੰਦਗੀ ਦੇ ਬੁਨਿਆਦੀ ਤੌਰ 'ਤੇ ਦੋ ਖ਼ਿਆਲ ਹਨ : ਇਕ **ਮਨੁਖ** ਆਪ ਅਤੇ ਦੂਸਰੀ **ਕੁਦਰਤ**। ਮਨੁਖ ਕੁਦਰਤ ਦਾ ਹੀ ਅੰਗ ਹੈ। ਉਹ ਆਪਣੀ ਜ਼ਿੰਦਗੀ ਦੇ ਵਸੀਲੇ ਕੁਦਰਤ ਕੋਲੋਂ ਲੈਂਦਾ ਹੈ। ਇਨ੍ਹਾਂ ਵਸੀਲਿਆਂ ਨੂੰ ਕੁਦਰਤ ਕੋਲੋਂ ਲਿਆਂ ਬਗੈਰ ਉਹ ਜੀਊਂਦਾ ਨਹੀਂ ਰਹਿ ਸਕਦਾ। ਪਸ਼ੂ ਪਰਿੰਦੇ ਕੁਦਰਤ ਨੂੰ, ਉਸ ਦੀ ਕੁਦਰਤੀ ਸ਼ਕਲ ਵਿਚ ਵਰਤ ਕੇ ਜੀਊਂਦੇ ਹਨ। ਮਨੁਖ ਕੁਦਰਤ ਨੂੰ, ਉਸ ਦੀ ਕੁਦਰਤੀ ਸ਼ਕਲ ਵਿਚ ਨਹੀਂ ਵਰਤ ਸਕਦਾ। ਉਹ ਕੁਦਰਤ ਕੋਲੋਂ ਆਪਣੀ ਜ਼ਿੰਦਗੀ ਦੇ ਵਸੀਲੇ **ਸਮਾਜਕ ਪੈਦਾਵਾਰ** ਦੀ ਸ਼ਕਲ ਵਿਚ ਲੈਂਦਾ ਹੈ। ਪਦਾਰਥਾਂ ਦੀ ਸ਼ਕਲ ਵਿਚ ਉਨ੍ਹਾਂ ਦੀ ਵਰਤੋਂ ਕਰਦਾ ਹੈ। ਆਪਣੀ ਲੋੜ ਦੇ ਪਦਾਰਥਾਂ ਦੀ ਪੈਦਾਵਾਰ, ਪੈਦਾਵਾਰ ਦੀਆਂ ਸ਼ਕਤੀਆਂ ਦੀ ਉਸਾਰੀ ਦੀ ਸਟੇਜ ਅਨੁਸਾਰ, ਉਹ ਕਿਸੇ ਖ਼ਾਸ ਆਰਥਕ ਸਮਾਜਕ ਨਿਜ਼ਾਮ ਦੀ ਸ਼ਕਲ ਵਿਚ ਕਰਦਾ ਹੈ।

ਮਨੁਖ ਤੇ ਉਸ ਦੀ ਜ਼ਿੰਦਗੀ ਦੇ ਵਸੀਲਿਆਂ ਦੇ ਆਪਸ ਵਿਚ ਦੋ ਰਿਸ਼ਤੇ ਮੁਮਕਿਨ ਹਨ। ਇਕ **ਸਿੱਧਾ** ਤੇ ਦੂਸਰਾ **ਪੁੱਠਾ**। ਜੇ ਸਮਾਜਕ ਮਨੁਖੀ ਜ਼ਿੰਦਗੀ ਦਾ ਮਨੋਰਥ ਮਨੁਖ ਹੈ, ਅਤੇ ਸਮਾਜਕ ਪੈਦਾਵਾਰ, ਪਦਾਰਥ, ਪੈਸਾ ਉਸ ਦੇ ਵਸੀਲੇ ਹਨ ਤਾਂ ਉਨ੍ਹਾਂ ਦਾ ਆਪਸ ਵਿਚ ਰਿਸ਼ਤਾ ਸਿੱਧਾ ਹੈ। ਇਸ ਰਿਸ਼ਤੇ ਵਿਚ ਸਮਾਜਕ ਮਨੁਖੀ ਜ਼ਿੰਦਗੀ ਸਹੀ ਰਸਤੇ 'ਤੇ ਚਲੇਗੀ। ਜੇ ਸਮਾਜਕ ਮਨੁਖੀ ਜ਼ਿੰਦਗੀ ਦਾ ਮਨੋਰਥ ਜ਼ਾਤੀ ਜਾਇਦਾਦ ਬਣਾਉਣਾ ਤੇ ਪੈਸੇ ਪਦਾਰਥਾਂ ਦੀ ਮਲਕੀਅਤ ਹੈ, ਅਤੇ ਜੇ ਮਨੁਖ ਦੀ ਸਫਲਤਾ, ਉਸ ਦੀ ਕਾਮਯਾਬੀ ਪੈਸੇ, ਪਦਾਰਥਾਂ ਦੇ ਅਰਥਾਂ ਵਿਚ ਮੰਨੀ ਤੇ ਗਿਣੀ ਜਾਂਦੀ ਹੈ ਤਾਂ ਮਨੁਖ ਤੇ ਉਸ ਦੀ ਜ਼ਿੰਦਗੀ ਦੇ ਵਸੀਲਿਆਂ ਦਾ ਆਪਸ ਵਿਚ ਰਿਸ਼ਤਾ ਪੁੱਠਾ ਹੈ। ਜਦੋਂ ਇਹ ਰਿਸ਼ਤਾ ਪੁਠਾ ਹੈ ਤਾਂ ਸਾਰੀ ਸਮਾਜਕ ਮਨੁਖੀ ਜ਼ਿੰਦਗੀ ਪੁੱਠੀ ਵਗੇਗੀ। ਆਰਥਕ ਸਮਾਜਕ ਨਿਜ਼ਾਮ ਭਾਵੇਂ ਗੁਲਾਮੀ ਦਾ ਹੋਵੇ ਤੇ ਭਾਵੇਂ ਫ਼ੀਊਡਲ, ਸਰਮਾਇਦਾਰੀ ਦਾ ਹੋਵੇ ਜਾਂ ਅਖੌਤੀ ਸਮਾਜਵਾਦ ਦਾ, ਜੇ ਸਮਾਜਕ ਮਨੁਖੀ ਜ਼ਿੰਦਗੀ ਦਾ ਮਨੋਰਥ ਪਦਾਰਥ, ਪੈਸਾ ਹਨ ਤਾਂ ਜ਼ਿੰਦਗੀ ਵਿਚ ਕੁਛ ਵੀ ਸਿੱਧਾ ਨਹੀਂ ਹੋਵੇਗਾ।

ਸਮਾਜਕ ਮਨੁਖੀ ਜ਼ਿੰਦਗੀ ਬਾਬਤ ਬੁਨਿਆਦੀ ਸਵਾਲ ਹੈ ਹੀ ਇਹ ਕਿ ਮਨੁਖ ਤੇ



Digitized by Panjab Digital Library | www.panjabdigilib.org

ਉਸ ਦੀ ਜ਼ਿੰਦਗੀ ਦੇ ਵਸੀਲਿਆਂ ਦਾ ਆਪਸ ਵਿਚ ਰਿਸ਼ਤਾ ਸਿੱਧਾ ਹੈ ਕਿ ਪੁੱਠਾ, **ਸਮਾਜ ਵਿਚ ਮਨੋਰਥ ਮਨੁਖ ਹੈ, ਸਰਦਾਰੀ ਉਸ ਦੀ ਹੈ ਜਾਂ ਮਨੋਰਥ ਪੈਸਾ ਤੇ ਪਦਾਰਥ ਹਨ ਤੇ ਸਿਰਦਾਰੀ ਮਾਇਆ ਦੀ।** ਨੋਟ ਕਰਨ ਵਾਲੀ ਗੱਲ ਇਹ ਹੈ ਕਿ ਮਨੁਖ ਤੇ ਉਸ ਦੀ ਜ਼ਿੰਦਗੀ ਦੇ ਵਸੀਲਿਆਂ ਦੇ ਆਪਸ ਵਿਚ ਦੋ ਹੀ ਰਿਸ਼ਤੇ ਮੁਮਕਿਨ ਹਨ ਅਤੇ ਉਹ ਦੋਵੇਂ ਆਪਸ ਵਿਚ ਵਿਰੋਧੀ ਹਨ। ਇਸ ਵਾਸਤੇ ਉਨ੍ਹਾਂ ਆਪਸ ਵਿਚ ਵਿਰੋਧੀ ਰਿਸ਼ਤਿਆਂ ਦੇ ਆਧਾਰ ਉਤੇ ਬੁਨਿਆਦੀ ਤੌਰ 'ਤੇ ਦੋ ਕਿਸਮ ਦੀਆਂ ਤਰਜ਼ੇ-ਜ਼ਿੰਦਗੀਆਂ ਹੀ ਮੁਮਕਿਨ ਹਨ। ਉਹ ਦੋਵੇਂ ਤਰਜ਼ੇ-ਜ਼ਿੰਦਗੀਆਂ ਹਰ ਪਹਿਲੂ ਤੋਂ ਆਪਸ ਵਿਚ ਵਿਰੋਧੀ ਹਨ, ਇਕ ਦੂਸਰੀ ਨੂੰ ਕੱਟਦੀਆਂ ਹਨ। ਇਕ ਦੀ ਜ਼ਿੰਦਗੀ ਦੂਸਰੀ ਦੀ ਮੌਤ ਹੈ।

**ਗੁਰਬਾਣੀ** ਆਪਸ ਵਿਚ ਵਿਰੋਧੀ ਇਨ੍ਹਾਂ ਦੋਹਾਂ ਤਰਜ਼ੇ-ਜ਼ਿੰਦਗੀਆਂ ਦਾ ਟੱਕਰਾਅ ਪੇਸ਼ ਕਰਦੀ ਹੈ। ਕਾਬਜ਼ ਤਰਜ਼ੇ-ਜ਼ਿੰਦਗੀ ਮਾਇਆ ਦੀ ਹੈ। ਇਸ ਤਰਜ਼ੇ-ਜ਼ਿੰਦਗੀ ਵਿਚ ਮਨੁਖ ਮਾਇਆ ਦੇ ਬੰਧਨ ਵਿਚ ਹੈ; ਪੈਸੇ ਦਾ, ਪਦਾਰਥਾਂ ਦਾ ਗੁਲਾਮ ਹੈ। ਚੂੰਕਿ ਗੁਲਾਮ ਹੈ, ਇਸ ਵਾਸਤੇ ਦੁਖੀ ਹੈ। ਇਹ ਮਾਇਆ ਵਾਲੀ ਤਰਜ਼ੇ-ਜ਼ਿੰਦਗੀ ਪੈਦਾ ਤਾਂ ਰੱਬ ਦੇ ਹੁਕਮ ਵਿਚ ਹੀ ਹੋਈ ਹੈ (ਉਸ ਦੇ ਹੁਕਮ ਤੋਂ ਬਾਹਰ ਤਾਂ ਕੁਝ ਹੈ ਨਹੀਂ); ਸਮਾਜਕ ਉਸਾਰੀ ਦੇ ਕਾਨੂੰਨ ਨੇ ਹੀ ਪੈਦਾ ਕੀਤੀ ਹੈ (ਸਮਾਜ ਵਿਚ ਜੋ ਵੀ ਹੁੰਦਾ ਹੈ ਸਮਾਜਕ ਉਸਾਰੀ ਦੇ ਕਾਨੂੰਨ ਦੇ ਅਧੀਨ ਹੀ ਹੁੰਦਾ ਹੈ) ਪਰ **ਹੁਣ ਗੁਰਬਾਣੀ ਵਾਲੇ ਰੱਬ ਦਾ ਹੁਕਮ ਹੈ ਕਿ ਮਾਇਆ ਵਾਲੀ ਇਹ ਤਰਜ਼ੇ-ਜ਼ਿੰਦਗੀ ਖ਼ਤਮ ਹੋਵੇ, ਮਨੁਖ ਆਪਣੇ ਦਵਾਲਿਉਂ ਮਾਇਆ ਦਾ ਬੰਧਨ ਤੋੜੇ ਅਤੇ ਆਜ਼ਾਦ ਹੋਵੇ। ਆਜ਼ਾਦ ਹੋ ਕੇ ਸੁਖ ਤੇ ਸਫਲਤਾ ਦੀ ਜ਼ਿੰਦਗੀ ਬਤੀਤ ਕਰੇ।**

ਮਾਇਆ ਦੀ ਤਰਜ਼ੇ-ਜ਼ਿੰਦਗੀ ਦੇ ਵਿਰੁਧ ਨਾਮ ਦੀ ਤਰਜ਼ੇ-ਜ਼ਿੰਦਗੀ ਹੈ। ਉਸ ਵਲ ਗੁਰਬਾਣੀ ਪਰੇਰਤ ਕਰਦੀ ਹੈ। ਇਥੇ ਨੋਟ ਕਰਨ ਵਾਲੀ ਗੱਲ ਇਹ ਹੈ ਕਿ ਤਰਜ਼ੇ-ਜ਼ਿੰਦਗੀ ਮਾਇਆ ਵਾਲੀ ਹੋਵੇ ਜਾਂ ਨਾਮ ਵਾਲੀ, ਚਲ ਉਹ ਤਾਂ ਹੀ ਸਕਦੀ ਹੈ ਜੇ ਉਹ ਆਪਣੇ ਪੂਰੇ ਫੇਰ ਵਿਚ ਹੋਵੇ। ਆਪਣੇ ਪੂਰੇ ਅਮਲੇ ਫੈਲੇ ਤੋਂ ਬਗੈਰ ਕੋਈ ਵੀ ਤਰਜ਼ੇ-ਜ਼ਿੰਦਗੀ ਚਲ ਨਹੀਂ ਸਕਦੀ। ਤਰਜ਼ੇ-ਜ਼ਿੰਦਗੀ ਕੋਈ ਵੀ ਹੋਵੇ, ਪੈਦਾਵਾਰ ਦਾ ਉਸ ਦਾ ਆਪਣਾ ਰੂਪ, ਹੋਈ ਪੈਦਾਵਾਰ ਦੀ ਵੰਡ ਦਾ ਆਪਣਾ ਤਰੀਕਾ, ਪੈਦਾਵਾਰ ਦੇ ਆਪਣੇ ਖ਼ਾਸ ਰਿਸ਼ਤੇ ਉਸ ਦੇ ਸਮਾਜ ਦੀ ਨੀਂਹ ਹੋਣਗੇ। ਨੀਂਹ ਦੇ ਨਾਲ ਡਾਇਲੈਕਟਿਕ ਤੌਰ 'ਤੇ ਸਬੰਧਤ ਉਸਾਰ ਤੇ ਉਸ ਦੇ ਸਭ ਅੰਗ — ਸਮਾਜਕ ਰਿਸ਼ਤੇ, ਸੰਸਥਾਵਾਂ, ਵਿਚਾਰਧਾਰਾ, ਵਿਚਾਰਧਾਰਕ ਅਡੰਬਰ, ਕਲਚਰ—ਮਤਲਬ ਮਨੁਖੀ ਬਣਤਰ ਵੀ ਹੋਣਗੇ।

ਕਾਬਜ਼ ਤਰਜ਼ੇ-ਜ਼ਿੰਦਗੀ ਮਾਇਆ ਦੀ ਹੈ। ਗੁਰਬਾਣੀ ਉਸ ਦੀ ਅਸਲੀਅਤ ਨੂੰ ਬੇਨਿਕਾਬ ਕਰਦੀ ਹੈ। ਉਸ ਦਾ ਸਾਇੰਟਿਫਿਕ ਕਿਰੀਟੀਕ ਦੇਂਦੀ ਹੈ। ਸਾਇੰਟਿਫਿਕ



Digitized by Panjab Digital Library | www.panjabdigilib.org

ਕਿਰੀਟੀਕ ਦੇਣ ਦਾ ਅਰਥ ਕੀ ਹੈ ? ਮਾਇਆ ਦੀ ਤਰਜ਼ੇ-ਜ਼ਿੰਦਗੀ ਦੀ ਅਸਲੀਅਤ, ਉਸ ਦੀ ਕਲਚਰ, ਉਸ ਦੇ ਰੈਸ਼ਨੇਲ ਦੇ ਜਕੜ ਵਿਚ ਰਹਿੰਦਿਆਂ ਹੋਇਆਂ ਨਾ ਇਸ ਦੀ ਸਮਝ ਆ ਸਕਦੀ ਹੈ ਅਤੇ ਨਾ ਹੀ ਇਹ ਪੇਸ਼ ਕੀਤੀ ਜਾ ਸਕਦੀ ਹੈ। ਉਸ ਦਾ ਸਹੀ ਕਿਰੀਟੀਕ ਉਸ ਦੀ ਕਲਚਰ, ਵਿਚਾਰਧਾਰਕ ਫੰਧੇ ਵਿਚੋਂ ਨਿਕਲਕੇ, ਉਸ ਤਰਜ਼ੇ-ਜ਼ਿੰਦਗੀ ਦੇ ਵਿਰੁਧ ਇਨਕਲਾਬੀ ਪੈਂਤੜੇ 'ਤੇ ਆ ਕੇ ਹੀ ਦਿੱਤਾ ਜਾ ਸਕਦਾ ਹੈ। ਮਾਇਆ ਦੀ ਤਰਜ਼ੇ-ਜ਼ਿੰਦਗੀ ਦੀ ਵਹਿਸ਼ਤ, ਉਸ ਦੀ ਕਰਨੀ ਦੀ ਭਿਆਨਕਤਾ ਉਹ ਹੀ ਸਮਝ ਸਕਦਾ ਹੈ ਜੋ ਉਸ ਨੂੰ ਢਾਹੁਣ ਦੇ ਰਾਹੇ ਪਵੇ।

ਗੁਰਬਾਣੀ ਨਾਮ ਤੇ ਮਾਇਆ ਵਾਲੀਆਂ ਤਰਜ਼ੇ-ਜ਼ਿੰਦਗੀਆਂ ਦੇ ਦਰਮਿਆਨ ਨਿਰਪਖ ਨਹੀਂ ਹੈ। ਉਹ ਮਾਇਆ ਦੀ ਤਰਜ਼ੇ-ਜ਼ਿੰਦਗੀ ਨੂੰ ਮਲੀਆਮੇਟ ਹੋਇਆ ਵੇਖਣਾ ਚਾਹੁੰਦੀ ਹੈ। ਉਸ ਨੂੰ ਖ਼ਤਮ ਕਰਨ ਵਾਸਤੇ ਪਰੇਰਤ ਕਰਦੀ ਹੈ। ਉਹ ਨਾਮ ਦੀ ਤਰਜ਼ੇ-ਜ਼ਿੰਦਗੀ ਦੀ ਹਾਮੀ ਹੈ। ਉਸ ਨੂੰ ਰਾਇਜ ਕਰਨਾ ਹੀ ਉਸ ਦਾ ਮੂਲ ਮਨੋਰਥ ਹੈ। ਏਥੇ ਅਸਾਂ ਦੋ ਗੱਲਾਂ ਹੀ ਵੇਖਣੀਆਂ ਹਨ। **ਪਹਿਲੀ, ਇਨ੍ਹਾਂ ਦੋਹਾਂ ਤਰਜ਼ੇ-ਜ਼ਿੰਦਗੀਆਂ ਦੀ ਆਪਸ ਵਿਚ ਪੂਰ ਪੂਰ ਮੁਖ਼ਾਲਫਤ ਅਤੇ ਦੂਸਰੀ, ਗੁਰਬਾਣੀ ਦਾ ਜਮਾਤੀ ਪੈਂਤੜਾ।**

| **ਰੱਬ : ਨੇਕੀ, ਨਾਮ** | **ਮਾਇਆ : ਬਦੀ, ਹਉਮੈ** |
|---|---|
| ਮਨੁਖੀ ਰੂਪ : ਸਤਿਗੁਰੂ, ਸੰਤ ਭਗਤ, ਬ੍ਰਹਮ-ਗਿਆਨੀ, ਗੁਰਮੁਖ | ਮਨੁਖੀ ਰੂਪ : ਮਨਮੁਖ |
| ਮਨੁਖੀ ਬਣਤਰ : ਨਾਮ ਦਾ ਸਰੂਪ | ਮਨੁਖੀ ਬਣਤਰ : ਹਉਮੈ ਦਾ ਪੁਤਲਾ |
| ਮਨੁਖੀ ਮਨੋਰਥ : ਦਇਆ, ਸੰਤੋਖ | ਮਨੁਖੀ ਮਨੋਰਥ : ਕਾਮ,ਕ੍ਰੋਧ,ਲੋਭ,ਮੋਹ,ਹੰਕਾਰ |
| ਸਮਾਜਕ ਮਨੁਖੀ ਰਿਸ਼ਤੇ : ਸਰਬਤ ਦੇ ਪਿਆਰ 'ਤੇ ਆਧਾਰਤ | ਸਮਾਜਕ ਮਨੁਖੀ ਰਿਸ਼ਤੇ : ਕਾਮ, ਕ੍ਰੋਧ, ਲੋਭ, ਮੋਹ, ਹੰਕਾਰ 'ਤੇ ਆਧਾਰਤ;ਰਿਸ਼ਤਿਆਂ ਵਿਚ ਪੈਸੇ ਤੇ ਪਦਾਰਥਾਂ ਦਾ ਵਿਚੋਲਪੁਣਾ |
| ਕੰਮ : ਸਤਿਗੁਰੂ ਦੀ ਸੇਵਾ | ਕੰਮ : ਗੁੱਲਮ, ਧੰਦਾ |
| ਪੈਦਾਵਾਰ ਦੀ ਵੰਡ : ਮਨੁਖੀ ਜ਼ਿੰਦਗੀ ਦੇ ਵਸੀਲੇ ਸਾਂਝੇ | ਪੈਦਾਵਾਰ ਦੀ ਵੰਡ : ਕਾਣੀ |
| **ਸੰਸਥਾਵਾਂ** | **ਸੰਸਥਾਵਾਂ** |
| ੧. ਸਟੇਟ — ਨਾਮ ਅਨੁਸਾਰੀ | ੧. ਸਟੇਟ — ਮਾਇਆ ਅਨੁਸਾਰੀ |
| ੨. ਵਿਆਹ — ਨਾਮ ਅਨੁਸਾਰੀ | ੨. ਵਿਆਹ — ਮਾਇਆ ਅਨੁਸਾਰੀ |
| ੩. ਵਿਚਾਰਧਾਰਕ ਅਡੰਬਰ — ਮਜ਼੍ਹਬ — ਨਾਮ-ਅਨੁਸਾਰੀ | ੩. ਵਿਚਾਰਧਾਰਕ ਅਡੰਬਰ — ਮਜ਼੍ਹਬ — ਮਾਇਆ ਅਨੁਸਾਰੀ |



Digitized by Panjab Digital Library | www.panjabdigilib.org

ਕਲਚਰਕ ਦਾ ਮੂਲ : ਮਨੁਖੀ ਏਕਤਾ, ਪਿਆਰ | ਕਲਚਰ ਦਾ ਮੂਲ : ਪੈਸੇ, ਪਦਾਰਥਾਂ ਦੀ ਹਵਸ
ਸਮਾਜ ਦੀ ਦਸ਼ਾ : ਮਨੁਖ ਬਰਾਦਰੀ, ਸਰਬਤ ਦਾ ਸੁਖੀ,ਸਰਬਤ ਦੀ ਸਫਲਤਾ, | ਸਮਾਜ ਦੀ ਦਸ਼ਾ : ਜਮਾਤੀ ਵਿਰੋਧ, ਵਹਿਸ਼ਤ ਦਾ ਪ੍ਰਵੇਸ਼, ਮਨੁਖ ਦੀ ਗੁਲਾਮੀ ।

ਜਦੋਂ ਸਮਾਜ ਵਿਚ ਜਮਾਤੀ ਅੰਗ ਆਣ ਮੂੰਹ ਵਿਖਾਉਂਦਾ ਹੈ ਤਾਂ 'ਸਾਇਰ ਦੀ ਪੁਤ੍ਰੀ', ਮਾਇਆ ਮਨੁਖ ਨੂੰ ਉਸ ਦੇ ਸਹੀ ਸਥਾਨ, ਜ਼ਿੰਦਗੀ ਦੇ ਕੇਂਦਰ ਤੋਂ ਮੱਖਣ ਵਿਚੋਂ ਵਾਲ ਕਢਣ ਵਾਂਗ ਲਾਂਭੇ ਕਢਕੇ ਉਸ ਦੀ ਥਾਂ ਆਪ ਮਲ ਲੈਂਦੀ ਹੈ । ਸਮਾਜ ਵਿਚ ਆਪਣੀ ਸਰਦਾਰੀ ਸਥਾਪਤ ਕਰ ਲੈਂਦੀ ਹੈ ਅਤੇ ਮਨੁਖ ਨੂੰ ਆਪਣਾ ਦਾਸ ਬਣਾ ਲੈਂਦੀ ਹੈ । 'ਵੇਸ ਕਰੇ ਬਹੁ ਰੂਪ ਵਿਖਾਵੈ, ਗ੍ਰਿਹਿ ਬਸਨਿ ਨ ਦੇਈ ਵਖ ਵਖ ਭਰਮਾਵੈ । ਘਰ ਕੀ ਨਾਇਕਿ ਘਰ ਵਾਸੁ ਨਾ ਦੇਵੈ । ਜਤਨ ਕਰਉ ਉਹ ਲਾਇ ਪਰੇਵੈ ।'' ਚੂੰਕਿ ਮਨੁਖ ਤੇ ਉਸ ਦੀ ਜ਼ਿੰਦਗੀ ਦੇ ਵਸੀਲਿਆਂ ਦਾ ਆਪਸ ਵਿਚ ਰਿਸ਼ਤਾ ਸਿਧਿਉਂ ਪੁੱਠਾ ਹੋ ਜਾਂਦਾ ਹੈ, ਸਮਾਜ ਦੀ ਤੋਰ ਪੁੱਠੀ ਤੁਰਨ ਲੱਗ ਪੈਂਦੀ ਹੈ । ਸਮਾਜ ਦਾ ਕੰਮ, ਸਮਾਜਕ ਰਿਸ਼ਤੇ ਤੇ ਸਮਾਜਕ ਸੰਸਥਾਵਾਂ ਜੋ ਕਿ ਮਨੁਖ ਦੀ ਸਫਲਤਾ ਦਾ, ਉਸ ਦੀ ਆਜ਼ਾਦੀ ਦਾ ਵਸੀਲਾ ਸਨ, ਸਭ ਉਸ ਦੀ ਫਾਹੀ ਬਣ ਤੁਰਦੇ ਹਨ । ਮਨੁਖ ਦੀ ਜ਼ਿੰਦਗੀ ਦਾ ਮਨੋਰਥ ਹੀ ਪੁੱਠਾ ਹੋ ਜਾਂਦਾ ਹੈ । ਸਮਾਜਕ ਮਨੁਖੀ ਜ਼ਿੰਦਗੀ ਦਾ ਮਨੋਰਥ ਮਨੁਖ ਦੀ ਮਨੁਖਤਾ, ਉਸ ਦੀ ਆਜ਼ਾਦੀ ਉਸਾਰਨ ਦੀ ਥਾਂ ਜ਼ਾਤੀ ਜਾਇਦਾਦ ਬਣਾਉਣਾ ਹੋ ਜਾਂਦਾ ਹੈ । ਮਨੁਖ ਦੀ ਜ਼ਿੰਦਗੀ ਦੇ ਵਸੀਲੇ ਸਾਂਝੇ ਨਹੀਂ ਰਹਿੰਦੇ । 'ਸਹੁਰੜੀ ਵਥੁ ਸਭੁ ਕਿਛੁ ਸਾਂਝੀ ਪੇਵਕੜੈ ਧਨ ਵਖੇ । ਆਪ ਕੁਚੱਜੀ ਦੋਸ਼ ਨ ਦੇਊ ਜਾਣਾ ਨਾਹੀ ਰਖੇ ।'' ਪੈਦਾਵਾਰ ਦੀ ਵੰਡ ਕਾਣੀ ਹੋ ਜਾਂਦੀ ਹੈ । ''ਫ਼ਰੀਦਾ ਇਕਨਾ ਆਟਾ ਅਗਲਾ ਇਕਨਾ ਨਾਹੀ ਲੋਣੁ । ਅਗੈ ਗਏ ਸਿਞਾਪਸਨਿ ਚੋਟਾ ਖਾਸੀ ਕਉਣੁ ।'' ਇਕ ਪਾਸੇ ਮਾਇਆਧਾਰੀ ਹੋ ਜਾਂਦੇ ਹਨ ਅਤੇ ਦੂਸਰੇ ਪਾਸੇ ''ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ ।''

ਮਾਇਆ ਵਾਲੀ ਤਰਜ਼ੇ-ਜ਼ਿੰਦਗੀ ਦੇ ਵਿਰੁਧ ਨਾਮ ਵਾਲੀ ਤਰਜ਼ੇ-ਜ਼ਿੰਦਗੀ ਵਿਚ ਮਨੁਖ ਆਪਣੇ ਸਹੀ ਸਥਾਨ 'ਤੇ ਹੁੰਦਾ ਹੈ । ਸਮਾਜ ਵਿਚ ਸਰਦਾਰੀ ਉਸ ਦੀ ਹੁੰਦੀ ਹੈ ਅਤੇ ਮਾਇਆ ਉਸ ਦੀ ਦਾਸੀ ਹੁੰਦੀ ਹੈ । ''ਘਰੁ ਮੇਰਾ ਇਹ ਨਾਇਕਿ ਹਮਾਰੀ । ਇਹ ਆਮਰਿ ਹਮ ਗੁਰ ਕੀਏ ਦਰਬਾਰੀ ।'' ਮਨੁਖ ਦੀ ਜ਼ਿੰਦਗੀ ਦੇ ਵਸੀਲੇ ਸਾਂਝੇ ਹੁੰਦੇ ਹਨ ਅਤੇ ਮਨੁਖੀ ਲੋੜ ਅਨੁਸਾਰ ਵਰਤੀਂਦੇ ਹਨ । ਜ਼ਿੰਦਗੀ ਦਾ ਮਨੋਰਥ ਜ਼ਾਤੀ ਜਾਇਦਾਦ ਬਣਾਉਣਾ ਨਹੀਂ, ਬਲਕਿ ਨਾਮ ਗ੍ਰਹਿਣ ਕਰਨਾ ਹੁੰਦਾ ਹੈ, ਸਰਬਤ ਵਿਚ ਰੱਬ ਨੂੰ ਵੇਖਣਾ ਹੁੰਦਾ ਹੈ, ਸਮਾਜਕ ਮਨੁਖੀ ਜ਼ਿੰਦਗੀ ਨੂੰ ਪਿਆਰ ਦੇ ਆਧਾਰ 'ਤੇ ਚਲਾਉਣਾ ਹੁੰਦਾ ਹੈ । ਸਭ ਸਮਾਜਕ ਮਨੁਖੀ ਰਿਸ਼ਤਿਆਂ ਦਾ, ਸੰਸਥਾਵਾਂ ਦਾ ਆਧਾਰ



Digitized by Panjab Digital Library | www.panjabdigilib.org

ਪਿਆਰ ਹੁੰਦਾ ਹੈ। **ਉਸਰਦੀ ਮਨੁਖ ਦੀ ਮਨੁਖਤਾ, ਉਸ ਦੀ ਆਜ਼ਾਦੀ ਹੈ। ਅਤੇ ਸਭ ਮਨੁਖਾਂ ਦੀ ਸਾਂਝੀ।**

ਜਿਸ ਚੀਜ਼ ਨੂੰ ਸਮਾਜ ਜ਼ਿੰਦਗੀ ਦਾ ਮਨੋਰਥ ਸਥਾਪਤ ਕਰ ਦੇਵੇ, ਉਸ ਦੇ ਵਾਸਤੇ ਮਨੁਖ ਦਾ ਮੋਹ ਹੋਣਾ ਲਾਜ਼ਮੀ ਹੈ । ਜਮਾਤੀ ਸਮਾਜ ਦਾ, ਮਾਇਆ ਦੀ ਤਰਜ਼ੇ-ਜ਼ਿੰਦਗੀ ਦਾ ਮਨੁਖ ਮਾਇਆ ਦੇ ਮੋਹ ਦਾ ਪੁਤਲਾ ਹੋ ਜਾਂਦਾ ਹੈ। ਸਮਾਜ ਦੇ ਜਮਾਤੀ ਅੰਗ ਦਾ ਅਤੇ ਮਾਇਆ ਦੇ ਮੋਹ ਦਾ ਆਪਸ ਵਿਚ ਨੀਂਹ ਤੇ ਉਸਾਰ ਵਾਲਾ ਡਾਇਲੈਕਟੀਕਲ ਰਿਸ਼ਤਾ ਹੈ। ਇਹ ਦੋਵੇਂ ਇਕ ਦੂਸਰੇ ਨੂੰ ਪੈਦਾ ਕਰਦੇ, ਉਸਾਰਦੇ ਤੇ ਪੱਕਿਆਂ ਕਰਦੇ ਹਨ। ਇਕ ਦੂਸਰੇ ਨਾਲ ਪ੍ਰਸਪਰ ਤੌਰ 'ਤੇ ਸਬੰਧਤ ਤੁਰੇ ਜਾਂਦੇ ਹਨ। ਸਮਾਜ ਦੀ ਤੋਰ ਤੇ ਮਨੁਖੀ ਬਣਤਰ ਇਕ ਦੂਸਰੇ ਦਾ ਅਕਸ ਹੁੰਦੇ ਹਨ। ਮਾਇਆ ਦੀ ਤਰਜ਼ੇ-ਜ਼ਿੰਦਗੀ ਮਨੁਖ ਵਿਚ ਮਾਇਆ ਦੇ ਮੋਹ ਨੂੰ ਉਸਾਰਦੀ ਤੇ ਪੱਕਿਆਂ ਕਰਦੀ ਹੈ। ਇਸ ਦੇ ਐਨ ਵਿਰੁਧ ਨਾਮ ਦੀ ਤਰਜ਼ੇ-ਜ਼ਿੰਦਗੀ ਮਨੁਖ ਵਿਚੋਂ ਮਾਇਆ ਦੇ ਮੋਹ ਅਤੇ ਹਉਮੈ ਦਾ ਬੀਜ ਨਾਸ ਕਰਦੀ ਹੈ। ਮਾਇਆ ਦੀ ਤਰਜ਼ੇ-ਜ਼ਿੰਦਗੀ ਮਨੁਖ ਦੀ ਬਣਤਰ ਹਉਮੈ ਵਾਲੀ, ਖ਼ੁਦਗਰਜ਼ੀ ਵਾਲੀ ਬਣਾਉਂਦੀ ਹੈ। ਉਸ ਨੂੰ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿ ਮਨੋਰਥਾਂ ਦੇ ਆਧਾਰ 'ਤੇ ਚਲਾਉਂਦੀ ਹੈ। ਨਾਮ ਦੀ ਤਰਜ਼ੇ-ਜ਼ਿੰਦਗੀ ਹਉਮੈ ਨੂੰ ਸਤਿਗੁਰੂ ਦੇ ਸ਼ਬਦ ਨਾਲ ਸਾੜਦੀ ਹੈ। ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿ ਨੂੰ ਮਨੁਖ ਦੇ ਮਨ ਵਿਚੋਂ ਖ਼ਤਮ ਕਰਦੀ ਹੈ। ਮਨੁਖ ਨੂੰ ਸਰਬਤ ਦੇ ਪਿਆਰ ਦਾ ਸਰੂਪ ਬਣਾਉਂਦੀ ਹੈ। ਦਇਆ ਤੇ ਸੰਤੋਖ ਨੂੰ ਉਸ ਦੇ ਮਨੋਰਥ ਬਣਾਉਂਦੀ ਹੈ।

ਮਨਮੁਖ ਦੀ ਬਣਤਰ ਗੁਰਮੁਖ ਦੀ ਬਣਤਰ ਦੇ ਐਨ ਵਿਰੁਧ ਹੈ। ਮਾਇਆ ਦੀ ਤਰਜ਼ੇ-ਜ਼ਿੰਦਗੀ ਮਨੁਖ ਨੂੰ ਮਨੁਖ ਨਹੀਂ ਰਹਿਣ ਦੇਂਦੀ। "ਕਲੀ ਅੰਦਰ ਨਾਨਕਾ ਜਿੰਨ੍ਹਾ ਦਾ ਅਉਤਾਰੁ। ਪੁਤੁ ਜਿਨੂਰਾ ਧੀ ਜਿੰਨੂਰੀ ਜੋਰੂ ਜਿੰਨਾ ਦਾ ਸਿਕਦਾਰੁ।" "ਕੁਬੁਧਿ ਡੂਮਣੀ ਕੁਦਇਆ ਕਸਾਇਣਿ ਪਰ-ਨਿੰਦਾ ਘਟਚੂਹੜੀ ਮੁਠੀ ਕ੍ਰੋਧਿ ਚੰਡਾਲਿ।" "ਇਕੁ ਸੁਆਨੁ ਦੁਇ ਸੁਆਨੀ ਨਾਲਿ। ਭਲਕੇ ਭਉਕੀ ਸਦਾ ਬਇਆਲਿ। ਕੂੜ ਛੁਰਾ ਮੁਠਾ ਮੁਰਦਾਰੁ ਧਾਣਕ ਰੂਪਿ ਰਹਾ ਕਰਤਾਰ। ਮਾਣਸ ਮੂਰਤ ਨਾਨਕ ਨਾਮੁ ਕਰਣੀ ਕੁਤਾ ਦਰ ਫੁਰਮਾਨ।" ਮਾਇਆ ਵਾਲੀ ਤਰਜ਼ੇ-ਜ਼ਿੰਦਗੀ ਮਨੁਖ ਨੂੰ ਵਹਿਸ਼ੀ ਬਣਾ ਧਰਦੀ ਹੈ, ਮਾਇਆਧਾਰੀ ਨੂੰ ਮਾਣਸ-ਖਾਣਾ ਬਣਾ ਦੇਂਦੀ ਹੈ ਅਤੇ ਗਿਆਨ-ਵਿਹੂਣੀ ਰਈਅਤ ਨੂੰ ਉਸ ਦਾ ਸ਼ਿਕਾਰ। ਆਪੋ ਆਪਣੇ ਤਰੀਕੇ ਨਾਲ ਦੋਹਾਂ ਧਿਰਾਂ ਨੂੰ ਮਨੁਖੀ ਪੱਧਰ ਤੋਂ ਹੈਵਾਨੀਅਤ ਦੇ ਪੱਧਰ 'ਤੇ ਲੈ ਜਾ ਬਸ ਕਰਦੀ ਹੈ। ਦੂਸਰੇ ਪਾਸੇ, ਨਾਮ ਵਾਲੀ ਤਰਜ਼ੇ-ਜ਼ਿੰਦਗੀ ਦਾ ਕਰਤੱਵ ਇਸ ਦੇ ਐਨ ਉਲਟ ਹੈ। "ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨਾ ਲਾਗੀ ਵਾਰੰ।" "ਜਿਹ ਘਟਿ ਸਿਮਰਨੁ ਰਾਮਕੋ ਸੋ ਨਰੁ ਮੁਕਤਾ ਜਾਨੁ। ਤਿਹਿ ਨਰ ਹਰਿ ਅੰਤਰੁ ਨਹੀ ਨਾਨਕ ਸਾਚੀ ਮਾਨੁ ॥



Digitized by Panjab Digital Library | www.panjabdigilib.org

ਦੋਹਾਂ ਤਰਜ਼ੇ-ਜ਼ਿੰਦਗੀਆਂ ਦੇ ਸਿਰਜੇ ਮਨੁਖਾਂ ਦਾ ਆਪਸ ਵਿਚ ਫਰਕ, ਆਪਸ ਵਿਚ ਵਿਰੋਧ ਸਪੱਸ਼ਟ ਹੈ। ਸਮਾਜਕ ਮਨੁਖੀ ਰਿਸ਼ਤੇ ਮਨੁਖੀ ਮਨੋਰਥਾਂ ਦੇ ਆਧਾਰ ਉਤੇ ਹੀ ਉੱਸਰਦੇ ਹਨ, ਵਿਕਾਸ ਵਿਚ ਆਉਂਦੇ ਹਨ। ਮਾਇਆ ਦੀ ਤਰਜ਼ੇ-ਜ਼ਿੰਦਗੀ ਦੇ ਸਮਾਜਕ ਮਨੁਖੀ ਰਿਸ਼ਤੇ ਮਨੁਖ ਵਾਸਤੇ ਗੁਲਾਮੀ ਦੀ ਫਾਹੀ ਹੁੰਦੇ ਹਨ। ਇਨ੍ਹਾਂ ਰਿਸ਼ਤਿਆਂ ਰਾਹੀਂ ਅਤੇ ਇਸ ਤਰਜ਼ੇ-ਜ਼ਿੰਦਗੀ ਦੇ ਮਨੁਖ ਦੇ ਮਨ ਵਿਚ ਪਾਏ ਮਨੋਰਥਾਂ ਦੇ ਅਧੀਨ ਜੋ ਜੋ ਕਰਨੀ ਵੀ ਮਨੁਖ ਕਰਦਾ ਹੈ ਉਹ ਉਸ ਦੀ ਗੁਲਾਮੀ ਦੀਆਂ ਜ਼ੰਜੀਰਾਂ ਨੂੰ ਹੀ ਪੱਕਿਆਂ ਕਰਦੀ ਹੈ। ''ਭੂਲਿਓ ਮਨੁ ਮਾਇਆ ਉਰਝਾਇਓ। ਜੋ ਜੋ ਕਰਮ ਕੀਓ ਲਾਲਚ ਲਗਿ ਤਿਹ ਤਿਹ ਆਪੁ ਬੰਧਾਇਓ।''

**ਸਮਾਜ ਦਾ ਕੰਮ** ਜੋ ਕਿ ਸਾਰੇ ਸਮਾਜ ਦੀ ਜ਼ਿੰਦਗੀ ਦੀ ਨੀਂਹ ਹੈ, ਅਤੇ ਜਿਸ ਨੇ ਇਤਿਹਾਸਕ ਤੌਰ 'ਤੇ ਬੰਦੇ ਨੂੰ ਪਸ਼ੂ ਤੋਂ ਮਨੁਖ ਬਣਾਇਆ ਹੈ ਉਹ ਇਸ ਤਰਜ਼ੇ-ਜ਼ਿੰਦਗੀ ਵਿਚ ਸਹੀ ਅਰਥਾਂ ਵਿਚ ਕੰਮ ਹੀ ਨਹੀਂ ਰਹਿੰਦਾ। ਉਹ ਗੁਲੱਮ ਹੋ ਜਾਂਦਾ ਹੈ। ਜਿੰਨਾ ਕੋਈ ਇਸ ਗੁਲੱਮ ਵਿਚ ਗੁਸਦਾ ਹੈ, ਉਨ੍ਹਾਂ ਹੀ ਜ਼ਿਆਦਾ ਉਹ ਗੁਲਾਮੀ ਵਿਚ ਧਸਦਾ ਹੈ। ਇਸ ਵਾਸਤੇ ਹੀ ਗੁਰਬਾਣੀ ਇਸ ਤਰਜ਼ੇ-ਜ਼ਿੰਦਗੀ ਦੇ ਕੰਮ ਨੂੰ **'ਧੰਦਾ'** ਕਰਾਰ ਦੇਂਦੀ ਹੈ, ਇਸ ਨੂੰ ਨਿੰਦਦੀ ਹੈ। ਆਮ ਬੋਲੀ ਵਿਚ ਪੌਰਖ ਚੰਗਾ ਸਮਝਿਆ ਜਾਂਦਾ ਹੈ। ਉੱਦਮ ਕਰਨ ਨੂੰ ਸਲਾਹਿਆ ਜਾਂਦਾ ਹੈ, ਪਰ ਮਨਮੁਖ ਦੇ ਉੱਦਮ ਤੇ ਪੌਰਖ ਨੂੰ ਗੁਰਬਾਣੀ 'ਭਟਕਣਾ' ਕਰਾਰ ਦੇਂਦੀ ਹੈ। ਉਸ ਦੇ ਸਿਰ ਘੱਟਾ ਪਾਉਂਦੀ ਹੈ। ਇਸ ਵਾਸਤੇ ਕਿ ਬਦ ਮਨੋਰਥਾਂ ਦੇ ਅਧੀਨ ਜੋ ਵੀ ਮਨੁਖ ਕਰੇਗਾ, ਬਦੀ ਹੀ ਖਿਲਾਰੇਗਾ। ਬਦ ਆਦਮੀ ਜਿੰਨਾ ਜ਼ਿਆਦਾ ਉਦਮੀ ਹੋਵੇਗਾ ਉਤਨੀ ਹੀ ਜ਼ਿਆਦਾ ਉਹ ਬਦੀ ਫੈਲਾਏਗਾ। ਇਸ 'ਧੰਦੇ' ਦੇ ਮੁਕਾਬਲੇ ਉਤੇ ਨਾਮ ਦੀ ਤਰਜ਼ੇ-ਜ਼ਿੰਦਗੀ ਵਿਚਲੇ ਕੰਮ ਨੂੰ ਗੁਰਬਾਣੀ ਸਤਿਗੁਰੂ ਦੀ **'ਸੇਵਾ'** ਕਹਿਦੀ ਹੈ। ਇਹ ਕੰਮ ਸੱਚ ਦੀ, ਸਰਬਤ ਦੀ ਸੇਵਾ ਹੈ। ਸਰਬਤ ਦੇ ਪਿਆਰ ਦੇ ਅਧੀਨ ਕੀਤਾ ਹੋਇਆ ਕੰਮ ਮਨੁਖਤਾ ਦੀ, ਮਨੁਖ ਦੀ ਆਜ਼ਾਦੀ ਦੀ ਉਸਾਰੀ ਹੈ, ਮਨੁਖ ਦੀ ਸਫਲਤਾ ਹੈ। ਨਾਮ ਦੀ ਤਰਜ਼ੇ-ਜ਼ਿੰਦਗੀ ਵਿਚ ਮਾਇਆ ਦੇ ਮੋਹ ਦੀ ਥਾਂ ਮਨੁਖ ਦਾ ਮੂਲ ਮਨੋਰਥ ਸਰਬਤ ਦਾ ਪਿਆਰ ਹੈ। ਉਸ ਤਰਜ਼ੇ-ਜ਼ਿੰਦਗੀ ਵਿਚ ਸਭ ਸਮਾਜਕ ਮਨੁਖੀ ਰਿਸ਼ਤੇ, ਸਭ ਸੰਸਥਾਵਾਂ ਸਰਬਤ ਦੇ ਪਿਆਰ 'ਤੇ ਆਧਾਰਤ ਹੁੰਦੀਆਂ ਹਨ। ਸਰਬਤ ਦੇ ਪਿਆਰ ਦੇ ਆਧਾਰ 'ਤੇ ਕੀਤਾ ਕੰਮ ਹੀ ਸਹੀ ਅਰਥਾਂ ਵਿਚ ਕੰਮ ਹੁੰਦਾ ਹੈ। ਸਰਬਤ ਦੀ ਸੇਵਾ ਹੁੰਦਾ ਹੈ। ਇਸ ਕੰਮ ਵਿਚ ਕੰਮ ਕਰਨ ਵਾਲੇ ਦੀ ਤੇ ਜਿਨ੍ਹਾਂ ਵਾਸਤੇ ਕੀਤਾ ਜਾਂਦਾ ਹੈ, ਦੋਹਾਂ ਧਿਰਾਂ ਦੀ ਸਫਲਤਾ ਹੁੰਦੀ ਹੈ। ਨਾਮ ਦੀ ਤਰਜ਼ੇ-ਜ਼ਿੰਦਗੀ ਵਿਚ ਸਮਾਜਕ ਮਨੁਖੀ ਰਿਸ਼ਤੇ ਤੇ ਸਮਾਜਕ ਸੰਸਥਾਵਾਂ ਚੂੰਕਿ ਨਾਮ 'ਤੇ, ਸਰਬਤ ਦੇ ਪਿਆਰ 'ਤੇ ਆਧਾਰਤ ਹੁੰਦੀਆਂ ਹਨ, ਉਹ ਗੁਲਾਮੀ ਦੀਆਂ ਫਾਹੀਆਂ ਦੀ ਥਾਂ ਮਨੁਖ ਦੀ ਆਜ਼ਾਦੀ ਦਾ, ਉਸ ਦੀ ਸਫਲਤਾ ਦਾ ਵਸੀਲਾ ਹੁੰਦੀਆਂ ਹਨ। ਇਸ



Digitized by Panjab Digital Library | www.panjabdigilib.org

ਤਰਜ਼ੇ-ਜ਼ਿੰਦਗੀ ਵਿਚ ਮਨੁਖ (ਗੁਰਮੁਖ) ਜਿੰਨਾ ਵੀ ਉੱਦਮ ਕਰੇ, ਜਿੰਨਾਂ ਭੀ ਪੌਰਖੀ ਹੋਵੇ, ਉਨ੍ਹਾਂ ਹੀ ਥੋੜਾ ਹੈ। ਉਹ ਜੋ ਵੀ ਕਰੇਗਾ ਨੇਕੀ ਦਾ ਕੰਮ ਹੀ ਕਰੇਗਾ; ਮਨੁਖਤਾ, ਮਨੁਖ ਦੀ ਆਜ਼ਾਦੀ ਹੀ ਉਸਾਰੇਗਾ, ਬਦੀ ਦਾ ਬੀਜ ਨਾਸ ਕਰੇਗਾ।

ਸਾਰੀ ਤਰਜ਼ੇ-ਜ਼ਿੰਦਗੀ ਇਕ ਇਕਾਈ ਹੁੰਦੀ ਹੈ। ਉਸ ਦੀ ਤੋਰ, ਤਾਸੀਰ ਇਕ ਹੀ ਹੁੰਦੀ ਹੈ। ਕੰਮ ਹੋਵੇ, ਸਮਾਜਕ ਰਿਸ਼ਤੇ, ਸਮਾਜਕ ਸੰਸਥਾਵਾਂ, ਮਨੁਖ ਦੀ ਬਣਤਰ, ਉਸ ਦੇ ਮਨੋਰਥ, ਗੱਲ ਕੀ ਤਰਜ਼ੇ-ਜ਼ਿੰਦਗੀ ਦਾ ਕੋਈ ਅੰਗ ਪੱਖ ਵੀ ਹੋਵੇ, ਉਸ ਦੀ ਤਾਸੀਰ ਹਰ ਥਾਂ ਪ੍ਰਵੇਸ਼ ਕਰਦੀ ਹੈ। ਜਿਸ ਤਰ੍ਹਾਂ ਇਨ੍ਹਾਂ ਦੋਹਾਂ ਤਰਜ਼ੇ-ਜ਼ਿੰਦਗੀਆਂ ਦੇ ਮਨੁਖਾਂ ਦੀ ਕਿਸਮ, ਉਨ੍ਹਾਂ ਦੇ ਮਨੋਰਥਾਂ, ਸਮਾਜਕ ਰਿਸ਼ਤਿਆਂ ਆਦਿ ਦਾ ਆਪਸ ਵਿਚ ਮੁਢੋਂ ਲੈ ਕੇ ਅਖੀਰ ਤਕ ਵਿਰੋਧ ਹੈ, ਇਸ ਤਰ੍ਹਾਂ ਹੀ ਇਨ੍ਹਾਂ ਤਰਜ਼ੇ-ਜ਼ਿੰਦਗੀਆਂ ਦੀਆਂ ਸਮਾਜਕ ਸੰਸਥਾਵਾਂ ਦੀ ਤਾਸੀਰ ਦੀ ਵੀ ਆਪਸ ਵਿਚ ਕੋਈ ਸਾਂਝ ਨਹੀਂ ਹੈ। ਮਿਸਾਲ ਵਜੋਂ ਤਿੰਨ ਸੰਸਥਾਵਾਂ ਲਈਆਂ ਜਾ ਸਕਦੀਆਂ ਹਨ। **ਸਟੇਟ, ਕਲਚਰ** — ਵਿਚਾਰ-ਧਾਰਕ ਅਡੰਬਰ, ਅਤੇ ਪਤੀ ਪਤਨੀ ਦਾ ਰਿਸ਼ਤਾ — **ਵਿਆਹ**।

ਮਾਇਆ ਦੀ ਤਰਜ਼ੇ-ਜ਼ਿੰਦਗੀ ਵਿਚ ਹਰ ਸਮਾਜਕ ਰਿਸ਼ਤਾ, ਹਰ ਸੰਸਥਾ, ਸਭ ਕੁਛ ਹੀ ਵਸੋਂ ਵਾਸਤੇ ਫਾਹੀ ਹੈ। **ਸਟੇਟ** ਸਭ ਸੰਸਥਾਵਾਂ ਨਾਲੋਂ ਸਿਖਰ 'ਤੇ ਹੁੰਦੀ ਹੈ, ਸਭ ਨਾਲੋਂ ਤਾਕਤਵਰ ਹੁੰਦੀ ਹੈ। ਮਾਇਆ ਦੀ ਤਰਜ਼ੇ-ਜ਼ਿੰਦਗੀ ਵਿਚ ਸਟੇਟ ਸਭ ਨਾਲੋਂ ਜ਼ਿਆਦਾ ਚੜਵੇ ਵੱਢ ਹੁੰਦੀ ਹੈ। "ਰਾਜੇਸੀਹ ਮੁਕਦਮ ਕੁਤੇ। ਜਾਇ ਜਗਾਇਨਿ ਬੈਠੇ ਸੁਤੇ। ਚਾਕਰ ਨਹ ਦਾ ਪਾਇਨਿ ਘਾਉ। ਰਤੁ ਪਿਤੁ ਕੁਤਿਹੋ ਚਟਿ ਜਾਹੁ।" "ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਉਡਰਿਆ।" ਇਹ ਸਟੇਟ ਵਸੋਂ 'ਤੇ ਹਰ ਤਰ੍ਹਾਂ ਛਾਪਾ ਮਾਰਦੀ ਹੈ। ਉਸ ਦੀਆਂ ਮੁਸ਼ਕਾਂ ਬੰਨ੍ਹ ਕੇ ਰਖਦੀ ਹੈ। ਉਸ ਦੇ ਸਿਰ 'ਤੇ ਸਵਾਰ ਰਹਿੰਦੀ ਹੈ। ਦਾਹਵਾ ਇਹ ਕਰਦੀ ਹੈ ਕਿ ਇਹ ਰਈਅਤ ਦੀ ਮਾਈ ਬਾਪ ਹੈ, ਪਰ ਅਸਲ ਵਿਚ ਹੁੰਦੀ ਹੈ ਰਈਅਤ ਦੀ ਵੈਰਨ। ਇਸ ਦੇ ਮੁਕਾਬਲੇ ਉਤੇ ਨਾਮ ਵਾਲੀ ਤਰਜ਼ੇ-ਜ਼ਿੰਦਗੀ ਵਿਚ ਸਟੇਟ ਸਤਿਗੁਰੂ ਹੈ। ਉਹ ਸੱਚਾ ਪਾਤਸ਼ਾਹ ਹੈ (ਉਸ ਦੇ ਮੁਕਾਬਲੇ 'ਤੇ ਮਾਇਆ ਦੀ ਤਰਜ਼ੇ-ਜ਼ਿੰਦਗੀ ਦਾ ਬਾਦਸ਼ਾਹ ਝੂਠਾ ਪਾਤਸ਼ਾਹ ਹੁੰਦਾ ਹੈ) ਸਤਿਗੁਰੂ ਸੱਚਾ ਪਾਤਸ਼ਾਹ ਇਸ ਵਾਸਤੇ ਹੈ ਕਿ ਉਹ ਨਾਮ ਦੇਂਦਾ ਹੈ। ਨਾਮ ਗ੍ਰਹਿਣ ਕਰਕੇ ਮਨੁਖ ਮਾਇਆ ਦੇ ਬੰਧਨ ਨੂੰ ਆਪਣੇ ਦਵਾਲਿਉਂ ਤੋੜਦਾ ਹੈ, ਆਜ਼ਾਦ ਹੁੰਦਾ ਹੈ। ਸਤਿਗੁਰੂ ਸਰਬਤ ਦੇ ਪਿਆਰ 'ਤੇ ਆਧਾਰਤ ਤਰਜ਼ੇ-ਜ਼ਿੰਦਗੀ ਉਸਾਰਨ ਵਾਸਤੇ ਜੂਝਦਾ ਹੈ। ਪ੍ਰਬੰਧਕ ਤੌਰ 'ਤੇ ਉਹ ਪਾਤਸ਼ਾਹ ਰਹਿਣਾ ਹੀ ਨਹੀਂ ਚਾਹੁੰਦਾ। ਹਰ ਮੁਮਕਿਨ ਕੋਸ਼ਿਸ਼ ਨਾਲ ਉਹ ਚਾਹੁੰਦਾ ਹੈ ਕਿ ਸਾਰੀ ਦੁਨੀਆਂ ਉਤੇ ਸੰਤ ਭਗਤ ਹੀ ਵਸਣ ਅਤੇ ਸਟੇਟ ਦੀ ਲੋੜ ਹੀ ਨਾ ਹੋਵੇ। ਉਹ ਪਾਤਸ਼ਾਹੀ ਭਗਤ ਜਨਾਂ ਨੂੰ ਦੇਂਦਾ ਹੈ। ਸੰਗਤ ਇੱਕੀ ਹਿੱਸੇ ਹੁੰਦੀ ਹੈ ਅਤੇ ਗੁਰੂ ਵੀਹ ਹਿੱਸੇ।[1]



Digitized by Panjab Digital Library | www.panjabdigilib.org

**ਕਲਚਰ** ਦਾ ਰੂਪ, ਵਿਚਾਰਧਾਰਕ ਅਡੰਬਰ ਉਸ ਵੇਲੇ ਮਜ਼ਬੀ ਸੀ। ਮਾਇਆ ਦੇ ਨਿਜ਼ਾਮ ਵਿਚ ਕਾਬਜ਼ ਮਜ਼ਬੀ ਸੰਸਥਾਵਾਂ, ਸਟੇਟ ਵਾਂਗ ਹੀ, ਰਈਅਤ ਵਾਸਤੇ ਉਜਾੜੇ ਦੀ ਥਾਂ ਹੁੰਦੀਆਂ ਹਨ। "ਕਾਜੀ ਕੂੜੁ ਬੋਲਿ ਮਲੁ ਖਾਇ। ਬ੍ਰਾਹਮਣ ਨਾਵੈ ਜੀਆ ਘਾਇ। ਜੋਗੀ ਜੁਗਤਿ ਨ ਜਾਣੈ ਅੰਧੁ। ਤੀਨੇ ਉਜਾੜੇ ਦਾ ਬੰਧੁ।" "ਕੂੜ ਬੋਲਿ ਮੁਰਦਾਰੁ ਖਾਇ। ਅਵਰੀ ਨੋ ਸਮਝਾਵਣਿ ਜਾਇ। ਮੁਠਾ ਆਪਿ ਮੁਹਾਏ ਸਾਥੈ। ਨਾਨਕ ਐਸਾ ਆਗੂ ਜਾਪੈ।" ਇਸ ਦੇ ਵਿਰੁਧ ਨਾਮ ਦੀ ਤਰਜ਼ੇ-ਜ਼ਿੰਦਗੀ ਵਿਚ ਮਜ਼ਬੀ ਸੰਸਥਾ ਸਤਿਗੁਰੂ ਸੀ। ਉਹ ਨਾਮ ਦਾ ਪ੍ਰਵੇਸ਼ ਕਰਾਉਂਦਾ ਸੀ। ਉਸ ਤਰਜ਼ੇ-ਜ਼ਿੰਦਗੀ ਵਿਚ "ਸਾਹੁਰੜੀ ਵਥੁ ਸਭੁ ਕਿਛ ਸਾਂਝੀ" ਹੈ। ਕਿਸੇ ਦੇ ਉਜਾੜੇ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

ਸਟੇਟ ਤੇ ਕਲਚਰ ਦੇ ਨਾਲ ਤੀਸਰੀ ਸੰਸਥਾ **ਇਸਤਰੀ ਮਰਦ ਦਾ ਰਿਸ਼ਤਾ** ਹੈ। ਮਾਇਆ ਦੀ ਤਰਜ਼ੇ-ਜ਼ਿੰਦਗੀ ਵਿਚ ਇਸ ਦੀ ਤਾਸੀਰ ਇਸ ਦੀ ਸਟੇਟ ਦੀ ਤਾਸੀਰ ਨਾਲੋਂ ਵਖਰੀ ਨਹੀਂ ਹੋ ਸਕਦੀ। ਮਾਇਆ ਦੀ ਕਰਨੀ ਜ਼ਿੰਦਗੀ ਦੇ ਹਰ ਪਹਿਲੂ ਵਿਚ ਲਾਜ਼ਮੀ ਇਕੋ ਹੀ ਹੋਵੇਗੀ। "ਰੰਨਾ ਹੋਈਆ ਬੋਧੀਆ ਪੁਰਸ ਹੋਏ ਸਈਆਦ।" ਇਸ ਤਰਜ਼ੇ-ਜ਼ਿੰਦਗੀ ਵਿਚ ਮਰਦ ਸ਼ਿਕਾਰੀ ਹੈ ਅਤੇ ਉਹ ਔਰਤ ਦਾ ਸ਼ਿਕਾਰ ਕਰਦਾ ਹੈ। ਇਸ ਦੇ ਵਿਰੁਧ ਨਾਮ ਵਾਲੀ ਤਰਜ਼ੇ-ਜ਼ਿੰਦਗੀ ਵਿਚ ਪਤੀ ਪਤਨੀ ਦਾ ਰਿਸ਼ਤਾ ਪ੍ਰਸਪਰ ਪਿਆਰ 'ਤੇ ਆਧਾਰਤ ਹੈ। "ਧਨ ਪਿਰੁ ਏਹਿ ਨ ਆਖੀਅਨਿ ਬਹਨਿ ਇਕਠੇ ਹੋਇ। ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ।"

ਜ਼ਾਹਿਰ ਹੈ ਕਿ ਮਾਇਆ ਦੀ ਤਰਜ਼ੇ-ਜ਼ਿੰਦਗੀ ਮਨੁਖ ਵਾਸਤੇ ਗੁਲ਼ਾਮੀ ਹੈ, ਅਤੇ ਰਈਅਤ ਵਾਸਤੇ ਦੋਜ਼ਖ। ਇਸ ਕੋਲੋਂ ਮਨੁਖ ਵਾਸਤੇ ਭਲਾ ਮੁਮਕਿਨ ਨਹੀਂ। "ਇਸ ਜਰ ਕਾਰਣਿ ਘਣੀ ਵਿਗੁਤੀ ਇਨਿ ਜਰ ਘਣੀ ਖੁਆਈ।" ਸਮਾਜਕ ਦਸ਼ਾ ਕੀ ਹੈ? "ਕਲਿ ਹੋਈ ਕੁਤੇ ਮੁਹੀ ਖਾਜੁ ਹੋਆ ਮੁਰਦਾਰੁ। ਕੂੜ ਬੋਲ ਭਉਕਣਾ ਚੂਕਾ ਧਰਮ ਬੀਚਾਰ।" "ਲਬ ਪਾਪੁ ਦੁਇ ਰਾਜਾ ਮਹਤਾ ਕੂੜ ਹੋਆ ਸਿਕਦਾਰ।" "ਅੰਧੀ ਰਯਤਿ ਗਿਆਨ ਵਿਹੂਣੀ ਭਾਹ ਭਰੇ ਮੁਰਦਾਰ।" "ਕਲਿ ਕਾਤੀ ਰਾਜੇ ਕਾਸਾਈ ਧਰਮ ਪੰਖ ਕਰ ਉਡਰਿਆ। ਕੂੜ ਅਮਾਵਸ ਸਚੁ ਚੰਦਰਮਾ ਦੀਸੈ ਨਾਹੀ ਕਹ ਚੜਿਆ।" "ਹੰਸ ਹੇਤੁ ਲੋਭੁ ਕੋਪੁ ਚਾਰੇ ਨਦੀਆ ਅਗਿ। ਪਵਹਿ ਦਝਹਿ ਨਾਨਕਾ ਤਰੀਐ ਕਰਮੀ ਲਗਿ।" "ਦੁਨੀਆ ਮੁਰਦਾਰ ਖੁਰਦਨੀ ਗਾਫਲ ਹਵਾਇ। ਰਹਾਉ। ਗੈਬਾਨ ਹੈਵਾਨ ਹਰਾਮ ਕੁਸਤਨੀ ਮੁਰਦਾਰ ਬਖੋਰਾਇ।"

ਦੂਸਰੇ ਪਾਸੇ, ਨਾਮ ਦੀ ਤਰਜ਼ੇ-ਜ਼ਿੰਦਗੀ ਵਿਚ ਹੈ ਹੀ ਮਨੁਖਤਾ। ਉਥੇ "ਮਾਨਸ ਕੀ ਜਾਤਿ ਸਭੈ ਏਕੈ ਪਹਿਚਾਨਬੋ" ਹੈ। ਗੁਰਬਾਣੀ ਦੇ ਮੁਤਾਬਿਕ ਰੱਬ ਨੇ ਧਰਤੀ ਸਾਜੀ ਹੀ ਇਸ ਵਾਸਤੇ ਸੀ ਕਿ ਸਭ ਮਨੁਖ, ਸੰਤਾਂ ਭਗਤਾਂ ਦੀ ਸੰਗਤ ਬਣ ਕੇ, ਧਰਤੀ ਉਤੇ



Digitized by Panjab Digital Library | www.panjabdigilib.org

ਵਸਣ । "ਸੰਤਾਂ ਹੇਤਿ ਪ੍ਰਭਿ ਤ੍ਰਿਭਵਣ ਧਾਰੇ ।" "ਗੁਰਮੁਖ ਧਰਤੀ ਸਾਚੇ ਸਾਜੀ ।" "ਗੁਰ-ਮੁਖ ਕੀਤੋ ਥਾਟ ਸਿਰਜਿ ਸੰਸਾਰਿਆ ।" "ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮਸਾਲ ।" "ਠਾਕੁਰ ਸਿਉ ਜਾਕੀ ਬਨਿ ਆਈ । ਭੋਜਨ ਪੂਰਨ ਰਹੇ ਅਘਾਈ । ਕਛੂ ਨ ਥੋਰਾ ਹਰਿ ਭਗਤਨ ਕਉ ।" "ਜਾ ਤੂ ਮੇਰੈ ਵਲਿ ਹੈ ਤਾ ਕਿਆ ਮੁਹਛੰਦਾ । ਤੁਧੁ ਸਭ ਕਿਛੁ ਮੈਨੋ ਸਉਪਿਆ ਜਾ ਤੇਰਾ ਬੰਦਾ । ਲਖਮੀ ਤੋਟਿ ਨ ਆਵਈ ਖਾਇ ਖਰਚਿ ਰਹੰਦਾ ।" ਨਾਮ ਦੀ ਤਰਜ਼ੇ-ਜ਼ਿੰਦਗੀ ਵਿਚ ਕਿਸੇ ਗੱਲ ਦੀ ਤੋਟ ਆਉਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ।

ਮਾਇਆ ਵਾਲੀ ਤਰਜ਼ੇ-ਜ਼ਿੰਦਗੀ ਦੀ ਕਲਚਰ ਦਾ ਮੂਲ ਕੀ ਹੈ ? ਇਸ ਦਾ ਮੂਲ ਹੈ : **ਪੈਸਾ-ਪ੍ਰਸਤੀ** । "ਮਾਇਆ ਮਨਹੁ ਨ ਵੀਸਰੈ ਮਾਂਗੈ ਦੰਮਾ ਦੰਮ ।" ਇਸ ਦੇ ਉਲਟ ਨਾਮ ਵਾਲੀ ਤਰਜ਼ੇ-ਜ਼ਿਦਗੀ ਦੀ ਕਲਚਰ ਦਾ ਮੂਲ ਕੀ ਹੈ ? **ਸਰਬਤ ਦਾ ਪਿਆਰ**। "ਸਤ ਸੰਗਤਿ ਕੈਸੀ ਜਾਣੀਐ । ਜਿਥੈ ਏਕੋ ਨਾਮੁ ਵਖਾਣੀਐ ।"

ਨਾਮ ਤੇ ਮਾਇਆ ਵਾਲੀਆਂ ਤਰਜ਼ੇ-ਜ਼ਿੰਦਗੀਆਂ ਦੀਆਂ ਸਮਾਜਕ ਮਨੁੱਖੀ ਕੀਮਤਾਂ ਦਾ ਆਪਸ ਵਿਚ ਆਮ੍ਹੋ ਸਾਹਮਣਾ ਵਿਰੋਧ ਹੈ । "ਨਾਉ ਫਕੀਰੈ ਪਾਤਿਸਾਹੁ ਮੂਰਖ ਪੰਡਿਤੁ ਨਾਉ । ਅੰਧੇ ਕਾ ਨਾਉ ਪਾਰਖੂ ਏਵੈ ਕਰੇ ਗੁਆਉ । ਇਲਤਿ ਕਾ ਨਾਉ ਚਉਧਰੀ ਕੂੜੀ ਪੂਰੇ ਥਾਉ । ਨਾਨਕ ਗੁਰਮੁਖਿ ਜਾਣੀਐ ਕਲਿ ਕਾ ਏਹੁ ਨਿਆਉ ।"

ਮਾਇਆ ਦੀ ਤਰਜ਼ੇ-ਜ਼ਿੰਦਗੀ ਦੇ ਵਿਚ ਜੋ ਸਮਾਜ ਦਾ ਸਿਖਰ ਹੈ, ਉਹ ਪਾਤਸ਼ਾਹ ਹੈ ; ਨਾਮ ਦੀ ਤਰਜ਼ੇ-ਜ਼ਿੰਦਗੀ ਦੇ ਮੁਤਾਬਿਕ ਉਹ ਕੰਗਾਲ ਹੈ । ਉਸ ਦੇ ਹੱਥ ਪੱਲੇ ਕੁਝ ਨਹੀਂ । ਅਸਲੀ ਦੌਲਤੋਂ ਉਹ ਖਾਲਮ-ਖਾਲੀ ਹੈ । ਮਾਇਆ ਦੀ ਤਰਜ਼ੇ-ਜ਼ਿੰਦਗੀ ਵਿਚ ਜੋ ਗਿਆਨਵਾਨ ਹੈ, ਪਾਰਖੂ ਹੈ, ਨਾਮ ਵਾਲੀ ਦੇ ਮੁਤਾਬਿਕ ਉਹ ਮੂਰਖ ਤੇ ਅੰਨ੍ਹਾ ਹੈ । ਮਾਇਆ ਦੀ ਤਰਜ਼ੇ-ਜ਼ਿੰਦਗੀ ਦੇ ਸਭ ਚਉਧਰੀ, ਸਭ ਲੀਡਰ ਇਲਤੀ ਹਨ । ਉਥੇ ਚੋਰ ਉਚੱਕਾ ਚੌਧਰੀ, ਗੁੰਡੀ ਰੰਨ ਪ੍ਰਧਾਨ ਹੈ । ਸਪੱਸ਼ਟ ਹੈ ਕਿ ਜੋ ਇਕ ਤਰਜ਼ੇ-ਜ਼ਿੰਦਗੀ ਵਾਸਤੇ ਅੰਮ੍ਰਿਤ ਹੈ, ਉਹ ਦੂਸਰੀ ਵਾਸਤੇ ਜ਼ਹਿਰ ਹੈ । ਇਨ੍ਹਾਂ ਦੋਹਾਂ ਦਾ ਆਪਸ ਵਿਚ ਮੇਲ ਮੁਮਕਿਨ ਨਹੀਂ । "ਭਗਤਾ ਤੇ ਸੰਸਾਰੀਆ ਜੋੜੁ ਕਦੇ ਨ ਆਇਆ ।"

ਗੁਰਬਾਣੀ ਦੇ ਸਾਹਮਣੇ ਮਸਲਾ ਕੀ ਹੈ ? ਮਸਲਾ ਇਹ ਹੈ ਕਿ ਇਹ ਧਰਤੀ ਰੱਬ ਨੇ ਸਾਧਾਂ ਸੰਤਾਂ ਦੀ ਵਸੋਂ ਵਾਸਤੇ ਬਣਾਈ ਸੀ, ਪਰ ਇਸ ਉਤੇ ਕਬਜ਼ਾ ਆਣ ਕੀਤਾ ਹੈ ਚੋਰਾਂ ਨੇ । "ਕਬੀਰ ਧਰਤੀ ਸਾਧ ਕੀ ਤਸਕਰ ਬੈਸਹਿ ਮਾਹਿ ।" ਇਸ ਧਰਤੀ ਉਤੇ ਸਰਦਾਰੀ ਮਨੁੱਖ ਦੀ ਸੀ । "ਅਵਰ ਜੋਨਿ ਤੇਰੀ ਪਨਿਹਾਰੀ । ਇਸੁ ਧਰਤੀ ਮਹਿ ਤੇਰੀ ਸਿਕਦਾਰੀ । ਸੁਇਨਾ ਰੂਪਾ ਤੁਝ ਪਰਿ ਕਾਮ । ਸੀਲੁ ਬਗਾਰਿਓ ਤੇਰਾ ਨਾਮ ।" ਹੁਣ ਸਰਦਾਰੀ ਮਾਇਆ ਦੀ ਹੋ ਗਈ ਹੈ ਅਤੇ ਮਨੁੱਖ ਨੂੰ ਉਸ ਨੇ ਗ਼ੁਲਾਮ



Digitized by Panjab Digital Library | www.panjabdigilib.org

ਬਣਾ ਲਿਆ ਹੈ। ਮਨੁੱਖ, ਵਸਤੂਆਂ ਵਿਚ ਵਸਤੂ ਹੋ ਗਿਆ ਹੈ। ਜ਼ਿੰਦਗੀ ਪੁਠੇ ਰਾਹੇ ਪੈ ਤੁਰੀ ਹੈ। ਇਸ ਨੂੰ ਮੁੜ ਸਿੱਧੇ ਰਾਹੇ ਤੋਰਨਾ ਹੈ। ਪਰ ਜਿਨ੍ਹਾਂ ਚੋਰਾਂ ਨੇ ਇਸ ਧਰਤੀ ਉਤੇ ਕਬਜ਼ਾ ਕਰ ਲਿਆ ਹੈ ਉਹ ਪੋਲੇ ਪੈਰੀਂ ਛੱਡੂ ਨਹੀਂ। ਮਾਇਆ ਦੇ ਬੰਧਨ ਨੂੰ ਤੋੜਨਾ ਕੋਈ ਖ਼ਾਲਾ ਜੀ ਦਾ ਵਾੜਾ ਨਹੀਂ।

ਬੰਦ-ਖਲਾਸ ਹੋਣੀ ਕਿਸ ਤਰ੍ਹਾਂ ਹੈ ? **ਬਲ ਨਾਲ**। "ਬਲ ਹੋਆ ਬੰਧਨ ਛੁਟੇ ਸਭ ਕਿਛੁ ਹੋਤ ਉਪਾਇ।" ਇਸ ਵਾਸਤੇ ਹੀ ਗੁਰੂ ਨਾਨਕ ਸਾਹਿਬ ਨੇ ਤੁਰਦਿਆਂ ਹੀ ਕਹਿ ਦਿਤਾ ਸੀ : "ਜਉ ਤਉ ਪ੍ਰੇਮ ਖੇਲਣ ਕਾ ਚਾਉ। ਸਿਰੁ ਧਰਿ ਤਲੀ ਗਲੀ ਮੇਰੀ ਆਉ। ਇਤੁ ਮਾਰਗਿ ਪੈਰ ਧਰੀਜੈ। ਸਿਰੁ ਦੀਜੈ ਕਾਣਿ ਨ ਕੀਜੈ।"

ਇਨ੍ਹਾਂ ਤਰਜ਼ੇ-ਜ਼ਿੰਦਗੀਆਂ ਦਾ ਆਪਸ ਵਿਚ ਮੁਢੋਂ ਲੈ ਕੇ ਅਖੀਰ ਤਕ ਵਿਰੋਧ ਹੈ। **ਇਹ ਵਿਰੋਧ ਜਮਾਤੀ ਹੈ**। "ਪੇਵਕੜੈ ਧਨ ਵਖੇ" ਜਮਾਤੀ ਸਮਾਜ ਹੈ, ਜੋ ਉਸ ਵਕਤ ਫਿਊਡਲ ਸਮਾਜ ਸੀ। ਉਸ ਵਿਚ ਲੋਕਾਂ ਦੀ ਦਸ਼ਾ "ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ" ਸੀ। ਹਾਕਮ ਜਮਾਤਾਂ ਦੀ ਜਾਇਦਾਦ ਦੀ ਮਾਲਕੀ, ਉਨ੍ਹਾਂ ਦੀ ਤਰਜ਼ੇ-ਜ਼ਿੰਦਗੀ ਲੋਕਾਂ ਦਾ ਲਹੂ ਚੂਸਣ ਤੋਂ ਬਿਨਾਂ ਚਲ ਨਹੀਂ ਸੀ ਸਕਦੀ। ਦੂਸਰੇ ਪਾਸੇ "ਸਹੁਰੜੀ ਵਥੁ ਸਭੁ ਕਿਛੁ ਸਾਂਝੀ" ਲੋਕ-ਹਿੱਤ ਦਾ ਪੈਂਤੜਾ ਹੈ। **ਲੋਕਾਂ ਦਾ ਹਿੱਤ ਮਨੁੱਖੀ ਜ਼ਿੰਦਗੀ ਦੇ ਵਸੀਲਿਆਂ ਦੇ ਸਾਂਝੇ ਹੋਣ ਵਿਚ ਹੈ। ਸਿਰਫ਼ ਸਾਂਝੇ ਹੋਣ ਨਾਲ ਹੀ ਉਹ ਸਭਸ ਨੂੰ ਮਨੁੱਖੀ ਲੋੜਾਂ ਅਨੁਸਾਰ ਮਿਲ ਸਕਦੇ ਹਨ।** ਉਸ ਤੋਂ ਬਗ਼ੈਰ ਸਭਸ ਦੀਆਂ ਮਨੁੱਖੀ ਲੋੜਾਂ ਪੂਰੀਆਂ ਹੋ ਨਹੀਂ ਸਕਦੀਆਂ। ਜੈਸੇ ਸਮਾਜਕ ਰਿਸ਼ਤੇ, ਜੈਸੀਆਂ ਸਮਾਜਕ, ਵਿਚਾਰਧਾਰਕ, ਕਲਚਰਲ, ਸਿਆਸੀ ਸੰਸਥਾਵਾਂ, ਸਟੇਟ, ਮਨੁੱਖ ਦੀ ਕਿਸਮ, ਉਸ ਦੇ ਮਨੋਰਥ ਨਾਮ ਉਸਾਰਦਾ ਹੈ, ਉਹ 'ਵਥੁ' ਸਾਂਝੀ ਹੋਣ ਤੋਂ ਬਗ਼ੈਰ ਉੱਸਰ ਨਹੀਂ ਸਕਦੇ। ਮਾਇਆ ਦਾ ਨਿਜ਼ਾਮ ਕਾਬਜ਼ ਹੋਵੇ ਤਾਂ ਉਸ ਦੇ ਵਿਰੁਧ ਇਨਕਲਾਬੀ ਪੈਂਤੜੇ 'ਤੇ ਆਇਆਂ ਹੀ ਉੱਸਰਦੇ ਹਨ।

ਜ਼ਾਹਿਰ ਹੈ ਕਿ ਲੋਕ-ਹਿੱਤ ਤੇ ਹਾਕਮ ਜਮਾਤਾਂ ਦੇ ਹਿੱਤਾਂ ਦੀ, ਇਨ੍ਹਾਂ ਦੋਹਾਂ ਤਰਜ਼ੇ-ਜ਼ਿੰਦਗੀਆਂ ਦੀ ਆਪਸ ਵਿਚ ਰਸਾਈ ਹੋਣੀ ਅਸੰਭਵ ਹੈ। ਇਨ੍ਹਾਂ ਦੋਹਾਂ ਦਾ ਆਪਸ ਵਿਚ ਵੈਰ ਇਨ੍ਹਾਂ ਦੇ ਹੱਡਾਂ ਦਾ ਵੈਰ ਹੈ। **ਸਿੱਖ-ਲਹਿਰ ਕਿਸਾਨਾਂ, ਕਾਰੀਗਰਾਂ, ਕੰਮੀਆਂ ਤੇ ਕਾਮਿਆਂ ਦੀ ਫਿਊਡਲ ਦੇ ਵਿਰੁਧ ਆਪਣੀ ਆਜ਼ਾਦੀ ਵਾਸਤੇ ਇਨਕਲਾਬੀ ਜਦੋ-ਜਹਿਦ ਸੀ ਅਤੇ ਗੁਰਬਾਣੀ ਉਸ ਲਹਿਰ ਦੀ ਵਿਚਾਰਧਾਰਾ, ਮਜ਼ਬੀ ਰੂਪ ਵਿਚ ਮਨੁੱਖ ਦੀ, ਸਰਬਤ ਦੀ ਆਜ਼ਾਦੀ ਦਾ ਸੱਚ।**

ਕਈ ਵਿਆਖਿਆਕਾਰ ਗੁਰਬਾਣੀ ਦੀ ਵਿਆਖਿਆ ਐਸ ਤਰ੍ਹਾਂ ਕਰਦੇ ਹਨ ਜਿਵੇਂ ਨਾਮ ਗ੍ਰਹਿਣ ਕਰਕੇ, ਉਸ ਦੀ ਸਮਾਜਕ ਮਨੁੱਖੀ ਅਮਲ ਵਿਚ ਤਰਜ਼ਮਾਨੀ ਕਰਦਾ ਹੋਇਆ, ਦੂਸਰੇ ਲਫ਼ਜ਼ਾਂ ਵਿਚ, ਸਹੀ ਅਰਥਾਂ ਵਿਚ ਨਾਮ ਗ੍ਰਹਿਣ ਕਰਦਾ ਹੋਇਆ ਮਨੁੱਖ



Digitized by Panjab Digital Library | www.panjabdigilib.org

ਮਾਇਆ ਦੀ ਕਾਬਜ਼ ਤਰਜ਼ੇ-ਜ਼ਿੰਦਗੀ ਨਾਲ ਰਸਾਈ ਪੈਦਾ ਕਰਕੇ ਜੀਵਨ ਗੁਜ਼ਾਰ ਸਕਦਾ ਹੈ। ਇਸ ਤਰ੍ਹਾਂ ਦੀ ਗੁਰਬਾਣੀ ਦੀ ਵਿਆਖਿਆ ਕਰਨਾ ਗ਼ਲਤ ਹੈ, ਬਾਣੀ ਨਾਲ ਬੇਇਨਸਾਫ਼ੀ ਹੈ। ਕੂੜ ਤੋਲਣ ਦੇ ਤੁੱਲ ਹੈ। **ਨਾਮ ਤੇ ਮਾਇਆ ਦੀ ਆਪਸ ਵਿਚ ਕਿਸੇ ਕਿਸਮ ਦੀ ਰਸਾਈ ਮੁਮਕਿਨ ਨਹੀਂ।**

ਮਾਇਆ ਦੀ ਤਰਜ਼ੇ-ਜ਼ਿੰਦਗੀ ਨਾਲ ਰਸਾਈ ਤਾਂ ਹੀ ਹੋ ਸਕਦੀ ਹੈ, ਜੇ, ਜਾਂ ਤਾਂ ਨਾਮ ਨੂੰ ਜ਼ਬਾਨੀ ਜਮ੍ਹਾਂ-ਖ਼ਰਚ ਹੀ ਬਣਾ ਲਿਆ ਜਾਵੇ, ਅਤੇ ਜਾਂ ਗੁਰਬਾਣੀ ਦੇ ਮੂਲ ਨੂੰ ਵਿਗਾੜਿਆ ਜਾਵੇ। ਸੱਚ ਤਾਂ ਇਹ ਹੈ ਕਿ ਇਹੀ ਕੰਮ ਹਰ ਹਾਕਮ ਜਮਾਤ ਦੀ ਕਲਚਰ ਕਰਦੀ ਆਈ ਹੈ, ਕਰ ਰਹੀ ਹੈ। ਜਦੋਂ ਸਮਾਜਕ ਸਥਿਤੀ ਇਨਕਲਾਬੀ ਨਾ ਰਹੇ, ਹਰ ਹਾਕਮ ਜਮਾਤ ਇਨਕਲਾਬੀ ਵਿਚਾਰਧਾਰਾ ਦੀ ਵੀ ਆਪਣੇ ਹਿੱਤ ਅਨੁਸਾਰ ਸੁਧਾਈ ਕਰ ਲੈਂਦੀ ਹੈ ਅਤੇ ਉਸ ਨੂੰ ਆਪਣੇ ਹਿੱਤ ਵਾਸਤੇ ਵਰਤਦੀ ਹੈ। ਇਹੋ ਹੀ ਗੱਲ ਅਜ ਗੁਰਬਾਣੀ ਦੇ ਕਈ ਵਿਆਖਿਆਕਾਰ ਕਰ ਰਹੇ ਹਨ। ਗੁਰਬਾਣੀ ਦੇ ਸੱਚ ਨਾਲ ਧਰੋਹ ਕਮਾ ਰਹੇ ਹਨ।

ਸਿੱਖ-ਲਹਿਰ ਤੇ ਕਾਬਜ਼ ਨਿਜ਼ਾਮ ਦਾ ਆਪਸ ਵਿਚ ਵਿਰੋਧ ਜਮਾਤੀ ਸੀ। ਉਨ੍ਹਾਂ ਦਾ ਆਪਸ ਵਿਚ ਟਕਰਾਉਣਾ ਲਾਜ਼ਮੀ ਸੀ, ਵਕਤ ਦਾ ਤਕਾਜ਼ਾ ਸੀ। ਸਿੱਖ-ਲਹਿਰ ਨਾਮ ਗ੍ਰਹਿਣ ਕਰਾਉਂਦੀ ਸੀ, ਮਾਇਆ ਦੀ ਵਹਿਸ਼ਤ ਨੂੰ ਉਘੇੜਦੀ ਸੀ, ਲੋਕਾਂ ਦੀ ਪੂਰਨ ਵਫ਼ਾਦਾਰੀ ਲਹਿਰ ਦੇ ਲੀਡਰ, ਸਤਿਗੁਰੂ, ਨੂੰ ਦਿਵਾਉਂਦੀ ਸੀ। ਕਾਬਜ਼ ਨਿਜ਼ਾਮ ਦੀ ਸਟੇਟ ਦੇ ਵਿਰੁਧ ਉਹ ਆਪਣੀ ਸਟੇਟ ਉਸਾਰੀ ਆਉਂਦੀ ਸੀ। ਕਾਬਜ਼ ਨਿਜ਼ਾਮ ਦੀ ਸਟੇਟ ਨੂੰ ਉਹ ਜਾਬਰ, ਡਾਕੂ ਤੇ ਲਹੂ-ਚੂਸ ਤੇ ਉਸ ਦੇ ਬਾਦਸ਼ਾਹ ਨੂੰ ਝੂਠਾ ਪਾਤਸ਼ਾਹ ਕਰਾਰ ਦੇਂਦੀ ਸੀ। ਝੂਠੇ ਪਾਤਸ਼ਾਹ ਦੇ ਵਿਰੁਧ ਸਤਿਗੁਰੂ ਸੱਚਾ ਪਾਤਸ਼ਾਹ ਸੀ। ਚੂੰਕਿ ਸਿੱਖ-ਲਹਿਰ ਦਾ ਜਮਾਤੀ ਪੈਂਤੜਾ ਇਨਕਲਾਬੀ ਸੀ, ਉਸ ਨੇ ਆਪਣੀ ਸਟੇਟ ਲਾਜ਼ਮੀ ਉਸਾਰਨੀ ਸੀ। ਕਾਬਜ਼ ਨਿਜ਼ਾਮ ਤੇ ਉਸ ਦੀ ਸਟੇਟ ਦੇ ਵਿਰੁਧ ਲੋਕਾਂ ਦੀ ਪੂਰਨ ਵਫ਼ਾਦਾਰੀ ਜਿਤਣੀ ਸੀ, ਜਥੇਬੰਦ ਕਰਨੀ ਸੀ।

ਦੂਸਰੇ ਪਾਸੇ ਤੋਂ, ਕਾਬਜ਼ ਨਿਜ਼ਾਮ ਦੀ ਸਟੇਟ ਨੇ ਇਸ ਨੂੰ ਜਰਨਾ ਕਿਸ ਤਰ੍ਹਾਂ ਸੀ ? ਪੈਂਤੜਿਆਂ ਤੋਂ ਹੀ ਦੋਹਾਂ ਦਾ ਆਪਸ ਵਿਚ ਟਕਰਾਅ ਆਮ੍ਹੋ-ਸਾਹਮਣਾ ਸੀ। ਜਿਸ ਜਿਸ ਮੌਕੇ ਅਮਲੀ ਤੌਰ 'ਤੇ ਟਕਰਾਅ ਹੋਇਆ, ਵਕਤੀ ਕਾਰਨ ਵੀ ਬਣਨੇ ਹੀ ਸਨ। ਉਹ ਬਣੇ। ਇਨ੍ਹਾਂ ਵਕਤੀ ਕਾਰਨਾਂ ਰਾਹੀਂ ਹੀ ਬੁਨਿਆਦੀ ਕਾਰਨ ਨੇ ਪ੍ਰਵੇਸ਼ ਕੀਤਾ। ਹਾਲਾਤ ਦੇ ਉਸ ਖ਼ਾਸ ਪ੍ਰਸੰਗ ਵਿਚ ਵਕਤੀ ਕਾਰਨ ਬੁਨਿਆਦੀ ਕਾਰਨ ਦੇ ਪ੍ਰਵੇਸ਼ ਦਾ ਰੂਪ ਸਨ। ਮੂਲ ਕਾਰਨ ਦੇ ਪ੍ਰਸੰਗ ਵਿਚ ਵਕਤੀ ਕਾਰਨਾਂ ਦਾ ਵੀ ਰੋਲ ਹੁੰਦਾ ਹੈ। ਇਸ ਵਾਸਤੇ ਹੀ ਉਹ ਹੋਂਦ ਵਿਚ ਆਉਂਦੇ ਹਨ। ਪਰ ਉਹ ਬੁਨਿਆਦੀ ਕਾਰਨ ਨਹੀਂ ਹੁੰਦੇ। ਵਕਤੀ ਕਾਰਨਾਂ ਨੂੰ ਬੁਨਿਆਦੀ ਕਾਰਨ ਸਮਝ ਲੈਣਾ ਅਤੇ



Digitized by Panjab Digital Library | www.panjabdigilib.org

ਬੁਨਿਆਦੀ ਕਾਰਨ ਤਕ ਪਹੁੰਚਣਾ ਹੀ ਨਾ, ਇਤਿਹਾਸ ਨੂੰ ਗ਼ਲਤ ਸਮਝਣਾ ਹੈ। ਇਸ ਤੋਂ ਉਪਰੰਤ ਇਹ ਵੀ ਗੱਲ ਨਜ਼ਰ-ਅੰਦਾਜ਼ ਨਹੀਂ ਕਰਨੀ ਚਾਹੀਦੀ ਕਿ ਜਦੋਂ ਕਾਬਜ਼ ਸਟੇਟ ਨੂੰ ਇਨਕਲਾਬੀ ਵੰਗਾਰ ਦਾ ਸਾਹਮਣਾ ਕਰਨਾ ਪੈਂਦਾ ਹੈ ਤਾਂ ਉਹ ਆਪਣਾ ਹਰ ਹਥਿਆਰ ਵਰਤਦੀ ਹੈ। ਹਰ ਮੁਮਕਿਨ ਤਅੱਸਬ ਨੂੰ ਇਸਤੇਮਾਲ ਕਰਦੀ ਹੈ। ਉਸ ਵੇਲੇ ਦੀ ਕਾਬਜ਼ ਸਟੇਟ ਨੇ ਵੀ, ਆਪਣੇ ਲਈ ਖਤਰਾ ਮਹਿਸੂਸ ਕਰਦਿਆਂ, ਹਰ ਸਟੇਟ ਵਾਂਗ ਹਰ ਤਅੱਸਬ ਨੂੰ, ਮਜ਼ਬੀ ਤਅੱਸਬ ਨੂੰ ਵੀ ਵਰਤਿਆ। ਪਰ ਸਟੇਟ ਵਲੋਂ ਮਜ਼ਬੀ ਤਅੱਸਬ ਨੂੰ ਵਰਤੇ ਜਾਣ ਦਾ ਇਹ ਮਤਲਬ ਨਹੀਂ ਕਿ ਸਿੱਖ-ਲਹਿਰ ਤੇ ਕਾਬਜ਼ ਨਿਜ਼ਾਮ ਦੀ ਸਟੇਟ ਦੀ ਆਪਸ ਵਿਚ ਲੜਾਈ ਹਿੰਦੂ ਤੇ ਮੁਸਲਮਾਨਾਂ ਦੀ ਆਪਸ ਵਿਚ ਫਿਰਕੂ ਲੜਾਈ ਸੀ। ਕਾਬਜ਼ ਨਿਜ਼ਾਮ ਦੇ ਵਿਰੁਧ ਸਿੱਖ-ਲਹਿਰ ਦੀ ਜਦੋ-ਜਹਿਦ ਇਨਕਲਾਬੀ ਸੀ। ਉਸ ਦਾ ਪੈਂਤੜਾ ਜਮਾਤੀ ਸੀ, ਲੋਕ-ਹਿੱਤ ਦਾ ਸੀ, ਮਨੁੱਖ ਦੀ ਆਜ਼ਾਦੀ ਦਾ ਸੀ। ਇਹ ਪੈਂਤੜਾ ਫਿਰਕੂ ਬਿਲਕੁਲ ਨਹੀਂ ਸੀ। ਇਸ ਨੂੰ ਫਿਰਕੂ ਰੰਗਤ ਦੇਣਾ ਉਸ ਦੇ ਇਨਕਲਾਬੀ ਅਸਲੇ ਨੂੰ ਘੱਟੇ ਵਿਚ ਰੋਲਣਾ ਹੈ।



Digitized by Panjab Digital Library | www.panjabdigilib.org

# ਸਿੱਖ ਲਹਿਰ ਦਾ ਅਸਲਾ

ਜਿਹੜੇ ਲੋਕ ਸਿੱਖ ਲਹਿਰ ਦੇ ਲੋਕ-ਹਿੱਤੀ, ਇਨਕਲਾਬੀ ਅਤੇ ਫਿਊਡਲ-ਵਿਰੋਧੀ ਅਸਲੇ ਨੂੰ ਨਹੀਂ ਸਮਝਦੇ ਜਾਂ ਉਸ ਅਸਲੇ ਨੂੰ ਪ੍ਰਵਾਨ ਨਹੀਂ ਕਰਨਾ ਚਾਹੁੰਦੇ, ਉਹ ਬਾਰ ਬਾਰ ਇਹ ਸਵਾਲ ਉਠਾਉਂਦੇ ਹਨ ਕਿ ਜੇ ਇਹ ਲਹਿਰ ਇਨਕਲਾਬੀ ਸੀ ਤਾਂ ਪੰਜਾਬ ਵਿਚ ਮੁੜ ਫਿਊਡਲ ਸਮਾਜ ਕਿਉਂ ਸਥਾਪਤ ਹੋ ਗਿਆ ?* ਅੰਤ ਵਿਚ ਕਿਉਂਕਿ ਫਿਊਡਲ ਨਿਜ਼ਾਮ ਹੀ ਸਥਾਪਤ ਹੋ ਗਿਆ, ਇਸ ਤੋਂ ਇਹ ਲੋਕ ਨਤੀਜਾ ਇਹ ਕਢ ਲੈਂਦੇ ਹਨ ਕਿ ਸਿੱਖ ਲਹਿਰ ਦਾ ਅਸਲਾ ਫਿਊਡਲ ਦੇ ਵਿਰੁਧ ਇਨਕਲਾਬੀ ਹੈ ਹੀ ਨਹੀਂ ਸੀ। ਇਨ੍ਹਾਂ ਸਭਨਾਂ ਦੇ ਸਵਾਲ ਦਾ ਮੂਲ ਕੀ ਹੈ ? ਮੂਲ ਇਹ ਹੈ ਕਿ ਸਿੱਖ ਇਨਕਲਾਬ—ਕਿਸਾਨਾਂ, ਕਾਰੀਗਰਾਂ, ਕੰਮੀਆਂ, ਕਾਮਿਆਂ ਦਾ ਇਨਕਲਾਬ—ਫੇਲ੍ਹ ਕਿਉਂ ਹੋਇਆ ? ਸਿੱਖ ਲਹਿਰ ਕਿਉਂ ਜਮਾਤ-ਰਹਿਤ ਸਮਾਜ ਸਥਾਪਤ ਕਰਨ ਵਿਚ ਅਸਫ਼ਲ ਰਹੀ ? ਕਿਉਂ ਸਾਰੇ ਸਮਾਜ ਵਿਚ ਉਹ ਭਗਤਾਂ, ਗੁਰਮੁਖਾਂ ਦਾ ਵਾਸਾ ਨਾ ਕਰਵਾ ਸਕੀ ? ਅਤੇ ਤਸਕਰ ਕਿਉਂ ਸਮਾਜ ਵਿਚ ਵਸਦੇ ਰਹੇ ?

ਇਸ ਸਵਾਲ ਦਾ ਜਵਾਬ ਸਿਰਫ ਇਤਨਾ ਹੈ : ਉਸ ਵੇਲੇ ਸਮਾਜ ਦੇ ਪਦਾਰਥਕ ਹਾਲਾਤ, ਸਮਾਜ ਦੀ ਨੀਂਹ ਉਚੇਰੇ ਤੇ ਅਗਲੇਰੇ ਨਿਜ਼ਾਮ ਦੀ ਸਥਾਪਤੀ ਵਾਸਤੇ ਰਾਹ ਨਹੀਂ ਸੀ ਦੇਂਦੀ। ਪੈਦਾਵਾਰ ਦੀਆਂ ਸ਼ਕਤੀਆਂ ਦੀ ਲੋੜੀਂਦੀ ਉਸਾਰੀ ਨਹੀਂ ਸੀ ਹੋਈ। ਰਾਹ ਹੀ ਸਿਰਫ਼ ਦੋ ਸਨ : ਜਾਂ ਤਾਂ ਇਨਕਲਾਬੀ ਉਸਾਰ ਨੀਂਹ ਨੂੰ ਆਪਣੇ ਅਨੁਸਾਰੀ ਬਣਾ ਲੈਂਦਾ ਤੇ ਜਾਂ, ਕਿਉਂਕਿ ਪੈਦਾਵਾਰ ਦੇ ਰੂਪ ਵਿਚ ਚੂੰਕਿ ਇਨਕਲਾਬੀ ਤਬਦੀਲੀ ਮੁਮਕਿਨ ਨਹੀਂ ਸੀ, ਸਮਾਜਕ ਵੇਗ ਦੂਸਰਾ ਰਾਹ ਲੈਂਦਾ। ਨੀਂਹ ਨੇ ਅੰਤ ਉਸਾਰ ਨੂੰ ਆਪਣੇ ਰਾਹੇ ਤੋਰ ਲਿਆ। **ਇਸ ਦਸ਼ਾ ਵਿਚ, ਲਹਿਰ ਵਿਚ ਅੰਦਰੋਂ ਵਿਗਾੜ ਪੈਣਾ ਹੀ ਸੀ, ਸੋ ਪਿਆ ਅਤੇ ਫ਼ਿਊਡਲ ਨਿਜ਼ਾਮ ਤੇ ਉਸ ਦੀ ਸਟੇਟ ਫੇਰ ਸਥਾਪਤ ਹੋ ਗਏ।**

ਸਿੱਖ ਲਹਿਰ ਦੇ ਵਿਚ ਵਿਗਾੜ ਪੈਣ ਦੇ ਸਮੇਂ ਦੀ ਸਮਾਜਕ ਦਸ਼ਾ ਨਾਲੋਂ ਵੀਹਵੀਂ ਸਦੀ ਦੇ ਸਮਾਜ ਦੀ ਦਸ਼ਾ ਦਾ ਜ਼ਮੀਨ ਅਸਮਾਨ ਦਾ ਫ਼ਰਕ ਹੈ। ਅਜ ਸੰਸਾਰ ਸਟੇਜ

---

* "ਜੇ ਗੁਰੂ ਤੇਗ਼ ਬਹਾਦਰ ਜਾਗੀਰਦਾਰ-ਦੁਸ਼ਮਣ ਸਨ ਤਾਂ ਗੁਰੂ ਗੋਬਿੰਦ ਸਿੰਘ ਤੋਂ ਸਿਰਫ ਚਾਲ੍ਹੀ ਸਾਲ ਬਾਅਦ ਹੀ ਸਿੱਖ ਰਜਵਾੜਾਸ਼ਾਹੀ ਕਿਵੇਂ ਸਥਾਪਤ ਹੋ ਗਈ ? ਸਿੱਖ ਧਰਮ ਵਿਚ ਇਹ ਉਲਟਬਾਜ਼ੀ (turnabout) ਦੇ ਬਰਾਬਰ ਦਾ ਦੁਖਾਂਤ ਹੋਵੇਗਾ,→



Digitized by Panjab Digital Library | www.panjabdigilib.org

ਉਤੇ ਪੈਦਾਵਾਰ ਦੀਆਂ ਸ਼ਕਤੀਆਂ ਦੀ, ਸਾਇੰਸ ਤੇ ਟੈਕਨਾਲੋਜੀ ਦੀ ਲੋੜੀਂਦੀ ਉਸਾਰੀ ਹੋ ਚੁਕੀ ਹੈ । ਇਸ ਖੇਤਰ ਵਿਚ ਕਿਸੇ ਕਿਸਮ ਦੀ ਕਸਰ ਜਾਂ ਕਮੀ ਨਹੀਂ । ਉਸਾਰ ਵਿਚ ਸਮਾਜਕ ਚੇਤਨਾ ਮਜ਼ਬੀ ਤੋਂ ਸੰਸਾਰਕ, ਸਾਇੰਟਿਫ਼ਿਕ ਹੋ ਚੁਕੀ ਹੈ। ਮਾਰਕਸਵਾਦ ਜਨਮ ਲੈ ਕੇ, ਬਾਲਗ ਹੋ ਕੇ ਸਿਆਸੀ ਤਾਕਤ ਬਣ ਚੁਕਾ ਹੈ। ਸਮਾਜ-ਵਾਦੀ ਇਨਕਲਾਬ ਵੀ ਲਿਆ ਚੁਕਾ ਹੈ। ਰੂਸ ਵਿਚ ਸਮਾਜਵਾਦੀ ਇਨਕਲਾਬ ਆਇਆ। ਪਰ ਇਨਕਲਾਬ ਦੇ ਆਉਣ ਦੇ ਪੰਜਾਹ ਸਾਲਾਂ ਦੇ ਅੰਦਰ ਅੰਦਰ ਹੀ ਉਥੇ ਸਟੇਟ-ਬੁਰਜਵਾਜ਼ੀ ਜੰਮ ਕੇ ਸਥਾਪਤ ਹੋ ਚੁਕੀ ਹੈ। ਹਾਂਸ ਸਾਹਿਬ ਦੇ ਸਿੱਖ ਲਹਿਰ ਬਾਬਤ ਕੀਤੇ ਸਵਾਲ ਤੇ ਉਨ੍ਹਾਂ ਦੀ ਦਿਤੀ ਦਲੀਲ ਨੂੰ ਅਸੀਂ ਰੂਸੀ ਸਥਿਤੀ ਵਿਚ, ਰੂਸੀ ਪ੍ਰਸੰਗ ਵਿਚ ਰਖ ਕੇ ਉਨ੍ਹਾਂ ਕੋਲੋਂ ਹੀ ਪੁਛਦੇ ਹਾਂ ਕਿ **ਜੇ ਰੂਸੀ ਇਨਕਲਾਬ ਸਮਾਜਵਾਦੀ ਇਨਕਲਾਬ ਸੀ ਤਾਂ ਉਸ ਇਨਕਲਾਬ ਦੇ ਮਗਰੋਂ ਪੰਜਾਹ ਸਾਲਾਂ ਦੇ ਅੰਦਰ ਅੰਦਰ ਹੀ ਉਥੇ ਸਟੇਟ-ਬੁਰਜਵਾਜ਼ੀ ਕਿਵੇਂ ਸਥਾਪਤ ਹੋ ਗਈ ?**

ਸਿੱਖ ਲਹਿਰ ਬਾਬਤ ਆਪਣੇ ਕੀਤੇ ਸਵਾਲ ਰਾਹੀਂ ਹਾਂਸ ਸਾਹਿਬ ਨੇ ਜੋ ਨਤੀਜਾ ਸੁਝਾਇਆ ਹੈ, ਉਹ ਹੀ ਸੁਝਾਅ ਦੂਸਰੇ ਸਵਾਲ ਦੀ ਸ਼ਕਲ ਵਿਚ ਅਸੀਂ ਰੂਸ ਬਾਬਤ ਉਨ੍ਹਾਂ ਕੋਲੋਂ ਪੁਛਦੇ ਹਾਂ : **ਕੀ ਇਨਕਲਾਬ ਦੇ ਮਗਰੋਂ ਪੰਜਾਹ ਸਾਲਾਂ ਦੇ ਅੰਦਰ ਅੰਦਰ ਹੀ ਰੂਸ ਵਿਚ ਸਟੇਟ-ਬੁਰਜਵਾਜ਼ੀ ਦੇ ਸਥਾਪਤ ਹੋਣ ਤੋਂ ਸਿਰਫ਼ ਇਹ ਹੀ ਨਤੀਜਾ ਕਢਿਆ ਜਾ ਸਕਦਾ ਹੈ ਕਿ ਲੈਨਿਨ ਤੇ ਉਸ ਵੇਲੇ ਦੀ ਰੂਸੀ ਕਮਿਊਨਿਸਟ ਪਾਰਟੀ ਦੀ ਅਗਵਾਈ ਹੇਠ ਉਸ ਵੇਲੇ ਦੀ ਰੂਸੀ ਪਰੋਲਤਾਰੀ ਦਾ ਲਿਆਂਦਾ ਇਨਕਲਾਬ ਸਮਾਜਵਾਦੀ ਇਨਕਲਾਬ ਹੈ ਹੀ**

---

←ਪਰ ਇਸ ਦੁਖਾਂਤ ਦੀ ਕੋਈ ਸਮਕਾਲੀ ਗਵਾਹੀ ਕਿਉਂ ਨਹੀਂ ਹੈ? ਦੂਸਰੇ ਜਾਗੀਰਦਾਰ-ਦੁਸ਼ਮਣ ਵਿਰਸੇ ਨੂੰ ਛੱਡਣ ਅਤੇ ਰਜਵਾੜਾਸ਼ਾਹੀ ਰੁਚੀਆਂ ਅਪਣਾਉਣ ਨਾਲ 18ਵੀਂ ਸਦੀ ਵਿਚ ਸਿੱਖ ਧਰਮ ਪ੍ਰਤੀ ਲੋਕ-ਹਮਾਇਤ ਘਟਣੀ ਚਾਹੀਦੀ ਸੀ, ਪਰ ਇਤਿਹਾਸਿਕ ਯਥਾਰਥ ਇਹ ਹੈ ਕਿ ਸਿੱਖੀ ਵਿਚ ਵਾਧਾ ਹੁੰਦਾ ਰਿਹਾ।" ਸੁਰਜੀਤ ਹਾਂਸ, **ਸੇਧ,** ਸਤੰਬਰ 1976, ਸਫ਼ਾ 60 ।

"ਮਾਇਆ-ਵਿਰੋਧੀ ਸਿੱਖ ਇਤਿਹਾਸ ਦੀ ਸਮਾਜਵਾਦੀ ਪ੍ਰਾਪਤੀ (ਜਾਂ ਬਰਾਬਰੀ ਦੇ ਵਿਕਲਪ ਨੂੰ ਪ੍ਰਵਾਨ ਚੜ੍ਹਾਉਣ ਦੀ ਕੋਸ਼ਿਸ਼) ਜਾਂ ਤਾਂ ਰਣਜੀਤ ਸਿੰਘ ਦੀ ਰਜਵਾੜਾਸ਼ਾਹੀ ਸੀ ਜਾਂ ਫਿਰ ਸਿੰਘ ਸਭਾ ਲਹਿਰ ਦੀ ਅੰਗ੍ਰੇਜ਼-ਪ੍ਰਸਤੀ। ਸ: ਕਿਸ਼ਨ ਸਿੰਘ ਨੂੰ ਆਪਣੀ ਵਿਆਖਿਆ 'ਤੇ ਕਾਇਮ ਰਹਿਣ ਲਈ ਮਾਇਆ-ਵਿਰੋਧੀ ਸਿੱਖ-ਇਤਿਹਾਸ ਦੀ ਪੁੱਠੀ-ਛਾਲ ਦੀ ਸਮੱਸਿਆ ਨੂੰ ਸੁਲਝਾਉਣਾ ਪਵੇਗਾ।" ਸੁਰਜੀਤ ਹਾਂਸ, **ਸੇਧ,** ਅਕਤੂਬਰ 1976, ਸਫ਼ਾ 46 ।



Digitized by Panjab Digital Library | www.panjabdigilib.org

**ਨਹੀਂ ਸੀ, ਸਿਰਫ਼ ਬੁਰਜਵਾ ਇਨਕਲਾਬ ਸੀ?** ਕਿਉਂਕਿ ਇਸ ਇਨਕਲਾਬ ਦੇ ਪੰਜਾਹ ਸਾਲਾਂ ਦੇ ਅੰਦਰ ਅੰਦਰ ਉਥੇ ਸਟੇਟ-ਬੁਰਜਵਾਜ਼ੀ ਕਾਬਜ਼ ਹੈ, ਕੀ ਰੂਸ ਵਿਚ ਇਸ ਉਲਟਬਾਜ਼ੀ, ਉਲਟ-ਇਨਕਲਾਬ ਤੋਂ ਸਿਰਫ਼ ਇਹ ਹੀ ਨਤੀਜਾ ਕਢਿਆ ਜਾ ਸਕਦਾ ਹੈ ਕਿ ਲੈਨਿਨ ਦਾ ਲਿਆਂਦਾ ਇਨਕਲਾਬ ਸਮਾਜਵਾਦੀ ਹੈ ਹੀ ਨਹੀਂ ਸੀ ? ਕੀ ਇਸ ਉਲਟ-ਇਨਕਲਾਬ ਦੇ ਹੋਰ ਕੋਈ ਕਾਰਨ ਬਿਲਕੁਲ ਨਹੀਂ ਹੋ ਸਕਦੇ ? ਕੀ ਇਸ ਉਲਟ-ਇਨਕਲਾਬ ਤੋਂ ਇਸ ਸਿੱਟੇ 'ਤੇ ਪਹੁੰਚ ਜਾਣਾ ਕਿ ਲੈਨਿਨ ਦਾ ਲਿਆਂਦਾ ਇਨਕਲਾਬ ਸਮਾਜਵਾਦੀ ਹੈ ਹੀ ਨਹੀਂ ਸੀ, ਸਹੀ ਹੈ ?

ਵੀਹਵੀਂ ਸਦੀ ਵਿਚ ਜਦੋਂ ਕਿ ਸੰਸਾਰ ਸਟੇਜ ਉਤੇ ਪੈਦਾਵਾਰ ਦੀਆਂ ਸ਼ਕਤੀਆਂ ਦੀ ਲੋੜੀਂਦੀ ਉਸਾਰੀ ਹੋ ਚੁਕੀ ਹੈ, ਜੇ ਸਮਾਜਵਾਦੀ ਇਨਕਲਾਬ ਉਲਟ-ਇਨਕਲਾਬ ਵਿਚ ਬਦਲ ਸਕਦਾ ਹੈ ਤਾਂ ਕੀ ਸਿੱਖ ਲਹਿਰ ਦੇ ਸਮੇਂ ਵਿਚ ਪੈਦਾਵਾਰ ਦੀਆਂ ਸ਼ਕਤੀਆਂ ਦੀ ਲੋੜੀਂਦੀ ਉਸਾਰੀ ਨਾ ਹੋਈ ਹੋਣ ਕਰ ਕੇ ਇਨਕਲਾਬੀ ਲਹਿਰ ਵਿਚ ਅੰਦਰੋਂ ਵਿਗਾੜ ਪੈਣਾ ਮੁਮਕਿਨ ਨਹੀਂ ਸੀ ? ਕੀ ਹਾਂਸ ਸਾਹਿਬ ਦਾ ਮਤਲਬ ਹੈ ਕਿ ਕਿਸਾਨ ਆਦਿ ਫ਼ਿਊਡਲ ਦੇ ਵਿਰੁਧ ਇਨਕਲਾਬੀ ਤੌਰ 'ਤੇ ਦੁਨੀਆਂ ਦੇ ਇਤਿਹਾਸ ਵਿਚ ਕਦੀ ਉਠੇ ਹੀ ਨਹੀਂ ? ਉਠ ਸਕਦੇ ਹੀ ਨਹੀਂ ਸੀ ? ਅਤੇ ਉਠ ਕੇ ਆਪਣੇ ਨਿਸ਼ਾਨੇ ਵਿਚ ਫੇਲ੍ਹ ਹੋਏ ਹੀ ਨਹੀਂ ? "Peasant War in Germany" ਵਿਚ ਏਂਗਲਜ਼ ਨੇ ਐਵੇਂ ਮੂੰਹ ਦੀ ਹੀ ਵਾਹ ਦਿਤੀ ਹੋਈ ਹੈ ਕਿ ਮਧ-ਕਾਲ ਵਿਚ ਫ਼ਿਊਡਲ ਦੇ ਵਿਰੁਧ ਇਨਕਲਾਬੀ ਵਿਰੋਧ ਸਦਾ ਜਾਗਰਿਤ ਰਿਹਾ ਹੈ ਅਤੇ ਉਸ ਦੀ ਚੇਤਨਤਾ ਦਾ ਰੂਪ ਮਜ਼੍ਹਬੀ ਸੀ। ਕੀ ਅਰਫ਼ਾਨ ਹਬੀਬ ਤੇ ਰੂਸੀ ਵਿਦਵਾਨਾਂ ਦੀ ਸਿੱਖ ਲਹਿਰ ਬਾਬਤ ਕੀਤੀ ਫਾਰਮੂਲੇਸ਼ਨ ਬਿਲਕੁਲ ਬੇ-ਬੁਨਿਆਦ ਹੈ ?

**ਤੀਸਰਾ ਸਵਾਲ :** ਹਾਂਸ ਸਾਹਿਬ ਲਿਖਦੇ ਹਨ : "ਸਿੱਖ ਧਰਮ ਵਿਚ ਇਹ ਉਲਟਬਾਜ਼ੀ (turnabout) ਦੇ ਬਾਰਬਰ ਦਾ ਦੁਖਾਂਤ ਹੋਵੇਗਾ, ਪਰ ਇਸ ਦੁਖਾਂਤ ਦੀ ਕੋਈ ਸਮਕਾਲੀ ਗਵਾਹੀ ਕਿਉਂ ਨਹੀਂ ਹੈ ?" ਅਸੀਂ ਪੁਛਦੇ ਹਾਂ, ਰੂਸ ਦੇ ਉਲਟ-ਇਨਕਲਾਬ ਦੇ ਸ਼ੁਰੂ ਹੋਣ ਦੀ ਸਮਕਾਲੀ ਗਵਾਹੀ ਕਿਉਂ ਨਹੀਂ ? ਸਿੱਧੇ ਲਫ਼ਜ਼ਾਂ ਵਿਚ, ਸੰਸਾਰ ਭਰ ਦੀ ਸਾਰੀ ਮਾਰਕਸਵਾਦੀ ਲਹਿਰ ਨੂੰ ਚਾਲ੍ਹੀ ਪੰਜਾਹ ਸਾਲ ਇਹ ਸਮਝ ਕਿਉਂ ਨਾ ਆਈ ਕਿ ਰੂਸ ਉਲਟ-ਇਨਕਲਾਬ ਦੇ ਰਾਹੇ ਪੈ ਗਿਆ ਹੈ ? ਸੰਸਾਰ ਦੀ ਸਾਰੀ ਮਾਰਕਸਵਾਦੀ ਲਹਿਰ ਨੂੰ ਇਸ ਗੱਲ ਦਾ ਚਾਨਣਾ ਹੋਣ ਨੂੰ ਪੰਜਾਹ ਸਾਲ ਤੋਂ ਉਪਰ ਕਿਉਂ ਲੱਗੇ, ਜਦੋਂ ਕਿ ਮਾਰਕਸਵਾਦੀ ਨਜ਼ਰੀਆ ਉਨ੍ਹਾਂ ਕੋਲ ਸੀ ? ਜ਼ਾਹਿਰ ਹੈ ਕਿ **ਸਿੱਖ ਲਹਿਰ ਵਿਚ ਅੰਤ ਵਿਗਾੜ ਪੈਣ ਤੋਂ, ਜਾਂ ਵਿਗਾੜ ਪੈ ਰਹੇ ਸਮੇਂ ਦੀ ਸਮਕਾਲੀ ਗਵਾਹੀ ਦੇ ਨਾ ਹੋਣ ਤੋਂ ਇਹ ਨਤੀਜਾ ਕਢਣਾ ਗ਼ਲਤ ਹੈ ਕਿ ਗੁਰੂ ਸਾਹਿਬਾਨ ਦੀ ਅਗਵਾਈ ਹੇਠ ਸਿੱਖ ਲਹਿਰ ਇਨਕਲਾਬੀ ਹੈ**



Digitized by Panjab Digital Library | www.panjabdigilib.org

ਹੀ ਨਹੀਂ ਸੀ।

ਗੁਰੂ ਨਾਨਕ ਸਾਹਿਬ ਦੇ ਤੁਰ ਜਾਣ ਤੋਂ ਲਗ ਕੇ ਗੁਰੂ ਘਰ ਦੇ ਵਿਚੋਂ ਹੀ ਗੁਰਬਾਣੀ ਦੇ ਮੂਲ ਨੂੰ, ਸਿੱਖ ਲਹਿਰ ਨੂੰ ਕੁਰਾਹੇ ਪਾਉਣ ਦੀ ਲਗਾਤਾਰ ਹਰ ਮੁਮਕਿਨ ਕੋਸ਼ਿਸ਼ ਕੀਤੀ ਜਾਂਦੀ ਰਹੀ ਹੈ। ਇਹ ਗੁਰਗੱਦੀ 'ਤੇ ਬੈਠਦੇ ਆਉਂਦੇ ਗੁਰੂ ਸਾਹਿਬਾਨ ਦੀ ਵਡਿਆਈ ਹੈ ਕਿ ਉਨ੍ਹਾਂ ਇਸ ਦਾ ਡੱਟ ਕੇ ਮੁਕਾਬਲਾ ਕੀਤਾ ਤੇ ਇਸ ਵਿਚਾਰਧਾਰਕ ਜਦੋ-ਜਹਿਦ ਵਿਚ ਉਹ ਕਾਮਯਾਬ ਹੁੰਦੇ ਆਏ। ਕੌਣ ਇਸ ਗੱਲ ਤੋਂ ਅਣਭੋਲ ਹੈ ਕਿ ਮਾਰਕਸਵਾਦ ਦੇ ਤਕਰੀਬਨ ਜਨਮ ਤੋਂ ਹੀ ਇਸ ਵਿਚ ਖੋਟ ਪਾਉਣ ਦੀ, ਇਸ ਨੂੰ ਅੰਦਰੋਂ ਬੁਰਜਵਾਜ਼ੀ ਦੇ ਹਿੱਤੀ ਕਰਨ ਦੀ ਲਗਾਤਾਰ ਕੋਸ਼ਿਸ਼ ਹੁੰਦੀ ਆਈ ਹੈ ਅਤੇ ਹੋ ਰਹੀ ਹੈ ਅਤੇ ਬਹੁਤ ਮਜ਼ਦੂਰ ਪਾਰਟੀਆਂ ਅਤੇ ਬੇਅੰਤ ਪ੍ਰੋਲਤਾਰੀ ਇਸ ਖੋਟ ਦੇ ਢਹੇ ਚੜ੍ਹਦੇ ਆਏ ਹਨ ਅਤੇ ਚੜ੍ਹੇ ਹੋਏ ਹਨ ? ਏਂਗਲਜ਼ ਨੇ ਕਿਸੇ ਗੱਲ ਨੂੰ ਹੀ ਆਖਿਆ ਸੀ ਕਿ **ਆਰਥਕ ਤੇ ਸਿਆਸੀ ਜਮਾਤੀ ਜਦੋ-ਜਹਿਦ ਦੇ ਨਾਲ ਨਾਲ, ਇਨ੍ਹਾਂ ਜਿੰਨੀ ਹੀ ਲਾਜ਼ਮੀ ਵਿਚਾਰਧਾਰਕ ਜਮਾਤੀ ਜਦੋ-ਜਹਿਦ ਹੁੰਦੀ ਹੈ।**

ਇਨਕਲਾਬ ਦੇ ਮਗਰੋਂ ਵੀ ਕਲਚਰਲ ਇਨਕਲਾਬ ਦੀ ਲੋੜ ਦਾ ਅਰਥ ਕੀ ਹੈ ? ਉਹ ਕਾਹਦੇ ਵਾਸਤੇ ਹੈ ? ਕਿਸ ਮਾਰਕਸਵਾਦੀ ਪਾਰਟੀ ਨੂੰ ਇਹ ਡਰ ਨਹੀਂ ਹੁੰਦਾ ਕਿ ਉਸ ਦੇ ਨਜ਼ਰੀਏ ਵਿਚ ਖੋਟ ਨਾ ਪੈ ਜਾਵੇ ਅਤੇ ਉਸ ਦੀ ਤੋਰ ਕੁਰਾਹੇ ਨਾ ਪੈ ਜਾਵੇ ? ਕਿਹੜੀ ਪਾਰਟੀ ਹੈ ਜਿਸ ਨੂੰ ਸਿੱਧੇ ਰਾਹ ਜਾਂਦੀ ਨੂੰ ਸਮਾਜ ਵਿਚ ਤਾਂ ਕੀ, ਆਪਣੇ ਅੰਦਰ ਲਗਾਤਾਰ ਵਿਚਾਰਧਾਰਕ ਜਮਾਤੀ ਜਦੋ-ਜਹਿਦ ਨਹੀਂ ਕਰਨੀ ਪੈਂਦੀ ? ਮਾਰਕਸਵਾਦ ਵਿਚ ਇਕਾਨੋਮਿਜ਼ਮ ਦਾ ਸਾਰਾ ਮਸਲਾ ਹੈ ਕੀ ? ਹਾਂਸ ਸਾਹਿਬ ਤੇ ਉਨ੍ਹਾਂ ਦੇ ਹਮਖ਼ਿਆਲਾਂ ਦੀਆਂ ਅੱਖਾਂ ਦੇ ਸਾਹਮਣੇ ਵੀਹਵੀਂ ਸਦੀ ਵਿਚ ਲਿਆਂਦਾ ਹੋਇਆ ਸਮਾਜਵਾਦੀ ਇਨਕਲਾਬ ਉਲਟ-ਇਨਕਲਾਬ ਹੋ ਗਿਆ। ਇਸ ਤੋਂ ਉਨ੍ਹਾਂ ਨੂੰ ਸਮਝ ਨਹੀਂ ਆਈ ਕਿ ਲੋਕ-ਹਿੱਤੀ ਲਹਿਰਾਂ ਤੇ ਬਗ਼ਾਵਤਾਂ ਵਿਚ, ਲਿਆਂਦੇ ਇਨਕਲਾਬਾਂ ਵਿਚ ਖੋਟ ਪਾਇਆ ਜਾ ਸਕਦਾ ਹੈ, ਉਨ੍ਹਾਂ ਦਾ ਇਨਕਲਾਬੀ ਅਸਲਾ ਨਸ਼ਟ ਕੀਤਾ ਜਾ ਸਕਦਾ ਹੈ। ਅਤੇ ਨਸ਼ਟ ਹੁੰਦਾ ਆਇਆ ਹੈ। ਰੂਸ ਤੇ ਉਸ ਦੇ ਪਿਛਲੱਗ ਮੁਲਕਾਂ ਵਿਚ, ਜਿਨ੍ਹਾਂ ਵਿਚ ਸਮਾਜਵਾਦੀ ਇਨਕਲਾਬ ਆ ਚੁਕੇ ਹਨ, ਉਨ੍ਹਾਂ ਬਾਬਤ ਵੀ ਕੌਣ ਹਿੱਕ 'ਤੇ ਹੱਥ ਮਾਰ ਕੇ ਕਹਿ ਸਕਦਾ ਹੈ ਕਿ ਉਥੇ ਸਮਾਜਵਾਦ ਹੀ ਕਾਮਯਾਬ ਹੋਵੇਗਾ ਤੇ ਮੁੜ ਸਰਮਾਇਦਾਰੀ ਬਹਾਲ ਹੋ ਹੀ ਨਹੀਂ ਸਕਦੀ ? ਵਧ ਤੋਂ ਵਧ ਇਹ ਹੀ ਕਿਹਾ ਜਾ ਸਕਦਾ ਹੈ ਕਿ ਉਥੇ ਵਿਚਾਰਧਾਰਕ, ਆਰਥਕ, ਸਿਆਸੀ ਜਮਾਤੀ ਜਦੋ-ਜਹਿਦ ਸਿਰਤੋੜ ਚਲ ਰਹੀ ਹੈ। ਜਿਹੜੀ ਧਿਰ ਵਧੇਗੀ, ਉਹ ਪਾਇਗੀ। ਹਾਂਸ ਸਾਹਿਬ ਤੇ ਉਨ੍ਹਾਂ ਦੇ ਹਮ-ਖ਼ਿਆਲ ਸਾਰੀ ਦੁਨੀਆਂ ਦੇ ਅਜ ਤਕ ਦੇ ਇਤਿਹਾਸ ਵਿਚੋਂ ਇਕ ਮਿਸਾਲ ਹੀ ਦੱਸਣ, ਜਿਥੇ ਲੋਕ-ਹਿੱਤੀ ਵਿਚਾਰਧਾਰਾ ਤੇ ਲੋਕ-ਹਿੱਤੀ ਲਹਿਰ



Digitized by Panjab Digital Library | www.panjabdigilib.org

ਵਿਚ ਵਿਗਾੜ ਪਾ ਕੇ ਉਸ ਦੇ ਇਨਕਲਾਬੀ ਅਸਲੇ ਨੂੰ ਨਸ਼ਟ ਨਹੀਂ ਕੀਤਾ ਗਿਆ। ਉਸ ਨੂੰ ਖੱਸੀ ਕਰ ਕੇ ਸੀਲ ਨਹੀਂ ਬਣਾ ਲਿਆ ਗਿਆ। **ਜਦੋਂ ਕਿਸੇ ਮਲਕ ਵਿਚ ਸਮਾਜਵਾਦ ਕਾਮਯਾਬ ਹੋ ਜਾਵੇਗਾ, ਕਮਿਊਨਿਸਟ ਸਮਾਜ ਆਪਣੇ ਪੈਰਾਂ ਸਿਰ ਖੜੇ ਜਾਵੇਗਾ, ਸਿਰਫ਼ ਉਦੋਂ ਹੀ ਕਿਹਾ ਜਾ ਸਕੇਗਾ ਕਿ ਉਸ ਲਹਿਰ ਤੇ ਉਸ ਦੀ ਵਿਚਾਰਧਾਰਾ ਨੇ ਆਪਣੇ ਵਿਚ ਖੋਟ ਤੇ ਰਲਾ ਨਹੀਂ ਪੈਣ ਦਿਤਾ।**

ਹਾਂਸ ਸਾਹਿਬ ਤੇ ਉਨ੍ਹਾਂ ਦੇ ਹਮ-ਖ਼ਿਆਲਾਂ ਨੇ ਇਸਲਾਮ ਜਾਂ ਈਸਾਈ ਮੱਤ ਦੇ ਇਤਿਹਾਸ ਤੋਂ ਇਹ ਤਾਂ ਪੜ੍ਹਿਆ ਹੋਵੇਗਾ ਕਿ ਹਾਕਮ ਜਮਾਤਾਂ ਦੇ ਵਿਰੋਧੀ ਮਜ਼੍ਹਬ ਸਮੇਂ ਨਾਲ, ਸਮਾਜ ਦੀ ਸਥਿੱਤੀ ਦੇ ਬਦਲਣ ਨਾਲ, ਹਾਕਮ ਜਮਾਤਾਂ ਦੇ ਢਹੇ ਚੜ੍ਹਦੇ ਆਏ ਹਨ; ਆਪਣਾ ਆਦੀ, ਇਨਕਲਾਬੀ ਅਸਲਾ ਗੁਆ ਕੇ ਹਾਕਮ ਜਮਾਤਾਂ ਦਾ ਵਿਚਾਰਧਾਰਕ ਅਡੰਬਰ ਬਣਦੇ ਆਏ ਹਨ। **ਇਸਲਾਮ** ਅਰਬ ਦੇ ਡੰਗਰ-ਪਾਲ pastoral ਸੈਮਿਟਿਕ ਕੁਨਬਿਆਂ ਦੀ ਚੜ੍ਹਤ ਦੀ ਆਵਾਜ਼ ਬਣ ਕੇ ਅੱਗ ਦੇ ਭੱਮੂਕੇ ਵਾਂਗ ਉਠਿਆ ਅਤੇ ਆਲੇ ਦੁਆਲੇ ਦੀਆਂ ਸਲਤਨਤਾਂ ਵਿਚ ਉਥੋਂ ਦੀਆਂ ਲੁਟੀਂਦੀਆਂ ਜਮਾਤਾਂ ਦੀ ਬੰਦ-ਖਲਾਸੀ ਦੀ ਉਮੀਦ ਬਣ ਕੇ ਉਥੇ ਪਹੁੰਚਿਆ। ਉਨ੍ਹਾਂ ਸਲਤਨਤਾਂ ਦੀਆਂ ਸਟੇਟਾਂ ਤੇ ਹਾਕਮ ਜਮਾਤਾਂ ਇਸ ਦੇ ਹੜ੍ਹ ਅੱਗੇ ਕੱਖਾਂ ਦਿਆਂ ਘੋੜਿਆਂ ਵਾਂਗ ਡਿਗੀਆਂ। ਪਰ ਮਗਰੋਂ ਇਸਲਾਮ ਫ਼ਿਊਡਲ ਨਿਜ਼ਾਮ ਦੀਆਂ ਸਲਤਨਤਾਂ ਦਾ ਵਿਚਾਰਧਾਰਕ ਅਡੰਬਰ ਹੋ ਤੁਰਿਆ ਅਤੇ ਕਾਜ਼ੀ, ਫ਼ਿਊਡਲ ਦੇ ਹਿੱਤਾਂ ਦਾ ਮਜ਼੍ਹਬੀ ਬੁਲਾਰਾ ਬਣਿਆ। ਜੇ ਇਸਲਾਮ ਦੀ ਇਸ ਜਮਾਤੀ ਕਾਇਆਂ-ਪਲਟੀ ਬਾਬਤ ਮੈਨੂੰ ਕਿਸੇ ਸਮਕਾਲੀ ਇਤਿਹਾਸਕਾਰ ਦੀ ਗਵਾਹੀ ਦੀ ਕੋਈ ਦਸ ਪਾਵੇ ਤਾਂ ਮੈਂ ਉਸਦਾ ਸ਼ੁਕਰ-ਗੁਜ਼ਾਰ ਹੋਵਾਂਗਾ। ਹਾਂ, ਸੂਫ਼ੀਆਂ ਦੀਆਂ ਮਜ਼੍ਹਬੀ ਮੁਹਾਵਰੇ ਵਿਚ ਬੇਅੰਤ ਗਵਾਹੀਆਂ ਹਨ ਕਿ ਸਰਕਾਰੀ ਇਸਲਾਮ, ਸਲਤਨਤੀ ਇਸਲਾਮ ਕੁਰਾਨ ਦਾ ਅਸਲਾ ਛਡ ਗਿਆ ਹੈ। ਕਾਜ਼ੀ ਦੇ ਵਿਰੋਧੀ ਵਾਰਿਸ ਸ਼ਾਹ ਵਰਗੇ ਇਹ ਦਾਹਵਾ ਕਰਦੇ ਹਨ, "ਇਹ ਮਾਅਨੇ ਸਭ ਕੁਰਾਨ ਦੇ ਨੀ, ਜਿਹੜੇ ਸ਼ਿਅਰ ਮੀਏਂ ਵਾਰਿਸ ਸ਼ਾਹ ਦੇ ਨੀ।"

**ਈਸਾਈ ਮੱਤ** ਰੋਮ ਦੀ ਸਲਤਨਤ ਦੀਆਂ ਲੁਟੀਂਦੀਆਂ ਜਮਾਤਾਂ—ਗੁਲਾਮਾਂ ਤੇ ਲੰਮਪਨ ਪਰੋਲਤਾਰੀ ਦੀਆਂ ਸਧਰਾਂ ਨੂੰ, ਉਹਨਾਂ ਦੇ ਰੋਸ ਨੂੰ ਮੂਰਤੀਮਾਨ ਕਰਦਾ ਉਠਿਆ। ਕੌਡਵੈਲ ਦੇ ਅਨੁਸਾਰ, ਉਠਦੇ ਵੇਲੇ ਇਹ ਇਨਕਲਾਬ ਦਾ ਮਜ਼੍ਹਬ ਸੀ (It is a religion of revolution."Further Studies in Dying Culture, p. 54) ਪਰ ਰੋਮਨ ਸ਼ਹਿਨਸ਼ਾਹ ਕੋਨਸਟੈਨਟੀਨ ਤਕ ਇਸ ਦੀ ਜਮਾਤੀ ਕਾਇਆਂ-ਪਲਟੀ ਹੋ ਚੁਕੀ ਸੀ ਅਤੇ ਗੁਲਾਮਾਂ ਦਾ ਹਿੱਤ ਤਿਆਗ ਕੇ ਗੁਲਾਮਦਾਰੀ ਸਟੇਟ ਦਾ ਵਿਚਾਰਧਾਰਕ ਅਡੰਬਰ ਤੇ ਰਾਖਾ ਬਣ ਚੁਕਾ ਸੀ। ਈਸਾਈ ਮੱਤ ਦੀ ਇਸ ਤੋਂ ਅਗਲੀ ਜਮਾਤੀ-ਕਾਇਆਂ-ਪਲਟੀ ਤਾਂ ਕਿਸੇ ਕੋਲੋਂ ਭੁਲੀ ਹੋਈ ਨਹੀਂ। ਜਦੋਂ ਯੂਰਪੀ



Digitized by Panjab Digital Library | www.panjabdigilib.org

ਸਮਾਜ ਗੁਲਾਮਦਾਰੀ ਵਿਚੋਂ ਨਿਕਲ ਕੇ ਫ਼ੀਊਡਲ ਬਣਿਆ, ਤਾਂ ਚਰਚ ਜ਼ਰ ਤੇ ਜ਼ਮੀਨਾਂ ਦਾ ਵਿਸ਼ਾਲ ਪੈਮਾਨੇ ਉਤੇ ਮਾਲਕ ਬਣ ਕੇ ਫ਼ੀਊਡਲ ਦੇ ਵਿਚਾਰਧਾਰਕ ਅਡੰਬਰ ਤੋਂ ਇਲਾਵਾ ਸਮਾਜ ਵਿਚ ਵੱਡਾ ਫ਼ੀਊਡਲ ਆਪ ਬਣ ਬੈਠਾ। ਫ਼ੀਊਡਲ ਨਿਜ਼ਾਮ ਨੂੰ ਖੋਰ ਕੇ ਜਦੋਂ ਉਥੇ ਸਰਮਾਇਦਾਰੀ ਨੇ ਆਪਣੇ ਪੈਰ ਪੱਕੇ ਕੀਤੇ ਤਾਂ ਇਹ ਉਸ ਦਾ ਵਿਚਾਰਧਾਰਕ ਅਡੰਬਰ ਤੇ ਰਾਖਾ ਬਣ ਵਗਿਆ। ਜਦੋਂ ਸਰਮਾਇਦਾਰੀ ਨੂੰ ਆਪਣੇ ਮੁਲਕਾਂ ਤੋਂ ਬਾਹਰ ਮੰਡੀਆਂ ਤੇ ਕੱਚੇ ਮਾਲ ਲਈ ਨੌਆਬਾਦੀਆਂ ਦੀ ਲੋੜ ਪਈ ਤੇ ਉਹ ਸਾਮਰਾਜ ਬਣ ਕੇ ਸਨਅਤੀ ਤੌਰ 'ਤੇ ਪਛੜੀ ਹੋਈ ਦੁਨੀਆਂ 'ਤੇ ਆਪਣਾ ਤਹਿਤ ਜਮਾਉਣ ਦੇ ਰਾਹੇ ਪਈ ਤਾਂ ਈਸਾਈ ਮੱਤ ਨੇ ਉਸ ਦਾ ਏਜੰਟ ਬਣ ਕੇ ਉਸ ਦੀ ਦਲਾਲੀ ਕੀਤੀ। ਉਸ ਦੇ ਤਹਿਤ ਵਾਸਤੇ ਇਸ ਨੇ ਰਸਤਾ ਸਾਫ਼ ਕੀਤਾ।

**ਈਸਾਈ ਮੱਤ ਦਾ ਦੁਨੀਆਂ ਉਤੇ ਫੈਲਾਓ ਸਭ ਨਾਲੋਂ ਜ਼ਿਆਦਾ ਕਦੋਂ ਹੋਇਆ? ਜਦੋਂ ਉਹ ਮਹਿਕੂਮਾਂ ਦਾ ਇਨਕਲਾਬੀ ਮਜ਼੍ਹਬ ਸੀ ਜਾਂ ਉਦੋਂ, ਜਦੋਂ ਉਹ ਮਹਿਕੂਮਾਂ ਦੇ ਪੈਂਤੜੇ ਨੂੰ ਤਿਆਗ ਕੇ ਹਾਕਮ ਜਮਾਤਾਂ ਦੇ ਪੈਂਤੜੇ 'ਤੇ ਆਣ ਕੇ ਉਨ੍ਹਾਂ ਦਾ ਹਿੱਤੀ ਹੋ ਬੈਠਾ? ਆਦੀ ਈਸਾਈਆਂ, ਈਸਾ ਮਸੀਹ ਦੇ ਈਸਾਈਆਂ, ਸਾਮਰਾਜੀ ਈਸਾਈਆਂ ਅਤੇ ਅੱਜ ਦੇ ਅਖੌਤੀ ਈਸਾਈਆਂ — ਮੁਨਾਫ਼ਾਖ਼ੋਰ ਈਸਾਈਆਂ ਦੇ ਦਰਮਿਆਨ ਜਮਾਤੀ ਅਸਲੇ ਦਾ ਕੋਈ ਫ਼ਰਕ ਜਾਂ ਵਿਰੋਧ ਹੈ ਕਿ ਨਹੀਂ?**

ਉਪਰ ਦਿਤੇ ਤੱਥਾਂ ਤੋਂ ਦੋ ਗੱਲਾਂ ਸਪੱਸ਼ਟ ਹੋ ਜਾਣੀਆਂ ਚਾਹੀਦੀਆਂ ਹਨ। **ਪਹਿਲੀ** ਇਹ ਕਿ ਸਨਅਤੀ ਇਨਕਲਾਬ ਤੋਂ ਪਹਿਲਾਂ, ਮਾਰਕਸਵਾਦ ਦੇ ਜਨਮ ਤੋਂ ਬਹੁਤ ਚਿਰ ਪਹਿਲਾਂ ਵੀ, ਗੱਲ ਕੀ ਜਮਾਤੀ ਸਮਾਜ ਦੇ ਰਾਇਜ ਹੋਣ ਦੇ ਸਮੇਂ ਤੋਂ ਹੀ ਦਬੀਆਂ ਹੋਈਆਂ ਜਮਾਤਾਂ — ਗੁਲਾਮ, ਕਿਸਾਨ, ਕਾਮੇ ਆਦਿ — ਲੋਕ-ਹਿੱਤੀ ਪੈਂਤੜੇ ਤੋਂ ਆਪਣੀ ਆਜ਼ਾਦੀ ਵਾਸਤੇ ਹਾਕਮ ਜਮਾਤਾਂ ਦੇ ਵਿਰੁਧ ਇਨਕਲਾਬੀ ਤੌਰ 'ਤੇ ਉਠਦੇ ਆਏ ਹਨ, ਅਤੇ ਪਹਿਲੇ ਦੌਰਾਂ ਵਿਚ ਬਹੁਤ ਵੇਰ ਉਹ ਆਪਣਾ ਇਨਕਲਾਬੀ ਹਿੱਤ ਇਨਕਲਾਬੀ ਮਜ਼੍ਹਬਾਂ ਰਾਹੀਂ ਹੀ ਪ੍ਰਗਟ ਕਰਦੇ ਆਏ ਹਨ। **ਦੂਸਰੇ** ਇਹ ਕਿ ਉਨ੍ਹਾਂ ਇਤਿਹਾਸਕ ਦੌਰਾਂ ਵਿਚ ਚੂੰਕਿ ਪਦਾਰਥਕ ਹਾਲਾਤ ਜਮਾਤ-ਰਹਿਤ ਸਮਾਜ ਦੀ ਸਥਾਪਤੀ ਵਾਸਤੇ ਰਾਹ ਨਹੀਂ ਸਨ ਦੇਂਦੇ (ਸਾਇੰਸ ਤੇ ਸਨਅਤੀ ਇਨਕਲਾਬ ਤੋਂ ਪਹਿਲਾਂ ਰਾਹ ਦੇਣੋਂ ਅਸਮਰਥ ਸਨ) ਇਸ ਵਾਸਤੇ ਜਿਹੜੀ ਵਿਚਾਰਧਾਰਾ ਜਾਂ ਜਿਹੜਾ ਮਜ਼੍ਹਬ ਵੀ ਲੋਕ-ਹਿੱਤੀ ਪੈਂਤੜੇ ਤੋਂ ਇਨਕਲਾਬੀ ਬਣ ਕੇ ਉਠਿਆ, ਸਮਾਜ ਦੀ ਇਨਕਲਾਬੀ ਦਸ਼ਾ ਦੇ ਅਲੋਪ ਹੋਣ ਕਾਰਨ ਉਹ ਅੰਤ ਹਾਕਮ ਜਮਾਤਾਂ ਦੇ ਢਹੇ ਚੜ੍ਹ ਕੇ ਉਨ੍ਹਾਂ ਦਾ ਹਿੱਤ ਹੀ ਪੂਰਨ ਲਗ ਗਿਆ। ਸੋ, ਜੋ ਗੁਰਬਾਣੀ ਅਤੇ ਸਿੱਖ-ਲਹਿਰ ਨਾਲ ਹੋਈ, ਉਹ ਕੋਈ ਅਨੋਖੀ ਅਤੇ ਜੱਗੋਂ-ਤੇਰਹਵੀਂ ਨਹੀਂ। ਜਦੋਂ ਸਪੱਸ਼ਟ ਕਾਰਨਾਂ ਕਰਕੇ ਸਿੱਖ-ਲਹਿਰ



Digitized by Panjab Digital Library | www.panjabdigilib.org

ਵਿਚ ਅੰਦਰੋਂ ਜਮਾਤੀ ਵਿਗਾੜ ਪੈ ਗਿਆ ਅਤੇ ਲੋਕ-ਹਿੱਤੀ ਗੁਰੀਲਿਆਂ ਦਾ ਲੀਡਰ ਫ਼ੀਊਡਲ ਸਰਦਾਰ ਬਣਨ ਦੇ ਰਾਹੇ ਪੈ ਗਿਆ ਤਾਂ ਉਸ ਵਕਤ ਤੋਂ ਲਗ ਕੇ ਗੁਰਬਾਣੀ ਦੇ ਅਰਥਾਂ ਦਾ, ਸਿੱਖਾਂ ਤੇ ਸਿੱਖੀ ਦੀਆਂ ਸਰਕਾਰੀ ਸੰਸਥਾਵਾਂ ਦਾ ਇਤਿਹਾਸ ਕੀ ਹੈ ? ਸਪੱਸ਼ਟ ਹੀ ਜੋ ਪੰਜਾਬ ਦੇ ਸਮਾਜ ਦਾ ਇਤਿਹਾਸ ਹੈ — ਪਹਿਲਾਂ ਫ਼ੀਊਡਲ ਤੇ ਮਗਰੋਂ ਬੁਰਜਵਾ।

**ਅੰਦਰੋਂ ਪਏ ਵਿਗਾੜ ਦੀ ਸਮਕਾਲੀ ਗਵਾਹੀ** : ਹਾਂਸ ਸਾਹਿਬ ਸਿੱਖ-ਲਹਿਰ ਵਿਚ ਅੰਦਰੋਂ ਪਏ ਵਿਗਾੜ ਬਾਬਤ ਸਮਕਾਲੀ ਗਵਾਹੀ ਦੀ ਅਣਹੋਂਦ ਤੋਂ ਸੁਝਾਉ ਇਹ ਦੇਂਦੇ ਹਨ ਕਿ ਸਿੱਖ ਲਹਿਰ ਮੁਢੋਂ ਹੀ ਇਨਕਲਾਬੀ ਹੈ ਹੀ ਨਹੀਂ ਸੀ; ਫ਼ੀਊਡਲ ਹੀ ਸੀ ਤੇ ਅੰਤ ਇਸ ਨੇ ਆਪਣੇ ਜਮਾਤੀ ਅਸਲੇ ਅਨੁਸਾਰ ਸਿੱਖ-ਰਜਵਾੜਾ-ਸ਼ਾਹੀ ਹੀ ਸਥਾਪਤ ਕੀਤੀ। ਇਸ ਬਾਰੇ ਪਹਿਲੀ ਗੱਲ : ਗੁਰੂ ਸਾਹਿਬਾਨ ਬਾਬਤ ਸਮਕਾਲੀ ਸਿੱਕੇਬੰਦ ਇਤਿਹਾਸਕ ਸੀਧਾ ਹੈ ਕਿੰਨਾ ਕੁ ? ਉਨ੍ਹਾਂ ਬਾਬਤ ਕਿਹੜਾ ਸਮਕਾਲੀ ਇਤਿਹਾਸ ਹੈ ਅਤੇ ਖ਼ਾਸ ਕਰ ਮਾਰਕਸਵਾਦੀ ਮੁਹਾਵਰੇ ਵਿਚ, ਜਮਾਤੀ ਵਿਸ਼ਲੇਸ਼ਨ ਦੀ ਬੋਲੀ ਵਿਚ ? ਦੂਸਰੀ ਗੱਲ : ਮਾਰਕਸਵਾਦ ਦੇ ਜਨਮ ਤੋਂ ਪਹਿਲਾਂ ਕਿਹੜੇ ਇਤਿਹਾਸ-ਕਾਰ ਨੇ ਕਿਹੜੀ ਇਨਕਲਾਬੀ ਲਹਿਰ ਦਾ, ਜਾਂ ਉਸ ਵਿਚ ਪਏ ਜਮਾਤੀ ਵਿਗਾੜ ਦਾ ਜਮਾਤੀ ਵਿਸ਼ਲੇਸ਼ਨ ਕੀਤਾ ਹੈ ? ਕੀ ਇਸਲਾਮ ਦਾ, ਜਾਂ ਈਸਾਈ ਮੱਤ ਦਾ ਜਾਂ ਹੋਰ ਕਿਸੇ ਇਨਕਲਾਬੀ ਮਜ਼ੂਬ ਦਾ ਜਿਸ ਦੀ ਮਗਰੋਂ ਜਮਾਤੀ ਕਾਇਆਂ-ਪਲਟੀ ਹੋ ਗਈ ਹੋਵੇ ? ਉਸ ਜਮਾਤੀ ਕਾਇਆਂ-ਪਲਟੀ ਦਾ ਕਿਸੇ ਸਮਕਾਲੀ ਇਤਿਹਾਸਕਾਰ ਨੇ ਜਮਾਤੀ ਵਿਸ਼ਲੇਸ਼ਨ ਕੀਤਾ ਹੈ ? ਕੀ ਮਾਰਕਸਵਾਦ ਦੇ ਜਨਮ ਤੋਂ ਪਹਿਲਾਂ ਕਿਸੇ ਇਤਿਹਾਸਕਾਰ ਵਾਸਤੇ ਐਸਾ ਕਰਨਾ ਮੁਮਕਿਨ ਸੀ ? ਕੀ ਹਾਂਸ ਸਾਹਿਬ ਏਥੇ ਅਸੰਭਵ ਦੀ ਮੰਗ ਨਹੀਂ ਕਰ ਰਹੇ ? ਹਾਂ, ਸਿੱਖ-ਲਹਿਰ ਦੀ ਜਮਾਤੀ ਕਾਇਆਂ-ਪਲਟੀ ਦੀ ਸਮਕਾਲੀ ਗਵਾਹੀ ਹੈ। ਬਿਲਕੁਲ ਸਪੱਸ਼ਟ ਹੈ। ਪਰ ਇਸ ਗਵਾਹੀ ਨੂੰ ਜਾਂ ਤਾਂ ਹਾਂਸ ਸਾਹਿਬ ਗਵਾਹੀ ਮੰਨਦੇ ਹੀ ਨਹੀਂ ਅਤੇ ਜਾਂ ਜਾਣ ਬੁਝ ਕੇ ਨਜ਼ਰ-ਅੰਦਾਜ਼ ਕਰਦੇ ਹਨ। **ਹਰ ਲਹਿਰ ਦੇ ਜਮਾਤੀ ਅਸਲੇ ਦੀ ਗਵਾਹੀ, ਉਸ ਲਹਿਰ ਵਿਚ ਪਿਆਂ ਦਾ ਨਜ਼ਰੀਆ, ਚੇਤਨਤਾ ਅਤੇ ਇਸ ਤੋਂ ਵੀ ਸਿੱਕੇਬੰਦ ਗਵਾਹੀ ਉਸ ਲਹਿਰ ਵਿਚ ਪਿਆਂ ਦਾ ਆਚਰਨ ਤੇ ਅਮਲ ਹੁੰਦਾ ਹੈ।** ਜਿੰਨਾਂ ਚਿਰ ਸਿੱਖ ਗੁਰੀਲੇ ਲੋਕ-ਹਿੱਤੀ ਪੈਂਤੜੇ ਤੋਂ ਗੁਰਬਾਣੀ ਦੇ ਮੂਲ ਨੂੰ ਅਮਲੀ ਜਾਮਾ ਪਹਿਨਾਉਣ ਵਾਸਤੇ ਲੜਦੇ ਰਹੇ, ਉਨਾਂ ਚਿਰ ਉਨ੍ਹਾਂ ਦਾ ਆਚਰਨ ਸੁੱਚਾ ਸੀ, ਬੇਲਾਗ ਸੀ, ਬੇਦਾਗ ਸੀ; ਕਬਜ਼ੇ ਦੀ ਹਵਸ ਤੇ ਜਿਨਸੀ ਲਚਰਪੁਣੇ ਤੋਂ ਪਾਕ ਸੀ। ਇਸ ਸੁੱਚੇ ਆਚਰਨ ਦੀ ਉਹਨਾਂ ਦਿਆਂ ਦੁਸ਼ਮਣਾਂ ਵੀ ਗਵਾਹੀ ਦਿੱਤੀ ਹੈ। ਗੁਰੀਲਿਆਂ ਦੇ ਲੀਡਰ ਦਾ ਉਨ੍ਹਾਂ ਨਾਲ ਰਿਸ਼ਤਾ ਸਾਥੀ ਦਾ ਸੀ। ਜੋ ਸਭ ਨਾਲੋਂ ਜ਼ਿਆਦਾ ਦਲੇਰ ਤੇ ਸਿਆਣਾ ਹੁੰਦਾ ਸੀ, ਉਹ ਲੀਡਰ ਹੁੰਦਾ ਸੀ। ਪਰ



Digitized by Panjab Digital Library | www.panjabdigilib.org

ਜਦੋਂ ਅੰਦਰੋਂ ਜਮਾਤੀ-ਵਿਗਾੜ ਪੈ ਗਿਆ ਤਾਂ ਇਹ ਸਭ ਕੁਝ ਆਪਣੇ ਉਲਟ ਵਿਚ ਬਦਲ ਗਿਆ। ਗੁਰੀਲਿਆਂ ਦੇ ਲੀਡਰ ਫੀਊਡਲ ਸਰਦਾਰ ਬਣ ਬੈਠੇ। ਕਬਜ਼ੇ ਦੀ ਹਵਸ ਦੇ ਸ਼ਿਕਾਰ ਹੋ ਗਏ। ਬਾਕੀ ਫੀਊਡਲਾਂ ਵਾਂਗ ਵਿਭਚਾਰੀ ਹੋ ਗਏ।

ਜੇ ਆਚਰਨ ਦੀ ਤਬਦੀਲੀ, ਮਨੁਖੀ ਖ਼ਾਸੀਅਤਾਂ, ਮਨੁਖੀ ਮਨੋਰਥਾਂ ਦੀ ਤਬਦੀਲੀ ਜਮਾਤੀ ਪੈਂਤੜੇ ਦੀ ਤਬਦੀਲੀ ਦੀ ਗਵਾਹੀ ਨਹੀਂ ਤਾਂ ਇਸ ਤੋਂ ਪੱਕੀ ਲੋਹੇ-ਜੜੀ ਗਵਾਹੀ ਪਤਾ ਨਹੀਂ ਹੋਰ ਕਿਹੜੀ ਹੋ ਸਕਦੀ ਹੈ? ਇਹ ਗਵਾਹੀ ਇਸਲਾਮ ਦੀ ਤੇ ਈਸਾਈ ਮਤ ਦੀ ਜਮਾਤੀ ਤਬਦੀਲੀ ਬਾਬਤ ਵੀ ਸਪੱਸ਼ਟ ਮਿਲਦੀ ਹੈ। ਭਾਵੇਂ ਕੋਈ ਇਤਿਹਾਸਕਾਰ ਹੋਵੇ, ਸਾਹਿਤਕਾਰ ਜਾਂ ਸਾਹਿਤ ਦਾ ਆਲੋਚਕ ਜਾਂ ਕੋਈ ਹੋਰ, ਹਰ ਕਿਸੇ ਲਈ ਇਹ ਲਾਜ਼ਮੀ ਹੈ ਕਿ **ਉਹ ਮਨੁਖੀ ਆਚਰਨ ਦੀ, ਮਨੁਖੀ ਖ਼ਾਸੀਅਤਾਂ ਦੀ, ਮਨੁਖੀ ਮਨੋਰਥਾਂ ਦੀ ਬੋਲੀ ਵਿਚ ਜਮਾਤੀ ਅਸਲੇ ਨੂੰ ਸਮਝਣ ਦੀ ਕੋਸ਼ਿਸ਼ ਕਰੇ।**

ਹਾਂਸ ਸਾਹਿਬ ਲਿਖਦੇ ਹਨ : "ਜਾਗੀਰਦਾਰ-ਦੁਸ਼ਮਣ ਵਿਰਸੇ ਨੂੰ ਛੱਡਣ ਅਤੇ ਰਜਵਾੜਾ ਸ਼ਾਹੀ ਰੁਚੀਆਂ ਅਪਣਾਉਣ ਨਾਲ ੧੯ਵੀਂ ਸਦੀ ਵਿਚ ਸਿੱਖ ਧਰਮ ਪ੍ਰਤੀ ਲੋਕ-ਹਿਮਾਇਤ ਘਟਣੀ ਚਾਹੀਦੀ ਸੀ, ਪਰ ਇਤਿਹਾਸਕ ਯਥਾਰਥ ਇਹ ਹੈ ਕਿ ਸਿੱਖੀ ਵਿਚ ਵਾਧਾ ਹੁੰਦਾ ਰਿਹਾ।" ਉਨ੍ਹਾਂ ਦੇ ਆਪਣੇ ਲਿਖਣ ਤੋਂ ਜ਼ਾਹਿਰ ਹੈ ਕਿ ਜਦੋਂ ਲਹਿਰ ਦੇ ਲੀਡਰਾਂ ਰਜਵਾੜਾਸ਼ਾਹੀ ਰੁਚੀਆਂ ਅਪਣਾ ਲਈਆਂ ਤਾਂ ਸਿੱਖਾਂ ਦੀ ਗਿਣਤੀ ਘਟਣ ਦੀ ਥਾਂ ਵਧੀ। ਇਉਂ ਹੋਣਾ ਕੁਦਰਤੀ ਸੀ। ਕਿਉਂ? ਜਦੋਂ ਈਸਾ ਮਸੀਹ ਨੂੰ ਸੂਲੀ 'ਤੇ ਚੜ੍ਹਾ ਦਿਤਾ ਗਿਆ ਤਾਂ ਉਸ ਦੇ ਪੈਰੋਕਾਰਾਂ ਨੇ ਉਸ ਦੀ ਸ਼ਹੀਦੀ ਨੂੰ ਆਪਣੀ ਲੰਮੀ ਇਨਕਲਾਬੀ ਜੰਗ (ਜਿਸ ਵਿਚ ਉਨ੍ਹਾਂ ਦੇ ਮੁਤਾਬਿਕ ਉਨ੍ਹਾਂ ਦੀ ਅੰਤ ਜਿੱਤ ਯਕੀਨੀ ਸੀ) ਵਿਚ ਪਹਿਲੀ ਆਰਜ਼ੀ ਹਾਰ ਕਰਕੇ ਨਾ ਸਮਝਿਆ (ਜਿਸ ਤਰ੍ਹਾਂ ਕਿ ਮਾਰਕਸਵਾਦੀ ਸੰਸਾਰ ਪਰੋਲਤਾਰੀ ਨੇ ਪੈਰਿਸ ਕਮਿਊਨ ਦੀ ਹਾਰ ਨੂੰ ਸਮਝਿਆ ਸੀ) ਬਲਕਿ ਮੌਤ ਤੋਂ ਅਗਲੀ ਦੁਨੀਆਂ ਵਿਚ ਆਪਣੀ ਜਿੱਤ ਕਰਕੇ ਲਿਆ। ਇਹ ਸੀ ਤਾਂ ਉਨ੍ਹਾਂ ਦਾ ਦਿਆਨਤਦਾਰ ਅਣਭੋਲਪੁਣਾ ਸੀ, ਅਤੇ ਇਸ ਕਦਮ ਨੇ ਜ਼ਾਹਿਰਾ ਤੌਰ 'ਤੇ (ਈਸਾਈਆਂ ਦੀ ਗਿਣਤੀ ਦੇ ਨੁਕਤੇ ਤੋਂ) ਈਸਾਈ ਮੱਤ ਦਾ ਬਾਹਣੂੰ ਬੰਨ੍ਹਿਆ, ਪਰ ਅਸਲ ਵਿਚ ਇਸ **ਕਦਮ ਨੇ ਉਸ ਦੇ ਅਸਲੇ ਵਿਚ ਇਨਕਲਾਬੀ ਅਨਸਰ ਦੀ ਥਾਂ ਸੁਧਾਰਕ ਅਨਸਰ ਦੀਆਂ ਜੜ੍ਹਾਂ ਪਤਾਲ ਤਕ ਲਾਉਣ ਵਾਸਤੇ ਰਾਹ ਸਾਫ਼ ਕਰ ਦਿਤਾ।**
(Caudwell : Further Studies in Dying Culture, p. 57)

ਜਮਾਤੀ ਸਮਾਜ ਦਾ ਮਹਿਕੂਮ, ਮੇਹਨਤਕਸ਼ ਤਬਕਾ ਸਮਾਜ ਦੀ ਹਰ ਦਸ਼ਾ ਵਿਚ, ਹਰ ਸਥਿਤੀ ਵਿਚ ਇਕੋ ਰਾਹੇ, ਜਰਨੈਲੀ ਸੜਕੇ ਹੀ ਨਹੀਂ ਪਿਆ ਤੁਰਿਆ ਜਾਂਦਾ। ਹਰ ਸਥਿਤੀ ਤੇ ਸਮਾਜ ਦੀ ਹਰ ਦਸ਼ਾ ਵਿਚ ਲੋਕਾਂ ਦੇ ਵਰਤਾਉ ਬਾਬਤ ਵਿਸ਼ਾਲ



Digitized by Panjab Digital Library | www.panjabdigilib.org

ਜਨਰਲਾਈਜ਼ੇਸ਼ਨ ਕਰ ਦੇਣੀ ਵੱਡੀ ਗ਼ਲਤੀ ਹੈ। ਇਕ ਪਾਸੇ ਤੋਂ ਸਮਾਜ ਦੇ ਆਰਥਕ ਸਮਾਜਕ ਹਾਲਾਤ ਅਤੇ ਦੂਸਰੇ ਪਾਸੇ ਤੋਂ ਲੋਕਾਂ ਦੀ ਚੇਤਨਤਾ ਦੀ ਤੈਹ ਤਕ ਛਾਣ ਬੀਨ ਕਰਨ ਤੋਂ ਬਗੈਰ, ਇਨ੍ਹਾਂ ਨੂੰ ਸਹੀ ਸਾਇੰਟਿਫਿਕ ਤੌਰ 'ਤੇ ਦੇਖਣ ਤੋਲਣ ਤੋਂ ਬਗੈਰ ਐਵੇਂ ਮੂੰਹ ਦੀ ਵਾਹ ਦੇਣੀ ਗ਼ਲਤੀ ਨੂੰ ਵਾਜਾਂ ਮਾਰਨ ਵਾਲੀ ਗੱਲ ਹੁੰਦੀ ਹੈ। ਹਾਲਾਤ ਇਨਕਲਾਬੀ ਵੀ ਹੁੰਦੇ ਆਏ ਹਨ, ਪਰ ਇਨਕਲਾਬ ਨਹੀਂ ਆਏ ਕਿਉਂਕਿ ਲਿਆਉਣ ਵਾਲੇ ਹਾਲਾਤ ਦੇ ਹਾਣੀ ਨਾ ਹੋ ਸਕੇ। ਜੇ ਜਮਾਤੀ ਸਮਾਜ ਅਜੇ ਨਿਰੋਆ ਹੋਵੇ, ਆਪਣੇ ਪੈਰ ਪੱਕੀ ਤਰ੍ਹਾਂ ਜਮਾਈ ਬੈਠਾ ਹੋਵੇ ਤਾਂ ਹਾਕਮ ਜਮਾਤਾਂ ਦੀ ਕਲਚਰ, ਉਨ੍ਹਾਂ ਦਾ ਨਜ਼ਰੀਆ, ਉਨ੍ਹਾਂ ਦੀ ਚੇਤਨਤਾ ਹੀ ਸਾਰੇ ਸਮਾਜ ਦੀ ਚੇਤਨਤਾ ਹੁੰਦੀ ਹੈ ਅਤੇ ਸਮਾਜ ਦੀ ਵਸੋਂ ਦੀ ਬਣਤਰ ਪੈਦਾਵਾਰ ਦੇ ਕਾਬਜ਼ ਰਿਸ਼ਤਿਆਂ, ਸਮਾਜਕ ਰਿਸ਼ਤਿਆਂ ਦੀ ਸਿਰਜਣਾ ਹੁੰਦੀ ਹੈ। ਮਤਲਬ ਹੈ ਕਾਬਜ਼ ਨਿਜ਼ਾਮ ਆਪਣੀ ਵਸੋਂ ਕੋਲੋਂ ਜੋ ਕਰਵਾਉਣਾ ਚਾਹੁੰਦਾ ਹੈ, ਉਸ ਦੇ ਸਮਾਜਕ ਰਿਸ਼ਤਿਆਂ ਦੀ ਸਿਰਜੀ ਵਸੋਂ ਦੀ ਬਣਤਰ ਤਕਰੀਬਨ ਆਪਣੇ ਆਪ ਹੀ ਉਹ ਕਰੀ ਆਉਂਦੀ ਹੈ। ਇਹ ਸਮਾਜਕ ਉਸਾਰੀ ਦਾ ਨਾਰਮਲ ਕਾਨੂੰਨ ਹੈ।

ਪਰ ਜਦੋਂ ਕਾਬਜ਼ ਨਿਜ਼ਾਮ ਗਹਿਰੇ ਸੰਕਟ ਵਿਚ ਪੈ ਜਾਵੇ ਅਤੇ ਉਸ ਨੂੰ ਆਪਣੀ ਨਿਜਾਤ ਦਾ ਕੋਈ ਰਾਹ ਨਾ ਲਭਦਾ ਹੋਵੇ, ਸਮਾਜਕ ਦਸ਼ਾ ਇਨਕਲਾਬੀ ਤੌਰ 'ਤੇ ਮਘਦੀ ਹੋਵੇ, ਲੋਕ ਜਮਾਤੀ ਤੌਰ 'ਤੇ ਚੇਤੰਨ ਕੀਤੇ ਜਾ ਚੁਕੇ ਹੋਣ ਤਾਂ ਉਹ ਕਾਬਜ਼ ਨਿਜ਼ਾਮ ਅੱਗੇ ਸੀਲ ਨਹੀਂ ਰਹਿੰਦੇ। ਉਸ ਦੇ ਖ਼ਿਲਾਫ਼ ਇਨਕਲਾਬੀ ਤੌਰ 'ਤੇ ਉਠਦੇ ਹਨ। ਦੂਸਰੇ ਬੰਨੇ, ਜਿਸ ਤਰ੍ਹਾਂ ਰੂਸੀ ਤਜਰਬੇ ਨੇ ਪ੍ਰਤੱਖ ਕੀਤਾ ਹੈ, ਇਨਕਲਾਬ ਭਾਵੇਂ ਆਇਆ ਵੀ ਕਿਉਂ ਨਾ ਹੋਵੇ, ਜੇ ਕਮਾਨ ਸਿਆਸਤ ਦੇ ਹੱਥ ਨਾ ਰਹੇ, ਵਿਚਾਰਧਾਰਕ ਜਮਾਤੀ ਜਦੋ-ਜਹਿਦ ਤਿਆਗ ਦਿਤੀ ਜਾਵੇ, ਲਗਾਤਾਰ ਕਲਚਰਲ ਇਨਕਲਾਬ ਦੇ ਰਾਹੇ ਨਾ ਪਿਆ ਜਾਵੇ, ਤਾਂ ਲੋਕਾਂ ਵਿਚ ਨਵੀਂ ਜਮਾਤੀ ਚੇਤਨਤਾ ਤਾਂ ਕੀ ਆਉਣੀ ਹੈ, ਆਈ ਹੋਈ ਨੂੰ ਵੀ ਜੰਗਾਲ ਖਾ ਜਾਵੇਗਾ ਅਤੇ ਆਏ ਹੋਏ ਇਨਕਲਾਬ ਦੀ ਵੀ ਸਾਰੀ ਖੇਡ ਘੱਟੇ-ਕੌਡੀਆਂ ਹੋ ਜਾਵੇਗੀ।

ਇਸ ਨੁਕਤੇ ਬਾਬਤ ਹਾਂਸ ਸਾਹਿਬ ਦੀਆਂ ਬੁਨਿਆਦੀ ਤੌਰ 'ਤੇ ਦੋ ਗ਼ਲਤੀਆਂ ਹਨ। **ਪਹਿਲੀ** ਇਹ ਕਿ ਜਿਸ ਵੇਲੇ ਸਿੱਖ ਲਹਿਰ ਵਿਚ ਅੰਦਰੋਂ ਵਿਗਾੜ ਪਿਆ ਉਸ ਵੇਲੇ ਦੇ ਸਮਾਜ ਦੇ ਹਾਲਾਤ ਨੂੰ ਉਨ੍ਹਾਂ ਫੋਲਣ ਦੀ ਕੋਸ਼ਿਸ਼ ਨਹਾਂ ਕੀਤੀ। ਸ਼ਾਇਦ ਲੋੜ ਹੀ ਨਹੀਂ ਸਮਝੀ। **ਦੂਸਰੇ** ਇਹ ਕਿ ਉਨ੍ਹਾਂ ਸ਼ਾਇਦ ਅਚੇਤ ਹੀ ਇਹ ਮੰਨ ਲਿਆ ਹੈ ਕਿ ਲੋਕੀਂ ਹਮੇਸ਼ਾਂ ਆਪਣੇ ਹਿੱਤ ਤੋਂ ਚੇਤੰਨ ਹੁੰਦੇ ਹਨ ਅਤੇ ਆਪਣੇ ਹਿੱਤ ਅਨੁਸਾਰ ਹੀ ਆਰਥਕ ਸਿਆਸੀ ਬਰਤਾਓ ਕਰਦੇ ਹਨ। **ਇਹ ਵਿਸ਼ਵਾਸ ਬਿਲਕੁਲ ਗ਼ਲਤ ਹੈ।** ਉਸ ਸਮੇਂ ਦੇ ਕਿਸਾਨਾਂ, ਕਾਰੀਗਰਾਂ, ਕੰਮੀਆਂ, ਕਾਮਿਆਂ ਦੀ ਤਾਂ ਗਲ ਹੀ ਛੱਡੋ, ਅੱਜ ਦੇ ਪਰੋਲਤਾਰੀ ਨੂੰ ਵੀ ਜਮਾਤੀ ਚੇਤਨਤਾ ਬਾਹਰੋਂ ਦੇਣੀ ਪੈਂਦੀ ਹੈ। ਉਸ ਨੂੰ ਆਪਣੇ



Digitized by Panjab Digital Library | www.panjabdigilib.org

ਆਪ, ਆਪਣੇ ਕੰਮ ਦੇ ਵੇਗ ਵਿਚੋਂ ਨਹੀਂ ਆਉਂਦੀ। ਵਿਚਾਰਧਾਰਕ ਜਮਾਤੀ ਜਦੋ-ਜਹਿਦ ਢਿੱਲੀ ਹੋ ਜਾਵੇ, ਸਨਅਤੀ ਮਜ਼ਦੂਰ ਖੱਸੀ ਹੋ ਕੇ, ਸੀਲ ਬਣਕੇ ਸਾਮਰਾਜ ਦੇ, ਫ਼ਾਸਿਜ਼ਮ ਦੇ ਕੋਹਲੂ ਜੁਪੇ ਰਹਿੰਦੇ ਹਨ। ਜਦੋਂ ਸਮਾਜ ਦੀ ਦਸ਼ਾ ਇਨਕਲਾਬੀ ਤੌਰ 'ਤੇ ਭਖਦੀ ਹੋਵੇ, ਲੋਕ ਜਮਾਤੀ ਤੌਰ 'ਤੇ ਚੇਤੰਨ ਹੋਣ, ਜਮਾਤੀ ਚੇਤਨਤਾ ਦੀ ਸਿਖਰ 'ਤੇ ਹੋਣ, ਸਿਰਫ਼ ਉਦੋਂ ਜੋ ਲੀਡਰਸ਼ਿਪ ਇਨਕਲਾਬੀ ਪੈਂਤੜਾ ਛੱਡਦੀ ਦਿਸੇ, ਲੋਕ ਉਸ ਦਾ ਪੱਲਾ ਛੱਡ ਦੇਂਦੇ ਹਨ ਅਤੇ ਸਹੀ ਇਨਕਲਾਬੀਆਂ ਦੇ ਮਗਰ ਲਗ ਜਾਂਦੇ ਹਨ, ਜਿਸ ਤਰ੍ਹਾਂ ਕਿ ਰੂਸੀ ਇਨਕਲਾਬ ਆਉਣ ਵੇਲੇ ਚੇਤੰਨ ਰੂਸੀ ਪਰੋਲਤਾਰੀਆ ਹੋਰਨਾਂ ਸਭਸ ਨੂੰ ਛਡਕੇ ਬਾਲਸ਼ਵਿਕਾਂ ਦੇ ਲੜ ਲਗਿਆ। ਪਰ ਐਵੇਂ ਨਹੀਂ।

ਜਦੋਂ ਸਿੱਖ-ਲਹਿਰ ਦੀ ਲੀਡਰਸ਼ਿਪ ਫੀਊਡਲ ਹੋਣ ਦੇ ਰਾਹੇ ਪੈ ਰਹੀ ਸੀ ਉਸ ਵਕਤ ਸਮਾਜ ਦੀ ਦਸ਼ਾ ਕੀ ਸੀ ਅਤੇ ਕਿਸਾਨਾਂ, ਕਾਰੀਗਰਾਂ, ਕੰਮੀਆਂ, ਕਾਮਿਆਂ ਦੀ ਜਮਾਤੀ ਚੇਤਨਤਾ ਦਾ ਕੀ ਹਾਲ ਸੀ ? ਸਥਾਨਕ ਫੀਊਡਲਾਂ, ਮਰਹੱਟਿਆਂ ਆਦਿ ਦੇ ਸਿਰ ਚੁਕਣ ਅਤੇ ਪੰਜਾਬ ਵਿਚ ਸਿੱਖ-ਲਹਿਰ ਦੀ ਸ਼ਕਲ ਵਿਚ ਹਿੰਦੂ ਸਮਾਜ ਦੇ ਸ਼ੂਦਰਾ ਆਦਿ ਦੇ ਵਿਸ਼ਾਲ ਪੈਮਾਨੇ ਉਤੇ ਐਨੇ ਲੰਮੇ ਸਮੇਂ ਤਕ ਗੁਰੀਲਾ ਜੰਗ ਕਰੀ ਆਉਣ ਤੇ ਬਾਹਰੋਂ ਅਹਿਮਦਸ਼ਾਹ ਅਬਦਾਲੀ ਦੇ ਹਮਲਿਆਂ ਤੋਂ ਜ਼ਾਹਿਰ ਹੈ ਕਿ ਮੁਗਲ ਫੀਊਡਲ ਤੇ ਉਹਨਾਂ ਦੀ ਸਟੇਟ ਖੋਖਰ ਹੋ ਚੁਕੇ ਸਨ। ਇਤਿਹਾਸਕ ਤੌਰ 'ਤੇ ਉਨ੍ਹਾਂ ਦੀ ਔਧ ਖ਼ਤਮ ਹੋ ਚੁਕੀ ਸੀ, ਅਤੇ ਇਨ੍ਹਾਂ ਸਭ ਦੀਆਂ ਸੱਟਾਂ ਨਾਲ ਉਹ ਆਪਣੇ ਅੰਤਲੇ ਹਟਕੋਰਿਆਂ 'ਤੇ ਆ ਰਹੇ ਸਨ। **ਜਦੋਂ ਤਕ ਤਾਂ ਉਨ੍ਹਾਂ ਨੂੰ ਢਾਹੁਨ ਦਾ ਵੇਗ ਸੀ, ਸਮਾਜਕ ਵੇਗ ਲੋਕ-ਹਿੱਤੀ ਪੈਂਤੜੇ ਦੇ ਜਾਗਣ ਨੂੰ ਰਾਹ ਦੇਂਦਾ ਸੀ ਅਤੇ ਉਹ ਜਾਗਿਆ ਤੇ ਲੜਿਆ,** ਪਰ ਜਦੋਂ ਉਸ ਦੇ ਢਹਿ ਢੇਰੀ ਹੋਣ ਅਤੇ ਨਵੇਂ ਦੇ ਸਥਾਪਤ ਹੋਣ ਦਾ ਵਕਤ ਆਇਆ ਤਾਂ ਪੈਦਾਵਾਰ ਦੀਆਂ ਸ਼ਕਤੀਆਂ ਦੀ ਲੋੜੀਂਦੀ ਉਸਾਰੀ ਨਾ ਹੋਣ ਕਰਕੇ ਲੋਕ-ਹਿੱਤ ਦੇ ਪੈਂਤੜੇ ਦੇ ਕਾਬਜ਼ ਹੋਣ ਵਾਸਤੇ, ਜਮਾਤ-ਰਹਿਤ ਸਮਾਜ ਦੇ ਵਜੂਦ ਵਿਚ ਆਉਣ ਦਾ ਦਰ ਬੰਦ ਸੀ। ਦਰ ਖੁਲ੍ਹਾ ਕਿਹੜਾ ਸੀ ? ਉਹ ਹੀ ਜੋ ਪਿਛੇ ਵੀ ਖੁਲ੍ਹਦਾ ਆਇਆ ਸੀ। ਜਦੋਂ ਹਿੰਦੂ ਫੀਊਡਲ ਖੋਖਰ ਹੋਇਆ ਸੀ ਤਾਂ ਬਾਹਰੋਂ ਪਠਾਨ ਫੀਊਡਲ ਨੂੰ ਰਾਹ ਲਭ ਰਿਆ। ਜਦੋਂ ਉਸ ਨੇ ਆਪਣੀ ਭੋਗ ਲਈ ਤਾਂ ਮੁਗ਼ਲ ਫੀਊਡਲ ਵਾਸਤੇ ਦਰ ਖੁਲ੍ਹ ਗਿਆ। ਅਤੇ ਹੁਣ ਉਸ ਦੀ ਪੁਗ ਜਾਣ ਨਾਲ ਰਾਹ ਸਿੱਖ ਫੀਊਡਲ ਵਾਸਤੇ ਖੁਲ੍ਹਾ। ਸਮਾਜਕ ਵੇਗ ਨੇ ਜਿਹੜਾ ਰਾਹ ਦਿਤਾ, ਸਿੱਖ ਗੁਰੀਲਿਆਂ ਦੇ ਲੀਡਰਾਂ ਵਾਸਤੇ ਲਾਜ਼ਮੀ ਸੀ ਕਿ ਉਹ ਉਸੇ ਰਾਹੇ ਪੈਂਦੇ। ਅਮਲੀ ਪੱਧਰ 'ਤੇ ਹੋਰ ਕੋਈ ਰਾਹ ਹੈ ਹੀ ਨਹੀਂ ਸੀ। ਫੀਊਡਲ ਬਣਨ ਦੇ ਰਾਹੇ ਪਏ ਸਿੱਖ ਗੁਰੀਲਿਆਂ ਦੇ ਲੀਡਰ ਇਨਕਲਾਬ ਦੇ ਪੁਤ ਹੁੰਦੇ ਹੋਏ ਉਸ ਦੇ ਸਪੁਤਰ ਤਾਂ ਨਹੀਂ ਸਨ ਰਹੇ, ਰਹਿ ਸਕਦੇ ਵੀ ਨਹੀਂ ਸਨ। ਬਣ ਤਾਂ ਕਪੂਤ ਗਏ ਸਨ। ਸਮਾਜਕ ਵੇਗ ਕਪੂਤ ਉਨ੍ਹਾਂ ਨੂੰ ਆਪ ਬਣਾ ਰਿਹਾ ਸੀ।



Digitized by Panjab Digital Library | www.panjabdigilib.org

ਫੇਰ ਵੀ ਇਨਕਲਾਬ ਦੀ ਬਿੰਦ ਸਨ। ਉਨ੍ਹਾਂ ਵਿਚ ਜਾਨ ਸੀ। ਉਸ ਵੇਲੇ ਉਹ ਭਵਿਖ ਦੇ ਮਾਲਕ ਸਨ। ਉਨ੍ਹਾਂ ਦੀ ਅਚੇਤ ਹੀ ਜਮਾਤੀ ਕਾਇਆਂ-ਪਲਟੀ ਹੋਈ। ਚੂੰਕਿ ਹੁਣ ਖੋਖਰ ਹੋਇਆ ਮੁਗ਼ਲ ਫੀਊਡਲ ਲਾਸ਼ ਬਣ ਚੁਕਾ ਸੀ ਅਤੇ ਸਮਾਜਕ ਵੇਗ ਰਿਸ਼ਟ-ਪੁਸ਼ਟ, ਨਵੇਂ ਨਿਰੋਏ ਫੀਊਡਲ ਨੂੰ ਰਾਹ ਦੇਂਦਾ ਸੀ, ਇਨਕਲਾਬੀਆਂ ਦਾ ਜੁੱਸਾ ਬਦਲ ਕੇ ਉਸ ਨੂੰ ਆਪ ਸਿਰਜ ਰਿਹਾ ਸੀ, ਲੋਕ-ਹਿੱਤੀ ਪੈਂਤੜੇ ਤੋਂ ਸਮਾਜ ਦੀ ਦਸ਼ਾ ਇਨਕਲਾਬੀ ਨਹੀਂ ਸੀ ਰਹੀ। ਇਸ ਵਾਸਤੇ ਨਹੀਂ ਸੀ ਰਹੀ ਕਿ ਸਮਾਜਕ ਵੇਗ ਨੇ ਜਮਾਤੀ ਸਮਾਜ ਨੂੰ ਰਾਹ ਦੇ ਦਿਤਾ ਸੀ। ਰੋਗੀ ਫੀਊਡਲ, ਸਮਾਜ ਦੀ ਸਟੇਜ ਤੋਂ ਉਤਰ ਕੇ, ਨਿਰੋਏ ਫੀਊਡਲ ਵਾਸਤੇ ਸਟੇਜ ਖ਼ਾਲੀ ਕਰ ਰਿਹਾ ਸੀ। ਇਤਿਹਾਸਕ ਉਸਾਰੀ ਦੇ ਕਾਨੂੰਨ ਦੇ ਅਨੁਸਾਰ ਸਾਡੇ ਸਮਾਜ ਵਿਚੋਂ ਅਜੇ ਫੀਊਡਲ ਦੌਰ ਦਾ ਅੰਤ ਨਹੀਂ ਸੀ ਆਇਆ।

ਜੇ ਤਾਂ ਸਮਾਜਕ ਸਥਿਤੀ ਲੋਕ-ਹਿੱਤੀ ਪੈਂਤੜੇ ਤੋਂ ਅਜੇ ਵੀ ਇਨਕਲਾਬ ਨੂੰ ਰਾਹ ਦੇਂਦੀ ਹੁੰਦੀ ਜਾਂ ਇਸ ਗੁਰੀਲਾ ਜੰਗ ਦੇ ਸਮੇਂ ਵਿਚ ਗੁਰੂ ਸਾਹਿਬਾਨ ਦੇ ਸਮੇਂ ਵਾਂਗ ਹੀ ਗੁਰਬਾਣੀ ਦੀ ਸਮਝ ਤੇ ਉਸ ਦੇ ਅਮਲੀ ਤੌਰ 'ਤੇ ਅਭਿਆਸ ਨੂੰ, ਵਿਚਾਰਧਾਰਕ ਜਮਾਤੀ ਜਦੋ-ਜਹਿਦ ਨੂੰ ਲੋੜੀਂਦੀ ਤਰਜੀਹ ਦਿਤੀ ਜਾਂਦੀ ਰਹਿੰਦੀ ਤਾਂ ਮੁਮਕਿਨ ਹੈ ਲੀਡਰਸ਼ਿਪ ਵਿਚ ਵਿਚਾਰਧਾਰਕ ਅੱਡੋ ਪਾਟੀ ਹੁੰਦੀ, ਜਿਵੇਂ ਬੰਦਈ ਖਾਲਸੇ ਤੇ ਤੱਤ ਖਾਲਸੇ ਦੇ ਦਰਮਿਆਨ ਨਿਖੇੜ ਹੋਇਆ ਸੀ। ਗੁਰਬਾਣੀ ਦੇ ਮੂਲ ਤੋਂ ਚੇਤੰਨ ਲੋਕ ਆਪਣੀ ਨਵੀਂ ਲੀਡਰਸ਼ਿਪ ਖੜੀ ਕਰਨ ਦੀ ਕੋਸ਼ਿਸ਼ ਕਰਦੇ। ਜੇ ਇਨਕਲਾਬੀ ਲੀਡਰਸ਼ਿਪ ਖੜੀ ਹੋ ਜਾਂਦੀ ਅਤੇ ਉਹ ਜ਼ੋਰ ਨਾਲ ਆਰਥਕ, ਸਿਆਸੀ, ਵਿਚਾਰਧਾਰਕ ਜਮਾਤੀ ਜਦੋ-ਜਹਿਦ ਕਾਇਮ ਰਖਦੀ, ਗੁਰੂ ਸਾਹਿਬਾਨ ਦੇ ਅਰਥਾਂ ਵਿਚ ਨਾਮ ਨੂੰ ਗ੍ਰਹਿਣ ਕਰਵਾਉਂਦੀ, ਉਸ ਨੂੰ ਅਮਲੀ ਜਾਮਾਂ ਪਹਿਣਾਉਂਦੀ ਰਹਿੰਦੀ, ਤਾਂ ਕਿਸਾਨ ਆਦਿ ਲੋਕ ਜਾਂ ਉਨ੍ਹਾਂ ਦਾ ਬਹੁਤਾ ਜਾਂ ਚੋਖਾ ਚੇਤੰਨ ਤਬਕਾ ਫੀਊਡਲ ਦੇ ਰਾਹੇ ਪਈ ਲੀਡਰਸ਼ਿਪ ਦਾ ਲੜ ਛਡ ਕੇ ਇਨਕਲਾਬੀ ਲੀਡਰਸ਼ਿਪ ਦੇ ਲੜ ਲਗ ਜਾਂਦਾ, ਪਰ ਸਮਾਜਕ ਸਥਿਤੀ ਚੂੰਕਿ ਇਨਕਲਾਬੀ ਨਹੀਂ ਸੀ ਰਹੀ ਅਤੇ ਗੁਰੀਲਾ ਜੰਗ ਦੇ ਦੌਰਾਨ ਫ਼ੌਜੀ ਲੀਡਰਸ਼ਿਪ ਦਬਾ-ਦਬ ਪੈਦਾ ਹੁੰਦੀ ਰਹੀ ਸੀ, ਪਰ ਮੁਕਾਬਲੇ ਦਾ ਲੋਕ-ਹਿੱਤੀ ਪੈਂਤੜੇ ਤੋਂ ਉਘਾ ਸਿਆਸੀ ਤੇ ਵਿਚਾਰਧਾਰਕ ਤਬਕਾ ਨਹੀਂ ਸੀ ਉਸਰ ਸਕਿਆ। ਚੂੰਕਿ ਗੁਰੀਲਿਆਂ ਦੇ ਅਮਲ ਦੀ ਜਮਾਤੀ ਕਾਇਆਂ-ਪਲਟੀ ਹੋ ਗਈ, ਲਾਜ਼ਮੀ ਸੀ ਕਿ ਉਨ੍ਹਾਂ ਦੇ ਨਜ਼ਰੀਏ ਦੀ, ਚੇਤਨਤਾ ਦੀ ਵੀ ਜਮਾਤੀ ਤੌਰ 'ਤੇ ਕਾਇਆਂ ਪਲਟਦੀ। ਸੋ ਹੁੰਦੀ ਹੁੰਦੀ ਅਚੇਤ ਹੀ ਉਹ ਵੀ ਪਲਟ ਗਈ। ਗੁਰਬਾਣੀ ਦਾ ਪਾਠ ਤੇ ਕੀਰਤਨ ਤਾਂ ਹੁੰਦੇ ਰਹੇ, ਪਰ ਉਸ ਦੇ ਜ਼ਿੰਦਗੀ 'ਤੇ ਲਾਗੂ ਅਰਥ ਅਚੇਤ ਹੀ ਬਦਲੇ। ਗੁਰੂ ਸਾਹਿਬਾਨ ਵਾਲੇ ਨਾਮ ਦਾ ਮੂਲ ਅਲੋਪ ਹੋ ਗਿਆ। ਅਮਲੀ ਜ਼ਿੰਦਗੀ 'ਤੇ ਲਾਗੂ



Digitized by Panjab Digital Library | www.panjabdigilib.org

ਗੁਰਬਾਣੀ ਦਾ ਅਭਿਆਸ ਗੁਰੂ ਸਾਹਿਬਾਨ ਵਾਲਾ, ਅਨੰਦਪੁਰ ਦੇ ਖਾਲਸੇ ਵਾਲਾ ਨਾ ਰਿਹਾ। ਜਿਵੇਂ ਇਸਲਾਮ ਤੇ ਈਸਾਈ ਮੱਤ ਨਾਲ ਹੋਇਆ, ਹੁੰਦਾ ਹੁੰਦਾ ਅਚੇਤ ਹੀ ਇਹ ਫੀਊਡਲ-ਹਿੱਤੀ ਹੋ ਗਿਆ। ਲੋਕਾਂ ਨੂੰ ਨਾਮ ਗ੍ਰਹਿਣ, ਮਤਲਬ ਜਮਾਤੀ ਚੇਤਨਤਾ ਤਾਂ ਲੀਡਰਸ਼ਿਪ ਨੇ ਹੀ ਦੇਣੀ ਸੀ। ਉਸ ਦਾ ਸੋਮਾਂ ਹੀ ਖੁਸ਼ਕ ਹੋ ਗਿਆ। ਸਿਆਸੀ ਵਿਚਾਰਧਾਰਕ ਜਮਾਤੀ ਜਦੋ-ਜਹਿਦ ਦੀ ਅਣਹੋਂਦ ਕਾਰਨ ਫੀਊਡਲ ਦੇ ਰਾਹ ਤੇ ਅਮਲ ਨੇ ਲੋਕਾਂ ਨੂੰ ਆਪਣੇ ਰਾਹੇ ਪਾ ਹੀ ਲੈਣਾ ਸੀ। ਸੋ ਪਾ ਲਿਆ। ਲਹਿਰ ਵਿਚ ਹੋਈ ਇਸ ਜਮਾਤੀ ਉਲਟ-ਪੁਲਟੀ ਨਾਲ ਗੁਰਬਾਣੀ ਦੇ ਅਰਥਾਂ ਵਿਚ ਸਿੱਖ, ਗੁਰੂ ਗੋਬਿੰਦ ਸਿੰਘ ਦੇ ਅਰਥਾਂ ਵਿਚ ਖਾਲਸੇ ਦੇ ਬਣਨ ਦਾ ਵੇਗ ਹੀ ਖਤਮ ਹੋ ਗਿਆ। ਬਣਨ ਕੌਣ ਲਗ ਪਏ ? ਅਖੌਤੀ ਸਿੱਖ। ਮਾਇਆ ਦੇ ਵਿਰੋਧੀਆਂ ਤੋਂ ਹਟ ਕੇ ਮਾਇਆ ਦੇ ਸਿੱਖ। ਪਦਾਰਥਾਂ 'ਤੇ ਮੋਹਤ ਹੋਏ, ਮਾਇਆ ਦੇ ਨਿਜ਼ਾਮ ਅਤੇ ਰਾਜ 'ਤੇ ਮੋਹਤ ਹੋਏ ਸਿੱਖ, ਕਬਜ਼ੇ ਦੀ ਹਵਸ ਦੇ ਕਾਬੂ ਆਏ ਸਿੱਖ। ਹੁਣ ਤਕ ਹਰ ਇਕ ਨੂੰ ਦਿਸ ਪਿਆ ਸੀ ਕਿ ਪੰਜਾਬ ਵਿਚ ਸਿਆਸੀ ਤਾਕਤ ਸਿੱਖ ਗੁਰੀਲਿਆਂ ਦੇ ਸਰਦਾਰਾਂ ਕੋਲ ਆ ਰਹੀ ਹੈ।

ਚੜ੍ਹਦੇ ਸੂਰਜ ਨੂੰ ਸਲਾਮਾਂ ਕਰਨਾ ਮਾਇਆ ਦੇ ਨਿਜ਼ਾਮ ਦੇ ਅਨੁਸਾਰੀ ਢਲੇ ਬੰਦਿਆਂ ਦਾ ਖਾਸਾ ਤੁਰਿਆ ਹੀ ਆਇਆ ਹੈ। ਸੋ ਸਿੱਖ ਸਰਦਾਰਾਂ ਦੇ ਹੱਥਾਂ ਵਿਚ ਰਾਜ ਆ ਰਿਹਾ ਵੇਖ ਕੇ ਇਨ੍ਹਾਂ ਅਖੌਤੀ ਸਿੱਖਾਂ ਦੀ ਗਿਣਤੀ ਵਿਚ ਵਾਧਾ ਹੋਣਾ ਕੁਦਰਤੀ ਸੀ। 'ਯਥਾ ਰਾਜਾ ਤਥਾ ਪਰਜਾ' ਦੇ ਕਾਨੂੰਨ ਦੇ ਅਧੀਨ ਪੰਜਾਬ ਦੀ ਆਬਾਦੀ ਵਿਚ ਜਿੰਨੇ ਫੀ ਸਦੀ ਸਿੱਖ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੇ ਸਮੇਂ ਸਨ, ਓਨੇ ਫੀ ਸਦੀ ਨਾ ਉਸ ਤੋਂ ਕਦੇ ਪਹਿਲਾਂ ਹੋਏ ਸਨ ਅਤੇ ਨਾ ਮੁੜ ਅੱਜ ਤਕ ਹੋਏ ਹਨ।

**ਸੋ ਅਖੌਤੀ ਸਿੱਖਾਂ ਦੀ ਗਿਣਤੀ ਵਿਚ ਵਾਧਾ ਹੋਣਾ ਇਸ ਗੱਲ ਦੀ ਗਵਾਹੀ ਨਹੀਂ ਕਿ ਉਸ ਸਮੇਂ ਵਿਚ ਸਿੱਖ-ਲਹਿਰ ਉਸੇ ਜਮਾਤੀ ਪੈਂਤੜੇ 'ਤੇ, ਮਨੁੱਖ ਦੀ, ਸਰਬਤ ਦੀ ਆਜ਼ਾਦੀ ਵਾਲੇ ਪੈਂਤੜੇ 'ਤੇ ਸੀ ਜਿਸ 'ਤੇ ਗੁਰੂ ਸਾਹਿਬਾਨ ਦੀ ਅਗਵਾਈ ਹੇਠ ਸੀ।** ਮੁਲਕ ਵਿਚ ਬੇਅੰਤ ਹਿੰਦੂ ਤੇ ਅਣਗਿਣਤ ਮੁਸਲਮਾਨ ਸਨ। ਪਰ ਗੁਰੂ ਨਾਨਕ ਸਾਹਿਬ ਨੇ ਕਿਹਾ ਸੀ ਨਾ ਕੋ ਹਿਦੂ ਨਾ ਕੋ ਮੁਸਲਮਾਨ। ਅਤੇ ਉਨ੍ਹਾਂ ਆਪਣੇ ਕਹੇ ਦੀ ਵਿਆਖਿਆ ਵੀ ਕੀਤੀ ਸੀ। ਅਰਥ ਵੀ ਦਸੇ ਸਨ। "ਮੁਸਲਮਾਣੁ ਕਹਾਵਣੁ ਮੁਸਕਲੁ ਜਾ ਹੋਇ ਤਾ ਮੁਸਲਮਾਣੁ ਕਹਾਵੈ। ਅਵਲਿ ਅਉਲਿ ਦੀਨੁ ਕਰਿ ਮਿਠਾ ਮਸਕਲ ਮਾਨਾ ਮਾਲੁ ਮੁਸਾਵੈ।" ਉਨ੍ਹਾਂ ਅਖੌਤੀ ਅਤੇ ਅਸਲ ਹਿੰਦੂਆਂ ਤੇ ਮੁਸਲਮਾਨਾਂ ਦੇ ਦਰਮਿਆਨ ਤਮੀਜ਼ ਕੀਤੀ ਸੀ। ਉਨ੍ਹਾਂ ਕਿਹਾ



Digitized by Panjab Digital Library | www.panjabdigilib.org

ਸੀ ਕਿ ਨਾਂ ਦੇ ਹਿੰਦੂਆਂ ਤੇ ਮੁਸਲਮਾਨਾਂ ਨਾਲ ਤਾਂ ਮੁਲਕ ਭਰਿਆ ਪਿਆ ਹੈ, ਪਰ ਕੁਰਾਨ ਦੇ, ਫਰੀਦ ਦੇ ਅਰਥਾਂ ਵਿਚ ਨਾ ਕੋਈ ਮੁਸਲਮਾਨ ਹੈ ਅਤੇ ਕਬੀਰ ਵਰਗੇ ਭਗਤਾਂ ਦੇ ਅਰਥਾਂ ਵਿਚ ਨਾ ਕੋਈ ਹਿਦੂ। ਕੀ ਹਿੰਦੂ ਤੇ ਕੀ ਮੁਸਲਮਾਨ ਸਭ ਮਾਲ ਨੂੰ ਮੁਸਾਉਣ ਦੀ ਥਾਂ ਮਾਲ ਨੂੰ ਜੱਫਾ ਮਾਰਨ ਵਾਸਤੇ ਇਕ ਦੂਸਰੇ ਦੇ ਲਹੂ ਦੇ ਤਿਹਾਏ ਹਨ। ਇਹ ਹੀ ਹਾਲ ਸਿੱਖ ਰਾਜ ਆਉਣ ਵੇਲੇ ਦੇ ਸਿੱਖਾਂ ਦਾ ਹੋ ਗਿਆ।



Digitized by Panjab Digital Library | www.panjabdigilib.org

## ਸਿੱਖ-ਲਹਿਰ ਦੀ ਕੀਤੀ ਨਾਲ ਸੁੱਧਾ ਧੱਕਾ

ਗੁਰਬਾਣੀ ਤੇ ਗੁਰੂ ਸਾਹਿਬਾਨ ਦੀ ਅਗਵਾਈ ਹੇਠ ਸਿੱਖ ਲਹਿਰ ਦੀ ਕਰਨੀ ਬਾਬਤ ਸਪੱਸ਼ਟ ਤੌਰ 'ਤੇ ਅਤੇ ਵਿਸਥਾਰ ਵਿਚ ਹੁਣ ਤੀਕ ਇਹ ਪ੍ਰਗਟ ਕੀਤਾ ਜਾ ਚੁਕਾ ਹੈ ਕਿ ਇਹ ਲਹਿਰ ਮਾਇਆ ਦੇ ਨਿਜ਼ਾਮ ਦੇ ਵਿਰੁਧ, ਉਸ ਵੇਲੇ ਦੇ ਕਾਬਜ਼ ਫ਼ੀਊਡਲ ਨਿਜ਼ਾਮ ਦੇ ਵਿਰੁਧ, ਲੋਕ-ਹਿੱਤ ਦੇ ਪੈਂਤੜੇ ਤੋਂ, ਮਨੁੱਖ ਦੀ ਆਜ਼ਾਦੀ, ਸਰਬਤ ਦੀ ਆਜ਼ਾਦੀ ਵਾਸਤੇ ਕਿਸਾਨਾਂ, ਕੰਮੀਆਂ, ਕਾਰੀਗਰਾਂ ਤੇ ਕਾਮਿਆਂ ਦੀ ਇਨਕਲਾਬੀ ਲਹਿਰ ਸੀ ਅਤੇ ਉਸ ਦੀ ਵਿਚਾਰਧਾਰਾ ਉਸ ਦਾ "ਪੁਰਾਣਾ-ਨਾ-ਥੀਏ" ਵਾਲਾ ਸੱਚ ਹੈ।

ਗੁਰੂ ਸਾਹਿਬਾਨ ਦੀ ਅਗਵਾਈ ਹੇਠ ਚਲੀ ਸਿੱਖ-ਲਹਿਰ ਹਿੰਦੁਸਤਾਨ ਦੇ ਲੰਮੇ ਇਤਿਹਾਸ ਵਿਚ, ਸਰਬਤ ਦੀ ਆਜ਼ਾਦੀ ਲਈ ਚਲੀ ਲਾਸਾਨੀ ਇਨਕਲਾਬੀ ਲਹਿਰ ਸੀ। ਉਸ ਲਾਸਾਨੀ ਇਨਕਲਾਬੀ ਲਹਿਰ ਦੇ ਸਿਖਰ ਦੇ ਲਾਸਾਨੀ ਇਨਕਲਾਬੀ ਲੀਡਰ ਗੁਰੂ ਗੋਬਿੰਦ ਸਿੰਘ ਨੂੰ, ਉਨ੍ਹਾਂ ਦੇ ਬਹਾਦਰਸ਼ਾਹ ਨਾਲ ਸੰਬੰਧਾਂ ਬਾਬਤ ਲਿਖਦਿਆਂ, ਡਾਕਟਰ ਜ. ਸ. ਗਰੇਵਾਲ ਨੇ ਇਕ ਐਸੀ ਖ਼ੁਦਗਰਜ਼ ਤੇ ਸਾਧਾਰਨ ਜਿਹੀ ਸ਼ਖ਼ਸੀਅਤ ਦਰਸਾਇਆ ਹੈ, ਜਿਸ ਨੇ ਗੁਰੂ ਨਾਨਕ ਦੀ ਚਲਾਈ ਤੇ ਹੋਰ ਗੁਰੂ ਸਾਹਿਬਾਨ ਦੀ ਪਾਲੀ ਸਿੱਖ-ਲਹਿਰ ਨੂੰ ਆਪਣੇ ਨਿਗੂਣੇ ਹਿੱਤ ਵਾਸਤੇ — ਆਪਣੇ ਫ਼ੀਊਡਲ ਕਿਸਮ ਦੇ ਰਾਜ ਵਾਸਤੇ ਵੀ ਨਹੀਂ, ਬਲਕਿ ਆਪਣੇ ਪਿਉ ਦੇ ਦਿਤੇ ਆਪਣੇ ਘਰ "ਅਨੰਦਪੁਰ ਦਾ ਕਰ ਨਾ ਦੇਣ ਵਾਸਤੇ" — ਡੋਬ ਦਿਤਾ।* ਇਸ ਤਰ੍ਹਾਂ ਡਾ. ਗਰੇਵਾਲ ਨੇ ਸਭ ਗੁਰੂ ਸਾਹਿਬਾਨ ਦੀ ਕੀਤੀ ਦੇ ਅਸਲੇ ਦਾ, ਲਹਿਰ ਦੇ ਇਨਕਲਾਬੀ ਅਸਲੇ ਦਾ ਨਸ਼ਟ ਪੁਟਕੇ ਰਖ ਦਿਤਾ। ਇਨ੍ਹਾਂ ਨੇ ਆਪਣੇ ਇਕ ਹੋਰ ਮਜ਼ਮੂਨ "ਸਿੱਖ ਮੱਤ ਵਿਚ ਬਰਾਬਰੀ ਦੇ ਸੰਕਲਪ ਦੇ ਸਮਾਜੀ ਅਰਥ" ਵਿਚ ਤਾਂ ਗੁਰਬਾਣੀ ਦੇ ਇਨਕਲਾਬੀ ਸੱਚ, ਸਰਬਤ ਦੀ ਆਜ਼ਾਦੀ ਦੇ ਸੱਚ ਤੇ ਗੁਰੂ ਸਾਹਿਬਾਨ ਦੀ ਅਗਵਾਈ ਹੇਠ ਸਿੱਖ-ਲਹਿਰ ਦੀ ਕਰਨੀ ਉਤੇ ਸੁਹਾਗਾ ਹੀ ਫੇਰ ਦਿਤਾ।

ਡਾਕਟਰ ਗਰੇਵਾਲ ਨੇ ਗੁਰਬਾਣੀ ਤੇ ਸਿੱਖ-ਲਹਿਰ ਬਾਬਤ ਗ਼ਲਤ ਨਤੀਜੇ ਇਸ ਵਾਸਤੇ ਕਢੇ ਹਨ ਕਿਉਂਕਿ ਉਨ੍ਹਾਂ ਨੇ ਇਨ੍ਹਾਂ ਦੇ ਸੰਕਲਪਾਂ ਦੀ ਵਸਤੂ ਹੀ ਨਹੀਂ ਸਮਝੀ। ਉਨ੍ਹਾਂ ਨੂੰ ਇਸ ਵਿਰਲ ਦਾ ਭੇਦ ਨਹੀਂ ਕਿ ਸੰਕਲਪਾਂ ਦੇ ਰੂਪ ਤੇ ਵਸਤੂ ਵਿਚ ਬਹੁਤ

*__ਸੋਧ__ ਮਾਸਕ-ਪਤਰ, ਅਕ ਨਵੰਬਰ ੧੯੭੫, ਸਫ਼ਾ ੨੬

__ਸੋਧ__ ਮਾਸਕ-ਪਤਰ, ਅੰਕ ਅਪ੍ਰੈਲ ੧੯੭੬, ਸਫ਼ੇ ੩੫-੪੦



Digitized by Panjab Digital Library | www.panjabdigilib.org

ਫ਼ਰਕ ਹੁੰਦਾ ਹੈ, ਕਿ ਗੱਲ ਦਾ ਅਸਲ ਮਤਲਬ ਉਸ ਦੀ ਵਸਤੂ ਤਕ ਪਹੁੰਚਿਆਂ ਹੀ ਪਤਾ ਲਗਦਾ ਹੈ, ਅਤੇ ਇਹ ਕਿ ਰੂਪ 'ਤੇ ਬੈਠੇ ਰਿਹਾਂ ਅਸਲਾ ਪੱਲਾ ਨਹੀਂ ਫੜਾਉਂਦਾ।

**ਗੁਰਬਾਣੀ ਵਿਚ ਮੁਕਤੀ ਦਾ ਸੰਕਲਪ :** ਉਨ੍ਹਾਂ ਗੁਰਬਾਣੀ ਵਿਚ **ਮੁਕਤੀ** ਦੇ ਸੰਕਲਪ ਦੀ ਗੱਲ ਕੀਤੀ ਹੈ। ਗੁਰਬਾਣੀ ਵਿਚ ਮੁਕਤੀ ਦਾ ਸੰਕਲਪ ਹੈ ਕੀ ? ਉਸ ਦੇ ਵਿਚ ਕੀ ਕੀ ਆਉਂਦਾ ਹੈ ? ਇਸ ਬਾਬਤ ਉਨ੍ਹਾਂ ਗਹਿਰਾਈ ਵਿਚ ਸੋਚਿਆ ਨਹੀਂ। ਮੁਕਤੀ ਦਾ ਜ਼ਿਕਰ ਕਰਦਿਆਂ ਉਨ੍ਹਾਂ ਸਿਰਫ਼ ਇਹ ਹੀ ਸਮਝਿਆ ਹੈ ਕਿ ਗੁਰਬਾਣੀ ਦੇ ਮੁਤਾਬਿਕ ਹਰ ਇਕ ਲਈ, ਜਮਾਤੀ ਸਮਾਜ ਦੇ ਊਚ ਨੀਚ ਲਈ, ਇਸਤਰੀ ਮਰਦ ਲਈ, ਮੁਕਤੀ ਦਾ ਦਰ ਖੁਲ੍ਹਾ ਹੈ ਅਤੇ ਇਹ ਕਿ ਜਿਵੇਂ ਮੁਕਤੀ ਦਾ, ਰੱਬ ਦੇ ਦਰ ਪ੍ਰਵਾਨ ਹੋਣ ਦਾ ਆਰਥਕ, ਸਮਾਜਕ, ਸਿਆਸੀ, ਮਨੁਖੀ ਬਣਤਰ ਦੀ ਪੱਧਰ 'ਤੇ ਕੋਈ ਤਅੱਲਕ ਹੀ ਨਾ ਹੋਵੇ, ਜਿਵੇਂ ਇਸ ਦਾ ਮਤਲਬ ਚੁਪ ਚੁਪੀਤੇ, ਸਮਾਜਕ ਸਿਆਸੀ, ਮਨੁਖੀ ਕੰਮ ਕੀਤਿਆਂ ਬਗ਼ੈਰ ਹੀ ਰੱਬ ਦੀ ਬੁਕਲ 'ਚ ਜਾ ਵੜਨਾ ਹੋਵੇ।

"ਜੋ ਪ੍ਰਾਨੀ ਮਮਤਾ ਤਜੈ ਲੋਭ ਮੋਹ ਅਹੰਕਾਰ। ਕਹੁ ਨਾਨਕ ਆਪਨ ਤਰੈ ਅਉਰਨ ਲੇਤ ਉਧਾਰ।" ਗੁਰਬਾਣੀ ਦੇ ਮੁਤਾਬਿਕ ਮਨੁਖ ਦਾ ਰੱਬ ਨਾਲ ਮੇਲ ਮਰਨ ਤੋਂ ਮਗਰੋਂ ਹੀ ਨਹੀਂ ਹੁੰਦਾ, ਇਸ ਜਾਮੇ ਵਿਚ, ਐਥੇ ਹੀ, ਹੁਣੇ ਹੀ ਹੁੰਦਾ ਹੈ, ਜੀਊਂਦੇ ਜੀ ਹੁੰਦਾ ਹੈ। "ਆਜੁ ਮਿਲਾਵਾ ਸੇਖ਼ ਫਰੀਦ ਟਾਕਿਮ ਕੂੰਜੜੀਆ ਮਨਹੁ ਮਚਿੰਦੜੀਆ।" ਰੱਬ ਨੂੰ ਪ੍ਰਵਾਨ ਗੁਣ ਤੇ ਉਸ ਵਾਲੀ ਮਾੜੇ ਚੰਗੇ ਦੀ ਤਮੀਜ਼, ਸਮਾਜਕ ਮਨੁਖੀ ਕੀਮਤਾਂ ਦਾ ਪੈਮਾਨਾ ਐਥੇ, ਮਨੁਖੀ ਰੂਪ ਵਿਚ ਹੀ ਹਾਸਿਲ ਹੋ ਜਾਂਦਾ ਹੈ। "ਗੁਰਮੁਖਿ ਅਸਟ ਸਿਧੀ ਸਭਿ ਬੁਧੀ। ਗੁਰਮੁਖਿ ਭਵਜਲੁ ਤਰੀਐ ਸਚ ਸੁਧੀ। ਗੁਰਮੁਖਿ ਸਰ ਅਪਸਰ ਬਿਧਿ ਜਾਣੈ। ਗੁਰਮੁਖਿ ਪਰਵਿਰਤਿ ਨਰਵਿਰਤਿ ਪਛਾਣੈ। ਗੁਰਮੁਖਿ ਤਾਰੇ ਪਾਰਿ ਉਤਾਰੇ। ਨਾਨਕ ਗੁਰ-ਮੁਖਿ ਸਬਦਿ ਨਿਸਤਾਰੇ।" (੯੪੧) ਗੁਰਮੁਖ ਇਕੱਲਾ ਹੀ ਨਹੀਂ ਤਰਦਾ, ਹੋਰਨਾਂ ਨੂੰ ਵੀ ਨਾਲ ਤਾਰ ਕੇ ਤਰਦਾ ਹੈ। ਨਾਲੇ ਰੱਬ ਨਾਲ ਮਿਲਾਪ ਹੋਣ ਦਾ ਮਤਲਬ ਭਜਕੇ ਉਹਦੀ ਬੁਕਲ ਵਿਚ ਜਾ ਵੜਨਾ ਨਹੀਂ। "ਬ੍ਰਹਮ ਗਿਆਨੀ ਪਰਉਪਕਾਰ ਉਮਾਹਾ।" ਗੁਰਬਾਣੀ ਦੇ ਅਨੁਸਾਰ ਪਰਉਪਕਾਰ ਕੀਹ ਹੈ ? ਸਭ ਲੋਕਾਈ ਨੂੰ ਮਾਇਆ ਦੇ ਬੰਧਨ ਵਿਚੋਂ ਕਢਣਾ। ਨਰਕ ਵਿਚੋਂ ਕਢਣਾ। ਉਸ ਦੇ ਮੁਤਾਬਿਕ ਨਰਕ ਐਸ ਜ਼ਿੰਦਗੀ ਵਿਚ ਵੀ ਹੈ ਅਤੇ ਮਗਰੋਂ ਵੀ। **ਨਰਕ ਹੈ ਮਾਇਆ ਦਾ ਬੰਧਨ।** ਮਰਨ ਮਗਰੋਂ ਇਸ ਦਾ ਰੂਪ ਹੈ ਮਰਨ ਜੀਉਣ ਦਾ ਚੱਕਰ, ਚੁਰਾਸੀ ਲੱਖ ਜੂਨ। "ਮਨਮੁਖਾਂ ਨੂੰ ਫਿਰ ਜਨਮ ਹੈ।" **ਗੁਰਮੁਖ ਦਾ ਕੰਮ ਕੀ ਹੈ ? ਮਾਇਆ ਦੇ ਨਿਜ਼ਾਮ ਨੂੰ ਖ਼ਤਮ ਕਰਨਾ ਅਤੇ ਸਭ ਦੁਨੀਆਂ ਉਤੇ ਭਗਤਾਂ ਦਾ ਵਾਸਾ ਕਰਵਾਉਣਾ।** "ਗੁਰਮੁਖਿ ਧਰਤੀ ਸਾਚੈ ਸਾਜੀ।" ਮਤਲਬ ਕੀ ਹੈ ? ਮਤਲਬ ਹੈ **ਮਨੁਖ ਦੀ, ਉਸ ਦੇ ਸਮਾਜ ਦੀ, ਸਾਰੀ ਮਨੁਖੀ ਜ਼ਿੰਦਗੀ ਦੀ ਕਾਇਆਂ-ਪਲਟੀ ਕਰਨਾ। ਜੋ ਇਸ ਧਰਤੀ ਉਤੇ**



Digitized by Panjab Digital Library | www.panjabdigilib.org

ਤਸਕਰਾਂ ਵਾਸਾ ਕੀਤਾ ਹੋਇਆ ਹੈ, ਉਨ੍ਹਾਂ ਨੂੰ ਮਾਰ ਭਜਾਉਣਾ।

ਭਗਤ, ਸਮਾਜ ਦੀ ਪੈਦਾਵਾਰ ਦੀ ਵੰਡ ਕਿਵੇਂ ਕਰਦੇ ਹਨ — ਇਸ ਬਾਬਤ ਗੁਰਬਾਣੀ ਸ਼ੱਕ ਨਹੀਂ ਛਡਦੀ। ਜਦੋਂ ਗੁਰਬਾਣੀ ਮਨੁਖ ਦੀ ਕਾਇਆਂ ਪਲਟਦੀ ਹੈ ਤਾਂ ਸਮਾਜ ਦੀ ਕਾਇਆਂ ਲਾਜ਼ਮੀ ਪਲਟਦੀ ਹੈ। ਸਮਾਜ ਦੀ ਕਾਇਆਂ ਪਲਟਣ ਬਗੈਰ ਮਨੁਖ ਦੀ ਕਾਇਆਂ ਕਿਵੇਂ ਪਲਟੀ ਜਾ ਸਕਦੀ ਹੈ ? ਮਾਇਆ ਦਾ ਬੰਧਨ ਟੁਟਣ ਦਾ ਅਰਥ ਹੀ ਮਾਇਆ ਵਾਲੇ ਨਿਜ਼ਾਮ ਦਾ ਖ਼ਾਤਮਾ ਹੈ, ਉਸ ਦੇ ਵਿਰੁਧ ਇਨਕਲਾਬ ਹੈ। ਗੁਰਮੁਖ ਦੀ ਮੁਕਤੀ ਦੇ ਵੇਗ ਵਿਚ ਮਾਇਆ ਦੇ ਨਿਜ਼ਾਮ ਦੇ ਵਿਰੁਧ ਸਿਰ-ਧੜ ਦੀ ਬਾਜ਼ੀ ਲਾਉਣੀ ਲਾਜ਼ਮੀ ਆਉਂਦੀ ਹੈ। ਗੁਰੂ ਨਾਨਕ ਦੇ ਰੱਬ ਨਾਲ ਪਿਆਰ ਦੀ ਖੇਡ ਖੇਡਣੀ ਖ਼ਾਲਾ ਜੀ ਦਾ ਵਾੜਾ ਨਹੀਂ; ਇਹ ਸਿਰ ਤਲੀ 'ਤੇ ਰਖਣ ਵਾਲੀ ਗੱਲ ਹੈ।

**ਇਕ-ਪੁਰਖੀ ਰਾਜ ਦੀ ਗੱਲ:** ਡਾਕਟਰ ਗਰੇਵਾਲ ਲਿਖਦੇ ਹਨ: "ਉਹ (ਗੁਰੂ ਨਾਨਕ) ਇਕ-ਪੁਰਖੀ ਰਾਜ ਦੀ ਸੰਸਥਾ ਦੀ ਭੰਡੀ ਨਹੀਂ ਕਰਦੇ ਸਗੋਂ ਇਹਦੀ ਭੈੜੀ ਵਰਤੋਂ ਦੀ ਨਿੰਦਿਆ ਕਰਦੇ ਹਨ।" ਇਥੇ ਵੀ ਡਾਕਟਰ ਗਰੇਵਾਲ ਸੱਤਈ, ਲਫ਼ਜ਼ੀ ਅਰਥਾਂ ਵਿਚ ਉਲਝ ਕੇ ਰਹਿ ਗਏ ਹਨ। ਗੱਲ ਦੇ ਰੂਪ ਤੋਂ ਥੱਲੇ ਜਾਣ ਦੀ ਕੋਸ਼ਿਸ਼ ਨਹੀਂ ਕੀਤੀ ਜਾਪਦੀ! ਕੀ ਬੁਰਜਵਾਜ਼ੀ ਦੀ ਡਿਕਟੇਟਰਸ਼ਿਪ ਤੇ ਪਰੋਲਤਾਰੀ ਦੀ ਡਿਕਟੇਟਰਸ਼ਿਪ ਵਿਚ ਕੋਈ ਫ਼ਰਕ ਨਹੀਂ ਹੁੰਦਾ ? ਕੀ ਸਟੇਟ ਦਾ ਸਾਰਾ ਮਸਲਾ ਇਕ-ਪੁਰਖੀ ਤੇ ਜਮਹੂਰੀ ਰਾਜ ਦਾ ਹੀ ਹੈ ? ਕੀ ਸਰਮਾਇਦਾਰੀ ਦੀ ਜਮਹੂਰੀਅਤ ਬੁਰਜਵਾਜ਼ੀ ਦੀ ਡਿਕਟੇਟਰਸ਼ਿਪ ਨਹੀਂ ? ਕੀ ਪੁਰਾਣੇ ਯੂਨਾਨ ਵਿਚ ਜਮਹੂਰੀਅਤ-ਪਸੰਦ ਗੁਲਾਮਾਂ ਦੇ ਮਾਲਕਾਂ ਦੀ ਡਿਕਟੇਟਰਸ਼ਿਪ ਨਹੀਂ ਸੀ ? ਕੀ ਪਰੋਲਤਾਰੀ ਡਿਕਟੇਟਰਸ਼ਿਪ (ਜੇ ਉਹ ਰੂਸੀ ਕਿਸਮ ਦੀ ਨਾ ਹੋਵੇ; ਸਹੀ ਅਰਥਾਂ ਵਿਚ ਪਰੋਲਤਾਰੀ ਦੀ ਡਿਕਟੇਟਰਸ਼ਿਪ ਹੋਵੇ) ਪਰੋਲਤਾਰੀ ਉਤੇ ਧੌਂਸ ਹੁੰਦੀ ਹੈ ? ਕੀ ਸਮਾਜ ਦੇ ਮਿਹਨਤਕਸ਼ ਤਬਕੇ ਉਤੇ ਉਹ ਸਹੀ ਅਰਥਾਂ ਵਿਚ ਸਟੇਟ ਹੁੰਦੀ ਵੀ ਹੈ ? ਕੀ ਝੂਠੇ ਪਾਤਸ਼ਾਹ ਤੇ ਸੱਚੇ ਪਾਤਸ਼ਾਹ (ਸਤਿਗੁਰੂ ਦੀ ਪਾਤਸ਼ਾਹੀ) ਵਿਚ ਜਮਾਤੀ ਫ਼ਰਕ ਕੋਈ ਨਹੀਂ ? ਕੀ ਸਤਿਗੁਰੂ ਸਵਾਏ ਹਾਕਮ ਜਮਾਤਾਂ ਦੇ ਹੋਰ ਕਿਸੇ ਵਾਸਤੇ, ਸੰਗਤਾਂ ਵਾਸਤੇ, ਲੋਕਾਂ ਵਾਸਤੇ ਸਹੀ ਅਰਥਾਂ ਵਿਚ ਸਟੇਟ ਸੀ ? ਕੀ ਸਤਿਗੁਰੂ ਏਸ ਵਾਸਤੇ ਹੀ ਸਤਿਗੁਰੂ ਨਹੀਂ ਸੀ ਕਿ ਉਹ ਸਾਰੀ ਧਰਤੀ ਉਤੇ ਭਗਤਾਂ, ਸੰਤਾਂ ਦਾ ਵਾਸਾ ਕਰਾਉਣਾ ਚਾਹੁੰਦਾ ਸੀ ? ਜਦੋਂ ਸਭ ਧਰਤੀ ਉਤੇ ਭਗਤ ਹੀ ਭਗਤ ਹੋ ਜਾਂਦੇ ਤਾਂ ਕੀ ਸਮਾਜ ਵਿਚ ਸਟੇਟ ਹੁੰਦੀ ? ਕੀ ਸਤਿਗੁਰੂ ਪਾਤਸ਼ਾਹ ਰਹਿਣਾ ਚਾਹੁੰਦਾ ਹੈ ? ਕੀ ਨਿਜ਼ਾਮ ਦੀ ਕਿਸਮ ਦਸਣ ਤੋਂ ਬਗ਼ੈਰ ਸਟੇਟ ਦੀ ਕਿਸਮ ਦੀ ਗੱਲ ਕਰਨ ਦਾ ਕੋਈ ਅਰਥ ਹੈ ? ਕੀ ਜਮਾਤੀ ਸਮਾਜ ਦੀ ਕੋਈ ਸਟੇਟ, ਰੂਪ ਭਾਵੇਂ ਉਸ ਦਾ ਕੋਈ ਵੀ ਹੋਵੇ, ਨੇਕ ਤੇ ਲੋਕ-ਹਿੱਤੀ ਹੋ ਸਕਦੀ ਹੈ ? ਕੀ ਸਟੇਟ ਆਪਣੇ ਨਿਜ਼ਾਮ ਦੇ ਅਸਲੇ ਮਗਰ ਜਾਣੋਂ ਰਹਿ ਸਕਦੀ ਹੈ ? ਡਾਕਟਰ ਗਰੇਵਾਲ ਇਹਨਾਂ 'ਚੋਂ ਕਿਸੇ ਵੀ



Digitized by Panjab Digital Library | www.panjabdigilib.org

ਤੱਥ ਨੂੰ ਮੁਖ਼ਾਤਬ ਨਹੀਂ ਹੁੰਦੇ ! ਉਨ੍ਹਾਂ ਨੂੰ ਤਾਂ ਇਕ-ਪੁਰਖੀ ਤੇ ਜਮਹੂਰੀ ਰਾਜ ਤੋਂ ਅੱਗੇ ਕੋਈ ਗੱਲ ਅਹੁੜੀ ਨਹੀਂ ਜਾਪਦੀ !! ਉਨਾਂ ਨੇ 'ਰਾਜੇ ਸੀਹ ਮੁਕਦਮ ਕੁਤੇ' ਆਦਿ ਦਾ ਮਤਲਬ ਹੀ ਨਹੀਂ ਸਮਝਿਆ ਕਿ ਇਹ ਮਾਇਆ ਦੇ ਨਿਜ਼ਾਮ ਦੀ ਸਟੇਟ ਦਾ ਪ੍ਰਤੀਨਿਧ ਚਿਤਰ ਹੈ। ਇਕੜ ਦੁਕੜ ਰਾਜਿਆਂ ਦੀ ਬਦੀ ਦਾ ਨਕਸ਼ਾ ਨਹੀਂ।

ਇਹ ਆਮ ਗੱਲਾਂ ਹਨ ਜੋ ਇਤਿਹਾਸ ਦੇ, ਸਿਆਸੀ ਸਾਇੰਸ ਦੇ ਹਰ ਵਿਦਿਆਰਥੀ ਨੂੰ ਆਉਂਦੀਆਂ ਹਨ। ਅਸਲ ਗੱਲ ਇਨ੍ਹਾਂ ਤੋਂ ਡੂੰਘੀ ਹੈ। **ਵਿਚਾਰਧਾਰਕ ਕਿਸੇ ਜਮਾਤ ਦਾ ਹੋਵੇ, ਇਨਕਲਾਬੀ ਤੋਂ ਇਨਕਲਾਬੀ ਜਮਾਤ ਦਾ ਹੋਵੇ, ਨਿਰੋਲ ਲੋਕ-ਹਿੱਤ ਦਾ ਹੋਵੇ, ਉਹ ਲੋਕ-ਹਿੱਤ ਨੂੰ ਵੀ ਆਪਣੇ ਸਮੇਂ ਦੇ ਸੰਕਲਪੀ ਢਾਂਚੇ ਰਾਹੀਂ ਹੀ ਪ੍ਰਗਟ ਕਰ ਸਕਦਾ ਹੈ।**[1] ਦਿਮਾਗ਼ੀ ਕਲਚਰ, ਸੰਕਲਪੀ ਢਾਂਚਾ ਸਮੇਂ ਦੀ ਸਾਇੰਸ 'ਤੇ ਨਿਰਭਰ ਹੁੰਦਾ ਹੈ। ਉਸ ਤੋਂ ਅਗੇ ਉਹ ਜਾ ਹੀ ਨਹੀਂ ਸਕਦਾ। ਗੁਰੂ ਸਾਹਿਬ ਨੇ ਲੋਕ-ਹਿੱਤ ਦੀ ਗੱਲ, ਮਨੁਖ ਦੀ, ਸਰਬਤ ਦੀ ਆਜ਼ਾਦੀ ਦਾ ਸੱਚ **ਆਪਣੇ ਸਮੇਂ ਦੇ ਸੰਕਲਪੀ ਮੁਹਾਵਰੇ ਵਿਚ ਹੀ ਪ੍ਰਗਟ ਕੀਤਾ ਅਤੇ ਉਹ ਕਰ ਵੀ ਇਸ ਤਰ੍ਹਾਂ ਹੀ ਸਕਦੇ ਸਨ।** ਗੁਰੂ ਸਾਹਿਬ ਨੇ ਆਪਣੇ ਸਮੇਂ ਦੇ ਸੰਕਲਪੀ ਮੁਹਾਵਰੇ ਵਿਚ ਹੀ ਲਿਖਣਾ ਸੀ। ਸਾਡਾ ਅੱਜ ਉਹ ਮੁਹਾਵਰਾ ਨਹੀਂ। ਇਸ ਵਾਸਤੇ ਹੀ ਅਸਾਂ ਮੁੜ ਮੁੜ ਇਸ ਗੱਲ 'ਤੇ ਜ਼ੋਰ ਦਿਤਾ ਹੈ ਕਿ ਗੁਰਬਾਣੀ ਦੇ ਵਿਦਿਆਰਥੀਆਂ ਨੂੰ, ਸਿੱਖ-ਲਹਿਰ ਦੇ ਇਤਿਹਾਸਕਾਰਾਂ ਨੂੰ ਗੁਰਬਾਣੀ ਦਾ ਮੁਹਾਵਰਾ ਸਮਝਣਾ ਚਾਹੀਦਾ ਹੈ। ਉਹ ਸਮਝਿਆਂ ਹੀ ਸਮਝ ਆਉਂਦਾ ਹੈ, ਆਪਣੇ ਆਪ ਉਹ ਪੱਲਾ ਨਹੀਂ ਫੜਾਉਂਦਾ। ਸਪੱਸ਼ਟ ਹੈ ਕਿ ਡਾਕਟਰ ਗਰੇਵਾਲ ਨੂੰ ਨਾ ਸੰਕਲਪੀ ਢਾਂਚੇ ਦੀ ਉਸਾਰੀ ਦੇ ਕਾਨੂੰਨ ਦਾ ਗਿਆਨ ਹੈ ਅਤੇ ਨਾ ਹੀ ਗੁਰਬਾਣੀ ਦਾ ਮੁਹਾਵਰਾ ਉਹਨਾਂ ਦੇ ਪੱਲੇ ਪਿਆ ਹੈ। ਇਸ ਵਾਸਤੇ ਹੀ ਉਹ ਅਖ਼ੀਰਲਾ ਫ਼ਿਕਰਾ ਲਿਖਦੇ ਹਨ — "ਪੂਰਵ-ਉਦਯੋਗੀ (Pre-Industrial) ਸਮਾਜ ਵਿਚ ਉਂਜ ਵੀ ਸਮਾਜੀ ਆਰਥਕ ਬਣਤਰ 'ਤੇ ਸਿੱਧਾ ਹਮਲਾ ਕਰਨ ਦੀ ਕਲਪਨਾ ਕਰਨਾ ਸੰਭਵ ਨਹੀਂ ਹੁੰਦਾ।" ਇਸ ਤੋਂ ਪਹਿਲਾ ਫ਼ਿਕਰਾ ਹੈ — "ਸਮਾਜੀ-ਆਰਥਕ ਬਣਤਰ 'ਤੇ ਸਿੱਧੇ ਹਮਲੇ ਤੋਂ ਬਿਨਾਂ ਬਰਾਬਰੀ ਦੀਆਂ ਲਹਿਰਾਂ ਇਸ ਚੱਕਰ ਤੋਂ ਬਾਹਰ ਨਹੀਂ ਸਨ ਨਿਕਲ ਸਕਦੀਆਂ।"

ਡਾਕਟਰ ਗਰੇਵਾਲ ਦੇ ਖ਼ਿਆਲ ਦੇ ਮੁਤਾਬਿਕ ਜਿੰਨਾਂ ਚਿਰ ਸਨਅਤੀ ਇਨਕਲਾਬ ਨਹੀਂ ਆਇਆ, ਅਤੇ ਜਿੰਨਾਂ ਚਿਰ ਸਾਇੰਸ ਦੀ ਉਸਾਰੀ ਨਾਲ ਚੇਤਨਤਾ ਦਾ ਮੁਹਾਵਰਾ ਸੰਸਾਰਕ, ਸੈਕੂਲਰ ਤੇ ਸਾਇੰਟਿਫਿਕ ਨਹੀਂ ਹੋਇਆ, ਓਨਾਂ ਚਿਰ ਆਰਥਕ ਸਮਾਜਕ ਬਣਤਰ ਦੇ ਖ਼ਿਲਾਫ਼ ਇਨਕਲਾਬੀ ਤੌਰ 'ਤੇ ਉਲਝਣਾ, ਜਦੋ-ਜਹਿਦ ਕਰਨਾ ਤਾਂ ਕੁਜਾਅ ਰਿਹਾ, ਕਿਸੇ ਕਾਬਜ਼ ਨਿਜ਼ਾਮ ਦੇ ਵਿਰੁਧ ਇਨਕਲਾਬੀ ਤਬਦੀਲੀ ਦੀ ਕਲਪਨਾ ਕਰਨਾ ਵੀ ਸੰਭਵ ਨਹੀਂ ਸੀ। ਇਹ ਗੱਲ ਜੇ ਇਤਿਹਾਸਕਾਰ ਕਰੇ ਤਾਂ ਪੜ੍ਹਨ ਵਾਲੇ ਦੇ ਦੰਦ



Digitized by Panjab Digital Library | www.panjabdigilib.org

ਨਾ ਜੁੜਨ ਤਾਂ ਹੋਰ ਕੀ ਹੋਵੇ ? ਸਾਇੰਸ ਦੀ ਉਸਾਰੀ ਤੋਂ, ਸਨਅਤੀ ਇਨਕਲਾਬ ਤੋਂ ਪਹਿਲਾਂ ਸਮਾਜ ਦੀ ਚੇਤਨਤਾ ਦਾ ਰੂਪ, ਮੁਹਾਵਰਾ ਬਹੁਤ ਹੱਦ ਤਕ ਮਜ਼ਹਬੀ ਸੀ। ਮਨੁਖੀ ਜ਼ਿੰਦਗੀ ਦੇ ਬੁਨਿਆਦੀ ਮਸਲੇ, ਮਨੁਖ ਦੀ ਆਜ਼ਾਦੀ ਦੇ, ਇਸ਼ਕ ਆਦਿ ਦੇ ਮਸਲੇ ਮਜ਼ਹਬੀ ਮੁਹਾਵਰੇ ਰਾਹੀਂ ਖੜੇ ਹੁੰਦੇ ਤੇ ਹਲ ਹੁੰਦੇ ਸਨ। ਸਮਾਜ ਵਿਚ ਜਮਾਤੀ ਜਦੋ-ਜਹਿਦ ਵੀ ਮਜ਼ਹਬੀ ਮੁਹਾਵਰੇ ਰਾਹੀਂ ਹੀ ਹੁੰਦੀ ਸੀ। ਡਾਕਟਰ ਗਰੇਵਾਲ ਦੇ ਕਹਿਣ ਦਾ ਮਤਲਬ ਇਹ ਬਣਦਾ ਹੈ ਕਿ ਕਿਸੇ ਕਾਬਜ਼ ਨਿਜ਼ਾਮ ਦੇ ਵਿਰੁਧ ਸਨਅਤੀ ਇਨਕਲਾਬ ਤੋਂ ਪਹਿਲਾਂ ਇਨਕਲਾਬ ਆਇਆ ਹੀ ਨਹੀਂ। ਅਸਲੀਅਤ ਕੀ ਹੈ ? ਮੁਢਲੀ ਕਮਿਊਨ ਕੁਝ ਟੁਟੀ ਅਤੇ ਗ਼ੁਲਾਮੀ ਦਾ ਨਿਜ਼ਾਮ ਕਾਬਜ਼ ਹੋਇਆ। ਇਹ ਤਬਦੀਲੀ ਮਨੁਖੀ ਚੇਤਨਤਾ, ਕਲਚਰ ਦੇ ਰੂਪ ਵਿਚ ਵੀ ਪ੍ਰਗਟ ਹੋਈ ਅਤੇ ਉਦੋਂ ਜਦੋਂ ਚੇਤਨਤਾ ਸੰਸਾਰਕ, ਸੈਕੂਲਰ ਤੇ ਸਾਇੰਟਿਫਿਕ ਨਹੀਂ ਸੀ। ਗ਼ੁਲਾਮੀ ਦਾ ਨਿਜ਼ਾਮ ਟੁਟਾ ਤੇ ਫੀਊਡਲ ਕਾਬਜ਼ ਹੋਇਆ। ਇਹ ਤਬਦੀਲੀ ਵੀ ਮਨੁਖੀ ਚੇਤਨਤਾ ਦੇ ਰੂਪ ਰਾਹੀਂ ਹੋਈ। ਫੀਊਡਲ ਨਿਜ਼ਾਮ ਦੇ ਵਿਰੁਧ ਬੁਰਜਵਾਜ਼ੀ ਉਠੀ। ਉਦੋਂ ਅਜੇ ਸਨਅਤੀ ਇਨਕਲਾਬ ਨਹੀਂ ਸੀ ਆਇਆ। ਉਠਦੀ ਬੁਰਜਵਾਜ਼ੀ ਅਜੇ ਬਿਉਪਾਰੀ ਜਮਾਤ ਸੀ। ਬਰਤਾਨੀਆ ਵਿਚ ਪਿਉਰੇਟਨ ਇਨਕਲਾਬ ਸਨਅਤੀ ਬੁਰਜਵਾਜ਼ੀ ਨੇ ਨਹੀਂ ਸੀ ਲਿਆਂਦਾ। ਸਨਅਤੀ ਇਨਕਲਾਬ ਉਸ ਦੇ ਇਕ ਸਦੀ ਤੋਂ ਵੀ ਜ਼ਿਆਦਾ ਮਗਰੋਂ ਆਇਆ। ਪਿਉਰੇਟਨ ਇਨਕਲਾਬ ਦੀ ਚੇਤਨਤਾ ਮਜ਼ਹਬੀ ਸੀ। ਆਪਣੀ ਵਲੋਂ ਪਿਉਰੇਟਨਜ਼ ਆਪਣੀ ਆਤਮਾਂ ਦੀ ਆਜ਼ਾਦੀ ਵਾਸਤੇ ਲੜੇ ਅਤੇ ਜਦੋਂ ਜਿੱਤੇ ਤਾਂ ਉਹ ਹੈਰਾਨ ਹੋ ਗਏ ਕਿ ਨਾਲ ਹੀ ਸਿਆਸੀ ਤਾਕਤ, ਰਾਜ, ਵੀ ਝੋਲੀ ਆ ਪਿਆ ਸੀ।

ਡਾਕਟਰ ਗਰੇਵਾਲ ਦੀ ਕਹੀ ਗੱਲ ਦਾ ਮਤਲਬ ਇਹ ਵੀ ਬਣਦਾ ਹੈ ਕਿ ਮਜ਼ਹਬ ਰੂਪ ਵਿਚ ਇਨਕਲਾਬ ਕਦੇ ਆ ਹੀ ਨਹੀਂ ਸਕਦਾ। ਹਾਲਾਂਕਿ ਅਸਲੀਅਤ ਇਸ ਗੱਲ ਨੂੰ ਬਿਲਕੁਲ ਗ਼ਲਤ ਸਾਬਿਤ ਕਰਦੀ ਹੈ। ਈਸਾਈ ਮਤ ਜਦੋਂ ਉਠਿਆ ਸੀ, ਗ਼ੁਲਾਮਾਂ ਦੇ ਮਾਲਕਾਂ ਦੇ ਵਿਰੁਧ ਗ਼ੁਲਾਮਾਂ ਦਾ ਮਜ਼ਹਬ ਬਣ ਕੇ ਉਠਿਆ ਸੀ। ਹਾਕਮ ਜਮਾਤਾਂ ਦੇ ਢਹੇ ਉਹ ਮਗਰੋਂ ਚੜ੍ਹਿਆ। ਇਸਲਾਮ ਆਪਣੇ ਵੇਲੇ ਦਾ ਮਹਾਨ ਇਨਕਲਾਬ ਸੀ। ਜਦੋਂ ਉਠਿਆ, ਭੰਬਾਕੇ ਵਾਂਗ ਉਠਿਆ। ਇਸ ਵਾਸਤੇ ਹੀ ਉਸ ਦੇ ਸਾਹਮਣੇ ਉਸ ਦੇ ਉਦਾਲੇ ਦੀਆਂ ਸਭ ਸਲਤਨਤਾਂ ਕੱਖਾਂ ਦੇ ਘੋੜਿਆਂ ਵਾਂਗ ਡਿਗੀਆਂ। ਇਸਲਾਮ ਵੀ ਮਗਰੋਂ ਆ ਕੇ ਸਲਤਨਤੀ ਫੀਊਡਲ ਦੀ ਵਿਚਾਰਧਾਰਾ ਬਣਿਆ। ਲੈਨਿਨ ਨੇ ਸਪੱਸ਼ਟ ਲਿਖਿਆ ਹੈ ਕਿ ਜਮਹੂਰੀ, ਪਰੋਲਤਾਰੀ ਜਦੋ-ਜਹਿਦਾਂ ਨੇ ਵੀ ਮਜ਼ਹਬੀ ਰੂਪ ਧਾਰਿਆ। ਉਹ ਜਦੋ-ਜਹਿਦਾਂ ਇਕ ਰੱਬ ਦੀ ਦੂਸਰੇ ਰੱਬ ਨਾਲ, ਇਕ ਮਜ਼ਹਬ ਦੀ ਦੂਸਰੇ ਮਜ਼ਹਬ ਨਾਲ ਲੜਾਈ ਦੀ ਸ਼ਕਲ ਵਿਚ ਹੋਈਆਂ।[2] ਜੇ ਜਮਹੂਰੀ ਤੇ ਪਰੋਲਤਾਰੀ ਜਮਾਤੀ ਜਦੋ-ਜਹਿਦਾਂ ਮਜ਼ਹਬੀ ਰੂਪ ਵਿਚ ਹੋਈਆਂ, ਇਕ ਮਜ਼ਹਬ ਦੀ ਦੂਸਰੇ ਮਜ਼ਹਬ ਨਾਲ ਟੱਕਰਾਅ



Digitized by Panjab Digital Library | www.panjabdigilib.org

ਦੀ ਸ਼ਕਲ ਵਿਚ ਹੋਈਆਂ ਤਾਂ ਕੀ ਉਹ ਸਮਾਜੀ, ਆਰਥਕ ਬਣਤਰ 'ਤੇ ਹਮਲਾ ਸਨ ਕਿ ਨਹੀਂ? ਜੇ ਡਾਕਟਰ ਗਰੇਵਾਲ ਨੇ ਮਧ-ਕਾਲ ਦਾ ਇਤਿਹਾਸ ਧਿਆਨ ਨਾਲ ਪੜ੍ਹਿਆ ਹੁੰਦਾ, ਤਾਂ ਉਨ੍ਹਾਂ ਨੂੰ ਪਤਾ ਹੁੰਦਾ ਕਿ ਉਸ ਜ਼ਮਾਨੇ ਵਿਚ ਤਾਂ ਮਜ਼੍ਹਬੀ ਹਿਦਾਇਤਾਂ, ਉਸ ਦੇ ਸਿਧਾਂਤ (dogmas) ਤੇ ਜੋ ਉਨ੍ਹਾਂ ਦਾ ਅਰਥ ਕਾਬਜ਼ ਨਿਜ਼ਾਮ ਕਢਦਾ ਸੀ, ਉਹ ਸਿਆਸੀ ਹਿਦਾਇਤਾਂ (political axioms) ਹੁੰਦੀਆਂ ਸਨ,ਅਤੇ ਮਜ਼੍ਹਬੀ ਗਰੰਥਾਂ ਦੀਆਂ, ਬਾਈਬਲ ਦੀਆਂ ਟੂਕਾਂ ਸਮਾਜ ਦੇ ਸਰਕਾਰੀ ਕਾਨੂੰਨ ਦੀ ਹੈਸੀਅਤ ਰਖਦੀਆਂ ਸਨ। ਮਜ਼੍ਹਬ ਦਾ ਵਿਚਾਰਧਾਰਕ, ਕਾਨੂੰਨ ਦਾ ਅਫ਼ਸਰ ਵੀ ਸੀ ਅਤੇ ਕਚਹਿਰੀ ਵਿਚ ਬੈਠਕੇ ਫ਼ੈਸਲੇ ਵੀ ਕਰਦਾ ਸੀ। ਮਿਸਾਲ ਦੇ ਤੌਰ 'ਤੇ, ਕਾਜ਼ੀ ਮਜ਼੍ਹਬੀ ਵਿਚਾਰਧਾਰਕ ਹੀ ਨਹੀਂ ਸੀ, ਰਾਜ-ਪ੍ਰਬੰਧ ਦਾ ਪੁਰਜ਼ਾ ਵੀ ਸੀ। ਆਧੁਨਿਕ ਸਮੇਂ ਤਕ ਬਰਤਾਨੀਆਂ ਦਾ ਬਾਦਸ਼ਾਹ ਸਟੇਟ ਦਾ ਮੁਖੀ ਹੀ ਨਹੀਂ ਸੀ,ਰਾਸ਼ਟਰੀ ਚਰਚ ਦਾ ਮੁਖੀ ਵੀ ਸੀ। ਇਸ ਤਰ੍ਹਾਂ ਹੀ ਜਦੋਂ ਸਰਕਾਰੀ ਮਜ਼੍ਹਬ ਦੇ ਵਿਰੁਧ heresy ਜਨਮ ਲੈਂਦੀ ਸੀ ਤਾਂ ਉਸ ਦਾ ਰੂਪ ਮਜ਼੍ਹਬੀ ਹੁੰਦਾ ਸੀ, ਪਰ ਵਸਤੂ ਉਸ ਦੀ ਕਾਬਜ਼ ਦੇ ਵਿਰੁਧ ਉਠਦੀ ਜਮਾਤ ਦਾ ਆਰਥਕ ਸਿਆਸੀ-ਹਿੱਤ ਹੁੰਦਾ ਸੀ। ਇਸ ਵਾਸਤੇ ਹੀ ਕਾਬਜ਼ ਸਟੇਟ ਦੇ ਮਜ਼੍ਹਬ heresy ਵਾਲਿਆਂ ਨੂੰ ਕਾਫ਼ਰ ਕਰਾਰ ਦੇਂਦੇ ਸਨ। ਉਨ੍ਹਾਂ ਨੂੰ ਖ਼ਤਮ ਕਰਦੇ ਸਨ। ਯੂਰਪ ਦੀ ਮਿਸਾਲ ਹੀ ਲਵੋ। ਮਧ-ਕਾਲ ਵਿਚ ਆਪਸ ਵਿਚ ਵਿਰੋਧੀ ਜਮਾਤਾਂ ਬਾਈਬਲ ਦੇ ਜ਼ਿੰਦਗੀ 'ਤੇ ਲਾਗੂ ਅਰਥ ਇਕ ਦੂਸਰੇ ਦੇ ਵਿਰੋਧੀ ਕਢਦੀਆਂ ਸਨ। ਉਨ੍ਹਾਂ ਆਪਸ ਵਿਚ ਕੱਢੇ ਵਿਰੋਧੀ ਅਰਥਾਂ ਰਾਹੀਂ ਜਮਾਤੀ ਜਦੋ-ਜਹਿਦ ਹੁੰਦੀ ਸੀ। ਸਮਾਜ ਦਾ ਮਿਹਨਤਕਸ਼ ਤਬਕਾ ਆਪਣੀ ਹਾਕਮ ਜਮਾਤ ਦੇ ਵਿਰੁਧ, ਅਮੀਰ ਦੇ ਈਸਾ ਦੇ ਵਿਰੁਧ, ਗ਼ਰੀਬ ਦੇ ਈਸਾ ਦਾ ਸੰਕਲਪ ਤੇ ਚਿਤਰ ਖੜਾ ਕਰਕੇ ਉਸ ਦੇ ਝੰਡੇ ਹੇਠ ਆਪਣੇ ਹਿੱਤ ਵਾਸਤੇ ਲੜਦਾ ਸੀ। ਕਾਬਜ਼ ਜਮਾਤ ਦੇ ਵਿਰੋਧੀ, ਇਨਕਲਾਬੀ ਤੌਰ 'ਤੇ ਉਠ ਰਹੀ ਜਮਾਤ ਦੇ ਆਰਥਕ, ਸਿਆਸੀ ਹਿੱਤ ਤੇ ਸਿਧਾਂਤ ਮਜ਼੍ਹਬੀ heresies ਦੀ ਸ਼ਕਲ ਅਖ਼ਤਿਆਰ ਕਰਦੇ ਸਨ। ਫੀਉਡਲ ਦੇ ਵਿਰੁਧ ਇਨਕਲਾਬੀ ਵਿਰੋਧ ਸਾਰੇ ਮਧ-ਕਾਲ ਵਿਚ ਜਾਗਦਾ ਰਿਹਾ। ਹਾਲਾਤ ਦੇ ਮੁਤਾਬਿਕ ਕਦੇ ਉਹ mysticism ਦੀ ਸ਼ਕਲ ਅਖ਼ਤਿਆਰ ਕਰਦਾ ਸੀ, ਕਦੇ heresies ਦੀ ਅਤੇ ਕਦੇ ਸਿੱਧੀ ਹਥਿਆਰਬੰਦ ਬਗ਼ਾਵਤ ਦੀ। ਇਸਲਾਮ ਵਿਚ ਫਰੀਦ ਵਰਗੇ ਸੂਫ਼ੀਆਂ ਦਾ, ਕਾਬਜ਼ ਨਿਜ਼ਾਮ ਦੇ ਪੁਰਜ਼ੇ, ਕਾਜ਼ੀ, ਦੇ ਵਿਰੁਧ ਵਿਰੋਧ ਜਮਾਤੀ-ਵਿਰੋਧ ਨਹੀਂ ਸੀ ਤਾਂ ਹੋਰ ਕੀ ਸੀ? ਕਬੀਰ ਵਰਗੇ ਭਗਤਾਂ ਦਾ ਬ੍ਰਾਹਮਣਵਾਦ ਦੇ ਵਿਰੁਧ ਜਹਾਦ ਜਮਾਤੀ ਨਹੀਂ ਸੀ, ਤਾਂ ਹੋਰ ਕੀ ਸੀ? ਇੱਕੋ ਮਜ਼੍ਹਬ ਦੇ ਆਪਸ ਵਿਚ ਵਿਰੋਧੀ ਕਢੇ ਅਰਥਾਂ ਰਾਹੀਂ ਹੋਈ ਜਮਾਤੀ ਜਦੋ-ਜਹਿਦ ਦਾ ਅਤੇ ਜੋ ਉਪਰ ਲਿਖਿਆ ਗਿਆ ਹੈ ਉਸ ਦਾ ਜ਼ਿਕਰ ਏਂਗਲਜ਼ ਸਪੱਸ਼ਟ ਕਰਦਾ ਹੈ।[3]

ਡਾਕਟਰ ਗਰੇਵਾਲ ਦਾ ਕੀ ਖ਼ਿਆਲ ਹੈ ਕਿ ਜਦੋਂ ਪਰੋਲਤਾਰੀ heresies ਦੇ ਰੂਪ



Digitized by Panjab Digital Library | www.panjabdigilib.org

ਵਿਚ ਮਜ਼੍ਹਬੀ ਝੰਡੇ ਹੇਠ ਹਥਿਆਰਬੰਦ ਬਗ਼ਾਵਤ ਕਰਦੇ ਸਨ ਤਾਂ ਉਹ ਕਾਬਜ਼ ਆਰਥਕ ਨਿਜ਼ਾਮ ਨੂੰ ਜੜ੍ਹਾਂ ਤੋਂ ਪੁਟਣ ਵਾਸਤੇ, ਉਸ ਦੇ ਟੁਕੜੇ ਟੁਕੜੇ ਕਰਨ ਵਾਸਤੇ ਲੜਦੇ ਸਨ ਜਾਂ ਸਿਰਫ਼ ਛੈਣੇ ਵਜਾਉਣ ਵਾਸਤੇ ? ਚੇਤਨਤਾ ਦਾ ਮੁਹਾਂਦਰਾ ਭਾਵੇਂ ਉਨ੍ਹਾਂ ਦਾ ਕੋਈ ਵੀ ਸੀ, ਜਦੋਂ ਗ਼ੁਲਾਮ ਆਪਣੇ ਮਾਲਕਾਂ ਦੇ ਵਿਰੁਧ ਬਗ਼ਾਵਤ ਕਰਦੇ ਸਨ ਅਤੇ ਕਿਸਾਨ ਮੁੜ ਮੁੜ ਤੇ ਸਗੋਂ ਮਧ-ਕਾਲ ਵਿਚ ਲਗਾਤਾਰ ਫ਼ੀਊਡਲ ਦੇ ਵਿਰੁਧ ਉਠਦੇ ਆਏ, ਅਤੇ ਕਿਸਾਨੀ ਬਗ਼ਾਵਤ ਫ਼ੀਊਡਲ ਸਮਾਜ ਲਈ ਸਦਾ ਦਾ ਹੱਡਾਂ ਦਾ ਰੋਗ ਬਣੀ ਰਹੀ ਤਾਂ ਗ਼ੁਲਾਮ ਤੇ ਕਿਸਾਨ ਆਪਣੇ ਹਿੱਤ ਤੋਂ ਜਾਣੂ ਹੁੰਦੇ ਸਨ ਕਿ ਨਹੀਂ ? ਆਪਣੇ ਦੁਸ਼ਮਣ ਦੋਸਤ ਦੀ ਉਨ੍ਹਾਂ ਨੂੰ ਪਛਾਣ ਸੀ ਕਿ ਨਹੀਂ ? ਕੀ ਉਨ੍ਹਾਂ ਦੀ ਬਗ਼ਾਵਤ 'ਸਮਾਜੀ-ਆਰਥਕ ਬਣਤਰ' 'ਤੇ ਸਿੱਧੇ ਹਮਲੇ ਸਨ ਕਿ ਨਹੀਂ ? ਕੀ ਉਹ ਹਨੇਰੇ ਵਿਚ ਹੀ ਆਪਣੀਆਂ ਜਾਨਾਂ ਮੁਫ਼ਤ-ਮੁਲੀਆਂ ਦੇਈ ਜਾਂਦੇ ਸਨ ?

**ਜਾਤ-ਪਾਤ ਦੇ ਸੰਬੰਧ ਵਿਚ :*** ਡਾਕਟਰ ਗਰੇਵਾਲ ਨੇ ਇਹ ਬਹੁਤ ਲਿਖਿਆ ਹੈ ਕਿ ਜਾਤ-ਪਾਤ ਦੇ ਸਿਲਸਿਲੇ ਦੇ ਖ਼ਿਲਾਫ਼ ਗੁਰੂ ਸਾਹਿਬ ਨੇ ਬਹੁਤ ਤਕੜਾ ਰੋਸ ਪ੍ਰਗਟ ਕੀਤਾ, "ਆਰਥਕ ਸਮਾਜਕ ਠੁੱਕ ਦੇ ਖ਼ਿਲਾਫ਼ ਬਹੁਤ ਰੋਸ ਪ੍ਰਗਟ ਕੀਤਾ।" ਬੁਨਿਆਦੀ ਸਵਾਲ ਰੋਸ ਜਾਂ ਆਲੋਚਨਾ ਦੇ ਪੋਲੇ ਜਾਂ ਕਰੜੇ ਹੋਣ ਦਾ ਨਹੀਂ। ਸਵਾਲ ਤਾਂ ਇਹ ਹੈ ਕਿ **ਕਿਸ ਜਮਾਤ ਦੀ ਤਰਜ਼ੇ-ਜ਼ਿੰਦਗੀ ਦੀ ਆਲੋਚਨਾ ਕਿਸ ਜਮਾਤ ਦੇ ਪੈਂਤੜੇ ਤੋਂ ਹੋਈ।** ਅੱਜ ਸਰਮਾਇਦਾਰੀ ਕਾਬਜ਼ ਹੈ। ਉਸ ਦੀ ਆਲੋਚਨਾ ਫ਼ੀਊਡਲ ਦੇ ਪੈਂਤੜੇ ਤੋਂ ਵੀ ਹੋ ਸਕਦੀ ਹੈ ਅਤੇ ਬੜੀ ਕਰੜੀ ਹੋਈ ਹੈ। ਬੁਰਜਵਾਜ਼ੀ ਦੇ ਕਾਬਜ਼ ਧੜੇ ਦੇ ਵਿਰੋਧੀ ਬੁਰਜਵਾਜ਼ੀ ਦਾ ਧੜਾ ਵੀ ਆਲੋਚਨਾ ਕਰਦਾ ਆਇਆ ਹੈ। ਵਿਸ਼ੇਸ਼ਣ ਵਰਤਣੋਂ ਉਸ ਨੇ ਵੀ ਕਦੇ ਘਟ ਨਹੀਂ ਕੀਤੀ। ਨਿਗੂਣੀ ਬੁਰਜਵਾਜ਼ੀ ਵੀ ਆਲੋਚਨਾ ਕਰਦੀ ਹੈ। ਰੋਸ ਦਾ, ਗਲੀਂ-ਬਾਤੀਂ ਬਹੁਤ ਗ਼ੁਸੇ ਦਾ, ਇਜ਼ਹਾਰ ਕਰਦੀ ਹੈ। ਅਤੇ ਪਰੋਲ਼ਤਾਰੀ ਵੀ ਸਰਮਾਇਦਾਰੀ ਦੀ ਵਿਆਖਿਆ ਕਰਕੇ ਆਲੋਚਨਾ ਕਰਦੀ ਹੈ। ਉਸ ਦਾ ਨਾਂ ਹੀ ਮਾਰਕਸਵਾਦ ਹੈ। ਕੀਤੀ ਆਲੋਚਨਾ ਦਾ ਕੋਈ ਅਰਥ ਤਾਂ ਹੀ ਹੈ, ਪਾਠਕ ਦੇ ਪੱਲੇ ਗੱਲ ਤਾਂ ਹੀ ਪੈਂਦੀ ਹੈ, ਜੇ ਇਹ ਸਪੱਸ਼ਟ ਹੋਵੇ ਕਿ **ਕਾਬਜ਼ ਨਿਜ਼ਾਮ ਦੀ ਆਲੋਚਨਾ ਹੋ ਕਿਸ ਪੈਂਤੜੇ ਤੋਂ ਰਹੀ ਹੈ** ? ਹੋ ਰਹੀ ਆਲੋਚਨਾ ਕਾਬਜ਼ ਨਿਜ਼ਾਮ ਦੀ ਸਿਰਜੀ ਤਰਜ਼ੇ-ਜ਼ਿੰਦਗੀ ਦੀ, ਸਮਾਜਕ ਮਨੁਖੀ ਜ਼ਿੰਦਗੀ ਦੀ ਅਸਲੀਅਤ ਪ੍ਰਗਟ ਕਰ ਰਹੀ ਹੈ ਕਿ ਨਹੀਂ ? ਕੀ ਹੋ ਰਹੀ ਆਲੋਚਨਾ ਕੂੜ ਦਾ ਪੜਦਾ ਪਾੜ ਕੇ, ਕਾਬਜ਼

---

*ਵੇਖੋ : ਸ: ਜਗਜੀਤ ਸਿੰਘ ਦੇ ਲੇਖ "ਅੱਡ ਅੱਡ ਰਾਹ" **ਸੇਧ**, ਅਕਤੂਬਰ ਤੇ ਨਵੰਬਰ, ੧੯੭੬, ਜਨਵਰੀ, ੧੯੭੭ ਅਤੇ ਜਾਤ-ਪਾਤ ਬਾਰੇ ਲੇਖਾਂ ਦੀ ਲੜੀ **ਸੇਧ**, ਅਪ੍ਰੈਲ ਤੋਂ ਸਤੰਬਰ, ੧੯੭੭ ਅੰਕ।



Digitized by Panjab Digital Library | www.panjabdigilib.org

ਹਾਕਮ ਜਮਾਤ ਦੇ ਬਣਾਏ ਆਪਣੀ ਪੁਜ਼ੀਸ਼ਨ ਦੇ ਰੈਸ਼ਨੇਲ ਦੇ ਤੂਸੜੇ ਉੜਾ ਕੇ ਮਨੁਖ ਨੂੰ ਆਜ਼ਾਦੀ ਦਾ ਗਿਆਨ, ਉਸ ਦੀ ਪਰਾਪਤੀ ਦਾ ਰਾਹ ਦਿਖਾਉਂਦੀ ਹੈ ਕਿ ਨਹੀਂ ? ਦੂਸਰੇ ਲਫ਼ਜ਼ਾਂ ਵਿਚ, ਆਲੋਚਨਾ ਤੁਰਦੀ ਕਿਥੋਂ ਹੈ ਅਤੇ ਲਿਜਾਂਦੀ ਕਿਥੇ ਹੈ ? ਡਾਕਟਰ ਗਰੇਵਾਲ ਨੂੰ ਸਮਝਣਾ ਇਹ ਚਾਹੀਦਾ ਸੀ ਕਿ ਬੁਨਿਆਦੀ ਮਸਲਾ ਜਾਤ ਪਾਤ ਦੇ ਸਿਲਸਿਲੇ ਦਾ ਨਹੀਂ । ਜਿਨ੍ਹਾਂ ਸਮਾਜਾਂ ਵਿਚ ਸਾਡੇ ਵਾਲੀ ਜਾਤ-ਪਾਤੀ ਸੰਸਥਾ, ਮਨੁਖ ਦਾ ਜਨਮੋਂ ਹੀ ਕਿਸੇ ਜਾਤ ਵਿਚ ਕੀਲੇ ਜਾਣਾ ਨਹੀਂ ਹੈ, ਉਥੇ ਕਿਹੜਾ ਸਮਾਜਕ ਮਨੁਖੀ ਮਸਲਾ ਹਲ ਹੈ ? **ਬੁਨਿਆਦੀ ਮਸਲਾ ਸਮਾਜ ਦੇ ਜਮਾਤੀ ਅੰਗ ਦਾ, ਮਾਇਆ ਦੇ ਮਨੁਖ ਉਤੇ ਬੰਧਨ ਦਾ, ਮਾਇਆ ਦੇ ਨਿਜ਼ਾਮ ਦੇ ਕਾਬਜ਼ ਹੋਣ ਦਾ, ਮਨੁਖ ਦੀ, ਸਰਬਤ ਦੀ ਗ਼ੁਲਾਮੀ ਦਾ ਹੈ। ਸਰਬਤ ਨੂੰ ਗ਼ੁਲਾਮੀ ਤੋਂ ਰਿਹਾ ਕਰਵਾਉਣਾ ਦਾ ਹੈ।** ਫ਼ਰਜ਼ ਕਰੋ ਕਿਸੇ ਕਰਾਮਾਤ ਨਾਲ ਸਾਡੇ ਸਮਾਜ ਵਿਚੋਂ ਜਾਤ ਪਾਤ ਦੀ ਸੰਸਥਾ ਉਡ ਵੀ ਜਾਵੇ, ਜਮਾਤੀ ਅੰਗ ਤਾਂ ਫੇਰ ਵੀ ਰਹੇਗਾ। ਮਨੁਖ ਗ਼ੁਲਾਮ ਦਾ ਗ਼ੁਲਾਮ ਰਹੇਗਾ । ਜਾਤ ਪਾਤ ਦੀ ਸੰਸਥਾ ਸਾਡੇ ਸਮਾਜ ਦੇ ਉਸਾਰ ਦਾ, ਉਸ ਦੀ ਕਲਚਰ ਦਾ ਅੰਗ ਹੈ । ਬਹੁਤ ਚੀਹੜਾ ਤੇ ਰੋਗੀ ਅੰਗ ਹੈ । ਸਮਾਜ ਦੇ ਜਮਾਤੀ ਅੰਗ ਨੂੰ ਬਹੁਤ ਪੱਕਿਆਂ ਕਰਦਾ ਹੈ, ਤਕਰੀਬਨ ਹੋਰਨਾਂ ਜਮਾਤੀ ਸਮਾਜਾਂ ਨਾਲੋਂ ਮਨੁਖ ਦੀ ਗ਼ੁਲਾਮੀ ਵਿਚ ਪਰਕਾਰਕ ਫ਼ਰਕ ਪਾਉਂਦਾ ਹੈ । ਕਲਚਰਲ ਮੁਹਾਜ਼ 'ਤੇ ਮਸਲੇ ਨੂੰ ਬਹੁਤ ਮੁਸ਼ਕਲ ਬਣਾਉਂਦਾ ਹੈ। ਪਰ **ਮਨੁਖ ਦੀ ਗ਼ੁਲਾਮੀ ਦੇ ਨਰਕ ਦੀ ਬੁਨਿਆਦ ਜਾਤ-ਪਾਤ ਦੀ ਸੰਸਥਾ ਨਹੀਂ, ਬਲਕਿ ਮਨੁਖ ਉਤੇ ਮਾਇਆ ਦਾ ਬੰਧਨ ਹੈ। ਇਹ ਉਸ ਬੰਧਨ ਦੀ ਸ਼ਾਖ ਹੈ। ਜੇ ਮਨੁਖ ਨੇ ਆਜ਼ਾਦ ਹੋਣਾ ਹੈ ਤਾਂ ਜੜ੍ਹ ਮਾਇਆ ਦੀ ਪੁਟਣੀ ਹੈ।** ਗੁਰਬਾਣੀ ਕਾਬਜ਼ ਨਿਜ਼ਾਮ ਦੀ ਕਰੜੀ ਆਲੋਚਨਾ ਹੀ ਨਹੀਂ ਕਰਦੀ; **ਉਸ ਦੀ ਅਸਲੀਅਤ ਦਾ ਕਰੀਟੀਕ ਵੀ ਦੇਂਦੀ ਹੈ, ਮਨੁਖ ਦੀ ਆਜ਼ਾਦੀ ਦਾ ਰਾਹ ਵਿਖਾਉਂਦੀ ਹੈ, ਉਸ ਦੀ ਪਰਾਪਤੀ ਦੇ ਸੰਦ ਬੰਦੇ ਦੇ ਹਥ ਫੜਾਉਂਦੀ ਹੈ।** ਡਾਕਟਰ ਗਰੇਵਾਲ ਇਥੋਂ ਤਕ ਗਏ ਹੀ ਨਹੀਂ ਕਿ **ਗੁਰਬਾਣੀ ਮਨੁਖ ਦੀ ਆਜ਼ਾਦੀ ਦਾ, ਸਰਬਤ ਦੀ ਆਜ਼ਾਦੀ ਦਾ ਮਸਲਾ ਉਠਾਉਂਦੀ ਹੈ, ਅਤੇ ਸਿੱਖ-ਲਹਿਰ ਨੇ ਇਸ ਆਜ਼ਾਦੀ ਵਾਸਤੇ ਵਿਚਾਰਧਾਰਕ ਤਿਆਰੀ ਕਰਵਾ ਕੇ, ਕਰਵਾਉਂਦੀ ਕਰਵਾਉਂਦੀ ਨੇ ਅੰਤ ਹਥਿਆਰਬੰਦ ਜਦੋ-ਜਹਿਦ ਕੀਤੀ ਅਤੇ ਕਾਬਜ਼ ਸਟੇਟ ਨੂੰ ਢਾਹਿਆ ।**

**ਸਿੱਖ-ਲਹਿਰ ਤੇ ਜੱਟ :*** ਡਾਕਟਰ ਗਰੇਵਾਲ ਲਿਖਦੇ ਹਨ : "ਗੁਰੂ ਹਰਿਗੋਬਿੰਦ ਨੇ ਸਿੱਖਾਂ ਦੀ ਦੁਨਿਆਵੀ ਤੇ ਰੂਹਾਨੀ ਅਗਵਾਈ ਕਰਦਿਆਂ ਸ਼ਾਹਜਹਾਂ ਦੇ ਫ਼ੌਜਦਾਰਾਂ

---

*ਵੇਖੋ : ਸ: ਜਗਜੀਤ ਸਿੰਘ ਦਾ ਲੇਖ "ਸਿੱਖ-ਲਹਿਰ ਤੇ ਜੱਟ", **ਸੋਧ**, ਜੁਲਾਈ, ੧੯੭੬ ਸਫ਼ੇ ੧੧-੧੮ ।



Digitized by Panjab Digital Library | www.panjabdigilib.org

ਦਾ ਮੁਕਾਬਲਾ ਕੀਤਾ ਜਿਸ ਵਿਚ ਉਨ੍ਹਾਂ ਨੂੰ ਸਖ਼ਤ ਜਾਨ ਜੱਟਾਂ ਦਾ ਲੋੜੀਂਦਾ ਸਹਿਯੋਗ ਹਾਸਿਲ ਸੀ। ਗੁਰੂ ਹਰਿਗੋਬਿੰਦ ਦੀਆਂ ਫ਼ੌਜੀ ਕਾਰਵਾਈਆਂ ਕਾਰਨ ਜੱਟ ਹੋਰ ਵੀ ਅੱਗੇ ਆ ਗਏ।...ਜਦੋਂ ਬੰਦਾ ਬਹਾਦਰ ਨੇ ਮੁਗ਼ਲ ਰਾਜ ਦੇ ਖ਼ਿਲਾਫ਼ ਬਗ਼ਾਵਤ ਕਰਕੇ ਕੁਝ ਸਾਲਾਂ ਲਈ ਸੁਤੰਤਰ ਰਾਜ ਸਥਾਪਤ ਕਰ ਲਿਆ ਤਾਂ ਉਹਨੂੰ ਬਹੁਤ ਹੱਦ ਤਕ ਜੱਟਾਂ ਦੀ ਹਿਮਾਇਤ ਹਾਸਿਲ ਸੀ।" "ਬੰਦੇ ਦੀ ਹਾਰ ਦੇ ਮਗਰੋਂ ਜਦੋਂ ਗੁਰੂ ਗੋਬਿੰਦ ਸਿੰਘ ਦੇ ਪੈਰੋਕਾਰਾਂ ਲਈ ਜੀਂਦੇ ਰਹਿਣਾ ਹੀ ਮੁਸ਼ਕਲ ਹੋ ਰਿਹਾ ਸੀ," ਤਾਂ ਉਸ ਸਮੇਂ ਬਾਬਤ ਡਾਕਟਰ ਗਰੇਵਾਲ ਲਿਖਦੇ ਹਨ ਕਿ ਇਕ ਤਾਂ ਸ਼ਹਿਰੀ ਸਿੱਖਾਂ ਦੀ ਗਿਣਤੀ ਹੋਰ ਵੀ ਘਟ ਗਈ ਕਿਉਂਕਿ ਉਨ੍ਹਾਂ ਵਾਸਤੇ ਅਮਨ ਅਮਾਨ ਨਾਲ ਰਹਿਣ ਦਾ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ, ਪਰ "ਪੇਂਡੂ ਇਲਾਕਿਆਂ ਦੇ ਸਿੱਖਾਂ ਦੀ ਗਿਣਤੀ ਵਿਚ ਵਾਧਾ ਹੋਇਆ। ਇਹ ਵਾਧਾ ਇਤਨਾ ਸੀ ਕਿ ਹੁਣ ਖ਼ਾਲਸੇ ਨੂੰ ਪੇਂਡੂ ਸਿੱਖ ਹੀ ਮੰਨਿਆ ਜਾ ਸਕਦਾ ਸੀ।" ਇਸ ਸਟੇਜ 'ਤੇ ਆ ਕੇ ਹੀ ਡਾਕਟਰ ਗਰੇਵਾਲ ਲਿਖਦੇ ਹਨ ਕਿ "ਇਨ੍ਹਾਂ ਵਿਚ ਕਾਰੀਗਰ ਅਤੇ ਦਸਤਕਾਰ ਵੀ ਸ਼ਾਮਲ ਸਨ ਅਤੇ ਨੀਵੀਆਂ ਜਾਤਾਂ ਦੇ ਵਿਅਕਤੀ ਵੀ। ਪਰ ਜੱਟਾਂ ਦੇ ਮੁਕਾਬਲੇ 'ਤੇ ਇਨ੍ਹਾਂ ਦੀ ਗਿਣਤੀ ਥੋੜ੍ਹੀ ਸੀ...।"

ਡਾਕਟਰ ਗਰੇਵਾਲ ਦੇ ਇਸ ਕਹੇ ਦੀ ਬਾਬਤ ਬੁਨਿਆਦੀ ਗੱਲ ਕਰਨ ਤੋਂ ਪਹਿਲਾਂ ਦੋ ਗੱਲਾਂ ਦਾ ਜ਼ਿਕਰ ਬੇਲੋੜਾ ਨਹੀਂ। **ਪਹਿਲੀ** ਇਹ ਕਿ ਸਿੱਖ-ਲਹਿਰ ਵਿਚ ਕੰਮੀ, ਕਾਮੇ, ਕਾਰੀਗਰ, ਨੀਵੀਆਂ ਜਾਤਾਂ ਦੇ ਲੋਕ ਮੁੱਢੋਂ ਹੀ ਸ਼ਾਮਲ ਸਨ। ਇਸ ਵਾਸਤੇ ਹੀ ਕਾਬਜ਼ ਮਜ਼੍ਹਬ ਦੇ ਵਿਚਾਰਧਾਰਕ ਤੇ ਉਚ ਜਾਤੀਆਂ ਦੇ ਲੋਕ ਗੁਰੂ ਨਾਨਕ ਨੂੰ ਕੁਰਾਹੀਆ ਕਹਿੰਦੇ ਸਨ ਅਤੇ ਗੁਰੂ ਗੋਬਿੰਦ ਸਿੰਘ ਦੇ ਖ਼ਾਲਸੇ ਵਿਚ ਚੂਹੜੇ ਵੀ ਜਰਨੈਲ ਸਨ।* ਉਚ ਜਾਤੀਆਂ ਦੇ ਇਕੁੜ ਦੁਕੜ ਲੋਕ ਹੀ ਸ਼ਾਮਲ ਹੋਏ ਸਨ, ਬਤੌਰ ਜਮਾਤ ਦੇ ਸ਼ਾਮਲ ਨਹੀਂ ਸਨ ਹੋਏ। ਜੇ ਬਤੌਰ ਜਮਾਤ ਦੇ ਸ਼ਾਮਲ ਹੋਏ ਹੁੰਦੇ ਤਾਂ ਉਹ ਗੁਰੂ ਨਾਨਕ ਨੂੰ ਕੁਰਾਹੀਆ ਨਾ ਆਖਦੇ। ਜੋ ਲੋਕ ਇਨ੍ਹਾਂ ਜਾਤਾਂ ਵਿਚੋਂ ਸ਼ਾਮਲ ਹੋਏ ਉਹ ਇਸ ਵਾਸਤੇ ਸ਼ਾਮਲ ਨਹੀਂ ਸਨ ਹੋਏ ਕਿ ਉਨ੍ਹਾਂ ਮਿਣ ਤੋਲ ਲਿਆ ਸੀ ਤੇ ਗੁਰੂ ਸਾਹਿਬ ਕੋਲੋਂ ਅਸ਼ਟਾਮ ਲਿਖਵਾ ਲਿਆ ਸੀ ਕਿ ਉਨ੍ਹਾਂ ਦਾ ਸਿਧਾਂਤ ਗੁਰਦਵਾਰੇ ਜਾਂ ਧਰਮਸ਼ਾਲਾ ਵਿਚ ਹੀ ਬਰਾਬਰੀ ਦੇਂਦਾ ਹੈ, ਉਸ ਤੋਂ ਬਾਹਰ ਕਾਰ ਵਿਹਾਰੀ ਸਮਾਜ ਵਿਚ ਬਰਾਬਰੀ ਦੇਣੋਂ ਤੋਬਾ ਕਰਦਾ ਹੈ। ਜਦੋਂ ਕੋਈ ਇਨਕਲਾਬੀ ਲਹਿਰ ਉਠਦੀ ਹੈ ਜਿਸ ਜਮਾਤ ਦੀ ਉਹ ਲਹਿਰ ਹੁੰਦੀ ਹੈ ਸਿਰਫ਼ ਉਸ ਜਮਾਤ ਦੇ ਲੋਕ ਹੀ ਉਸ ਵਿਚ ਆਣ ਕੇ ਨਹੀਂ ਰਲਦੇ। ਇਕੜ ਦੁਕੜ ਲੋਕ ਉਚੀਆਂ ਜਮਾਤਾਂ ਦੇ ਵੀ, ਹਾਕਮ ਜਮਾਤਾਂ ਵਿਚੋਂ ਹੀ ਡੀ-ਕਲਾਸ ਹੋ ਕੇ ਆ ਜਾਂਦੇ ਹਨ। ਮਾਰਕਸ, ਏਂਗਲਜ਼, ਲੈਨਿਨ ਆਦਿ ਸਨਅਤੀ ਮਜ਼ਦੂਰ ਜਮਾਤ ਦੇ ਨਹੀਂ ਸਨ। ਨਾਲੇ ਹਰ ਇਨਕਲਾਬੀ ਲੀਡਰ ਆਪਣਾ ਨਿਸ਼ਾਨਾ, ਆਪਣੀ ਨੀਤੀ ਕਾਇਮ ਰਖਦਾ ਹੋਇਆ ਸਿਰਫ਼ ਇਨ੍ਹਾਂ ਡੀ-ਕਲਾਸ ਹੋਇਆਂ ਨੂੰ ਹੀ

---

* **ਸੋਧ**, ਨਵੰਬਰ ੧੯੭੬, ਸਫ਼ੇ ੪੫-੪੬



Digitized by Panjab Digital Library | www.panjabdigilib.org

ਨਹੀਂ ਬਲਕਿ ਸਥਿਤੀ ਦੇ ਮੁਤਾਬਿਕ ਜੋ ਜਮਾਤ ਵੀ, ਜਿਥੋਂ ਤਕ ਵੀ ਨਾਲ ਚਲ ਸਕੇ, ਨਾਲ ਰਲਾ ਕੇ ਚਲਾਉਣ ਦੀ ਕੋਸ਼ਿਸ਼ ਕਰਦਾ ਹੈ। ਇਨ੍ਹਾਂ ਬਾਹਰੋਂ ਰਲੀਆਂ ਜਮਾਤਾਂ ਜਾਂ ਵਿਅਕਤੀਆਂ ਨੂੰ ਜਦੋਂ ਲਹਿਰ ਨਾ ਜਚੇ,ਇਹ ਵਿਚੋਂ ਨਿਕਲ ਜਾਂਦੀਆਂ ਹਨ। ਇਨਕਲਾਬੀ ਲੀਡਰ ਨੂੰ ਹਰ ਜਮਾਤ ਦੇ ਜੁੱਸੇ ਦੀ ਸਮਝ ਹੁੰਦੀ ਹੈ ਕਿ ਉਹ ਕਦੋਂ ਤੇ ਕਿਥੋਂ ਤਕ ਉਸ ਦੀ ਲਹਿਰ ਦਾ ਸਾਥ ਦੇਵੇਗੀ। ਉਹ ਧੋਖਾ ਨਹੀਂ ਖਾਂਦੇ।

**ਦੂਸਰੀ** ਗੱਲ ਇਹ ਕਿ ਸਿੱਖ-ਲਹਿਰ ਤੋਂ ਪਹਿਲਾਂ ਜੱਟ ਵੀ ਸੂਦਰਾਂ ਵਿਚ ਹੀ ਸ਼ਾਮਲ ਸਨ। ਅਤੇ ਜਿੰਨਾਂ ਚਿਰ ਗੁਰੂ ਸਾਹਿਬਾਨ ਨੇ ਗੁਰਬਾਣੀ ਰਾਹੀਂ ਅਤੇ ਆਪਣੀ ਅਗਵਾਈ ਰਾਹੀਂ ਆਪਣੇ ਪੈਰੋਕਾਰਾਂ ਦੀ ਕਾਇਆਂ-ਪਲਟੀ ਨਹੀਂ ਸੀ ਕੀਤੀ ਉਦੋਂ ਤਕ ਜੱਟਾਂ ਦੀ ਸਖ਼ਤ ਜਾਨ ਕਿਥੇ ਗਈ ਹੋਈ ਸੀ। ਰਾਜ-ਪ੍ਰਬੰਧ ਦਾ ਇਕ ਬੰਦਾ,ਫ਼ੌਜ ਦਾ ਇਕ ਪਿਆਦਾ ਸਾਰੇ ਪਿੰਡ ਨੂੰ ਢਿੱਡ ਭਾਰ ਲੰਮਿਆਂ ਪਾ ਲੈਂਦਾ ਸੀ। ਪਟਵਾਰੀ ਸਾਰੇ ਪਿੰਡ ਨੂੰ ਅੱਗੇ ਲਾ ਲੈਂਦਾ ਸੀ। ਜਦੋਂ ਕਾਬਜ਼ ਨਿਜ਼ਾਮ ਗਹਿਰੇ ਸੰਕਟ ਵਿਚ ਪੈ ਜਾਵੇ, ਤਾਂ ਸਮਾਜ ਦਾ ਮਿਹਨਤਕਸ਼ ਤਬਕਾ ਆਪਣੀ ਹਾਕਮ ਜਮਾਤ ਦੇ ਵਿਰੁਧ ਉਠਦਾ ਹੈ। ਪਰ ਜਦੋਂ ਸਮਾਜ ਦੀ ਦਸ਼ਾ ਇਨਕਲਾਬ ਨੂੰ ਰਾਹ ਦੇਂਦੀ ਹੋਵੇ ਤਾਂ ਮਹਿਕੂਮ ਜਮਾਤਾਂ ਆਪਣੇ ਹਿੱਤੀ ਵਿਚਾਰਧਾਰਕ ਸਮਕਾਲੀ ਮੁਹਾਵਰੇ ਰਾਹੀਂ ਆਪਣੇ ਹਿੱਤੀ ਚੇਤਨਤਾ ਵੀ ਪੈਦਾ ਕਰਦੀਆਂ ਹਨ। ਇਨਕਲਾਬੀ ਤੌਰ 'ਤੇ ਉਠਦੀ ਜਮਾਤ ਇਨਕਲਾਬੀ ਚੇਤਨਤਾ ਨੂੰ ਜਨਮ ਦੇਂਦੀ ਹੈ ਅਤੇ ਮੁੜਦੀਂ ਪੈਰੀਂ ਉਸ ਨੂੰ ਵਰਕੇ, ਉਸ ਦੇ ਆਧਾਰ 'ਤੇ ਹੀ ਇਨਕਲਾਬੀ ਅਮਲ ਕਰਦੀ ਹੈ। ਸੁਮੇਤ ਜੱਟਾਂ ਦੇ, ਸਮਾਜ ਦਾ ਸੂਦਰ ਤਬਕਾ ਗੁਰੂ ਸਾਹਿਬਾਨ ਦੀ ਅਗਵਾਈ ਹੇਠ, ਗੁਰਬਾਣੀ ਦੀ ਦਿਤੀ ਚੇਤਨਤਾ ਦੇ ਆਧਾਰ ਉਤੇ ਹੀ ਇਨਕਲਾਬੀ ਤੌਰ 'ਤੇ ਤਿਆਰ ਹੋਇਆ ਅਤੇ ਤਿਆਰ ਹੋਕੇ ਉਸ ਨੇ ਸ਼ਾਹੀ ਫ਼ੌਜਾਂ ਦਾ ਮੁਕਾਬਲਾ ਕਰਦਿਆਂ ਕਰਦਿਆਂ ਅੰਤ ਕਾਬਜ਼ ਸਟੇਟ ਢਾਹ ਮਾਰੀ।

ਤੱਥਾਂ ਦੀਆਂ ਇਹ ਦੋਵੇਂ ਗੱਲਾਂ ਤਾਂ ਲੰਘਦਿਆਂ ਲੰਘਦਿਆਂ ਹੀ ਸਨ। ਏਥੇ ਬੁਨਿਆਦੀ ਨੁਕਤਾ ਇਹ ਹੈ ਕਿ ਇਹ ਤੱਥ ਕਿਸ ਨੂੰ ਪਤਾ ਨਹੀਂ ਕਿ ਸਿੱਖ-ਲਹਿਰ ਕਿਸਾਨੀ ਤੇ ਹੋਰ ਨੀਵੀਆਂ ਜਾਤਾਂ ਦੀ, ਸਮਾਜ ਦੇ ਮਿਹਨਤਕਸ਼ ਤਬਕੇ ਦੀ ਲਹਿਰ ਸੀ। ਪਾਠਕ ਇਤਿਹਾਸਕਾਰ ਕੋਲੋਂ ਪੁਛਣਾ ਇਹ ਚਾਹੁੰਦਾ ਹੈ ਕਿ **ਲਹਿਰ ਦਾ ਜਮਾਤੀ ਜੁੱਸਾ ਕੀ ਸੀ ?** ਦੂਸਰੇ ਲਫ਼ਜ਼ਾਂ ਵਿਚ **ਇਹ ਜਾਤਾਂ, ਇਹ ਤਬਕਾ ਹੁਮ-ਹੁਮਾ ਕੇ ਸਿੱਖ-ਲਹਿਰ ਵਿਚ ਕਿਉਂ ਸ਼ਾਮਲ ਹੋਇਆ ? ਇਸ ਤਬਕੇ ਨੇ ਗੁਰੂ ਸਾਹਿਬਾਨ ਦੀ ਅਗਵਾਈ ਕਿਉਂ ਮੰਨੀ ?** ਇਤਿਹਾਸਕਾਰੀ ਇਹਨਾਂ ਸਵਾਲਾਂ ਦੇ ਜਵਾਬ ਦੇਣ ਵਿਚ ਹੈ। ਜਵਾਬ ਸਪੱਸ਼ਟ ਹੈ ਕਿ **ਸਿੱਖ-ਲਹਿਰ ਫੀਊਡਲ ਦੇ ਵਿਰੁਧ ਕਿਸਾਨਾਂ, ਕਾਰੀਗਰਾਂ, ਕੰਮੀਆਂ ਤੇ ਕਾਮਿਆਂ ਦੀ, ਆਪਣੀ ਆਜ਼ਾਦੀ ਵਾਸਤੇ ਇਨ-ਕਲਾਬੀ ਲਹਿਰ ਸੀ। ਇਸੇ ਵਾਸਤੇ ਉਹ ਹੁਮ ਹੁਮਾ ਕੇ ਇਸ ਵਿਚ ਸ਼ਾਮਲ ਹੋਏ। ਚੂੰਕਿ ਇਹ ਬਗ਼ਾਵਤ ਪਲੀਬੀਅਨ ਦੇ ਪੈਂਤੜੇ ਤੋਂ ਸੀ, ਇਹ**



Digitized by Panjab Digital Library | www.panjabdigilib.org

**ਸਰਬਤ ਦੀ ਆਜ਼ਾਦੀ ਦੀ ਲਹਿਰ ਸੀ।**

ਡਾਕਟਰ ਗਰੇਵਾਲ ਲਿਖਦੇ ਹਨ ਕਿ ਜਦੋਂ ਗੁਰੂ ਗੋਬਿੰਦ ਸਿੰਘ ਦੇ ਪੈਰੋਕਾਰਾਂ ਦਾ ਜੀਂਦੇ ਰਹਿਣਾ ਹੀ ਮੁਸ਼ਕਲ ਹੋ ਰਿਹਾ ਸੀ ਤਾਂ ਸ਼ਹਿਰੀਆਂ ਦੀ ਗਿਣਤੀ ਸਿੱਖ-ਲਹਿਰ ਵਿਚੋਂ ਘਟ ਗਈ ਅਤੇ ਪੇਂਡੂਆਂ ਦੀ ਵਧ ਗਈ। ਉਨ੍ਹਾਂ ਦੇ ਕਹਿਣ ਦਾ ਅਰਥ ਇਹ ਬਣਦਾ ਹੈ ਕਿ ਜਦੋਂ ਸਿੱਖ ਗੁਰੀਲਾ-ਜੰਗ ਕਰ ਰਹੇ ਸਨ ਅਤੇ ਉਨ੍ਹਾਂ ਉਤੇ ਰਾਜ-ਪ੍ਰਬੰਧ ਦਾ ਦਬਾਉ ਵਧ ਰਿਹਾ ਸੀ ਤਾਂ ਸ਼ਹਿਰ ਵਿਚ ਅਮਨ ਅਮਾਨ ਨਾਲ ਰਹਿਣਾ ਤਾਂ ਅਸੰਭਵ ਸੀ, ਪਰ ਪਿੰਡਾਂ ਵਿਚ ਅਮਨ ਅਮਾਨ ਨਾਲ ਰਹਿਣਾ ਜਿਵੇਂ ਮੁਮਕਿਨ ਸੀ ! ਅਸਲੀਅਤ ਇਹ ਹੈ ਕਿ ਉਸ ਵੇਲੇ ਖ਼ਾਲਸਾ ਨਾ ਸ਼ਹਿਰ ਵਿਚ ਅਮਨ ਅਮਾਨ ਨਾਲ ਰਹਿ ਸਕਦਾ ਸੀ ਅਤੇ ਨਾ ਪਿੰਡ ਵਿਚ । ਉਸ ਵੇਲੇ ਗੁਰੀਲੇ ਘੋੜਿਆਂ ਦੀ ਪਿੱਠ 'ਤੇ ਹੁੰਦੇ ਸਨ ਤੇ ਜਾਂ ਜੰਗਲਾਂ ਵਿਚ ! ਕਾਰਨ ਇਹ ਸੀ ਕਿ ਸ਼ਹਿਰੀ ਵਸੋਂ ਨਾਲੋਂ, ਸ਼ਹਿਰ ਦੀਆਂ ਜਮਾਤਾਂ ਨਾਲੋਂ ਪੇਂਡੂ ਵਸੋਂ ਦੀ ਗੁਰੀਲਿਆਂ ਉਤੇ ਜ਼ਿਆਦਾ ਛਾਂ ਸੀ । ਨਾਲੇ ਪਿੰਡਾਂ ਵਿਚ ਰਾਜ-ਪ੍ਰਬੰਧ ਦਾ ਸ਼ਹਿਰ ਵਾਲਾ ਜ਼ੋਰ ਨਹੀਂ ਸੀ ਹੋ ਸਕਦਾ, **ਪਰ ਬੁਨਿਆਦੀ ਕਾਰਨ ਜਮਾਤੀ ਸੀ।** ਇਹ ਇਨਕਲਾਬੀ ਲੜਾਈ ਬੁਨਿਆਦੀ ਤੌਰ 'ਤੇ ਹੈ ਹੀ ਕਿਸਾਨਾਂ, ਕਾਰੀਗਰਾਂ, ਕੰਮੀਆਂ ਤੇ ਕਾਮਿਆਂ ਦੀ ਸੀ । ਸਿਰ ਤਲੀ 'ਤੇ ਰਖਿਆਂ ਬਗ਼ੈਰ ਉਸ ਵੇਲੇ ਸਿੱਖ ਜਾਂ ਗੁਰੀਲਾ ਬਣਿਆ ਹੀ ਨਹੀਂ ਸੀ ਜਾ ਸਕਦਾ ।

ਡਾਕਟਰ ਗਰੇਵਾਲ ਨੇ ਜੋ ਬੇਇਨਸਾਫ਼ੀ ਗੁਰਬਾਣੀ ਨਾਲ ਕੀਤੀ ਹੈ ਉਸ ਵਰਗੀ ਬੇਇਨਸਾਫ਼ੀ ਕੋਈ ਜ਼ਿਮੇਂਵਾਰ ਵਿਦਵਾਨ ਆਪਣੇ ਮਜ਼ਮੂਨ ਦੀ ਟੈਕਸਟ ਨਾਲ ਨਹੀਂ ਕਰ ਸਕਦਾ। ਗੁਰਬਾਣੀ ਸਪੱਸ਼ਟ ਕਰਦੀ ਹੈ ਕਿ ਮਾਇਆ ਦੇ ਨਿਜ਼ਾਮ ਦੀ ਸਟੇਟ ਲਾਜ਼ਮੀ ਪਾਪੀ, ਲਹੂ-ਪੀਣੀ ਤੇ ਖੋਹੜੂ ਹੁੰਦੀ ਹੈ। ਉਸ ਦੀ ਹੋਰ ਕੋਈ ਤਾਸੀਰ ਹੋ ਹੀ ਨਹੀਂ ਸਕਦੀ। ਮਾਇਆ ਦੇ ਨਿਜ਼ਾਮ ਤੇ ਉਸ ਦੀ ਸਟੇਟ ਦੇ ਵਿਰੁਧ ਗੁਰਬਾਣੀ ਸੱਚੇ ਪਾਤਸ਼ਾਹ ਦੀ ਅਗਵਾਈ ਹੇਠ ਇਨਕਲਾਬੀ ਲਹਿਰ ਚਲਾਉਂਦੀ ਹੈ । ਗੁਰੂ ਸਾਹਿਬਾਨ ਨੇ ਜੋ ਕੀਤਾ, ਹਾਲਾਤ ਦੇ ਪ੍ਰਸੰਗ ਵਿਚ ਗੁਰਬਾਣੀ ਵਿਚਲੇ ਰੱਬ ਦੇ ਹੁਕਮ ਦੀ ਪਾਲਣਾ ਕਰਦਿਆਂ ਕੀਤਾ। ਗੁਰਬਾਣੀ ਕਲਪਨਾ ਕਰਦੀ ਹੈ ਕਿ ਸਾਰੀ ਧਰਤੀ ਉਤੇ ਸਿਰਫ਼ ਭਗਤਾਂ ਦਾ ਵਾਸਾ ਹੋਵੇ, ਸਮਾਜ ਸਟੇਟ-ਰਹਿਤ ਹੋਵੇ । ਭਗਤਾਂ ਦੀ ਸੰਗਤ ਵਿਚ ਮਨੁਖ ਦੀ ਮਨੁਖ ਉਤੇ ਤਾਕਤ ਦੀ ਕਿਸੇ ਧੌਂਸ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ । ਸਿਆਸੀ ਖੇਤਰ ਬਾਬਤ ਅਸੀਂ ਜ਼ਿਕਰ ਕਰ ਚੁਕੇ ਹਾਂ; ਆਰਥਕ ਪਧਰ ਉਤੇ ਵੀ ਗੁਰਬਾਣੀ ਕੋਈ ਸ਼ੱਕ ਨਹੀਂ ਛੱਡਦੀ। "ਸਾਹੁਰੜੀ ਵਥੁ ਸਭੁ ਕਿਛੁ ਸਾਂਝੀ ਪੇਵਕੜੈ ਧਨ ਵਖੇ । ਆਪਿ ਕੁਚਜੀ ਦੋਸੁ ਨ ਦੇਊ ਜਾਣਾ ਨਾਹੀ ਰਖੇ ।" (ਗੁਰੂ ਨਾਨਕ, ੧੧੭੧) ਗੁਰਬਾਣੀ ਦੇ ਮੁਤਾਬਿਕ ਜਦੋਂ ਮਨੁਖੀ ਜ਼ਿਦਗੀ ਦੇ ਵਸੀਲੇ ਸਾਂਝੇ ਨਾ ਰਹਿਣ, ਮਨੁਖੀ ਲੋੜਾਂ ਅਨੁਸਾਰ ਨਾ ਮਿਲਣ, ਤਾਂ ਉਹ ਹਰਾਮ ਹੋ ਜਾਂਦੇ ਹਨ ।



Digitized by Panjab Digital Library | www.panjabdigilib.org

ਡਾਕਟਰ ਗਰੇਵਾਲ ਗੁਰਬਾਣੀ ਦੇ ਮਾਹਿਰ ਤਾਂ ਚਲੋ ਨਾ ਸਹੀ, ਪਰ ਇਸ ਦੇ ਮਾਹਿਰ ਨਾ ਹੋਣਾ ਉਨ੍ਹਾਂ ਦੇ ਆਪਣੇ ਮਜ਼ਮੂਨ ਵਾਸਤੇ ਵੀ ਉਨ੍ਹਾਂ ਦੀ ਊਣ ਦੀ ਨਿਆਈਂ ਹੈ। ਜਿਸ ਲਹਿਰ ਦੀ ਵਿਚਾਰਧਾਰਾ ਹੋਵੇ, ਉਸ ਲਹਿਰ ਦੇ ਇਤਿਹਾਸ ਨੂੰ ਲਿਖਣ ਵਾਸਤੇ ਉਸ ਦੀ ਵਿਚਾਰਧਾਰਾ ਨੂੰ ਸਹੀ ਤੌਰ 'ਤੇ ਸਮਝਣਾ ਲਾਜ਼ਮੀ ਹੁੰਦਾ ਹੈ। ਲਹਿਰ ਤੇ ਉਸ ਦੀ ਵਿਚਾਰਧਾਰਾ ਆਪਸ ਵਿਚ ਤਨੀ ਤੌਰ 'ਤੇ ਸਬੰਧਤ ਹੁੰਦੀਆਂ ਹਨ। ਗੁਰੂ ਨਾਨਕ ਨੇ ਤੁਰਦਿਆਂ ਸਾਰ ਹੀ ਆਪਣੇ ਰੱਬ ਨੂੰ ਪਿਆਰ ਕਰਨ ਵਾਲੇ ਕੋਲੋਂ ਸਿਰ ਮੰਗਿਆ ਸੀ। "ਜਉ ਤਉ ਪ੍ਰੇਮ ਖੇਲਣ ਕਾ ਚਾਉ। ਸਿਰੁ ਧਰਿ ਤਲੀ ਗਲੀ ਮੇਰੀ ਆਉ। ਇਤੁ ਮਾਰਗਿ ਪੈਰੁ ਧਰੀਜੈ। ਸਿਰੁ ਦੀਜੈ ਕਾਣਿ ਨ ਕੀਜੈ।" (੧੪੧੨) ਬਾਬਰ ਨੇ ਹਿੰਦੁਸਤਾਨ 'ਤੇ ਹਮਲਾ ਕੀਤਾ। ਮਸਲਾ ਸਿੱਧਾ ਸਿਆਸੀ, ਫ਼ੌਜੀ ਸੀ। ਗੁਰੂ ਨਾਨਕ ਨੇ ਇਸ ਸਿਆਸੀ, ਫ਼ੌਜੀ ਮਸਲੇ ਦਾ ਹਲ ਵੇਲੇ ਸਿਰ ਆਪਣੇ ਰੱਬ ਨੂੰ ਚੇਤੇ ਕਰਨ ਵਿਚ ਦਸਿਆ।* ਗੁਰੂ ਅਰਜਨ ਦੇਵ ਦੀ ਅਗਵਾਈ ਹੇਠ ਆਈ ਲਹਿਰ, ਵੇਲੇ ਦੇ ਸ਼ਹਿਨਸ਼ਾਹ ਜਹਾਂਗੀਰ ਨੂੰ ਰੜਕੀ। ਇਸ ਵਾਸਤੇ ਨਹੀਂ ਕਿ ਸ਼ਹਿਨਸ਼ਾਹ ਮੁਸਲਮਾਨ ਸੀ ਅਤੇ ਇਹ ਲਹਿਰ ਗੈਰ-ਮੁਸਲਮਾਨਾਂ ਦੀ ਸੀ, ਬਲਕਿ ਇਸ ਵਾਸਤੇ ਕਿ ਸਿਆਸੀ ਮੈਦਾਨ ਵਿਚ ਉਤਰ ਕੇ ਸਟੇਟ ਦੇ ਲਹਿਰ ਉਤੇ ਹਮਲਾ ਕਰਨ ਤੋਂ ਪਹਿਲਾਂ, ਲਹਿਰ ਨੇ ਕਾਬਜ਼ ਸਟੇਟ 'ਤੇ ਹਮਲਾ ਕੀਤਾ। ਗੁਰੂ ਸਾਹਿਬ ਨੇ ਬਾਗ਼ੀ ਹੋਏ ਸ਼ਹਿਜ਼ਾਦੇ ਖੁਸਰੋ ਨੂੰ ਮੂੰਹ ਲਾਇਆ। **ਇਹ ਲਹਿਰ ਦੀ ਵਡਿਆਈ ਸੀ ਕਿ ਸਟੇਟ ਦੇ ਲਹਿਰ 'ਤੇ ਹਮਲਾ ਕਰਨ ਤੋਂ ਪਹਿਲਾਂ ਲਹਿਰ ਨੇ ਸਟੇਟ 'ਤੇ ਹਮਲਾ ਕੀਤਾ।** ਕੀਤੇ ਹਮਲੇ ਵਾਸਤੇ ਗੁਰੂ ਸਾਹਿਬ ਨੇ ਸ਼ਹੀਦੀ ਪਾਈ। ਗੁਰੂ ਹਰਿਗੋਬਿੰਦ ਸਾਹਿਬ ਨੇ ਲਹਿਰ ਹਥਿਆਰਬੰਦ ਕੀਤੀ। ਸ਼ਹਿਨਸ਼ਾਹੀ ਫ਼ੌਜਦਾਰਾਂ ਨਾਲ ਲੋਹਾ ਲਿਆ। ਗੁਰੂ ਹਰਿ ਰਾਏ ਸਾਹਿਬ ਨੇ ਦਾਰਾ ਸ਼ਿਕੋਹ ਨੂੰ ਤਖ਼ਤ ਲਈ ਲੜਨ ਵਾਸਤੇ ਪਰੇਰਿਆ। ਜਦੋਂ ਉਸ ਨੇ ਆਪਣੀ ਅਸਮਰੱਥਾ ਦੱਸੀ ਤਾਂ ਉਸ ਦੇ ਭਜ ਜਾਣ ਵਾਸਤੇ ਆਪਣੇ ਸਿੱਖ ਬਿਆਸ 'ਤੇ ਭੇਜੇ। ਗੁਰੂ ਤੇਗ ਬਹਾਦਰ ਸ਼ਹੀਦ ਹੋਏ। ਗੁਰੂ ਗੋਬਿੰਦ ਸਿੰਘ ਨੇ ਖੰਡਾ ਖੜਕਾਇਆ। ਬਹਾਦਰਸ਼ਾਹ ਨਾਲ ਨੇੜ ਕੀਤਾ। ਗੁਰੂ ਸਾਹਿਬ ਦੇ ਮਗਰੋਂ ਖ਼ਾਲਸੇ ਨੇ ਲੰਮੇ ਸਮੇਂ ਲਈ ਲਾਸਾਨੀ ਗੁਰੀਲਾ ਜੰਗ ਕੀਤੀ ਤੇ ਅੰਤ ਸਟੇਟ ਢਾਹੀ। ਡਾਕਟਰ ਗਰੇਵਾਲ ਨੇ ਗੁਰਬਾਣੀ ਤੇ ਸਿੱਖ-ਲਹਿਰ ਦੀ ਜੋ ਫ਼ਾਰਮੂਲੇਸ਼ਨ ਕੀਤੀ ਹੈ ਉਸ ਦੇ ਆਧਾਰ 'ਤੇ ਉਹ ਇਨ੍ਹਾਂ ਤੱਥਾਂ ਦੀ ਲੜੀ ਨੂੰ ਮੁਖ਼ਾਤਿਬ ਨਹੀਂ ਹੋਏ। ਆਪਣੇ ਬਣਾਏ ਸਿਧਾਂਤ ਦੇ ਆਧਾਰ 'ਤੇ ਇਨ੍ਹਾਂ ਤੱਥਾਂ ਦੀ ਲੜੀ ਨੂੰ ਨਜਿੱਠਣ ਵਲ ਉਨ੍ਹਾਂ ਮੂੰਹ ਨਹੀਂ ਕੀਤਾ। ਇਤਿਹਾਸਕਾਰੀ

---

*ਵੇਖੋ : **ਸਾਹਿਤ ਦੀ ਸਮਝ** (ਸਫ਼ੇ ੨੧੬-੨੩੧)
ਅਤੇ **ਗੁਰਬਾਣੀ ਦਾ ਸੱਚ** (ਸਫ਼ੇ ੧੫੭-੧੭੮)



Digitized by Panjab Digital Library | www.panjabdigilib.org

ਇਹਨੂੰ ਨਹੀਂ ਆਂਹਦੇ !

## ਮੁਕਤੀ ਦੇ ਸੰਕਲਪ ਬਾਰੇ ਕੁਝ ਹੋਰ ਵਿਚਾਰ :

ਜੇ ਗੁਰਬਾਣੀ, ਬਰਾਬਰੀ ਗੁਰਦੁਆਰੇ ਦੇ ਅੰਦਰ ਅੰਦਰ ਹੀ ਮਹਿਦੂਦ ਕਰਦੀ ਹੈ, ਧਰਮਸਾਲਾ ਤੋਂ ਬਾਹਰ ਸਮਾਜ ਦੇ ਆਰਥਕ ਸਿਆਸੀ ਢਾਂਚੇ ਵਿਚ ਦਖ਼ਲ ਦੇਣ ਨੂੰ ਨਹੀਂ ਕਹਿੰਦੀ, ਨਹੀਂ ਮਜ਼ਬੂਰ ਕਰਦੀ, ਜੇ ਗੁਰਬਾਣੀ ਦਾ ਦਸਿਆ ਮਨੁੱਖ ਦਾ ਮਨੋਰਥ ਜ਼ਾਤੀ ਮੁਕਤੀ ਹਾਸਲ ਕਰਨਾ ਹੀ ਹੈ ਅਤੇ ਮੁਕਤੀ ਲੈਣ ਦੇ ਉਸ ਵੇਗ ਵਿਚ ਜਮਾਤੀ ਸਮਾਜ ਦੀ ਬਣਤਰ ਵਿਚ ਜੇ ਕੋਈ ਇਨਕਲਾਬੀ ਤਬਦੀਲੀ ਲਿਆਉਣੀ ਨਹੀਂ ਪੈਂਦੀ, ਮੁਕਤੀ ਸਿਰਫ ਗੁਰਦੁਆਰੇ ਵਿਚ ਛੈਣੇ ਵਜਾ ਕੇ ਜਾਂ ਇਕਾਂਤ ਵਿਚ ਸਮਾਧੀ ਲਾ ਕੇ ਹੀ ਮਿਲ ਸਕਦੀ ਹੁੰਦੀ ਤਾਂ ਉਸ ਦਾ ਪਹਿਲਾ ਨਤੀਜਾ ਇਹ ਹੁੰਦਾ ਕਿ **ਗੁਰਬਾਣੀ ਦੇ ਪੈਰੋਕਾਰਾਂ ਦਾ ਅਮਲ ਗੁਰਦੁਆਰੇ ਦੇ ਅੰਦਰ ਅੰਦਰ ਹੀ ਮਹਿਦੂਦ ਰਹਿੰਦਾ।** ਜਿਸ ਜਿਸ ਜੀਅ ਦਾ ਰੱਬ ਨਾਲ ਅੰਦਰੋਂ ਅੰਦਰੀ ਰਿਸ਼ਤਾ ਬਣਦਾ ਜਾਂਦਾ ਉਹ ਮੁਕਤੀ ਲੈਂਦਾ ਜਾਂਦਾ। ਸਮੇਂ ਦੀ ਕਾਬਜ਼ ਸਟੇਟ ਐਸੀ ਲਹਿਰ 'ਤੇ ਖ਼ੁਸ਼ ਹੋ ਕੇ ਉਸ 'ਤੇ ਫੁੱਲ ਚੜ੍ਹਾਉਂਦੀ। ਸਿਰਫ਼ ਗੁਰਦੁਆਰੇ ਵਿਚ ਬਰਾਬਰੀ ਮਹਿਦੂਦ ਕਰਨ ਨਾਲ ਸਮਾਜ ਵਿਚਲੀ ਊਚ ਨੀਚ ਦਾ ਪੈਦਾ ਕੀਤਾ ਗੁੱਸਾ ਵੀ ਲੋਕਾਂ ਦੇ ਮਨਾਂ ਵਿਚੋਂ ਖਾਰਜ ਹੁੰਦਾ ਜਾਂਦਾ ਅਤੇ ਕਾਬਜ਼ ਨਿਜ਼ਾਮ ਤੇ ਉਸ ਦੀ ਸਟੇਟ ਦਾ ਵਾਲ ਵੀ ਵਿੰਗਾ ਨਾ ਹੁੰਦਾ। ਕਾਬਜ਼ ਸਟੇਟ ਦੀ ਨਾ ਹਿੰਗ ਲਗਦੀ ਨਾ ਫਟਕੜੀ, ਮੁਫਤ-ਮੁਲਾ ਦਬੇ ਲੋਕਾਂ ਦਾ, ਮੇਹਨਤਕਸ਼ ਤਬਕੇ ਦੇ ਰੋਸ ਦਾ ਕਥਾਰਸਿਸ ਹੁੰਦਾ ਜਾਂਦਾ। ਐਸੀ ਲਹਿਰ ਤਾਂ ਸਟੇਟ ਲਈ ਇਕ ਮੁਫਤਮੁਲੇ ਕਾਰਗਰ ਸੇਫਟੀ ਵੈਲਵ ਦਾ ਕੰਮ ਦੇਂਦੀ। ਰਬੋਂ ਉਰੇ ਸਟੇਟ ਨੇ ਹੋਰ ਲੈਣਾ ਕੀ ਸੀ ?

ਇਕ ਗੱਲ ਤਾਂ ਸਿੱਧੀ ਹੈ ਕਿ ਸਟੇਟ ਉਦੋਂ ਹੀ ਕਿਸੇ ਲਹਿਰ ਨੂੰ ਹੱਥ ਪਾਉਂਦੀ ਹੈ ਜਦੋਂ ਉਸ ਨੂੰ ਉਸ ਲਹਿਰ ਕੋਲੋਂ ਕਿਸੇ ਕਿਸਮ ਦਾ ਤੌਖਲਾ ਹੋਵੇ। ਗੁਰਦਵਾਰੇ ਦੇ ਅੰਦਰ ਜਿੰਨੇ ਛੈਣੇ ਮਰਜ਼ੀ ਹੈ ਕੋਈ ਲਹਿਰ ਵਜਾਈ ਜਾਵੇ, ਅੰਦਰ ਵੜਕੇ ਜਿੰਨੀਆਂ ਸਮਾਧੀਆਂ ਮਰਜ਼ੀ ਹੈ ਕੋਈ ਲਹਿਰ ਲਾਈ ਰਖੇ, ਸਟੇਟ ਦਾ ਸਿਰ ਨਹੀਂ ਫਿਰਿਆ ਹੁੰਦਾ ਕਿ ਉਹ ਉਸ ਉਤੇ ਵਾਰ ਕਰੇ। ਸਟੇਟ ਵਾਰ ਉਸ ਲਹਿਰ 'ਤੇ ਹੀ ਕਰਦੀ ਹੈ ਜਿਸ ਦਾ ਗੁਰਦਵਾਰੇ ਤੋਂ ਬਾਹਰ, ਆਰਥਕ ਸਿਆਸੀ ਖੇਤਰ ਵਿਚ ਸਟੇਟ ਅਤੇ ਜਿਸ ਨਿਜ਼ਾਮ ਦੀ ਉਹ ਸਟੇਟ ਹੈ ਉਸ ਦੀ ਬਣਤਰ ਦੇ ਵਿਰੁੱਧ ਅਸਰ ਹੁੰਦਾ ਹੋਵੇ। ਜੇ ਸਿੱਖ ਮਤ ਦਾ ਸਮਾਜ ਦੇ ਆਰਥਕ ਸਿਆਸੀ ਖੇਤਰ ਵਿਚ, ਕਾਬਜ਼ ਸਮਾਜ ਦੀ ਬਣਤਰ ਦੇ ਵਿਰੁਧ ਕੋਈ ਲਾਕਾ ਦੇਕਾ ਮੁਮਕਿਨ ਨਾ ਹੁੰਦਾ ਤਾਂ ਕਾਬਜ਼ ਸਟੇਟ ਇਸ ਉਤੇ ਤਲਵਾਰ ਨਾ ਚਲਾਉਂਦੀ।



Digitized by Panjab Digital Library | www.panjabdigilib.org

ਡਾਕਟਰ ਗਰੇਵਾਲ ਨੇ ਸਿੱਖ-ਮਤ ਬਾਬਤ ਆਪਣੀ ਫਾਰਮੂਲੇਸ਼ਨ ਕੀਤੀ ਹੈ। ਉਸ ਦੇ ਵਾਸਤੇ ਇਹ ਲਾਜ਼ਮੀ ਹੈ ਕਿ ਉਹ ਤੱਥਾਂ ਦੀ ਇਸ ਲੜੀ ਨੂੰ ਨਿਜਿੱਠੇ। ਆਪਣੀ ਕੀਤੀ ਫਾਰਮੂਲੇਸ਼ਨ ਦੇ ਆਧਾਰ 'ਤੇ ਦਸੇ ਕਿ ਸਿੱਖ-ਮਤ ਦੀ ਪੈਦਾ ਕੀਤੀ ਸਿੱਖ-ਲਹਿਰ ਦਾ ਅਮਲ ਗੁਰਦਵਾਰੇ ਤੋਂ, ਮੁਕਤੀ ਦੇ ਉਸ ਦੇ ਅਰਥਾਂ ਤੋਂ ਬਾਹਰ ਸਮਾਜ ਦੇ ਸਿਆਸੀ, ਫ਼ੌਜੀ ਖੇਤਰ ਵਿਚ ਕਿਉਂ ਗਿਆ ? ਉਸ ਦੇ ਅਮਲ ਦਾ ਇਨ੍ਹਾਂ ਖੇਤਰਾਂ ਵਿਚ ਜਾਣਾ ਕਿਉਂ ਲਾਜ਼ਮੀ ਸੀ ? ਆਪਣੀ ਕੀਤੀ ਫਾਰਮੂਲੇਸ਼ਨ ਦੇ ਆਧਾਰ 'ਤੇ ਦਸੇ ਕਿ ਸਿੱਖ ਲਹਿਰ ਅਤੇ ਵੇਲੇ ਦੀ ਕਾਬਜ਼ ਸਟੇਟ ਦਾ ਆਪਸ ਵਿਚ ਟੱਕਰਾਅ ਤੇ ਆਪਸ ਵਿਚ ਸਿਰ-ਧੜ ਦੀ ਲਗਣੀ ਕਿਸ ਤਰ੍ਹਾਂ ਲਾਜ਼ਮੀ ਸੀ ? ਡਾਕਟਰ ਗਰੇਵਾਲ ਦੀ ਕੀਤੀ ਫਾਰਮੂਲੇਸ਼ਨ ਬਿਲਕੁਲ ਬੇਬੁਨਿਆਦ ਹੈ। ਐਵੇਂ ਬਾਜ਼ਾਰੀ ਗੱਲ ਹੈ। ਜੇ ਡਾਕਟਰ ਗਰੇਵਾਲ ਦੀ ਕੀਤੀ ਫਾਰਮੂਲੇਸ਼ਨ ਸਹੀ ਹੈ ਤਾਂ ਜਾਂ ਤਾਂ ਉਹ ਇਹ ਸਾਬਤ ਕਰਨ ਕਿ ਉਸ ਦੇ ਆਧਾਰ 'ਤੇ ਐਸ ਕਰਕੇ ਉਸ ਲਹਿਰ ਅਤੇ ਕਾਬਜ਼ ਸਟੇਟ ਦੀ ਆਪਸ ਵਿਚ ਜਾਨ ਦੀ ਬਾਜ਼ੀ ਲਗਣੋਂ ਰਹਿ ਹੀ ਨਹੀਂ ਸੀ ਸਕਦੀ, ਨਹੀਂ ਤਾਂ ਮਤਲਬ ਇਹ ਨਿਕਲਦਾ ਹੈ ਕਿ ਲਹਿਰ ਤੇ ਗੁਰੂ ਸਾਹਿਬਾਨ ਦੀ ਲੀਡਰਸ਼ਿਪ ਆਪਣਾ ਅਸਲ ਰਾਹ ਛਡ ਕੇ ਮੁੱਢੋਂ ਹੀ ਕੁਰਾਹੇ ਪੈ ਗਈ। ਗੁਰੂ ਨਾਨਕ ਜੀ ਨੇ ਰੱਬ ਨੂੰ ਮਿਲਣ ਵਾਸਤੇ ਐਵੇਂ ਹੀ ਸਿਰ ਮੰਗਿਆ। ਐਵੇਂ ਅਗਿਆਨਤਾ ਦੇ ਤਾਣ ਬਾਬਰ ਦੇ ਹਮਲੇ ਵਰਗਿਆਂ ਹਮਲਿਆਂ ਦਾ, ਮੁਲਕ ਦੇ ਸਿਆਸੀ ਫ਼ੌਜੀ ਮਸਲੇ ਦਾ ਹਲ ਰੱਬ ਨੂੰ ਵੇਲੇ ਸਿਰ ਯਾਦ ਕਰਨ ਵਿਚ ਕਹਿ ਮਾਰਿਆ। ਗੁਰੂ ਅਰਜਨ ਜੀ ਨੇ ਆਪਣੇ ਪੈਰੋਕਾਰਾਂ ਨੂੰ, ਲਹਿਰ ਨੂੰ ਰਾਹੋਂ ਕੁਰਾਹੇ ਪਾਇਆ, ਨਾਲੇ ਮੁਫ਼ਤ ਆਪਣੀ ਜਾਨ ਗੁਆਈ। ਗੁਰੂ ਹਰਿਗੋਬਿੰਦ ਨੇ ਐਵੇਂ ਰਾਹ ਜਾਂਦਿਆਂ 'ਆ ਲੜਾਈਏ ਐਂ ਦੀ ਜਾਹ' ਕੀਤਾ। ਨਾ ਗੱਲ ਨਾ ਬਾਤ, ਚੁਕ ਸ਼ਹਿਨਸ਼ਾਹੀ ਫ਼ੌਜਦਾਰਾਂ ਨਾਲ ਲੋਹਾ ਲਿਆ। ਗੁਰੂ ਹਰਿਰਾਏ ਵੀ ਐਵੇਂ ਹੀ ਬਗੈਰ ਸੋਚੇ ਸਮਝੇ ਕੁਰਾਹੇ ਹੀ ਤੁਰੇ ਗਏ। ਗੁਰੂ ਤੇਗ ਬਹਾਦਰ ਜੀ ਨੇ ਵੀ ਐਵੇਂ ਬੇਅਰਥ ਆਪਣੀ ਜਾਨ ਗੁਆਈ। ਡਾਕਟਰ ਗਰੇਵਾਲ ਵਾਲੀ ਦਸੀ ਅਕਲ ਕਰਦੇ, ਸਮਾਧੀ ਲਾ ਕੇ ਆਪਣੀ ਜ਼ਾਤੀ ਮੁਕਤੀ ਹਾਸਲ ਕਰਦੇ। ਅਨੰਦ ਮਾਣਦੇ। ਰੱਬ ਨਾਲ ਰੰਗ-ਰਲੀਆਂ ਕਰਦੇ। ਗੁਰੂ ਗੋਬਿੰਦ ਸਿੰਘ ਨੇ ਤਾਂ ਐਵੇਂ ਹੀ ਰੱਬ ਨੂੰ ਖੰਡੇ ਦੇ ਰੂਪ ਵਿਚ ਵੇਖਿਆ। ਗੁਰੂ ਗੋਬਿੰਦ ਸਿੰਘ ਦੇ ਮਗਰੋਂ ਖਾਲਸੇ ਨੇ ਤਾਂ ਬਿਲਕੁਲ ਹੀ ਗਲਤੀ ਕੀਤੀ। ਆਪਣੀਆਂ ਜਾਨਾਂ ਨੂੰ ਭੰਗ ਦੇ ਭਾੜੇ ਗਵਾਉਣ ਵਿਚ ਹੀ ਆਪਣੀ ਸਫਲਤਾ ਸਮਝੀ ਅਤੇ ਜਿੰਨੀ ਜ਼ਿੰਦਗੀ ਮਿਲੀ, ਆਰਾਮ ਨਾਲ ਘਰੀਂ ਬਹਿ ਕੇ ਸੁਖ ਨਾ ਲਿਆ। ਘੋੜਿਆਂ ਦੀ ਪਿਠ 'ਤੇ ਹੀ ਗੁਜ਼ਾਰੀ !!! **ਜ਼ਾਹਿਰ ਹੈ ਕਿ ਗੁਰੂ ਸਾਹਿਬਾਨ ਦੀ ਅਗਵਾਈ ਹੇਠ ਸਿੱਖ ਲਹਿਰ ਗੁਰਬਾਣੀ ਦੇ ਦਸੇ ਰਾਹੋਂ ਕੁਰਾਹੇ ਨਹੀਂ ਪਈ। ਕਾਬਜ਼ ਨਿਜ਼ਾਮ ਮਾਇਆ ਦਾ ਸੀ। ਗੁਰੂ ਸਾਹਿਬਾਨ ਦੀ ਅਗਵਾਈ ਹੇਠ,**



Digitized by Panjab Digital Library | www.panjabdigilib.org

ਗੁਰਬਾਣੀ ਦੀ ਸਿਰਜੀ ਸਿੱਖ ਲਹਿਰ ਕਾਬਜ਼ ਨਿਜ਼ਾਮ ਦੇ ਵਿਰੁਧ ਸਰਬਤ ਦੀ ਆਜ਼ਾਦੀ ਦੇ ਪੈਂਤੜੇ ਤੋਂ ਇਨਕਲਾਬੀ ਲਹਿਰ ਸੀ। ਲਹਿਰ ਆਪਣਾ ਅਸਲਾ ਗੁਆਏ ਬਗੈਰ, ਕਾਬਜ਼ ਸਟੇਟ ਦੇ ਵਿਰੁਧ ਮੈਦਾਨ ਵਿਚ ਆਉਣੋਂ ਰਹਿ ਹੀ ਨਹੀਂ ਸੀ ਸਕਦੀ। ਮਨੁੱਖ ਦੇ ਦਵਾਲਿਉਂ ਮਾਇਆ ਦੇ ਬੰਧਨ ਦੇ ਟੁਟਣ ਦਾ ਅਰਥ ਹੀ ਮਨੁੱਖ ਦੀ, ਸਰਬਤ ਦੀ ਆਰਥਕ, ਸਿਆਸੀ, ਸਮਾਜਕ ਮਨੁੱਖੀ ਖੇਤਰ ਵਿਚ ਪੂਰਨ ਆਜ਼ਾਦੀ ਹੈ। "ਗੁਰਮੁਖਿ ਧਰਤੀ ਸਾਚੈ ਸਾਜੀ।"

**ਪੈਸਾ ਕਮਾਉਣ ਦੀ ਖੁਲ੍ਹ :** ਡਾਕਟਰ ਗਰੇਵਾਲ ਨੇ ਏਸ ਗੱਲ ਨੂੰ ਬੜਾ ਤੂਲ ਦਿਤਾ ਹੈ ਕਿ ਗੁਰੂ ਸਾਹਿਬ ਦੀ ਅਗਵਾਈ ਹੇਠ ਵੀ ਉਨ੍ਹਾਂ ਦੇ ਪੈਰੋਕਾਰਾਂ ਨੂੰ ਵਧ ਤੋਂ ਵਧ ਪੈਸਾ ਕਮਾਉਣ ਦੀ ਖੁਲ੍ਹ ਸੀ ਅਤੇ ਉਨ੍ਹਾਂ ਵਿਚ ਆਮਦਨ ਦੀ ਨਾ-ਬਰਾਬਰੀ ਸੀ। ਇਹ ਤੱਥ, ਬਤੌਰ ਤੱਥ ਸਹੀ ਹੈ। ਪਰ ਏਸ ਤੱਥ ਵਿਚ ਗੁਨਾਹ ਕੀ ਹੈ ? ਡਾਕਟਰ ਗਰੇਵਾਲ ਨੇ ਪਤਾ ਨਹੀਂ ਕਿਹੜਾ ਇਤਿਹਾਸ, ਕਿਹੜੀ ਇਨਕਲਾਬੀ ਲਹਿਰ ਦਾ ਇਤਿਹਾਸ ਪੜ੍ਹਿਆ ਹੈ ਜਿਸ ਦੀ ਸਿਖਿਆ ਤੋਂ ਉਨ੍ਹਾਂ ਨੂੰ ਇਹ ਤੱਥ ਮਾਰੂ ਗੁਨਾਹ ਲਗਦਾ ਹੈ। ਉਸ ਵੇਲੇ ਦੇ ਫੀਊਡਲ ਦੇ ਅਧੀਨ ਕਿਸਾਨਾਂ, ਕੰਮੀਆਂ, ਕਾਰੀਗਰਾਂ, ਕਾਮਿਆਂ ਜਿਨ੍ਹਾਂ ਦੀ ਕਿ ਇਹ ਬੁਨਿਆਦੀ ਤੌਰ 'ਤੇ ਲਹਿਰ ਸੀ, ਉਨ੍ਹਾਂ ਕੋਲ ਤਾਂ ਵਾਧੂ ਪੈਸੇ ਹੋਣ ਦਾ ਸਵਾਲ ਹੀ ਨਹੀਂ ਸੀ। ਉਹ ਤਾਂ ਸਨ "ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ।" ਜੇ ਕੁਝ ਪੈਸੇ ਦੀ ਗੁੰਜਾਇਸ਼ ਸੀ ਤਾਂ ਉਹ ਸੀ, ਬਿਉਪਾਰੀ ਜਮਾਤ ਕੋਲ। ਇਸ ਜਮਾਤ ਦੇ ਜਾਂ ਉਪਰਲੀਆਂ ਜਮਾਤਾਂ ਦੇ ਉਨ੍ਹਾਂ ਬੰਦਿਆਂ ਕੋਲ ਜੋ ਜਾਂ ਤਾਂ ਦਿਲੋਂ ਦਿਮਾਗੋਂ ਡੀ-ਕਲਾਸ ਹੋ ਕੇ ਸਿੱਖ-ਲਹਿਰ ਵਿਚ ਰਲ ਰਹੇ ਸਨ ਜਾਂ ਜੋ ਇਸ ਦੇ ਹਮਦਰਦ ਸਨ। **ਗੁਰੂ ਸਾਹਿਬਾਨ ਨੇ ਉਨ੍ਹਾਂ ਨੂੰ ਮੂੰਹ ਲਾਇਆ। ਅਤੇ ਠੀਕ ਕੀਤਾ।** ਪਰ ਇਨਕਲਾਬੀ ਲਹਿਰ ਨੇ ਕਾਬਜ਼ ਨਿਜ਼ਾਮ ਤੇ ਉਸ ਦੀ ਸਟੇਟ ਦੇ ਵਿਰੁਧ ਵਿਚਾਰ-ਧਾਰਕ, ਸਿਆਸੀ ਤੇ ਫ਼ੌਜੀ ਤੌਰ 'ਤੇ ਲੜਨਾ ਹੁੰਦਾ ਹੈ। ਲੜਾਈ ਜਿੱਤ ਕੇ ਹੀ ਉਸ ਦਾ ਰਾਹ ਖੁਲ੍ਹਣਾ ਹੁੰਦਾ ਹੈ। ਲਹਿਰ ਕਿੰਨੀ ਵੀ ਇਨਕਲਾਬੀ ਤੋਂ ਇਨਕਲਾਬੀ ਕਿਉਂ ਨਾ ਹੋਵੇ ਕਾਬਜ਼ ਸਟੇਟ ਦੇ ਵਿਰੁਧ ਲੜਨ ਵਾਸਤੇ ਉਸ ਨੂੰ ਵਸੀਲੇ ਚਾਹੀਦੇ ਹੁੰਦੇ ਹਨ। ਉਹ ਉਥੋਂ ਹੀ ਆ ਸਕਦੇ ਹਨ ਜਿਥੇ ਉਹ ਹੁੰਦੇ ਹਨ। ਗੁਰੂ ਸਾਹਿਬਾਨ ਦੀ ਅਗਵਾਈ ਹੇਠ ਉਨ੍ਹਾਂ ਦੇ ਪੈਰੋਕਾਰਾਂ ਨੂੰ ਵਧ ਤੋਂ ਵਧ ਪੈਸੇ ਕਮਾਉਣ ਦੀ ਖੁਲ੍ਹ ਹੀ ਨਹੀਂ ਸੀ, ਬਲਕਿ ਜੇ ਮੇਰਾ ਚੇਤਾ ਉਕਦਾ ਨਹੀਂ ਤਾਂ ਉਨ੍ਹਾਂ ਪੈਸੇ ਕਮਾਉਂਦੇ ਆਪਣੇ ਪੈਰੋਕਾਰਾਂ ਨੂੰ ਵਧ ਤੋਂ ਵਧ ਪੈਸਾ ਕਮਾਉਣ ਦੀ ਖੁਲ੍ਹ 'ਤੇ ਹੀ ਬਸ ਨਹੀਂ ਕੀਤੀ ਸਗੋਂ ਉਨ੍ਹਾਂ ਸਿੱਖਾਂ ਨੂੰ ਪਰੇਰ ਕੇ ਬਿਉਪਾਰ ਕਰਵਾਇਆ। ਉਨ੍ਹਾਂ ਕੋਲੋਂ ਪੈਸੇ ਕਮਵਾਏ।

ਗੁਰੂ ਅਰਜਨ ਸਾਹਿਬ ਦੀ ਇਹ ਵਡਿਆਈ ਹੈ ਕਿ ਉਨ੍ਹਾਂ ਲਹਿਰ ਦੀ ਆਮਦਨ ਆਈ ਜਾਣ ਦਾ ਉਹ ਬੰਦੋਬਸਤ ਕੀਤਾ, ਉਹ ਤਰੀਕਾ ਰਾਇਜ ਕੀਤਾ ਤੇ ਠੁੱਕ ਬੱਧਾ ਜਿਸ



Digitized by Panjab Digital Library | www.panjabdigilib.org

ਨਾਲ ਉਸ ਦੀ ਮਾਲੀ ਹਾਲਤ ਉਸ ਦੀਆਂ ਵਧਦੀਆਂ ਲੋੜਾਂ ਵਾਸਤੇ ਪੱਕਿਆਂ ਪੈਰਾਂ 'ਤੇ ਹੋ ਗਈ। ਜਦੋਂ ਲਹਿਰ ਨੂੰ ਹਥਿਆਰਬੰਦ ਕਰਨ ਦਾ ਮੌਕਾ ਆਇਆ ਤਾਂ ਗੁਰੂ ਸਾਹਿਬ ਨੇ ਸਿੱਖਾਂ ਨੂੰ ਘੋੜਿਆਂ ਦੇ ਬਿਉਪਾਰ ਵਿਚ ਪਾਇਆ। ਚੜ੍ਹ ਰਹੇ ਚੜ੍ਹਾਵੇ ਦੀ ਘੋੜਿਆਂ ਦੀ ਸ਼ਕਲ ਵਿਚ ਮੰਗ ਕੀਤੀ। ਚੜ੍ਹਦੇ ਚੜ੍ਹਾਵੇ ਨਾਲ ਘੋੜੇ ਲੋੜ ਅਨੁਸਾਰ ਖਰੀਦੇ ਵੀ। ਲੋੜ ਅਨੁਸਾਰ ਹਥਿਆਰ ਵੀ ਹਰ ਮੁਮਕਿਨ ਤਰੀਕੇ ਨਾਲ ਹਾਸਿਲ ਕੀਤੇ। ਅਤੇ ਹਥਿਆਰ ਵੀ ਉਸ ਕਿਸਮ ਦੇ ਜੋ ਸ਼ਾਹੀ ਫ਼ੌਜਦਾਰਾਂ ਦੀ ਫ਼ੌਜ ਦੇ ਹਥਿਆਰਾਂ ਨਾਲੋਂ ਨਿਰਸ ਨਹੀਂ ਸਨ। **ਗੁਰੂ ਅਰਜਨ ਲਹਿਰ ਦੀ ਆਮਦਨ ਦਾ ਪੱਕਾ ਬੰਦੋਬਸਤ ਕਰਕੇ ਮਾਇਆਧਾਰੀ ਨਹੀਂ ਸਨ ਬਣ ਗਏ**। ਲਹਿਰ ਦੀ ਉਸ ਸਟੇਜ ਉਤੇ ਸਵਾਲ ਪੈਸੇ ਕਮਾਉਣ ਜਾਂ ਨਾ ਕਮਾਉਣ ਦੇ ਨਿਖੇੜ ਕਰਨ ਦਾ ਨਹੀਂ ਸੀ। ਸਵਾਲ ਇਹ ਸੀ ਕਿ **ਪੈਰੋਕਾਰਾਂ ਦਾ ਕਮਾਇਆ ਹੋਇਆ ਪੈਸਾ ਲਗਦਾ ਕਿਥੇ ਹੈ**: ਮਨਮੁਖ, ਮਾਇਆਧਾਰੀ ਹੋਣ ਵਾਸਤੇ ਜਾਂ ਲਹਿਰ ਦੀਆਂ ਲੋੜਾਂ ਵਾਸਤੇ? ਡਾਕਟਰ ਗਰੇਵਾਲ ਲਿਖਦੇ ਹਨ। "ਪਰ ਸਿੱਖਾਂ ਵਿਚ ਆਮਦਨ ਅਤੇ ਧਨ ਦੇ ਅੰਤਰ ਕਾਇਮ ਰਹੇ। ਸਗੋਂ ਵਿਅਕਤੀ ਦੇ ਆਰਥਕ ਸਾਧਨਾਂ ਦੀ ਝਲਕ ਪੰਥ ਵਿਚ ਉਹਦੀ ਪ੍ਰਾਪਤ ਪੁਜ਼ੀਸ਼ਨ ਤੋਂ ਵੀ ਮਿਲਦੀ ਸੀ।" ਗੁਰੂ ਸਾਹਿਬਾਨ ਦੀ ਅਗਵਾਈ ਹੇਠ ਸਿੱਖ-ਲਹਿਰ ਵਿਚ ਵਿਅਕਤੀ ਦੀ ਪੁਜ਼ੀਸ਼ਨ ਉਹ ਹੀ ਸੀ ਜੋ ਸਿਧਾਂਤਕ ਤੌਰ 'ਤੇ ਗੁਰਬਾਣੀ ਵਿਚ ਬਿਆਨ ਹੈ। "ਪਾਤਸ਼ਾਹੀ ਭਗਤ ਜਨਾ ਕਉ ਦਿਤੀਅਨ।" "ਬਸਤਾ ਤੂਟੀ ਝੁੰਪੜੀ ਚੀਰ ਸਭਿ ਛਿੰਨਾ। ਜਾਤਿ ਨ ਪਤਿ ਨ ਆਦਰੋ ਉਦਿਅਨੁ ਭ੍ਰਮਿੰਨਾ। ਮਿਤ੍ਰ ਨ ਇਠ ਧਨ, ਰੂਪ ਹੀਣ ਕਿਛੁ ਸਾਕੁ ਨ ਸਿੰਨਾ। ਰਾਜਾ ਸਗਲੀ ਸ੍ਰਿਸ਼ਟਿ ਕਾ ਹਰਿ ਨਾਮਿ ਮਨੁ ਭਿੰਨਾ।" ਗੁਰਿਆਈ ਦੀ ਗੱਦੀ ਅਮਰੂ ਨਿਥਾਵੇਂ ਨੂੰ ਮਿਲੀ ਸੀ। ਕਿਸੇ ਧਨਵਾਨ ਜਾਂ ਮਾਇਆਧਾਰੀ ਨੂੰ ਨਹੀਂ। **ਗੁਰੂ ਸਾਹਿਬਾਨ ਦੀ ਅਗਵਾਈ ਹੇਠ ਸਿੱਖ-ਲਹਿਰ ਵਿਚੋਂ ਡਾਕਟਰ ਗਰੇਵਾਲ਼ ਇਕ ਮਿਸਾਲ ਦੇਣ ਜਿਥੇ ਇੱਜ਼ਤ, ਮਾਣ ਜਾਂ ਅਗਵਾਈ ਦੀ ਪੁਜ਼ੀਸ਼ਨ ਕਿਸੇ ਮਾਇਆਧਾਰੀ ਨੂੰ ਮਿਲੀ ਹੋਵੇ ਅਤੇ ਮਾਇਆਧਾਰੀ ਤੇ ਧਨੀ ਹੋਣ ਕਰਕੇ ਮਿਲੀ ਹੋਵੇ**? ਡਾਕਟਰ ਗਰੇਵਾਲ ਨੂੰ ਸਮਝਣਾ ਇਹ ਚਾਹੀਦਾ ਹੈ ਕਿ ਇਨਕਲਾਬੀ ਲਹਿਰਾਂ ਪੈਦਾ ਕਿਸ ਤਰ੍ਹਾਂ ਹੁੰਦੀਆਂ ਹਨ, ਉਸੱਰਦੀਆਂ, ਪੱਕਦੀਆਂ ਤੇ ਬਾਲਗ ਕਿਸ ਤਰ੍ਹਾਂ ਹੁੰਦੀਆਂ ਹਨ। ਇਨਕਲਾਬੀ ਲਹਿਰਾਂ ਵਿਚ ਸ਼ਾਮਲ ਹੁੰਦਾ ਬੰਦਾ ਸਨਅਤੀ ਕਾਰਖਾਨੇ ਦਾ ਮਾਲ ਨਹੀਂ ਹੁੰਦਾ ਜਿਹੜਾ ਪੂਰਨ ਤੌਰ 'ਤੇ ਬਣਿਆ ਬਣਾਇਆ ਹੀ ਕਾਰਖਾਨੇ ਵਿਚੋਂ ਨਿਕਲ ਕੇ ਮੰਡੀ ਆਉਂਦਾ ਹੈ। ਇਨ੍ਹਾਂ ਲਹਿਰਾਂ ਨੇ ਆਪਣੇ ਆਪ ਤੋਂ ਅੱਡ ਕੋਈ ਆਵੀ ਨਹੀਂ ਲਾਈ ਹੁੰਦੀ ਜਿਥੇ ਪਹਿਲਾਂ ਇਨਕਲਾਬੀ ਪਕਾਏ ਜਾਂਦੇ ਹੋਣ ਅਤੇ ਜਦੋਂ ਆਵੀ ਵਿਚੋਂ ਪੱਕ ਕੇ ਤੂੰਦ ਹੋ ਜਾਣ ਤਾਂ ਲਹਿਰ ਵਿਚ ਸ਼ਾਮਲ ਕੀਤੇ ਜਾਣ।



Digitized by Panjab Digital Library | www.panjabdigilib.org

ਡਾਕਟਰ ਗਰੇਵਾਲ ਨੂੰ ਇਸ ਗੱਲ ਦੀ ਸੂਝ ਨਹੀਂ ਕਿ ਜਮਾਤਾਂ ਤੇ ਵਿਅਕਤੀਆਂ ਦਾ ਨਜ਼ਰੀਆ, ਅਮਲ ਤੇ ਆਚਰਨ ਇਨਕਲਾਬੀ ਬਣਦਾ ਕਿਸ ਤਰ੍ਹਾਂ ਹੈ। ਜਦੋਂ ਸਮਾਜਕ ਦਸ਼ਾ ਇਨਕਲਾਬ ਨੂੰ ਰਾਹ ਦੇਂਦੀ ਹੈ ਤਾਂ ਜਿਸ ਜਮਾਤ ਜਾਂ ਜਮਾਤਾਂ ਦਾ ਕਾਬਿਜ਼ ਸਮਾਜ ਦੇ ਉਸ ਸੰਕਟ ਵੇਲੇ ਇਤਿਹਾਸਕ ਤੌਰ 'ਤੇ ਇਨਕਲਾਬੀ ਰੋਲ ਹੁੰਦਾ ਹੈ, ਉਨ੍ਹਾਂ ਜਮਾਤਾਂ ਤੇ ਹੋਰਨਾਂ ਦੇ ਇਕੜ ਦੁਕੜ ਬੰਦੇ ਸਿਧਾਂਤ ਤੇ ਅਮਲ ਦੀ ਏਕਤਾ ਨਾਲ, ਦੂਸਰੇ ਲਫ਼ਜ਼ਾਂ ਵਿਚ ਵਿਚਾਰਧਾਰਕ, ਆਰਥਕ ਤੇ ਸਿਆਸੀ ਜਮਾਤੀ ਜਦੋ-ਜਹਿਦ ਦੇ ਪ੍ਰਸਪਰ ਅਸਰ ਨਾਲ ਇਨਕਲਾਬੀ ਪੈਂਤੜੇ 'ਤੇ ਆਉਂਦੇ, ਜਥੇਬੰਦ ਹੋ ਕੇ ਲਹਿਰ ਉਸਾਰਦੇ, ਤੇ ਹੁੰਦੇ ਹੁੰਦੇ ਅਮਲ ਤੇ ਚੇਤਨਾ—ਕਲਚਰ—ਦੋਹਾਂ ਵਿਚ ਪੱਕੇ, ਬਾਲਗ ਇਨਕਲਾਬੀ ਬਣਦੇ ਹਨ। ਇਸ ਵੇਗ ਨੂੰ ਸਮਝਣਾ ਕੋਈ ਮੁਸ਼ਕਿਲ ਨਹੀਂ। ਪਾਣੀ ਵਿਚ ਛਾਲ ਮਾਰ ਕੇ ਹੱਥ ਪੈਰ ਮਾਰਦਿਆਂ ਮਾਰਦਿਆਂ ਹੀ ਤੈਰਨਾ ਆਉਂਦਾ ਹੈ। ਕੰਢੇ 'ਤੇ ਖੜੋਤੇ ਰਿਹਾਂ ਤਾਂ ਕਦੇ ਕਿਸੇ ਤੈਰਨਾ ਸਿਖਿਆ ਨਹੀਂ। ਪਾਣੀ ਵਿਚ ਵੜਨ ਤੋਂ ਪਹਿਲਾਂ ਹੀ ਤੈਰਾਕ ਹੋਣ ਦਾ ਤਰੀਕਾ ਅਜੇ ਤਕ ਕਿਸੇ ਕਢਿਆ ਨਹੀਂ। ਕੰਮ ਕੋਈ ਵੀ ਹੋਵੇ, ਉਸ ਨੂੰ ਕੀਤਿਆਂ, ਉਸ ਵਿਚ ਪਿਆਂ ਹੀ ਉਸ ਦੇ ਕਰਨ ਦੀ ਜਾਚ ਆਉਂਦੀ ਹੈ। ਮਾਂ ਦੇ ਪੇਟੋਂ ਹੀ ਕੋਈ ਕਿਸੇ ਕੰਮ ਦਾ ਮਾਹਿਰ ਬਣ ਕੇ ਨਹੀਂ ਆਉਂਦਾ। ਜਿਸ ਤਰ੍ਹਾਂ ਸਮਾਜਕ ਰਿਸ਼ਤੇ, ਸਮਾਜਕ ਬਣਤਰ ਤੇ ਸਮਾਜ ਦੇ ਮਨੁੱਖ ਇਕ ਦੂਸਰੇ ਦਾ ਅਕਸ ਹੁੰਦੇ ਹਨ, ਇਸ ਤਰ੍ਹਾਂ ਹੀ ਇਨਕਲਾਬੀ ਲਹਿਰ ਦੀ ਸਟੇਜ ਤੇ ਉਸ ਵਿਚ ਹਿੱਸਾ ਲੈਣ ਵਾਲੀ ਲੋਕਾਈ ਦੀ ਚੇਤਨਤਾ ਤੇ ਅਮਲ ਵੀ ਇਕ ਦੂਸਰੇ ਦਾ ਹੀ ਅਕਸ ਹੁੰਦੇ ਹਨ। ਆਪਸ ਵਿਚ ਕੰਨਾ-ਖਿਚ ਚਲਦੇ ਹਨ। ਇਨਕਲਾਬੀ-ਲਹਿਰ ਆਪਣੀਆਂ ਮੁਢਲੀਆਂ, ਪਹਿਲੀਆਂ, ਗਭਲੀਆਂ ਸਟੇਜਾਂ ਵਿਚ ਹੋਵੇ ਅਤੇ ਆਸ ਇਹ ਕਰਨੀ ਕਿ ਉਸ ਵਿਚ ਹਿੱਸਾ ਲੈਣ ਵਾਲੀ ਲੋਕਾਈ ਦੀ ਤੇ ਸਮਾਜ ਦੇ ਸਭ ਮੇਹਨਤਕਸ਼ ਤਬਕੇ ਦੀ ਚੇਤਨਤਾ, ਅਮਲ ਤੇ ਆਚਰਨ ਲਹਿਰ ਦੇ ਅੰਤਮ ਨਿਸ਼ਾਨੇ ਵਾਲੇ ਹੋ ਜਾਣ—ਇਹ ਮਹਾਂ ਮੂਰਖਾਂ ਦਾ ਹੀ ਕੰਮ ਹੈ।

ਡਾਕਟਰ ਗਰੇਵਾਲ ਦੀ ਇਸ ਨੁਕਤੇ ਬਾਬਤ ਅਗਿਆਨਤਾ ਇਹ ਹੈ: ਮਾਇਆ ਦਾ ਫ਼ੀਊਡਲ ਨਿਜ਼ਾਮ ਅਜੇ ਕਾਬਜ਼ ਹੈ, ਸਿੱਖ-ਲਹਿਰ ਨੇ ਇਨਕਲਾਬ ਲੈ ਨਹੀਂ ਆਂਦਾ, ਪੈਦਾਵਾਰ ਦੀਆਂ ਸ਼ਕਤੀਆਂ ਦੀ ਲੋੜੀਂਦੀ ਉਸਾਰੀ ਅਜੇ ਹੋਈ ਨਹੀਂ ਅਤੇ ਲਹਿਰ ਵਿਚ ਸ਼ਾਮਲ ਹੋਈ ਲੋਕਾਈ ਦੇ ਅਮਲ ਤੇ ਆਚਰਨ 'ਤੇ ਡਾਕਟਰ ਗਰੇਵਾਲ ਪੈਮਾਨਾ ਲਹਿਰ ਦੇ ਅੰਤਮ ਨਿਸ਼ਾਨੇ ਵਾਲਾ ਲਾਗੂ ਕਰਦੇ ਹਨ; ਮਿਣਦੇ ਹਨ ਉਸ ਨੂੰ ਸਤਿਗੁਰੂ ਦੇ ਸ਼ਬਦ ਵਿਚ, ਗੁਰਬਾਣੀ ਵਿਚ ਅੰਕਤ ਨਿਰੋਲ ਨਾਮ ਦੇ ਪੈਮਾਨੇ ਨਾਲ ਜਿਵੇਂ ਕਿ ਇਨਕਲਾਬ ਲਿਆ ਕੇ ਇਨਕਲਾਬ ਦੇ ਮਗਰੋਂ ਵੀ ਲੰਮੀ ਵਿਚਾਰਧਾਰਕ, ਆਰਥਕ, ਸਿਆਸੀ ਜਦੋ-ਜਹਿਦ ਰਾਹੀਂ ਗੁਰੂ ਸਾਹਿਬਾਨ ਨੇ ਸਾਰੇ ਸਮਾਜ ਦੀ ਦਿਲ ਦਿਮਾਗ਼ ਦੀ



Digitized by Panjab Digital Library | www.panjabdigilib.org

ਕਲਚਰ ਬਦਲਾਕੇ, ਸਭਸ ਦਾ ਆਚਰਨ ਨਾਮ ਦੇ ਸੱਚੇ ਵਿਚ ਢਾਲ ਲਿਆ ਹੋਵੇ, ਤੇ ਸਭ ਸੰਸਾਰ ਤੋਂ ਮਾਇਆਧਾਰੀ ਮਨਮੁਖਾਂ ਚੋਰਾਂ ਨੂੰ ਭਜਾ ਕੇ ਸਭ ਧਰਤੀ ਉਤੇ ਭਗਤਾਂ ਸੰਤਾਂ ਦਾ ਵਾਸਾ ਕਰਵਾ ਲਿਆ ਹੋਵੇ ਤੇ ਸਰਬਤ ਦੀ ਆਜ਼ਾਦੀ ਸਥਾਪਤ ਕਰ ਲਈ ਹੋਵੇ। ਮਾਰਕਸਵਾਦ ਦੇ ਮੁਹਾਵਰੇ ਵਿਚ ਗੱਲ ਕਰੀਏ ਤਾਂ ਜਿਵੇਂ ਉਹਨਾਂ ਸਹੀ ਅਰਥਾਂ ਵਿਚ ਜਮਾਤ-ਰਹਿਤ ਸਮਾਜ, ਕਮਿਊਨਿਸਟ ਸਮਾਜ ਸਥਾਪਤ ਕਰ ਲਿਆ ਹੋਵੇ।

ਮਾਰਕਸਵਾਦੀ ਲਹਿਰ ਦੀ ਮਿਸਾਲ ਲਿਆਂ ਡਾਕਟਰ ਗਰੇਵਾਲ ਦੀ ਭੁਲ ਬਿਲਕੁਲ ਸਪੱਸ਼ਟ ਹੋ ਜਾਵੇਗੀ। ਮਾਰਕਸਵਾਦ ਤੇ ਉਸ ਦੀ ਲਹਿਰ ਨੇ ਸਿੱਖ-ਲਹਿਰ ਦੇ ਢੇਰ ਮਗਰੋਂ ਜਨਮ ਲਿਆ। ਮਾਰਕਸਵਾਦ ਨੇ ਜਨਮ ਉਦੋਂ ਲਿਆ, ਜਦੋਂ ਪੈਦਾਵਾਰ ਦੀਆਂ ਸ਼ਕਤੀਆਂ ਦੀ ਲੋੜੀਂਦੀ ਉਸਾਰੀ ਹੋ ਕੇ ਸਰਮਾਇਦਾਰੀ ਨੇ ਜਨਮ ਲੈ ਲਿਆ, ਉਹ ਬਾਲਗ ਹੋ ਗਈ, ਅਤੇ ਆਪਣੀ ਕਾਫ਼ੀ ਔਧ ਮੁਕਾ ਕੇ ਉਸ ਦੇ ਹੱਡਾਂ ਵਿਚਲੇ ਸੰਕਟ ਨੇ ਅਮਲੀ ਜਾਮਾ ਪਹਿਨ ਲਿਆ। ਡਾਕਟਰ ਗਰੇਵਾਲ ਨੇ ਗੁਰੂ ਸਾਹਿਬਾਨ ਦੇ ਪੈਰੋਕਾਰਾਂ ਵਿਚ ਆਮਦਨ ਦੀ ਨਾਬਰਾਬਰੀ ਦੀ ਗੱਲ ਅਤੇ ਵਧ ਤੋਂ ਵਧ ਪੈਸਾ ਕਮਾਉਣ ਦੀ ਗੱਲ ਲਹਿਰ ਦੀ ਕਰਨੀ ਵਿਚ ਕਾਲੇ ਦਾਗ਼ ਵਜੋਂ ਪੇਸ਼ ਕੀਤੀ ਹੈ। ਅਸੀਂ ਮਾਰਕਸਵਾਦ ਦੇ ਪੈਰੋਕਾਰਾਂ ਦੀ ਗੱਲ ਲੈਣ ਤੋਂ ਪਹਿਲਾਂ ਮਾਰਕਸਵਾਦ ਦੇ ਮੋਢੀਆਂ, ਉਸ ਦੇ ਜਨਮ-ਦਾਤਿਆਂ ਦੀ ਗੱਲ ਕਰਦੇ ਹਾਂ। ਏਂਗਲਜ਼ ਦਾ ਆਪਣਾ ਬਿਉਪਾਰ ਸੀ। ਉਸ ਵਿਚੋਂ ਉਹ ਜਿੰਨੇ ਪੈਸੇ ਕਮਾ ਸਕਦਾ ਸੀ, ਕਮਾਉਂਦਾ ਸੀ। ਬਿਉਪਾਰ ਵਿਚੋਂ ਕਮਾਏ ਉਸ ਪੈਸੇ ਵਿਚੋਂ ਉਹ ਮਾਰਕਸ ਦੀ ਮਾਲੀ ਮਦਦ ਕਰਦਾ ਸੀ। ਜੇ ਉਹ ਇਹ ਮਦਦ ਨਾ ਕਰਦਾ ਤਾਂ ਐਨ ਮੁਮਕਿਨ ਹੈ ਕਿ ਮਾਰਕਸ ਜਿੰਨੇ ਮਾਰਕਸਵਾਦ ਨੂੰ ਜਨਮ ਦੇ ਸਕਿਆ, ਸ਼ਾਇਦ ਉਹ ਓਨੇ ਨੂੰ ਜਨਮ ਨਾ ਦੇ ਸਕਦਾ। ਏਂਗਲਜ਼ ਨੇ ਬਿਉਪਾਰ ਵਿਚੋਂ ਪੈਸੇ ਕਮਾਉਂਦਿਆਂ ਹੋਇਆਂ ਮਾਰਕਸਵਾਦ ਦੇ ਜਨਮ ਤੇ ਉਸ ਦੀ ਉਸਾਰੀ ਵਿਚ ਆਪਣਾ ਨੁਮਾਇਆਂ ਹਿੱਸਾ ਪਾਇਆ। ਕੀ ਉਸ ਵਕਤ ਏਂਗਲਜ਼ ਦਾ ਇਉਂ ਕਰਨਾ ਮਾਰਕਸਵਾਦ ਦੇ ਜਨਮ ਤੇ ਉਸ ਦੀ ਉਸਾਰੀ ਵਾਸਤੇ ਫ਼ਾਇਦੇਮੰਦ ਸੀ ਜਾਂ ਉਸ ਦੇ ਖ਼ਿਲਾਫ਼ ਗੁਨਾਹ? ਕੀ ਉਸ ਦਸ਼ਾ ਵਿਚ ਏਂਗਲਜ਼ ਬਿਉਪਾਰ ਵਿਚ ਰਹਿਣ ਦੇ ਨਾਤੇ, ਬਿਉਪਾਰ ਨੂੰ ਛਡ ਕੇ ਸਨਅਤੀ ਮਜ਼ਦੂਰ ਨਾ ਬਣਨ ਕਰਕੇ ਨੀਚ ਸਾਬਤ ਹੋ ਜਾਂਦਾ ਹੈ? ਕੀ ਉਹ ਮਾਰਕਸਵਾਦੀ ਜਾਂ ਮਾਰਕਸਵਾਦ ਦਾ ਮੋਢੀ ਨਹੀਂ ਰਹਿੰਦਾ? ਕੀ ਮਾਰਕਸ ਖ਼ੁਦ ਬੁਰਜਵਾ ਵਿਦਿਅਕ ਅਡੰਬਰ ਤੇ ਵਸੀਲਿਆਂ ਰਾਹੀਂ ਵਿਦਿਆ ਲੈਣ ਤੋਂ ਬਗ਼ੈਰ ਅਤੇ ਵਿਦਿਆ ਲੈ ਕੇ ਵੀ ਸਨਅਤੀ ਮਜ਼ਦੂਰ ਬਣਕੇ ਜਾਂ ਮਜ਼ਦੂਰ ਦੀ ਆਮਦਨ ਵਿਚੋਂ ਜੋ ਕੰਮ ਉਹ ਕਰ ਗੁਜ਼ਰਿਆ ਉਹ ਕਰ ਸਕਦਾ? ਕੀ ਉਸ ਹਾਲਤ ਵਿਚ ਉਹ ਆਪਣੇ ਕੰਮ ਵਾਸਤੇ ਲੋੜੀਂਦੀਆਂ ਦਸ ਕਿਤਾਬਾਂ ਵੀ ਖ਼ਰੀਦ ਸਕਦਾ?

ਹੁਣ ਲਵੋ, ਇਨਕਲਾਬ ਤੋਂ ਪਹਿਲਾਂ ਚੇਤਨਤਾ ਤੇ ਆਮਦਨ ਦੋਹਾਂ ਪੱਧਰਾਂ 'ਤੇ



Digitized by Panjab Digital Library | www.panjabdigilib.org

ਮਾਰਕਸਵਾਦੀਆਂ ਦੀ, ਸਨਅਤੀ ਮਜ਼ਦੂਰਾਂ ਦੀ ਗੱਲ। ਮਾਰਕਸਵਾਦ ਆਪਣੀ ਕਿਸਮ ਦਾ ਪਦਾਰਥਵਾਦ ਹੈ। ਕੀ ਇਹ ਸ਼ਰਤ ਲਾਉਂਦਾ ਹੈ ਕਿ ਸਰਮਾਇਦਾਰੀ ਦੇ ਵਿਰੁਧ ਸਮਾਜਵਾਦ ਵਾਸਤੇ ਕੰਮ ਕਰਦਾ ਹਰ ਮਨੁਖ ਪਹਿਲਾਂ ਲਾਜ਼ਮੀ ਨਾਸਤਕ ਬਣੇ, ਨਹੀਂ ਤਾਂ ਮਾਰਕਸਵਾਦੀ ਲਹਿਰ ਦੀ ਚਿੱਟੀ ਚਾਦਰ ਨੂੰ ਦਾਗ ਲਗਦਾ ਹੈ ? ਕੀ ਅਜਿਹੀ ਸ਼ਰਤ ਲਾਉਣਾ ਮਾਰਕਸਵਾਦੀ ਲਹਿਰ ਦੀ ਲੀਡਰਸ਼ਿਪ ਦੀ ਸਿਆਣਪ ਹੋਵੇਗੀ ਕਿ ਮਹਾਂ ਮੂਰਖਤਾ ? ਚੇਤਨਤਾ ਦੇ ਇਸ ਨੁਕਤੇ ਬਾਬਤ ਮਾਰਕਸਵਾਦ ਦੇ ਮੋਢੀ ਸਪੱਸ਼ਟ ਹਨ। ਹੁਣ ਲਵੋ, ਮਾਰਕਸਵਾਦ ਦੇ ਪੈਰੋਕਾਰਾਂ ਦੀ, ਮਾਰਕਸਵਾਦੀ ਲਹਿਰ ਵਿਚ ਸ਼ਾਮਲ ਹੋਣ ਵਾਲਿਆਂ ਦੀ ਪੈਸਾ ਕਮਾਉਣ ਦੀ ਖੁਲ੍ਹ ਦੀ, ਆਮਦਨ ਵਿਚ ਨਾਬਰਾਬਰੀ ਦੀ ਗੱਲ। ਕੀ ਇਨਕਲਾਬ ਤੋਂ ਪਹਿਲਾਂ ਮਾਰਕਸਵਾਦੀ ਲੀਡਰਸ਼ਿਪ ਇਹ ਸ਼ਰਤ ਲਾਉਂਦੀ ਹੈ ਕਿ ਲਹਿਰ ਵਿਚ ਉਹ ਆਵੇ, ਉਸ ਦਾ ਹਮਦਰਦ ਉਹ ਹੀ ਬਣੇ ਜੋ ਵਧ ਤੋਂ ਵਧ ਪੈਸਾ ਕਮਾਉਣਾ ਤਰਕ ਕਰ ਦੇਵੇ ? ਹੋਰਨਾਂ ਦੀ ਤਾਂ ਗੱਲ ਹੀ ਛਡੋ, ਸਨਅਤੀ ਮਜ਼ਦੂਰ ਦੀ ਗੱਲ ਹੀ ਲਵੋ। ਟਰੇਡ ਯੂਨੀਅਨੀ ਜਦੋ-ਜਹਿਦ ਸਨਅਤੀ ਮਜ਼ਦੂਰਾਂ ਦੇ ਇਵਜ਼ਾਨੇ ਨੂੰ ਵਧ ਤੋਂ ਵਧ ਵਧਾਉਣ ਖ਼ਾਤਰ ਨਹੀਂ 'ਕੀਤੀ ਜਾਂਦੀ ? ਕੀ ਇਹ ਮਾਰਕਸਵਾਦੀ ਲਹਿਰ ਦੀ ਉਸਾਰੀ, ਸਮਾਜਵਾਦ ਦੀ ਪਰਾਪਤੀ ਹਿੱਤੀ ਗੱਲ ਹੈ ਕਿ ਉਸ ਦੇ ਵਿਰੁਧ ? ਕੀ ਇਨਕਲਾਬ ਤੋਂ ਪਹਿਲਾਂ ਮਾਰਕਸਵਾਦੀ ਲੀਡਰਸ਼ਿਪ ਇਹ ਸ਼ਰਤ ਲਾਉਂਦੀ ਹੈ ਕਿ ਲਹਿਰ ਵਿਚ ਹਿੱਸਾ ਲੈਂਦੇ ਸਭ ਆਦਮੀ ਸਭ ਆਮਦਨ ਲਹਿਰ ਦੇ ਸਪੁਰਦ ਕਰ ਦੇਣ ਜਾਂ ਰਲਾ ਕੇ ਸਭ ਇਕੋ ਜੇਹੀ ਕਰ ਲੈਣ ? ਹੋਰ ਤੇ ਛਡੋ, ਕੀ ਉਹ ਇਹ ਸ਼ਰਤ ਸਨਅਤੀ ਮਜ਼ਦੂਰ ਜਮਾਤ 'ਤੇ ਵੀ ਲਾਉਂਦੀ ਹੈ ? ਫ਼ਰਜ਼ਨ ਜੇ ਲਾਵੇ ਤਾਂ ਉਸ ਦੀ ਇਹ ਸ਼ਰਤ ਸਿਆਣਪ ਸਾਬਤ ਹੋਵੇਗੀ ਜਾਂ ਮਾਰੂ ਮੂਰਖਤਾ ?

ਵਧ ਤੋਂ ਵਧ ਪੈਸਾ ਕਮਾਉਣ ਦੀ ਖੁਲ੍ਹ ਜਾਂ ਆਮਦਨ ਦੀ ਨਾਬਰਾਬਰੀ ਦੀ ਗੱਲ ਜੋ ਡਾਕਟਰ ਗਰੇਵਾਲ ਨੇ ਚੁਕ ਲਈ ਹੈ ਉਸ ਦਾ ਅਸਲਾ ਕੀ ਹੈ ? ਉਹਨਾਂ ਦੀ ਇਸ ਮਸਲੇ ਬਾਬਤ ਘੋਰ ਅਗਿਆਨਤਾ ਇਸ ਗੱਲ ਤੋਂ ਹੀ ਜ਼ਾਹਿਰ ਹੈ ਕਿ ਆਮਦਨ ਦੀ ਬਰਾਬਰੀ ਨਾ ਕਦੀ ਹੋਈ ਹੈ, ਨਾ ਹੋ ਸਕਦੀ ਹੈ। ਨਾ ਹੋਣੀ ਹੀ ਚਾਹੀਦੀ ਹੈ। ਨਾ ਇਹ ਗੁਰਬਾਣੀ ਦਾ ਨਿਸ਼ਾਨਾ ਹੈ, ਨਾ ਮਾਰਕਸਵਾਦ ਦਾ। ਸਭ ਮਨੁੱਖਾਂ ਦੀਆਂ ਲੋੜਾਂ ਇਕੋ ਜਿਹੀਆਂ ਨਹੀਂ ਹੋ ਸਕਦੀਆਂ। ਜੇ ਸਭ ਦੀ ਆਮਦਨ ਬਰਾਬਰ ਹੋ ਜਾਵੇ ਤਾਂ ਸਮਾਜ ਵਿਚ ਨਾਬਰਾਬਰੀ ਹੱਡਾਂ ਦਾ ਰੋਗ ਹੋ ਜਾਵੇ। ਗੁਰਬਾਣੀ ਸਭ ਦੀ ਆਮਦਨੀ ਇਕੋ ਜੇਹੀ ਨਹੀਂ ਚਾਹੁੰਦੀ। ਉਹ ਤਾਂ ਚਾਹੁੰਦੀ ਹੈ ਕਿ ਜਿਸ ਤਰ੍ਹਾਂ 'ਸਹੁਰੜੀ ਵਥੁ ਸਭ ਕਿਛੁ ਸਾਂਝੀ' ਹੈ ਇਸ ਤਰ੍ਹਾਂ ਹੀ "ਪੇਵਕੜੇ ਧਨ ਵਖੇ" ਨਾ ਹੋਵੇ। ਸਾਂਝੀ ਹੋਵੇ। **ਸਮਾਜ ਦੀ ਹੋਈ ਪੈਦਾਵਾਰ ਹਰ ਇਕ ਨੂੰ ਉਸ ਦੀਆਂ ਮਨੁਖੀ ਲੋੜਾਂ ਅਨੁਸਾਰ ਮਿਲੇ। ਅਤੇ ਹਰ ਇਕ ਕੰਮ ਕਰੇ, ਸਤਿਗੁਰੂ ਦੀ ਸੇਵਾ ਸਮਝ ਕੇ। ਮਾਰਕਸਵਾਦ ਵੀ**



Digitized by Panjab Digital Library | www.panjabdigilib.org

**ਇਹ ਹੀ ਚਾਹੁੰਦਾ ਹੈ ਕਿ ਹਰ ਇਕ ਕੰਮ ਆਪਣੀ ਕੁਵੱਤ ਅਨੁਸਾਰ ਕਰੇ ਅਤੇ ਹੋਈ ਪੈਦਾਵਾਰ ਲਵੇ ਆਪਣੀਆਂ ਮਨੁਖੀ ਲੋੜਾਂ ਅਨੁਸਾਰ।**

ਜਿਸ ਨੂੰ ਡਾਕਟਰ ਗਰੇਵਾਲ ਨੇ ਵਧ ਤੋਂ ਵਧ ਪੈਸਾ ਕਮਾਉਣ ਦੀ ਖੁਲ੍ਹ ਅਤੇ ਆਮਦਨ ਦੀ ਨਾਬਰਾਬਰੀ ਕਿਹਾ ਹੈ ਉਹ ਅਸਲ ਮਸਲਾ ਕੀ ਹੈ ? ਉਹ ਅਸਲ ਮਸਲਾ ਹੈ—ਕਲਜੁਗ ਨੂੰ ਖ਼ਤਮ ਕਰਕੇ ਸਤਿਜੁਗ ਲਿਆਉਣ ਦਾ। ਜਮਾਤੀ ਸਮਾਜ ਨੂੰ ਖ਼ਤਮ ਕਰਕੇ, ਸਹੀ ਅਰਥਾਂ ਵਿਚ ਕਮਿਊਨਿਸਟ ਸਮਾਜ ਸਥਾਪਤ ਕਰਨ ਦਾ। ਦੂਸਰੇ ਲਫ਼ਜ਼ਾਂ ਵਿਚ, ਸਰਬਤ ਦੀ ਆਜ਼ਾਦੀ ਸਥਾਪਤ ਕਰਨ ਦਾ। ਸਮਾਜ ਦੇ ਕੰਮ ਨੂੰ ਪੈਸੇ ਦੀ ਗ਼ੁਲਾਮੀ ਵਿਚੋਂ ਆਜ਼ਾਦ ਕਰਵਾਉਣ ਦਾ। ਮਨੁਖ ਦੇ ਦਵਾਲਿਉਂ ਮਾਇਆ ਦੇ ਬੰਧਨ ਨੂੰ ਤੋੜਨ ਦਾ। ਮਨੁਖਾਂ ਨੂੰ, ਸਰਬਤ ਨੂੰ ਮੁਕਤੀ ਦਵਾਉਣ ਦਾ। ਮਨਮੁਖ ਵਧ ਤੋਂ ਵਧ ਪੈਸਾ ਕਮਾਉਣ ਵਾਸਤੇ ਧਾਈ ਕਰਦਾ ਹੈ। ਇਸ ਵਾਸਤੇ ਰਾਤ ਦਿਨ ਭਜਦਾ, ਭਟਕਦਾ ਫਿਰਦਾ ਹੈ। ਇਸ ਕੰਮ ਨੂੰ ਗੁਰਬਾਣੀ ਧੰਦਾ' ਕਹਿੰਦੀ ਹੈ। ਗੁਰਬਾਣੀ ਇਸ ਧੰਦੇ ਨੂੰ ਖ਼ਤਮ ਕਰਕੇ ਸਮਾਜ ਦੇ ਕੰਮ ਨੂੰ ਸਤਿਗੁਰੂ ਦੀ ਸੇਵਾ ਬਣਾਉਣਾ ਚਾਹੁੰਦੀ ਹੈ। ਮਾਰਕਸਵਾਦ ਦੇ ਮੁਹਾਵਰੇ ਵਿਚ ਵੀ ਗੱਲ ਸਪੱਸ਼ਟ ਹੈ। ਜਮਾਤੀ ਸਮਾਜ ਵਿਚ ਕੰਮ ਦੀ ਪਰੇਰਨਾ ਪੈਸਾ ਹੈ। ਜਿੰਨਾਂ ਚਿਰ ਕੰਮ ਦੀ ਪਰੇਰਨਾ ਪੈਸਾ ਹੈ, ਹਰ ਕੋਈ ਵਧ ਤੋਂ ਵਧ ਪੈਸਾ ਕਮਾਉਣ ਦੀ ਹੀ ਕਰੇਗਾ। ਮਾਰਕਸਵਾਦ ਦੀ ਬੋਲੀ ਵਿਚ ਇਹ ਮਸਲਾ ਸਮਾਜ ਦੇ ਕੰਮ ਦੀ ਪਰੇਰਨਾ ਬਦਲਣ ਦਾ ਹੈ।

ਡਾਕਟਰ ਗਰੇਵਾਲ ਨੇ ਇਸ ਵਿਰਲ ਨੂੰ ਸਮਝਿਆ ਨਹੀਂ ਕਿ ਇਹ ਮਸਲਾ ਇਨਕਲਾਬ ਤੋਂ ਪਹਿਲੋਂ ਦਾ ਹੈ ਜਾਂ ਪਿਛੋਂ ਦਾ। ਜਿੰਨਾਂ ਚਿਰ ਸਮਾਜ ਵਿਚ ਕੰਮ ਦੀ ਪਰੇਰਨਾ ਪੈਸਾ ਹੈ, ਓਨਾਂ ਚਿਰ ਵਧ ਤੋਂ ਵਧ ਪੈਸਾ ਕਮਾਉਣ ਦੀ ਖੁਲ੍ਹ ਅਤੇ ਜਿਸ ਨੂੰ ਡਾਕਟਰ ਗਰੇਵਾਲ 'ਆਮਦਨ ਦੀ ਨਾਬਰਾਬਰੀ' ਕਹਿੰਦੇ ਹਨ ਉਹ ਲਾਜ਼ਮੀ ਰਹੇਗੀ। ਜਮਾਤੀ ਸਮਾਜ ਵਿਚ ਉਸ ਦੇ ਵਿਰੁਧ ਇਨਕਲਾਬੀ, ਇਨਕਲਾਬ ਦਾ ਕੰਮ ਪੈਸੇ ਤੇ ਪੈਸੇ ਦੀ ਬਣਾਈ ਪੁਜ਼ੀਸ਼ਨ ਵਾਸਤੇ ਨਹੀਂ ਕਰਦਾ। ਇਨਕਲਾਬੀ ਕੰਮ ਨਿਰੋਲ ਸੱਚ ਦੀ ਸੇਵਾ ਵਾਸਤੇ ਕਰਦਾ ਹੈ। ਪਰ ਰੋਜ਼ਗਾਰ ਦਾ ਕੰਮ ਪੈਸੇ ਵਾਸਤੇ ਕਰਦਾ ਹੈ। ਪੈਸੇ ਵਾਸਤੇ ਕਰਨ ਤੋਂ ਬਗ਼ੈਰ ਹੋਰ ਕੋਈ ਚਾਰਾ ਹੀ ਨਹੀਂ ਹੁੰਦਾ। ਪੈਸੇ ਵਾਸਤੇ ਰੋਜ਼ਗਾਰ ਦਾ ਕੰਮ ਕਰਨਾ ਉਦੋਂ ਹੀ ਖ਼ਤਮ ਹੋ ਸਕਦਾ ਹੈ ਜਦੋਂ ਜ਼ਿੰਦਗੀ ਦੇ ਵਸੀਲੇ ਮਨੁਖੀ ਲੋੜਾਂ ਅਨੁਸਾਰ ਪੈਸੇ ਤੋਂ ਬਗ਼ੈਰ, ਮਤਲਬ ਮੁਫ਼ਤ ਮਿਲਣ। ਜਮਾਤੀ ਸਮਾਜ ਵਿਚ ਇਹ ਮੁਮਕਿਨ ਹੋ ਹੀ ਨਹੀਂ ਸਕਦਾ। ਜਮਾਤੀ ਸਮਾਜ ਵਿਚ ਪੈਦਾਵਾਰ ਦੇ ਵਸੀਲੇ ਹਾਕਮ ਜਮਾਤਾਂ ਦੀ ਮਲਕੀਅਤ ਹੁੰਦੇ ਹਨ। ਉਸ ਮਲਕੀਅਤ ਰਾਹੀਂ ਹਾਕਮ ਜਮਾਤਾਂ ਸਮਾਜ ਦੇ ਮਿਹਨਤਕਸ਼ ਤਬਕੇ ਦਾ ਲਹੂ ਚੂਸਦੀਆਂ ਹਨ। ਜੇ ਮਿਹਨਤਕਸ਼ ਤਬਕਾ ਉਨ੍ਹਾਂ ਦਾ ਕਰਾਇਆ ਰੋਜ਼ਗਾਰ ਦਾ ਕੰਮ ਮੁਫ਼ਤ ਕਰਨ ਲਗ ਜਾਵੇ ਤਾਂ ਉਹ ਜੀਊਂਦਾ ਕਾਹਦੇ



Digitized by Panjab Digital Library | www.panjabdigilib.org

ਆਸਰੇ ਰਹੇ ? ਇਸ ਵਾਸਤੇ ਹੀ ਮਾਰਕਸਵਾਦ ਟਰੇਡ ਯੂਨੀਅਨੀ ਜਦੋ-ਜਹਿਦ ਰਾਹੀਂ, ਪੱਬਾਂ ਤਕ ਜ਼ੋਰ ਲਗਾ ਕੇ, ਮਿਹਨਤਕਸ਼ ਤਬਕੇ ਨੂੰ ਵਧ ਤੋਂ ਵਧ ਇਵਜ਼ਾਨਾ ਲੈਣ ਵਾਸਤੇ ਲੜਾਉਂਦਾ ਹੈ। ਅਤੇ ਠੀਕ ਕਰਦਾ ਹੈ। ਜਮਾਤੀ ਸਮਾਜ ਦੇ ਅਨੁਸਾਰੀ ਢਲਿਆ ਬੰਦਾ ਵੀ ਆਪਣੇ ਰੋਜ਼ਗਾਰ ਦਾ ਕੰਮ ਵਧ ਤੋਂ ਵਧ ਪੈਸੇ ਵਾਸਤੇ ਕਰਦਾ ਹੈ, ਅਤੇ ਇਨਕਲਾਬੀ ਵੀ ਇਸ ਕੰਮ ਵਿਚੋਂ ਟਰੇਡ ਯੂਨੀਅਨੀ ਜਦੋ-ਜਹਿਦ ਕਰਕੇ ਵਧ ਤੋਂ ਵਧ ਇਵਜ਼ਾਨਾ ਲੈਣਾ ਚਾਹੁੰਦਾ ਹੈ। ਪਰ ਦੋਹਾਂ ਧਿਰਾਂ ਦਾ ਆਪਸ ਵਿਚ ਜ਼ਮੀਨ, ਅਸਮਾਨ ਦਾ ਫ਼ਰਕ ਹੈ। ਜਮਾਤੀ ਸਮਾਜ ਦੇ ਅਨੁਸਾਰੀ ਢਲੇ ਮਨੁਖ ਦਾ ਨਜ਼ਰੀਆ, ਜ਼ਿੰਦਗੀ ਦਾ ਮਨੋਰਥ ਹੀ ਵਧ ਤੋਂ ਵਧ ਪੈਸਾ ਕਮਾਉਣਾ ਹੁੰਦਾ ਹੈ। ਉਹ ਮਾਇਆ, ਦੇ ਬੰਧਨ ਵਿਚ ਹੁੰਦਾ ਹੈ। ਇਕਾਨੋਮਿਜ਼ਮ ਦਾ ਸ਼ਿਕਾਰ ਹੁੰਦਾ ਹੈ। ਜਿਸ ਨੇ ਇਨਕਲਾਬੀ ਚੇਤਨਤਾ ਵਰ ਲਈ ਹੁੰਦੀ ਹੈ ਉਸ ਦੀ ਪੁਜ਼ੀਸ਼ਨ ਡਾਇਲੈਕਟਿਕ ਹੋ ਜਾਂਦੀ ਹੈ। ਉਹ ਟਰੇਡ ਯੂਨੀਅਨੀ ਜਦੋ-ਜਹਿਦ ਰਾਹੀਂ ਇਵਜ਼ਾਨਾ ਤਾਂ ਵਧ ਤੋਂ ਵਧ ਲੈਣ ਦੀ ਹਰ ਮੁਮਕਿਨ ਕੋਸ਼ਿਸ਼ ਕਰਦਾ ਹੈ, ਪਰ ਚੂੰਕਿ ਉਸ ਨੇ ਇਨਕਲਾਬੀ ਚੇਤਨਤਾ ਵਰ ਲਈ ਹੁੰਦੀ ਹੈ, ਉਹ ਦਿਲੋਂ ਦਿਮਾਗੋਂ, ਕਲਚਰਲ ਤੌਰ 'ਤੇ, ਆਚਰਨੋਂ ਮਾਇਆ ਦੇ ਬੰਧਨ ਵਿਚੋਂ ਨਿਕਲ ਚੁਕਾ ਹੁੰਦਾ ਹੈ। ਇਕਾਨੋਮਿਜ਼ਮ ਦੇ ਦਾਇਰੇ ਤੋਂ ਬਾਹਰ ਹੋ ਚੁਕਾ ਹੁੰਦਾ ਹੈ। ਉਸ ਜਮਾਤੀ ਸਮਾਜ ਦੀ, ਮਾਇਆ ਦੇ ਨਿਜ਼ਾਮ ਦੀ ਅਸਲੀਅਤ ਤਹਿ ਤਕ ਦਿਲੋਂ ਦਿਮਾਗੋਂ ਸਮਝ ਚੁਕਾ ਹੁੰਦਾ ਹੈ। ਉਸ ਨੂੰ ਖ਼ਤਮ ਕਰਨ ਦਾ ਰਾਹ ਉਸ ਨੂੰ ਦਿਸ ਹੀ ਨਹੀਂ ਪਿਆ ਹੁੰਦਾ, ਉਸ ਨੂੰ ਖ਼ਤਮ ਕਰਨ ਦੇ ਰਾਹੇ ਉਹ ਅਮਲੀ ਤੌਰ 'ਤੇ ਪੈ ਚੁਕਾ ਹੁੰਦਾ ਹੈ। ਉਸ ਦੀ ਜ਼ਿੰਦਗੀ ਦਾ ਮਨੋਰਥ ਪੈਸਾ ਨਹੀਂ ਹੁੰਦਾ। ਉਸ ਦਾ ਨਜ਼ਰੀਆ, ਉਸ ਦਾ ਜ਼ਿੰਦਗੀ ਦਾ ਮਨੋਰਥ ਜਮਾਤ-ਰਹਿਤ ਸਮਾਜ, ਕਮਿਊਨਿਸਟ ਸਮਾਜ ਉਸਾਰਨਾ ਹੁੰਦਾ ਹੈ। ਇਸ ਦੀ ਸਥਾਪਤੀ ਵਾਸਤੇ ਹੀ ਸਵਾਸ ਸਵਾਸ ਉਹ ਸੋਚਦਾ ਹੈ। ਉਸ ਦੇ ਰੋਮ ਰੋਮ ਇਹ ਰਚਿਆ ਹੁੰਦਾ ਹੈ। ਰੋਜ਼ਗਾਰ ਦਾ ਕੰਮ ਕਰਦੇ ਦਾ ਵੀ ਉਸ ਦਾ ਹੱਥ ਕਾਰ ਵਲ, ਦਿਲ ਯਾਰ ਵਲ ਹੁੰਦਾ ਹੈ। ਸਹੀ ਅਰਥਾਂ ਵਿਚ ਉਹ 'ਅੰਜਨ ਮਾਹਿ ਨਰੰਜਨ' ਹੁੰਦਾ ਹੈ। ਇਸ ਵਾਸਤੇ ਹੀ ਮਾਰਕਸਵਾਦ ਟਰੇਡ ਯੂਨੀਅਨੀ ਜਦੋ-ਜਹਿਦ ਨੂੰ ਇਵਜ਼ਾਨੇ ਦੀ ਰਾਖੀ ਜਾਂ ਉਸ ਦੇ ਵਾਧੇ ਤਕ ਹੀ ਮਹਿਦੂਦ ਨਹੀਂ ਕਰਦਾ। ਇਸ ਜਦੋ-ਜਹਿਦ ਨੂੰ ਵਿਚਾਰਧਾਰਕ ਤੇ ਸਿਆਸੀ ਜਮਾਤੀ ਜਦੋ-ਜਹਿਦ ਦੀ ਤਿਆਰੀ ਦਾ ਖੇਤਰ ਬਣਾਉਂਦਾ ਹੈ।

ਡਾਕਟਰ ਗਰੇਵਾਲ ਨੂੰ ਇਸ ਨੁਕਤੇ ਬਾਬਤ ਇਨਕਲਾਬੀ ਦੀ ਡਾਇਲੈਕਟਿਕ ਪੁਜ਼ੀਸ਼ਨ ਦੀ ਬਹੁਤੀ ਸਾਰ ਨਹੀਂ ਜਾਪਦੀ। ਉਹਨਾਂ ਨੂੰ ਇਸ ਤੱਥ ਦਾ ਅਹਿਸਾਸ ਨਹੀਂ ਕਿ ਜਮਾਤੀ ਸਮਾਜ ਵਿਚ ਸਮਾਜ ਦੇ ਮਿਹਨਤਕਸ਼ ਤਬਕੇ ਨੇ ਆਪਣੀ ਹੱਡ ਭੰਨ ਕੀਤੀ ਮੁਸ਼ਕਤ ਦਾ ਇਵਜ਼ਾਨਾ ਹਾਕਮ ਜਮਾਤਾਂ ਕੋਲੋਂ ਲੈਣਾ ਹੁੰਦਾ ਹੈ। ਹੋਈ ਪੈਦਾਵਾਰ ਦੀ



Digitized by Panjab Digital Library | www.panjabdigilib.org

ਵੰਡ ਬਾਬਤ ਉਸ ਦੀ ਰੱਸਾ-ਕਸ਼ੀ ਹਾਕਮ ਜਮਾਤਾਂ ਨਾਲ ਹੁੰਦੀ ਹੈ। ਹਾਕਮ ਜਮਾਤਾਂ ਅਗੇ ਵਿਛੇ ਰਹਿਣ ਦੀ ਥਾਂ ਵਧ ਤੋਂ ਵਧ ਇਵਜ਼ਾਨੇ ਵਾਸਤੇ ਤਣ ਕੇ, ਜਥੇਬੰਦ ਹੋ ਕੇ ਜਦੋ-ਜਹਿਦ ਕਰਨਾ ਉਸ ਦਾ ਅਗੇਰੇ ਕਦਮ ਹੁੰਦਾ ਹੈ। ਆਪਣੀ ਆਜ਼ਾਦੀ ਵਲ ਨੂੰ ਪਹਿਲਾ ਕਦਮ ਹੁੰਦਾ ਹੈ। ਮਾਰਕਸਵਾਦੀ ਮੁਹਾਵਰੇ ਵਿਚ, ਡਾਕਟਰ ਗਰੇਵਾਲ ਨੂੰ ਆਰਥਕ ਜਮਾਤੀ ਜਦੋ-ਜਹਿਦ ਦੇ ਰੋਲ ਦਾ ਚਿਤ ਚੇਤਾ ਨਹੀਂ ਜਾਪਦਾ। ਇਨਕਲਾਬ ਦੀਆਂ ਬੁਨਿਆਦੀ ਜਮਾਤਾਂ ਤੋਂ ਇਲਾਵਾ ਹੋਰਨਾਂ ਜਮਾਤਾਂ ਤੇ ਲਹਿਰ ਦੇ ਹਮਦਰਦਾਂ ਬਾਬਤ ਵੀ ਉਨ੍ਹਾਂ ਨੇ ਬਗ਼ੈਰ ਸੋਚੇ ਸਮਝੇ ਅਲ੍ਹੜਾਂ ਵਾਲੀ ਸਤੱਈ ਪੁਜ਼ੀਸ਼ਨ ਲੈ ਲਈ ਹੈ ਕਿ ਜਮਾਤੀ ਸਮਾਜ ਵਿਚ ਜੋ ਲਹਿਰ ਆਪਣੇ ਪੈਰੋਕਾਰਾਂ ਤੇ ਹਮਦਰਦਾਂ ਨੂੰ ਵਧ ਤੋਂ ਵਧ ਪੈਸਾ ਕਮਾਉਣ ਦੀ ਖੁਲ੍ਹ ਦੇਂਦੀ ਹੈ ਉਹ ਲਹਿਰ ਇਨਕਲਾਬੀ ਹੋ ਹੀ ਨਹੀਂ ਸਕਦੀ, ਬਗ਼ੈਰ ਇਸ ਤੱਥ ਨੂੰ ਮੁਖ ਰਖਦਿਆਂ ਕਿ ਕਮਾਇਆ ਪੈਸਾ ਲਹਿਰ ਵਾਲੇ ਖ਼ਰਚ ਕਿਥੇ, ਕਿਸ ਵਾਸਤੇ, ਕਿੰਨ੍ਹਾਂ ਮਨੋਰਥਾਂ ਦੇ ਅਧੀਨ, ਕਿਨ੍ਹਾਂ ਨਿਸ਼ਾਨਿਆਂ ਦੀ ਪੂਰਤੀ ਵਾਸਤੇ ਕਰਦੇ ਹਨ।

ਇਨਕਲਾਬ ਤੋਂ ਪਹਿਲਾਂ, ਉਸ ਨੂੰ ਲਿਆਉਣ ਵਾਸਤੇ ਮੇਹਨਤਕਸ਼ ਤਬਕੇ ਦੀ ਹਾਕਮ ਜਮਾਤਾਂ ਵਿਰੁਧ ਆਰਥਕ ਜਮਾਤੀ ਜਦੋ-ਜਹਿਦ ਦਾ, ਸਿਆਸੀ ਤੇ ਵਿਚਾਰਧਾਰਕ ਜਮਾਤੀ ਜਦੋ-ਜਹਿਦ ਦੇ ਨਾਲ ਬੁਨਿਆਦੀ ਰੋਲ ਹੁੰਦਾ ਹੈ। ਹਰ ਮਜ਼ਦੂਰ, ਹਰ ਗ਼ਰੀਬ ਕਿਸਾਨ ਇਸ ਤੱਥ ਨੂੰ ਆਪਣੇ ਤਜਰਬੇ ਤੋਂ ਜਾਣਦਾ ਹੈ। ਆਪਣੀ ਜਮਾਤ ਤੇ ਹਾਕਮ ਜਮਾਤਾਂ ਦੇ ਆਪਸ ਵਿਚ ਤਾਕਤ ਦੇ ਤਵਾਜ਼ਨ ਤੋਂ ਉਹ ਭਲੀ-ਭਾਂਤ ਜਾਣੂ ਹੁੰਦਾ ਹੈ। ਨਿਗੂਣੇ ਤੋਂ ਨਿਗੂਣਾ ਮਾਰਕਸਵਾਦੀ ਵੀ ਆਰਥਕ ਜਮਾਤੀ ਜਦੋ-ਜਹਿਦ ਦਾ ਰੋਲ ਜਾਣਦਾ ਹੁੰਦਾ ਹੈ। ਜਿਸ ਤਰ੍ਹਾਂ ਪਿਛੇ ਦਸ ਆਏ ਹਾਂ, ਜਿਸ ਨੂੰ ਡਾਕਟਰ ਗਰੇਵਾਲ ਵਧ ਤੋਂ ਵਧ ਪੈਸਾ ਕਮਾਉਣ ਦੀ ਖੁਲ੍ਹ ਅਤੇ ਆਮਦਨ ਦੀ ਨਾ-ਬਰਾਬਰੀ ਕਰਕੇ ਦਸਦੇ ਹਨ, ਸਾਇੰਟਿਫਿਕ ਬੋਲੀ ਵਿਚ ਉਹ ਮਸਲਾ ਪੈਦਾਵਾਰ ਦੇ ਕੰਮ ਦੀ ਪਰੇਰਨਾ ਦਾ ਹੈ। **ਪੈਦਾਵਾਰ ਦੇ ਕੰਮ ਦੀ ਪਰੇਰਨਾ ਦੀ ਤਬਦੀਲੀ ਦਾ ਮਸਲਾ ਇਨਕਲਾਬ ਤੋਂ ਪਹਿਲਾਂ ਦਾ ਮਸਲਾ ਨਹੀਂ, ਉਸ ਤੋਂ ਪਿਛੋਂ ਦਾ ਮਸਲਾ ਹੈ।** ਇਹ ਤਬਦੀਲੀ ਸ਼ੁਰੂ ਹੀ, ਉਸ ਵਕਤ ਤੋਂ ਹੋ ਸਕਦੀ ਹੈ ਜਦੋਂ ਸਟੇਟ ਦੀ ਤਾਕਤ ਇਨਕਲਾਬੀਆਂ ਦੇ ਹੱਥ ਵਿਚ ਆ ਜਾਵੇ।

ਗੁਰਬਾਣੀ ਦੀ ਬੋਲੀ ਵਿਚ ਗੱਲ ਕਰਨੀ ਹੋਵੇ ਤਾਂ ਇਨਕਲਾਬ ਤੋਂ ਪਹਿਲਾਂ ਇਨਕਲਾਬੀ ਜਦੋ-ਜਹਿਦ ਤਾਂ ਸਤਿਗੁਰੂ ਦੀ ਸੇਵਾ ਹੁੰਦੀ ਹੈ, ਪਰ ਸਮਾਜ ਦੀ ਪੈਦਾਵਾਰ ਦਾ ਕੰਮ ਸਤਿਗੁਰੂ ਦੀ ਸੇਵਾ ਉਸ ਵਕਤ ਹੀ ਹੋ ਸਕਦਾ ਹੈ ਜਦੋਂ ਸਟੇਟ ਸਤਿਗੁਰੂ ਤੇ ਭਗਤਾਂ, ਸੰਤਾਂ, ਗੁਰਮੁਖਾਂ ਦੀ ਸੰਗਤ ਦੇ ਹੱਥ ਹੋਵੇ ਅਤੇ ਹਰ ਮਨੁੱਖ ਨੂੰ ਉਸ ਦੀਆਂ ਮਨੁੱਖੀ ਲੋੜਾਂ ਗੁਰੂ ਕੇ ਲੰਗਰ ਵਿਚੋਂ ਮਿਲਣ ਅਤੇ ਸਮਾਜ ਦੀ ਸਭ ਵਸੋਂ ਵਿਚਾਰਧਾਰਕ,



Digitized by Panjab Digital Library | www.panjabdigilib.org

ਕਲਚਰਲ, ਅਮਲੋਂ ਤੇ ਆਚਰਨੋਂ ਇਸ ਦਸ਼ਾ ਨੂੰ ਤਨੋਂ-ਮਨੋਂ ਆਪਣੀ ਬਣਾਉਣ ਨੂੰ ਤਿਆਰ ਹੋ ਚੁਕੀ ਹੋਵੇ। ਮਤਲਬ ਹੈ ਸਮਾਜ ਦੀ ਪੈਦਾਵਾਰ, 'ਸਭ ਵਥ' ਸਹੀ ਅਰਥਾਂ ਵਿਚ ਸਭਸ ਦੀ ਸਾਂਝੀ ਹੋਵੇ। ਪੈਦਾਵਾਰ ਦੇ ਕੰਮ ਦੀ ਪਰੇਰਨਾ ਦੀ ਤਬਦੀਲੀ ਦਾ ਮਸਲਾ ਪੈਦਾਵਾਰ ਦੇ ਵਸੀਲਿਆਂ ਦਾ ਸਹੀ ਅਰਥਾਂ ਵਿਚ ਸਭ ਵਸੋਂ ਦੀ ਸਾਂਝੀ ਮਲਕੀਅਤ ਹੋਣ ਦਾ, ਪੈਦਾਵਾਰ ਦੇ ਰਿਸ਼ਤਿਆਂ, ਸਮਾਜਕ ਰਿਸ਼ਤਿਆਂ ਦੀ ਤੇ ਮਨੁੱਖ ਦੀ ਕਿਸਮ, ਉਸ ਦੇ ਮਨੋਰਥਾਂ ਦੀ, ਸਮਾਜ ਦੀ ਕਲਚਰ ਦੀ ਪੂਰਨ ਕਾਇਆਂ-ਪਲਟੀ ਦਾ ਸਵਾਲ ਹੈ। ਇਨਕਲਾਬ ਦਾ ਆ ਜਾਣਾ ਇਸ ਤਬਦੀਲੀ ਨੂੰ ਨੇਪਰੇ ਨਹੀਂ ਚੜ੍ਹਾਅ ਦੇਂਦਾ। ਉਹ ਸਿਰਫ਼ ਇਸ ਕੰਮ ਵਾਸਤੇ ਰਸਤਾ ਖੋਲ੍ਹਦਾ ਹੈ। ਇਨਕਲਾਬ ਦੇ ਆ ਜਾਣ ਤਕ ਪੈਦਾਵਾਰ ਦੇ ਰਿਸ਼ਤਿਆਂ ਦੀ ਕਾਇਆਂ-ਪਲਟੀ ਦਾ ਮੂੰਹ ਵੀ ਨਹੀਂ ਖੁਲ੍ਹ ਸਕਦਾ। ਇਹ ਤਾਂ ਛਡੋ, ਸਮਾਜ ਦੀ ਸਭ ਵਸੋਂ ਨੇ ਇਨਕਲਾਬੀ ਚੇਤਨਤਾ ਵਰ ਨਹੀਂ ਲਈ ਹੁੰਦੀ। ਇਹ ਵੀ ਛੱਡੋ, ਇਨਕਲਾਬ ਦੀਆਂ ਬੁਨਿਆਦੀ ਜਮਾਤਾਂ ਵੀ ਸਾਰੀਆਂ ਦੀਆਂ ਸਾਰੀਆਂ ਨੇ ਇਨਕਲਾਬੀ ਚੇਤਨਤਾ ਗ੍ਰਹਿਣ ਨਹੀਂ ਕਰ ਲਈ ਹੁੰਦੀ। ਇਹ ਵੀ ਛਡੋ, ਸਨਅਤੀ ਮਜ਼ਦੂਰ ਜਮਾਤ ਵੀ ਸਾਰੀ ਮਾਰਕਸਵਾਦੀ ਨਹੀਂ ਹੋ ਗਈ ਹੁੰਦੀ। ਸਰਮਾਇਦਾਰੀ ਦੇ ਵਿਰੁਧ ਇਨਕਲਾਬ ਲਿਆਉਣਾ ਬਹੁਤ ਮੁਸ਼ਕਲ ਤੇ ਮਹਾਨ ਕੰਮ ਹੈ। ਪਰ ਇਨਕਲਾਬ ਉਸ ਵਕਤ ਤਕ ਨਹੀਂ ਉਡੀਕਦਾ, ਇਨਕਲਾਬ ਲਿਆਉਣ ਵਾਸਤੇ ਇਹ ਲਾਜ਼ਮੀ ਨਹੀਂ ਹੁੰਦਾ ਕਿ ਹਰ ਸਨਅਤੀ ਮਜ਼ਦੂਰ ਤੇ ਹਰ ਗ਼ਰੀਬ ਕਿਸਾਨ ਪੱਕੇ ਤੌਰ 'ਤੇ ਨਜ਼ਰੀਉਂ, ਅਮਲੋਂ ਤੇ ਆਚਰਨੋਂ ਮਾਰਕਸਵਾਦੀ ਹੋਵੇ। ਨਿਜ਼ਾਮ ਗਹਿਰੇ ਸੰਕਟ ਵਿਚ ਹੁੰਦਾ ਹੈ। ਉਸ ਵਿਚੋਂ ਨਿਕਲਣ ਦਾ ਉਸ ਨੂੰ ਕੋਈ ਰਾਹ ਨਹੀਂ ਹੁੰਦਾ। ਐਸੇ ਵਕਤ ਤਕ ਜੇ ਬੁਨਿਆਦੀ ਇਨਕਲਾਬੀ ਜਮਾਤਾਂ ਦਾ ਕਾਫ਼ੀ ਤਕੜਾ ਹਿੱਸਾ ਮਾਰਕਸਵਾਦੀ ਚੇਤਨਤਾ ਵਰ ਕੇ ਜਥੇਬੰਦ ਹੋ ਚੁਕਾ ਹੋਵੇ, ਅਤੇ ਉਸ ਦੀ ਲੀਡਰਸ਼ਿਪ ਸਮਾਜ ਦੀਆਂ ਹੋਰ ਜਮਾਤਾਂ ਦੇ ਉਸ ਵਕਤ ਸਹੀ ਇਤਿਹਾਸਕ ਰੋਲ ਨੂੰ ਤੋਲ ਮਿਣ ਕੇ ਇਨਕਲਾਬ ਦੇ ਹੱਕ ਵਿਚ ਵਰਤ ਸਕੇ, ਮੌਕਾ-ਸ਼ਨਾਸ ਹੋਵੇ, ਅੰਤਰਰਾਸ਼ਟਰੀ ਹਾਲਾਤ ਮੁਆਫ਼ਕ ਹੋਣ ਤਾਂ ਵਕਤ ਬਹੁਤਾ ਲਗੇ ਜਾਂ ਥੋੜ੍ਹਾ, ਇਨਕਲਾਬ ਆ ਜਾਂਦਾ ਹੈ। ਪਰ ਇਨਕਲਾਬ ਦੇ ਆਉਣ ਤਕ ਤੇ ਉਸ ਦੇ ਮਗਰੋਂ ਵੀ ਹੋਰ ਵਸੋਂ ਦੀ ਤਾਂ ਗੱਲ ਛਡੋ, ਬੁਨਿਆਦੀ ਇਨਕਲਾਬੀ ਜਮਾਤਾਂ ਦਾ ਵੀ ਬਹੁਤ ਹਿੱਸਾ ਇਕਾਨੋਮਿਜ਼ਮ ਦਾ ਸ਼ਿਕਾਰ ਰਹਿੰਦਾ ਹੈ। ਪੈਦਾਵਾਰ ਦਾ ਕੰਮ ਪੈਸੇ ਵਾਸਤੇ ਹੀ ਕਰਦਾ ਹੈ।

ਅਜ ਤਕ ਕਾਫ਼ੀ ਮੁਲਕਾਂ ਵਿਚ ਸਮਾਜਵਾਦੀ ਇਨਕਲਾਬ ਆ ਚੁਕੇ ਹਨ। ਪਰ ਅਜੇ ਤਕ ਸਮਾਜਵਾਦ ਇਕ ਵੀ ਮੁਲਕ ਵਿਚ ਸਥਾਪਤ ਨਹੀਂ ਹੋ ਸਕਿਆ। ਸਮਾਜ ਦੀ ਸਭ ਵਸੋਂ ਇਕ ਮੁਲਕ ਦੀ ਵੀ ਸਮਾਜਵਾਦੀ ਬਣਤਰ ਦੀ ਨਹੀਂ ਬਣ ਸਕੀ। ਰੂਸ ਤੇ ਉਸ ਦੇ ਸਾਥੀ ਮੁਲਕ ਤਾਂ ਇਨਕਲਾਬ ਲਿਆ ਕੇ, ਇਕਾਨੋਮਿਜ਼ਮ ਦੇ ਪੂਰੇ ਤੌਰ



Digitized by Panjab Digital Library | www.panjabdigilib.org

'ਤੇ ਸ਼ਿਕਾਰ ਹੋ ਗਏ ਹਨ। ਉਨ੍ਹਾਂ ਦੇ ਸਮਾਜ ਤਾਂ ਮੁੜ ਬੁਰਜਵਾ ਬਣ ਗਏ ਹਨ। ਪੈਦਾਵਾਰ ਦੇ ਕੰਮ ਦੀ ਪਰੇਰਨਾ ਉਨ੍ਹਾਂ ਵਿਚ ਨਿਰੋਲ ਪੈਸਾ ਹੈ। ਹਰ ਕੋਈ ਵਧ ਤੋਂ ਵਧ ਪੈਸਾ ਕਮਾਉਣ ਵਾਸਤੇ ਕੰਮ ਕਰਦਾ ਹੈ। ਆਮਦਨਾਂ ਦੀ ਨਾਬਰਾਬਰੀ ਸਪਸ਼ਟ ਹੈ। ਉਸ ਦੇ ਵਿਰੁਧ ਕੋਈ ਜਦੋ-ਜਹਿਦ ਨਹੀਂ ਹੋ ਰਹੀ। ਜਿਹੜੇ ਮੁਲਕਾਂ ਵਿਚ ਇਨਕਲਾਬ ਕੁਰਾਹੇ ਨਹੀਂ ਵੀ ਪਏ, ਉਥੇ ਵੀ ਸਖ਼ਤ ਸਿਰਤੋੜ ਜਮਾਤੀ ਜਦੋ-ਜਹਿਦ ਜਾਰੀ ਹੈ। ਕੋਈ ਨਹੀਂ ਕਹਿ ਸਕਦਾ ਕਿ ਉਨ੍ਹਾਂ ਮੁਲਕਾਂ ਵਿਚ ਵੀ ਇਸ ਜਦੋ-ਜਹਿਦ ਵਿਚੋਂ ਕਾਮਯਾਬ ਬੁਰਜਵਾਜ਼ੀ ਹੋਵੇਗੀ ਜਾਂ ਸਮਾਜਵਾਦੀ ਲੋਕ। ਇਸ ਕੰਮ ਵਾਸਤੇ ਇਨਕਲਾਬ ਦੇ ਮਗਰੋਂ ਵੀ ਸਦਾ ਚਲਦੇ ਜਾਂਦੇ ਕਲਚਰਲ ਇਨਕਲਾਬ ਦੀ ਲੋੜ ਹੈ। ਸਦਾ ਚਲਦੇ ਜਾਂਦੇ ਕਲਚਰਲ ਇਨਕਲਾਬ ਨਾਲ ਵੀ ਪਤਾ ਨਹੀਂ ਸਮਾਜਵਾਦ ਦੀ ਸਥਾਪਤੀ ਪੰਜ ਪੀਹੜੀਆਂ ਲੈਂਦੀ ਹੈ ਕਿ ਦਸ ਲੈਂਦੀ ਹੈ! ਇਕ ਸਦੀ ਲੈਂਦੀ ਹੈ ਕਿ ਉਸ ਤੋਂ ਵੀ ਵਧ ਸਮਾਂ ਲਗਦਾ ਹੈ। ਪੈਦਾਵਾਰ ਦੇ ਕੰਮ ਦੀ ਪਰੇਰਨਾ ਦੀ ਤਬਦੀਲੀ ਦਾ ਕੰਮ ਮੁਸ਼ਕਲ ਹੈ ਤੇ ਪਤਾ ਨਹੀਂ ਕਿੰਨਾ ਸਮਾਂ ਲੈ ਕੇ ਹੋਣ ਵਾਲਾ ਹੈ। ਤੇ ਇਨਕਲਾਬ ਤੋਂ ਪਹਿਲਾਂ ਇਹ ਇਤਿਹਾਸਕ ਤੌਰ 'ਤੇ ਸ਼ੁਰੂ ਹੋਣਾ ਹੀ ਅਸੰਭਵ ਹੈ। ਪਰ ਡਾਕਟਰ ਗਰੇਵਾਲ ਕਹਿੰਦੇ ਹਨ ਕਿ ਇਹ ਕੰਮ ਭਾਵੇਂ ਇਤਿਹਾਸਕ ਤੌਰ 'ਤੇ ਅਸੰਭਵ ਸੀ, ਪਰ ਗੁਰੂ ਸਾਹਿਬਾਨ ਉਸ ਨੂੰ ਨੇਪਰੇ ਕਿਉਂ ਨਹੀਂ ਚੜ੍ਹਾ ਗਏ। ਜੇ ਇਤਿਹਾਸਕ ਤੌਰ 'ਤੇ ਅਸੰਭਵ ਨੂੰ ਉਹ ਨੇਪਰੇ ਨਹੀਂ ਚੜ੍ਹਾ ਗਏ ਤਾਂ ਡਾਕਟਰ ਗਰੇਵਾਲ ਨੇ ਨਤੀਜਾ ਇਹ ਕਢਿਆ ਹੈ ਕਿ ਗੁਰੂ ਸਾਹਿਬਾਨ ਦੀ ਰਚੀ ਗੁਰਬਾਣੀ ਤੇ ਉਨ੍ਹਾਂ ਦੀ ਚਲਾਈ ਲਹਿਰ ਹੀ ਇਨਕਲਾਬੀ ਨਹੀਂ ਸੀ! ਉਹ ਇਸ ਨਿਸ਼ਾਨੇ ਦੀ, ਇਸ ਕੰਮ ਨੂੰ ਕਰਨ ਦੀ ਕਲਪਨਾ ਹੀ ਨਹੀਂ ਸਨ ਕਰ ਸਕਦੇ !! ਡਾਕਟਰ ਗਰੇਵਾਲ ਦੀ ਸਮਾਜਕ ਵੇਗ ਬਾਬਤ ਸੂਝ ਸਪੱਸ਼ਟ ਹੈ!

**ਰਿਸ਼ਤਿਆਂ ਨਾਤਿਆਂ ਦੀ ਗੱਲ :** ਡਾਕਟਰ ਗਰੇਵਾਲ ਲਿਖਦੇ ਹਨ : "ਭਾਵੇਂ ਉਚੀ ਜਾਤ'ਚ ਹੋਣ ਦੇ ਅਭਿਮਾਨ ਦੀ ਨਿੰਦਿਆ ਕੀਤੀ ਜਾਂਦੀ ਸੀ,ਪਰ ਰਿਸ਼ਤਿਆਂ ਨਾਤਿਆਂ ਦੇ ਪਰੰਪਰਿਕ ਆਧਾਰ ਹੀ ਕਾਇਮ ਰਹੇ।" ਡਾਕਟਰ ਗਰੇਵਾਲ ਦਾ ਇਸ਼ਾਰਾ ਇਹ ਹੈ ਕਿ ਗੁਰੂ ਸਾਹਿਬਾਨ ਆਪਣਿਆਂ ਰਿਸ਼ਤਿਆਂ ਨਾਤਿਆਂ, ਸ਼ਾਦੀਆਂ ਦੇ ਮੁਆਮਲੇ ਵਿਚ ਜਾਤਪਾਤੀ ਢਾਂਚੇ ਵਿਚੋਂ ਬਾਹਰ ਨਾ ਨਿਕਲੇ। ਇਸ ਤੋਂ ਨਤੀਜਾ ਉਹ ਇਹ ਕਢਦੇ ਹਨ ਕਿ ਗੁਰੂ ਸਾਹਿਬਾਨ ਆਪ, ਉਨ੍ਹਾਂ ਦੀ ਰਚੀ ਬਾਣੀ ਤੇ ਉਨ੍ਹਾਂ ਦੀ ਚਲਾਈ ਲਹਿਰ ਮਾਇਆ ਦੇ ਨਿਜ਼ਾਮ ਦੇ ਵਿਰੁਧ ਇਨਕਲਾਬ ਦੀ ਨਾ ਕਲਪਨਾ ਕਰ ਸਕਦੀ ਸੀ. ਨਾ ਉਨ੍ਹਾਂ ਕਲਪਨਾ ਕੀਤੀ, ਅਤੇ ਨਾ ਹੀ ਅਮਲੀ ਪੱਧਰ 'ਤੇ ਏਧਰ ਵਲ ਕੋਈ ਕਦਮ ਉਠਾਇਆ।

ਮਾਇਆ ਦੇ ਨਿਜ਼ਾਮ ਦੇ ਵਿਰੁਧ ਸਰਬੱਤ ਦੀ ਆਜ਼ਾਦੀ ਦੇ, ਜਮਾਤ-ਰਹਿਤ



Digitized by Panjab Digital Library | www.panjabdigilib.org

ਸਮਾਜ ਦੀ ਸਥਾਪਤੀ ਦੇ ਪੈਂਤੜੇ ਤੋਂ ਇਨਕਲਾਬੀ ਲਹਿਰ ਦੀ ਵਿਚਾਰਧਾਰਾ, ਉਸ ਦਾ ਨਜ਼ਰੀਆ, ਉਸ ਦਾ ਨਿਸ਼ਾਨਾ ਇਕ ਗੱਲ ਹੈ, ਅਤੇ ਜਮਾਤੀ ਸਮਾਜ ਦੇ ਕਾਬਜ਼ ਹੁੰਦਿਆਂ, ਹਾਲਾਤ ਦੇ ਪ੍ਰਸੰਗ ਵਿਚ ਉਸ ਲਹਿਰ ਦੇ ਕਦਮ, ਬਿਲਕੁਲ ਦੂਸਰੀ। ਨਿਸ਼ਾਨਾ, ਪਰਾਪਤੀ ਦੀ ਅੰਤਮ ਸਟੇਜ ਹੈ, ਹੋਣ ਵਾਲੀ ਪਰਾਪਤੀ ਦਾ ਸਮਝਿਆ, ਉਲੀਕਿਆ ਚਿਤਰ ਹੈ। ਨਿਸ਼ਾਨੇ 'ਤੇ ਪਹੁੰਚਣ ਲਈ ਕੀਤੀ ਜਦੋ-ਜਹਿਦ ਤੇ ਸਮੇਂ-ਸਮੇਂ ਸਿਰ ਉਸ ਵਲ ਨੂੰ ਉਠਾਏ ਕਦਮ ਉਸ ਨਿਸ਼ਾਨੇ 'ਤੇ ਪਹੁੰਚਣ ਦੇ ਲੰਮੇ ਸਫ਼ਰ ਦੇ ਬੇਅੰਤ ਪੜਾਅ ਹੁੰਦੇ ਹਨ। ਜੇ ਸਰਬੱਤ ਦੀ ਆਜ਼ਾਦੀ ਦੀ ਪਰਾਪਤੀ ਪੈਰ-ਪੜੱਛੇ ਹੋਣ ਵਾਲਾ ਸੌਖਾ ਜਿਹਾ ਹੀ ਕੰਮ ਹੁੰਦਾ, ਤਾਂ ਅਜ ਤੋਂ ਬਹੁਤ ਚਿਰ ਪਹਿਲਾਂ ਦਾ ਜੱਗ ਉਤੇ ਸਤਿਜੁਗ ਵਰਤਿਆ ਹੁੰਦਾ। ਅਸੀਂ ਪਿਛੇ ਦਸ ਆਏ ਹਾਂ ਕਿ ਇਸ ਨਿਸ਼ਾਨੇ ਦੀ ਪਰਾਪਤੀ ਦਾ ਸਫ਼ਰ ਕਿੰਨਾਂ ਲੰਮਾਂ ਤੇ ਕਿੰਨਾਂ ਮੁਸ਼ਕਲ ਹੈ, ਪਦਾਰਥਕ ਹਾਲਾਤ ਦੇ ਉਸ ਪ੍ਰਸੰਗ ਵਿਚ ਵੀ ਜਦੋਂ ਕਿ ਪੈਦਾਵਾਰ ਦੀਆਂ ਸ਼ਕਤੀਆਂ ਦੀ ਉਸਾਰੀ ਚੰਦ ਤੋਂ ਪਾਰ ਤਕ ਜਾ ਚੁਕੀ ਹੈ। ਮਧ-ਕਾਲ ਵਿਚ ਇਸ ਦੀ ਪਰਾਪਤੀ ਵਲ ਨੂੰ ਤੁਰਨਾ ਕਿੰਨਾਂ ਕੁ ਔਖਾ ਸੀ, ਇਸ ਦਾ ਅੰਦਾਜ਼ਾ ਲਾਉਣਾ ਬਹੁਤ ਮੁਸ਼ਕਲ ਨਹੀਂ।

ਇਨਕਲਾਬੀ ਲਹਿਰ ਦੀ ਲੀਡਰਸ਼ਿਪ ਦਾ ਰੋਲ ਇਕ ਪਾਸੇ ਤੋਂ ਤਾਂ ਇਹ ਹੁੰਦਾ ਹੈ ਕਿ ਉਹ ਆਪਣੇ ਸੱਚ ਨੂੰ ਚਿੱਟਾ ਦੁਧ ਵਰਗਾ ਰਖੇ। ਗੁਰਬਾਣੀ ਦੀ ਬੋਲੀ ਵਿਚ ਨਾਮ ਤੇ ਮਾਰਕਸਵਾਦ ਦੇ ਮੁਹਾਵਰੇ ਵਿਚ ਮਾਰਕਸਵਾਦ ਉਤੇ ਮਾਇਆ ਤੇ ਇਕਾਨੋਮਿਜ਼ਮ ਦਾ ਸਾਇਆ ਨਾ ਪੈਣ ਦੇਵੇ। ਜਿਸ ਤਰ੍ਹਾਂ ਉਸ ਦੇ ਨਿਸ਼ਾਨੇ ਦਾ ਸੱਚ ਖ਼ਾਸ ਸਥਿਤੀ ਵਿਚ ਲਾਗੂ ਹੁੰਦਾ ਹੈ, ਉਹ ਚਮਕਦੇ ਚੰਦ ਵਾਂਗ ਲੋਕਾਂ ਦੀਆਂ ਅੱਖਾਂ ਦੇ ਸਾਹਮਣੇ ਲਿਆਵੇ। ਉਨ੍ਹਾਂ ਦੀ ਵਿਚਾਰਧਾਰਕ ਕਲਚਰਲ ਤਿਆਰੀ ਪੱਬਾਂ ਤਕ ਜ਼ੋਰ ਲਗਾ ਕੇ ਵਧ ਤੋਂ ਵਧ ਕਦਮ ਵਾਸਤੇ ਕਰਾਵੇ। ਅਮਲੀ ਕਦਮ ਉਠਾਉਣ ਵਾਸਤੇ ਬਾਹਰਲੇ ਹਾਲਾਤ ਦਾ ਅੰਦਰ-ਪੇਟਾ ਦੁਸਾਰ-ਪਾਰ ਵੇਖੇ। ਉਨ੍ਹਾਂ ਦਾ ਜਾਇਜ਼ਾ ਐਨ ਸਹੀ ਲਵੇ। ਨਾਲ ਹੀ ਲੋਕਾਂ ਦੀ ਵਿਚਾਰਧਾਰਕ, ਕਲਚਰਲ, ਅਮਲ ਤੇ ਆਚਰਨ ਦੀ ਪਰਾਪਤ ਕੀਤੀ ਪੱਧਰ ਨੂੰ ਵਿੰਨ੍ਹ ਕੇ ਫੋਲੇ। ਆਪਣੇ ਨਿਸ਼ਾਨੇ ਨੂੰ ਮੁਖ ਰਖਦਿਆਂ ਹੋਇਆਂ ਕਦਮ ਉਹ ਉਠਾਵੇ ਜਿਸ ਨੂੰ ਹਾਲਾਤ ਦੇ ਉਸ ਪ੍ਰਸੰਗ ਵਿਚ ਲੋਕ ਤਨੋਂ ਮਨੋਂ ਆਪਣਾ ਬਣਾਉਣ ਨੂੰ ਤਿਆਰ ਹੋਣ, ਜਿਸ ਦੇ ਵਾਸਤੇ ਉਹ ਮਰ ਮਿਟਣ ਨੂੰ ਤਿਆਰ ਹੋਣ, ਪਰ ਪਛੋਤਾਵਾ ਕਰਕੇ ਪਿਛਲਖੁਰੀ ਮੁੜਨ ਨੂੰ ਤਿਆਰ ਨਾ ਹੋਣ। **ਇਨਕਲਾਬ ਦੇ ਰਾਹ ਉਤੇ ਕਦਮ ਲੋਕਾਂ ਪੁਟਣਾ ਹੁੰਦਾ ਹੈ, ਸਿਰਫ਼ ਲਹਿਰ ਦੀ ਲੀਡਰਸ਼ਿਪ ਤੇ ਉਸ ਦੇ ਕਾਡਰ ਨੇ ਹੀ ਨਹੀਂ।** ਜੇ ਲੀਡਰਸ਼ਿਪ ਅਮਲੀ ਕਦਮ ਉਠਾਉਣ ਵਿਚ ਹਾਲਾਤ ਬਾਬਤ ਜਾਂ ਲੋਕਾਂ ਦੀ ਵਿਚਾਰਧਾਰਕ ਤਿਆਰੀ ਬਾਬਤ ਅੰਦਾਜ਼ਾ ਗ਼ਲਤ ਲਗਾ ਬਹੇ ਅਤੇ ਕਦਮ ਉਹ ਉਠਵਾਉਣ ਵਾਸਤੇ ਲੋਕਾਂ ਨੂੰ ਵੰਗਾਰ ਬਹੇ ਜਿਸ ਨੂੰ ਲੋਕ ਅਜੇ



Digitized by Panjab Digital Library | www.panjabdigilib.org

ਤਨੋਂ ਮਨੋਂ ਆਪਣਾ ਬਣਾ ਨਹੀਂ ਸਕਦੇ ਤਾਂ ਲੋਕ ਉਸ ਦਸੇ ਕਦਮ ਨੂੰ ਨੇਪਰੇ ਨਹੀਂ ਚੜ੍ਹਾ ਪਾਉਣਗੇ। ਨਤੀਜਾ ਇਹ ਨਿਕਲੇਗਾ ਕਿ ਨਾ ਸਿਰਫ਼ ਲੀਡਰਸ਼ਿਪ ਹੀ ਮੂੰਹ-ਪਰਨੇ ਡਿਗੇਗੀ ਬਲਕਿ ਲੋਕਾਂ ਦਾ ਵੀ ਦਿਲ ਟੁਟ ਜਾਵੇਗਾ। ਉਨ੍ਹਾਂ ਦੇ ਇਨਕਲਾਬੀ ਇਰਾਦੇ ਨੂੰ ਵੀ ਜ਼ੋਰ ਆ ਜਾਵੇਗਾ। ਆਪਣੇ ਆਪ ਤੋਂ ਉਨ੍ਹਾਂ ਦਾ ਵਿਸ਼ਵਾਸ ਢਿੱਲਾ ਹੋ ਜਾਵੇਗਾ। ਨਿਰਾਸ਼ਾ ਦਾ ਉਹ ਸ਼ਿਕਾਰ ਹੋ ਜਾਣਗੇ। ਚੜ੍ਹਦੀਆਂ ਕਲਾਂ ਦੀ ਥਾਂ ਉਹ ਢਹਿੰਦੀਆਂ ਕਲਾਂ ਵਿਚ ਚਲੇ ਜਾਣਗੇ। ਲਹਿਰ ਨੂੰ ਫ਼ਾਇਦਾ ਹੋਣ ਦੀ ਥਾਂ ਉਸ ਨੂੰ ਨੁਕਸਾਨ ਹੋ ਜਾਵੇਗਾ। ਲੀਡਰਸ਼ਿਪ ਹਾਲਾਤ ਦੇ ਪ੍ਰਸੰਗ ਤੇ ਲੋਕਾਂ ਦੀ ਵਿਚਾਰਧਾਰਕ ਤਿਆਰੀ ਨਾਲੋਂ ਆਪਣਾ ਵਿਜੋਗ ਕਿਸੇ ਹਾਲਤ ਵਿਚ ਵੀ ਨਹੀਂ ਕਰ ਸਕਦੀ। ਇਸ ਤੋਂ ਇਕ ਪਾਸੇ ਲੋਕਾਂ ਦੀ ਵਿਚਾਰਧਾਰਕ ਤਿਆਰੀ, ਵਿਚਾਰਧਾਰਕ ਜਮਾਤੀ ਜਦੋ-ਜਹਿਦ ਦੀ, ਅਤੇ ਦੂਸਰੇ ਪਾਸੇ ਅਮਲੀ ਪੱਧਰ ਤੇ ਮੌਕਾ-ਸ਼ਨਾਸੀ ਦੀ, ਤੇ ਇਨ੍ਹਾਂ ਦੋਹਾਂ ਦੇ ਆਪਸ ਵਿਚ ਸੰਜੋਗ ਦੀ ਅਹਿਮੀਅਤ ਸਪੱਸ਼ਟ ਹੈ। ਗੁਰਬਾਣੀ ਦਾ ਨਾਮ ਗ੍ਰਹਿਣ ਕਰਨ 'ਤੇ ਜ਼ੋਰ ਦੇਣ ਦਾ ਅਰਥ ਵੀ ਸਾਫ਼ ਹੈ।

ਗੁਰਬਾਣੀ ਨੂੰ ਅੰਤਮ ਨਿਸ਼ਾਨੇ ਦੇ ਪ੍ਰਗਟ ਤੇ ਸਪੱਸ਼ਟ ਕਰਨ ਦੇ ਨੁਕਤੇ ਤੋਂ ਪਰਖਣਾ ਅਤੇ ਗੁਰੂ ਸਾਹਿਬਾਨ ਦੀ ਅਗਵਾਈ ਹੇਠ ਲਹਿਰ ਦੀ ਕਰਨੀ ਨੂੰ ਉਸ ਨਿਸ਼ਾਨੇ ਨੂੰ ਮੁਖ ਰਖਦਿਆਂ, ਹਾਲਾਤ ਦੇ ਪ੍ਰਸੰਗ ਵਿਚ ਮੁਮਕਿਨ ਦੀ ਤਕੜੀ ਪਾ ਕੇ ਤੋਲਣਾ ਚਾਹੀਦਾ ਹੈ। ਡਾਕਟਰ ਗਰੇਵਾਲ ਆਪਣੇ ਸਾਰੇ ਮਜ਼ਮੂਨ ਵਿਚ **ਹਾਲਾਤ ਦੇ ਪ੍ਰਸੰਗ** ਦਾ ਜ਼ਿਕਰ ਤਕ ਨਹੀਂ ਕਰਦੇ। ਗੁਰੂ ਸਾਹਿਬਾਨ ਦੇ ਢੇਰ ਪਿਛੋਂ ਯੂਰਪ ਵਿਚ ਯੂਟੋਪੀਅਨ ਸਮਾਜਵਾਦੀ ਆਏ। ਉਨ੍ਹਾਂ ਸਰਮਾਇਦਾਰੀ ਦੀ ਨੀਚਤਾ ਤੇ ਵਹਿਸ਼ਤ ਤਾਂ ਕਾਫ਼ੀ ਸਪੱਸ਼ਟ ਵੇਖੀ, ਪਰ ਕੁਝ ਕੁ ਨੇ ਸਮਾਜ ਦੇ ਹਾਲਾਤ ਦਾ ਜਾਇਜ਼ਾ ਲਏ ਬਗੈਰ, ਲੋਕਾਂ ਦੀ ਵਿਚਾਰਧਾਰਕ ਤਿਆਰੀ ਵਲ ਧਿਆਨ ਦਿਤਿਆਂ ਬਗੈਰ, ਇਹ ਵੀ ਜਾਣਨ ਤੋਂ ਬਗੈਰ ਕਿ ਸਮਾਜਵਾਦ ਲਿਆਉਣਾ ਕਿਸ ਜਮਾਤ ਦਾ ਇਤਿਹਾਸਕ ਰੋਲ ਹੈ, ਆਪਣੇ ਕਿਆਸੀ ਸਮਾਜਵਾਦ ਨੂੰ ਸਥਾਪਤ ਕਰਨ ਲਈ ਪੂਰਨੇ ਪਾਉਣ ਵਾਸਤੇ, ਮਿਸਾਲਾਂ ਕਾਇਮ ਕਰਨ ਵਾਸਤੇ ਖਾਸ ਬਸਤੀਆਂ ਬਣਾਉਣ ਦਾ ਉਪਰਾਲਾ ਕੀਤਾ। ਉਨ੍ਹਾਂ ਬਸਤੀਆਂ ਦੇ ਤਜਰਬੇ ਨੇ ਫੇਲ੍ਹ ਹੋਣਾ ਹੀ ਸੀ। ਉਹ ਫੇਲ੍ਹ ਹੋਇਆ। ਸਮਾਜਵਾਦੀ ਲਹਿਰ ਨੂੰ ਉਨ੍ਹਾਂ ਦੇ ਬਸਤੀਆਂ ਵਸਾਉਣ ਵਾਲੇ ਤਜਰਬੇ ਦਾ ਫ਼ਾਇਦਾ ਹੋਣ ਦੀ ਥਾਂ ਨੁਕਸਾਨ ਹੋਇਆ। ਅਗਲਿਆਂ ਨੂੰ ਇਹ ਕਹਿਣ ਦਾ ਮੌਕਾ ਮਿਲਿਆ ਕਿ ਜੋ ਇਹ ਕਹਿੰਦੇ ਹਨ ਉਹ ਸਭ ਹਵਾਈ ਗੱਲਾਂ ਹਨ। ਅਮਲੀ ਪੱਧਰ 'ਤੇ ਜੋ ਹੈ, ਠੀਕ ਹੀ ਹੈ। ਸਰਮਾਇਦਾਰੀ ਹੀ ਸਭ ਤੋਂ ਵਧੀਆ ਮੁਮਕਿਨ ਨਿਜ਼ਾਮ ਹੈ।

ਰਿਸ਼ਤਿਆਂ ਨਾਤਿਆਂ ਵਾਲੀ ਗੱਲ ਪਿਛੇ ਮਸਲਾ ਕੀ ਹੈ—ਇਹ ਵੇਖਣਾ ਚਾਹੀਦਾ ਹੈ। ਗੁਰੂ ਸਾਹਿਬਾਨ ਦੀਆਂ ਕੀਤੀਆਂ ਵਿਆਹ ਸ਼ਾਦੀਆਂ ਨੂੰ ਪਾਇਆਂ ਪੂਰਨਿਆਂ ਦੀ



Digitized by Panjab Digital Library | www.panjabdigilib.org

ਸ਼ਕਲ ਵਿਚ, ਮਿਸਾਲਾਂ ਕਾਇਮ ਕੀਤੀਆਂ ਦੀ ਸ਼ਕਲ ਵਿਚ ਦੇਖਣਾ ਸਰਾਸਰ ਗ਼ਲਤੀ ਹੈ। ਹਾਲਾਤ ਦੇ ਪ੍ਰਸੰਗ ਤੇ ਲੋਕਾਂ ਦੀ ਵਿਚਾਰਧਾਰਕ ਪਰਾਪਤੀ ਨੂੰ ਨਜ਼ਰ-ਅੰਦਾਜ਼ ਕਰਕੇ ਵੇਖਣਾ ਅੰਨ੍ਹਿਆਂ ਹੋਣ ਵਾਲੀ ਗੱਲ ਹੈ। ਡਾਕਟਰ ਗਰੇਵਾਲ ਨੇ ਆਪੇ ਹੀ ਗੱਲ ਬਣਾ ਲਈ ਹੈ ਕਿ ਗੁਰੂ ਸਾਹਿਬਾਨ ਦਾ ਨਿਸ਼ਾਨਾ ਜਾਤਪਾਤ ਨੂੰ ਕਟਕੇ ਵਿਆਹ ਸ਼ਾਦੀਆਂ ਕਰਾਉਣਾ ਸੀ, ਅਤੇ ਜੇ ਉਨ੍ਹਾਂ ਇਸ ਤਰ੍ਹਾਂ ਸ਼ਾਦੀਆਂ ਨਹੀਂ ਕਰਵਾਈਆਂ ਤਾਂ ਸਿੱਟਾ ਇਹ ਕਿ ਗੁਰੂ ਸਾਹਿਬ ਦਾ ਕਾਬਜ਼ ਸਮਾਜ ਦੀ ਬਣਤਰ ਨੂੰ ਛੇੜਨਾ ਨਿਸ਼ਾਨਾ ਹੈ ਹੀ ਨਹੀਂ ਸੀ !! ਗੁਰੂ ਸਾਹਿਬਾਨ ਦਾ ਨਿਸ਼ਾਨਾ ਜਾਤਪਾਤ ਨੂੰ ਕਟਕੇ ਵਿਆਹ ਸ਼ਾਦੀਆਂ ਕਰਵਾਉਣਾ ਨਹੀਂ ਸੀ ; ਸਮਾਜ ਵਿਚ ਜਮਾਤੀ ਅੰਗ ਨੂੰ ਕਾਇਮ ਰਹਿਣ ਦੇਂਦਿਆਂ ਹੋਇਆਂ ਜਾਤਪਾਤ ਦੀ ਸੰਸਥਾ ਨੂੰ ਖ਼ਤਮ ਕਰਨਾ ਵੀ ਨਹੀਂ ਸੀ। **ਉਨ੍ਹਾਂ ਦਾ ਨਿਸ਼ਾਨਾ ਸਤੱਈ ਨਹੀਂ ਸੀ, ਬੁਨਿਆਦੀ ਸੀ** ਅਤੇ ਉਹ ਸੀ—**ਮਾਇਆ ਦੇ ਨਿਜ਼ਾਮ ਨੂੰ ਜੜ੍ਹਾਂ ਤੋਂ ਪੁਟਣਾ।** ਸਾਡੇ ਸਮਾਜ ਦਾ ਜਮਾਤੀ ਅੰਗ, ਉਸ ਦੀ ਕਲਚਰ ਜਾਤ-ਪਾਤੀ ਸ਼ਕਲ ਵਿਚ ਹੈ। ਜਾਤਪਾਤ ਦੀ ਸੰਸਥਾ ਜਮਾਤੀ ਅੰਗ 'ਤੇ ਹੀ ਹੋਰ ਚੜ੍ਹੀ ਹੋਈ ਪਾਣ ਹੈ, ਅਤੇ ਇਸ ਪਾਣ ਨਾਲ ਜਮਾਤੀ ਅੰਗ ਤੇ ਉਸ ਦੀ ਕਲਚਰ ਹੋਰ ਵੀ ਪੱਕੀ ਹੋਈ ਹੋਈ ਹੈ। ਸਾਡੀ ਸਮਾਜਕ ਬਣਤਰ ਤੇ ਕਲਚਰ ਵਿਚ ਜਮਾਤੀ ਅੰਗ ਨੂੰ ਜਾਤਪਾਤ ਦੀ ਸੰਸਥਾ ਨਾਲੋਂ ਨਿਖੇੜ ਕੇ ਦੇਖਣਾ, ਜਾਤਪਾਤ ਦੀ ਸੰਸਥਾ ਨੂੰ ਜਮਾਤੀ ਅਗ ਨਾਲੋਂ ਆਜ਼ਾਦ, ਅਣਸਬੰਧਤ ਕਰਕੇ ਵੇਖਣਾ ਅਗਿਆਨਤਾ ਹੈ।

ਅਸਲ ਵਿਚ ਵਿਆਹ ਸ਼ਾਦੀਆਂ ਦਾ ਮਸਲਾ ਹੈ ਕੀ ? ਇਸਤਰੀ-ਮਰਦ ਦਾ ਆਪਸ ਵਿਚ ਰਿਸ਼ਤਾ। ਇਸ ਰਿਸ਼ਤੇ ਵਿਚ ਇਨਕਲਾਬੀ ਪਰਾਪਤੀ ਦਾ ਨਿਸ਼ਾਨਾ ਕੀ ਹੈ ? ਇਸਤਰੀ ਦੀ ਆਜ਼ਾਦੀ। ਜਮਾਤੀ ਸਮਾਜ ਵਿਚ ਔਰਤ ਦੋਹਰੀ ਗੁਲਾਮ ਹੈ। ਜਮਾਤੀ ਸਮਾਜ ਵਿਚ ਔਰਤ ਦੀ ਗ਼ੁਲਾਮੀ ਦੀ ਦਸ਼ਾ ਵਿਚ ਇਸਤਰੀ-ਮਰਦ ਦੇ ਰਿਸ਼ਤੇ ਦਾ ਮੂਲ ਕੀ ਹੈ ? "ਰੰਨਾ ਹੋਈਆਂ ਬੋਧੀਆਂ, ਪੁਰਸ ਹੋਏ ਸਈਆਦ।" ਇਸ ਰਿਸ਼ਤੇ ਨੂੰ ਗੁਰਬਾਣੀ ਲਿਜਾਣਾ ਕਿਥੇ ਚਾਹੁੰਦੀ ਹੈ ? "ਧਨ ਪਿਰੁ ਏਹਿ ਨ ਆਖੀਅਨਿ ਬਹਨਿ ਇਕਠੇ ਹੋਇ। ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ।" ਜਾਤਪਾਤ ਨੂੰ ਤੋੜ ਕੇ ਵਿਆਹ ਕਰਾਉਣ ਨੂੰ ਲਹਿਰ ਦਾ ਮਨੋਰਥ ਬਣਾਉਂਦੇ ਕੌਣ ਹਨ ? ਇਨਕਲਾਬ ਨਾਲ.ਠੱਗੀ ਕਰਨ ਵਾਲੇ, ਮਨੁੱਖ ਦੀ ਆਜ਼ਾਦੀ ਦੀ ਲਹਿਰ ਨੂੰ ਗੁਮਰਾਹ ਕਰਨ ਵਾਲੇ, ਬਾਜ਼ਾਰੀ ਸੁਧਾਰਕ। ਵਸਤੂ ਨੂੰ ਵਿਸਾਰ ਕੇ, ਰੂਪ ਵਿਚ ਉਲਝਣ ਤੇ ਅਗਲਿਆਂ ਨੂੰ ਉਲਝਾਉਣ ਵਾਲੇ। ਵਿਆਹ ਦੇ ਮਸਲੇ ਦਾ ਮੂਲ ਕੀ ਹੈ ? ਹਾਣੀ ਦੀ ਚੋਣ ਅਤੇ ਵਿਆਹ ਤੋਂ ਮਗਰੋਂ ਪਤੀ ਪਤਨੀ ਦਾ ਆਪਸ ਵਿਚ ਰਿਸ਼ਤਾ। ਜਾਤਪਾਤ ਨੂੰ ਤੋੜ ਕੇ ਵਿਆਹ ਕਰਾਉਣ ਨਾਲ ਔਰਤ ਦੀ ਗੁਲਾਮੀ ਵਿਚ ਕੋਈ ਫ਼ਰਕ ਨਹੀਂ ਪੈਂਦਾ। ਔਰਤ ਆਪਣੀ ਜਾਤ ਦੇ ਮਰਦ ਦੀ ਗੁਲਾਮ ਨਾ ਹੋਈ, ਦੂਸਰੀ ਜਾਤ ਦੇ



Digitized by Panjab Digital Library | www.panjabdigilib.org

ਮਰਦ ਦੀ ਗੁਲਾਮ ਹੋ ਗਈ। ਫਰਕ ਸਿਰਫ਼ ਐਨਾ ਹੀ ਪੈਂਦਾ ਹੈ ਕਿ ਜੇ ਵਖ ਵਖ ਜਾਤਾਂ ਦੇ ਕੁੜੀ ਤੇ ਮੁੰਡੇ ਦੀ ਮਰਜ਼ੀ ਆਪਸ ਵਿਚ ਮਿਲ ਜਾਵੇ ਤਾਂ ਜਾਤਪਾਤ ਦੀ ਸੰਸਥਾ ਉਨ੍ਹਾਂ ਦੇ ਜਮਾਤੀ ਸਮਾਜ ਦੇ ਵਿਆਹ ਵਿਚ ਰੁਕਾਵਟ ਨਾ ਹੋਵੇ। ਉਸ ਨੁਕਤੇ ਬਾਬਤ ਸਮਝਣ ਵਾਲੀ ਗੱਲ ਇਹ ਹੈ ਕਿ ਜਾਤਪਾਤ ਨੂੰ ਕਟਕੇ ਵਿਆਹ ਕਰਾਉਣ ਨਾਲ ਹੀ ਪਤੀ ਪਤਨੀ ਦਾ ਆਪਸ ਵਿਚ ਰਿਸ਼ਤਾ ਇਸ਼ਕ ਦਾ, ਇਨਸਾਨੀਅਤ ਦਾ, ਆਜ਼ਾਦੀ ਦਾ ਨਹੀਂ ਬਣ ਜਾਂਦਾ।

ਡਾਕਟਰ ਗਰੇਵਾਲ ਨੇ ਇਸ ਨੁਕਤੇ ਨੂੰ ਤੂਲ ਕਿਉਂ ਦਿਤਾ ਹੈ ? ਇਸ ਵਾਸਤੇ ਕਿ ਉਹ ਇਸ ਨੂੰ ਇਨਕਲਾਬ ਦਾ, ਆਜ਼ਾਦੀ ਦਾ ਅੰਗ ਸਮਝ ਰਹੇ ਹਨ। ਉਹਨਾਂ ਨੂੰ ਇਹ ਗਿਆਨ ਨਹੀਂ ਕਿ ਇਸਤਰੀ ਮਰਦ ਦੇ ਰਿਸ਼ਤੇ ਵਿਚ ਆਜ਼ਾਦੀ ਤੇ ਇਨਸਾਨੀਅਤ ਦਾ ਮੁਕਾਮ ਇਸ਼ਕ ਤੋਂ ਉਰੇ ਨਹੀਂ ਅਤੇ ਇਸ਼ਕ ਦੀ ਪੂਰਤੀ ਇਨਕਲਾਬੋਂ, ਜਮਾਤ-ਰਹਿਤ ਸਮਾਜ ਦੀ ਸਥਾਪਤੀ ਤੋਂ ਉਰੇ ਨਹੀਂ। ਇਤਿਹਾਸ ਦੇ ਗਿਆਨ ਨੇ ਡਾਕਟਰ ਗਰੇਵਾਲ ਨੂੰ ਇਹ ਤਾਂ ਦਸਿਆ ਹੀ ਹੋਊ ਕਿ ਇਨਕਲਾਬ ਜਾਂ ਤਾਂ ਸਾਰੇ ਸਮਾਜ ਵਿਚ ਆਉਂਦਾ ਹੈ ਜਾਂ ਨਹੀਂ ਆਉਂਦਾ। ਜੇ ਸਾਰੇ ਸਮਾਜ ਵਿਚ ਨਹੀਂ ਆਉਂਦਾ ਤਾਂ ਉਹ ਸਮਾਜ ਦੀ ਕਿਸੇ ਖ਼ਾਸ ਨੁਕਰੇ ਜਾਂ ਇਕ ਖ਼ਾਸ ਰਿਸ਼ਤੇ ਵਿਚ ਨਹੀਂ ਆ ਸਕਦਾ। ਜੇ ਸਮਾਜ ਦੇ ਪੈਦਾਵਾਰ ਦੇ ਰਿਸ਼ਤੇ ਜਮਾਤੀ ਸਮਾਜ ਵਾਲੇ ਹਨ ਤਾਂ ਕੋਈ ਐਸੀ ਕਰਾਮਾਤ ਹੈ ਨਹੀਂ ਜਿਸ ਨਾਲ ਇਸਤਰੀ ਮਰਦ ਦਾ ਰਿਸ਼ਤਾ ਇਸ਼ਕ ਦਾ, ਆਜ਼ਾਦੀ ਵਾਲਾ ਹੋ ਜਾਵੇ। ਇਸਤਰੀ ਲਾਜ਼ਮੀ ਗੁਲਾਮ ਰਹੇਗੀ। ਆਜ਼ਾਦ ਹੋ ਹੀ ਨਹੀਂ ਸਕਦੀ। ਮਨੁੱਖ ਦੀ ਆਜ਼ਾਦੀ ਦੀ ਲਹਿਰ ਦਾ ਨਿਸ਼ਾਨਾ ਮਾਇਆ ਦੇ ਨਿਜ਼ਾਮ ਦੇ ਵਿਰੁਧ ਲੋਕ-ਹਿੱਤ ਦੇ ਪੈਂਤੜੇ ਤੋਂ ਇਨਕਲਾਬ ਲਿਆਉਣਾ ਹੈ। ਜਾਤਪਾਤ ਦੀ ਸੰਸਥਾ ਨੂੰ ਖ਼ਤਮ ਕਰਨਾ ਲਹਿਰ ਦਾ ਮਨੋਰਥ ਨਹੀਂ ਹੋ ਸਕਦਾ। ਸਾਡਾ ਨਿਜ਼ਾਮ ਫ਼ੀਊਡਲ ਤੋਂ ਸਰਮਾਇਦਾਰੀ ਹੋ ਗਿਆ ਹੈ। ਇਸ ਤਬਦੀਲੀ ਦੇ ਆਉਣ ਨਾਲ ਜਾਤਪਾਤ ਦੀ ਸੰਸਥਾ ਅਗੇ ਨਾਲੋਂ ਕਦਰੇ ਢਿੱਲੀ ਹੋਈ ਹੈ। ਖ਼ਾਸ ਕਰ ਵਡਿਆਂ ਸ਼ਹਿਰਾਂ ਵਿਚ। ਜਿਸ ਹਦ ਤਕ ਵੀ ਢਿੱਲੀ ਹੋਈ ਹੈ ਇਹ ਚੰਗੀ ਗੱਲ ਹੈ। ਪਰ ਸਾਡੇ ਸਰਮਾਇਦਾਰੀ ਨਿਜ਼ਾਮ ਨੇ ਬੁਨਿਆਦੀ ਤੌਰ 'ਤੇ ਇਸ ਨਾਲ ਸਮਝੌਤਾ ਕਰ ਲਿਆ ਹੈ। ਇਸ ਨੂੰ ਆਪਣੀ ਪਕਿਆਈ ਦਾ ਸੰਦ ਬਣਾ ਤੋਰਿਆ ਹੈ। ਇਸ ਨੁਕਤੇ ਬਾਬਤ ਦੋ ਗੱਲਾਂ ਸਮਝਣ ਵਾਲੀਆਂ ਹਨ। ਇਕ ਇਹ ਕਿ ਜਾਤਪਾਤ ਦੀ ਸੰਸਥਾ ਨੂੰ ਖ਼ਤਮ ਕਰਨ ਦਾ ਮਨੋਰਥ ਬਣਾਇਆਂ ਇਹ ਕਦੀ ਖ਼ਤਮ ਨਹੀਂ ਹੋ ਸਕਦੀ। ਦੂਸਰੀ ਇਹ ਕਿ ਸਾਡੇ ਸਮਾਜ ਤੇ ਉਸ ਦੀ ਕਲਚਰ ਵਿਚੋਂ ਇਹ ਉਸ ਵਕਤ ਤਕ ਖ਼ਤਮ ਨਹੀਂ ਹੋਵੇਗੀ ਜਦੋਂ ਤਕ ਇਸ ਵਿਚੋਂ ਜਮਾਤੀ ਅੰਗ ਅਲੋਪ ਨਹੀਂ ਹੋ ਜਾਂਦਾ। ਇਹ ਕੰਮ ਸੁਧਾਰ ਦਾ ਨਹੀਂ, ਇਨਕਲਾਬ ਦਾ ਹੈ।



Digitized by Panjab Digital Library | www.panjabdigilib.org

ਡਾਕਟਰ ਗਰੇਵਾਲ ਦੇ ਅਨੁਸਾਰ ਗੁਰੂ ਸਾਹਿਬਾਨ ਦਾ ਜਾਤਪਾਤ ਦੀ ਸੰਸਥਾ ਨੂੰ ਤੋੜ ਕੇ ਰਿਸ਼ਤੇ ਨਾਤੇ ਨਾ ਕਰਨਾ ਉਨ੍ਹਾਂ ਦੀ ਕਰਨੀ ਵਿਚ ਊਣ ਤੇ ਉਨ੍ਹਾਂ ਦੀ ਚਲਾਈ ਲਹਿਰ ਵਿਚ ਬੁਨਿਆਦੀ ਨੁਕਸ ਤੇ ਘਾਟਾ ਸੀ। ਇਸ ਦਾ ਇਸ਼ਾਰਾ ਇਹ ਹੈ ਕਿ ਗੁਰੂ ਸਾਹਿਬਾਨ ਨੇ ਇਸਤਰੀ ਦੀ ਆਜ਼ਾਦੀ ਵਾਸਤੇ ਕੁਝ ਨਹੀਂ ਕੀਤਾ। ਜਿਸ ਤਰ੍ਹਾਂ ਉਨ੍ਹਾਂ ਸਪੱਸ਼ਟ ਹੀ ਕਿਹਾ ਹੈ ਕਿ ਸਮਾਜ ਦੇ ਆਰਥਕ ਸਮਾਜਕ ਸਿਆਸੀ ਢਾਂਚੇ ਨੂੰ ਬਦਲਣਾ ਨਾ ਉਨ੍ਹਾਂ ਦਾ ਮਨੋਰਥ ਸੀ ਅਤੇ ਨਾ ਉਹ ਇਸ ਤਬਦੀਲੀ ਦੀ ਕਲਪਨਾ ਹੀ ਕਰ ਸਕਦੇ ਸਨ। ਡਾਕਟਰ ਗਰੇਵਾਲ ਕਹਿਦੇ ਹਨ ਕਿ ਗੁਰੂ ਸਾਹਿਬਾਨ ਸਿਰਫ਼ ਸ਼ੂਦਰ ਦੀ ਬ੍ਰਾਹਮਣ ਦੇ, ਤੇ ਔਰਤ ਦੀ ਮਰਦ ਦੇ ਨਾਲ "ਮੁਕਤੀ ਦੇ ਸਵਾਲ 'ਤੇ ਪੂਰਨ ਬਰਾਬਰੀ ਦੀ ਵਕਾਲਤ ਕਰਦੇ ਹਨ।" ਡਾਕਟਰ ਗਰੇਵਾਲ ਨੇ ਇਸ ਗੱਲ ਨੂੰ ਐਵੇਂ ਘੱਟੇ ਕੌਡੀਆਂ ਰਲਾਇਆ ਹੈ। ਇਸ ਨੁਕਤੇ ਬਾਬਤ ਗੁਰੂ ਸਾਹਿਬਾਨ ਦੀ ਕਰਨੀ ਦਾ ਅਰਥ, ਉਸ ਦੀ ਵਸਤੂ ਕੀ ਹੈ ? ਉਸ ਦੀ ਵਸਤੂ ਹੈ ਔਰਤ ਨੂੰ ਸਤਿਗੁਰੂ ਦੇ ਸ਼ਬਦ ਵਿਚ ਅੰਕਤ **ਉਹ ਹੀ ਨਾਮ** ਗ੍ਰਹਿਣ ਕਰਵਾਉਣਾ, ਜੋ ਉਹ ਸਰਬੱਤ ਨੂੰ ਮਾਇਆ ਦੇ ਬੰਧਨ ਵਿਚੋਂ ਕਢਣ ਵਾਸਤੇ, ਸਰਬੱਤ ਨੂੰ ਆਜ਼ਾਦ ਕਰਾਉਣ ਵਾਸਤੇ, ਸਰਬੱਤ ਨੂੰ ਗ੍ਰਹਿਣ ਕਰਾਉਣ ਦੀ ਕੋਸ਼ਿਸ਼ ਕਰ ਰਹੇ ਸਨ, ਜਿਸ ਨੂੰ ਗ੍ਰਹਿਣ ਕਰਕੇ ਸਮਾਜ ਦਾ ਸਭ ਸ਼ੂਦਰ ਤਬਕਾ, ਸਭ ਮੇਹਨਤਕਸ਼ ਤਬਕਾ, ਕਿਸਾਨ, ਕਾਰੀਗਰ, ਕੰਮੀਂ ਤੇ ਕਾਮੇ ਉਸ ਵੇਲੇ ਦੇ ਮਾਇਆ ਦੇ ਨਿਜ਼ਾਮ—ਫੀਊਡਲ ਨਿਜ਼ਾਮ—ਦੇ ਵਿਰੁਧ ਸਰਬੱਤ ਦੀ ਆਜ਼ਾਦੀ ਲਈ ਇਨਕਲਾਬ ਲਿਆਉਣ ਵਾਸਤੇ ਲੜੇ। ਔਰਤ ਹੋਵੇ ਭਾਵੇਂ ਮਰਦ, ਮੇਹਨਤਕਸ਼ ਤਬਕੇ ਦਾ ਮਰਦ, ਜਦੋਂ ਜਮਾਤੀ ਸਮਾਜ ਕਾਬਜ਼ ਹੋਵੇ, ਉਸ ਦੇ ਵਾਸਤੇ ਆਜ਼ਾਦੀ ਦਾ ਰਾਹ ਇਕ ਹੀ ਹੁੰਦਾ ਹੈ ਤੇ ਉਹ ਹੁੰਦਾ ਹੈ **ਕਾਬਜ਼ ਨਿਜ਼ਾਮ ਦੇ ਵਿਰੋਧੀ ਇਨਕਲਾਬੀ ਚੇਤਨਤਾ ਵਰਨੀ ਅਤੇ ਉਸ ਚੇਤਨਤਾ ਨੂੰ ਜ਼ਿੰਦਗੀ ਦੇ ਹਰ ਮੁਹਾਜ਼ 'ਤੇ ਅਮਲੀ ਜਾਮਾ ਪਹਿਨਾਉਣਾ, ਇਨਕਲਾਬੀ ਬਣ, ਜ਼ਿੰਦਗੀ ਦੇ ਕਿਸੇ ਮੁਹਾਜ਼ ਉਤੇ ਵੀ ਇਨਕਲਾਬ ਲਿਆਉਣ ਦੇ ਵੇਗ ਵਿਚ ਤਨੋਂ ਮਨੋਂ ਪੈਣਾ।** ਗੁਰੂ ਸਾਹਿਬਾਨ ਨੇ ਮੇਹਨਤਕਸ਼ ਤਬਕੇ ਦੇ ਮਰਦ ਦੇ ਨਾਲ ਔਰਤ ਨੂੰ ਵੀ ਆਜ਼ਾਦੀ ਦੇ ਇਸ ਗਾਡੀ ਰਾਹੇ ਪਾਇਆ। ਇਸ ਤੋਂ ਵਧ ਔਰਤ ਦੀ ਆਜ਼ਾਦੀ ਵਾਸਤੇ ਇਨਕਲਾਬ ਤੋਂ ਪਹਿਲਾਂ ਹੋਰ ਕੁਝ ਮੁਮਕਿਨ ਸੀ ? ਕਿਸੇ ਦੀ ਵੀ ਆਜ਼ਾਦੀ ਵਾਸਤੇ ਹੋਰ ਕੁਛ ਮੁਮਕਿਨ ਹੋ ਸਕਦਾ ਹੈ ?

ਸਤਿਗੁਰੂ ਦਾ ਦਿਤਾ ਨਾਮ ਗ੍ਰਹਿਣ ਕਰਕੇ ਔਰਤ, ਮਰਦ ਦੇ ਨਾਲ ਇਨਕਲਾਬ ਲਿਆਉਣ ਵਾਲੀ ਜਰਨੈਲੀ ਸੜਕੇ ਪਈ। ਗੁਰੂ ਸਾਹਿਬਾਨ ਦੀ ਚਲਾਈ ਲਹਿਰ ਵਿਚ ਨਿਝੱਕ ਤਨੋਂ ਮਨੋਂ ਸ਼ਾਮਲ ਹੋਈ। ਉਹ ਆਪਣੇ ਮਰਦ ਨਾਲ ਰਿਸ਼ਤੇ ਵਿਚ ਵੀ ਆਜ਼ਾਦ ਔਰਤ ਬਣਕੇ, ਆਜ਼ਾਦ ਮਰਦ ਨਾਲ, ਆਜ਼ਾਦੀ ਦੀ ਬਿਨਾ 'ਤੇ ਰਿਸ਼ਤਾ



Digitized by Panjab Digital Library | www.panjabdigilib.org

ਕਾਇਮ ਕਰਨ ਵਾਸਤੇ ਸਿਰ-ਧੜ ਦੀ ਲਾ ਕੇ ਲੜੀ। ਹੀਰ ਪੈਦਾ ਹੋਈ। ਉਹ ਆਪਣੇ ਇਸ਼ਕ ਵਾਸਤੇ ਲੜੀ ਅਤੇ ਲੜਦੀ ਲੜਦੀ ਸ਼ਹੀਦ ਹੋਈ। ਪਰ ਇਸ਼ਕ ਨੂੰ ਪਿੱਠ ਨਹੀਂ ਦਿਤੀ। ਇਸਤਰੀ ਮਰਦ ਦੇ ਰਿਸ਼ਤੇ ਵਿਚ ਇਸ਼ਕ ਇਨਕਲਾਬ ਹੈ। ਆਜ਼ਾਦੀ ਹੈ। ਇਨਸਾਨੀਅਤ ਹੈ। 'ਇਸ਼ਕ ਪੀਰ ਫਕੀਰ ਦਾ ਮਰਤਬਾ ਹੈ'। ਇਹ ਸਿਰਫ ਸਾਡੇ ਕਹਿਣ ਦੀ ਹੀ ਗਲ ਨਹੀਂ। ਸਿੱਖ ਪਰੰਪਰਾ ਵਿਚ ਭਾਈ ਗੁਰਦਾਸ ਨੇ, ਗੁਰੂ ਗੋਬਿੰਦ ਸਿੰਘ ਨੇ ਇਸ਼ਕ ਨੂੰ ਆਜ਼ਾਦੀ ਕਰਕੇ ਪ੍ਰਵਾਨ ਕੀਤਾ ਹੈ। ਇਸਲਾਮੀ ਪਰੰਪਰਾ ਵਿਚ ਸ਼ਾਹ ਹੁਸੈਨ ਨੇ, ਬੁਲ੍ਹੇ ਸ਼ਾਹ ਨੇ, ਵਾਰਸ ਸ਼ਾਹ ਨੇ ਇਸ਼ਕ ਨੂੰ 'ਇਸ਼ਕ ਕੀਤਾ ਸੁ ਜਗ ਦਾ ਮੂਲ ਮੀਆਂ' ਕਰਕੇ ਪ੍ਰਨਾਮ ਕੀਤਾ ਹੈ। ਸਿਰਫ਼ ਜਾਤਪਾਤ ਨੂੰ ਕਟਕੇ ਵਿਆਹ ਕਰਾਉਣ ਵਿਚ ਔਰਤ ਦੀ ਆਜ਼ਾਦੀ ਕਿਸ ਤਰ੍ਹਾਂ ਹੈ—ਇਹ ਡਾਕਟਰ ਗਰੇਵਾਲ ਨੇ ਵਿਆਖਿਆ ਕਰਕੇ ਕਿਤੇ ਦਸਿਆ ਨਹੀਂ।

ਆਪਣੇ ਮਹਿਦੂਦ ਅਰਥਾਂ ਵਿਚ ਇਸ਼ਕ ਆਜ਼ਾਦੀ ਦਾ, ਇਸਤਰੀ ਮਰਦ ਦੇ ਜਿਨਸੀ ਰਿਸ਼ਤੇ ਦੇ ਮੁਹਾਜ਼ ਦਾ ਰੂਪ ਹੈ। ਘਰੋਗੀ ਰਿਸ਼ਤੇ ਵਿਚ ਇਸਤਰੀ ਮਰਦ ਦੀ ਆਜ਼ਾਦੀ, ਤੇ ਆਜ਼ਾਦੀ ਦੀ ਬਿਨਾ 'ਤੇ ਉਨ੍ਹਾਂ ਦਾ ਆਪਸ ਵਿਚ ਜਿਨਸੀ ਰਿਸ਼ਤਾ, ਆਜ਼ਾਦੀ ਦੀ ਬਿਨਾ 'ਤੇ ਵਿਆਹ ਦੀ ਸੰਸਥਾ ਦਾ ਮੂਲ ਹੈ। ਆਪਣੇ ਮਹਿਦੂਦ ਅਰਥਾਂ — ਔਰਤ ਦੇ ਮਰਦ ਨਾਲ ਜਿਨਸੀ ਪਿਆਰ ਦੇ ਰੂਪ — ਵਿਚ ਇਸ਼ਕ ਨੇ ਮਹਾਨ ਤੋਂ ਮਹਾਨ ਸਾਹਿਤ ਨੂੰ ਜਨਮ ਦਿਤਾ ਹੈ। ਇਨ੍ਹਾਂ ਅਰਥਾਂ ਵਿਚ ਮਹਾਨ ਸਾਹਿਤਕਾਰਾਂ ਇਸ ਨੂੰ ਮੂਲ ਮਜ਼ਮੂਨ ਬਣਾ ਕੇ ਸਮਾਜਕ ਮਨੁਖੀ ਅਸਲੀਅਤ ਬੜੀ ਵਫ਼ਾਦਾਰੀ ਨਾਲ ਪੇਸ਼ ਕੀਤੀ, ਜਮਾਤੀ ਸਮਾਜ ਦਾ ਸਾਇੰਟਿਫਿਕ ਕਿਰੀਟੀਕ ਦਿਤਾ। ਅਮਰ ਸਾਹਿਤ, ਅਮਰ ਪਾਤਰ ਤੇ ਅਮਰ ਕਲਚਰਲ ਚਿੱਤਰ ਸਿਰਜੇ। ਪਰ ਇਸਤਰੀ ਮਰਦ ਦਾ ਜਿਨਸੀ ਰਿਸ਼ਤਾ, ਚੂੰਕਿ ਘਰੋਗੀ ਹੈ ਇਸ ਰਿਸ਼ਤੇ ਦੇ ਮਹਿਦੂਦ ਅਰਥਾਂ ਵਿਚ ਇਸ਼ਕ ਤੋਂ ਕਦੇ ਸਿਆਸੀ ਮੁਹਾਜ਼ ਦੀ ਇਨਕਲਾਬੀ ਲਹਿਰ ਪੈਦਾ ਨਹੀਂ ਹੋਈ। **ਇਹ ਕਲਚਰ ਦੇ ਮੁਹਾਜ਼ ਦਾ ਸੰਦ ਤੇ ਵਸਤੂ ਹੈ।** ਸਿਆਸੀ ਮੁਹਾਜ਼ 'ਤੇ ਇਨਕਲਾਬੀ ਲਹਿਰ ਸਿਆਸੀ ਰਿਸ਼ਤੇ ਨੂੰ, ਮਨੁਖ ਦੇ ਸਟੇਟ ਨਾਲ ਰਿਸ਼ਤੇ ਨੂੰ ਮੂਲ ਮੁਹਾਜ਼ ਬਣਾਇਆਂ ਹੀ ਪੈਦਾ ਹੁੰਦੀ ਤੇ ਉਸੱਰਦੀ ਹੈ। ਦੂਸਰੇ ਲਫ਼ਜ਼ਾਂ ਵਿਚ, **ਇਸ਼ਕ ਦੇ ਵਿਸ਼ਾਲ ਅਰਥਾਂ ਵਿਚ ਇਸ ਨੂੰ ਮੂਲ ਮਜ਼ਮੂਨ ਬਣਾਇਆਂ ਉੱਸਰਦੀ ਹੈ।** ਜਦੋਂ ਵਿਚਾਰਧਾਰਾ ਦਾ ਰੂਪ ਮਜ਼੍ਹਬੀ ਹੋਵੇ, ਉਦੋਂ ਰੱਬ ਦੇ ਇਸ਼ਕ ਨੂੰ ਮੂਲ ਮਜ਼ਮੂਨ ਬਣਾਇਆਂ ਹੀ ਇਨਕਲਾਬੀ ਲਹਿਰ ਜਨਮ ਲੈਂਦੀ ਹੈ। ਇਸ ਵਾਸਤੇ ਕਿ ਮਜ਼੍ਹਬੀ ਵਿਚਾਰਧਾਰਾ ਵਿਚ ਰੱਬ ਸਟੇਟ ਦਾ ਅਕਸ ਹੈ। ਆਪਣੇ ਹਿੱਤੀ ਰੱਬ ਨਾਲ ਇਸ਼ਕ, ਉਸ ਵਲ ਨੂੰ ਪੂਰਨ ਵਫ਼ਾਦਾਰੀ ਆਪਣੇ ਹਿੱਤੀ ਸਟੇਟ ਨਾਲ ਇਸ਼ਕ ਤੇ ਉਸ ਵਲ ਨੂੰ ਪੂਰਨ ਵਫ਼ਾਦਾਰੀ ਹੈ।

ਅੱਵਲ ਹਮਦ ਖੁਦਾਇ ਦਾ ਵਿਰਦ ਕੀਚੈ, ਇਸ਼ਕ ਕੀਤਾ ਸੂ ਜੱਗ ਦਾ ਮੂਲ ਮੀਆਂ।



Digitized by Panjab Digital Library | www.panjabdigilib.org

ਪਹਿਲਾਂ ਆਪ ਹੈ ਰੱਬ ਨੇ ਇਸ਼ਕ ਕੀਤਾ, ਮਾਸ਼ੂਕ ਹੈ ਨਬੀ ਰਸੂਲ ਮੀਆਂ ।
ਇਸ਼ਕ ਪੀਰ ਫ਼ਕੀਰ ਦਾ ਮਰਤਬਾ ਹੈ, ਮਰਦ ਇਸ਼ਕ ਦਾ ਭਲਾ ਰੰਜੂਲ ਮੀਆਂ ।
ਖਿਲੇ ਤਿਨਾਂ ਦੇ ਬਾਗ਼ ਕਲੂਬ ਅੰਦਰ, ਜਿਨ੍ਹਾਂ ਕੀਤਾ ਹੈ ਇਸ਼ਕ ਕਬੂਲ ਮੀਆਂ ।

(ਵਾਰਿਸ ਸ਼ਾਹ)

ਗੁਰੂ ਸਾਹਿਬਾਨ ਨੇ ਇਸਤਰੀ ਮਰਦ ਦੇ ਰਿਸ਼ਤੇ ਨੂੰ, ਇਸ ਰਿਸ਼ਤੇ ਦੇ ਇਸ਼ਕ ਨੂੰ ਆਪਣੀ ਰਚਨਾ ਦਾ ਮਜ਼ਮੂਨ ਨਹੀਂ ਬਣਾਇਆ । ਬੰਦੇ ਦੇ ਗੁਰਬਾਣੀ ਵਾਲੇ, ਆਪਣੇ ਰੱਬ ਨਾਲ ਪਿਆਰ ਨੂੰ ਨਿਰੋਲ ਮਜ਼ਮੂਨ ਬਣਾਇਆ ਹੈ । ਸਾਰੀ ਗੁਰਬਾਣੀ ਦੀ ਕੋਸ਼ਿਸ਼ ਇਕ ਹੀ ਹੈ ਕਿ ਬੰਦਾ ਮਾਇਆ ਦੇ ਸਭ ਧੰਦੇ ਨੂੰ ਛਡ ਛਡਾ ਕੇ ਗੁਰੂ ਸਾਹਿਬਾਨ ਵਾਲੇ ਰੱਬ ਨਾਲ ਇਸ਼ਕ ਕਰੇ । ਅਤੇ ਉਸ ਇਸ਼ਕ ਵਿਚ ਪੂਰਾ ਉਤਰੇ । ਗੁਰੂ ਸਾਹਿਬ ਦੇ ਇਸ ਮਜ਼ਮੂਨ ਨੂੰ ਲੈਣ ਦਾ ਕਾਰਨ ਸਪੱਸ਼ਟ ਹੈ । ਉਨ੍ਹਾਂ ਮਜ਼ਬੀ ਰੂਪ ਵਿਚ ਸਿੱਧਾ ਸਿਆਸੀ ਮੁਹਾਜ਼ ਲਿਆ ਹੈ । ਜਿਸ ਤਰ੍ਹਾਂ ਪਿਛੇ ਦਸ ਆਏ ਹਾਂ ਰੱਬ ਸਟੇਟ ਦਾ ਚਿਤਰ ਹੈ । ਮਨੁਖ ਦੇ ਕਾਬਜ਼ ਰੱਬ ਦੇ ਰੂਪ ਰਾਹੀਂ, ਕਾਬਜ਼ ਸਟੇਟ ਨਾਲ ਰਿਸ਼ਤੇ ਨੂੰ ਵੰਗਾਰ ਕੇ, ਉਸ ਨੂੰ ਢਾਹ ਕੇ, ਆਪਣੇ ਹਿੱਤੀ ਰੱਬ ਦੇ ਰੂਪ ਰਾਹੀਂ, ਆਪਣੇ ਹਿੱਤੀ ਸਟੇਟ ਨਾਲ ਇਸ਼ਕ ਦਾ ਰਿਸ਼ਤਾ ਸਥਾਪਤ ਕਰਕੇ ਹੀ, ਮਜ਼ਬੀ ਰੂਪ ਵਿਚ ਸਿਆਸੀ ਲਹਿਰ ਜਨਮ ਲੈ ਕੇ, ਬਾਲਗ ਹੋ ਕੇ, ਇਨਕਲਾਬ ਲਿਆ ਸਕਦੀ ਸੀ । ਪਰ ਗੁਰੂ ਸਾਹਿਬਾਨ ਨੇ ਇਸ ਸਿਆਸੀ ਰਿਸ਼ਤੇ ਨੂੰ, ਗੁਰਬਾਣੀ ਵਾਲੇ ਰੱਬ ਨਾਲ ਬੰਦੇ ਦੇ ਇਸ਼ਕ ਨੂੰ, ਇਸਤਰੀ ਮਰਦ ਦੇ ਜਿਨਸੀ ਇਸ਼ਕ ਰਾਹੀਂ ਹੀ ਪ੍ਰਗਟ ਕੀਤਾ ਹੈ । "ਅਜੁ ਨ ਸੁਤੀ ਕੰਤ ਸਿਉ ਅੰਗੁ ਮੁੜੇ ਮੁੜਿ ਜਾਇ । ਜਾਇ ਪੁਛਹੁ ਡੋਹਾਗਣੀ ਤੁਮ ਕਿਉਂ ਰੈਣਿ ਵਿਹਾਇ ।"

ਗੁਰਬਾਣੀ ਦਾ ਰੱਬ ਪੂਰਨ ਆਸ਼ਕ ਦੇ ਰੂਪ ਵਿਚ ਪੇਸ਼ ਹੈ । ਬੰਦਾ ਉਸ ਵਲ ਨੂੰ ਇਕ ਕਦਮ ਪੁਟੇ, ਉਹ ਅਗੋਂ ਉਸ ਨੂੰ ਵੀਹ ਕਦਮ ਪੁਟ ਕੇ ਲੈਣ ਆਉਂਦਾ ਹੈ । ਉਹ ਮੂੰਹ ਉਸ ਨੂੰ ਹੀ ਲਾਉਂਦਾ ਹੈ ਜੋ ਇਸ਼ਕ ਵਿਚ ਪੂਰਾ ਉਤਰੇ । ਗੁਰਬਾਣੀ ਵਿਚ ਰੱਬ — ਸਰਬੱਤ ਦੀ ਆਜ਼ਾਦੀ ਦਾ ਸੱਚ — ਪਤੀ ਦੇ ਰੂਪ ਵਿਚ ਪੇਸ਼ ਹੈ ਅਤੇ ਬੰਦਾ ਉਸ ਦੀ ਪਤਨੀ ਦੇ ਰੂਪ ਵਿਚ । ਸੂਫ਼ੀਆਂ ਦੇ ਮੁਹਾਵਰੇ ਵਿਚ ਰੱਬ ਪਤੀ ਨੂੰ ਉਹ ਪਤਨੀ ਹੀ ਪ੍ਰਵਾਨ ਹੈ ਜੋ ਨੰਗ ਨਾਮੂਸ ਨੂੰ ਲਾਹ ਕੇ ('ਛਡ ਨੰਗ ਨਾਮੂਸ ਫਕੀਰ ਹੋਇਆ'), ਨਫ਼ਸ ਤੇ ਹਿਰਸ ਨੂੰ ਮਾਰਕੇ ('ਸ਼ਕਰ ਗੰਜ ਮਸਊਦ ਮੌਦੂਦ ਵਾਂਗੂ, ਉਹ ਨਫਸ ਤੇ ਹਿਰਸ ਨੂੰ ਮਾਰ ਰਿਹਾ') — ਇਸ਼ਕ ਦਾ ਪੂਰਨ ਸਰੂਪ ਹੋ ਚੁਕੀ ਹੋਵੇ । ਅਤੇ ਗੁਰਬਾਣੀ ਦੇ ਮੁਹਾਵਰੇ ਵਿਚ ਹਉਮੈ, ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਨੂੰ ਤਿਆਗ ਕੇ ਨਾਮ ਨੂੰ ਗ੍ਰਹਿਣ ਕਰਕੇ ਉਸ ਦਾ ਸਰੂਪ ਬਣ ਚੁਕੀ ਹੋਵੇ । ਰੱਬ ਪਤੀ ਦੇ ਨਾਲ ਵਸਲ — ਇਸ਼ਕ — ਨਾਮ ਵਿਚ ਪੂਰਿਆਂ ਨੂੰ ਹੀ ਨਸੀਬ ਹੁੰਦਾ ਹੈ । ਗੁਰੂ ਸਾਹਿਬਾਨ ਨੇ ਇਸ਼ਕ ਦਾ ਮੁਹਾਵਰਾ ਨਹੀਂ ਵਰਤਿਆ । ਇਹ ਮੁਹਾਵਰਾ ਸੂਫ਼ੀਆਂ ਦਾ ਸੀ । ਪਰ ਗੁਰੂ ਸਾਹਿਬਾਨ ਅਤੇ ਫਰੀਦ



Digitized by Panjab Digital Library | www.panjabdigilib.org

ਵਰਗੇ ਅਸਲ ਸੂਫੀਆਂ ਦੀ ਗੱਲ ਦੇ ਮੂਲ ਵਿਚ ਕੋਈ ਫ਼ਰਕ ਨਹੀਂ। ਸਾਡਾ ਇਹ ਕਹਿਣਾ ਉਨ੍ਹਾਂ ਲੋਕਾਂ ਨੂੰ ਹੀ ਗ਼ਲਤ ਤੇ ਅਜੀਬ ਲਗੇਗਾ ਜੋ ਗੁਰਬਾਣੀ ਦਾ ਮੁਹਾਵਰਾ ਨਹੀਂ ਸਮਝਦੇ। ਪਰ ਗੁਰਬਾਣੀ ਦਾ ਮੁਹਾਵਰਾ ਸਮਝਿਆਂ, ਜ਼ਰਾ ਗਹੁ ਨਾਲ ਵੇਖਿਆਂ ਸਾਡੇ ਕਹਿਣ ਦੀ ਸੱਚਾਈ ਸਪੱਸ਼ਟ ਹੋ ਜਾਂਦੀ ਹੈ।

ਉਸ ਸਮਾਜ ਵਿਚ ਔਰਤ ਦੋਹਰੀ ਗ਼ੁਲਾਮ ਸੀ। ਪੂਰਨ ਤੌਰ 'ਤੇ ਗ਼ੁਲਾਮ ਸੀ। ਉਸ ਦੀ ਹਾਲਤ ਐਸੀ ਤਰਸਯੋਗ ਸੀ ਕਿ ਜੇ ਉਹ ਆਪਣੇ ਵਿਆਂਦੜ ਨੂੰ ਨਾ ਭਾਵੇ ਜਾਂ ਆਪਣੇ ਖਸਮ ਦੇ ਮਨੋਂ ਲੱਥ ਜਾਵੇ ਤਾਂ ਉਸ ਦੀ ਪੇਕੇ ਵੀ ਢੋਈ ਨਹੀਂ ਸੀ। "ਸਹੁਰੈ ਢੋਈ ਨਾ ਲਹੈ ਪੇਈਐ ਨਾਹੀ ਥਾਉ।" ਮਤਲਬ ਹੈ ਕਿ ਉਸ ਸਮਾਜ ਵਿਚ ਪਤੀ ਅੱਗੇ ਪੂਰਨ ਅਧੀਨਗੀ ਵਿਚ ਹੀ ਔਰਤ ਦੀ ਗਤੀ ਸੀ। ਗੁਰਬਾਣੀ ਆਪਣੇ ਰੱਬ ਅਗੇ ਮਨੁਖ ਦੀ ਉਸ ਤਰ੍ਹਾਂ ਦੀ ਪੂਰਨ ਅਧੀਨਗੀ ਵਿਚ ਹੀ ਉਸ ਦੀ ਗਤੀ ਦਸਦੀ ਹੈ। ਮਨੁਖ ਨੂੰ ਆਪਣੇ ਰੱਬ ਅੱਗੇ ਪੂਰਨ ਤੌਰ 'ਤੇ ਅਧੀਨ ਕਰਵਾਉਂਦੀ ਹੈ। ਚੂੰਕਿ ਉਸ ਸਮਾਜ ਵਿਚ ਔਰਤ ਗ਼ੁਲਾਮ ਸੀ—ਅਤੇ ਆਪਣੇ ਪਤੀ ਅਗੇ ਪੂਰਨ ਅਧੀਨਗੀ ਨਾਲ ਦੋਹਰੀ ਗ਼ੁਲਾਮ ਹੁੰਦੀ ਸੀ ਸੋ ਜੋ ਲੋਕ ਗੁਰਬਾਣੀ ਦੇ ਰੱਬ ਦੀ ਵਸਤੂ ਨਹੀਂ ਸਮਝਦੇ ਉਹ ਲੋਕ ਗੁਰਬਾਣੀ ਦੇ ਮਨੁਖ ਨੂੰ ਰੱਬ ਅਗੇ ਪੂਰਨ ਤੌਰ 'ਤੇ ਅਧੀਨ ਕਰਵਾਉਣ ਨੂੰ ਇਹ ਸਮਝਦੇ ਹਨ ਕਿ ਗੁਰਬਾਣੀ ਮਨੁਖ ਨੂੰ ਗ਼ੁਲਾਮੀ ਸਿਖਾਉਂਦੀ ਹੈ, ਉਸ ਨੂੰ ਗ਼ੁਲਾਮ ਬਣਾਉਂਦੀ ਹੈ ਜਿਸ ਤਰ੍ਹਾਂ ਕਿ ਉਸ ਵੇਲੇ ਇਸਤਰੀ ਗ਼ੁਲਾਮ ਸੀ।

ਸਵਾਲ ਇਹ ਹੈ ਕਿ **ਗੁਰਬਾਣੀ ਕੈਸੇ ਰੱਬ ਦੇ ਅਧੀਨ ਕਰਵਾਉਂਦੀ ਹੈ? ਗੁਰਬਾਣੀ ਦਾ ਰੱਬ ਇਸ਼ਕ ਦਾ, ਸਰਬਤ ਦੀ ਆਜ਼ਾਦੀ ਦਾ ਸਰੂਪ ਹੈ। ਸਦਾ ਰਹਿਣ ਵਾਲਾ ਸੱਚ ਹੈ। ਸੱਚ ਦੇ ਅਧੀਨ ਹੋਣ ਦਾ ਮਤਲਬ ਸੱਚ ਦਾ, ਆਜ਼ਾਦੀ ਦਾ, ਇਸ਼ਕ ਦਾ ਸਰੂਪ ਹੋਣਾ ਹੈ। ਇਸ ਵਿਚ ਹੀ ਮਨੁਖ ਦੀ ਸਫਲਤਾ, ਉਸ ਦੀ ਆਜ਼ਾਦੀ, "ਜਿਨਿ ਮਾਣਸ ਤੇ ਦੇਵਤੇ ਕੀਏ" ਹੈ।** ਜੇ ਮਨੁਖ ਗੁਰਬਾਣੀ ਦੇ ਰੱਬ ਦੇ ਅਧੀਨ ਨਹੀਂ ਹੋਵੇਗਾ ਤਾਂ ਉਸ ਦੀ ਦਸ਼ਾ ਕੀ ਹੋਵੇਗੀ? ਉਹ ਮਾਇਆ ਦੇ ਬੰਧਨ ਵਿਚ ਰਹੇਗਾ। ਗ਼ੁਲਾਮ ਰਹੇਗਾ। ਉਸ ਦੀ ਉਹ ਹੀ ਤਰਸਯੋਗ ਹਾਲਤ ਰਹੇਗੀ ਜੋ ਉਸ ਸਮਾਜ ਵਿਚ ਆਪਣੇ ਖਸਮ ਦੇ ਮਨੋਂ ਲਥੀ, ਛੁਟੜ ਔਰਤ ਦੀ ਸੀ। ਸੋ **ਗੁਰਬਾਣੀ ਮਨੁਖ ਨੂੰ ਰੱਬ ਦੇ ਅਧੀਨ ਕਰਵਾ ਕੇ ਉਸ ਨੂੰ ਆਜ਼ਾਦ ਕਰਾਉਂਦੀ ਹੈ।**

ਡਾਕਟਰ ਗਰੇਵਾਲ ਲਿਖਦੇ ਹਨ: "...ਤਾਂ ਇਹ ਸਿੱਟਾ ਨਿਕਲਦਾ ਹੈ ਕਿ ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਦਾ ਬਰਾਬਰੀ ਦਾ ਸੰਕਲਪ ਮੁਖ ਰੂਪ ਵਿਚ ਧਾਰਮਕ ਸੀ। ਇਸ ਦਾ ਸਮਾਜੀ ਅਤੇ ਸਿਆਸੀ ਵਿਕਾਸ ਅੰਸ਼-ਮਾਤਰ ਹੀ ਹੋਇਆ .।"

ਆਮ ਤੌਰ 'ਤੇ ਜ਼ਿੰਦਗੀ ਦੇ ਸਮਾਜਕ, ਸਿਆਸੀ ਤੇ ਦਿਮਾਗ਼ੀ ਵੇਗਾਂ ਦੀ ਸਿਰਜਣਾ



Digitized by Panjab Digital Library | www.panjabdigilib.org

ਸਮਾਜ ਦੀ ਪਦਾਰਥਕ ਪੈਦਾਵਾਰ ਦਾ ਰੂਪ ਕਰਦਾ ਹੈ। ਇਹ ਮਨੁਖਾਂ ਦੀ ਚੇਤਨਤਾ ਨਹੀਂ, ਜੋ ਉਨ੍ਹਾਂ ਦੀ ਰਹਿਣੀ ਬਹਿਣੀ ਦੀ ਸਿਰਜਣਾ ਕਰਦੀ ਹੈ, ਸਗੋਂ ਇਹ ਉਨ੍ਹਾਂ ਦੀ ਸਮਾਜਕ ਰਹਿਣੀ ਬਹਿਣੀ ਹੈ ਜੋ ਉਨ੍ਹਾਂ ਦੀ ਚੇਤਨਤਾ ਦੀ ਸਿਰਜਣਹਾਰ ਹੈ।[4] ਡਾਕਟਰ ਗਰੇਵਾਲ ਦੇ ਸਾਰੇ ਮਜ਼ਮੂਨ ਤੋਂ ਕਿਤੇ ਇਸ਼ਾਰੇ ਮਾਤਰ ਵੀ ਇਹ ਜ਼ਾਹਿਰ ਨਹੀਂ ਹੁੰਦਾ ਕਿ ਗੁਰਬਾਣੀ ਸਮਾਜ ਦੀ ਕਿਸ ਜਮਾਤ ਦੇ ਹਿੱਤ ਦਾ ਪ੍ਰਗਟਾਅ ਹੈ, ਕਿਸ ਜਮਾਤੀ ਪੈਂਤੜੇ ਦੀ ਸਿਰਜਣਾ ਹੈ, ਇਸ ਦੀ ਆਰਥਕ ਜਮਾਤੀ ਨੀਂਹ ਕੀ ਹੈ। ਉਹ ਤਾਂ ਇਉਂ ਲਿਖੀ ਆਉਂਦੇ ਹਨ ਜਿਵੇਂ ਚੇਤਨਤਾ ਆਪਣੇ ਆਪ ਦੀ ਆਪ ਹੀ ਸਿਰਜਣਹਾਰ ਹੋਵੇ ਅਤੇ ਮਨੁਖ ਦੀ, ਸਮਾਜ ਦੀ ਰਹਿਤ ਬਹਿਤ ਦਾ ਅਤੇ ਹੋਰ ਸਭ ਕਾਸੇ ਦਾ, ਕਾਰਨਾਂ ਦਾ ਕਾਰਨ, ਸਭ ਤੋਂ ਮੁਢਲਾ ਕਾਰਨ ਇਹ ਹੀ ਹੋਵੇ,ਬਾਕੀ ਹੋਰ ਸਭ ਕਾਰਨਾਂ ਦਾ ਸੋਮਾਂ ਹੋਵੇ। ਡਾਕਟਰ ਗਰੇਵਾਲ ਵਾਸਤੇ ਇਤਿਹਾਸ ਨੂੰ, ਸਮਾਜਕ ਵੇਗ ਨੂੰ ਸਮਝਣ ਲਈ ਨੀਂਹ ਤੇ ਉਸਾਰ ਦਾ ਆਪਸ ਵਿਚ ਰਿਸ਼ਤਾ ਸਮਝਣਾ ਜ਼ਰੂਰੀ ਹੈ।

ਡਾ. ਗਰੇਵਾਲ ਲਿਖਦੇ ਹਨ : "ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਨੇ ਪਿਛਲੀ ੧੫ਵੀਂ ਅਤੇ ੧੬ਵੀਂ ਸਦੀ ਦੇ ਆਰਥਕ-ਸਮਾਜਕ ਠੁੱਕ ਦੇ ਖ਼ਿਲਾਫ਼ ਬਹੁਤ ਰੋਸ ਪ੍ਰਗਟ ਕੀਤਾ। ਉਨ੍ਹਾਂ ਨੇ ਸਮਕਾਲੀ ਸਰਕਾਰ ਅਤੇ ਰਾਜ-ਪ੍ਰਬੰਧ ਦੀ ਇੰਨੀ ਕਰੜੀ ਸ਼ਬਦਾਵਲੀ ਵਿਚ ਭੰਡੀ ਕੀਤੀ ਜਿੰਨੀ ਕਿ ਮੱਧਕਾਲੀਨ ਭਾਰਤੀ ਇਤਿਹਾਸ ਦੀ ਕਿਸੇ ਹੋਰ ਤਾਰੀਖ਼ੀ ਸ਼ਖ਼ਸੀਅਤ ਨੇ ਨਹੀਂ ਕੀਤੀ...ਤਾਂ ਵੀ ਗੁਰੂ ਨਾਨਕ ਸ਼ਕਤੀ ਦੇ ਪ੍ਰਬੰਧ ਦੀ ਭੰਡੀ ਨਹੀਂ ਕਰਦੇ ਸਗੋਂ ਉਸ ਪ੍ਰਬੰਧ ਦੀਆਂ ਪਦਵੀਆਂ ਦੇ ਸੁਆਮੀਆਂ ਦੇ ਕਈ ਕੰਮਾਂ ਦੀ ਨਿੰਦਿਆ ਕਰਦੇ ਹਨ।"

ਡਾ. ਗਰੇਵਾਲ ਨੇ ਆਪਣੇ ਸਾਰੇ ਮਜ਼ਮੂਨ ਵਿਚ ਸਾਬਤ ਇਹ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਗੁਰਬਾਣੀ ਤੇ ਸਿੱਖ-ਲਹਿਰ ਦਾ ਉਸ ਵੇਲੇ ਦੇ ਸਮਾਜ ਦਾ ਆਰਥਕ ਸਿਆਸੀ ਢਾਂਚਾ ਬਦਲਣ ਦਾ ਬਿਲਕੁਲ ਕੋਈ ਮਨੋਰਥ ਨਹੀਂ ਸੀ, ਸਗੋਂ ਐਸੀ ਤਬਦੀਲੀ ਦੀ ਕਲਪਨਾ ਕਰਨਾ ਵੀ ਮੁਮਕਿਨ ਨਹੀਂ ਸੀ। ਕਲਪਨਾ ਬਾਰੇ ਅਸੀਂ ਲੈਨਿਨ ਤੇ ਏਂਗਲਜ਼ ਦੀਆਂ ਟੂਕਾਂ ਦੇ ਕੇ ਉਪਰ ਦਸ ਆਏ ਹਾਂ। ਅਸੀਂ ਹੁਣ ਵੇਖਣਾ ਇਹ ਹੈ ਕਿ ਜਿਸ ਖੇਤਰ ਵਿਚ ਡਾਕਟਰ ਗਰੇਵਾਲ ਗੁਰਬਾਣੀ ਤੇ ਸਿੱਖ-ਲਹਿਰ ਵਲੋਂ ਤਬਦੀਲੀ ਦੀ ਕਲਪਨਾ ਕਰਨਾ ਵੀ ਸੰਭਵ ਨਹੀਂ ਸਮਝਦੇ, ਉਨ੍ਹਾਂ ਦੀ ਇਸ ਖੇਤਰ ਵਿਚ ਪਰਾਪਤੀ ਕੀ ਸੀ। ਗੁਰਬਾਣੀ ਤੇ ਸਿੱਖ-ਲਹਿਰ ਦੇ ਅਸਲੇ ਨੂੰ ਸਮਝਣ ਤੇ ਨਜਿੱਠਣ ਵਾਸਤੇ, ਇਤਿਹਾਸ ਨੂੰ ਸਮਝਣ ਵਾਸਤੇ ਸਮਾਜ ਦੀ **ਨੀਂਹ** ਤੇ **ਉਸਾਰ** ਦੇ ਆਪਸੀ ਰਿਸ਼ਤੇ ਨੂੰ ਸਮਝਣ ਤੋਂ ਬਗ਼ੈਰ ਕੋਈ ਸਹੀ ਕਦਮ ਨਹੀਂ ਪੁਟਿਆ ਜਾ ਸਕਦਾ। ਇਸ ਮਸਲੇ ਬਾਬਤ ਸਾਇੰਟਿਫਿਕ ਤਰੀਕਾ ਪਹਿਲਾਂ ਗੁਰਬਾਣੀ ਤੇ ਸਿੱਖ-ਲਹਿਰ ਦੀ ਜਮਾਤੀ ਨੀਂਹ, ਜਮਾਤੀ ਪੈਂਤੜਾ ਲਭਣਾ ਹੈ। **ਸਿੱਖ-ਲਹਿਰ ਫ਼ੀਊਡਲ**



Digitized by Panjab Digital Library | www.panjabdigilib.org

**ਨਿਜ਼ਾਮ ਦੇ ਵਿਰੁਧ ਕਿਸਾਨਾਂ, ਕੰਮੀਆਂ, ਕਾਰੀਗਰਾਂ ਤੇ ਕਾਮਿਆਂ ਦੀ, ਆਪਣੀ ਆਜ਼ਾਦੀ ਵਾਸਤੇ ਲੋਕ-ਹਿਤ ਦੇ, ਸਰਬਤ ਦੀ ਆਜ਼ਾਦੀ ਦੇ ਪੈਂਤੜੇ ਤੋਂ ਇਨਕਲਾਬੀ ਲਹਿਰ ਸੀ। ਗੁਰੂ ਗਰੰਥ ਸਾਹਿਬ ਵਿਚ ਜੋ ਜੋ ਰਚਨਾ ਵੀ ਦਰਜ ਹੈ, ਮੁਢੋਂ ਲੈ ਕੇ ਅਖ਼ੀਰ ਤਕ ਉਹ ਸਰਬਤ ਦੀ ਆਜ਼ਾਦੀ ਦਾ ਇਨਕਲਾਬੀ ਸੱਚ ਪ੍ਰਗਟ ਕਰਦੀ ਹੈ।** ਇਹ ਤਾਂ ਸਭ ਨੂੰ ਸਪੱਸ਼ਟ ਹੈ ਕਿ ਇਨਕਲਾਬੀ ਲਹਿਰ ਤੋਂ ਬਗ਼ੈਰ, ਇਨਕਲਾਬੀ ਪੈਂਤੜੇ ਦੇ ਜਾਗਣ ਤੋਂ ਬਗ਼ੈਰ ਇਨਕਲਾਬੀ ਚੇਤਨਤਾ ਪੈਦਾ ਨਹੀਂ ਹੋ ਸਕਦੀ। ਸੋ ਗੁਰੂ ਗਰੰਥ ਵਿਚ ਦਰਜ ਸਭ ਰਚਨਾਵਾਂ ਮਿਹਨਤਕਸ਼ ਤਬਕੇ ਦੀ ਫ਼ੀਊਡਲ ਦੇ ਵਿਰੁਧ ਇਨਕਲਾਬੀ ਲਹਿਰ ਦੀ ਪੈਦਾਵਾਰ ਹਨ। ਗੁਰੂ ਸਾਹਿਬਾਨ ਇਸ ਇਨਕਲਾਬੀ ਲਹਿਰ ਦੇ ਲੀਡਰ ਸਨ। ਗੁਰਬਾਣੀ ਉਸ ਇਨਕਲਾਬੀ ਲਹਿਰ ਦੀ ਲੀਡਰਸ਼ਿਪ, ਗੁਰੂ ਸਾਹਿਬਾਨ ਦੀ ਰਚਨਾ ਹੈ। ਉਸ ਲਹਿਰ ਦੀ ਵਿਚਾਰਧਾਰਾ ਹੈ। ਉਸ ਦਾ ਸੱਚ ਪ੍ਰਗਟ ਕਰਦੀ ਹੈ।

ਉਸ ਲਹਿਰ ਦੀ ਪਰਾਪਤੀ ਕੀ ਸੀ ? ਗੁਰਬਾਣੀ ਦੇ ਮੁਹਾਵਰੇ ਵਿਚ, ਕਲਜੁਗ ਵਿਚ ਸਤਿਗੁਰੂ ਪ੍ਰਗਟਿਆ। ਉਸ ਨੇ "ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ" ਕੀਤਾ। ਸਤਿਗੁਰੂ ਨੇ ਆਪਣੇ ਸ਼ਬਦ ਵਿਚ ਨਾਮ ਅੰਕਤ ਕੀਤਾ। ਗੁਰਬਾਣੀ ਰਚੀ। ਹਿੰਦੂ ਜਾਂ ਇਸਲਾਮੀ ਦਾਇਰੇ ਵਿਚ ਜਿਸ ਜਿਸ ਰਚਨਾ ਵਿਚ ਸਰਬਤ ਦੀ ਆਜ਼ਾਦੀ ਦਾ ਸੱਚ ਅੰਕਤ ਸੀ ਉਸ ਨੂੰ ਆਪਣੀ ਬਾਣੀ ਦੇ ਨਾਲ ਮਿਲਾਇਆ ? ਗੁਰੂ ਗਰੰਥ ਸਾਹਿਬ ਵਿਚ ਦਰਜ ਕੀਤਾ। ਮਨੁਖ ਨੂੰ ਮਨਮੁਖ ਤੋਂ ਗੁਰਮੁਖ ਬਣਾਇਆ। ਲਹਿਰ ਨੂੰ ਉਸ ਦੀ ਵਿਚਾਰਧਾਰਾ ਦੇ ਆਧਾਰ 'ਤੇ ਸੰਸਥਾਈ ਰੂਪ ਦਿਤਾ। ਹਾਲਾਤ ਦੇ ਪ੍ਰਸੰਗ ਵਿਚ ਪੜਾਉ ਪੜਾਈ ਉਸ ਨੂੰ ਉਸਾਰਿਆ।

ਸਾਡੇ ਵਾਸਤੇ ਅੱਜ ਜ਼ਰੂਰੀ ਹੈ ਕਿ ਉਸ ਲਹਿਰ ਦੀ ਪਰਾਪਤੀ ਦੀ ਗੱਲ ਅੱਜ ਦੇ ਮੁਹਾਵਰੇ ਵਿਚ ਕਰੀਏ। ਇਹ ਅਸੀਂ ਅਗੇ ਦਸ ਚੁਕੇ ਹਾਂ ਕਿ ਫੀਊਡਲ ਦੇ ਵਿਰੁਧ ਸਰਮਾਇਦਾਰੀ ਨਿਜ਼ਾਮ ਨੂੰ ਉਸਾਰਨ ਵਾਸਤੇ ਹੱਥ ਸਮਾਜ ਦੀ ਨੀਂਹ ਵਲੋਂ ਪੈਂਦਾ ਹੈ। ਫ਼ੀਊਡਲ ਸਮਾਜ ਦੇ ਪੈਦਾਵਾਰ ਦੇ ਰੂਪ ਦੀ ਕੁੱਖ ਵਿਚ ਪੈਦਾਵਾਰ ਦਾ ਬੁਰਜਵਾ ਰੂਪ ਜਨਮ ਲੈਂਦਾ ਹੈ ਅਤੇ ਫ਼ੀਊਡਲ ਪੈਦਾਵਾਰ ਦੇ ਰੂਪ ਨੂੰ ਖੋਰ ਕੇ, ਬਾਲਗ ਹੋ ਕੇ ਸਮਾਜ ਦੇ ਉਸਾਰ ਉਤੇ ਵੀ ਆਣ ਕਬਜ਼ਾ ਕਰਦਾ ਹੈ। ਪਰ ਕਾਬਜ਼ ਸਮਾਜ ਭਾਵੇਂ ਫ਼ੀਊਡਲ ਹੋਵੇ, ਭਾਵੇਂ ਸਰਮਾਇਦਾਰੀ ਅਤੇ ਭਾਵੇਂ ਸਾਮਰਾਜ ਦੇ ਅਧੀਨ ਬਸਤੀ, **ਜਮਾਤ-ਰਹਿਤ ਸਮਾਜ ਨੂੰ ਉਸਾਰਨ ਵਾਸਤੇ ਹੱਥ ਉਸਾਰ ਵਾਲੇ ਪਾਸਿਉਂ ਹੀ ਪੈਂਦਾ ਹੈ, ਨੀਂਹ ਵਾਲੇ ਪਾਸਿਉਂ ਪੈ ਹੀ ਨਹੀਂ ਸਕਦਾ।** ਉਸਾਰ ਦੇ ਬੁਨਿਆਦੀ ਤੌਰ 'ਤੇ ਦੋ ਹੀ ਅੰਗ ਹੁੰਦੇ ਹਨ : ਸਟੇਟ ਤੇ ਕਲਚਰ ਤੇ ਕਲਚਰ ਦਾ ਮਨੁਖੀ ਰੂਪ, ਮਨੁਖ ਦੀ ਬਣਤਰ, ਕਲਚਰ ਦਾ ਉਸਾਰਿਆ ਮਨੁਖ ਦਾ ਆਚਰਨ। **ਸਿੱਖ ਲਹਿਰ ਦੀ ਇਹ ਵਡਿਆਈ ਤੇ**



Digitized by Panjab Digital Library | www.panjabdigilib.org

**ਪਰਾਪਤੀ ਹੈ ਕਿ ਉਸ ਨੇ ਆਪਣੇ ਹਿੱਤੀ ਉਸਾਰ ਨੂੰ ਕਾਮਯਾਬੀ ਨਾਲ ਉਸਾਰਿਆ। ਆਪਣੇ ਹਿੱਤੀ ਇਨਕਲਾਬੀ ਕਲਚਰ, ਦਿਲ ਦਿਮਾਗ ਦੀ ਕਲਚਰ ਪੈਦਾ ਕੀਤੀ। ਗੁਰਬਾਣੀ ਰਚੀ। ਉਸ ਕਲਚਰ ਨੂੰ ਅਮਲੀ ਜਾਮਾ ਪਹਿਨਾ ਕੇ, ਸਮਾਜਕ ਮਨੁੱਖੀ ਅਮਲ ਰਾਹੀਂ ਮਨੁਖ ਨੂੰ ਉਸ ਕਲਚਰ ਦਾ ਸਰੂਪ ਬਣਾਇਆ, ਉਸ ਨੂੰ ਨਾਮ ਗ੍ਰਹਿਣ ਕਰਵਾਇਆ (ਨਵੀਂ ਚੇਤਨਤਾ ਦਿਤੀ), ਉਸ ਦੇ ਨਜ਼ਰੀਏ ਤੇ ਆਚਰਨ ਨੂੰ ਇਨਕਲਾਬੀ ਸੱਚੇ ਵਿਚ ਢਾਲਿਆ। ਹਾਕਮ ਜਮਾਤਾਂ ਅਗੇ ਵਿਛੇ ਹੋਏ ਨੂੰ ਇਨਕਲਾਬੀ ਬਣਾਇਆ। ਹੱਥ ਵਿਚ ਖੰਡਾ ਫੜਾਇਆ। ਮੈਦਾਨੇ-ਜੰਗ ਵਿਚ ਲਿਆਂਦਾ। ਲਹਿਰ ਨੇ ਆਪਣੀ ਲੀਡਰਸ਼ਿਪ ਉਸਾਰੀ। ਉਸ ਨੂੰ ਆਪਣੇ ਹਿੱਤੀ ਸਟੇਟ ਦਾ ਰੂਪ ਦਿੱਤਾ। ਕਾਬਜ਼ ਨਿਜ਼ਾਮ ਦੇ ਝੂਠੇ ਪਾਤਸ਼ਾਹ ਦੇ ਵਿਰੁਧ ਸੱਚੇ ਪਾਤਸ਼ਾਹ ਦੀ ਸੰਸਥਾ ਕਾਇਮ ਕੀਤੀ।** ਸਟੇਟ ਦੇ ਜੁੱਸੇ ਦੀ ਬਣਤਰ ਵਿਚ ਸੱਚੇ ਪਾਤਸ਼ਾਹ ਦੀ ਸੰਸਥਾ ਤੋਂ ਅੱਗੇ ਕਦਮ ਉਠਾਇਆ। ਸੰਤਾਂ, ਭਗਤਾਂ ਤੇ ਗੁਰਮੁਖਾਂ ਦੀ ਸੰਗਤ ਨੂੰ ਇੱਕੀ ਹਿੱਸੇ ਅਤੇ ਗੁਰੂ ਨੂੰ ਵੀਹ ਹਿੱਸੇ ਕਰਾਰ ਦਿਤਾ। ਅੰਤ ਦੇਹਧਾਰੀ ਸੱਚੇ ਪਾਤਸ਼ਾਹ ਦੀ ਸੰਸਥਾ ਨੂੰ ਵੀ ਖ਼ਤਮ ਕੀਤਾ। ਵਿਚਾਰਧਾਰਕ, ਗੁਰ ਗੱਦੀ ਗੁਰੂ ਗਰੰਥ ਸਾਹਿਬ ਨੂੰ ਸੌਂਪੀ। ਸਟੇਟ ਭਗਤਾਂ, ਸੰਤਾਂ, ਗੁਰਮੁਖਾਂ ਦੀ ਸੰਗਤ ਦੇ ਹਵਾਲੇ ਕੀਤੀ। ਸਟੇਟ ਦੇ ਜੁੱਸੇ ਵਿਚ ਇਹ ਤਬਦੀਲੀ ਉਸ ਵੇਲੇ ਕੀਤੀ ਜਦੋਂ ਅਜੇ ਕਾਬਜ਼ ਨਿਜ਼ਾਮ ਦੀ ਸਟੇਟ ਬਰਕਰਾਰ ਸੀ। ਅਜੇ ਉਸ ਨੂੰ ਢਾਹੁਣ ਦਾ ਕੰਮ ਬਾਕੀ ਸੀ। ਕਾਬਜ਼ ਸਟੇਟ ਦੇ ਅੰਦਰ ਆਪਣੀ ਸਟੇਟ ਦਾ ਤੋਰਾ ਟਿੱਕਾ ਤੋਰਿਆ। ਉਸਾਰ ਦੇ ਦੋਹਾਂ ਅੰਗਾਂ—ਸਟੇਟ ਤੇ ਕਲਚਰ—ਤੇ ਕਲਚਰ ਦੇ ਸਿਰਜੇ ਮਨੁਖੀ ਆਚਰਨ ਵਿਚ ਪੂਰਨ ਕਾਮਯਾਬੀ ਹਾਸਿਲ ਕੀਤੀ। ਕਾਬਜ਼ ਸਟੇਟ ਦਾ ਮੈਦਾਨੇ-ਜੰਗ ਵਿਚ ਮੁਕਾਬਲਾ ਕਰਕੇ ਉਸ ਨੂੰ ਢਾਹ ਮਾਰਿਆ। ਜਾਪਦਾ ਹੈ ਡਾਕਟਰ ਗਰੇਵਾਲ ਦੀ ਇਤਿਹਾਸਕਾਰੀ ਨੂੰ ਲਹਿਰ ਦੀ ਇਸ ਪਰਾਪਤੀ ਦੀ ਕੋਈ ਸਾਰ ਨਹੀਂ ਹੈ। ਉਨ੍ਹਾਂ ਦੇ ਮੁਤਾਬਿਕ ਇਸ ਲਹਿਰ ਨੇ ਸਿਆਸੀ ਖੇਤਰ ਵਿਚ ਕੋਈ ਖੋਹਣ ਨਹੀਂ ਖੋਹਿਆ।

**ਇਕ ਜ਼ਰੂਰੀ ਸੁਆਲ ਦਾ ਜੁਆਬ**—ਪਰ ਸਾਡੇ ਸਿਰ ਇਕ ਸਵਾਲ ਦਾ ਜਵਾਬ ਦੇਣਾ ਅਜੇ ਬਾਕੀ ਹੈ। ਲਹਿਰ ਨੇ ਆਪਣਾ ਉਸਾਰ ਉਸਾਰਿਆ, ਕਾਬਜ਼ ਸਟੇਟ ਢਾਹੀ ਪਰ ਆਪਣੇ ਨਿਸ਼ਾਨੇ 'ਤੇ ਪਹੁੰਚਣ ਵਿਚ ਕਾਮਯਾਬ ਕਿਉਂ ਨਾ ਹੋਈ? ਕਿਉਂ ਸਾਰੇ ਸਮਾਜ ਵਿਚ ਸੰਤਾਂ ਭਗਤਾਂ ਤੇ ਗੁਰਮੁਖਾਂ ਦਾ ਵਾਸਾ ਨਾ ਕਰਵਾ ਸਕੀ? ਕਿਉਂ ਜਮਾਤ-ਰਹਿਤ ਸਮਾਜ ਸਥਾਪਤ ਨਾ ਕਰ ਸਕੀ? ਉਸ ਨੇ ਕਾਬਜ਼ ਸਟੇਟ ਢਾਹੀ। ਇਸ ਤੱਥ ਤੋਂ ਜ਼ਾਹਿਰ ਹੈ ਕਿ ਉਸ ਨੂੰ ਉਸ ਦੇ ਕਿਸੇ ਮਨੁਖੀ ਦੁਸ਼ਮਣ ਨੇ ਨਹੀਂ ਹਰਾਇਆ। ਉਹ ਆਪਣੇ ਨਿਸ਼ਾਨੇ 'ਤੇ ਪਹੁੰਚਣੋਂ ਅਸਮਰਥ ਰਹੀ। ਉਹ ਹਾਰੀ। ਪਰ ਉਸ ਨੂੰ



Digitized by Panjab Digital Library | www.panjabdigilib.org

ਹਰਾਇਆ ਇਤਿਹਾਸ ਨੇ। ਉਸ ਨੂੰ ਹਰਾਇਆ ਸਮਾਜ ਦੀ ਇਤਿਹਾਸਕ ਉਸਾਰੀ ਦੇ ਉਸਾਰੇ ਪਦਾਰਥਕ ਹਾਲਾਤ ਨੇ। ਉਸ ਨੂੰ ਹਰਾਇਆ ਪੈਦਾਵਾਰ ਦੀਆਂ ਸ਼ਕਤੀਆਂ ਦੀ ਨਾ ਹੋਈ ਲੋੜੀਂਦੀ ਉਸਾਰੀ ਨੇ।

ਉਸਾਰ ਸਰਬਤ ਦੀ ਆਜ਼ਾਦੀ ਦੇ ਪੈਂਤੜੇ 'ਤੇ ਆ ਚੁਕਾ ਸੀ ਅਤੇ ਕਾਬਜ਼ ਸਟੇਟ ਨਾਲ ਮੈਦਾਨੇ-ਜੰਗ ਵਿਚ ਲੋਹਾ ਲੈ ਕੇ ਆਪਣੀ ਪਕਿਆਈ ਸਾਬਤ ਕਰ ਚੁਕਾ ਸੀ। ਪਰ ਚੂੰਕਿ ਉਹ ਜ਼ਮਾਨੇ ਵਿਚ ਉਸਾਰ ਵਾਸਤੇ ਇਹ ਮੁਮਕਿਨ ਨਹੀਂ ਸੀ ਕਿ ਉਹ ਅਜ ਦੀ ਸਾਇੰਸ ਨੂੰ ਜਨਮ ਦੇ ਕੇ, ਉਸ ਨੂੰ ਬਾਲਗ ਕਰਕੇ, ਪੈਦਾਵਾਰ ਦੀਆਂ ਸ਼ਕਤੀਆਂ ਦੀ ਉਸਾਰੀ ਅੱਜ ਦੀ ਪੱਧਰ ਤਕ ਲਿਆ ਸਕਦਾ ਇਸ ਲਈ ਦੋ ਹੀ ਪੁਜ਼ੀਸ਼ਨਾਂ ਮੁਮਕਿਨ ਸਨ : ਜਾਂ ਤਾਂ ਉਹ ਉਸਾਰ ਸਮਾਜ ਦੀ ਆਰਥਕ ਨੀਂਹ ਨੂੰ ਆਪਣੇ ਅਨੁਸਾਰੀ ਬਣਾ ਲੈਂਦਾ, ਅਤੇ ਜੇ ਇਹ ਮੁਮਕਿਨ ਨਹੀਂ ਸੀ ਹੋ ਸਕਦਾ ਤਾਂ ਨੀਂਹ ਨੇ ਉਸਾਰ ਨੂੰ ਖਿਚ ਕੇ ਆਪਣੇ ਅਨੁਸਾਰੀ ਤੋਰ ਹੀ ਲੈਣਾ ਸੀ । ਸਰਬਤ ਦੀ ਆਜ਼ਾਦੀ ਵਾਲੇ ਉਸਾਰ ਵਾਸਤੇ ਸਮਾਜ ਦੀ ਉਸ ਵੇਲੇ ਦੀ ਨੀਂਹ ਨੂੰ ਉਸਾਰ ਕੇ ਆਪਣੇ ਮੇਚ ਦਾ ਕਰ ਲੈਣਾ ਅਸੰਭਵ ਸੀ। ਸੋ ਲਾਜ਼ਮੀ ਸੀ ਕਿ ਸਮਾਜ ਦੀ ਉਹ ਨੀਂਹ ਸਰਬਤ ਦੀ ਆਜ਼ਾਦੀ ਦੇ ਪੈਂਤੜੇ 'ਤੇ ਪਹੁੰਚੇ ਹੋਏ ਉਸਾਰ ਨੂੰ ਖਿਚ ਕੇ ਆਪਣੇ ਸੂਤ ਕਰ ਲੈਂਦੀ। ਸੋ ਇਹ ਹੀ ਹੋਇਆ।

**ਜਦੋਂ ਸਟੇਟ ਦੀ ਤਾਕਤ ਹਥ ਆਉਣ ਦਾ ਸਮਾਂ ਆਇਆ. ਲਹਿਰ ਦਾ ਜੁੱਸਾ ਜਮਾਤੀ ਤੌਰ 'ਤੇ ਅੰਦਰੋਂ ਵਿਗੜਿਆ। ਗੁਰੀਲਾ ਲੀਡਰ ਸਰਦਾਰ ਬਣ ਬਠਾ। ਮਨੁਖ ਦੀ ਬਣਤਰ ਬਦਲੀ। ਗੁਰਮੁਖ ਤੋਂ ਮੁੜ ਉਹ ਮਨਮੁਖ ਹੋ ਗਿਆ। ਮਾਇਆ ਦੇ ਬੰਧਨ ਵਿਚ ਪੈ ਗਿਆ। ਉਸ ਨੇ ਗੁਰਬਾਣੀ ਦੇ ਅਰਥ, ਕਲਚਰ ਵਿਗਾੜ ਕੇ ਆਪਣੇ ਅਨੁਸਾਰੀ ਕਰ ਲਏ। ਗੁਰਬਾਣੀ ਵਿਚ ਆਪਣੇ ਹਿੱਤ ਦੇ ਅਰਥ ਪਾ ਲਏ।** ਜਦੋਂ ਸਟੇਟ ਦੀ ਤਾਕਤ ਹੱਥ ਆਈ ਤਾਂ ਉਸ ਦਾ ਫੀਉਡਲ ਬਣ ਜਾਣਾ ਲਾਜ਼ਮੀ ਸੀ। ਮਿਸਲਾਂ ਦੀ ਅਤੇ ਰਣਜੀਤ ਸਿੰਘ ਦੀ ਸਟੇਟ ਫੀਉਡਲ ਸੀ।

ਸਿੱਖ ਲਹਿਰ ਦੀ ਤੇ ਉਸ ਦੀ ਲੀਡਰਸ਼ਿਪ ਦੀ ਵਡਿਆਈ ਹੈ ਕਿ ਜਿੰਨਾਂ ਚਿਰ ਸਮਾਜ ਦੇ ਪਦਾਰਥਕ ਹਾਲਾਤ ਦੇ ਰੋਲ ਦੀ, ਨੀਂਹ ਦੇ ਉਸਾਰ ਨੂੰ ਭੰਨ ਕੇ, ਅੰਦਰੋਂ ਉਸ ਦਾ ਜੁੱਸਾ ਵਿਗਾੜ ਕੇ, ਉਸ ਨੂੰ ਹੇਠਾਂ ਨੂੰ ਖਿਚ ਕੇ ਆਪਣੇ ਅਕਸ ਵਿਚ ਢਾਲਣ ਦੀ ਸਟੇਜ ਨਹੀਂ ਆਈ, ਜਿੰਨਾਂ ਚਿਰ ਇਤਿਹਾਸਕ ਤੌਰ 'ਤੇ ਉਸਰੇ ਪਦਾਰਥਕ ਹਾਲਾਤ ਨੇ ਉਸਾਰ ਤੇ ਲਹਿਰ ਦੀ ਲੀਡਰਸ਼ਿਪ ਦੇ ਵੱਸ ਤੋਂ ਗੱਲ ਇਤਿਹਾਸਕ ਤੌਰ 'ਤੇ ਬਾਹਰੀ ਨਹੀਂ ਕਰ ਦਿਤੀ, ਜਿੰਨਾਂ ਚਿਰ ਉਸਾਰ ਨੂੰ ਗੁਲਾਮੀ ਦੇ ਪੈਂਤੜੇ ਤੋਂ ਸਰਬਤ ਦੀ ਆਜ਼ਾਦੀ ਦੇ ਪੈਂਤੜੇ 'ਤੇ ਲਿਆਉਣ ਦੀ ਸਟੇਜ ਰਹੀ, ਲਹਿਰ ਨੇ ਨਾ ਕਿਤੇ ਟਪਲਾ ਖਾਧਾ, ਨਾ ਕਿਤੇ ਉਹ ਡੋਲੀ ਅਤੇ ਨਾ ਹੀ ਕਿਤੇ ਉਹ ਆਪਣੇ ਨਿਸ਼ਾਨਿਉਂ ਉਖੜੀ।



Digitized by Panjab Digital Library | www.panjabdigilib.org

ਆਮ ਤੌਰ 'ਤੇ ਇਸ ਗਲ ਵਲ ਧਿਆਨ ਨਹੀਂ ਦਿਤਾ ਜਾਂਦਾ ਕਿ ਤਕਰੀਬਨ ਲਹਿਰ ਦੇ ਜਨਮ ਤੋਂ ਹੀ ਉਸ ਨੂੰ ਕਰੜੀ ਵਿਚਾਰਧਾਰਕ ਜਮਾਤੀ ਜਦੋ-ਜਹਿਦ ਕਰਨੀ ਪੈਂਦੀ ਆਈ ਸੀ। ਸਥਾਪਤ ਮਜ਼ਬਾਂ ਤੇ ਉਨ੍ਹਾਂ ਦੇ ਹਿੱਤੀ ਵਿਚਾਰਧਾਰਕ ਸੰਸਥਾਵਾਂ ਵਿਰੁਧ ਤਾਂ ਵਿਚਾਰਧਾਰਕ ਜਮਾਤੀ ਜਦੋ-ਜਹਿਦ ਕਰਨੀ ਕੁਦਰਤੀ ਸੀ। ਗੁਰੂ ਨਾਨਕ ਨੂੰ ਕੁਰਾਹੀਆ ਕਰਾਰ ਦਿਤਾ ਗਿਆ। ਸਥਾਪਤ ਮਜ਼ਬਾਂ ਜਾਂ ਬਾਹਰਲਿਆਂ ਵਲੋਂ ਹੀ ਨਹੀਂ, ਲਹਿਰ ਦੇ ਅੰਦਰੋਂ, ਗੁਰੂ ਘਰ ਦੇ ਵਿਚੋਂ ਵੀ, ਗੁਰੂ ਨਾਨਕ ਦੇ ਪੁੱਤਾਂ ਤੋਂ ਲਗ ਕੇ ਹਰ ਸਟੇਜ 'ਤੇ ਵਿਚਾਰਧਾਰਕ ਜਮਾਤੀ ਜਦੋ-ਜਹਿਦ ਚਲਦੀ ਆਈ। ਲਹਿਰ ਵਿਚ ਵਿਗਾੜ ਪਾਉਣ ਵਾਲੇ ਗੁਰੂ ਘਰ ਦੇ ਅੰਦਰੋਂ ਵੀ ਲਗਾਤਾਰ ਪੈਦਾ ਹੁੰਦੇ ਆਏ। ਪਰ ਇਸ ਲਹਿਰ ਦੀ ਵਡਿਆਈ ਹੈ ਕਿ ਇਹ ਵਿਚਾਰਧਾਰਕ ਤੇ ਅਮਲੀ ਨੀਤੀ ਵਿਚ ਵਿਗਾੜ ਪਾਉਣ ਵਾਲਿਆਂ ਦਾ ਮੂੰਹ ਭੰਨਦੀ, ਉਨ੍ਹਾਂ ਨੂੰ ਪਛਾੜਦੀ, ਆਪਣੇ ਸਿੱਧੇ ਰਸਤੇ ਚਲਦੀ ਆਈ। ਗੁਰ ਗੱਦੀ 'ਤੇ ਉਹ ਹੀ ਬੈਠਦੇ ਆਏ "ਜਿਨ੍ਹਾਂ ਪਛਾਤਾ ਸਚੁ ਚੁਮਾ ਪੈਰ ਮੂੰ", ਜੋ ਸਰਬਤ ਦੀ ਆਜ਼ਾਦੀ ਦੇ ਸਰੂਪ ਸਨ। ਜਿੰਨਾਂ ਚਿਰ ਗੁਰੀਲਾ ਜੰਗ ਲੜੀਂਦੀ ਰਹੀ, ਲਹਿਰ ਕੁਰਾਹੇ ਨਹੀਂ ਪਈ। ਜਦੋਂ ਸਮਾਜ ਦੀ ਨੀਂਹ ਨੇ ਦਖ਼ਲ-ਅੰਦਾਜ਼ੀ ਕੀਤੀ, ਲਹਿਰ ਦਾ ਮਜੀਠੀ ਰੰਗ ਉਦੋਂ ਹੀ ਬਦਲਿਆ। [ਅਜ ਪੈਦਾਵਾਰ ਦੀਆਂ ਸ਼ਕਤੀਆਂ ਦੀ ਉਸਾਰੀ ਵਲੋਂ ਕੋਈ ਕਸਰ ਨਹੀਂ। ਪਛੜਿਆ ਹੋਇਆ ਹੈ ਤਾਂ ਉਸਾਰ ਪਛੜਿਆ ਹੋਇਆ ਹੈ। ਜੇ ਕੋਈ ਕਮਿਊਨਿਸਟ ਪਾਰਟੀ ਤੇ ਉਸ ਦੀ ਲੀਡਰਸ਼ਿਪ ਇਨਕਲਾਬ ਤੋਂ ਪਹਿਲਾਂ ਤੇ ਉਸਤੋਂ ਪਿਛੋਂ ਉਸਾਰ ਨੂੰ ਸਰਬਤ ਦੀ ਆਜ਼ਾਦੀ ਦੇ ਪੈਂਤੜੇ 'ਤੇ ਲਿਆਉਣ ਵਿਚ ਉਨੀ ਹੀ ਕਾਮਯਾਬ ਰਹੇ ਜਿੰਨੀ ਕਿ ਗੁਰੂ ਸਾਹਿਬਾਨ ਤੇ ਉਨ੍ਹਾਂ ਦੀ ਅਗਵਾਈ ਹੇਠ ਸਿਖ-ਲਹਿਰ ਰਹੀ ਹੈ, ਤਾਂ ਕੋਈ ਵਜ੍ਹਾ ਨਹੀਂ ਕਿ ਸਮਾਂ ਪਾਕੇ ਜਮਾਤ-ਰਹਿਤ ਸਮਾਜ ਸਥਾਪਤ ਨਾ ਹੋਵੇ]

ਲਹਿਰ ਦੇ ਮਨੁੱਖੀ ਅੰਗ, ਮਨੁਖੀ ਅਨਸਰ ਵਿਚ ਕੋਈ ਕਸਰ, ਕੋਈ ਊਣ ਨਹੀਂ ਸੀ। ਸਭ ਊਣ, ਸਭ ਕਸਰ ਸੀ ਸਮਾਜ ਦੇ ਪਦਾਰਥਕ ਹਾਲਾਤ ਵਿਚ। ਫ਼ਰਜ਼ ਕਰੋ ਉਸ ਵਕਤ ਸਾਇੰਸ ਤੇ ਪੈਦਾਵਾਰ ਦੀਆਂ ਸ਼ਕਤੀਆਂ ਦੀ ਉਹ ਉਸਾਰੀ ਹੋਈ ਹੁੰਦੀ ਜੋ ਅਜ ਹੈ, ਕੀ ਵਜ੍ਹਾ ਸੀ ਕਿ ਲਹਿਰ ਇਨਕਲਾਬ ਲਿਆ ਕੇ, ਲਗਾਤਾਰ ਵਿਚਾਰਧਾਰਕ, ਆਰਥਕ, ਸਿਆਸੀ, ਜਮਾਤੀ ਜਦੋ-ਜਹਿਦ ਕਰਦੀ ਕਰਦੀ ਜਮਾਤ-ਰਹਿਤ ਸਮਾਜ ਸਥਾਪਤ ਨਾ ਕਰ ਸਕਦੀ ? ਪਰ ਜੇ ਸਾਇੰਸ ਤੇ ਪੈਦਾਵਾਰ ਦੀਆਂ ਸ਼ਕਤੀਆਂ ਦੀ ਅਜ ਵਾਲੀ ਉਸਾਰੀ ਹੋਈ ਹੁੰਦੀ ਤਾਂ ਉਸ ਦੀ ਚੇਤਨਤਾ, ਕਲਚਰ ਦਾ ਰੂਪ ਮਜ਼ਬੀ ਨਾ ਹੁੰਦਾ, ਸਾਇੰਟਿਫਿਕ, ਸੈਕੂਲਰ ਤੇ ਸੰਸਾਰਕ ਹੁੰਦਾ। ਇਤਿਹਾਸਕ ਕਾਰਨਾਂ ਕਰਕੇ ਸਾਡੇ ਸਮਾਜ ਦੀ ਬਿਉਪਾਰੀ ਜਮਾਤ ਯੂਰਪ ਦੀ ਬਿਉਪਾਰੀ ਜਮਾਤ ਵਾਂਗ ਫੀਊਡਲ ਦੇ ਵਿਰੁਧ ਪੈਂਤੜਾ ਨਾ ਮਲ ਸਕੀ। ਇਹ ਸਾਡੇ ਇਤਿਹਾਸ ਦਾ ਇਕ ਵੱਡਾ ਸਵਾਲ ਹੈ। ਉਹ ਫੀਊਡਲ ਦੇ



Digitized by Panjab Digital Library | www.panjabdigilib.org

ਵਿਰੁਧ ਪੈਂਤੜਾ ਮੱਲਣ ਦੀ ਥਾਂ ਉਸ ਨਾਲ ਰਲ ਕੇ ਸਮਾਜ ਦੇ ਮੇਹਨਤਕਸ਼ ਤਬਕੇ ਦਾ ਲਹੂ ਪੀਂਦੀ ਰਹੀ। ਫ਼ਰਜ਼ ਕਰੋ ਉਹ ਫੀਊਡਲ ਦੇ ਵਿਰੁਧ ਪੈਂਤੜਾ ਮਲਦੀ ਤਾਂ ਫੀਊਡਲ ਦੇ ਵਿਰੁਧ ਬਗਾਵਤ ਉਸ ਦੀ ਅਗਵਾਈ ਹੇਠ ਹੁੰਦੀ। ਫੀਊਡਲ ਸਟੇਟ ਦੇ ਢਹਿਣ ਨਾਲ ਇਨਕਲਾਬ ਬੁਰਜਵਾ ਆਉਂਦਾ। ਸਥਾਪਤ ਸਰਮਾਇਦਾਰੀ ਹੁੰਦੀ। ਚੂੰਕਿ ਫੀਊਡਲ ਦੇ ਵਿਰੁਧ ਇਨਕਲਾਬ ਆਉਂਦਾ, ਲੋਕਾਂ ਨੇ, ਮੇਹਨਤਕਸ਼ ਤਬਕੇ ਨੇ ਉਸ ਵਿਚ ਰਜ ਕੇ ਹਿੱਸਾ ਤਾਂ ਲੈਣਾ ਹੀ ਸੀ। ਮਾਨਵਵਾਦ ਪੈਦਾ ਹੁੰਦਾ, ਜਿਸ ਤਰ੍ਹਾਂ ਕਿ ਯੂਰਪ ਵਿਚ ਆਏ ਬੁਰਜਵਾ ਇਨਕਲਾਬ ਦੇ ਆਉਣ ਨਾਲ ਮਹਾਨ ਮਾਨਵਵਾਦੀ ਸਾਹਿਤ ਪੈਦਾ ਹੋਇਆ, ਪਰ ਉਸ ਹਾਲਤ ਵਿਚ ਉਸ ਇਨਕਲਾਬ ਦੀ ਸਰਕਾਰੀ ਵਿਚਾਰਧਾਰਾ ਬੁਰਜਵਾ ਹੁੰਦੀ। ਸਰਬਤ ਦੀ ਆਜ਼ਾਦੀ ਵਾਲੀ ਨਹੀਂ ਸੀ ਹੋ ਸਕਦੀ।

ਸਾਡੇ ਇਤਿਹਾਸਕਾਰਾਂ ਨੂੰ ਸਮਝਣਾ ਇਹ ਚਾਹੀਦਾ ਹੈ ਕਿਸ ਸਟੇਜ 'ਤੇ ਆਕੇ ਸਿਖ-ਲਹਿਰ ਦਾ ਜਮਾਤੀ ਜੁੱਸਾ ਬਦਲਿਆ, ਲਹਿਰ ਦੀ ਜਮਾਤੀ ਤਾਸੀਰ ਉਲਟੀ। ਕਿਸ ਸਟੇਜ 'ਤੇ ਆਕੇ ਸਰਬਤ ਦੀ ਆਜ਼ਾਦੀ ਵਾਲੇ ਪੈਂਤੜੇ ਤੋਂ ਉਖੜ ਕੇ ਉਸ ਦੀ ਲੀਡਰਸ਼ਿਪ ਮੁੜ ਫੀਊਡਲ ਪੈਂਤੜੇ 'ਤੇ ਚਲੀ ਗਈ। (ਮਿਸਲਾਂ ਦਾ ਤੇ ਰਣਜੀਤ ਸਿੰਘ ਦਾ ਰਾਜ ਗੁਰੂ ਸਾਹਿਬਾਨ ਦੀ ਸਿੱਖੀ ਦਾ ਰਾਜ ਨਹੀਂ ਸੀ। ਉਸਦੀ ਪੂਰਨ ਤੌਰ 'ਤੇ ਨਗੇਸ਼ਨ ਸੀ) ਜਿਸ ਇਤਿਹਾਸਕਾਰ ਦੀ ਨਜ਼ਰ ਜਮਾਤੀ ਉਲਟ ਪੁਲਟ ਦੀ ਇਹ ਪਹਾੜ ਜਿੱਡੀ ਅਸਲੀਅਤ ਵੀ ਨਹੀਂ ਵੇਖ ਸਕਦੀ, ਉਸ ਦਾ ਲਿਖਿਆ ਇਤਿਹਾਸ ਕਿੰਨਾ ਕੁ ਇਤਬਾਰਯੋਗ ਤੇ ਸਿੱਕੇਬੰਦ ਹੋ ਸਕਦਾ ਹੈ? ਲਹਿਰ ਅੰਤ ਉਸ ਵਿਚ ਸ਼ਾਮਲ ਮਨੁਖਾਂ ਦੀ, ਉਸ ਦੀ ਲੀਡਰਸ਼ਿਪ ਦੇ ਆਚਰਨ ਤੇ ਅਮਲ ਦੀ ਚਲਾਈ ਹੀ ਚਲਦੀ ਹੈ। ਡਾਕਟਰ ਗਰੇਵਾਲ ਨੇ ਇਹ ਸਾਧਾਰਨ ਤੱਥ ਵੀ ਆਪਣੀਆਂ ਅੱਖਾਂ ਅੱਗੇ ਨਹੀਂ ਰਖਿਆ ਕਿ ਲਹਿਰ ਦੀ ਜਮਾਤੀ ਤਾਸੀਰ ਉਸ ਵਿਚ ਸ਼ਾਮਲ ਹੋ ਰਹੇ ਬੰਦਿਆਂ ਦੀ ਬਣਤਰ, ਉਨ੍ਹਾਂ ਦੇ ਆਚਰਨ ਵਿਚ, ਖ਼ਾਸ ਕਰ ਉਸ ਦੀ ਲੀਡਰਸ਼ਿਪ ਦੇ ਆਚਰਨ ਵਿਚ ਲਾਜ਼ਮੀ ਅਕਸੀ ਹੁੰਦੀ ਹੈ। ਲਹਿਰ ਦਾ ਅਸਲਾ ਤੇ ਉਸ ਨੂੰ ਚਲਾਉਣ ਵਾਲਿਆਂ ਦਾ ਅਮਲ ਤੇ ਆਚਰਨ ਇਕ ਹੀ ਅਸਲੀਅਤ ਦੇ ਦੋ ਪਹਿਲੂ ਹੁੰਦੇ ਹਨ। ਜਦੋਂ ਸਿੱਖ-ਲਹਿਰ ਕਾਬਜ਼ ਸਟੇਟ ਦੇ ਵਿਰੁਧ ਗੁਰੀਲਾ ਜੰਗ ਕਰ ਰਹੀ ਸੀ ਤਾਂ ਸਿੱਖਾਂ ਦਾ ਆਚਰਨ ਐਨਾ ਸੁੱਚਾ ਸੀ ਕਿ ਉਸ ਦੇ ਜਾਨੀ ਦੁਸ਼ਮਣਾਂ ਨੂੰ ਵੀ ਉਨ੍ਹਾਂ ਦੇ ਸੁੱਚੇ ਆਚਰਨ ਦੀ ਦਾਦ ਦੇਣੀ ਪਈ। ਭਾਵੇਂ ਆਪਣੀ ਨਫ਼ਰਤ ਤੇ ਵੈਰ ਪ੍ਰਗਟ ਕਰਦਿਆਂ ਉਨ੍ਹਾਂ ਨੂੰ ਉਹ ਕੁੱਤੇ ਆਦਿ ਆਖਦੇ ਸਨ।[6] ਜਦੋਂ ਸਿੱਖ ਲਹਿਰ ਦੀ ਲੀਡਰਸ਼ਿਪ ਹੋ ਹੀ ਫੀਊਡਲ ਗਈ, ਜਦੋਂ ਉਹ ਗੁਰਮੁਖਾਂ ਤੋਂ ਗਿਰ ਕੇ ਹੋ ਹੀ ਮਨਮੁਖ ਤੇ ਮਾਇਆਧਾਰੀ ਗਈ, (ਮਾਇਆ ਦੇ ਬੰਧਨ ਵਿਚ ਹੀ ਪੈ ਗਈ) ਉਸ ਦਾ ਰਾਜ, ਉਸ ਦੀ ਫਾਰਮੇਸ਼ਨ ਸਪੱਸ਼ਟ ਹੀ ਫੀਊਡਲ ਸੀ। ਫੀਊਡਲ ਫਾਰਮੇਸ਼ਨ ਦੇ ਔਗਣਾਂ ਤੋਂ, ਉਸ ਦੀ ਵਹਿਸ਼ਤ



Digitized by Panjab Digital Library | www.panjabdigilib.org

ਤੋਂ ਉਹ ਪਾਕ ਕਿਸ ਤਰ੍ਹਾਂ ਰਹਿ ਸਕਦੀ ਸੀ ? ਜੋ ਔਗਣ ਗੁਰਬਾਣੀ ਮਨਮੁਖ ਦੀ, ਮਾਇਆ ਵਾਲੀ ਤਰਜ਼ੇ-ਜ਼ਿੰਦਗੀ ਬਾਬਤ ਬਿਆਨ ਕਰਦੀ ਹੈ, ਜੋ ਉਸ ਦੇ ਰਾਜਿਆਂ ਤੇ ਰਾਜ-ਪ੍ਰਬੰਧ ਦੇ ਪੁਰਜ਼ਿਆਂ ਦੀ ਵਹਿਸ਼ਤ ਗੁਰਬਾਣੀ ਉਘੇੜ ਕੇ ਦਸਦੀ ਹੈ ਉਹ ਸਿੱਖ ਸਰਦਾਰਾਂ ਤੇ ਸਿਖ ਰਾਜਿਆਂ ਵਿਚੋਂ ਕਿਸ ਤਰ੍ਹਾਂ ਅਲੋਪ ਰਹਿ ਸਕਦੀ ਸੀ ?[6] ਰਈਅਤ ਦੀ ਦਸ਼ਾ ਉਸ ਨਾਲੋਂ ਬਤੌਰ ਕਿਸਮ ਕਿਸ ਤਰ੍ਹਾਂ ਵਖਰੀ ਰਹਿ ਸਕਦੀ ਸੀ ? ਫ਼ਰਕ ਸੀ, ਸਿਰਫ਼ ਡਿਗਰੀ ਦਾ, ਕਿਸਮ ਦਾ ਨਹੀਂ । ਇਹ ਡਿਗਰੀ ਦਾ ਫ਼ਰਕ ਦੋ ਕਾਰਨਾਂ ਕਰਕੇ ਸੀ । ਇਕ ਤਾਂ ਜੋ ਗੁਰਬਾਣੀ 'ਚ ਦਸ਼ਾ ਬਿਆਨ ਹੈ ਉਹ ਢਹਿ ਰਹੀ ਫੀਊਡਲ ਫਾਰਮੇਸ਼ਨ ਦੇ ਗੂੜ੍ਹੇ ਰੰਗ ਦੀ ਹੈ ਅਤੇ ਸਿੱਖ ਫੀਊਡਲ ਫਾਰਮੇਸ਼ਨ ਅਜੇ ਆਪਣੀ ਚੜ੍ਹਦੀ ਜਵਾਨੀ ਵਿਚ ਸੀ । ਪਰ ਡਿਗਰੀ ਦੇ ਫ਼ਰਕ ਦਾ ਮੂਲ ਕਾਰਨ ਇਹ ਸੀ ਕਿ ਸਿੱਖ ਫੀਊਡਲ ਭਾਵੇਂ ਵਿਗੜ ਗਏ ਇਨਕਲਾਬ 'ਚੋਂ ਪੈਦਾ ਹੋਏ ਸਨ, ਪਰ ਇਨਕਲਾਬੀ ਲਹਿਰ ਦੀ ਕਰਨੀ ਲੋਕਾਂ ਦੇ ਮਨਾਂ ਵਿਚੋਂ ਅਜੇ ਬਿਲਕੁਲ ਧੋਤੀ ਨਹੀਂ ਸੀ ਗਈ ।[7]

ਏਥੇ ਇਕ ਤੱਥ ਬਿਆਨ ਕਰਨਾ ਹੀ ਕਾਫ਼ੀ ਹੈ । ਇਨਕਲਾਬੀ ਲਹਿਰ ਵਿਗੜਦੀ ਵਿਗੜਦੀ ਮਰਦੀ ਮਰਦੀ ਵੀ ਮਾਲਕ ਕਿਸਾਨ ਦੀ ਸੰਸਥਾ ਬਣ ਗਈ ਸੀ ਜਿਸ ਨੂੰ ਸਿੱਖ ਫੀਊਡਲ ਕੀ, ਬਰਤਾਨਵੀ ਸਾਮਰਾਜ ਵੀ ਜਿਸ ਨੇ ਐਸੀ ਸੰਸਥਾ ਨਾ ਕਿਤੇ ਹੋਰਥੇ ਦੇਖੀ, ਨਾ ਡਿਠੀ ਸੀ, ਤੋੜ ਨਾ ਸਕਿਆ । ਇਹ ਡਿਗਰੀ ਦੇ ਫ਼ਰਕ ਜਮਾਤੀ ਉਲਟ ਪੁਲਟ ਦੀ ਅਸਲੀਅਤ ਦੇ ਮੁਕਾਬਲੇ 'ਤੇ ਕੁਛ ਵੀ ਨਹੀਂ ਸਨ । ਗੁਰੂ ਗੋਬਿੰਦ ਸਿੰਘ ਦੇ ਖਾਲਸੇ ਨੇ ਨੰਗੇ ਧੜ ਐਨੇ ਲੰਮੇ ਸਮੇਂ ਲਈ ਉਹ ਗੁਰੀਲਾ ਜੰਗ ਕੀਤੀ ਸੀ ਜਿਸ ਦੀ ਮਿਸਾਲ ਮਿਲਣੀ ਮੁਸ਼ਕਲ ਹੈ । ਰਣਜੀਤ ਸਿੰਘ ਦੀ ਖਾਲਸਾ ਫ਼ੌਜ ਸਿਰਫ਼ ਨਾਂ ਨੂੰ ਹੀ ਖਾਲਸਾ ਸੀ । ਅਸਲੀਅਤ ਵਿਚ ਨਿਰੋਲ ਫੀਊਡਲ ਦੀ ਫ਼ੌਜ ਸੀ । ਉਸ ਨੇ ਮੈਦਾਨੇ-ਜੰਗ ਵਿਚ ਹਾਰ ਮਗਰੋਂ ਢਾਈ ਦਿਨ ਵੀ ਗੁਰੀਲਾ ਜੰਗ ਨਾ ਕੀਤੀ । ਫੀਊਡਲ ਦੀ ਫ਼ੌਜ ਵਾਂਗ ਜੋ ਸਰਦਾਰ ਬਣ ਗਿਆ, ਜਿਸ ਨੇ ਤਨਖਾਹ ਦਿਤੀ ਉਸ ਦੇ ਵਫ਼ਾਦਾਰ ਹੋ ਗਏ । ਸਿੱਖ ਦਰਬਾਰ ਦੀ ਹਾਰ ਮਗਰੋਂ ਰਣਜੀਤ ਸਿੰਘ ਦੀ ਅਖੌਤੀ ਖਾਲਸਾ ਫ਼ੌਜ ਦੇ ਸਿਪਾਹੀ ਤੇ ਸਰਦਾਰ ਅੰਗਰੇਜ਼ੀ ਸਰਕਾਰ ਦੇ ਵਫ਼ਾਦਾਰ ਹੋ ਗਏ । ਪਰ ਜਮਾਤੀ ਪਾੜੇ ਦਾ ਅੰਨ੍ਹਿਆਂ ਨੂੰ ਵੀ ਦਿਸਣ ਵਾਲਾ ਤੱਥ ਡਾਕਟਰ ਗਰੇਵਾਲ ਨੂੰ ਨਹੀਂ ਦਿਸਿਆ । ਉਨ੍ਹਾਂ ਨੇ ਸਿੱਖ ਫੀਊਡਲ ਦੇ ਸਭ ਔਗਣ ਗੁਰੂ ਸਾਹਿਬਾਨ ਦੀ ਅਗਵਾਈ ਹੇਠ ਉਸੱਰੀ ਸਿੱਖ-ਲਹਿਰ ਦੇ ਜਿਗਰੀ ਅੰਗ, ਉਸ ਦੀਆਂ ਤਨੀਂ ਊਣਤਾਈਆਂ ਕਰਕੇ ਦਰਜ ਕਰ ਮਾਰੇ ਹਨ, ਜਿਵੇਂ ਫੀਊਡਲ ਸਿੱਖ ਅਤੇ ਗੁਰੂ ਸਾਹਿਬਾਨ ਦੀ ਅਗਵਾਈ ਹੇਠ ਉਸਰੀ ਸਿੱਖ ਲਹਿਰ ਤੇ ਗੁਰੂ ਗੋਬਿੰਦ ਸਿੰਘ ਦਾ ਸਾਜਿਆ ਖਾਲਸਾ ਇਕੋ ਹੀ ਗੱਲ ਹੁੰਦੇ ਹੋਣ ।

ਸੱਚ ਤਾਂ ਇਹ ਹੈ ਕਿ ਜਦੋਂ ਦੀ ਗੁਰਬਾਣੀ ਫੀਊਡਲ ਦੇ ਢਹੇ ਚੜ੍ਹੀ ਹੈ, ਗੁਰਬਾਣੀ ਵਿਚ ਅਤੇ ਸਿੱਖ-ਲਹਿਰ ਦੇ ਇਤਿਹਾਸ ਵਿਚ ਵਿਗਾੜ ਪੈਂਦਾ ਹੀ ਆਇਆਂ ਹੈ । ਪਹਿਲਾਂ ਸਿੱਖ



Digitized by Panjab Digital Library | www.panjabdigilib.org

ਸਰਦਾਰਾਂ ਤੇ ਰਣਜੀਤ ਸਿੰਘ ਦੀ ਸਟੇਟ ਨੇ, ਸਿੱਖ ਫ਼ੀਊਡਲਾਂ ਗੁਰਬਾਣੀ ਵਿਚ ਆਪਣੇ ਹਿੱਤ ਦੇ ਅਰਥ ਪਾਏ ਅਤੇ ਸਿੱਖੀ ਦੇ ਜਜ਼ਬੇ ਨੂੰ ਆਪਣੇ ਆਰਥਕ ਸਿਆਸੀ ਹਿੱਤ ਲਈ ਵਰਤਿਆ। ਗੁਰੂ ਸਾਹਿਬਾਨ ਦੀ ਸਿੱਖੀ ਨੂੰ ਨਗੇਟ ਕੀਤਾ। ਉਸ ਵੇਲੇ ਸਿੱਖੀ ਉਪਰ ਬ੍ਰਾਹਮਣਵਾਦ ਵੀ ਚੜ੍ਹ ਗਿਆ। ਮੁਲਕ ਵਿਚ ਸਰਮਾਇਦਾਰੀ ਦੇ ਜਨਮ ਲੈਣ ਨਾਲ ਗੁਰਬਾਣੀ ਤੇ ਸਿੱਖ-ਲਹਿਰ ਦੇ ਇਤਿਹਾਸ ਨੂੰ ਸਿੱਖ ਬੁਰਜਵਾਜ਼ੀ ਨੇ ਆਪਣੇ ਹਿੱਤ ਦੇ ਸੂਤ ਕੀਤਾ। ਇਕ ਪਾਸੇ ਤੋਂ ਹਿੰਦੂਆਂ ਤੋਂ ਅਲੈਹਦਾ ਸਿੱਖਾਂ ਦੀ ਹੋਂਦ ਸਥਾਪਤ ਕੀਤੀ: 'ਹਮ ਹਿੰਦੂ ਨਹੀਂ ਹੈਂ' ਅਤੇ ਦੂਸਰੇ ਪਾਸੇ ਚੂੰਕਿ ਹਿੰਦੂ ਸਿੱਖ ਮੁਸਲਮਾਨ ਬੁਰਜਵਾਜ਼ੀ ਦਾ ਆਪਸ ਵਿਚ ਲਾਜ਼ਮੀ ਸਰੀਕਾ ਸੀ ਇਸ ਵਾਸਤੇ ਸਿੱਖ ਬੁਰਜਵਾਜ਼ੀ ਦੇ ਦਿਤੇ ਗੁਰਬਾਣੀ ਤੇ ਸਿੱਖ-ਲਹਿਰ ਦੇ ਅਰਥਾਂ ਵਿਚ ਫਿਰਕੂ ਪਹਿਲੂ ਆਇਆ। ਨਿਜੀ ਜਾਇਦਾਦ ਦੀ ਸੰਸਥਾ ਦੇ ਵਿਰੁਧ ਗੁਰਬਾਣੀ ਦਾ ਇਨਕਲਾਬੀ ਡੰਗ ਤਾਂ ਉਸ ਵਿਚ ਪਾਏ ਫ਼ੀਊਡਲ ਦੇ ਅਰਥਾਂ ਨੇ ਹੀ ਖ਼ਤਮ ਕਰ ਦਿਤਾ ਸੀ। ਸਿੱਖ ਬੁਰਜਵਾਜ਼ੀ ਦੇ ਪਾਏ ਅਰਥਾਂ ਨੇ ਬੁਰਜਵਾਜ਼ੀ ਦੀ ਮੁਨਾਫ਼ਾਖੋਰੀ ਨੂੰ ਵੀ ਦਸਾਂ ਨਹੁੰਆਂ ਦੀ ਕਿਰਤ ਪ੍ਰਵਾਨ ਕਰ ਲਿਆ। ਆਜ਼ਾਦੀ ਆਉਣ ਦੇ ਮਗਰੋਂ ਸਿੱਖ ਬੁਰਜਵਾਜ਼ੀ ਕੇਂਦਰੀ ਹਿੰਦੂ ਬੁਰਜਵਾਜ਼ੀ ਅਗੇ ਵਿੱਛ ਗਈ ਅਤੇ ਹੁਣ ਗੁਰਬਾਣੀ ਨੂੰ ਵੇਦਾਂਤ ਬਣਾਇਆ ਜਾ ਰਿਹਾ ਹੈ ਅਤੇ ਸਿੱਖ-ਲਹਿਰ ਨੂੰ ਮੁਸਲਮਾਨ ਰਾਜ ਦੇ ਵਿਰੁਧ ਹਿੰਦੂ ਮਜ਼੍ਹਬ ਦੀ ਰਾਖੀ ਲਈ ਫਿਰਕੂ ਲਹਿਰ। ਚੂੰਕਿ ਪੰਜਾਬ ਵਿਚ ਮਾਰਕਸਵਾਦੀ ਚੇਤਨਤਾ ਦੀ ਵੀ ਜੜ੍ਹ ਹੈ ਇਸ ਵਾਸਤੇ ਗੁਰਬਾਣੀ ਦਾ ਸਰਬਤ ਦੀ ਆਜ਼ਾਦੀ ਦਾ ਸੱਚ ਤੇ ਸਿੱਖ-ਲਹਿਰ ਦਾ ਇਨਕਲਾਬੀ ਜੁੱਸਾ ਵੀ ਪ੍ਰਗਟ ਹੋ ਰਿਹਾ ਹੈ। ਜਿੰਨਾਂ ਚਿਰ ਸਮਾਜ ਵਿਚ ਜਮਾਤੀ ਅੰਗ ਹੈ ਕਲਚਰ ਦੇ ਬਾਕੀ ਮੁਹਾਜ਼ਾਂ ਵਾਂਗ ਗੁਰਬਾਣੀ ਤੇ ਸਿੱਖ-ਲਹਿਰ ਬਾਬਤ ਵੀ ਵਿਚਾਰਧਾਰਕ ਜਮਾਤੀ ਜਦੋ-ਜਹਿਦ ਚਲਦੀ ਜਾਵੇਗੀ। ਇਨ੍ਹਾਂ ਦੇ ਅਸਲ ਤੇ ਅਰਥਾਂ ਵਿਚ ਵਿਗਾੜ ਪਾਉਣ ਵਾਲੇ ਪੈਦਾ ਹੁੰਦੇ ਰਹਿਣਗੇ। ਇਕ ਬੈਠ ਗਿਆ, ਦੂਸਰਾ ਖ਼ੜਾ ਹੋ ਜਾਵੇਗਾ, ਉਹ ਹਾਰ ਗਿਆ, ਤਾਂ ਤੀਸਰਾ ਉਠ ਖੜੋਵੇਗਾ। ਇਸ ਪੀੜ੍ਹੀ ਦੀ ਔਧ ਮੁਕ ਜਾਵੇਗੀ ਤਾਂ ਅਗਲੀਆਂ ਪੀੜ੍ਹੀਆਂ ਵਿਚੋਂ ਵਿਗਾੜ ਪਾਉਣ ਵਾਲੇ ਪੈਦਾ ਹੁੰਦੇ ਜਾਣਗੇ। ਪੈਂਦੇ ਵਿਗਾੜਾਂ ਦਾ ਰੂਪ ਵੀ ਬਦਲਦਾ ਜਾਵੇਗਾ। ਪਰ ਹਰ ਵਿਗਾੜ ਸਮਾਜ ਦੇ ਜਮਾਤੀ ਅੰਗ ਦੀ, ਨਿਜੀ ਜਾਇਦਾਦ ਦੀ ਸੰਸਥਾ ਦੀ ਰਾਖੀ ਕਰੇਗਾ। ਲੋਕ-ਹਿੱਤ ਵਾਲਿਆਂ ਨੂੰ ਸਰਹਾਣੇ ਹੇਠ ਬਾਂਹ ਦੇ ਕੇ ਸੁੱਤੇ ਨਹੀਂ ਰਹਿਣਾ ਚਾਹੀਦਾ। ਆਰਥਕ ਸਿਆਸੀ ਮੁਹਾਜ਼ਾਂ ਵਾਂਗ ਸਾਰੇ ਕਲਚਰਲ ਮੁਹਾਜ਼ 'ਤੇ ਵਿਚਾਰਧਾਰਕ ਜਮਾਤੀ ਜਦੋ-ਜਹਿਦ ਵਾਸਤੇ ਮੈਦਾਨ ਵਿਚ ਤਿਆਰ-ਬਰ-ਤਿਆਰ ਹੀ ਨਹੀਂ ਰਹਿਣਾ ਚਾਹੀਦਾ, ਬਲਕਿ ਸਿਰਤੋੜ ਵਿਚਾਰਧਾਰਕ ਜਮਾਤੀ ਜਦੋ-ਜਹਿਦ ਕਰੀ ਜਾਣੀ ਲਾਜ਼ਮੀ ਹੈ। ਬੁਰਜਵਾ ਕਲਚਰ ਕਾਬਜ਼ ਹੈ। ਇਸ ਨੂੰ ਢਾਹੁਣਾ ਤੇ ਸਮਾਜਵਾਦੀ ਨੂੰ ਉਸਾਰਨ ਦਾ ਕੰਮ ਉਹਨਾਂ ਦੇ ਸਾਹਮਣੇ ਹੈ।



Digitized by Panjab Digital Library | www.panjabdigilib.org

ਇਸ ਵੇਲੇ ਗੁਰਬਾਣੀ ਦੇ ਸਰਬਤ ਦੀ ਆਜ਼ਾਦੀ ਵਾਲੇ ਸੱਚ ਤੇ ਗੁਰੂ ਸਾਹਿਬਾਨ ਦੀ ਅਗਵਾਈ ਹੇਠ ਕਿਸਾਨਾਂ, ਕਾਮਿਆਂ, ਕਾਰੀਗਰਾਂ ਤੇ ਕੰਮੀਆਂ ਦੀ ਇਨਕਲਾਬੀ ਕਰਨੀ ਦੇ ਪ੍ਰਗਟ ਕਰਨ ਤੇ ਪ੍ਰਵਾਨ ਹੋਣ ਦੇ ਵਿਰੋਧੀ ਤਕਰੀਬਨ ਦੋ ਧੜੇ ਹਨ। **ਇਕ ਉਹ ਧੜਾ** ਹੈ ਜੋ ਸਰਬਤ ਦੀ ਆਜ਼ਾਦੀ ਦੇ ਵਿਰਧ ਦਾਈਆ ਮਲ ਚੁਕਾ ਹੈ। ਉਹ ਤਾਂ ਚਾਹੁੰਦਾ ਹੀ ਨਹੀਂ ਕਿ ਇਹਨਾਂ ਦਾ ਸੱਚ ਸਮਝਿਆ ਤੇ ਪ੍ਰਗਟ ਕੀਤਾ ਜਾਵੇ। ਉਸ ਦਾ ਤਾਂ ਰੋਲ ਹੀ ਆਜ਼ਾਦੀ ਦੇ ਸੱਚ 'ਤੇ ਘੱਟਾ ਪਾਉਣਾ ਹੈ। ਆਜ਼ਾਦੀ ਦੇ ਸੱਚ ਨੂੰ ਮਾਇਆ ਦਾ ਕੂੜ ਬਣਾਉਣਾ ਹੈ। **ਦੂਸਰਾ ਧੜਾ** ਉਹ ਹੈ ਜੋ ਕਾਬਜ਼ ਬੁਰਜਵਾ ਦਿਮਾਗੀ ਕਲਚਰ ਦਾ ਇਸ ਹੱਦ ਤਕ ਸ਼ਿਕਾਰ ਹੈ ਕਿ ਉਹ ਨਾ ਗੁਰਬਾਣੀ ਦਾ ਮੁਹਾਵਰਾ ਸਮਝਦਾ ਹੈ, ਨਾ ਸਮਝਣਾ ਚਾਹੁੰਦਾ ਹੈ। ਸਗੋਂ ਜੋ ਬੁਰਜਵਾ-ਹਿੱਤੀ ਮਤਲਬ, ਬੁਰਜਵਾ ਨਜ਼ਰੀਆ ਤੇ ਬੁਰਜਵਾ ਵਿਦਵਾਨੀ ਇਹਨਾਂ ਦਾ ਕਢੀ ਬੈਠੀ ਹੈ ਉਸ ਨੂੰ ਹੀ ਸੱਚ ਸਮਝ ਕੇ ਹਿੱਕ ਨਾਲ ਲਾਈ ਬੈਠਾ ਹੈ। ਡਾਕਟਰ ਗਰੇਵਾਲ ਇਹਨਾਂ ਦੋਹਾਂ ਧੜਿਆਂ ਵਿਚੋਂ ਕਿਸ ਧੜੇ ਦੇ ਹਨ, ਇਹ ਤਾਂ ਉਹ ਆਪ ਹੀ ਦਸ ਸਕਦੇ ਹਨ।

ਗੁਰੂ ਸਾਹਿਬਾਨ ਦੀ ਅਗਵਾਈ ਹੇਠ ਉਸਾਰੀ ਕਿਸਾਨਾਂ, ਕਾਰੀਗਰਾਂ, ਕੰਮੀਆਂ ਤੇ ਕਾਮਿਆਂ ਦੀ ਲਹਿਰ ਦੀ, ਸਰਬਤ ਦੀ ਆਜ਼ਾਦੀ ਦੇ ਪੈਂਤੜੇ ਤੋਂ ਕਾਬਜ਼ ਜਮਾਤੀ ਸਮਾਜ ਦੇ ਵਿਰੁਧ, ਕਾਬਜ਼ ਫੀਊਡਲ ਸਟੇਟ ਦੇ ਵਿਰੁਧ ਕੀਤੀ ਇਨਕਲਾਬੀ ਕਰਨੀ ਉਤੇ ਘੱਟਾ ਪਾਉਣਾ ਤਾਂ ਡਾਕਟਰ ਗਰੇਵਾਲ ਨੇ ਸਿਖ ਲਿਆ ਹੈ। ਹਿੰਦੁਸਤਾਨ ਦੇ ਲੰਮੇ ਇਤਿਹਾਸ ਵਿਚੋਂ ਸਿਕੇਬੰਦ ਤੱਥਾਂ ਦੇ ਆਧਾਰ 'ਤੇ, ਮਿਸਾਲਾਂ ਦੇ ਕੇ, ਲੜੀਵਾਰ, ਡਾਕਟਰ ਗਰੇਵਾਲ ਸਾਨੂੰ ਇਹ ਤਾਂ ਜ਼ਰਾ ਦਸ ਦੇਣ ਕਿ ਉਸ ਸਮੇਂ ਤਕ ਕਿਸ ਕਿਸ ਲਹਿਰ ਨੇ ਕਿਥੇ ਕਿਥੇ, ਤੇ ਕਿੰਨਾ ਕਿੰਨਾ ਚਿਰ ਸਰਬਤ ਦੀ ਆਜ਼ਾਦੀ ਦੇ ਪੈਂਤੜੇ ਤੋਂ ਗੁਰੀਲਾ ਜੰਗ ਕੀਤੀ ਤੇ ਅੰਤ ਕਾਬਜ਼ ਸਟੇਟ ਢਾਹ ਬਸ ਕੀਤੀ। ਜ਼ਰਾ ਇਹ ਵੀ ਸਪਸ਼ਟ ਕਰ ਦੇਣ ਕਿ ਉਸ ਵੇਲੇ ਤਕ ਸੰਸਾਰ ਵਿਚ ਕਿਹੜੀਂ ਤੇ ਕਿੰਨ੍ਹੀਂ ਥਾਈਂ ਗੁਰੀਲਾ ਜੰਗ ਦਾ ਅਮਲ ਤੇ ਸੰਕਲਪ ਪੈਦਾ ਹੋਏ ਸਨ। ਜ਼ਰਾ ਇਸ ਗੱਲ ਉਤੇ ਵੀ ਸਾਨੂੰ ਚਾਨਣਾ ਪਾ ਦੇਣ ਕਿ ਸਟੇਟ ਦੇ ਜਿਸ ਸੰਕਲਪ ਦੀ ਇਸ ਲਹਿਰ ਨੇ ਅਮਲੀ ਤਰਜਮਾਨੀ ਕੀਤੀ, ਉਸ ਸੰਕਲਪ ਨੂੰ ਉਸ ਵਕਤ ਤਕ ਦੀਆਂ ਕਿੰਨੀਆਂ ਤੇ ਕਿਹੜੀਆਂ ਕਿਹੜੀਆਂ ਲਹਿਰਾਂ ਨੇ ਜਨਮ ਦਿਤਾ ਸੀ ?

---

1. Freud could not but conceive his new findings in concepts & terminology of his own time. (p. 28)

If such a distinction is legitimate, we must ask whether the libido theory belongs to the core of Freud's work, or whether it is simply the form in which he organised his new insights because there was no other way to think of



Digitized by Panjab Digital Library | www.panjabdigilib.org

and to express his basic findings, given his philosophical and scientific environment. (p.103) E. Fromm : The Anatomy of Human Destruetive Ness.

2.......religion, as Lenin says, has frequently been a revolutionary force when, the "democratic and proletarian struggle took the form of a struggle of one religious idea against another", as was the case when it inspired Cromwell's Ironsides in the great rebellion of 1640. Marxism of Marx by John Lewis, page 215. Lenin, Letter to A. M. Gorky, Nov. 1913, Collected Works Vol. 35, p. 128.

3. And in the images of real people that appear within the Biblical scenes, the germ can be found of the battle over the interpretation of the BIBLE which is one of the forms taken by the class struggle in the Middle Ages. Engels writes : "The dogmas of the church were at the same time political axioms, and BIBLE quotation had the validity of law in every court......"

The supremacy of theology in the realm of intellectual activities was at the same time a logical consequence of the situation of the church as the general force coordinating and sanctioning feudal domination. It is obvious that under such conditions, all general and overt attacks on feudalism, in the first place attacks on the church, all revolutionary, social or political doctrines, necessarily became theological heresies. In order to be attacked, existing social conditions had to be stripped of their aureol of sanctity. The revolutionary opposition to feudalism was alive throughout all the Middle Ages. According to the conditions of the time, it appeared in the form of mysticism, an open heresy, or as armed insurrection. F. Engels, The Peasant War in Germany, New York 1926, p. 52.

4. The mode of production of the material means of life determines in general the social, political & intellectual processes of life. It is not the consciousness of human beings which determines their existence, it is their social existence which determines their consciousness. Marx : Introduction to The Critique of Political Economy.



Digitized by Panjab Digital Library | www.panjabdigilib.org

5. ਅਹਿਮਦ ਸ਼ਾਹ ਅਬਦਾਲੀ ਜਦ ਸਤਵੀਂ ਵਾਰ ਸੰਮਤ 1821 (1764 A. D.) ਵਿਚ ਪੰਜਾਬ ਵਲ ਆਇਆ ਤਾਂ ਬਲੋਚਾਂ ਦਾ ਸਰਦਾਰ ਨਸੀਰ ਖਾਂ ਵੀ ਬਾਰਾਂ ਹਜ਼ਾਰ ਬਲੋਚਾਂ ਸਣੇ ਅਹਿਮਦ ਸ਼ਾਹ ਨਾਲ ਰਲ ਪਿਆ ਸੀ। ਕਾਜ਼ੀ ਨੂਰ ਮੁਹੰਮਦ ਬਲੋਚਾਂ ਦੇ ਡੇਰੇ ਦੇ ਨਾਲ ਸੀ ਅਤੇ ਇਸ ਨੇ ਆਪਣੀ ਅੱਖੀਂ ਸਾਰੀ ਮੁਹਿਮ ਦੇ ਹਾਲਾਤ ਵੇਖੇ। ਦਸ ਮਹੀਨੇ ਦੀ ਮੁਹਿਮ ਪਿਛੋਂ ਜਦ ਬਲੋਚ ਵਾਪਸ ਮੁੜੇ ਤਾਂ ਨਸੀਰ ਖਾਂ ਨੇ ਕਾਜ਼ੀ ਨੂਰ ਮੁਹੰਮਦ ਨੂੰ ਸਾਰੇ ਹਾਲਾਤ ਕਲਮਬੰਦ ਕਰਨ ਲਈ ਕਿਹਾ, ਜੋ ਉਸ ਨੇ ਸੰਮਤ 1822 ਨੂੰ ਤਿਆਰ ਕਰ ਕੇ ਪੇਸ਼ ਕਰ ਦਿਤੇ, 'ਜੰਗ-ਨਾਮਾ' ਦੀ ਸ਼ਕਲ ਵਿਚ।

ਇਹ ਲਿਖਤ ਅਤੇ ਵਾਕਿਆਤ ਬੰਦੇ ਦੇ ਪਿਛੋਂ ਮਿਸਲਾਂ ਦੇ ਪਹਿਲੇ ਪੱਖ ਦੇ ਸਮੇਂ ਦੇ ਹਨ ਜਦੋਂ ਮੁਸਲਮਾਨਾਂ ਹਥੋਂ ਤਾਕਤ ਖੋਹਣ ਲਈ ਘੋਲ ਜਾਰੀ ਸੀ। ਕਾਜ਼ੀ ਨੂਰ ਮੁਹੰਮਦ ਲਿਖਦਾ ਹੈ : "ਸਿੰਘਾਂ ਨੂੰ ਸਗਾਂ ਨਾ ਕਹਿ, ਕਿ ਉਹ ਸ਼ੇਰ ਹਨ, ਉਹ ਮਰਦਾਂ ਦੇ ਮਰਦਾਨ ਸ਼ੇਰਾਂ ਵਾਂਗ ਦਲੇਰ ਹਨ। ਭਲਾ ਕੋਈ ਰਣ ਦਾ ਸੂਰਮਾ, ਜੋ ਲੜਾਈ ਵਿਚ ਸ਼ੀਂਹ ਵਾਂਗ ਬੁਕੇ, ਕਦੇ ਸਗ ਹੋ ਸਕਦਾ ਹੈ ?...ਇਹਨਾਂ ਦਾ ਸਰੀਰ ਵੇਖੋ ਤਾਂ ਹਰ ਇਕ ਇਉਂ ਜਾਪਦਾ ਹੈ ਜੀਕੂੰ ਕਿਸੇ ਪਹਾੜੀ ਦਾ ਟਿੱਲਾ ਅਤੇ ਡੀਲ ਡੌਲ ਵਿਚ ਇਕ ਇਕ ਜਣਾ ਪੰਜਾਹ ਮਰਦਾਂ ਤੋਂ ਵੀ ਵਧੀਕ ਹੈ...

ਇਹਨਾਂ ਦੀ ਲੜਾਈ ਤੋਂ ਵਧ ਕੇ ਇਕ ਹੋਰ ਗੱਲ ਵੀ ਸੁਣ ਜਿਸ ਵਿਚ ਇਹ ਹੋਰਨਾਂ ਸੂਰਮਿਆਂ ਨਾਲੋਂ ਬਹੁਤ ਵਧੇ ਹੋਏ ਹਨ। ਇਹ ਨਮਰਦ ਨੂੰ (ਜੋ ਲੜਾਈ ਵਿਚ ਹਥਿਆਰ ਰਖ ਦੇਵੇ) ਕਦੇ ਨਹੀਂ ਮਾਰਦੇ, ਨਾ ਹੀ ਨਸੇ ਜਾਂਦੇ ਨੂੰ ਵਲਦੇ ਹਨ। ਨਾ ਹੀ ਕਿਸੇ ਤ੍ਰੀਮਤ ਦਾ ਗਹਿਣਾ ਜਾਂ ਰੁਪਿਆ ਲੁਟਦੇ ਹਨ, ਭਾਵੇਂ ਉਹ ਸਵਾਣੀ ਹੋਵੇ, ਭਾਵੇਂ ਗੋਲੀ ਬਾਂਦੀ। ਇਹਨਾਂ ਵਿਚ ਵਿਭਚਾਰ ਵੀ ਨਹੀਂ, ਨਾ ਹੀ ਚੋਰੀ ਕਰਦੇ ਹਨ। ਤ੍ਰੀਮਤ ਭਾਵੇਂ ਜਵਾਨ ਹੋਵੇ, ਭਾਵੇਂ ਬੁਢੀ ਇਹ ਉਸ ਨੂੰ ਬੁਢੀ ਹੀ ਆਖਦੇ ਹਨ। ਹਿੰਦੀ ਵਿਚ 'ਬੁਢੀ' ਦੇ ਅਰਥ ਹਨ ਵੱਡੀ ਉਮਰ ਵਾਲੀ ਤ੍ਰੀਮਤ। ਇਹ ਨਾ ਚੋਰੀ ਕਰਦੇ ਹਨ, ਨਾ ਹੀ ਸੰਨ੍ਹ ਮਾਰਦੇ ਹਨ ਅਤੇ ਨਾ ਹੀ ਚੋਰ ਜਾਂ ਸੰਨ੍ਹ ਮਾਰਨ ਵਾਲੇ ਨੂੰ ਮਿੱਤਰ ਬਣਾਉਂਦੇ ਹਨ।" ਇਹ ਟੂਕ 'ਕਰਮ ਸਿੰਘ ਹਿਸਟੋਰੀਅਨ ਦੀ ਇਤਿਹਾਸਕ ਖੋਜ', ਸੰਪਾਦਕ ਹੀਰਾ ਸਿੰਘ ਦਰਦ, ਪੰਨੇ 499-501 'ਚੋਂ ਹੈ।

6. ਰਣਜੀਤ ਸਿੰਘ ਦੀ ਸ਼ਰਾਬਨੋਸ਼ੀ ਤੇ ਜ਼ਨਾਕਾਰੀ ਬਾਰੇ ਗੱਲ ਤਾਂ ਘੋੜ-ਚੜ੍ਹੀ ਗੱਲ ਹੈ। ਹੋਲੀ ਦੇ ਦਿਨਾਂ ਵਿਚ ਸ਼ਰਾਬ ਵਿਚ ਮਸਤ ਰਣਜੀਤ ਸਿੰਘ ਮੋਰਾਂ ਨੂੰ ਹਾਥੀ ਉਤੇ ਨਾਲ ਬਿਠਾ ਕੇ ਜਲੂਸ ਕਢਿਆ ਕਰਦਾ ਸੀ (Ranjit Singh, Sir Lepel Griffin, pp 103-9)। ਪੰਜਾਬ, ਈਰਾਨ ਅਤੇ ਕਸ਼ਮੀਰ ਵਿਚੋਂ ਚੋਣਵੀਆਂ ਡੇਢ੍ਹ ਸੌ ਹੁਸੀਨਾਂ ਦਾ ਇਕ ਰਸਾਲਾ ਬਣਾਇਆ ਹੋਇਆ ਸੀ ਜੋ ਉਸ ਦੇ ਦਿਲ-ਬਹਿਲਾਵੇ ਲਈ ਘੋੜ ਸਵਾਰੀ ਦੀ ਨੁਮਾਇਸ਼ ਕਰਦੀਆਂ ਸਨ (The Court & Camp of



Digitized by Panjab Digital Library | www.panjabdigilib.org

Ranjit Singh, W. G. Osborne, pp 95-6) । ਇਹਨਾਂ ਵਿਚੋਂ ਕਈਆਂ ਦੇ ਨਾਂ ਪਿੰਡ ਜਗੀਰ ਵਜੋਂ ਲਗੇ ਹੋਏ ਸਨ (ıbid) । ਰਣਜੀਤ ਸਿੰਘ ਮੇਵੇ ਆਦਿ ਪਾ ਕੇ ਖ਼ਾਸ ਕਢੀ ਇਕ ਸ਼ਰਾਬ ਪੀਂਦਾ ਸੀ। ਮਹਿਫਲ ਵਿਚ ਜਿਸ ਵੇਲੇ ਕਈ ਨਾਚੀਆਂ ਹਾਜ਼ਰ ਹੁੰਦੀਆਂ ਸਨ, ਜਿਹਨਾਂ ਨੂੰ ਸ਼ਰਾਬ ਪੀ ਕੇ ਮਸਤ ਹੋ ਜਾਣ ਤਕ ਮਜ਼ਬੂਰ ਕੀਤਾ ਜਾਂਦਾ ਸੀ, ਅਜਿਹੇ ਮੌਕਿਆਂ 'ਤੇ ਹਰ ਕਿਸਮ ਦੀ ਬਦਕਾਰੀ ਹੁੰਦੀ ਸੀ (Ibid, pp. 189-192) ।

7. See the foot note No. 3 at p. 122. The quotation is from History of The Sikhs, by Cunningham, p. 75.

---

1. ਹੇਠਲੀ ਟੂਕ, ਇਸ ਕਿਤਾਬ ਦੇ ਸਫ਼ਾ ੪੨, ੮ਵੀਂ ਸਤਰ, ਦੇ ਨਾਲ ਪੜ੍ਹੋ :

The arming of the Sikh community was a corollary of Guru Arjan's decision to challenge the established state. What started the chain of events that were to follow was, besides other reasons, his blessings to Khusro's rebellion. Guru Arjan could not be unaware of the likely consequences of a deliberate political interference, nor was the same lost upon Jahangir.........

That Guru Arjan made his momentous choice deliberately, and that it was his own, is established by the fact that he refused to tow the official line even though it cost him his life and according to Macauliffe, sent word to Sikhs of Lahore, 'that whoever contributed to the fine should be deemed a pervert'*. Jagjit Singh in Journal of Sikh Studies, Vol.IV No. 1. (Feb. 1977)

2. ਇਹ ਟੂਕ, ਇਸ ਕਿਤਾਬ ਦੇ ਸਫ਼ਾ ੧੧੩, ਥਲਿਉਂ ਦੂਸਰੀ ਸਤਰ, ਦੇ ਨਾਲ ਪੜ੍ਹੋ :

The Gurus did not 'dabble in politics, casually or accidently', as some historians may like to put it ; they regarded it as their duty to fight not only social injustice but political oppression as well. Guru Arjan could have chosen to remain indifferent to political affairs. Similarly, Guru Hargobind could have avoided the setting up of a parallel political authority. Further, why did Guru Hari Rai, if he was not working for a set objective, offer military help to Dara Shikoh, knowing full well the consequences that followed

---

* Macauliffe. M.A, *The Sikh Religion* Vol.III. New Delhi, 1963, pp. 91-92.



Digitized by Panjab Digital Library | www.panjabdigilib.org

a similar step taken by Guru Arjan? Again, why did not Guru Tegh Bahadur follow Aurangzeb's advice to disarm his followers[1]? Instead, he embraced martyrdom to save the oppressed Kashmiri Pandits, because the resolve to resist religious persecution was part of the process which included combating political oppression. Guru Gobind Singh leaves no doubt about his mission in life: "I took birth in order to spread faith, save the saints, and exterpate all tyrants".[2] That his Sikhs also understood it to be so, is shown by the contemporary Sainapati, who writes that the purpose of creating the Khalsa was 'to destroy the evil-doer and eliminate suffering'[3]; and the near-contemporary Koer Singh also tells us that the Guru was born to destroy the Mughals.[4] Even later Sikh writings unanimously speak the same language. Sainapati makes a very significant remark that when founding the Khalsa the Guru at last revealed what had till then been kept a secret.[5] Again, at a different place he writes that when the *sangat* came to see the Guru the secret was divulged.[6] This indicates that the creation of the Khalsa was pre-planned, and further that it is in line with the plan the earlier Gurus had been pursuing.

Jagjit Singh in Journal of Sikh Studies, Vol. IV, No. 1. (Feb. 1977)

---

1. 'If, as previously, like the Nanakpanthi faqirs, you live peacefully in a corner no harm will befall you. On the contrary alms, suitable for your maintenance in the style of faqirs, would be given to you from the state treasury... but the horses and arms, and equipment of your retinue that you have gathered in your places of worship, must be removed' (Timur Shah, Ahmad Shah Abdali's son, quoted by A. C. Banerjee, "J. N. Sarkar on Sikh History", *Journal of Sikh Studies*, Amritsar, Vol. III, No. 1. (Feb. 1976), p. 6 1.

2. Macauliffe, op. cit. p. 301.
3. Sainapati. op. cit., p. 21.
4. Koer Singh, op. cit., p. 67.
5. 'ਨਿਰਮਲ ਕਰਿ ਸੰਸਾਰ ਜਗਤ ਮੈ ਬਚਨ ਸੁਨਾਏ ।
ਕੀਓ ਖਾਲਸਾ ਪ੍ਰਗਟ ਸੁਨਤ ਦੁਰਜਨ ਡਰ ਪਾਏ ।
ਮੁਨਿ ਜਨ ਕਰਤ ਬਿਚਾਰ ਅਚਰਜ ਸੁਨਿ ਭਾਈ ।
ਗੁਪੱਤ ਬਾਤ ਭਈ ਪ੍ਰਗਟਿ ਅੰਤ ਗੁਰਦੇਵ ਬਤਾਈ ।' Sainapati p. 21
6. 'ਦਰਸ਼ਨ ਤੇ ਜਬ ਸੰਗਤ ਆਈ । ਗੁਪਤ ਬਾਤ ਲੈ ਪ੍ਰਗਟ ਸੁਣਾਈ ।' Ibid, p.32

Digitized by Panjab Digital Library | www.panjabdigilib.org

| ਸਫ਼ਾ | ਸਤਰ | ਗਲਤ | ਸਹੀ |
|---|---|---|---|
| ੨੦ | ਥਲਿਉਂ ਚੌਥੀ | ਅਗ | ਅੰਗ |
| ੩੫ | ਥਲਿਓਂ ਛੇਵੀਂ | ਹੁਦਾ | ਹੁੰਦਾ |
| ੫੩ | ਥਲਿਓਂ ਗਿਆਰਵੀਂ | ਮਗ | ਮੰਗ |
| ੫੪ | ਉਪਰੋਂ ਛੇਵੀਂ | ਮਸ਼ਕਿਲ | ਮੁਸ਼ਕਿਲ |
| ੫੬ | ਥਲਿਓਂ ਛੇਵੀਂ | confrntation | confrontation |
| ੬੨ | ਉਪਰੋਂ ਪੰਜਵੀਂ | ਹੰਝ੍ | ਹੰਝੂ |
| | ਉਪਰੋਂ ਸਤਵੀਂ | ਮੈਦਾਨਿ-ਜੰਗ | ਮੈਦਾਨੇ-ਜੰਗ |
| ੭੩ | ਉਪਰੋਂ ਪਹਿਲੀ | ਬਦਾ | ਬੰਦਾ |
| ੭੫ | ਉਪਰੋਂ ਚੌਧਵੀਂ | ਕਦਰਤੀ | ਕੁਦਰਤੀ |
| ੭੮ | ਥਲਿਓਂ ਛੇਵੀਂ | ਲਣਾ | ਲੈਣਾ |
| | ਥਲਿਓਂ ਪੰਜਵੀਂ | ਲਂਦਾ | ਲੈਂਦਾ |
| ੮੦ | ਉਪਰੋਂ ਉੱਨਵੀਂ | ਦੂਸਾ | ਦੂਸਰਾ |
| ੮੯ | ਥਲਿਉਂ ਪੰਜਵੀਂ | Evolutian | Evolution |
| | ਥਲਿਉਂ ਚੌਥੀ | Cunninghom | Cunningham |
| ੯੬ | ਉਪਰੋਂ ਪੰਦਰਵੀਂ | ਅਤ | ਅਤੇ |
| ੧੧੫ | ਥਲਿਉਂ ਪੰਜਵੀਂ | ਬੱਧ | ਬੁੱਧ |
| ੧੨੬ | ਉਪਰੋਂ ਦੂਜੀ | ਤੌਰ | ਤੋਰ |
| ੧੨੩ | ਉਪਰੋਂ ਪੰਜਵੀਂ | ਲਾਗ | ਲਾਗੂ |
| ੧੪੨ | ਉਪਰੋਂ ਪਹਿਲੀ | ਕਲਚਰਕ | ਕਲਚਰ |
| | ਉਪਰੋਂ ਤੀਸਰੀ | ਮਨੁਖ | ਮਨੁਖੀ |
| | ਉਪਰੋਂ ਚੌਥੀ | ਸੁਖੀ | ਸੁਖ |
| ੧੫੫ | ਉਪਰੋਂ ਦੂਜੀ | ਮਲਕ | ਮੁਲਕ |
| ੧੬੪ | ਥਲਿਉਂ ਨੌਵੀਂ | ਮਜ਼ਮੂਨ | ਮਜ਼ਮੂਨ ** |
| | ਥਲਿਉਂ ਦੂਜੀ | ਅਕ | ਅੰਕ |
| | ਥਲਿਉਂ ਪਹਿਲੀ | **ਸੋਧ** | ** **ਸੋਧ** |
| ੧੬੮ | ਥਲਿਉਂ ਬਾਰ੍ਹਵੀਂ | ਮਜ਼ਬ | ਮਜ਼੍ਹਬੀ |
| ੧੭੩ | ਉਪਰੋਂ ਸੋਲ੍ਹਵੀਂ | ਵਰਕੇ | ਵਰ ਕੇ |
| ੧੯੦ | ਉਪਰੋਂ ਪੰਦਰਵੀਂ | ਅਗ | ਅੰਗ |
| ੧੯੯ | ਥਲਿਉਂ ਚੌਧਵੀਂ | ਬਠਾ | ਬੈਠਾ |



Digitized by Panjab Digital Library | www.panjabdigilib.org

## ਲੇਖਕ ਦੀਆਂ ਹੋਰ ਪੁਸਤਕਾਂ

ਸਾਹਿਤ ਦੇ ਸੋਮੇਂ
ਸਾਹਿਤ ਦੀ ਸਮਝ
ਗੁਰਬਾਣੀ ਦਾ ਸੱਚ
ਸਿੱਖ ਇਨਕਲਾਬ ਦਾ ਮੋਢੀ—ਗੁਰੂ ਨਾਨਕ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Nanakshahi

Book - 0515 ✓

Digitized by Panjab Digital Library | www.panjabdigilib.org

Digitized by Panjab Digital Library | www.panjabdigilib.org